read more on:
www.parwazparkashan.com

ISSN 2321- 4449

# ਕਹਾਣੀ ਧਾਰਾ

44-45


80/-

ਜਨਵਰੀ-ਜੂਨ,2017


**ਵਿਸ਼ੇਸ਼ ਅੰਕ**

**ਪੰਜਾਬੀ ਨਾਵਲ:**

ਸਿਰਜਣ ਪ੍ਰਕਿਰਿਆ ਤੇ ਚਿੰਤਨ



Year:12 Issue No.44
'KAHANI DHARA'(PUNJABI QUARTERLY) Jan.-Mar..,2017 R.N.I. Regd No. PUN PUN 2006/19971



*ਜਨਵਰੀ-ਜੂਨ,2017 ਅੰਕ :44-45*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

**e-mail:**
kahanidhara@gmail.com
bhagwantrasulpuri@gmail.com

ਸੰਪਾਦਕ
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:
Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:80 ਰੁ.,10 ਅੰਕ:400 ਰੁ.,
10 ਅੰਕ: ਡਾਲਰ:40, ਤੇ ਪੌਂਡ: 35
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਫਰਵਰੀ, 2017)

**ਤਰਤੀਬ**

1. ਮਹਿਮਾਨ ਸੰਪਾਦਕੀ/-ਤਸਕੀਨ-2
2. ਸੰਪਾਦਕੀ/-ਭਗਵੰਤ ਰਸੂਲਪੁਰੀ-12
**ਸਮਕਾਲੀ ਨਾਵਲੀ ਦ੍ਰਿਸ਼**
ਜੋਗਿੰਦਰ ਸਿੰਘ ਰਾਹੀ, ਟੀ. ਆਰ. ਵਿਨੋਦ, ਸੁਰਿੰਦਰ ਕੁਮਾਰ ਦਵੇਸ਼ਵਰ, ਮਿੱਤਰ ਸੈਨ ਮੀਤ, ਦਰਸ਼ਨ ਗਿੱਲ, ਸੂਤਰਧਾਰ-ਵਿਨੋਦ ਸ਼ਾਹੀ-24
1. ਬਲਬੀਰ ਪਰਵਾਨਾ ਨਾਲ ਮੁਲਾਕਾਤ-58
2. ਦੇਸ ਰਾਜ ਕਾਲੀ ਨਾਲ ਮੁਲਾਕਾਤ-75
**ਸਿਰਜਣ ਪ੍ਰਕਿਰਿਆ**
1. ਨਰਿੰਜਨ ਤਸਨੀਮ-82
2. ਪ੍ਰੇਮ ਪ੍ਰਕਾਸ਼-90
3. ਮਨਮੋਹਨ ਬਾਵਾ-96
4. ਦਰਸ਼ਨ ਸਿੰਘ ਧੀਰ-101
5. ਬਲਦੇਵ ਸਿੰਘ-116
6. ਕਰਮਜੀਤ ਸਿੰਘ ਕੁੱਸਾ120
7. ਜਰਨੈਲ ਸਿੰਘ ਸੇਖਾ-124
8. ਪਰਗਟ ਸਿੰਘ ਸਿੱਧੂ-128
9. ਅਵਤਾਰ ਸਿੰਘ ਬਿਲਿੰਗ-130
10. ਕੁਲਦੀਪ ਸਿੰਘ ਬੇਦੀ-135
11. ਮਨਮੋਹਨ-138
12. ਜਸਬੀਰ ਮੰਡ-142
13. ਰਾਜਿੰਦਰ ਸਿੰਘ-148
14. ਜਸਦੇਵ ਸਿੰਘ ਧਾਲੀਵਾਲ-154
15. ਦਰਸ਼ਨ ਸਿੰਘ ਗੁਰੂ-158
16. ਪਰਗਟ ਸਿੰਘ ਸਤੌਜ-160
17. ਅਜ਼ੀਜ਼ ਸਰੋਏ-168
**ਚਿੰਤਨ**
1. ਸਿਮਰਜੀਤ ਸਿੰਘ-171
2. ਡਾ. ਪ੍ਰਿਯਾ ਗੋਇਲ-183
3. ਡਾ. ਜਸਵਿੰਦਰ ਕੌਰ ਵੀਨੂੰ-189
4. ਗੁਰਬਿੰਦਰ ਕੌਰ ਬਰਾੜ-193
5. ਸੁਖਜਿੰਦਰ ਕੌਰ-199
**ਆਓ ਨਾਵਲ ਪੜ੍ਹੀਏ**
1. ਕਾਲ ਕਥਾ/ ਡਾ. ਗੁਰਮੇਲ ਸਿੰਘ-206
2. ਸਿਮਟਦਾ ਆਕਾਸ਼/ ਸਤਿੰਦਰ ਰੈਬੀ-213
3. ਖ਼ਾਲੀ ਖੂਹਾਂ ਦੀ ਕਥਾ/ਚਰਨਜੀਤ ਸੰਧੂ-220
4. ਗੰਧਲੇ ਪਾਣੀ/ ਡਾ. ਮਨਦੀਪ ਕੌਰ-224
5. ਚੱਕਰਵਿਊ/ ਡਾ. ਗੁਰਪ੍ਰੀਤ ਸਿੰਘ-228
6. ਖ਼ਬਰ ਇੱਕ ਪਿੰਡ ਦੀ/ ਪਰਗਟ ਸਿੰਘ-231
7. ਉਹ ਕੁੜੀ ਕਿੱਥੇ ਗਈ/ ਰਮਨਪ੍ਰੀਤ ਕੌਰ-238

Titel: Tribal Painting By:Durgabai Vyam, Bhopal

✓ ***Published with Financial Assistance from the Central Institute of Indian Languages (Department of Higher Education Ministry of Human Resource Development, Government of India),Manasagangotri, Mysuru-570006 sanctioned vide letter F. No. 53-9(1)/2014-15/PUN/LM/GRNT dated 5th December 2016 under the Little Magazine scheme of Grant-in-Aid".***






**ਮਹਿਮਾਨ ਸੰਪਾਦਕੀ**

## ਪੰਜਾਬੀ ਨਾਵਲ ਦੇ ਵਿਚਾਰਧਾਰਕ ਨੈਣ-ਨਕਸ਼

**-ਤਸਕੀਨ**

ਅਦਬ ਮਨੁੱਖੀ ਮਨ ਦਾ ਅਨਿਖੜਵਾਂ ਅੰਗ ਹੈ। ਆਵਾਮ ਕੋਲ ਅੱਖਰ ਗਿਆਨ ਦੀ ਅਣਹੋਂਦ ਵੇਲੇ ਇਹ ਮੌਖਿਕ ਰੂਪ 'ਚ ਉਸਦਾ ਆਸਰਾ ਸੀ ਅਤੇ ਛੰਦ-ਬੱਧ ਵਜੋਂ ਇਹ ਉਸਦੇ ਚੇਤਿਆਂ 'ਚ ਰੂਹ ਵਾਂਗ ਵੱਸ ਜਾਂਦਾ ਸੀ। ਹੋਮਰ ਦਾ ਮਹਾਂਕਾਵਿ 'ਇਲੀਅਡ' ਵੀਹ ਹਜ਼ਾਰ ਬੰਦਾਂ ਦਾ ਹੋਣ ਦੇ ਬਾਵਜੂਦ ਉਸ ਤੋਂ ਤਿੰਨ ਪੀੜ੍ਹੀਆਂ ਬਾਅਦ ਕਿਤਾਬੀ ਰੂਪ ਧਾਰ ਸਕਿਆ। ਇਹਨਾਂ ਰਚਨਾਵਾਂ ਦੀ ਸ਼ਕਤੀ ਸਰੋਤਿਆਂ ਦੇ ਚੇਤਿਆਂ ਨੂੰ ਆਪਣਾ ਕਾਇਲ ਕਰ ਲੈਂਦੀ ਸੀ। ਇਸਦਾ ਕਾਰਨ ਇਹ ਵੀ ਸੀ ਕਿ ਮਹਾਂਕਾਵਿ ਵਿਚਲੇ ਸੂਰਮਿਆਂ ਨੂੰ ਮਿੱਥ ਦੀ ਪੁੱਠ ਚੜ੍ਹੀ ਹੁੰਦੀ ਸੀ ਅਤੇ ਬਦੀ ਦੇ ਖਿਲਾਫ਼ ਲੜਦਿਆਂ ਉਹ ਸਧਾਰਨ ਜਨ ਤੋਂ ਬਹੁਤ ਉਤਾਂਹ ਬੈਠੇ ਅਲੌਕਿਕ ਸ਼ਕਤੀ ਪ੍ਰਾਪਤ ਕਰ ਲੈਂਦੇ ਸਨ, ਕਿਉਂਕਿ ਸਧਾਰਨ ਜਨ ਅਜਿਹੇ ਭੇਦਾਂ ਤੋਂ ਵਾਂਝਾ ਸੀ। ਮੱਧਕਾਲੀ ਪੰਜਾਬੀ ਕਿੱਸਾ ਕਾਵਿ ਜਾਂ ਫ਼ਕੀਰੀ ਕਾਵਿ ਆਪਣੇ ਸਮਾਜ-ਆਰਥਿਕ ਸਬੰਧਾਂ 'ਚ ਨਵੀਂ ਰੌਸ਼ਨਖਿਆਲੀ ਨਾਲ ਸਧਾਰਨ ਜਨ ਨੂੰ ਕੇਂਦਰ ਵਿਚ ਲਿਆ ਕੇ ਸੱਤਾਵਾਨਾਂ ਭਾਵ ਦੁਨੀਆਦਾਰਾਂ ਨੂੰ ਟੱਕਰ ਦੇਣ ਲੱਗਦਾ ਹੈ, ਜਿਹੜੀ ਧਿਰ ਪਹਿਲਾਂ ਵਡਿਆਈ ਹਾਸਿਲ ਕਰਕੇ ਮਹਾਂਕਾਵਿ ਦੇ ਨਾਇਕ ਜਾਂ ਸੂਰਮੇ ਵਜੋਂ ਮਿੱਥ ਉਹਲੇ ਆਵਾਮ ਦੇ ਸਿਰਾਂ ਉੱਤੇ ਪਥੱਲਾ ਮਾਰ ਕੇ ਬੈਠੀ ਹੋਈ ਸੀ। ਉਤਪਾਦਨ ਦੇ ਚੋਖੇ ਵਾਧੇ ਭਾਵ ਬਾਜ਼ਾਰ ਲਈ ਉਤਪਾਦਨ ਨਾਲ ਉਤਪਾਦਕ ਸ਼ਕਤੀਆਂ ਦੀ ਚੇਤਨਾ ਵਿਚ ਇਕ ਕ੍ਰਾਂਤੀਕਾਰੀ ਵਾਧਾ ਵੀ ਵੇਖਣ ਨੂੰ ਮਿਲਦਾ ਹੈ। ਮੱਧਕਾਲੀ ਪੰਜਾਬ ਅਤੇ 16ਵੀਂ-17ਵੀਂ ਸਦੀ ਦੇ ਪੱਛਮੀ ਯੂਰਪ ਜਾਂ ਅੱਠਵੀਂ ਤੋਂ ਗਿਆਰਵੀਂ ਸਦੀ ਦਾ ਇਸਲਾਮਕ ਸਮਾਜ ਇਸਦੀ ਗਵਾਹੀ ਭਰਦੇ ਹਨ। ਉੱਪਰ ਦਿੱਤੇ ਇਹਨਾਂ ਸਮਿਆਂ 'ਚ ਉਤਪਾਦਨ ਦੀ ਹੋੜ ਅਤੇ ਗਿਆਨ ਦੇ ਆਥਾਹ ਵਾਧੇ ਦਾ ਖਾਸਾ ਨੇੜਲਾ ਸਬੰਧ ਵੇਖਣ ਨੂੰ ਮਿਲਦਾ ਹੈ ਅਤੇ ਇਹਨਾਂ ਉਤਪਾਦਕ ਸ਼ਕਤੀਆਂ ਦੀ ਚੇਤਨਾ ਦਾ ਸਿੱਧਾ ਸਬੰਧ ਮਿੱਥ ਜਾਂ ਸ਼ਰਧਾ ਤੋਂ ਪਰ੍ਹੇ ਤਾਰਕਿਕਤਾ ਮਨੁੱਖੀ ਚੇਤਨਾ ਦੀ ਤਾਕਤ ਬਣ ਜਾਂਦੀ ਹੈ। ਪਦਾਰਥਕ ਸਬੰਧਾਂ 'ਚ ਤਰਕ ਹੀ ਮਨੁੱਖੀ ਚੇਤਨਾ ਦਾ ਵਾਹਕ ਹੋ ਸਕਦਾ ਹੈ। ਵਿਗਿਆਨ ਦੇ ਵਿਕਾਸ ਦਾ ਮੁੱਖ ਸੋਮਾ ਤਰਕ ਅਤੇ ਪ੍ਰਮਾਣ ਹਨ। ਸਮਾਜ ਵਿਗਿਆਨ ਦੇ ਵਿਕਾਸ ਦੀ ਧਰੋਹਰ ਵੀ ਤਰਕਾਂ ਰਾਹੀਂ ਰੌਸ਼ਨਖਿਆਲੀ ਤੱਕ ਪਹੁੰਚਦੀ ਹੈ, ਜੋ ਕਾਰਨਾਂ ਨੂੰ ਜਾਨਣ ਦੀ ਪਗਡੰਡੀ ਹੈ। ਤਰਕ ਪ੍ਰਕਿਰਤੀ 'ਚ ਵਿਦਮਾਨ ਰੂਹ ਹੈ। ਯੂਰਪ 'ਚ ਤਕਨੀਕੀ ਵਿਕਾਸ, ਵਿਗਿਆਨ, ਦਰਸ਼ਨ, ਆਰਥਿਕ ਤਰੱਕੀ ਸਦਕਾ ਮਹਾਂਕਾਵਿ/ਸੂਰਮਾ ਗਾਥਾਵਾਂ ਯਥਾਰਥ ਵਿਹੂਣੀਆਂ ਅਤੇ ਤੁੱਛ ਬਣਦੀਆਂ ਜਾ ਰਹੀਆਂ ਸਨ, ਕਿਉਂਕ ਇਸ ਵਿਚ ਸਧਾਰਨ ਮਨੁੱਖਾਂ ਲਈ ਕੋਈ

ਥਾਂ ਨਹੀਂ ਸੀ। ਉਤਪਾਦਨ ਸ਼ਕਤੀਆਂ ਦਾ ਦਮਨ, ਭ੍ਰਿਸ਼ਟਾਚਾਰ ਅਤੇ ਨਿਰੰਕੁਸ਼ ਰਾਜ ਦੀ ਯਥਾਰਥਕ ਹਾਜ਼ਰੀ 'ਚ ਸੂਰਮਾ ਯੁੱਗ ਗਾਇਬ ਹੋ ਗਿਆ ਸੀ, ਬਾਕੀ ਬਚੇ ਸਨ ਤਾਂ ਲੋਕਾਂ ਨੂੰ ਦੁੱਖਾਂ ਤੋਂ ਨਿਜ਼ਾਤ ਦਿਵਾਉਣ ਵਾਲੇ ਸੂਰਮਿਆਂ ਦੇ ਕਿੱਸੇ।

ਕਿੱਸਿਆਂ ਵਾਲੇ ਇਹ ਸੂਰਮੇ ਸਪੇਨੀ ਫੌਜ਼ ਦੇ ਸਿਪਾਹੀ ਸਰਵਾਂਤੇਸ ਦੀ ਜੰਗਾਂ ਭਰੀ ਜ਼ਿੰਦਗੀ 'ਚ ਉਸਨੂੰ ਕਿਤੇ ਨਾ ਥਿਆਏ, ਜੋ ਕਾਵਿ ਸਾਹਿਤ 'ਚ ਸੂਰਮਗਤੀ ਦਾ ਝੁੰਬ ਮਾਰੀ ਬੈਠੇ ਸਨ। ਇਸ ਨਵੇਂ ਯਥਾਰਥ 'ਚ ਕਿੱਸਿਆਂ ਦੇ ਸੂਰਮਿਆਂ ਦੀ ਪੈੜ ਨੱਪਦਾ ਪਾਤਰ ਸਰਵਾਂਤੇਸ ਦੇ ਗਲਪ ਦਾ ਪਹਿਲਾਂ 'ਸ਼ਿਕਾਰ' ਸੀ, ਜਿਸਨੂੰ ਉਸਨੇ '**ਦੋਨ ਕੀ ਹੋਤੇ**' ਵਜੋਂ ਪਛਾਣਿਆ। ਇਸ ਸੂਝ ਦਾ ਮੁੱਖ ਸੂਤਰ ਸਰਵਾਂਤੇਸ ਨੇ ਅਰਬੀ ਅਦਬ ਦੀ ਨਿਵੇਕਲੀ ਚਾਲ ਤੋਂ ਹਾਸਿਲ ਕੀਤਾ ਸੀ। ਰੁਮਾਂਸੀ ਕਾਵਿ ਧਾਰਾ 'ਚ ਲਿਪਟੇ ਇਸ ਸੂਰਮੇ ਨੂੰ ਉਸਨੇ ਯਥਾਰਥ ਦੇ ਗਲਪੀ ਥਪੇੜਿਆਂ ਨਾਲ ਝੰਬ ਦਿੱਤਾ। '**ਦੋਨ ਕੀ ਹੋਤੇ**' ਇਕ ਸਧਾਰਨ ਕਿਸਾਨ ਫੈਂਤੇਸੀ ਰੁਮਾਂਸ ਦੇ ਕਲਾਵੇ 'ਚ ਘੁੱਟੇ ਸਾਮੰਤੀ ਯੁੱਗ ਨੂੰ ਉੱਸਰ ਰਹੇ ਪੂੰਜੀਵਾਦੀ ਯਥਾਰਥ 'ਚ ਪੁਨਰ-ਸਥਾਪਿਤ ਕਰਨ ਦਾ ਰਾਹ ਫੜਦਾ ਹੈ, ਮਗਰ ਇਹ ਵਿਕਰਾਲ ਯਥਾਰਥ ਰੁਮਾਂਸੀ ਮਿੱਥਾਂ ਦੇ ਸੂਰਮੇ ਨੂੰ ਪਾਗ਼ਲ ਕਰ ਧਰਤੀ 'ਤੇ ਪਟਕਾ ਮਾਰਦਾ ਹੈ। ਸਰਵਾਂਤੇਸ ਰੁਮਾਂਸਵਾਦੀ ਮਹਾਂਕਾਵਿ ਦੀ ਧਾਰਾ ਨੂੰ ਯਥਾਰਥਵਾਦੀ ਚਟਾਨ ਨਾਲ ਟਕਰਾਉਂਦਾ ਹੈ ਅਤੇ ਇਸ 'ਨਵੇਂ' ਸੱਚ ਨੂੰ ਇਕ ਨਵੀਂ ਵਿਧਾ ਗਲਪ ਰਾਹੀਂ ਜੀਵਨ ਦੇ ਅਸਲ ਬ੍ਰਿਤਾਂਤ ਵੱਲ ਮੋੜ ਦਿੰਦਾ ਹੈ। ਯਥਾਰਥ ਜੋ ਸਮਾਜ-ਆਰਥਿਕ ਵਿਰੋਧਤਾਈਆਂ 'ਚ ਮਨੁੱਖੀ ਬ੍ਰਿਤਾਂਤ ਦਾ ਇਤਿਹਾਸ ਹੈ, ਇਹ ਵਿਧਾ ਵੀ ਵਿਸ਼ਾਲ ਕਲਪਨਾ ਹੁੰਦੀ ਹੈ, ਮਨੁੱਖ ਦਾ ਜੀਵਨ ਬ੍ਰਿਤਾਂਤ ਯਥਾਰਥ ਦੇ ਥਪੇੜੇ ਝੱਲਦਿਆਂ ਹੀ ਉਸਦੀ ਉਸਾਰੀ ਕਰਦਾ ਹੈ, ਮਨੁੱਖ ਦੀ ਆਪਣੇ ਵਿਰੋਧਾਂ ਨਾਲ ਟਕਰਾਅ 'ਚ ਉਸਾਰੀ ਦਾ ਤਰਕ ਇਸ ਵਿਧਾ ਨੂੰ ਰੁਮਾਂਸ ਦੀ ਬਜਾਏ ਇਤਿਹਾਸਕਤਾ ਦੇ ਵੱਧ ਨੇੜੇ ਰੱਖਦਾ ਹੈ, ਕਿਉਂਕਿ ਬੰਦੇ ਦਾ ਵਿਕਾਸ ਪ੍ਰਸਥਿਤੀਆਂ ਦਾ ਸਿੱਟਾ ਹੁੰਦਾ ਹੈ।

ਨਾਵਲੀ ਬ੍ਰਿਤਾਂਤ ਵਿਚ ਲੇਖਕ ਆਪਣੇ ਵਿਚਾਰਾਂ ਨੂੰ ਪਾਤਰ ਉੱਤੇ ਉਲੱਦ ਨਹੀਂ ਸਕਦਾ, ਜੇ ਉਲੱਦੇਗਾ ਤਾਂ ਇਸ ਘੇਰ ਵਿਚ ਖੁਦ ਫਸ ਜਾਵੇਗਾ। ਲੇਖਕ ਨਿਰਪੱਖ ਨਹੀਂ ਹੁੰਦਾ ਅਤੇ ਉਹ ਨਾਵਲ ਆਪਣੇ ਮਨਸ਼ੇ ਹਿੱਤ ਹੀ ਸ਼ੁਰੂ ਕਰਦਾ ਹੈ, ਮਗਰ ਪ੍ਰਸਥਿਤੀਆਂ/ਹਾਲਾਤ 'ਚ ਫਸੇ ਪਾਤਰਾਂ ਦੇ ਚਰਿੱਤਰ ਚਿਤਰਨ ਨੂੰ ਸਿਰਜੇ ਬਗ਼ੈਰ ਉਸ ਕੋਲ ਫਤਵਾ ਦੇਣ ਦਾ ਕੋਈ ਅਧਿਕਾਰ ਨਹੀਂ ਹੁੰਦਾ ਅਤੇ ਪਾਤਰਾਂ ਬਾਰੇ ਆਪਣੇ ਵੱਲੋਂ ਬਿਆਨ ਦੇਣ ਦੀ ਬਜਾਏ ਉਹਨਾਂ ਨੂੰ ਪ੍ਰਸਥਿਤੀਆਂ 'ਚੋਂ ਕੱਢਦਿਆਂ ਹੋਇਆਂ ਉਹਨਾਂ ਦੀ ਮਨੋਚੇਤਨਾ ਦੀ ਉਸਾਰੀ ਕਰਨੀ ਪੈਂਦੀ ਹੈ। ਉਦਾਹਰਨ ਵਜੋਂ ਬਾਲਜ਼ਾਕ ਕਿਸਾਨਾਂ ਅਤੇ ਸੂਦਖੋਰਾਂ ਦਾ ਵਿਰੋਧੀ ਸੀ, ਨਾਵਲ '**ਕਿਸਾਨ**' ਵਿਚ ਜਦੋਂ ਉਹ ਬ੍ਰਿਤਾਂਤ ਉਸਾਰਦਾ ਹੈ ਤਾਂ ਕਿਸਾਨ ਦੇ ਦਮਨ ਅਤੇ ਬੇਅਕਲੀ ਪਿਛਲੇ ਕਾਰਨਾਂ ਨੂੰ ਬਿਆਨਾਂ ਰਾਹੀਂ ਨਹੀਂ ਸਗੋਂ ਇਸ ਪਿਛਲੇ ਯਥਾਰਥ ਨੂੰ ਬ੍ਰਿਤਾਂਤ ਰਾਹੀਂ ਘਟਿਤ ਹੁੰਦੇ ਦਿਖਾਉਂਦਾ ਹੈ ਕਿ ਕਿਵੇਂ ਕਿਸਾਨ ਦੀ ਗੁਰਬਤ, ਅਨਪੜ੍ਹਤਾ, ਪਸਮਾਂਦਗੀ ਦਾ ਕਾਰਨ ਉਹਨਾਂ ਦਾ ਸੂਦਖੋਰਾਂ ਦੇ ਚੁੰਗਲ 'ਚ ਫਸੇ ਹੋਣਾ ਹੈ ਅਤੇ ਇਸੇ ਕਰਜ਼ੇ ਦੇ ਕਾਰਨ ਉਹ ਰੂੜ੍ਹੀਵਾਦੀ ਸੂਦਖੋਰਾਂ ਦਾ ਹੱਥਠੋਕਾ ਬਣਕੇ ਬੁਰਜੂਆਜ਼ੀ ਨੂੰ ਟਿਕਣ ਨਹੀਂ ਦੇ ਰਹੇ। ਭਾਵ ਨਾਵਲ ਇਕ ਅਜਿਹੇ ਸ਼ਕਤੀ ਦੇ ਅਵਤਾਰ ਵਜੋਂ ਆਧੁਨਿਕ ਸਮਿਆਂ 'ਚ ਸਧਾਰਨ ਮਨੁੱਖਾਂ ਦੇ ਜੀਵਨ ਨੂੰ ਇਤਿਹਾਸਕ ਮਹੱਤਤਾ ਪ੍ਰਦਾਨ ਕਰਦਾ ਹੈ। ਤਾਲਸਤੋਏ ਬੁਰਜੂਆ ਜਮਾਤ ਦਾ ਵਿਰੋਧੀ ਸੀ ਮਗਰ ਜਗੀਰਦਾਰੀ ਜਿਹਨਾਂ ਭੈੜਾਂ ਵਿਚੋਂ ਲੰਘ ਰਹੀ ਸੀ, ਉਸਦੇ ਕਿਰਦਾਰ ਨੂੰ ਦਿਖਾਏ ਬਗ਼ੈਰ ਵੀ ਆਪਣਾ ਬ੍ਰਿਤਾਂਤ ਨਹੀਂ ਸੀ ਉਸਾਰ ਸਕਦਾ। 'ਅੱਨਾ ਕਰੇਨਿਨਾ' ਵਿਚ ਅੱਨਾ ਆਪਣੇ ਬੁਰਜੂਆ ਪਤੀ ਨੂੰ ਨਫਰਤ ਕਰਦੀ ਹੈ ਅਤੇ ਰਾਠ ਫੌਜੀ ਅਫ਼ਸਰ ਨਾਲ ਆਪਣਾ ਸਬੰਧ ਜੋੜ ਲੈਂਦੀ ਹੈ। ਤਾਲਸਤੋਏ ਦੇ ਵਿਚਾਰ ਬੁਰਜੂਆ ਕਿਰਦਾਰ ਨੂੰ ਜਿਸ ਨਫ਼ਰਤ 'ਚੋਂ ਲੰਘਾਉਂਦੇ ਹਨ ਪਾਠਕ ਲਈ ਉਹ ਵਿਸ਼ੇਸ਼ ਖਿੱਚ ਦਾ ਪਾਤਰ ਬਣ ਜਾਂਦਾ ਹੈ ਅਤੇ ਅੱਨਾ ਨਾਲੋਂ ਵੱਧ ਉਸਦਾ ਬੁਰਜੂਆ ਪਤੀ ਪਾਠਕ ਲਈ ਹਮਦਰਦੀ ਦਾ ਪਾਤਰ ਬਣ ਜਾਂਦਾ ਹੈ ਅਤੇ ਜਿਸ ਰਾਠ ਨਾਲ ਉਹ ਸਬੰਧ ਜੋੜਦੀ ਹੈ, ਉਸ ਨਾਲੋਂ ਵੱਧ ਬੁਰਜੂਆ ਪਾਤਰ ਜ਼ਿਆਦਾ ਮਿਹਨਤੀ, ਇਮਾਨਦਾਰ, ਅਕਲਵੰਦ



ਅਤੇ ਔਰਤਾਂ ਪ੍ਰਤੀ ਜ਼ਿਆਦਾ ਖੁਲਦਿਲਾ ਹੈ। 'ਅੱਨਾ' ਤੋਲਸਤੋਏ ਦੀ ਸਕੀਮ 'ਚੋਂ ਬਾਹਰ ਹੋ ਜਾਂਦੀ ਹੈ, ਕਿਉਂਕਿ ਜਿਸ ਜਗੀਰਦਾਰੀ ਵੱਲ ਉਹ ਮੁੜਦੀ ਹੈ ਉਸ ਜਮਾਤ ਦੇ ਕਿਰਦਾਰ ਨੂੰ ਉਹ ਨਿਆਂਇਕ ਸਿੱਧ ਨਹੀਂ ਕਰ ਸਕਦਾ। ਇਸ ਲਈ ਉਸ ਕੋਲ ਇਕੋ-ਇਕ ਬਦਲ ਹੈ ਕਿ ਜੇ ਜੇਤੂ ਰੁਖ ਵੱਲ ਤੁਰ ਰਹੀ ਬੁਰਜੂਆਜ਼ੀ ਨੂੰ ਨਫ਼ਰਤ ਕਰਨੀ ਹੈ ਤਾਂ ਜਗੀਰਦਾਰ ਜਮਾਤ 'ਚ ਨਾਰੀ ਦਮਨ ਦੇ ਪੱਖ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜਿਸ ਸਕੀਮ 'ਚੋਂ ਉਹ ਅੱਨਾ ਦਾ ਪਾਤਰ ਉਸਾਰਦਾ ਹੈ, ਬ੍ਰਿਤਾਂਤ ਵਿਚਲਾ ਸਮਾਂ ਉਸਦੀ ਸਕੀਮ ਲਈ ਸਪੇਸ ਨਹੀਂ ਛੱਡਦਾ ਤਾਂ ਅੱਨਾ ਦਾ ਮਰਨਾ ਤੈਅ ਹੋ ਜਾਂਦਾ ਹੈ, ਭਾਵ ਤੋਲਸਤੋਏ ਇਹ ਸਮਝਦਾ ਹੈ ਕਿ ਜੇ ਉਸਨੇ ਅੱਨਾ ਦੀ ਭਵਿੱਖ ਵੱਲ ਪਿੱਠ ਕਰ ਦਿੱਤੀ ਹੈ ਤਾਂ ਉਸਦਾ ਮਰਨਾ ਤੈਅ ਹੈ। ਇਸ ਤਰ੍ਹਾਂ ਨਾਵਲ ਜੀਵਨ ਬ੍ਰਿਤਾਂਤ/ਇਤਿਹਾਸ ਹੋਣ ਕਰਕੇ ਸਟੇਟਮੈਂਟਾਂ ਦੀ ਬਜਾਏ ਚੀਜ਼ਾਂ ਨੂੰ ਆਪਣੀਆਂ ਪ੍ਰਸਥਿਤੀਆਂ 'ਚ ਘਟਿਤ ਹੁੰਦੇ ਦਿਖਾਉਣਾ ਹੈ ਜਿਸਦੇ ਕਾਰਨ ਇਹ ਵਿਧਾ ਵਿਚਾਰਧਾਰਾ ਦਾ ਕਾਰਗਰ ਹਥਿਆਰ ਬਣਨ ਦੀ ਬਜਾਏ ਵਿਚਾਰਧਾਰਾ ਦੇ ਵਿਰੋਧੀ ਹਥਿਆਰ ਵਜੋਂ ਸਾਹਮਣੇ ਆਉਂਦੀ ਹੈ, ਕਿਉਂਕਿ ਇਸ ਵਿਧਾ ਵਿਚ ਅਬਸਟਰੈਕਸ਼ਨ ਦੇ ਤੱਤ ਘੱਟ ਤੋਂ ਘੱਟ ਮੌਜੂਦ ਹੁੰਦੇ ਹਨ।

ਇਸਦਾ ਇਕ ਪੱਖ ਹੋਰ ਵੀ ਦਿਲਚਸਪ ਹੈ ਕਿ ਨਾਵਲ ਆਪਣੇ ਯੁੱਗ ਦੀ ਇਤਿਹਾਸਕਾਰੀ ਲਈ ਮਹੱਤਵਪੂਰਨ ਵਿਧਾ ਹੈ। ਇਹ ਨਹੀਂ ਕਿ ਬਾਕੀ ਵਿਧਾਵਾਂ 'ਚ ਇਤਿਹਾਸ ਗੈਰਹਾਜ਼ਰ ਹੁੰਦਾ ਹੈ, ਪਰ ਹੋਰਨਾਂ ਵਿਧਾਵਾਂ 'ਚ ਇਤਿਹਾਸਕ ਵੇਰਵੇ ਨਾਵਲੀ ਬ੍ਰਿਤਾਂਤ ਜਿੰਨੇ ਮਹੱਤਵਪੂਰਨ ਨਹੀਂ ਹੁੰਦੇ। ਤਾਲਸਤੋਏ ਦੀ ਕਿਤਾਬ '**ਅਮਨ ਤੇ ਜੰਗ**' ਅਸਲ 'ਚ ਨੈਪੋਲੀਅਨ-ਰੂਸੀ ਜੰਗ ਦੀ ਇਤਿਹਾਸਕਾਰੀ ਕਰਦੀ ਕਿਤਾਬ ਹੈ, ਜਿਸਨੂੰ ਉਸਨੇ ਨਾਵਲੀ ਵਿਧਾ ਦੇ ਬ੍ਰਿਤਾਂਤ ਵਿਚ ਗੁੰਨਿਆ ਹੋਇਆ ਹੈ। ਇਸ ਤਰ੍ਹਾਂ ਇਤਿਹਾਸਕਾਰੀ ਅਤੇ ਬ੍ਰਿਤਾਂਤਕਾਰੀ ਦਾ ਸੁਮੇਲ ਨਾਵਲੀ ਵਿਧਾ ਦੀ ਸ਼ਕਤੀ ਬਣਕੇ ਸਮਾਜ ਨੂੰ ਇਕ ਨਵੀਂ ਦਿਸ਼ਾ ਵੱਲ ਤੋਰਦਾ ਹੈ। ਮਾਰਗ੍ਰੇਟ ਮਸ਼ੈਲ ਦੇ ਨਾਵਲ '**ਗੋਨ ਵਿਦ ਦੀ ਵਿੰਡ**' ਅਤੇ ਇਰਵਿੰਗ ਸਟੋਨ ਦੇ '**ਲੱਸਟ ਫਾਰ ਲਾਈਫ਼**' ਦਾ ਮੁੱਖ ਮੁੱਦਾ ਇਤਿਹਾਸਕਾਰੀ ਨਹੀਂ ਹੈ ਮਗਰ ਪਾਤਰ ਉਸਾਰੀ ਕਰਦਿਆਂ ਕਹਾਣੀ ਉੱਪਰ ਇਤਿਹਾਸ ਭਾਰੂ ਰਹਿੰਦਾ ਹੈ। ਇੱਥੇ ਇਕ ਗੱਲ ਮਹੱਤਵਪੂਰਨ ਹੈ ਕਿ ਨਾਵਲਕਾਰ ਭਾਵੇਂ ਕਿਸੇ ਵੀ ਵਿਚਾਰਧਾਰਾ ਦਾ ਹੋਵੇ, ਪਾਤਰਾਂ ਨੂੰ ਸਮੇਂ ਦੇ ਭਾਰੂ ਵਿਚਾਰਾਂ ਤੋਂ ਅੱਖ ਬਚਾਕੇ ਨਹੀਂ ਲੰਘਾਅ ਸਕਦਾ। ਡੀ ਐਚ ਲਾਰੈਂਸ ਕੋਈ ਮਾਰਕਸਵਾਦੀ ਨਹੀਂ ਸੀ, ਪਰ ਆਧੁਨਿਕਤਾਵਾਦੀ ਢੌਂਗ ਨੂੰ ਵੀ ਮਾਨਤਾ ਦੇਣ ਤੋਂ ਇਨਕਾਰੀ ਸੀ, ਕਿਉਂਕਿ ਨਾਰੀ ਅਤੇ ਪ੍ਰੋਲੇਤਾਰੀ ਲਈ ਇਹ ਨਿਪੁੰਸਕ ਬੁਰਜੂਆ ਪ੍ਰਬੰਧ ਲਿੰਗਕ ਦਮਨ ਦਾ ਪ੍ਰਤੀਕ ਬਣ ਜਾਂਦਾ ਹੈ। ਉਹਨਾਂ ਦੀ ਆਜ਼ਾਦ ਹਸਤੀ ਜੇਬਾਂ ਦੇ ਅਧੀਨ ਦਮਨ ਭੋਗਦੀ ਹੈ, ਕਿਉਂਕਿ ਉਹ ਇਹਨਾਂ ਦੁਆਰਾ ਕੀਤੇ ਪੁਨਰ ਉਤਪਾਦਨ ਨੂੰ ਆਪਣੇ ਪ੍ਰਬੰਧ ਅਧੀਨ ਕਰ ਲੈਂਦੇ ਹਨ। ਲਾਰੈਂਸ ਕੋਲ ਇਹਨਾਂ ਦੀ ਮੁਕਤੀ ਦਾ ਰਾਹ (ਪ੍ਰੋਲੇਤਾਰੀ ਅਤੇ ਨਾਰੀ) ਇਕ ਜਮਾਤ ਵਜੋਂ ਸਾਂਝੇ ਮੰਚ ਤੋਂ ਬੁਰਜੂਆਜ਼ੀ ਖਿਲਾਫ਼ ਸੰਘਰਸ਼ ਹੀ ਸੁਝਿਆ ਸੀ, ਜਦੋਂਕਿ ਯੂਰਪ 'ਚ ਇਹ ਮਾਰਕਸਵਾਦ ਦਾ ਬੁਰਜੂਆਜ਼ੀ ਖਿਲਾਫ਼ ਭਾਰੂ ਵਿਚਾਰ ਸੀ। ਇਸ ਤਰ੍ਹਾਂ '**ਫਰਸਟ ਲੇਡੀ ਚੈਟਰਲੀਜ਼**' ਕਮਿਊਨਿਸਟ ਹਮਾਇਤੀ ਨਾ ਹੋਣ ਦੇ ਬਾਵਜੂਦ ਪ੍ਰੋਲੇਤਾਰੀ ਕਮਿਊਨਿਸਟ ਪ੍ਰੇਮੀ ਲਈ ਬੁਰਜੂਆ ਪ੍ਰਬੰਧ ਦੇ ਵਿਰੋਧ 'ਚ ਭੁਗਤਦੀ ਹੈ। ਜੇ '**ਗੀਤਾ**' ਦੇ ਇਸ ਕਥਨ ਨੂੰ ਲਈਏ ਕਿ 'ਔਰਤ ਅਤੇ ਸ਼ੂਦਰ ਪਾਪ ਯੋਨੀ ਹਨ' ਅਤੇ ਇਹ ਦੋਵੇਂ ਬਰੈਕਟਡ ਗ਼ੁਲਾਮੀ 'ਚ ਧੱਕੇ ਗਏ ਸਨ ਤਾਂ ਲਾਰੈਂਸ ਦੀ ਵਿਦਵਤਾ ਇਹਨਾਂ ਦੋਵਾਂ ਦੀ ਮੁਕਤੀ ਲਈ ਇਸਨੂੰ ਜਮਾਤੀ ਏਕੇ ਵਜੋਂ ਵੇਖਦੀ ਹੈ। ਇਸ ਤਰ੍ਹਾਂ ਆਧੁਨਿਕਤਾਵਾਦ ਤੋਂ ਦੋਵਾਂ ਦੀ ਮੁਕਤੀ ਲਾਰੈਂਸ ਲਈ ਲਾਜ਼ਮੀ ਹੈ। ਲਾਰੈਂਸ ਮਾਰਕਸਵਾਦੀ ਨਾ ਹੁੰਦਿਆਂ ਹੋਇਆਂ ਵੀ ਅਮਲ ਰਾਹੀਂ ਮਾਰਕਸਵਾਦੀ ਸਿੱਟੇ ਉੱਪਰ ਪਹੁੰਚਦਾ ਹੈ। ਭਾਵ ਬ੍ਰਿਤਾਂਤ ਅਮਲ ਰਾਹੀਂ ਸਿੱਟੇ ਉੱਪਰ ਪਹੁੰਚਦਾ ਹੈ, ਜਿਸ ਨਾਲ ਮਨੁੱਖ ਦੀ ਹੋਂਦ ਦਾ ਸੰਘਰਸ਼ ਇਸਦਾ ਲਾਜ਼ਮੀ ਸਿੱਟਾ ਬਣ ਜਾਂਦਾ ਹੈ।

ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਰੂੜ ਹੁੰਦੇ ਜਾ ਰਹੇ ਯਥਾਰਥਵਾਦ ਨੂੰ ਚਣੌਤੀ ਵਜੋਂ ਲਿਆ ਜਾਣ ਲੱਗਾ। ਮਨੁੱਖੀ ਮਨੋਚੇਤਨਾ ਦੇ ਵਿਕਾਸ ਦੀਆਂ ਨਿਸ਼ਚਤ ਧਾਰਨਾਵਾਂ ਖਿਲਾਫ਼ ਇਕ ਨਵੇਂ ਯਥਾਰਥ

ਦੀ ਲੋੜ ਮਹਿਸੂਸ ਕੀਤੀ ਜਾਣ ਲੱਗੀ। ਮਨੁੱਖੀ ਮਨ ਅੰਦਰ ਇਤਿਹਾਸ ਹਰ ਵੇਲੇ ਉਸ ਤਰ੍ਹਾਂ ਤਾਰੂ ਨਹੀਂ ਰਹਿੰਦਾ ਜਿਵੇਂ ਉਹ ਵਾਪਰਿਆ ਹੁੰਦਾ ਹੈ। ਉਹ ਵਰੋਲਿਆਂ ਵਾਂਗ ਆਉਂਦਾ ਅਤੇ ਜਾਂਦਾ ਹੈ। ਹਰ ਵੇਲੇ ਵੱਖ-ਵੱਖ ਪਰਤਾਂ ਨੂੰ ਉਘਾੜਦਾ, ਮੇਟਦਾ ਤੁਰਦਾ ਹੈ। ਵਾਸਤਵਿਕ ਪਲ ਵੀ ਜਾਦੂ ਵਾਂਗ ਆਉਂਦੇ ਜਾਂਦੇ ਰਹਿੰਦੇ ਹਨ। ਆਧੁਨਿਕਤਾਵਾਦ ਤੋਂ ਨਿਸ਼ਚਤ ਦਿਸ਼ਾ ਦੇ ਭਟਕ ਜਾਣ ਕਾਰਨ ਵੀ ਯਥਾਰਥਵਾਦ ਕਾਂਟੇ ਹੇਠ ਆ ਗਿਆ ਤਾਂ ਨਾਵਲੀ ਬ੍ਰਿਤਾਂਤ ਨੇ ਯਥਾਰਥ ਦੀ ਬਜਾਏ 'ਜਾਦੂਈ/ ਤਲਿਸਮੀ ਯਥਾਰਥ' ਦਾ ਰੂਪ ਧਾਰ ਲਿਆ ਜਿਸ ਨਾਲ ਮਨੁੱਖੀ ਮਨ ਦੀਆਂ ਆਥਾਹ ਪਰਤਾਂ ਨੂੰ ਕਲਪਨਾ ਦੀ ਆਗਾਸੀ ਉਡਾਰੀ ਦਵਾਈ ਜਾ ਸਕਦੀ ਹੈ। ਇਸਨੇ ਨਾਵਲ ਦੀਆਂ ਇਕਹਰੀਆਂ ਪਰਤਾਂ ਨੂੰ ਮਨੁੱਖੀ ਮਨ ਦੀਆਂ ਗੁੰਝਲਾਂ ਵਾਂਗ ਗੁੰਝਲਦਾਰ ਸਮਝਣ ਦੀ ਸੋਝੀ ਦਵਾਈ। ਇਤਿਹਾਸ ਨੂੰ ਇਕਹਿਰੇ ਰੂਪ 'ਚ ਵੇਖਣ ਦੀ ਯਥਾਰਥਵਾਦੀ ਵਿਧੀ ਉੱਤਰ-ਆਧੁਨਿਕ ਦੌਰ 'ਚ ਸੰਕਟ ਗ੍ਰਸਤ ਹੋ ਗਈ ਤਾਂ ਨਾਵਲਕਾਰੀ ਨੇ ਤਲਿਸਮੀ ਯਥਾਰਥ ਦਾ ਰਾਹ ਫੜਦਿਆਂ ਇਤਿਹਾਸ ਨੂੰ ਨਵੇਂ ਸਿਰਿਉਂ ਘੋਖਣਾ ਸ਼ੁਰੂ ਕੀਤਾ। ਔਰਹਨ ਪਾਮਕ, ਗੈਬਰੀਅਲ ਮਾਰਖੁਏਜ਼, ਸਲਮਾਨ ਰੁਸ਼ਦੀ, ਪੌਲ ਕੈਲੋ੍ ਆਦਿ ਪ੍ਰਤਿਭਾਵਾਨ ਨਾਵਲਕਾਰਾਂ ਨੇ ਇਸ ਨੂੰ ਯਥਾਰਥ ਦੇ ਤਜ਼ਰੁਬਿਆਂ ਨਾਲ ਭਰ ਦਿੱਤਾ। ਇਹ ਨਾਵਲਕਾਰ ਬੈਸਟ ਸੈਲਰ ਵੀ ਹਨ ਅਤੇ ਇਤਿਹਾਸ ਨੂੰ ਨਵੇਂ ਤਰੀਕੇ ਨਾਲ ਵੇਖਣ ਦੇ ਵਿਦਵਤਾ ਭਰੇ ਤਜਰੁਬੇਕਾਰ ਵੀ ਹਨ। ਤਲਿਸਮ ਨਾਲ ਭਰੇ ਯਥਾਰਥ ਦੇ ਬ੍ਰਿਤਾਂਤ ਨੂੰ ਸਿਰਜਣ ਲਈ ਇਤਿਹਾਸ/ਮਿਥਿਹਾਸ ਦੀ ਡੂੰਘੀ ਵਿਚਾਰਕ ਸਮਝ ਦੀ ਜ਼ਰੂਰਤ ਹੁੰਦੀ ਹੈ। ਇਸੇ ਲਈ ਪੰਜਾਬੀ ਨਾਵਲਕਾਰੀ ਵਿਚ ਇਸਦੇ ਤਜਰੁਬੇ ਦੀ ਬਜਾਏ ਇਕਹਰੀ ਬ੍ਰਿਤਾਂਤਕਾਰੀ ਹੀ ਪੜ੍ਹਨ ਨੂੰ ਮਿਲਦੀ ਹੈ। ਤਲਿਸਮੀ ਯਥਾਰਥ 'ਅਰੈਬਿਕ ਨਾਈਟਸ' ਵਾਂਗ ਇਤਿਹਾਸ ਵੀ ਹੈ ਅਤੇ ਅਦਬ ਨਾਲ ਸਰਸ਼ਾਰ ਵੀ। ਕਲਾਤਮਿਕ ਸੂਝ ਦੀ ਡੂੰਘਾਈ ਕਾਰਨ ਹੀ 'ਜਾਦੂਈ ਵਿਦਿਆ' ਨਵੀਂ ਦੁਨੀਆਂ ਦੇ ਪਾਠਕਾਂ ਨੂੰ ਆਪਣੇ ਵੱਲ ਅਕਰਸ਼ਤ ਕਰਨ 'ਚ ਕਾਮਯਾਬ ਹੋਈ ਹੈ। ਮਗਰ ਪੰਜਾਬੀ ਜ਼ਬਾਨ ਦੀ ਇਹ ਬਦਕਿਸਮਤੀ ਹੈ ਕਿ ਇਸ ਕਲਾਸਿਕ ਸਾਹਿਤ ਨੂੰ ਅਜੇ ਤੱਕ ਉਲੱਥਿਆ ਵੀ ਨਹੀਂ ਗਿਆ।

ਯਥਾਰਥਵਾਦ ਉਦੋਂ ਕਾਂਟੇ ਹੇਠ ਆ ਗਿਆ ਜਦੋਂ ਸੋਵੀਅਤ ਯੂਨੀਅਨ ਦੇ ਸਤਾਲਨੀ ਯੁੱਗ ਵਿਚ ਸਮਾਜਵਾਦੀ ਯਥਾਰਥਵਾਦ ਦੇ ਫੱਟੇ ਹੇਠ ਨਾਵਲ ਸਾਹਿਤ ਨਾਲੋਂ ਜ਼ਿਆਦਾ ਪਾਰਟੀ ਪ੍ਰਾਪੇਗੰਡਾ ਦਾ ਮਾਧਿਅਮ ਬਣ ਗਿਆ। ਗੋਰਕੀ ਦਾ ਨਾਵਲ **'ਮਾਂ'** ਇਸੇ ਪਾਰਟੀ ਪ੍ਰਾਪੇਗੰਡਾ ਦੀ ਮਕਾਨਕੀ ਸੁਰ ਨੂੰ ਜਨਮ ਦਿੰਦਾ ਹੈ ਜੋ ਬਾਅਦ 'ਚ ਦੂਸਰੀ ਜੰਗ ਸਮੇਂ ਸੂਰਮਿਆਂ ਦੀ ਸਿਰਜਣਾ ਦਾ ਮਾਰਕਸਵਾਦ ਵਿਰੋਧੀ ਮਾਧਿਅਮ ਬਣ ਜਾਂਦਾ ਹੈ। **'ਸਤਰੰਗੀ ਪੀਂਘ'**, **'ਸ਼ਾਂਤ ਸਰਘੀ ਵੇਲਾ'**, **'ਅਸਲੀ ਇਨਸਾਨ ਦੀ ਕਹਾਣੀ'** ਆਦਿ ਵਰਗੇ ਨਾਵਲਾਂ 'ਚ ਪਾਤਰ ਧੜਕਦੀ ਰੂਹ ਦੀ ਬਜਾਏ ਮਸ਼ੀਨਾਂ ਵਾਂਗ ਵਿਚਰਦੇ ਹਨ, ਕਿਉਂਕਿ ਇਹ ਸਾਹਿਤਕਾਰੀ ਪਾਰਟੀ ਸਕੀਮ ਦਾ ਹਿੱਸਾ ਬਣਕੇ ਪੇਸ਼ ਹੁੰਦੀ ਹੈ ਅਤੇ ਸਾਰੀ ਦੁਨੀਆਂ ਦੀਆਂ ਭਾਸ਼ਾਵਾਂ 'ਚ ਫਾਸ਼ੀਵਾਦੀ ਜੰਗ ਵਿਰੋਧੀ ਸੋਵੀਅਤ ਪ੍ਰਾਪੇਗੰਡਾ ਦੇ ਕੰਮ ਆਉਂਦੀ ਹੈ। ਇਸ ਤਰ੍ਹਾਂ ਯਥਾਰਥਵਾਦੀ ਨਾਵਲਕਾਰੀ ਸਾਹਿਤ ਦੀ ਆਗਾਸੀ ਉਡਾਰੀ ਦੀ ਬਜਾਏ ਵਿਚਾਰਧਾਰਾ ਦਾ ਹੱਥਠੋਕਾ ਬਣਕੇ ਮਕਾਨਕੀ ਰੰਗਤ ਵਿਚ ਢਲ ਜਾਂਦੀ ਹੈ। ਕ੍ਰਾਂਤੀ ਤੋਂ ਪਹਿਲਾਂ ਦੀ ਰੂਸੀ ਨਾਵਲਕਾਰ ਅਤੇ ਕ੍ਰਾਂਤੀ ਤੋਂ ਬਾਅਦ ਸਠਵਿਆਂ ਤੱਕ ਦੀ ਯਥਾਰਥਵਾਦੀ ਨਾਵਲਕਾਰੀ ਦਾ ਜੇ ਤੁਲਨਾਤਮਿਕ ਅਧਿਅਨ ਕਰੀਏ ਤਾਂ ਯਧਾਨੋਵੀਅਨਵਾਦੀ ਨਾਵਲਕਾਰੀ ਨਿਰੋਲ ਪਾਰਟੀ ਦੇ ਪ੍ਰਾਪੇਗੰਡਾ 'ਚ ਪਏ ਮਕਾਨਕੀ ਪਾਤਰਾਂ ਦੀ ਉਸਾਰੀ 'ਚ ਰੁੱਝੇ ਨਜ਼ਰ ਆਉਂਦੇ ਹਨ। ਗਲਪ ਦੀ ਵਿਧੀ 'ਚ ਬ੍ਰਿਤਾਂਤ ਲਿਖਤ ਦੀ ਹੀ ਨਹੀਂ ਲੇਖਕ ਦੇ ਮਨਸ਼ਿਆਂ ਦਾ ਵੀ ਵਿਸ਼ਲੇਸ਼ਣ ਕਰਕੇ ਰੱਖ ਦਿੰਦਾ ਹੈ, ਇਸ ਵਿਧਾ ਦੀ ਇਹੋ ਵੱਡੀ ਤਾਕਤ ਹੈ।

ਪੰਜਾਬ ਦੀ ਪ੍ਰਗਤੀਵਾਦੀ ਧਾਰਾ ਦੇ ਸਾਹਿਤ ਲਈ ਇਹੋ ਸਾਹਿਤ ਆਦਰਸ਼ ਬਿੰਦੂ ਰਿਹਾ ਹੈ, ਜਿਸ ਕਾਰਨ ਪੰਜਾਬੀ ਨਾਵਲਕਾਰੀ ਆਧੁਨਿਕ ਸਿਨਫ ਦੇ ਮਨਸ਼ਿਆਂ ਨੂੰ ਸਮਝਣ ਦੀ ਬਜਾਏ ਵਿਚਾਰਧਾਰਾ ਦਾ ਪ੍ਰਚਾਰ ਮਾਧਿਅਮ ਬਣ ਜਾਂਦੀ ਹੈ। ਭਾਈ ਵੀਰ ਸਿੰਘ ਦਾ ਮਕਸਦ ਸਿੱਖ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਰਿਹਾ ਅਤੇ ਜਿਸਨੂੰ ਪੁਨਰ-ਸਥਾਪਿਤ ਕਰਨ ਲਈ ਉਸਨੇ ਸਾਹਿਤਕਾਰੀ ਦੀ ਬਜਾਏ ਨਾਵਲ ਨੂੰ ਵਿਚਾਰਧਾਰਾ



ਦੀ ਆਦਰਸ਼ ਖਿਆਲੀ ਪੁਨਰ ਉਸਾਰੀ ਦੇ ਲੇਖੇ ਲਾਉਂਦਿਆਂ ਬਸਤੀਵਾਦੀ ਵਿਚਾਰਾਂ ਦੇ ਹੱਕ 'ਚ ਭੁਗਤਾਇਆ। ਨਾਨਕ ਸਿੰਘ ਆਦਰਸ਼ ਸਮਾਜ ਦੀ ਸਿਰਜਣਾ ਵਿਚ ਰੁਝਿਆ ਨਜ਼ਰ ਆਉਂਦਾ ਹੈ ਅਤੇ ਇਸੇ ਕਾਰਨ ਉਸਦੇ ਪਾਤਰ ਯਥਾਰਥ ਦੇ ਲਫੇੜਿਆਂ ਨਾਲ ਖਹਿੰਦੇ ਸੰਘਰਸ਼ ਦੀ ਬਜਾਏ ਰੁਮਾਂਸੀ ਆਦਰਸ਼ ਦੇ ਸ਼ਿਕਾਰ ਹਨ, ਪ੍ਰੰਤੂ ਜਸਵੰਤ ਸਿੰਘ ਕੰਵਲ ਉਪਰੋਕਤ ਦੋਹਾਂ ਧਰਾਵਾਂ ਦੀ ਪੈੜ ਨਹੀਂ ਨੱਪਦਾ ਅਤੇ ਇਸੇ ਕਰਕੇ ਉਸਦੀ ਬ੍ਰਿਤਾਂਤਕਾਰੀ 'ਚ ਪਾਤਰ ਸੰਘਰਸ਼ ਕਰਦੇ ਆਪਣੇ ਨਵੇਂ ਰਾਹਾਂ ਦੀ ਤਲਾਸ਼ ਕਰਦੇ ਹਨ ਜੋ ਪੰਜਾਬੀ ਬੰਦੇ ਦੇ ਵੱਧ ਨੇੜੇ ਜਾਪਦੇ ਹਨ। **'ਰਾਤ ਬਾਕੀ ਹੈ'** ਦੀ ਸ਼ੁਰੂਆਤ ਜੀਵਨ ਦੇ ਰੁਮਾਂਸੀ ਰੂਪ ਤੋਂ ਸ਼ੁਰੂ ਹੁੰਦੀ ਹੈ ਮਗਰ ਬ੍ਰਿਤਾਂਤ/ਇਤਿਹਾਸ (ਸਮਾਂ ਅਤੇ ਸਪੇਸ) ਪ੍ਰਸਥਿਤੀਆਂ 'ਚੋਂ ਜਿਉਂ-ਜਿਉਂ ਲੰਘਦਾ ਹੈ ਯਥਾਰਥ ਕਰੂਰ ਹੁੰਦਾ ਜਾਂਦਾ ਹੈ, ਜਿਸ ਨਾਲ ਰੁਮਾਂਸੀ ਪਿਆਰ ਦੀ ਆਦਰਸ਼ ਸਥਿਤੀ ਇਤਿਹਾਸ ਬਣਨ ਲਗ ਜਾਂਦੀ ਹੈ। ਰੁਮਾਂਸੀ ਆਦਰਸ਼ ਦੇ ਵਾਅਦੇ ਪ੍ਰਸਥਿਤੀਆਂ ਵੱਸ ਸੰਘਰਸ਼ ਦੇ ਰਾਹੇ ਹੋ ਨਿਬੜਦੇ ਹਨ। ਕੰਵਲ ਜਿਸ ਪੇਂਡੂ ਜੀਵਨ ਨੂੰ ਬ੍ਰਿਤਾਂਤਕਾਰੀ 'ਚ ਪਰੋਂਦਾ ਹੈ, ਯਥਾਰਥ 'ਚ ਉਹ ਸੰਘਰਸਸ਼ੀਲ ਹੈ ਅਤੇ ਪਲ-ਪਲ ਬਦਲ ਰਿਹਾ ਹੈ। ਇਸੇ ਲਈ ਇਹ ਨਾਵਲ ਨੌਜੁਆਨ ਪੀੜ੍ਹੀ ਦੀ ਮਨੋਚੇਤਨਾ 'ਤੇ ਆਪਣਾ ਡੂੰਘਾ ਪ੍ਰਭਾਵ ਪਾਉਣ 'ਚ ਕਾਮਯਾਬ ਰਿਹਾ ਹੈ। ਭਾਈ ਵੀਰ ਸਿੰਘ ਵਾਂਗ ਨਿਸ਼ਚਤ ਵਿਚਾਰਧਾਰਾ ਦੇ ਪ੍ਰਚਾਰ ਕਰਨ ਦੀ ਬਜਾਏ ਇਹ ਨਾਵਲ ਸਮੂਹ ਪੰਜਾਬੀ ਬੰਦੇ ਦੇ ਸੰਘਰਸਸ਼ੀਲ ਆਪੇ ਨੂੰ ਆਪਣੇ ਕਲਾਵੇ 'ਚ ਘੁੱਟ ਲੈਂਦਾ ਹੈ। ਕੰਵਲ ਕਿਸੇ ਨਿਸ਼ਚਤ ਵਿਚਾਰਧਾਰਾ ਦਾ ਪ੍ਰਚਾਰਕ ਬਣਨ ਦੀ ਬਜਾਏ ਲਹਿਰ/ਸੰਘਰਸ਼ ਦਾ ਕਾਇਲ ਰਿਹਾ ਹੈ। ਉਸਦੇ ਪਾਤਰ ਯਥਾਰਥਕ ਬੋਧ ਅਨੁਸਾਰ ਇਤਿਹਾਸਬੋਧ ਉਸਾਰਦੇ ਨਿਰੰਤਰ ਗਤੀਸ਼ੀਲ ਹਨ, ਜਿਸ ਕਰਕੇ ਪ੍ਰਗਤੀਵਾਦੀ ਧਾਰਾ ਦੇ ਨਿਸ਼ਚਤ ਫਾਰਮੂਲੇ ਇਸਦੀ ਖ਼ਿਵਾਫ਼ਤ ਕਰਦੇ ਹਨ।

ਮਨੁੱਖੀ ਜੀਵਨ ਇਕ ਬ੍ਰਿਤਾਂਤ ਹੈ ਜੋ ਇਤਿਹਾਸ ਬਣਦਾ ਹੈ, ਇਤਿਹਾਸ ਅਤੇ ਵਿਰੋਧ-ਵਿਕਾਸ ਵਿਚ ਵਖਰੇਵਾਂ ਅਸੰਭਵ ਹੈ। ਇਤਿਹਾਸ ਦੇ ਕਿਸੇ ਬਿੰਦੂ ਦਾ ਵਿਚਾਰ ਇਕ ਮਨੁੱਖ ਨੂੰ ਪ੍ਰਭਾਵਤ ਕਰਦਾ ਹੈ ਤਾਂ ਉਹ ਉਸ ਵਿਚਾਰ ਲਈ ਸੰਘਰਸ਼ ਕਰਦਾ ਹੈ। ਉਸਦੇ ਜੀਵਨ ਬ੍ਰਿਤਾਂਤ ਦੀਆਂ ਪ੍ਰਸਥਿਤੀਆਂ ਦਾ ਇਤਿਹਾਸਬੋਧ ਮਨੁੱਖ ਦੇ ਜੀਵਨ ਦੀ ਉਸਾਰੀ ਬਣਨਾ ਹੁੰਦਾ ਹੈ। ਔਖੜ ਰਾਹਾਂ ਅਤੇ ਸਮੇਂ ਦੇ ਥਪੇੜੇ ਉਸਦਾ ਕਾਇਆ ਕਲਪ ਕਰ ਦਿੰਦੇ ਹਨ। ਇਸ ਕਰਕੇ ਕਿਸੇ ਮਨੁੱਖ ਦੇ ਇਕ ਸਿਰੇ ਤੋਂ ਦੂਸਰੇ ਬਦਲੇ ਹੋਏ ਸਿਰੇ ਵਿਚਲੀ ਵਿਥਿਆ ਉਸਦੇ ਬਦਲੇਵੇਂ ਨਾਲ ਇਨਸਾਫ਼ ਕਰ ਸਕਦੀ ਹੈ ਅਤੇ ਇਹੋ ਸ਼ਕਤੀ ਨਾਵਲੀ ਬ੍ਰਿਤਾਂਤ ਦੀ ਤਾਕਤ ਹੈ। ਸਮਾਂ ਤੇ ਸਥਿਤੀ ਹੀ ਜੀਵਨ ਦੇ ਬ੍ਰਿਤਾਂਤ ਹਨ, ਆਪਣੇ ਵਿਚਾਰਾਂ ਦੀ ਅਟੱਲਤਾ 'ਚ ਸਮੇਂ ਨਾਲ ਸਮਝੌਤਾ ਨਾ ਕਰਨਾ ਮਰ-ਮਰ ਜਿਉਣਾ ਹੈ ਅਤੇ ਅਜਿਹੇ ਪਾਤਰ ਵਾਸਤਵਿਕ ਜੀਵਨ ਵਿਚ ਬਹੁਤ ਘੱਟ ਮਿਲਦੇ ਹਨ। ਯਥਾਰਥ ਦੀ ਰਚਨਾ ਦੀ ਬਜਾਏ ਰਚਨਾ ਦਾ ਆਪਣਾ ਯਥਾਰਥ ਹੁੰਦਾ ਜਿਸਨੂੰ ਰਚਨਾ ਯਥਾਰਥ ਕਿਹਾ ਜਾ ਸਕਦਾ ਹੈ ਅਤੇ ਇਹ ਰਚਨਾ ਯਥਾਰਥ ਹੀ ਪਾਠਕ ਦੀ ਚੇਤਨਾ ਨੂੰ ਪ੍ਰਭਾਵਤ ਕਰਦਾ ਹੈ। ਪਾਠਕ ਰਚਨਾ ਦੇ ਪਾਤਰਾਂ ਨਾਲ ਆਪਾ ਜੋੜਦਾ ਹੈ ਤਾਂ ਹੀ ਕਲਾ ਉਸਦੀ ਚੇਤਨਾ 'ਤੇ ਸਵਾਰ ਹੁੰਦੀ ਹੈ।

ਗੁਰਦਿਆਲ ਸਿੰਘ ਦੀ ਨਾਵਲਕਾਰੀ ਹੁਣ ਦੇ ਸਮੇਂ ਵਿਵਾਦ ਦਾ ਕੇਂਦਰ ਬਣਦੀ ਜਾ ਰਹੀ ਹੈ ਕਿ ਉਸਦੇ ਪਾਤਰਾਂ ਦੀ ਰੀੜ੍ਹ ਨਹੀਂ ਹੈ। ਗੁਰਦਿਆਲ ਸਿੰਘ ਦੀ ਨਾਵਲਕਾਰੀ ਦਾ ਮੁੱਖ ਵਿਸ਼ਾ ਪੇਂਡੂ ਜਨ-ਜੀਵਨ ਵਿਚ ਪੂੰਜੀਵਾਦੀ ਆਰਥਿਕਤਾ ਦੇ ਪ੍ਰਭਾਵ ਅਧੀਨ ਬਦਲ ਰਹੇ ਮਾਨਵੀ ਸਬੰਧ ਹਨ। ਉਸਦੇ ਪਾਤਰ ਲਹਿਰਾਂ ਦਾ ਹਿੱਸਾ ਨਹੀਂ ਹਨ ਕਿ ਉਹ ਸੰਘਰਸ਼ ਦਾ ਬਿਗਲ ਵਜਾਉਂਦੇ ਨਾਇਕ ਬਣ ਜਾਣ। ਉਸਦੇ ਪਾਤਰ ਆਮ ਪੇਂਡੂ ਜਨ-ਜੀਵਨ ਦਾ ਹਿੱਸਾ ਹੁੰਦਿਆਂ ਆਪਣੀਆਂ ਸਥਾਨਕ ਹਾਲਤਾਂ ਦੇ ਵੱਸ ਵਿਚ ਹਨ। ਇਸੇ ਲਈ ਉਹ ਰੀਂ-ਰੀਂ ਤਾਂ ਕਰਦੇ ਹਨ ਪਰ ਸਮਝਾਉਤਾ ਨਹੀਂ ਕਰਦੇ ਅਤੇ ਆਪਣੇ ਸਵੈਮਾਣ ਨੂੰ ਬਰਕਰਾਰ ਰੱਖਦੇ ਹਨ। ਗੁਰਦਿਆਲ ਸਿੰਘ ਦੀ ਨਾਵਲਕਾਰੀ ਦਾ ਰਚਨਾ ਯਥਾਰਥ ਆਪਣੇ ਬ੍ਰਿਤਾਂਤ 'ਚੋਂ ਪਾਤਰਾਂ ਦੀ ਸ਼ਕਲ ਘੜਦਾ, ਕਿਸੇ ਉਧਾਰੇ ਵਿਚਾਰ ਦੇ ਫਤਵੇ ਨੂੰ ਠੋਸਣ ਤੋਂ ਇਨਕਾਰੀ ਹੈ। **'ਅਣਹੋਏ'** ਦਾ ਬਿਸ਼ਨਾ ਆਪਣੇ ਜੀਵਨ ਸੰਘਰਸ਼ 'ਚੋਂ ਉਘੜ ਰਿਹਾ ਪਾਤਰ ਹੈ ਕਿਸੇ ਬਾਹਰੀ ਵਿਚਾਰ ਦੇ ਵੱਸ ਪਿਆ

'ਯੋਧਾ' ਨਹੀਂ ਹੈ, ਇਸੇ ਲਈ ਉਸਦੇ ਭਤੀਜੇ ਦਾ ਉਹ ਨਾਇਕ ਹੈ, ਕਿਉਂਕਿ ਉਹ ਅਮਲ 'ਚ ਪ੍ਰਸਥਿਤੀਆਂ ਨਾਲ ਸਮਝੌਤਾਕਾਰ ਨਹੀਂ ਹੈ, ਜਦੋਂ ਕਿ ਉਸਦਾ ਪਿਉ ਬਿਸ਼ਨੇ ਦੇ ਉਲਟ ਰੀੜ੍ਹ ਰਹਿਤ ਹੈ, ਜਿਸ ਲਈ ਉਸਦੇ ਇਹ ਵਿਚਾਰ ਹਨ ਕਿ, 'ਪਿਉ ਤਾਂ ਮੇਰਾ ਫੁਦੂ ਹੈ।' ਗੁਰਦਿਆਲ ਸਿੰਘ ਦੀ ਨਾਵਲਕਾਰੀ ਪੂੰਜੀਵਾਦੀ ਪ੍ਰਭਾਵ ਦੀ ਬਰੀਕ ਤੋਰ ਨਾਲ ਸਮਾਜ-ਆਰਥਿਕ ਮੁੱਲਾਂ ਦੇ ਰੁਪਾਂਤਰਣ 'ਚ ਅਣਹੋਇਆਂ ਨੂੰ ਪਹਿਚਾਨਣਾ ਵੱਧ ਹੈ 'ਨਾਇਕਾਂ' ਦੀ ਉਸਾਰੀ ਕਰਨਾ ਨਹੀਂ ਹੈ। ਇਸ ਵਿਚਾਰ ਨੂੰ ਡੂੰਘਾਣ ਤੱਕ ਪਹੁੰਚਾਉਂਦਾ ਕਰਮਜੀਤ ਕੁੱਸਾ ਹਰੀ ਕ੍ਰਾਂਤੀ ਦੀ ਆਰਥਿਕ ਉਥਲ ਪੁਥਲ 'ਚ ਸਮਾਜ-ਆਰਥਿਕ ਮੁੱਲਾਂ ਦਾ ਡੂੰਘਾ ਵਿਸਲੇਸ਼ਕ ਹੈ। ਉਸ ਕੋਲ ਜੱਟ ਅਤੇ ਦਲਿਤ ਦੇ ਸਬੰਧਾਂ 'ਚ ਹਰੀ ਕ੍ਰਾਂਤੀ ਦੀ ਮਾਰ ਵਧੇਰੇ ਹੈ। ਕਮਿਊਨਿਸਟ ਪਾਰਟੀਆਂ ਦੀ ਦਲਿਤਾਂ ਨੂੰ ਕਿਸਾਨੀ ਦੇ ਹੱਕ 'ਚ ਭੁਗਤਾਉਣ ਦੀ ਬ੍ਰਿਤਾਂਤਕ ਪੀੜ੍ਹ ਹੈ। ਉਹ ਪਹਿਲੀ ਵਾਰ ਦਲਿਤ ਔਰਤ ਦੀ  ਪੰਜਾਬੀ ਸੱਭਿਆਚਾਰ 'ਚ ਅਹੋਂਦ ਲਈ **'ਅੱਗ ਦਾ ਗੀਤ'** ਲਿਖਦਾ ਹੈ। ਗੀਰੋ ਘਰ ਅਤੇ ਸਮਾਜ ਦੋਹਾਂ ਦੇ ਦਮਨ 'ਚ ਪੀੜਤ ਪ੍ਰੋਲੇਤਾਰੀ ਹੈ ਜਿਸਦੀ ਲਿੰਗਕਤਾ ਆਪਣੇ ਅਧੀਨ ਨਾ ਹੋ ਕੇ ਦੋ ਮਾਲਕਾਂ ਅਧੀਨ ਹੈ, ਇਕ ਪਾਸੇ ਪਤਨੀ ਦੇ ਰੂਪ 'ਚ ਦੂਸਰੇ ਪਾਸੇ ਕਾਮੇ ਦੇ ਰੂਪ 'ਚ। ਉਸ ਕੋਲ ਆਪਣੇ ਪਿਆਰ ਨੂੰ ਹੰਡਾਉਣ ਦੀ ਸਮਾਜਿਕ ਮਾਨਤਾ ਇਸ ਲਈ ਨਹੀਂ, ਕਿਉਂਕਿ ਉਹ ਚੂੜ੍ਹੀ ਹੈ। ਮਗਰ ਪੰਜਾਬੀ ਜ਼ਬਾਨ 'ਚ **'ਮੜ੍ਹੀ ਦਾ ਦੀਵਾ'** ਦੀ ਚੜ੍ਹਾਈ ਕਰਨ ਵਾਲੇ ਅਤੇ ਦਲਿਤਵਾਦ ਦੇ ਪ੍ਰਚਾਰਕਾਂ ਨੇ ਦਲਿਤ ਔਰਤ ਦੀ ਮਨੋਚੇਤਨਾ ਵਿਚਲੀ ਵੇਦਨਾ ਦੇ ਇਸ ਮਾਰਮਿਕ ਚਰਿਤਰ ਚਿੱਤਰਨ ਨੂੰ ਅੱਖੋਂ ਪਰੋਖੇ ਕਰੀ ਛੱਡਿਆ ਹੈ ਜਿਸਦੀ ਕੁੱਸੇ ਨੂੰ ਆਥਾਹ ਸਮਝ ਸੀ। ਹਰੀ ਕ੍ਰਾਂਤੀ ਨੇ ਛੋਟੀ ਕਿਸਾਨੀ ਨੂੰ ਕਿਵੇਂ ਤਬਾਹ ਕੀਤਾ 'ਰੋਹੀ ਬੀਆਬਾਨ' ਇਸੇ ਇਤਿਹਾਸ ਦਾ ਬ੍ਰਿਤਾਂਤ ਹੈ। ਉਸਦੀ ਗਲਪੀ ਚੇਤਨਾ ਆਪਣੇ ਸਮੇਂ 'ਚ ਸਭ ਤੋਂ ਵੱਧ ਬਰੀਕਬੀਨ ਅਤੇ ਸਮਾਜ-ਆਰਥਿਕ ਵਿਰੋਧ-ਵਿਕਾਸ ਦੀ ਪੇਸ਼ਕਾਰ ਸੀ।

ਰਾਮ ਸਰੂਪ ਅਣਖੀ ਨੇ ਮਾਲਵੇ ਖਿੱਤੇ 'ਚ ਜ਼ਮੀਨ ਨੂੰ ਕੇਂਦਰ ਮੰਨ ਕੇ ਉਸ ਦੁਆਲੇ ਉਸਰਦੀ ਮਨੋਚੇਤਨਾ ਨੂੰ ਨਾਵਲਾਂ 'ਚ ਗਲਪਿਆ ਹੈ। ਜ਼ਮੀਨ ਕਿਸਾਨ ਦੇ ਸਮਾਜ-ਆਰਥਿਕ ਰੁਤਬੇ ਅਤੇ ਰੋਜੀ ਰੋਟੀ ਦਾ ਸਾਧਨ ਹੈ। ਜ਼ਮੀਨ ਨੂੰ ਸਦੈਵ ਬਣਾਈ ਰੱਖਣ ਲਈ ਔਰਤ ਦੀ ਲਿੰਗਕਤਾ ਦਮਨ ਦੀ ਮਾਰ ਹੇਠ ਆ ਜਾਂਦੀ ਹੈ। ਜ਼ਮੀਨ ਬਣਾਈ ਰੱਖਣ ਦਾ ਸੰਦ ਕਿਸਾਨੀ 'ਚ ਔਰਤ ਦੀ ਲਿੰਗਕਤਾ ਹੈ, ਜਿਸਨੂੰ ਬਹੁਮਰਦੀ ਭੋਗ 'ਚੋਂ ਹੋ ਕੇ ਲੰਘਣਾ ਪੈਂਦਾ ਹੈ। ਹਰੀ ਕ੍ਰਾਂਤੀ ਨੇ ਸਾਂਝੇ ਪਰਿਵਾਰ ਨੂੰ ਬਣਾਈ ਰੱਖਣ ਦੇ ਇਸ ਢਾਂਚੇ ਨੂੰ ਖੇਰੂੰ ਖੇਰੂੰ ਕਰਨ ਦਾ ਰਾਹ ਫੜਿਆ। ਪਾਠਕ ਨੂੰ ਅਣਖੀ ਔਰਤ ਦੀ ਲਿੰਗਕਤਾ 'ਚੋਂ ਸੁਆਦ ਲੈਂਦਾ ਜਾਪਦਾ ਹੈ, ਕਿਉਂਕਿ ਉਸਦੇ ਨਾਵਲਾਂ 'ਚ ਨਾਰੀ ਦੇਹ ਕੇਂਦਰੀ ਸਥਾਨ ਮੱਲ ਕੇ ਬੈਠੀ ਹੈ, ਮਗਰ ਅਣਖੀ ਲਈ ਜ਼ਮੀਨ ਅਤੇ ਨਾਰੀ ਸਮਾਨਅੰਤਰ ਹੈ, ਸਗੋਂ ਜ਼ਮੀਨ ਦੀ ਮਾਲਕੀ ਦਾ ਮੁੱਖ ਸੋਮਾ ਨਾਰੀ ਦੀ ਲਿੰਗਕਤਾ ਹੈ।

ਸਮਕਾਲ ਦੀ ਨਾਵਲਕਾਰੀ 'ਚ ਬਹੁਤ ਸਾਰੇ ਨਾਮ ਹਨ, ਪਰ ਸਪੇਸ ਦੀ ਘਾਟ ਕਾਰਨ ਕੁਝ ਇਕ ਦਾ ਹੀ ਜਿਕਰ ਕੀਤਾ ਜਾ ਸਕਦਾ ਹੈ। ਇਸ ਵੇਲੇ ਸਭ ਤੋਂ ਵੱਧ ਨਾਵਲ ਲਿਖਣ ਵਾਲਾ ਬਲਦੇਵ ਸਿੰਘ ਹੈ। **'ਸੜਕਨਾਮਾ'**, **'ਲਾਲ ਬੱਤੀ'**, **'ਅੰਨ ਦਾਤਾ'** ਤੋਂ ਬਾਅਦ ਉਸਨੇ ਨਾਇਕਵਾਦੀ ਨਾਵਲ ਨੂੰ ਆਰੰਭਿਆ। ਨਾਵਲ ਵਿਧਾ ਦੀ ਸ਼ੁਰੂਆਤ ਦਾ ਮੁੱਖ ਮਕਸਦ 'ਸੂਰਮੇ ਦੀ ਸਿਰਜਣਾ' ਨੂੰ ਹਾਲਤਾਂ ਦੇ ਵੱਸ ਪਾ ਕੇ ਵਿਰੋਧਤਾਈਆਂ 'ਚੋਂ ਲੰਘਾਉਣਾ ਸੀ ਤਾਂ ਕਿ ਮਹਾਂਕਾਵਿ ਦੇ ਮਿੱਥਕ ਨਾਇਕ ਦੀ ਚਮਤਕਾਰੀ ਸ਼ਕਤੀ ਨੂੰ ਤੋੜਿਆ ਜਾ ਸਕੇ। ਮਿੱਥਕ ਨਾਇਕ ਪੂਜਾ ਦਾ ਸਥਾਨ ਹਾਸਿਲ ਕਰ ਲੈਂਦਾ ਹੈ, ਜਦੋਂ ਕਿ ਨਾਵਲ ਸਧਾਰਨ ਮਨੁੱਖ ਦੀ ਸਮਰੱਥਾ ਨੂੰ ਬ੍ਰਿਤਾਂਤ ਰਾਹੀਂ ਉਚਾਣ ਤੱਕ ਲੈ ਕੇ ਜਾਣਾ ਸੀ, ਮਹਾਂਕਾਵਿਕ ਸੂਰਮੇ ਦੇ ਕਵੀਸ਼ਰੀ/ਵਾਰ ਰਾਹੀਂ ਗੁੱਗੇ ਗਾਉਣਾ ਨਹੀਂ ਸੀ, ਇਹ ਸੂਰਮਾ ਹੁਣ ਅਤੀਤ ਦਾ ਹਿੱਸਾ ਹੈ, ਕਿਉਂਕਿ ਤਲੀਮ+ਇਲਮ ਰਾਹੀਂ ਸਧਾਰਨ ਬੰਦੇ ਅੰਦਰਲੀ ਸ਼ਕਤੀ ਨੂੰ ਉਚਿਆਇਆ ਜਾ ਸਕਦਾ ਹੈ। ਕਵੀਸ਼ਰੀ/ਵਾਰ ਦਾ ਯੋਧਾ ਸਧਾਰਨ ਵਿਅਕਤੀ ਨਹੀਂ ਸਗੋਂ ਮਿੱਥਕ ਨਾਇਕ ਸ਼ਕਤੀ ਹੁੰਦੀ ਹੈ, ਭਾਵ ਨਾਵਲ ਦਾ ਬ੍ਰਿਤਾਂਤ ਹੀ ਮਨੁੱਖ ਦੇ ਹੋਣ ਦਾ ਬ੍ਰਿਤਾਂਤ ਹੈ ਅਤੇ ਇਹ ਸਿਨਫ਼ ਦਾ ਕੰਮ ਕਵੀਸ਼ਰੀ ਦੀ ਵਿਧਾ ਨੂੰ ਆੜੇ ਹੱਥੀ ਲੈਣਾ ਸੀ ਜੋ



ਆਧੁਨਿਕ ਸਮਿਆਂ 'ਚ ਸਿਰਫ਼ ਮਿੱਥ ਸੀ। ਬਲਦੇਵ ਸਿੰਘ ਦੇ ਨਾਵਲ ਮਿੱਥਕ ਬ੍ਰਿਤਾਂਤ ਦੀ ਮਕਾਨਕੀ 'ਚੋਂ ਲੰਘਦੇ ਨਾਇਕ ਦੀ ਕਵੀਸ਼ਰੀ ਕਰਨ ਲੱਗਦੇ ਹਨ, ਉਸਦੀ ਮਿੱਥਕ ਸੱਤਾ ਨਾਵਲੀ ਕਵੀਸ਼ਰੀ 'ਚੋਂ ਕਿਸੇ ਯਥਾਰਥ ਦਾ ਬੋਧ ਕਰਾਉਣ ਦੀ ਬਜਾਏ ਪਾਠਕ ਦੀ ਮਨੋਚੇਤਨਾ ਵਿਚਲੀ ਬਣੀ ਹੋਈ ਸੱਤਾ ਨੂੰ ਝੰਜੋੜਨ ਦੀ ਬਜਾਏ ਹੋਰ ਵੀ ਵਿਰਾਟ ਰੂਪ ਧਾਰ ਲੈਂਦੀ ਹੈ। ਉਹ ਅਜਿਹੇ ਸੂਰਮਿਆਂ ਦੀ ਸਿਰਜਣਾ ਦਾ ਕਵੀਸ਼ਰ ਹੈ, ਜੋ ਵਿਚਾਰਧਾਰਾ ਦੀ ਸ਼ਕਤੀ ਬਣਦਿਆਂ ਜਨ ਦੀ ਮਨੋਚੇਤਨਾ ਨੂੰ ਕਾਬੂ ਕਰ ਲੈਂਦੇ ਹਨ। ਇਹਨਾਂ ਨਾਵਲਾਂ ਵਿਚ ਇਤਿਹਾਸ ਨਹੀਂ, ਕਿਉਂਕਿ ਇਹ ਯਥਾਰਥ ਦੀ ਧਰਾਤਲ 'ਤੇ ਨਹੀਂ ਮਿੱਥ ਦੀ ਧਰਾਤਲ 'ਤੇ ਵਿਚਰਦੇ ਹਨ, ਇਸੇ ਕਰਕੇ ਇਹ ਇਤਿਹਾਸ ਵਿਰੋਧੀ ਨਾਵਲ ਹਨ। ਇਹ ਕਵੀਸ਼ਰੀ ਹੋਣ ਕਰਕੇ ਬ੍ਰਿਤਾਂਤ ਵਿਰੋਧੀ ਅਤੇ ਬ੍ਰਿਤਾਂਤ ਵਿਰੋਧੀ ਹੋਣ ਕਰਕੇ ਨਾਵਲ ਦੀ ਸਿਨਫ਼ ਵਿਰੋਧੀ ਲੇਖਨ ਹੈ।

ਇਸਤੋਂ ਉਲਟ ਮਨਮੋਹਨ ਬਾਵਾ ਲੋਕ ਬੋਧ ਦੇ ਨਾਇਕਾਂ ਪੋਰਸ ਅਤੇ ਰਣਜੀਤ ਸਿੰਘ ਨੂੰ ਬ੍ਰਿਤਾਂਤ 'ਚੋਂ ਲੰਘਾਉਂਦਾ ਪਾਠਕ ਨੂੰ ਯਥਾਰਥ ਦਾ ਬੋਧ ਕਰਵਾਉਂਦਿਆਂ ਪੋਰਸ ਦੀ ਨਾਇਕ ਮਿੱਥ ਨੂੰ ਚਕਨਾਚੂਰ ਕਰਦਾ ਪੰਜਾਬੀ ਬੰਦੇ ਦੇ ਪੂਰਵਾਗ੍ਰਹਿ ਨੂੰ ਵਿੰਨ ਦਿੰਦਾ ਹੈ ਅਤੇ ਇਤਿਹਾਸ ਨੂੰ ਖਿਆਲੀ ਪਟਾਰੀ ਦੀ ਬਜਾਏ ਪ੍ਰਸਥਿਤੀਆਂ 'ਚ ਪਿਆ ਬ੍ਰਿਤਾਂਤ ਬਣਾ ਕੇ ਪੇਸ਼ ਕਰਦਾ ਹੈ, ਜਿੱਥੇ ਪੋਰਸ ਸਿਕੰਦਰ ਦੀ ਨੀਤੀ 'ਚ ਉਲਝੀ ਸਮਝੌਤਾਵਾਦੀ ਸੱਤਾ ਹੈ ਅਤੇ ਸਿਕੰਦਰ ਦੀ ਹਾਰ ਦੇ ਨਾਇਕ ਜਨਪਦ ਬਣਕੇ ਉਭਰਦੇ ਹਨ। ਇਸ ਤਰ੍ਹਾਂ ਬਾਵਾ ਦੀ ਚੇਤਨਾ ਇਤਿਹਾਸਵਾਦੀ ਹੈ, ਭਾਵੇਂ ਕਿ 'ਗੀਤਾ' ਵਰਗੇ ਬਾਅਦ ਵਿਚ ਲਿਖੇ ਗਏ ਗ੍ਰੰਥ ਨੂੰ ਆਪਣੀ ਰਚਨਾਤਮਿਕ ਲੋੜ ਲਈ ਵਰਤਣਾ ਇਤਿਹਾਸਕ ਤੱਥਾਂ ਨੂੰ ਤੋੜਨ ਦੀ ਪ੍ਰਵਿਰਤੀ ਹੈ, ਜੋ ਉਹ ਰਣਜੀਤ ਸਿੰਘ ਬਾਰੇ ਵੀ ਕਰਦਾ ਹੈ, ਪਰ ਬਾਵੇ ਨੇ ਨਾਵਲ ਦੀ ਸਿਨਫ਼ ਸ਼ਕਤੀ ਨੂੰ ਸਹੀ ਤਰ੍ਹਾਂ ਇਸਤੇਮਾਲ ਕੀਤਾ ਹੈ, ਭਾਵੇਂ ਉਸਦੀ ਬ੍ਰਿਤਾਂਤਕਾਰੀ ਪ੍ਰਗਤੀਵਾਦੀ ਰੱਖ-ਰਖਾਉ ਵਾਲੀ ਵਧੇਰੇ ਹੈ।

ਇਕੀਵੀਂ ਸਦੀ 'ਚ ਦੋ ਨਾਵਲ ਮਨਮੋਹਨ ਦਾ **'ਨਿਰਵਾਣ'** ਅਤੇ ਡਾ. ਜਸਵਿੰਦਰ ਸਿੰਘ ਦਾ **'ਮਾਤ ਲੋਕ'** ਅਕੈਡਮੀ ਦਾ ਅਵਾਰਡ ਪ੍ਰਾਪਤ ਕਰਨ ਕਰਕੇ ਚਰਚਾ ਵਿਚ ਹਨ। ਇਹ ਦੋਵੇਂ ਨਾਵਲ ਹੀ ਸਕੈਮਟਿਕ ਪੱਧਰ ਦਾ ਬ੍ਰਿਤਾਂਤ ਹਨ। 'ਨਿਰਵਾਣ' ਵਿਚ ਦੋ ਸਮਾਨਅੰਤਰ ਬ੍ਰਿਤਾਂਤ ਹਨ, ਇਕ ਦਸਵੀਂ ਸਦੀ ਦਾ ਮਿਲੰਦ ਬੁੱਧ ਧਰਮ ਦੀ ਦੀਕਸ਼ਾ ਲੈਣ ਜਲੰਧਰ ਤੋਂ ਨਾਲੰਦਾ ਜਾਂਦਾ ਹੈ। ਉਸਨੂੰ ਬੁੱਧ ਦੇ ਵਿਚਾਰਾਂ ਦਾ ਗਹਿਨ ਅਧਿਐਨ ਕਰਦਿਆਂ ਇਹ ਆਭਾਸ ਹੁੰਦਾ ਹੈ ਕਿ ਪੇਸ਼ ਹੋ ਰਹੇ ਵਿਚਾਰਾਂ ਉਪਰ ਬ੍ਰਾਹਮਣਿਕ ਪ੍ਰੇਤ ਦਾ ਸਾਇਆ ਹੈ। ਜਿਸ ਕਰਕੇ ਉਹ ਭਿਕਸ਼ੂ ਤੋਂ ਦੁਨਿਆਵੀ ਕਾਰਜ ਭਾਵ ਆਪਣੀ ਪ੍ਰੇਮਿਕਾ ਨੂੰ ਲੈ ਕੇ ਵਾਪਸ ਪਰਤ ਆਉਂਦਾ ਹੈ। ਸਮਾਨਅੰਤਰ ਦੂਸਰਾ ਬ੍ਰਿਤਾਂਤ ਹੈ ਜੋ ਲੇਖਕ ਦੀ ਸਕੀਮ ਦਾ ਸਿੱਟਾ ਹੈ ਕਿ ਆਨੰਦ ਬਿਹਾਰ ਵਿਚ ਮਾਉਵਾਦੀ ਕਾਰਜਾਂ ਲਈ ਜਾਂਦਾ ਹੈ। ਉੱਥੇ ਕੰਮ ਕਰਦਿਆਂ ਉਸਨੂੰ ਕੋਈ ਅਜਿਹਾ ਬੋਧ ਨਹੀਂ ਹੁੰਦਾ ਕਿ ਮਾਉਵਾਦੀ ਜਾਤੀਵਾਦ 'ਚ ਗ੍ਰੱਸੇ ਬ੍ਰਾਹਮਣਿਕ ਵਿਚਾਰਾਂ ਦੀ ਅਧੀਨਗੀ ਕਬੂਲ ਚੁੱਕੇ ਹਨ, ਕਿਉਂਕਿ ਬ੍ਰਿਤਾਂਤ ਵਿਚ ਅਜਿਹੀ ਕੋਈ ਚਰਚਾ ਨਹੀਂ। ਇਹ ਇਸ ਲਈ ਕਿ ਲੇਖਕ ਪਾਰਟੀ ਬਣਤਰ, ਉਹਨਾਂ ਦੇ ਅਮਲੀ ਕਾਰ-ਵਿਹਾਰ ਕਿ ਪਾਰਟੀ ਦੀ ਸੰਰਚਨਾ ਕਿਹੜੇ ਰੂਪ 'ਚ ਕਾਰਜ ਕਰਦੀ ਹੈ ਦਾ ਗਿਆਨ ਬੋਧ ਨਹੀਂ ਹੈ। ਜੇ ਬੋਧ ਹੈ ਤਾਂ ਉਹ ਨਾਵਲੀ ਬ੍ਰਿਤਾਂਤ ਵਿਚ ਬਿਲਕੁਲ ਗੈਰਹਾਜ਼ਰ ਹੈ। ਮਾਉਵਾਦੀ ਸੰਘਰਸ਼ ਦਾ ਯਥਾਰਥ ਬ੍ਰਾਹਮਣਿਕ ਜਾਤੀਵਾਦੀ ਵਿਚਾਰਧਾਰਾ ਦੇ ਪ੍ਰੇਤ ਦੀ ਮਾਰ ਹੇਠ ਹੈ, ਇਸਨੂੰ ਘਟਿਤ ਹੁੰਦੇ ਹੋਏ ਬ੍ਰਿਤਾਂਤ ਵਿਚ ਥਾਂ ਨਹੀਂ ਦਿੱਤੀ ਗਈ ਸਗੋਂ ਇਹ ਲੇਖਕ ਦੇ ਮਨਸ਼ੇ/ਸਕੀਮ ਅਨੁਸਾਰ ਲੇਖਕੀ ਫਤਵਾ ਬਣ ਜਾਂਦਾ ਹੈ, ਕਿਉਂਕਿ ਦਸ ਸਦੀਆਂ ਬਾਅਦ ਵੀ ਯਥਾਰਥ ਨਿਸ਼ਚਤ ਦਿਸ਼ਾ ਦੇ ਬੋਧ ਅਧੀਨ ਹੈ। ਇਹ ਬੋਧ ਉਸਨੂੰ ਵਾਪਸ ਜਲੰਧਰ ਪਰਤਣ ਦਾ ਸੁਨੇਹਾ ਹੈ ਅਤੇ ਉਹ ਗ੍ਰਹਿਸਥ ਜੀਵਨ ਵੱਲ ਪਰਤਣ ਲਈ ਕਿਸੇ ਦੀ ਤੀਵੀਂ ਉਧਾਲ ਕੇ ਵਾਪਿਸ ਪਰਤ ਆਉਂਦਾ ਹੈ। ਇਹ ਦੋਵੇਂ ਪਾਤਰ ਲੇਖਕ ਦੀ ਸਕੈਮਟਿਕ ਕਠਪੁਤਲੀ ਨਜ਼ਰ ਆਉਂਦੇ ਹਨ, ਆਤਮਬੋਧ ਤੋਂ ਸੱਖਣੇ। ਨਾਵਲ ਘਟਿਤ ਹੋਣ ਦੀ ਬਜਾਏ ਸੁਣਾਇਆ ਜਾ ਰਿਹਾ ਹੈ, ਜਿਸ ਨਾਲ ਬ੍ਰਿਤਾਂਤ ਵਾਪਰਨ ਦੀ ਬਜਾਏ ਲੇਖਕ ਦਾ ਮਨਭਾਉਂਦਾ ਪ੍ਰਵਚਨ ਬਣ ਜਾਂਦਾ ਹੈ। ਨਾਵਲ 'ਮਾਤ ਲੋਕ' ਆਧੁਨਿਕ ਵਿਚਾਰਾਂ ਅਤੇ ਜੀਵਨ ਜਾਚ ਦੇ ਵਿਰੋਧੀ

ਸਕੀਮ 'ਚੋਂ ਉਤਪੰਨ ਹੁੰਦਾ ਹੈ ਅਤੇ ਪ੍ਰੰਪਰਾ (ਜਗੀਰੂ ਵਿਚਾਰਾਂ ਦੀ ਗ੍ਰਹਿਸਥ ਜੀਵਨ ਜਾਚ) ਦੇ ਹਿੱਤ 'ਚ ਭੁਗਤਦਾ ਹੈ, ਐਨ ਉਸੇ ਤਰ੍ਹਾਂ ਜਿਵੇਂ, ਪ੍ਰਗਤੀਵਾਦੀਆਂ ਅਤੇ ਕਮਿਊਨਿਸਟਾਂ ਦਾ ਜੀਵਨ ਅਮਲ ਹੈ। ਇਕ ਪਾਸੇ ਦਿਲਰਾਜ ਅਤੇ ਜੱਗਾ ਸਿੰਘ ਹਨ, ਜੋ ਪ੍ਰੇਮ ਵਿਆਹ ਕਰਦੇ ਹਨ ਅਤੇ ਜਗੀਰੂ ਸੱਭਿਆਚਾਰ ਦੀ ਓੜਨੀ 'ਚ ਬੈਠੇ ਲੇਖਕ ਦੇ ਆਦਰਸ਼ ਪਾਤਰ ਹਨ। ਦੂਜੇ ਪਾਸੇ ਦਿਲਰਾਜ ਦੀ ਭੈਣ ਮਨਰਾਜ ਅਤੇ ਬਲਦੇਵ ਰਾਜ ਦਾ ਪ੍ਰੇਮ ਵਿਆਹ ਹੈ, ਜੋ ਲੇਖਕ ਦੀ ਕਸੌਟੀ 'ਤੇ ਖਰਾ ਨਹੀਂ ਉੱਤਰ ਰਿਹਾ, ਕਿਉਂਕਿ ਬਲਦੇਵ ਰਾਜ ਕਲਾਕਾਰ ਵਿਅਕਤੀ ਹੈ ਅਤੇ ਲੇਖਕ ਅਨੁਸਾਰ ਆਧੁਨਿਕ ਵਿਚਾਰਾਂ ਦਾ ਜੀਵਨ ਜੀਣਾ ਚਾਹੁੰਦਾ ਹੈ। ਉਸਦੀ ਪਤਨੀ ਮਨਰਾਜ ਵਿਆਹ ਤੋਂ ਬਾਅਦ ਪ੍ਰੇਮਿਕਾ ਦੀ ਬਜਾਏ ਆਦਰਸ਼ ਘਰੇਲੂ ਪਤਨੀ ਬਣ ਗਈ ਹੈ, ਜਿਸ ਤੋਂ ਬਲਦੇਵ ਦਾ ਮੋਹ ਭੰਗ ਹੋ ਜਾਂਦਾ ਹੈ ਅਤੇ ਉਹ ਇਕ ਹੋਰ ਕਲਾ ਦੀ ਰਸੀਆ ਹੇਮਾ ਨਾਲ ਇਸ਼ਕ 'ਚ ਗਲਤਾਨ ਹੋ ਜਾਂਦਾ ਹੈ। ਇਹੋ ਉਸਦਾ ਆਧੁਨਿਕਪਨ ਹੈ, ਜੋ ਤਲਾਕ ਦੇ ਕਾਰਨਾਂ ਤੱਕ ਪੁੱਜਦਾ ਹੈ। ਆਧੁਨਿਕ ਵਿਚਾਰ ਕੀ ਹੁੰਦੇ ਹਨ, ਹੋਂਦ ਦਾ ਫਲਸਫਾ ਕੀ ਹੈ, ਆਧੁਨਿਕ ਵਿਚਾਰਾਂ ਵਾਲੇ ਲੋਕ ਘਰ ਦੀ ਅਲੋਚਨਾ ਕਿਉਂ ਕਰਦੇ ਹਨ, ਅਵਾਂਗਰਦ ਜੀਵਨ ਜਾਚ ਕਿਉਂ ਜ਼ਰੂਰੀ ਸਮਝੀ ਗਈ ਹੈ, ਇਸ ਪਿੱਛੇ ਕੀ ਕਾਰਨ ਹਨ, ਲੇਖਕ ਭੋਰਾ ਭਰ ਵੀ ਇਸਦੀ ਸੂਹ ਦਾ ਬ੍ਰਿਤਾਂਤ ਨਹੀਂ ਉਸਾਰਦਾ ਅਤੇ ਸੁਣਾਏ ਜਾ ਰਹੇ ਘਟਨਾਕ੍ਰਮ 'ਚ ਵੀ ਬਲਦੇਵ ਕਿਤੇ ਵੀ ਆਧੁਨਿਕ ਦਿਖਾਈ ਨਹੀਂ ਦਿੰਦਾ, ਪਰ ਲੇਖਕ ਦੀ ਸਕੀਮ ਆਧੁਨਿਕ ਜੀਵਨ ਜਾਚ ਦਾ ਵਿਰੋਧ ਹੈ ਇਸ ਲਈ ਬ੍ਰਿਤਾਂਤ ਨੂੰ ਉਸਾਰਨ ਦੀ ਬਜਾਏ ਫਤਵਾ ਹਾਜ਼ਿਰ ਹੁੰਦਾ ਹੈ ਕਿ ਬਲਦੇਵ ਦੇ ਘਰੇਲੂ ਸੰਕਟ ਦਾ ਕਾਰਨ ਉਸਦੀ ਆਧੁਨਿਕ ਜੀਵਨ ਜਾਚ ਹੈ, ਕਿਉਂਕਿ ਉਸ ਕੋਲ ਪ੍ਰੇਮ ਦਾ ਆਦਰਸ਼ ਮੰਤਰ ਘਰ ਅਤੇ ਦੁਨੀਆਦਾਰੀ ਗੈਰਹਾਜ਼ਿਰ ਹੈ। ਦੁਨੀਆਦਾਰ ਹਮੇਸ਼ਾਂ ਕਲਾ ਵਿਰੋਧੀ ਹੁੰਦਾ ਹੈ, ਜਿਵੇਂ ਮਨਰਾਜ ਸੱਤਾ ਦੀ ਕੁਰਸੀ 'ਤੇ ਬਿਰਾਜਮਾਨ ਹੋ ਕੇ ਬਣਦੀ ਹੈ। ਇਹ ਠੀਕ ਹੈ ਕਿ ਲੇਖਕ ਆਪਣੇ ਮਨਸ਼ਿਆਂ ਹਿੱਤ ਨਾਵਲ ਲਿਖਦਾ ਹੈ, ਪ੍ਰੰਤੂ ਜਿਸ ਵਿਚਾਰ ਦਾ ਵਿਰੋਧ ਕਰਨਾ ਹੈ ਉਸ ਨੂੰ ਬ੍ਰਿਤਾਂਤ 'ਚ ਘਟਿਤ ਹੁੰਦੇ ਜਾਂ ਵਾਪਰਨ ਦਾ ਅਹਿਸਾਸ ਪਾਠਕ ਨੂੰ ਕਰਾਉਣਾ ਜ਼ਰੂਰੀ ਹੈ। ਸਕੀਮ ਦਾ ਯਥਾਰਥ ਹਮੇਸ਼ਾਂ ਪੂਰਵਾਗ੍ਰਹੀ/ਨਿਸ਼ਚਤ ਹੁੰਦਾ ਹੈ ਅਤੇ ਨਿਸ਼ਚਤ ਯਥਾਰਥ ਨਾਵਲੀ ਬ੍ਰਿਤਾਂਤ ਨੂੰ ਲੱਗਿਆ ਰੋਗ ਹੈ, ਸਿਰਜਣਾ ਨਹੀਂ ਹੁੰਦੀ, ਕਿਉਂਕਿ ਪਾਤਰ ਲੇਖਕ ਦੀ ਕਠਪੁਤਲੀ ਨਹੀਂ, ਜਿਵੇਂ '**ਮਾਤ ਲੋਕ**' ਵਿਚ ਨਚਾਏ ਗਏ ਹਨ। ਨਾਵਲ ਆਧੁਨਿਕ ਸਿਨਫ਼ ਹੈ ਅਤੇ ਆਧੁਨਿਕ ਵਿਚਾਰਾਂ ਦੀ ਸ਼ਕਤੀ ਨਾਲ ਯਥਾਰਥ/ ਇਤਿਹਾਸ ਵਿਚ ਸਧਾਰਨ ਵਿਅਕਤੀ ਦੀ ਚੇਤਨਾ ਨੂੰ ਹਾਸ਼ੀਆਗਤ ਹੋਂਦ ਦਾ ਅਹਿਸਾਸ ਕਰਵਾਉਣਾ ਸੀ। ਜਸਵਿੰਦਰ ਦਾ ਨਾਵਲ ਆਧੁਨਿਕ ਸਿਨਫ਼ ਹੈ, ਜੋ ਆਧੁਨਿਕ ਵਿਚਾਰਾਂ ਖਿਲਾਫ਼ ਪ੍ਰੰਪਰਾ ਦੀ ਪੰਜਾਲੀ ਪਾਠਕ ਗਲ ਪਾਉਣਾ ਹੈ। ਇਹ ਨਾਵਲ ਗਲਪ ਵਿੱਚ ਕਿੱਸਾ ਕਾਵਿ ਹੈ, ਜਦੋਂਕਿ ਸੁਖਬੀਰ ਦੇ ਬਹੁਤ ਪਹਿਲਾਂ ਲਿਖੇ ਗਏ ਨਾਵਲ 'ਸੜਕਾਂ ਤੇ ਕਮਰੇ' ਆਧੁਨਿਕ ਵਿਚਾਰਾਂ ਦੀ ਮਹੱਤਤਾ ਨੂੰ ਬਹੁਤ ਬਰੀਕਬੀਨ ਤਰੀਕੇ ਨਾਲ ਪੇਸ਼ ਕਰਦਾ ਹੈ ਅਤੇ ਨਾਰੀ ਦੀ ਹੋਂਦ ਨੂੰ ਅਮਲ ਰੂਪ 'ਚ ਜੀਵਨ ਜਾਚ ਦੇ ਆਧੁਨਿਕ ਹੋਣ ਲਈ ਪ੍ਰੇਰਤ ਕਰਦੇ ਹਨ। ਉਸਨੇ ਮਾਰਕਸਵਾਦ ਅਤੇ ਫਰਾਇਡੀਅਨ ਸਿਧਾਂਤ ਰਾਹੀਂ ਆਧੁਨਿਕ ਜੀਵਨ ਜਾਚ ਦਾ ਬ੍ਰਿਤਾਂਤ ਸਿਰਜਿਆ ਹੈ। ਉਸਦੀ ਮੁੱਖ ਪਾਤਰ ਐਨ ਤਾਜ਼ਾ ਦਮ ਆਪਣੇ ਆਧੁਨਿਕ ਵਿਚਾਰਾਂ ਉੱਪਰ ਪਹਿਰਾ ਦਿੰਦਿਆਂ ਆਪਣੇ ਹੋਣ ਦੀ ਜੰਗ ਲੜਦੀ ਹੈ ਅਤੇ ਘਰ ਨੂੰ ਬੰਦੇ ਦੀ ਹੋਂਦ ਨੂੰ ਮਾਰਨ ਦੇ ਮਨਸੂਬੇ ਵਜੋਂ ਰੱਦ ਕਰ ਦਿੰਦੀ ਹੈ।


ਪੰਜਾਬੀ ਨਾਵਲ ਦੀ ਇਹ ਕਮਜ਼ੋਰੀ ਬਣੀ ਹੋਈ ਹੈ ਕਿ ਨਾਵਲੀ ਬ੍ਰਿਤਾਂਤ ਦ੍ਰਿਸ਼ ਦਿਖਾਉਣ ਦੀ ਬਜਾਏ ਸੁਣਾਏ ਜਾਂਦੇ ਹਨ। ਦੇਸ ਰਾਜ ਕਾਲੀ ਦੇ ਨਾਵਲ ਭਾਵੇਂ ਉੱਤਰ-ਆਧੁਨਿਕ ਤਕਨੀਕ ਰਾਹੀਂ ਲਿਖੇ ਗਏ ਹਨ ਅਤੇ ਇਹ ਕਿਸੇ ਨਿਰੰਤਰ ਬ੍ਰਿਤਾਂਤ ਦੀ ਅਧੀਨਗੀ ਨਹੀਂ ਸਵੀਕਾਰਦੇ, ਕਿਉਂਕਿ ਇਸ ਵਿਚਲੇ ਪਾਤਰ ਸਮੇਂ ਦੀ ਚਟਾਨ ਨਾਲ ਵੱਜ-ਵੱਜ ਕੇ ਆਪੇ ਤੋਂ ਟੁੱਟੇ ਹੋਏ ਹਨ। ਇਹਨਾਂ ਪਾਤਰਾਂ ਦੀ ਮਨੋਚੇਤਨਾ ਵਿਚਲੀ ਟੁੱਟ ਭੱਜ ਸੁਣਾਈ ਨਹੀਂ ਜਾ ਸਕਦੀ, ਸਿਰਫ ਦਖਾਈ ਜਾ ਸਕਦੀ ਹੈ, ਕਾਲੀ ਕੋਲ ਇਸਦਾ ਦ੍ਰਿਸ਼ ਸਿਰਜਣ ਦੀ ਸਮਰੱਥਾ ਹੈ। ਉਹ ਨਿਰੰਤਰ ਬ੍ਰਿਤਾਂਤ ਦੀ ਗੈਰਹਾਜ਼ਰੀ 'ਚ ਵੀ ਪਾਠਕ ਨੂੰ



ਆਪਣੇ ਸਮਕਾਲ ਦਾ ਵਿਕਰਾਲ ਦ੍ਰਿਸ਼ ਦਿਖਾਉਂਦਾ ਹੈ। ਉਹ ਭਿਆਨਕ ਯਥਾਰਥ ਜਿਸ ਵਿਚ ਵਿਚਰਦੀ ਮੱਧਵਰਗੀ ਜਮਾਤ ਆਪਣੀ ਹੋਣੀ ਨੂੰ ਨਿਸ਼ਚਤ ਮੰਨ ਕੇ ਨਟ ਵਾਂਗ ਭੂਮਿਕਾ ਨਿਭਾਅ ਰਹੀ ਹੈ। ਲੇਖਕ ਸਿੱਧੇ ਰੂਪ 'ਚ ਇਸ ਵਿਚ ਦਖਲਅੰਦਾਜ਼ੀ ਨਹੀਂ ਕਰਦਾ।

ਪ੍ਰਗਤੀਵਾਦੀ ਧਾਰਾ ਨੇ ਯਥਾਰਥ ਨੂੰ ਨਿਸ਼ਚਤ ਮੰਨ ਕੇ ਮਨਭਾਉਂਦੇ ਸਿੱਟੇ ਕੱਢੇ ਹਨ। ਪੰਜਾਬੀ ਨਾਵਲ ਨੇ ਸਮੇਂ ਦੇ ਵਿਸਲੇਸ਼ਣ 'ਚੋਂ ਮਨਭਾਉਂਦੇ ਨਿਸ਼ਚੈ ਤੱਕ ਪਹੁੰਚਣ ਦੀਆਂ ਅਲਾਮਤਾਂ ਪ੍ਰਗਤੀਵਾਦੀ ਵਿਚਾਰਾਂ ਦਾ ਬੋਝ ਸਹਿੰਦੀਆਂ ਰਹੀਆਂ ਹਨ, ਇਸੇ ਲਈ ਕਾਮਰੇਡ ਪਾਤਰ ਆਦਰਸ਼ ਸਮਾਜ ਦੀ ਸਿਰਜਣਾ 'ਚ ਰੁਝੇ ਆਦਰਸ਼ ਪਾਤਰ ਹਨ। ਪ੍ਰਗਤੀਵਾਦੀ ਲੇਖਕ ਕਮਿਊਨਿਸਟ ਲਹਿਰ ਦਾ ਬ੍ਰਿਤਾਂਤ ਸਿਰਜਣ ਦੀ ਬਜਾਏ ਹੋਰਾਂ ਦੇ ਬ੍ਰਿਤਾਂਤ ਵਿਚ ਦਖਲਅੰਦਾਜ਼ੀ ਕਰਦੇ ਰਹੇ ਹਨ ਇਸੇ ਲਈ ਇਹ ਆਦਰਸ਼ ਸਮਾਜ ਦੀ ਉਸਾਰੀ ਦੇ ਬਿੰਬ ਵਜੋਂ ਪ੍ਰਗਟ ਹੁੰਦੇ ਨਿਸ਼ਚਤ ਯਥਾਰਥ ਦੇ ਕਾਇਲ ਦਿਖਾਈ ਦਿੰਦੇ ਹਨ। ਬਲਬੀਰ ਪਰਵਾਨਾ ਨੇ ਕਮਿਊਨਿਸਟ ਪਾਤਰਾਂ ਨੂੰ ਬ੍ਰਿਤਾਂਤ ਦੀ ਕੁਠਾਲੀ ਵਿਚ ਪਾ ਕੇ ਜੋ ਅਕਸ ਚਿੱਤਰੇ ਹਨ ਉਹ ਕਾਮਰੇਡ/ਕਮਿਊਨਿਸਟਾਂ ਦੀ ਮਿੱਥਕ ਆਦਰਸ਼ ਬਿੰਬਾਵਲੀ ਦੇ ਤੂੰਬੇ ਤੂੰਬੇ ਕਰਦੇ ਉਹਨਾਂ ਅੰਦਰ ਛੁਪੀਆਂ ਮਣਾਂ ਮੂੰਹੀ ਕਮੀਨਗੀਆਂ ਦੇ ਯਥਾਰਥ ਦਾ ਬੋਧ ਪਾਠਕ ਨੂੰ ਕਰਵਾਉਂਦੇ ਹਨ। ਕਮਿਊਨਿਸਟ ਵਿਚਾਰਾਂ ਦੇ ਫੇਲ ਹੋਣ ਦੇ ਕਾਰਨਾਂ ਦੇ ਨਕਸ਼ ਬਲਬੀਰ ਪਰਵਾਨਾ ਨੇ ਗਹਿਨ ਅਨੁਭਵ 'ਚੋਂ ਉਲੀਕੇ ਹਨ। '**ਬਹੁਤ ਸਾਰੇ ਚੌਰਸਤੇ**' ਦੇ ਬਿੰਬ ਰਾਹੀਂ ਉਸਨੇ ਨਿਸ਼ਚਤ ਯਥਾਰਥ ਦੀ ਮਕਾਨਕੀ ਰੰਗਤ ਤੋਂ ਮੁਕਤ ਬ੍ਰਿਤਾਂਤ ਦੇ ਸੰਕੇਤ ਕੀਤੇ ਹਨ, ਕਿਉਂਕਿ ਬ੍ਰਿਤਾਂਤ ਮਨੁੱਖ ਜਾਂ ਸਮਾਜ ਦਾ ਇਤਿਹਾਸ ਹੈ, ਜੋ ਹਮੇਸ਼ਾਂ ਮਨ ਭਾਉਂਦੇ ਸਿੱਟੇ ਨਹੀਂ ਕੱਢ ਸਕਦਾ, ਇਸੇ ਲਈ ਬਹੁਤ ਸਾਰੇ ਚੌਰਸਤੇ ਦਾ ਮੁੱਖ ਪਾਤਰ ਸਮੇਂ ਨਾਲ ਭਿੜਦਾ ਹੋਇਆ ਇਕ ਨਿਵੇਕਲੇ ਸਿੱਟੇ 'ਤੇ ਪਹੁੰਚਦਾ ਹੈ, ਪਾਠਕ ਇਸ ਸਿੱਟੇ ਨਾਲ ਅਸਹਿਮਤ ਹੋ ਸਕਦਾ ਹੈ, ਮਗਰ ਜੀਵਨ ਯਥਾਰਥ ਅਜਿਹਾ ਬੋਧ ਕਰਵਾਉਂਦਾ ਹੈ ਕਿ ਕਮਿਊਨਿਸਟ ਆਦਰਸ਼ ਨੂੰ ਮੰਨ ਕੇ ਜਦੋਂ ਬ੍ਰਿਤਾਂਤ ਰਾਹੀਂ ਨਾਵਲੀ ਸ਼ਕਲ ਵਿਚ ਢਲੇਗਾ ਤਾਂ ਮਨਭਾਉਂਦੇ ਸਿੱਟੇ ਇਤਿਹਾਸ ਉਤੇ ਨਹੀਂ ਠੋਸੇ ਜਾ ਸਕਣਗੇ। ਜਗਵਿੰਦਰ ਇਸੇ ਦੇ ਬਿੰਬ ਵਜੋਂ ਪ੍ਰਤੀਤ ਹੁੰਦਾ ਹੈ। '**ਸਿਮਟਦਾ ਆਕਾਸ਼**' 'ਚ ਕਮਿਊਨਿਸਟਾਂ ਲਹਿਰ ਉਪਰ ਘਰ ਦੀ ਪ੍ਰੇਤ ਆਤਮਾ ਮੰਡਰਾ ਰਹੀ ਹੈ। ਨਵੇਂ ਸਮੇਂ ਦੀ ਮੱਧਵਰਗੀ ਜੀਵਨ ਜਾਚ ਦੇ ਯਥਾਰਥ 'ਚ ਘਰ ਖਪਤਵਾਦੀ ਸੁਰਾਲ ਹੈ, ਜੋ ਚੇਤਨਾ ਅਤੇ ਇਤਿਹਾਸ ਨੂੰ ਨਿਗਲ ਰਹੀ ਹੈ, ਕਮਿਊਨਿਸਟਾਂ ਨੂੰ ਸਮਾਜ ਦੇ ਇਸੇ ਯਥਾਰਥ ਰਾਹੇ ਲੰਘਣਾ ਪਿਆ ਹੈ, ਜਿਸ ਕਾਰਨ ਉਹ ਨਿਸ਼ਚਤ ਮੁਕਾਮ 'ਤੇ ਪਹੁੰਚਣ ਤੋਂ ਪਹਿਲਾਂ ਦਮ ਤੋੜ ਰਹੇ ਹਨ। ਇਸ ਤਰ੍ਹਾਂ ਪਰਵਾਨਾ ਪ੍ਰਗਤੀਵਾਦ ਦੇ ਨਿਸ਼ਚਤਾਵਾਦੀ ਯਥਾਰਥ ਦੀ ਧਾਰਾ ਨੂੰ ਸੰਨ੍ਹ ਲਾਉਂਦਾ ਹੈ।


ਉਪਰੋਕਤ ਵਿਚਾਰਾਂ ਨੂੰ ਸਮੇਟਣ ਲਈ ਗਲਪੀ ਬ੍ਰਿਤਾਂਤ ਦਾ ਇਤਿਹਾਸ ਨਾਲ ਕੀ ਸਬੰਧ ਹੈ ਅਤੇ ਇਤਿਹਾਸ ਅਤੇ ਨਾਵਲੀ ਬ੍ਰਿਤਾਂਤ 'ਚ ਜਾਦੂਈ ਯਥਾਰਥ ਦੇ ਸਬੰਧਾਂ ਨੂੰ ਉਦਾਹਰਨ ਵਜੋਂ ਪੇਸ਼ ਕਰਦੇ ਹਾਂ। ਜਦੋਂ ਯਥਾਰਥ ਲਕੀਰੀ ਸ਼ਕਲ 'ਚ ਢਲਣ ਲੱਗਾ ਤਾਂ ਸਿਰਜਣਾ ਦੇ ਸਰੋਤਾਂ ਨੇ ਕਰੂਰ ਮਕਾਨਕਤਾ ਤੋਂ ਵਿੱਥ ਥਾਪਣੀ ਸ਼ੁਰੂ ਕਰ ਦਿੱਤੀ। ਇਹ ਆਧੁਨਿਕਤਾ ਅਤੇ ਮਕਾਨਕੀ ਭੌਤਿਕਵਾਦ ਦੋਹਾਂ ਤੋਂ ਵਿੱਥ ਸੀ, ਕਿਉਂਕਿ ਦੋਵੇਂ ਯਥਾਰਥ ਸਿਰਜਣਾ ਲਈ ਡਹਾ ਬਣ ਗਏ ਸਨ। ਇੱਥੋਂ ਕਲਪਨਾ ਦੀ ਇੱਕ ਉੱਚੀ ਉਡਾਨ ਨੇ ਜਨਮ ਲਿਆ ਕਿ ਕੀ ਯਥਾਰਥ ਲਕੀਰੀ ਹੁੰਦਾ ਹੈ ਅਤੇ ਕੀ ਇਸਦੇ ਸਿੱਟੇ ਹਮੇਸ਼ਾਂ ਨਿਸ਼ਚਤ ਹੁੰਦੇ ਹਨ? 'ਤਲਿਸਮੀ ਯਥਾਰਥ' ਦੀ ਸਿਰਜਣਾ ਇਹਨਾਂ ਸਵਾਲਾਂ ਦੇ ਘੇਰੇ ਚੋਂ ਕਲਪਨਾ ਦੀ ਉੱਚੀ ਉਡਾਣ ਸੀ। ਸੋਵੀਅਤ ਭੌਤਿਕਤਾ, ਆਧੁਨਿਕਤਾਵਾਦ ਅਤੇ ਉਸਦਾ ਯਥਾਰਥ ਸਵਾਲਾਂ ਹੇਠ ਆ ਗਏ ਅਤੇ ਉੱਤਰ-ਆਧਨਿਕਤਾਵਾਦ ਨੇ ਇਸਨੂੰ ਨਿਸ਼ਚਤਾਵਾਦ ਦਾ ਨਾਮ ਦਿੱਤਾ ਅਤੇ ਗਲੋਬਲੀਕਰਨ ਰਾਹੀਂ ਉਦਾਰ-ਲੋਕਤੰਤਰ ਹਿੱਤ ਪੂਰੇ ਵਿਸ਼ਵ ਨੂੰ ਇਕ ਨਿਸ਼ਚਤਾਵਾਦੀ ਯਥਾਰਥ ਤੋਂ ਆਜ਼ਾਦ ਹੋਣ ਦਾ ਸੱਦਾ ਦਿੱਤਾ। ਪਰ ਇਹ ਵੀ 'ਜਾਦੂਈ ਯਥਾਰਥ' ਦੀ ਬਜਾਏ ਨਵਾਂ ਨਿਸ਼ਚਤਾਵਾਦੀ ਯਥਾਰਥ ਸੀ, ਜਿਸਨੂੰ ਜਮਾਤੀ ਸੰਘਰਸ਼ ਦੀ ਬਜਾਏ ਐਥੇਨਿਕ ਸੰਘਰਸ਼ ਦੇ ਰਾਹੇ ਮੋੜ ਦਿੱਤਾ ਗਿਆ ਸੀ, ਜੋ ਕਾਰਪੋਰੇਟ ਦੇ ਖਪਤਵਾਦੀ ਸੱਭਿਆਚਾਰ ਦਾ ਸਹਾਇਕ ਚਿੰਨ ਬਣਦਾ, ਵਿਰੋਧ ਵਿਕਾਸ ਦਾ ਵਿਰੋਧੀ ਸਿਧਾਂਤ ਤਸਲੀਮ ਕਰ ਲਿਆ






ਗਿਆ, ਭਾਵ ਆਵਾਮ ਦੀ ਲੁੱਟ ਨੂੰ ਬਰਕਰਾਰ ਰੱਖਣ ਲਈ ਮਜ਼ਦੂਰਾਂ ਨੂੰ ਜਮਾਤ ਤੋਂ ਵੱਖ ਐਥਨਿਕ ਸੰਘਰਸ਼ਾਂ ਦਾ ਬੋਧ ਕਰਵਾਉਣਾ ਸੀ। ਕਾਰਪੋਰੇਟ ਦੇ ਆਰਥਿਕ ਬੂਮ ਦੀ ਚੜ੍ਹਤ ਵੇਲੇ ਉਹਨਾਂ ਦੇ ਮੀਡੀਆ ਪ੍ਰਚਾਰ ਨੇ ਮਨਭਾਉਂਦੇ ਸਿੱਟੇ ਕੱਢੇ। ਮਾਰਕਸ ਨੇ ਮੁਨਾਫੇ ਨੂੰ ਪੂੰਜੀਵਾਦ ਦੀ ਕਬਰ ਕਿਹਾ ਸੀ ਅਤੇ ਏਂਗਲਜ਼ ਨੇ ਇਸ ਮੁਨਾਫੇ ਦੇ ਦੋ ਸਿੱਟੇ 'ਸੋਸ਼ਲਿਜ਼ਮ ਅਤੇ ਬਾਰਬਾਰਿਜ਼ਮ' ਕੱਢੇ, ਗਲੋਬਲੀ ਸਿਧਾਂਤ ਨੇ ਜਮਾਤੀ ਸੰਘਰਸ਼ ਦੇ ਯਥਾਰਥ ਨੂੰ ਮੋੜਾ ਦੇ ਕੇ ਐਥੇਨਿਕ ਜੱਦੋ ਜਹਿਦ ਨੂੰ ਹੁਲਾਰਾ ਦਿੱਤਾ। ਇਹ ਉਹੋ ਰਾਹ ਸੀ ਜਿਸ ਨੇ ਅੱਗੇ ਜਾ ਕੇ ਆਰਥਿਕ ਮੰਦੀ ਦੇ ਦੌਰ 'ਚ ਬਾਰਬਾਰਿਸਟ ਯਥਾਰਥ ਬਣਨਾ ਸੀ। ਉਤਪਾਦਕ ਸ਼ਕਤੀਆਂ ਕੋਲੋਂ ਜੇ ਵਿਚਾਰਧਾਰਾ ਰਾਹੀਂ ਦਮਨ, ਕੰਗਾਲੀ, ਅਸਮਾਨਤਾ ਦਾ ਜਮਾਤੀ ਤਰਕ ਖੋਹ ਲਿਆ ਜਾਵੇ (ਜਿਸਨੂੰ ਪਿਛਲੇ ਤਿੰਨ ਦਹਾਕਿਆਂ ਤੋਂ ਹਾਈ-ਟੈਕ ਪ੍ਰਚਾਰ ਤੰਤਰ ਨੇ ਬਿਆਨਾਂ ਦੀ ਝੜੀ ਰਾਹੀਂ ਖੋਹਿਆ) ਤਾਂ ਵਿਖੰਡਤ ਨਸਲੀ, ਖੇਤਰੀ ਆਦਿ ਐਥੇਨਿਕ ਪਛਾਣਾਂ ਆਪਣੇ ਦੁੱਖਾਂ ਦਾ ਕਾਰਨ ਉਪਰਲੀ ਜਮਾਤ ਦੀ ਬਜਾਏ ਇਕ ਦੂਸਰੀਆਂ ਪਛਾਣਾਂ ਨੂੰ ਸਵੀਕਾਰ ਕਰਨ ਲੱਗਦੀਆਂ ਹਨ। ਜਦੋਂ ਕੋਈ ਖੇਤਰੀ ਪਛਾਣ ਰਾਸ਼ਟਰਵਾਦੀ ਨਸਲਵਾਦੀ ਪਛਾਣ ਨੂੰ ਉਭਾਰ ਕੇ ਸੰਘਰਸ਼ ਕਰ ਰਹੀ ਹੁੰਦੀ ਹੈ ਤਾਂ ਇਹ ਅਪ੍ਰਕਿਰਤਕ ਯਥਾਰਥ ਤਲਿਸਮ ਦੇ ਰੂਪ ਵਿਚ ਢਲ ਜਾਂਦਾ ਹੈ, ਭਾਵ ਇਥੇ ਵਿਰੋਧ ਵਿਕਾਸ ਏਂਗਲਜ਼ ਮੁਤਾਬਿਕ ਬਾਰਬਾਰਿਸਟ ਪੋਜੀਸ਼ਨ ਅਖਤਿਆਰ ਕਰ ਲੈਂਦਾ ਹੈ, ਕਿਉਂਕਿ ਅਸਮਾਨਤਾ, ਦਮਨ ਦੀ ਉਸਾਰੀ ਦੇ ਸਿਧਾਂਤ ਵਿਚ ਇਸ ਦੇ ਬੀਜ ਮੌਜੂਦ ਹੁੰਦੇ ਹਨ। ਟਰੰਪ ਨੇ ਇਸੇ ਦਾ ਇਸਤੇਮਾਲ ਕੀਤਾ ਹੈ ਜਿਸਨੂੰ ਮੁਨਾਫੇ ਦੀ ਹੋੜ ਲਈ ਮਾਰਕਸਵਾਦ ਦੇ ਵਿਰੋਧੀ ਨਿਸ਼ਚਤਾਵਾਦੀ ਯਥਾਰਥ ਵਿਚ ਢਾਲ ਦਿੱਤਾ ਗਿਆ ਸੀ। ਇਹ ਯਥਾਰਥ ਵੀ ਉਸੇ ਤਰ੍ਹਾਂ ਲਕੀਰੀ ਸੀ ਜਿਵੇਂ ਸੋਵੀਅਤ ਸਮਾਜਵਾਦੀ ਯਥਾਰਥਵਾਦ। ਜਦੋਂ ਲਕੀਰੀ ਯਥਾਰਥ ਦਾ ਗਾਲਬੀ ਪ੍ਰਵਚਨ ਆਪਣੇ ਪ੍ਰਚਾਰ ਤੰਤਰ ਦੀ ਬੇਪਨਾਹ ਤਾਕਤ ਦੇ ਬਾਵਜੂਦ ਵਿਰੋਧੀ ਸਿੱਟਿਆਂ ਨੂੰ ਅੰਜਾਮ ਦਿੰਦੇ ਹੋਏ ਵੇਖਦਾ ਹੈ ਤਾਂ ਉਸਦੇ ਉਦਾਰ-ਲੋਕਤੰਤਰ ਦੀ ਮਿੱਥ ਟੁੱਟ ਜਾਂਦੀ ਹੈ, ਭਾਵ ਲੋਕਤੰਤਰ ਉਦਾਰ ਉਦੋਂ ਤੱਕ ਹੈ, ਜਦੋਂ ਤੱਕ ਗਾਲਬੀ ਪ੍ਰਵਚਨ ਨੂੰ ਆਰਥਿਕ ਅਤੇ ਵਿਚਾਰਧਾਰਕ ਸੰਪਨਤਾ ਪ੍ਰਦਾਨ ਹੁੰਦੀ ਰਹਿੰਦੀ ਹੈ। ਟਰੰਪ ਦਾ ਲੋਕਤੰਤਰੀ ਵਰਤਾਰਾ ਸੱਚ, ਵਾਸਤਵਿਕਤਾ ਜਾਂ ਯਥਾਰਥ ਉਦਾਰਵਾਦ ਦੇ ਨਿਸ਼ਚਤਾਵਾਦੀ ਯਥਾਰਥ ਦੇ ਐਨ ਉਲਟ ਸਿੱਟਾ ਹੈ, ਜਿਵੇਂ ਸੋਵੀਅਤ ਜਮਾਤੀ ਸੰਘਰਸ਼ ਦੇ ਨਿਸ਼ਚਤਾਵਦੀ ਯਥਾਰਥ ਦੇ ਐਨ ਉਲਟ ਸੋਵੀਅਤਾਂ ਦੀ ਸਫਾਈ ਅਤੇ ਉਦਾਰ ਲੋਕਤੰਤਰ ਦਾ ਜਸ਼ਨ ਸੀ। 'ਉਦਾਰ-ਲੋਕਤੰਤਰ' ਨੇ ਇਸਦਾ ਬੜੀ ਕਾਹਲੀ 'ਚ ਨਾਮਕਰਨ ਕੀਤਾ ਹੈ ਕਿ ਇਹ ਵਾਸਤਵਿਕ ਸੱਚ (ਯਥਾਰਥ) ਨਹੀਂ ਸਗੋਂ 'ਉੱਤਰ-ਸੱਚ' ਹੈ। ਉੱਤਰ-ਸੱਚ ਭਾਵ ਅਨਮਾਨੇ ਹੋਏ ਨਿਸ਼ਚਤ ਯਥਾਰਥ/ਸੱਚ ਤੋਂ ਐਨ ਉਲਟ ਸੱਚ ਜਿਸਤੇ ਯਕੀਨ ਨਾ ਹੋਵੇ, ਭਾਵੇਂ ਕਿ ਇਹ ਸੰਕਲਪ ਨਹੀਂ ਵਰਤਾਰਾ ਹੈ ਮਗਰ ਟਰਮ 'ਉੱਤਰ-ਸੱਚ' ਨੂੰ ਸੰਕਲਪ ਬਣਾਉਣਾ ਇਕ ਨਵੇਂ ਨਿਸ਼ਚਤਵਾਦੀ ਯਥਾਰਥ ਨੂੰ ਜਨਮ ਦੇਣਾ ਹੈ। ਇਹ ਸੱਚ/ਯਥਾਰਥ ਸੰਕਲਪੇ ਸੱਚ ਦੇ ਐਨ ਉਲਟ ਸਿੱਟਾ ਹੋਣ ਕਾਰਨ ਹੀ ਉੱਤਰ ਸੱਚ ਦਾ ਭੁਲੇਖਾ ਲਗਦਾ ਹੈ, 'ਤਲਿਸਮੀ ਯਥਾਰਥ' ਇਹਨਾਂ ਵਰਤਾਰਿਆਂ (ਯਥਾਰਥ) ਦੀ ਸਿਰਜਣਾਤਮਿਕ ਉਡਾਰੀ ਸੀ ਕਿ ਸੰਕਲਪੇ ਯਥਾਰਥ ਤੋਂ ਵੱਖ ਇਤਿਹਾਸਕ ਬ੍ਰਿਤਾਂਤ ਤਲਿਸਮੀ (ਉੱਤਰ ਸੱਚ) ਸਿੱਟੇ ਵੀ ਕੱਢਦਾ ਹੈ। ਤਲਿਸਮੀ ਯਥਾਰਥ ਦੇ ਸਿਰਜਕਾਂ ਦੀ ਮਹਾਨ ਕਾਲਪਨਿਕ ਉਡਾਰੀ ਦਾ ਨਾਵਲੀ ਬ੍ਰਿਤਾਂਤ ਇਤਿਹਾਸ ਦੇ ਪ੍ਰਕਿਰਤਕ ਵਿਰੋਧ-ਵਿਕਾਸੀ ਨੇਮ ਹੋਣ ਦੇ ਕਿੰਨਾ ਨੇੜੇ ਹੈ, ਨਾਵਲ ਦੀ ਇਹ ਮਹਾਨਤਾ ਮਨੁੱਖੀ ਬ੍ਰਿਤਾਂਤ ਦੇ ਇਤਿਹਾਸ ਹੋਣ ਦੀ ਸੱਚੀ ਗਵਾਹੀ ਹੈ, ਜਿਸਨੂੰ ਉੱਤਰ-ਸੱਚ ਦੇ ਨਵੇਂ ਨਿਸ਼ਚਤਾਵਦੀ ਸੰਕਲਪ 'ਚ ਢਾਲਣ ਦੀ ਕੋਸ਼ਿਸ਼ ਹੋ ਰਹੀ ਹੈ, ਜਦੋਂ ਤੱਕ ਮਨੁੱਖੀ ਬ੍ਰਿਤਾਂਤ 'ਚ ਦਮਨ ਜਾਰੀ ਹੈ, 'ਉੱਤਰ-ਸੱਚ' ਦਾ 'ਤਲਿਸਮੀ' ਸਿਧਾਂਤ ਇਸਦੇ ਬ੍ਰਿਤਾਂਤ/ਨਾਵਲ ਦੀ ਅਗਵਾਈ ਕਰਦਾ ਰਹੇਗਾ।


**ਸੰਪਰਕ**-98140-99426, 97802-99836








**ਸੰਪਾਦਕੀ**

## ਪੰਜਾਬੀ ਨਾਵਲ: ਅਤੀਤ ਤੇ ਵਰਤਮਾਨ

### -ਭਗਵੰਤ ਰਸੂਲਪੁਰੀ

ਜੇਕਰ ਅਸੀਂ ਪੰਜਾਬੀ ਨਾਵਲ ਦੀ ਗੱਲ ਕਰਾਂ ਤਾਂ ਸਾਡੇ ਸਾਹਮਣੇ ਭਾਈ ਵੀਰ ਸਿੰਘ ਤੋਂ ਲੈ ਕੇ ਬਿਲਕੁਲ ਨਵੇਂ ਨਾਵਲਕਾਰ ਅਜ਼ੀਜ਼ ਸਰੋਏ ਤੱਕ ਦਾ ਪੂਰਾ ਨਾਵਲੀ ਦ੍ਰਿਸ਼ ਪਿਆ ਹੈ। ਭਾਵੇਂ ਇਸ ਅੰਕ ਵਿਚ ਅਸੀਂ ਸਮਕਾਲੀ ਨਾਵਲ ਦੀ ਹੀ ਗੱਲ ਕਰਨੀ ਚਾਹੁੰਦੇ ਸਾਂ ਪਰ ਮੁੱਢਲੇ ਨਾਵਲਾਂ ਦੀ ਵਿਕਾਸ ਯਾਤਰਾ ਨੂੰ ਸਮਝੇ ਬਗੈਰ ਸਮਕਾਲੀ ਨਾਵਲ ਦੀ ਗੱਲ ਹੋ ਨਹੀਂ ਸਕਦੀ। ਇਕ ਸਦੀ ਦੇ ਨਾਵਲੀ ਦ੍ਰਿਸ਼ ਨੂੰ ਇਕ ਸੂਤਰ ਵਿਚ ਬੰਨ੍ਹਣਾ ਬਹੁਤ ਮੁਸ਼ਕਲ ਕਾਰਜ ਹੈ। ਚੋਣਵੇਂ ਨਾਵਲਾਂ ਦੇ ਪ੍ਰਸੰਗ ਵਿਚ ਗੱਲ ਕਰਾਂਗਾ। ... ਨਾਵਲ ਕਈ ਪੜਾਅ ਤੈਅ ਕਰਦਾ ਹੋਇਆ ਸਾਡੇ ਤੱਕ ਪਹੁੰਚਿਆ ਹੈ। ਨਾਵਲ ਦੀਆਂ ...ਲਾਂ, ਨਾਵਲ ਦੇ ਤੱਤ, ਨਾਵਲ ਦੀਆਂ ਕਿਸਮਾਂ, ਇਹਦੇ ਗੁਣ ਅਵਗੁਣ ਆਦਿ ਤੁਸੀਂ ... ਲਿਖੀਆਂ ਪੁਸਤਕਾਂ ਵਿਚ ਤਾਂ ਪੜ੍ਹਦੇ ਹੀ ਰਹਿੰਦੇ ਹੋ।





...ੀ ਤੋਂ ਵੱਧ ਸਮੇਂ ਵਿਚ ਲਿਖੇ ਗਏ ਨਾਵਲਕਾਰਾਂ ਦੇ ਕੁੱਝ ਨਾਵਲ ਮੇਰੇ ਮਨ ਵਿਚ ਉਭਰਦੇ ਹਨ ...ੀ ਇਹ ਗੱਲਾਂ ਉਭਰਦੀਆਂ ਹਨ ਕਿ ਪਹਿਲਾਂ ਇਤਿਹਾਸਕ ਨਾਵਲ ਲਿਖੇ ਗਏ, ਸੁਧਾਰਵਾਦੀ ...ਆ, ਫਿਰ ਯਥਾਰਥਵਾਦੀ ਨਾਵਲ ਲਿਖਣ ਦਾ ਸਮਾਂ ਆਇਆ। ਫਿਰ ਪ੍ਰਗਤੀਵਾਦ ਦਾ ...। ਸੰਤਾਲੀ ਦਾ ਦੁਖਾਂਤ, ਨਕਸਲੀ ਲਹਿਰ, ਦਲਿਤ ਲਹਿਰ, ਪੰਜਾਬ ਦੁਖਾਂਤ ਤੇ ਅੱਗੋਂ ਫਿਰ ... ਨਾਵਲਕਾਰਾਂ ਦੇ ਨਾਂ ਉਭਰਦੇ ਹਨ, ਜਿਨ੍ਹਾਂ ਨੇ ਨਾਵਲ ਦੇ ਖੇਤਰ ਵਿਚ ਆਪਣਾ ਨਿੱਗਰ ਯੋਗਦਾਨ ਪਾਇਆ। ਬਹੁਤ ਸਾਰੇ ਨਾਵਲ ਅਜਿਹੇ ਵੀ ਆਏ ਜਿਹੜੇ ਛਪਣ 'ਤੇ ਚਰਚਾ ਵਿਚ ਰਹੇ ਪਰ ਕੁੱਝ ਸਮਾਂ ਪਾ ਕੇ ਦੱਬੇ ਗਏ। ਕਈ ਨਾਵਲਾਂ ਦੇ ਨਾਂ, ਉਨ੍ਹਾਂ ਦੀ ਵਸਤੂ ਸਮੱਗਰੀ ਹੀ ਭੁੱਲ ਗਈ। ਇਹ ਵਰਤਾਰਾ ਹਰ ਸਮੇਂ ਵਿਚ ਹੁੰਦਾ ਹੈ। ਸਮਕਾਲ ਵਿਚ ਵੀ ਬਹੁਤ ਸਾਰੇ ਨਾਵਲ ਲਿਖੇ ਜਾ ਰਹੇ ਹਨ, ਇਨ੍ਹਾਂ ਵਿਚ ਵੀ ਉਹੀ ਨਾਵਲ ਬਚਣਗੇ ਜਿਹੜੇ ਸਮਾਜਿਕ ਇਤਿਹਾਸਕਾਰੀ ਕਰਦੇ, ਮਨੁੱਖ ਨੂੰ ਸੰਪੂਰਨ ਮਨੁੱਖ ਵਜੋਂ ਪੇਸ਼ ਕਰਨ ਦੀ ਸਮਰੱਥਾ ਰੱਖਣਗੇ। ਬਾਕੀ ਖਾਦ ਦਾ ਕੰਮ ਕਰਨਗੇ।

ਪਿਛਲੇ ਸਮੇਂ ਵਿਚ ਮੈਂ ਪੰਜਾਬੀ ਦੇ ਕਾਫ਼ੀ ਨਾਵਲ ਪੜ੍ਹੇ। ਕੁੱਝ ਪਹਿਲਾਂ ਪੜ੍ਹੇ ਨਾਵਲਾਂ ਨੂੰ ਮੁੜ ਚੇਤੇ ਕੀਤਾ। ਤਾਂ ਮੇਰੇ ਮਨ ਵਿਚ ਇਹ ਗੱਲਾਂ ਵਾਰ ਵਾਰ ਆਈਆਂ ਕਿ ਉਹ ਕਿਹੜੇ ਕਾਰਨ ਹਨ ਕਿ ਅਸੀਂ ਅੱਜ ਵੀ ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੂ', ਸੁਰਿੰਦਰ ਸਿੰਘ ਨਰੂਲਾ ਦਾ 'ਪਿਓ ਪੁੱਤਰ', ਸੰਤ ਸਿੰਘ ਸੇਖੋਂ ਦਾ 'ਲਹੂ ਮਿੱਟੀ', ਜਸਵੰਤ ਸਿੰਘ ਕੰਵਲ ਦਾ 'ਲਹੂ ਦੀ ਲੋਅ', 'ਰਾਤ ਬਾਕੀ ਹੈ' ਗੁਰਦਿਆਲ ਸਿੰਘ ਦਾ 'ਮੜ੍ਹੀ ਦਾ ਦਾ ਦੀਵਾ', 'ਪਰਸਾ' ਤੇ 'ਅਣਹੋਏ', ਰਾਮ ਸਰੂਪ ਅਣਖੀ ਦਾ 'ਕੋਠੇ ਖੜਕ ਸਿੰਘ',











'ਪਰਤਾਪੀ' ਆਦਿ ਦਾ ਅੱਜ ਤੱਕ ਵਿਸ਼ਲੇਸ਼ਣ ਕਰਦੇ ਆ ਰਹੇ ਹਾਂ। ਇਨ੍ਹਾਂ ਨਾਵਲਾਂ ਵਿਚ ਕਿਹੜੀਆਂ ਖੂਬੀਆਂ ਹਨ। ਕਿਉਂ ਇਨ੍ਹਾਂ ਦਾ ਪੁਨਰ ਮੁਲੰਕਣ ਹੋ ਰਿਹਾ ਹੈ। ਇਨ੍ਹਾਂ ਨਾਵਲਾਂ ਵਿਚ ਕਲਾਸਿਕ ਨਾਵਲ ਬਣਨ ਦੇ ਕਿਹੜੇ ਗੁਣ ਹਨ, ਜਿਸ ਕਰਕੇ ਅਸੀਂ ਇਨ੍ਹਾਂ ਨੂੰ ਵਾਰ-ਵਾਰ ਪੜ੍ਹਦੇ ਹਾਂ। ਉਨ੍ਹਾਂ ਦੇ ਨਾਇਕਾਂ ਬਾਰੇ ਉਨ੍ਹਾਂ ਦੀ ਪੇਸ਼ਕਾਰੀ ਬਾਰੇ, ਨਾਵਲਕਾਰਾਂ ਦੀ ਦ੍ਰਿਸ਼ਟੀ ਬਾਰੇ ਅਤੇ ਉਨ੍ਹਾਂ ਦੀ ਸਮਾਜਿਕ ਸੂਝ ਬਾਰੇ ਵਿਸ਼ਵ ਪੱਧਰ ਦੇ ਸਮਾਜ ਵਿਗਿਆਨੀਆਂ, ਸਿਧਾਂਤਕਾਰਾਂ ਦੇ ਵਿਚਾਰਾਂ ਨੂੰ ਲਾਗੂ ਕਰਕੇ ਉਨ੍ਹਾਂ ਵਿਚੋਂ ਸਦੀਵੀਂ ਰਹਿਣ ਵਾਲੇ ਤੱਤਾਂ ਦੀ ਤਲਾਸ਼ ਕਰ ਰਹੇ ਹਾਂ। ਇਨ੍ਹਾਂ ਨਾਵਲਾਂ ਦੀਆਂ ਖ਼ਾਮੋਸ਼ ਧੁਨੀਆਂ ਨੂੰ ਗਲਪ ਦੇ ਵੱਡੇ ਚਿੰਤਕ ਜਿਨ੍ਹਾਂ ਵਿਚ ਡਾ. ਜੋਗਿੰਦਰ ਸਿੰਘ ਰਾਹੀ, ਡਾ. ਟੀ. ਆਰ. ਵਿਨੋਦ ਤੇ ਕੁਝ ਹੋਰਨਾਂ ਨੇ ਪਾਠਕਾਂ ਸਾਹਮਣੇ ਪੇਸ਼ ਕੀਤੀਆਂ ਹਨ। ਕੀ ਸਾਡਾ ਅੱਜ ਦਾ ਸਮਕਾਲੀ ਨਾਵਲ ਇਨ੍ਹਾਂ ਨਾਵਲਾਂ ਤੋਂ ਅਗਾਂਹ ਦੀ ਗੱਲ ਕਰ ਸਕਿਆ ਹੈ? ਇਸ ਦਾ ਨਿਰਣਾ ਸਮੇਂ ਨੇ ਅਜੇ ਕਰਨਾ ਹੈ। ਨਾਵਲ ਵਿਚ ਪੇਸ਼ ਹੋਣ ਵਾਲੀ ਸਮੱਗਰੀ ਕਿਸ ਦ੍ਰਿਸ਼ਟੀ ਨਾਲ ਪੇਸ਼ ਹੁੰਦੀ ਹੈ? ਸਮਾਜਿਕ ਯਥਾਰਥ ਨਾਲ ਪੇਸ਼ ਹੁੰਦੀ ਹੈ ਜਾਂ ਨਾਵਲਕਾਰ ਦੇ ਸਵੈ ਇੱਛਤ ਯਥਾਰਥ ਨਾਲ ਪੇਸ਼ ਹੁੰਦੀ ਹੈ। ਨਾਵਲਕਾਰ ਦਾ ਮਨੁੱਖੀ ਜੀਵਨ ਪ੍ਰਤੀ ਕਿਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਹੈ? ਭਾਰਤੀ ਮਨੁੱਖ ਜਾਂ ਕਹਿ ਲਓ ਪੰਜਾਬੀ ਮਨੁੱਖ ਦਾ ਜੀਵਨ ਪ੍ਰਤੀ ਜਿਹੜਾ ਫਲਸਫਾ ਹੈ ਉਹ ਕਿਸ ਤਰ੍ਹਾਂ ਹੈ? ਨਾਵਲ ਵਿਚ ਜਿਹੜਾ ਨਾਇਕ ਪੇਸ਼ ਹੋ ਰਿਹਾ ਹੈ ਉਹਦੀ ਸਮਾਜਿਕ ਇਤਿਹਾਸਕਾਰੀ ਕਿਸ ਪੱਧਰ ਦੀ ਹੋਈ ਹੈ? ਨਾਵਲਕਾਰ ਨਾਵਲ ਦੇ ਢਿੱਡ ਵਿਚ ਕਿੰਨੀ ਕੁ ਸਮੱਗਰੀ ਪਾਉਂਦਾ ਹੈ ਜਾਂ ਧੱਕੇ ਨਾਲ ਤੁੰਨਦਾ ਹੈ। ਇਹ ਸਾਰੀਆਂ ਗੱਲਾਂ ਚੰਗੇ ਨਾਵਲ ਲਈ ਪਰਖੀਆਂ ਜਾਂਦੀਆਂ ਹਨ। ਪਹਿਲਾਂ ਵੀ ਅਤੇ ਹੁਣ ਵੀ ਪਰਖੀਆਂ ਜਾਣਗੀਆਂ।


ਏਥੇ ਅਸੀਂ ਨਾਵਲ ਦੇ ਮੋਟੇ ਮੋਟੇ ਮੋੜਾ ਦੀ ਗੱਲ ਕਰਨੀ ਚਾਹੁੰਦੇ ਹਾਂ। ਇਨ੍ਹਾਂ ਮੋੜਾ ਵਿਚ ਕਿਹੜੇ-ਕਿਹੜੇ ਨਾਵਲਕਾਰ ਉਭਰਦੇ ਹਨ ਅਤੇ ਉਨ੍ਹਾਂ ਦੇ ਨਾਵਲ ਕਿਥੇ ਕੁ ਖੜੇ ਅਸੀਂ ਵੇਖਦੇ ਹਾਂ। ਜੇਕਰ ਅਸੀਂ ਭਾਈ ਵੀਰ ਸਿੰਘ ਤੋਂ ਨਾਵਲ ਦਾ ਜਨਮ ਵੇਖੀਏ ਤਾਂ ਅਸੀਂ ਵੇਖਦੇ ਹਾਂ ਕਿ ਉਹ ਆਪਣੇ ਨਾਵਲਾਂ ਵਿਚ ਇਤਿਹਾਸ, ਉਹ ਵੀ ਸਿੱਖ ਇਤਿਹਾਸ ਨੂੰ ਪੇਸ਼ ਕਰਦੇ ਹਨ। ਭਾਈ ਵੀਰ ਸਿੰਘ ਦੇ ਨਾਵਲਾਂ ਦਾ ਸਮਾਂ 18 ਵੀਂ ਸਦੀ ਹੈ। ਉਸ ਦੀ ਦ੍ਰਿਸ਼ਟੀ ਵਿਚ ਜਿਹੜੇ ਨਪੀੜੇ ਲੋਕ ਹਨ ਉਹ ਸਿੱਖ ਹਨ ਅਤੇ ਨਪੀੜਨ ਵਾਲੇ ਮੁਸਲਮਾਨ ਜਾਂ ਮੁਗਲ ਹਨ। ਅਗਾਂਹ ਜਾ ਕੇ ਜਿਹੜੇ ਹੋਰ ਨਾਵਲਕਾਰਾਂ ਨੇ ਇਤਿਹਾਸਕ ਨਾਵਲ ਲਿਖੇ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਨੂੰ ਪੇਸ਼ ਕੀਤਾ, ਉਨ੍ਹਾਂ ਵਿਚ ਮੁਗਲ ਤੇ ਹੋਰ ਵਿਦੇਸ਼ੀ ਰਾਜੇ ਜ਼ੁਲਮ ਕਰਨ ਵਾਲੇ ਹੀ ਪੇਸ਼ ਹੋਏ ਹਨ। ਜੇਕਰ ਅਸੀਂ ਭਾਰਤ ਵਿਚ ਪੜ੍ਹਾਇਆ ਜਾਂਦਾ ਇਤਿਹਾਸ ਤੇ ਪਾਕਿਸਤਾਨ ਵਿਚ ਪੜ੍ਹਾਏ ਜਾਂਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਸ ਨੁਕਸ ਦਾ ਉਹ ਵੀ ਸ਼ਿਕਾਰ ਹਨ। ਪਾਕਿ ਵਿਚ ਸਿੱਖ ਜ਼ੁਲਮ ਕਰਨ ਵਾਲੇ ਹਨ ਤੇ ਭਾਰਤ ਤੇ ਪੰਜਾਬ ਵਿਚ ਮੁਸਲਮਾਨ ਤੇ ਮੁਗਲ।












ਇਹ ਗੰਢਾਂ ਆਪਣੇ ਆਪ ਨੂੰ ਨਿਰਪੱਖ ਕਹਿਣ ਵਾਲੇ ਨਾਵਲਕਾਰਾਂ ਵਿਚ ਬੱਝੀਆਂ ਪਈਆਂ ਹਨ। ਨਰਿੰਦਰਪਾਲ ਸਿੰਘ ਨੇ ਪੰਜਾਬ ਦੇ ਸਿੱਖ ਇਤਿਹਾਸ ਨੂੰ ਪੇਸ਼ ਕਰਨ ਵਾਲੇ ਨਾਵਲ 'ਖੰਨਿਉ ਤਿੱਖੀ', 'ਵਾਲੋਂ ਨਿੱਕੀ', 'ਏਤ ਮਾਰਗ ਜਾਣਾ' ਤੇ ਮਹਾਰਾਜਾ ਰਣਜੀਤ ਸਿੰਘ ਕਾਲ ਨੂੰ ਪੇਸ਼ ਕਰਨ ਵਾਲੇ ਤਿੰਨ ਨਾਵਲ 'ਇਕ ਸਰਕਾਰ ਬਾਝੋਂ' ਦੀ ਰਚਨਾ ਵੀ ਕੀਤੀ। ਜਿਸ ਵਿਚ ਉਹ ਇਤਿਹਾਸਕ ਨਾਵਲ ਵਿਚ ਫ਼ਾਲਤੂ ਇਤਿਹਾਸ ਦੀ ਭਰਤੀ ਪਾਉਣ ਲੱਗ ਪੈਂਦਾ ਹੈ ਤੇ ਲੜਾਈਆਂ ਦਾ ਫ਼ਾਲਤੂ ਵਿਸਥਾਰ ਦੇਣ ਲੱਗ ਜਾਂਦਾ ਹੈ। ਕਰਤਾਰ ਸਿੰਘ ਦੁੱਗਲ ਦੀ ਤ੍ਰੈ ਲੜੀ ਨਾਵਲ, ਹਰਨਾਮ ਦਾਸ ਸਹਿਰਾਈ ਦੇ ਸਿੱਖ ਇਤਿਹਾਸ ਨੂੰ ਪੇਸ਼ ਕਰਨ ਵਾਲੇ ਦੋ ਦਰਜਨ ਤੋਂ ਉਪਰ ਨਾਵਲ ਵੇਖੇ ਜਾ ਸਕਦੇ ਹਨ। ਇਤਿਹਾਸਕ ਨਾਵਲ ਲਿਖਣ ਦੀ ਪ੍ਰੰਪਰਾ ਭਾਰਤੀ ਨਾਵਲ ਵਿਚ ਵੀ ਵੇਖੀ ਜਾ ਸਕਦੀ ਹੈ। ਭਾਈ ਵੀਰ ਸਿੰਘ ਨੇ ਇਤਿਹਾਸਕ ਨਾਵਲ ਲਿਖਣ ਦੀਆਂ ਜਿਹੜੀਆਂ ਜੜ੍ਹਾਂ ਲਗਾਈਆਂ ਸਨ। ਉਨ੍ਹਾਂ ਜੜ੍ਹਾਂ ਵੱਲ ਸਾਡੇ ਸਮਕਾਲੀ ਨਾਵਲਕਾਰ ਵਾਰ-ਵਾਰ ਮੁੜਦੇ ਹਨ। ਬਲਦੇਵ ਸਿੰਘ ਇਨ੍ਹਾਂ ਜੜ੍ਹਾਂ ਵੱਲ ਵਧੇਰੇ ਮੁੜਿਆ ਦਿਸਦਾ ਹੈ। ਉਸ ਦੇ ਇਤਿਹਾਸਕ ਨਾਵਲ ਨਾਇਕਾਂ ਦੇ ਇਰਦ ਗਿਰਦ ਘੁੰਮਦੇ ਹਨ। ਬਲਦੇਵ ਸਿੰਘ ਦੇ ਜਿਹੜੇ ਇਤਿਹਾਸਕ ਨਾਇਕ ਹਨ, ਚਾਹੇ ਉਹ ਸਿੱਖ ਇਤਿਹਾਸ ਦੇ ਹਨ ਜਾਂ ਪ੍ਰਗਤੀਸ਼ੀਲ ਸਰੋਕਾਰਾਂ ਵਾਲੇ , ਉਹ ਨਾਇਕਾ ਨੂੰ ਵਧੇਰੇ ਗਲੋਰੀਫਾਈ ਕਰਦਾ ਹੈ। ਨਾਇਕ ਦੀ ਮਿੱਥ ਨੂੰ ਹੋਰ ਪੱਕਿਆ ਕਰਦਾ ਹੈ। ਉਸ ਨੂੰ ਗਲਪੀ ਰੰਗ ਦਿੰਦਾ ਹੈ। ਆਪਣੇ ਨਾਵਲਾਂ ਵਿਚ ਦਸਤਾਵੇਜ਼ੀ ਸਮੱਗਰੀ ਭਰਨੀ ਉਸ ਦੇ ਨਾਵਲਾਂ ਦਾ ਇਕ 'ਗੁਣ' ਹੈ। ਜਿਹੜੀ ਕਈ ਵਾਰੀ ਅਵਗੁਣ 'ਚ ਵੀ ਬਦਲ ਜਾਂਦੀ ਹੈ। ਹੁਣੇ ਹੀ ਬਲਦੇਵ ਸਿੰਘ ਦਾ ਮਹਾਰਾਜਾ ਰਣਜੀਤ ਸਿੰਘ 'ਤੇ ਵੱਡ ਅਕਾਰੀ ਨਾਵਲ ਛਪਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਤੇ ਮਨਮੋਹਨ ਬਾਵਾ, ਹਰਜੀਤ ਅਟਵਾਲ ਤੇ ਕੁੱਝ ਹੋਰਾਂ ਨੇ ਵੀ ਨਾਵਲ ਲਿਖੇ ਹਨ, ਇਨ੍ਹਾਂ ਨਾਵਲਕਾਰਾਂ ਦੇ ਮਨ ਵਿਚ ਕਿਤੇ ਨਾ ਕਿਤੇ ਪੰਜਾਬ ਵਿਚ ਸਿੱਖੀ ਰਾਜ ਦੇ ਪਤਨ ਦਾ ਹੇਰਵਾ ਪਿਆ ਹੈ। ਚੰਦਨ ਨੇਗੀ ਵੀ ਆਪਣੇ ਨਾਵਲ 'ਸੁਕੇ ਕਾਸਟ' ਵਿਚ ਜੈਤੋ ਦੇ ਮੋਰਚੇ ਦੇ ਆਸ ਪਾਸ ਨਾਵਲ ਦਾ ਬਿਰਤਾਂਤ ਸਿਰਜਦੀ ਹੈ। ਸਿੱਖ ਪਛਾਣ ਦਾ ਮੁੱਦਾ ਕੇਂਦਰ ਵਿਚ ਰਹਿੰਦਾ ਹੈ। 'ਹਿੰਦਕੋ' ਬੋਲੀ ਨਾਵਲ ਨੂੰ ਇਕ ਖਾਸ ਭੂ ਖੰਡ ਨਾਲ ਜੋੜਦੀ ਹੈ।

ਪਰ ਮਨਮੋਹਨ ਬਾਵਾ ਦੇ ਇਤਿਹਾਸਕ ਨਾਵਲ ਵੱਖਰੀ ਥਾਂ ਤੇ ਖੜੇ ਦਿਸਦੇ ਹਨ। ਉਸ ਦੇ ਨਾਵਲਾਂ ਵਿਚ ਨਾਇਕ ਨਹੀਂ ਉਭਰਦੇ ਬਲਕਿ ਉਹ ਇਤਿਹਾਸ ਨੂੰ ਸਮੁੱਚੇ ਸਮਾਜ ਵਿਚੋਂ ਉਭਾਰਦਾ ਹੈ। ਅਤੇ ਉਹ ਖ਼ਾਮੋਸ਼ ਧੁਨੀਆਂ ਨੂੰ ਆਪਣੀ ਕਲਪਨਾ ਸ਼ਕਤੀ ਨਾਲ ਫੜਦਾ ਹੈ, ਜਿਹੜਾ ਉਸ ਸਮੇਂ ਦੇ ਰਾਜਿਆਂ ਦੇ ਭਾੜੇ ਦੇ ਇਤਿਹਾਸਕਾਰਾਂ ਨੇ ਦਬਾ ਦਿੱਤੀਆਂ ਹੁੰਦੀਆਂ ਸਨ। ਆਪਣੇ ਇਤਿਹਾਸਕ ਨਾਵਲ ਵਿਚ ਉਹ ਨਪੀੜੀ ਧਿਰ ਵੱਲ ਖੜਦਾ ਹੈ, ਔਰਤ 'ਤੇ ਹੁੰਦੇ ਜਬਰ ਦੀ ਗੱਲ ਕਰਦਾ ਹੈ। ਉਸਦੇ ਦੋ ਨਾਵਲ 'ਯੁੱਧ ਨਾਦ' ਅਤੇ 'ਕਾਲ ਕਥਾ' ਇਸ ਗੱਲ ਦੀ ਗਵਾਹੀ ਦਿੰਦੇ ਹਨ। ਇਨ੍ਹਾਂ ਨਾਵਲਾਂ ਵਿਚ ਉਹ ਰਾਜਨੀਤਿਕ










ਇਤਿਹਾਸ ਗਲਪ ਵਿਚ ਨਹੀਂ ਢਾਲਦਾ ਬਲਕਿ ਸਮਾਜਿਕ ਇਤਿਹਾਸ ਦੀਆਂ ਖ਼ਾਮੋਸ਼ ਧੁਨੀਆਂ ਨੂੰ ਫੜਦਾ ਹੈ। ਮੇਰੇ ਮਨ ਵਿਚ ਇਹ ਵੀ ਸਵਾਲ ਪੈਦਾ ਹੁੰਦਾ ਹੈ ਕਿ ਗੁਰਦਿਆਲ ਸਿੰਘ ਨੂੰ ਇਤਿਹਾਸਕ ਨਾਵਲ ਲਿਖਣ ਦੀ ਲੋੜ ਕਿਉਂ ਨਹੀਂ ਪੈਂਦੀ ਨਾ ਹੀ ਰਾਮ ਸਰੂਪ ਅਣਖੀ ਨੂੰ ਪੈਂਦੀ ਹੈ। ਉਹ ਸਮਾਜਿਕ ਇਤਿਹਾਸਕਾਰੀ ਵੱਲ ਹੀ ਜੋਰ ਦਿੰਦੇ ਹਨ।

ਖ਼ੈਰ ਪੰਜਾਬੀ ਨਾਵਲ ਨੂੰ ਧਾਰਮਿਕ ਜਾਂ ਇਤਿਹਾਸਕ ਜਕੜ ਵਿਚੋਂ ਕੱਢਣ ਵਾਲੇ ਨਾਵਲਕਾਰ ਨਾਨਕ ਸਿੰਘ ਦਾ ਜ਼ਿਕਰ ਕਰਨਾ ਤਾਂ ਬਣਦਾ ਹੀ ਹੈ। ਜਿਹੜਾ ਕਿ ਪੰਜਾਬੀ ਨਾਵਲ ਦਾ ਸਮਾਜੀਕਰਨ ਕਰਦਾ ਹੈ। 'ਚਿੱਟਾ ਲਹੂ', 'ਪਵਿੱਤਰ ਪਾਪੀ' ਤੇ 'ਨਸੂਰ' ਤੇ ਉਸਦੇ ਹੋਰ ਨਾਵਲਾਂ ਨੂੰ ਸਮਝਣ ਲਈ ਢੇਰਾਂ ਦੀ ਢੇਰ ਸਮੱਗਰੀ ਲਿਖੀ ਗਈ ਤੇ ਲਿਖੀ ਜਾ ਰਹੀ ਹੈ। ਭਾਈ ਵੀਰ ਸਿੰਘ ਜਿੱਥੇ ਮੁਸਲਮਾਨ ਪਾਤਰਾਂ ਨੂੰ ਐਂਟੀ ਹਿਊਮਨ ਪੇਸ਼ ਕਰਦਾ ਹੈ, ਉਥੇ ਨਾਨਕ ਸਿੰਘ ਦਾ ਨਜ਼ਰੀਆ ਧਰਮ ਨਿਰਪੱਖਤਾ ਦਾ ਰਹਿੰਦਾ ਹੈ। ਨਾਨਕ ਸਿੰਘ ਤੋਂ ਬਾਅਦ ਜਿਹੜੇ ਦੋ ਨਾਵਲਕਾਰ ਸਾਨੂੰ ਦਿਖਾਈ ਦਿੰਦੇ ਹਨ ਉਨ੍ਹਾਂ ਵਿਚ ਇਕ ਤਾਂ ਸੁਰਿੰਦਰ ਸਿੰਘ ਨਰੂਲਾ ਹੈ। ਉਸ ਦਾ ਨਾਵਲ 'ਪਿਉ ਪੁੱਤਰ' ਪੰਜਾਬੀ ਦਾ ਪਹਿਲਾ ਯਥਾਰਥਵਾਦੀ ਨਾਵਲ ਸਿੱਧ ਕੀਤਾ ਜਾਂਦਾ ਹੈ। 'ਪਿਉ ਪੁੱਤਰ' 1946 ਵਿਚ ਛਪਦਾ ਹੈ। ਇਸ ਨਾਵਲ 'ਚ ਪੇਸ਼ ਮੱਧ ਵਰਗੀ ਸ਼੍ਰੇਣੀ ਅੰਗਰੇਜ਼ੀ ਸਾਮਰਾਜ ਅਧੀਨ ਵਿਕਾਸ ਕਰਦੀ ਹੈ। ਉਹ ਪੰਜਾਬੀ ਨਾਵਲ ਨੂੰ ਪਿੰਡ ਵਿਚੋਂ ਚੁੱਕ ਕੇ ਸ਼ਹਿਰ ਵਿਚ ਲੈ ਜਾਂਦਾ ਹੈ, ਉਹ ਵੀ ਅੰਮ੍ਰਿਤਸਰ ਵਿਚ। ਅੰਮ੍ਰਿਤਸਰ ਦੀ ਸ਼ਹਿਰੀ ਮੱਧ ਵਰਗੀ ਜ਼ਿੰਦਗੀ ਉਸ ਦੇ ਹੋਰ ਨਾਵਲਾਂ ਵਿਚ ਵੀ ਮਿਲਦੀ ਹੈ। 'ਰੰਗ ਮਹਿਲ' ਨਾਵਲ ਵਿਚ ਉਹ ਰੁਮਾਂਟਿਕ ਅਦਾਰਸ਼ਵਾਦ ਨੂੰ ਪੇਸ਼ ਕਰਦਾ ਹੈ। ਜਿਸ ਕਾਰਨ ਸਦਾਚਾਰਕ ਕਦਰਾਂ ਕੀਮਤਾਂ ਉਹਦੇ ਮਨ ਵਿਚ ਹਾਵੀ ਹਨ। ਪੰਜਾਬੀ ਨਾਵਲ ਦੀ ਇਤਿਹਾਸਕ ਤੇ ਅਦਰਸ਼ਵਾਦ ਦੀ ਧਾਰਾ ਨੂੰ ਯਥਾਰਥਵਾਦ ਦਾ ਵੱਢ ਮਾਰਨ ਵਾਲਾ ਦੂਜਾ ਨਾਵਲ ਸੰਤ ਸਿੰਘ ਸੇਖੋਂ ਦਾ 'ਲਹੂ ਮਿੱਟੀ' ਹੈ। ਇਹ ਦੋਵੇਂ ਨਾਵਲ ਨਾਲ ਨਾਲ ਹੀ ਛਪਦੇ ਹਨ। ਨਾਵਲ ਕਿਸਾਨੀ ਧਰਾਤਲ 'ਤੇ ਉਸਰਦਾ ਹੈ। ਖਾਸ ਕਰਕੇ ਉਦੋਂ ਜਦੋਂ ਬਰਤਾਨਵੀ ਸਾਮਰਾਜ ਕਿਸਾਨੀ ਨੂੰ ਲੁੱਟਣ ਲਈ ਪਹਿਲੀ ਵਾਰ ਸਿਸਟਮ ਵਿਚ ਫੇਰਬਦਲ ਕਰਦੀ ਹੈ। ਇਹ ਨਾਵਲ ਪਹਿਲੀ ਵਾਰ ਮਾਰਕਸਵਾਦੀ ਦ੍ਰਿਸ਼ਟੀ ਨਾਲ ਲਿਖਿਆ ਜਾਂਦਾ ਹੈ। ਮਧ ਵਰਗੀ ਕਿਸਾਨੀ ਨੂੰ ਪੇਸ਼ ਕਰਨ ਲਈ ਉਹ ਬਿਜੈ ਸਿੰਘ ਪਾਤਰ ਘੜਦਾ ਹੈ। ਇਨ੍ਹਾਂ ਨਾਵਲਾਂ ਨੂੰ ਅੱਜ ਤੱਕ ਇਕ ਮਾਡਲ ਵਜੋਂ ਪੇਸ਼ ਕੀਤਾ ਜਾਂਦਾ ਹੈ।

ਗੁਰਦਿਆਲ ਸਿੰਘ ਇਸੇ ਹੀ ਪ੍ਰੰਪਰਾ ਨੂੰ ਸੋਧ ਕੇ ਆਪਣੇ ਨਾਵਲਾਂ ਵਿਚ ਪੱਕਿਆਂ ਕਰਦਾ ਹੈ। ਏਥੇ ਮੈਂ ਡਾ. ਜੋਗਿੰਦਰ ਸਿੰਘ ਰਾਹੀ ਦੀ ਸਟੇਟਮੈਂਟ ਦੇਣੀ ਜ਼ਰੂਰੀ ਸਮਝਦਾ ਹਾਂ। ਉਹ ਗੁਰਦਿਆਲ ਸਿੰਘ ਬਾਰੇ ਕਹਿੰਦੇ ਹਨ ਕਿ 'ਗੁਰਦਿਆਲ ਸਿੰਘ ਦੇ ਨਾਲ ਪੰਜਾਬੀ ਨਾਵਲ ਆਪਣਾ ਆਸਣ ਬਦਲਦਾ ਹੈ' ਨਿਸਚੇ ਹੀ ਗੁਰਦਿਆਲ ਸਿੰਘ ਦੇ ਆਉਣ ਨਾਲ ਪੰਜਾਬੀ ਨਾਵਲ ਵਿਚ ਆਈ ਸਮਾਜਿਕ-ਦਾਰਸ਼ਨਿਕ ਖੜੋਤ ਟੁੱਟਦੀ ਹੈ। 'ਪਰਸਾ', 'ਅਣਹੋਏ' ਤੇ 'ਮੜੀ ਦਾ ਦੀਵਾ' ਵਿਚ ਨਾਇਕ ਨੂੰ ਵੱਧ ਸਪੇਸ ਮਿਲਦੀ ਹੈ। ਖਾਸ



ਕਰਕੇ ਜਿਹੜੇ ਸਮਾਜਿਕ ਜ਼ਮੀਨ ਵਿਚੋਂ ਉਭਰਦੇ ਹਨ। ਨਾਇਕ ਨੂੰ ਵੱਡਾ ਬਣਾਉਣ ਲਈ ਉਸ ਵਿਚ ਦੂਜੇ ਪਾਤਰਾਂ ਨੂੰ ਖ਼ਾਮੋਸ਼ ਕਰਨ ਦਾ ਰੁਝਾਨ ਵੀ ਰਹਿੰਦਾ ਹੈ। ਪਰ ਉਹ ਨਾਇਕ ਨੂੰ ਅਣਖੀ ਤੇ ਸਵੈਮਾਨੀ ਬਣਾਉਂਦਾ ਹੈ। 'ਪਰਸਾ' ਨਾਵਲ ਵਿਚ ਉਹ ਨਾਇਕ ਪਰਸੇ ਨੂੰ ਸਮਕਾਲੀ ਸਥਿਤੀਆਂ ਦੇ ਸੰਦਰਭ ਵਿਚ ਪਰਸ਼ੂਰਾਮ ਦੀ ਮਿਥ ਰਾਹੀਂ ਫੜਨ ਦਾ ਸਫ਼ਲ ਕਾਰਜ ਕਰਦਾ ਹੈ। ਆਪਣੇ ਪਹਿਲੇ ਤੇ ਸਮਕਾਲੀ ਨਾਵਲਕਾਰਾਂ ਤੋਂ ਉਹ ਇਸ ਲਈ ਵੱਖਰਾ ਖੜਾ ਦਿਸਦਾ ਹੈ ਕਿ ਉਹ ਪੇਂਡੂ ਜੀਵਨ ਨੂੰ ਰੁਮਾਂਚਿਕ ਪੇਸ਼ ਨਹੀਂ ਕਰਦਾ, ਬਲਕਿ ਪੇਂਡੂ ਜੀਵਨ ਦੀ ਨਿਘਰੀ ਹਾਲਤ ਪੇਸ਼ ਕਰਦਾ ਹੈ। ਉਸ ਦੇ ਨਾਵਲਾਂ ਵਿਚ ਇਸਤਰੀ ਨਾਇਕਾ ਦਾ ਕੱਦ ਪਰਸੇ ਵਾਂਗ ਨਹੀਂ ਉਭਰਦਾ।

ਸ਼ਹਿਰੀ ਮੱਧ ਵਰਗੀ ਜ਼ਿੰਦਗੀ ਨੂੰ ਪੇਸ਼ ਕਰਨ ਵਾਲੇ ਨਰੂਲਾ ਦੇ ਨਾਵਲਾਂ ਦਾ ਜ਼ਿਕਰ ਅਸੀਂ ਉਪਰ ਕਰ ਆਏ ਹਾਂ। ਉਸ ਤੋਂ ਬਾਅਦ ਬਹੁਤ ਸ਼ਿੱਦਤ ਨਾਲ ਨਰਿੰਜਨ ਤਸਨੀਮ ਨੇ ਸ਼ਹਿਰੀ ਮੱਧਵਰਗੀ ਜ਼ਿੰਦਗੀ ਦੇ ਸੰਵੇਦਨਸ਼ੀਲ ਮਨੁੱਖ ਨੂੰ ਪਹਿਲੀ ਵਾਰ ਪੇਸ਼ ਕੀਤਾ। ਤਸਨੀਮ ਦੇ ਪਾਤਰਾਂ ਦੀਆਂ ਮਾਨਸਿਕ ਗੁੰਝਲਾਂ ਉਨ੍ਹਾਂ ਦੇ ਅਵਚੇਤਨ ਦਾ ਹਿੱਸਾ ਬਣਦੀਆਂ ਹਨ। ਟੁੱਟਦੇ-ਜੁੜਦੇ ਮਨ ਤੇ ਦੇਹ ਦੇ ਰਿਸ਼ਤੇ ਉਹ 'ਹਨੇਰਾ ਹੋਣ ਤੱਕ' ਨਾਵਲ ਵਿਚ ਬੜੀ ਸਮਰੱਥਾ ਨਾਲ ਫੜਦਾ ਹੈ। 'ਤਲਾਸ਼ ਕੋਈ ਸਦੀਵੀ', 'ਗਵਾਚੇ ਅਰਥ', 'ਜੁਗਾਂ ਤੋਂ ਪਾਰ' ਤੇ ਹੋਰ ਨਾਵਲਾਂ ਵਿਚ ਉਹ ਮਨੁੱਖ ਦੀਆਂ ਮਾਨਸਿਕ ਗੁੰਝਲਾਂ ਨੂੰ ਦੈਹਿਕ ਰਿਸ਼ਤਿਆਂ ਰਾਹੀਂ ਫੜਦਾ ਹੈ। ਸ਼ਹਿਰ ਤੋਂ ਅਗਾਂਹ ਮਹਾਂਨਗਰੀ ਮੱਧਵਰਗੀ ਅਵਚੇਤਨ ਨੂੰ ਸੁਖਬੀਰ ਨੇ ਆਪਣੇ ਨਾਵਲ 'ਸੜਕਾਂ ਤੇ ਕਮਰੇ' ,'ਪਾਣੀ ਤੇ ਪੁਲ', 'ਗਰਦਿਸ਼', 'ਕੱਚ ਦਾ ਸ਼ਹਿਰ' ਵਿਚ ਚਿਤਰਿਆ ਹੈ।

ਨਛੱਤਰ ਦੇ ਨਾਵਲਾਂ ਵਿਚ ਮਹਾਂ ਨਗਰਾਂ ਦੀ ਦਲਿਤ ਜ਼ਿੰਦਗੀ ਧੜਕਦੀ ਸੁਣਦੀ ਹੈ। ਉਸ ਨੇ ਆਪਣੇ ਨਾਵਲ 'ਹਨੇਰੀਆਂ ਗਲੀਆਂ' ਵਿਚ ਮਹਾਂਨਗਰ ਦੀਆਂ ਵਿਕਰਾਲ ਸਮੱਸਿਆਵਾਂ ਨੂੰ ਸਮਾਜਿਕ ਗਤੀ ਅਨੁਸਾਰ ਫੜਨ ਦਾ ਯਤਨ ਕੀਤਾ ਹੈ। ਸਥਿਤੀਆਂ ਨੂੰ ਉਭਾਰਦਾ ਉਹ ਨਾਇਕ ਨੂੰ ਮਨਫੀ ਕਰ ਦਿੰਦਾ ਹੈ ਪਰ ਸਾਂਝੀ ਤੰਦ ਨਾਲ ਪਾਤਰ ਇਕ ਦੂਜੇ ਨਾਲ ਬੱਝ ਜਾਂਦੇ ਹਨ। ਆਪਣੇ ਦੂਜੇ ਨਾਵਲ 'ਸਲੋਅ ਡਾਊਨ' ਵਿਚ ਉਹ ਮੈਟਰੋ ਸਿਟੀ ਵਿਚ ਵਿਚਰਦੀ ਨਵੀਂ ਪੀੜ੍ਹੀ ਦੀ ਗਤੀ ਨੂੰ ਪੇਸ਼ ਕਰਦਾ ਹੈ। ਪੀੜ੍ਹੀ ਪਾੜਾ ਤੇ ਆਰਥਿਕ ਮੰਦਹਾਲੀ ਨਾਵਲ ਦੇ ਕੇਂਦਰ ਵਿਚ ਰਹਿੰਦੇ ਹਨ।

ਸ਼ਹਿਰੀ ਮੱਧ ਵਰਗੀ ਬੰਦੇ ਦੀ ਮਾਨਸਿਕਤਾ ਨੂੰ ਫੜਨ ਵਾਲੇ ਨਾਵਲਕਾਰ ਕੁਲਦੀਪ ਸਿੰਘ ਬੇਦੀ ਦੇ ਨਾਵਲ ਵੀ ਧਿਆਨ ਦੀ ਮੰਗ ਕਰਦੇ ਹਨ। ਉਸ ਦੇ ਨਾਵਲ 'ਸ਼ਤਰੰਜ', 'ਪਿਆਦੇ', 'ਸੰਗਲ ਨਾ ਫੜ' ਤੇ 'ਕਾਸ਼!' ਮੱਧ ਵਰਗੀ ਮਾਨਸਿਕਤਾ ਨੂੰ ਪੇਸ਼ ਕਰਨ ਵਾਲੇ ਉਤਮ ਦਰਜੇ ਦੇ ਨਾਵਲ ਹਨ।

ਮਿੱਤਰ ਸੈਨ ਮੀਤ ਆਪਣੇ ਨਾਵਲਾਂ ਰਾਹੀ ਜਦੋਂ ਪੰਜਾਬੀ ਨਾਵਲ ਵਿਚ ਪਰਵੇਸ਼ ਕਰਦਾ ਹੈ ਤਾਂ ਉਹ ਵਿਸ਼ਿਆਂ ਦੇ ਜਮੂਦ ਨੂੰ ਤੋੜਦਾ ਹੋਇਆ ਆਪਣਾ ਵੱਖਰਾ ਬਿੰਬ ਬਣਾਉਣ ਵਿਚ ਕਾਮਯਾਬ ਹੁੰਦਾ ਹੈ। 'ਕਟਹਿਰਾ', 'ਕੌਰਵ ਸਭਾ', 'ਸੁਧਾਰ ਘਰ' ਤੇ 'ਤਫ਼ਤੀਸ਼' ਵਰਗੇ ਨਾਵਲਾਂ ਰਾਹੀਂ ਉਹ ਸਮਕਾਲੀ ਰਾਜਨੀਤੀ, ਨਿਆਂ ਪ੍ਰਬੰਧ, ਪੁਲਿਸ ਪ੍ਰਬੰਧ ਵਿਚ ਪਿਸ ਰਹੇ ਮਨੁੱਖ ਦੀ ਹੋਣੀ ਨੂੰ ਬਿਆਨ ਕਰਦਾ ਹੈ।

ਭਾਵੇਂ ਟੀ. ਆਰ. ਵਿਨੋਦ ਨੇ ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਨੂੰ ਹੀ ਨਾਵਲ ਕਿਹਾ, ਬਾਕੀਆਂ ਨੂੰ ਸਰੀਰਕ ਤੱਤਾਂ ਦੇ ਨਾਵਲ ਕਹਿ ਕੇ ਰੱਦ ਕਰ ਦਿੱਤਾ, ਪਰ 'ਪਰਤਾਪੀ', 'ਦੁੱਲੇ ਦੀ ਢਾਬ' ਨਾਵਲ ਵਿਚ ਉਸ ਨੇ ਪੰਜਾਬੀ ਕਿਸਾਨੀ ਦੇ ਬਹੁ ਪਰਤੀ ਯਥਾਰਥ ਨੂੰ ਔਰਤ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਅਣਖੀ ਆਪਣੇ ਇਨ੍ਹਾਂ ਨਾਵਲਾਂ ਵਿਚ ਨਜਾਇਜ਼ ਅਤੇ ਜਾਇਜ਼ ਔਰਤ ਮਰਦ ਦੇ ਰਿਸ਼ਤਿਆਂ ਦੇ ਅੰਦਰ ਲੁਕਿਆ ਯਥਾਰਥ ਲੱਭਣ ਦਾ ਯਤਨ ਕਰਦਾ ਹੈ। 'ਦੁੱਲੇ ਦੀ ਢਾਬ' ਵਿਚ ਵਿਸ਼ਵੀਕਰਨ ਦੇ ਕਿਸਾਨੀ 'ਤੇ ਪੈ ਰਹੇ ਪ੍ਰਭਾਵ ਨੂੰ ਫੜਨ ਦਾ ਯਤਨ ਕਰਦਾ ਹੈ। 'ਪਰਤਾਪੀ' ਰਾਹੀ ਉਹ ਔਰਤ ਨਾਇਕਾ ਨੂੰ








ਉਹਦੇ ਸਮੁੱਚੇ ਸਮਾਜਿਕ ਸਿਸਟਮ ਵਿਚ ਉਭਾਰਨ ਦੇ ਸਮਰੱਥ ਬਣਾ ਸਕਿਆ ਹੈ। ਕਈ ਪੀੜ੍ਹੀਆਂ ਦੇ ਸਮਾਜਿਕ ਯਥਾਰਥ ਨੂੰ ਵੀ ਇਸੇ ਨਾਵਲ ਵਿਚ ਰਾਮ ਸਰੂਪ ਅਣਖੀ ਫੜਦਾ ਹੈ।

ਮਾਲਵੇ ਦੀ ਕਿਸਾਨੀ ਜ਼ਿੰਦਗੀ ਨੂੰ ਪਰਗਟ ਸਿੰਘ ਸਿੱਧੂ ਨੇ ਆਪਣੇ ਨਾਵਲਾਂ 'ਪ੍ਰੀਤੋ' ਤੇ 'ਬੱਤਖ ਦੇ ਖੰਭਾਂ ਜਿਹੇ ਸਫ਼ੈਦ ਦਿਨ' ਵਰਗੇ ਨਾਵਲਾਂ ਵਿਚ ਚਿਤਰਿਆ ਹੈ। ਕਿਸਾਨੀ ਧਰਾਤਲ ਦੇ ਇਰਦ ਗਿਰਦ ਪਲਰਦੇ ਵਰਜਿਤ ਰਿਸ਼ਤੇ ਅਤੇ ਪਿੰਡ ਦੀ ਆਂਚਲਿਕ ਜ਼ਿੰਦਗੀ ਦੇ ਵੇਰਵੇ ਸਰੋਦੀ ਭਾਸ਼ਾ ਵਿਚ ਉਸਦੇ ਨਾਵਲਾਂ ਵਿਚ ਮਿਲਦੇ ਹਨ।

ਜਿਨ੍ਹਾਂ ਨਾਵਲਾਂ ਨੂੰ ਟੀ. ਆਰ. ਵਿਨੋਦ 'ਜਿਣਸੀ ਤੱਤਾਂ ਦੇ ਨਾਵਲ' ਕਹਿੰਦਾ ਹੈ ਉਸ ਦੀ ਵੀ ਪੰਜਾਬੀ ਨਾਵਲ ਵਿਚ ਪ੍ਰੰਪਰਾ ਨਾਲ-ਨਾਲ ਚਲਦੀ ਆ ਰਹੀ ਹੈ। ਇਨ੍ਹਾਂ ਨਾਵਲਾਂ ਵਿਚੋਂ ਪ੍ਰਮੁੱਖ ਤੌਰ ਤੇ ਗੁਰਚਰਨ ਸਿੰਘ ਅਰਸ਼ੀ ਦਾ 'ਬਿਮਾਰ ਸੜਕ' ਆਉਂਦਾ ਹੈ। ਰਾਜ ਗਿੱਲ ਦਾ 'ਕਾਫ਼ਰ' ਤੇ ਮੋਹਨ ਕਾਹਲੋਂ ਦੇ ਨਾਵਲਾਂ ਵਿਚ ਵੀ ਇਹ ਤੱਤ ਵੇਖੇ ਜਾ ਸਕਦੇ ਹਨ। ਅੰਮ੍ਰਿਤਾ ਪ੍ਰੀਤਮ ਦੇ ਨਾਵਲ ਵਿਚ ਇਹ ਤੱਤ ਪਾਏ ਜਾਂਦੇ ਹਨ। ਉਸ ਦੇ ਪਾਤਰ ਸਮਾਜਿਕ ਵਲਗਣਾ ਨੂੰ ਤੋੜਨ ਵਾਲੇ, ਜਿਣਸੀ ਲੋੜਾਂ ਦੀ ਪੂਰਤੀ ਕਰਨ ਵਾਲੇ ਪਾਤਰ ਹਨ। ਪਰ ਨਾਵਲੀ ਗੋਂਦ ਮੋਹਨ ਕਾਹਲੋਂ ਦੀ ਕਮਾਲ ਦੀ ਹੈ।

ਪੰਜਾਬੀ ਨਾਵਲ ਦੇ ਖੇਤਰ ਵਿਚ ਕਰਮਜੀਤ ਸਿੰਘ ਕੁੱਸਾ ਦਾ ਮਹੱਤਵਪੂਰਨ ਸਥਾਨ ਹੈ। ਉਸ ਛੋਟੀ ਕਿਸਾਨੀ ਦੀ ਨਿੱਘਰ ਰਹੀ ਆਰਥਿਕ, ਸਮਾਜਿਕ ਸਥਿਤੀ ਨੂੰ ਆਪਣੇ ਮਹੱਤਵਪੂਰਨ ਨਾਵਲ 'ਰਾਤ ਦੇ ਰਾਹੀ', 'ਰੋਹੀ ਬੀਆਬਾਨ, 'ਅੱਗ ਦਾ ਗੀਤ' ਰਾਹੀ ਪੇਸ਼ ਕਰਦਾ ਹੈ।

ਹਰੀ ਕ੍ਰਾਂਤੀ ਉਪਰੰਤ ਪੰਜਾਬ ਦੀ ਖੇਤੀ ਵਿਚ ਆਈ ਤਬਦੀਲੀ, ਵਿਸ਼ਵੀਕਰਨ ਦੇ ਦੌਰ ਵਿਚ ਕਿਸਾਨੀ ਤੇ ਪ੍ਰਭਾਵ ਨੂੰ ਬਲਦੇਵ ਸਿੰਘ ਆਪਣੇ ਦੋ ਨਾਵਲਾਂ 'ਅੰਨਦਾਤਾ' ਤੇ 'ਖਾਕੂ ਜੇਡੁ ਨਾ ਕੋਇ' ਵਿਚ ਭਰਪੂਰਤਾ ਨਾਲ ਚਿੱਤਰਦਾ ਹੈ।

ਪੰਜਾਬ ਸੰਕਟ ਦੇ ਆਰ ਪਾਰ ਫੈਲੇ ਬਹੁਤ ਸਾਰੇ ਨਾਵਲ ਸਾਡੇ ਸਾਹਮਣੇ ਆਉਂਦੇ ਹਨ। ਜਿਨ੍ਹਾਂ ਵਿਚ ਨਿੰਦਰ ਗਿੱਲ ਦੇ ਨਾਵਲ 'ਚੋਣ ਹਲਕਾ ਪਾਇਲ, ਪੰਜਾਬ 84 , ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਤੱਤੀ ਹਵਾ', 'ਮੌਤ ਦਰ ਮੌਤ' ਤੇ ਰਾਮ ਸਰੂਪ ਅਣਖੀ ਦਾ 'ਜਿਨਿ ਸਿਰਿ ਸੋਹਨਿ ਪਟੀਆਂ' ਪੜ੍ਹੇ ਜਾ ਸਕਦੇ ਹਨ। ਇਹ ਨਾਵਲ ਅਖਬਾਰੀ ਪੱਧਰ ਦੀ ਸੂਚਨਾ ਤੋਂ ਉਪਰ ਨਹੀਂ ਉੱਠ ਸਕੇ। ਘਟਨਾਵਾਂ ਦੀਆਂ ਸੂਚਨਾਂ, ਵਾਰਤਾਲਾਪ, ਬਹਿਸਾਂ ਇਨ੍ਹਾਂ ਨਾਵਲਾਂ ਦੀ ਸਮਾਜਿਕ ਗਤੀ ਨੂੰ ਰੋਕ ਦਿੰਦੇ ਹਨ।

ਪਰਵਾਸ ਦੀ ਜ਼ਿੰਦਗੀ ਨਾਲ ਸੰਬੰਧਤ ਨਾਵਲ ਭਾਰੀ ਗਿਣਤੀ ਵਿਚ ਸਾਡੇ ਕੋਲ ਮੌਜੂਦ ਹਨ। ਪਰ ਸਵਰਨ ਚੰਦਨ ਦਾ ਮਹਾਂ ਬਿਰਤਾਂਤ ਵਾਲਾ ਨਾਵਲ 'ਕੰਜ਼ਕਾਂ' ਅਤੇ ਸਾਧੂ ਸਿੰਘ ਧਾਮੀ ਦਾ ਨਾਵਲ 'ਮਲੂਕਾ', ਦਰਸ਼ਨ ਸਿੰਘ ਧੀਰ ਦਾ 'ਅਜਨਬੀ ਚਿਹਰੇ' ਤੋਂ ਅੱਗੇ ਦੀ ਗੱਲ ਕਰਨ ਵਾਲਾ ਨਾਵਲ ਅਜੇ



ਲਿਖਿਆ ਜਾਣਾ ਹੈ। ਉਂਝ ਹਰਜੀਤ ਅਟਵਾਲ, ਜਰਨੈਲ ਸਿੰਘ ਸੇਖਾ, ਸੰਤੋਖ ਧਾਲੀਵਾਲ ਵਰਗਿਆਂ ਨੇ ਨਾਵਲ ਦੇ ਖੇਤਰ ਵਿਚ ਮੁੱਲਵਾਨ ਰਚਨਾਵਾਂ ਵੀ ਕੀਤੀਆਂ ਹਨ। ਜਰਨੈਲ ਸੇਖਾ ਦੇ ਨਾਵਲ 'ਭਗੌੜਾ' ਅਤੇ 'ਵਿਗੋਚਾ' ਪਰਵਾਸ ਦੇ ਅਛੂਤੇ ਬਿਰਤਾਂਤ ਸਿਰਜਣ ਵਾਲੇ ਨਾਵਲ ਹਨ। ਹਰਜੀਤ ਅਟਵਾਲ 'ਰੇਤ', 'ਸਾਊਥਾਲ', 'ਬ੍ਰਿਟਿਸ਼ ਬੌਰਨ ਦੇਸੀ' ਵਰਗੇ ਨਾਵਲਾਂ ਵਿਚ ਪਰਵਾਸੀ ਪੰਜਾਬੀਆਂ ਦੀਆਂ ਔਰਤਾਂ, ਬੱਚੇ, ਬਜ਼ੁਰਗਾਂ ਦੇ ਵਿਹਾਰ ਨੂੰ ਉਨ੍ਹਾਂ ਦੀਆਂ ਸੱਭਿਆਚਾਰਕ ਰੂੜੀਆਂ ਨੂੰ ਤਰਕ ਨਾਲ ਪੇਸ਼ ਕਰਦਾ ਹੈ। ਨਾਵਲ ਲਿਖਣ ਦੀ ਤੇਜ਼ ਗਤੀ ਉਹਦੇ ਨਾਵਲਾਂ ਦੇ ਬਿਰਤਾਂਤ ਵਿਚ ਪੇਤਲਾਪਨ ਤੇ ਦੁਹਰਾਓ ਦੇ ਤੱਤ ਵੀ ਭਰ ਦਿੰਦੀ ਹੈ।

ਦਲਿਤ ਚਿੰਤਨ ਤੇ ਚੇਤਨਾ ਨਾਲ ਸੰਬੰਧਤ ਪੰਜਾਬੀ ਦੇ ਕੁਝ ਨਾਵਲ ਵੀ ਧਿਆਨ ਦੀ ਮੰਗ ਕਰਦੇ ਹਨ। ਇਨ੍ਹਾਂ ਨਾਵਲਾਂ ਵਿਚ ਉਹ ਹੀ ਦਲਿਤ ਪੇਸ਼ ਹੋਇਆ ਹੈ ਜਿਹੜਾ ਖੇਤ ਮਜ਼ਦੂਰ ਹੈ। ਜੱਟ ਕਿਸਾਨ ਤੇ ਦਲਿਤਾਂ ਦੇ ਅੰਤਰ ਵਿਰੋਧਾ ਨੂੰ ਸਾਡਾ ਦਲਿਤ ਨਾਵਲ ਸੰਬੋਧਤ ਹੁੰਦਾ ਹੈ। ਮਿਸਾਲ ਦੇ ਤੌਰ ਤੇ ਗੁਰਦਿਆਲ ਸਿੰਘ ਦੇ ਦੋ ਨਾਵਲ ਹਨ 'ਮੜ੍ਹੀ ਦਾ ਦੀਵਾ' ਤੇ 'ਅੰਨ੍ਹੇ ਘੋੜੇ ਦਾ ਦਾਨ' ਇਸ ਤੋਂ ਇਲਾਵਾ ਗੁਰਚਰਨ ਸਿੰਘ ਰਾਓ ਦਾ ਨਾਵਲ ਮਿਸ਼ਾਲਚੀ' ਵੇਖਣ ਨੂੰ ਮਿਲਦਾ ਹੈ। ਨਿਦਰ ਗਿੱਲ ਦਾ 'ਦਾਸਤਾਂ ਦਲਿਤਾਂ ਦੀ' ਵੀ ਸਾਡੇ ਸਾਹਮਣੇ ਹੈ। ਮੁਢਲੇ ਨਾਵਲਾਂ ਜਿਵੇਂ ਕਿ 'ਚਿੱਟਾ ਲਹੂ' ਵਿਚ ਵੀ ਦਲਿਤ ਯਥਾਰਥ ਵੇਖਣ ਨੂੰ ਮਿਲਦਾ ਹੈ। 'ਮੜ੍ਹੀ ਦਾ ਦੀਵਾ' ਤੇ 'ਅੰਨ੍ਹੇ ਘੋੜੇ ਦਾ ਦਾਨ' ਰਾਹੀਂ ਅਸੀਂ ਭਾਰਤੀ ਸਮਾਜ ਦੀ ਪੀਡੀ ਜਾਤੀ ਜਕੜ ਨੂੰ ਸਮਝ ਸਕਦੇ ਹਾਂ। ਪਰ ਨਾਵਲਕਾਰ ਦਾ ਦ੍ਰਿਸ਼ਟੀਕੋਣ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਉਸ ਦੀ ਚਿੰਤਾ ਦਲਿਤ ਯਥਾਰਥ ਨੂੰ ਚਿੰਤਨ ਦੀ ਵਿਧੀ ਰਾਹੀ ਉਘਾੜਨ ਵਿਚ ਹੈ। ਪੂੰਜੀਵਾਦੀ ਦੌਰ ਵਿਚ ਦਲਿਤ ਮਨੁੱਖ ਜਦੋਂ ਆਪਣੀਆਂ ਜੜ੍ਹਾਂ ਨਾਲੋਂ ਟੁੱਟਦਾ ਹੈ ਤਾਂ ਕਿਸ ਕਿਸਮ ਦਾ ਯਥਾਰਥ ਸਾਡੇ ਸਾਹਮਣੇ ਆਉਂਦਾ ਹੈ ਉਸ ਨੂੰ ਗੁਰਦਿਆਲ ਸਿੰਘ ਨੇ ਉਘਾੜਨ ਵਿਚ ਪਹਿਲ ਕੀਤੀ ਹੈ। ਪਿੰਡ ਦੀ ਜਾਤੀ ਜਕੜ ਵਿਚੋਂ ਜਦੋਂ ਇਕ ਦਲਿਤ ਆਜ਼ਾਦ ਹੋ ਕੇ ਸ਼ਹਿਰ ਵਿਚ ਪਰਵੇਸ਼ ਕਰਦਾ ਹੈ ਤਾਂ ਉਹਨੂੰ ਇਹੀ ਅਸਲੀ ਜ਼ਿੰਦਗੀ ਲੱਗਦੀ ਹੈ।

ਗੁਰਚਰਨ ਸਿੰਘ ਰਾਓ ਦਾ 'ਮਸ਼ਾਲਚੀ' ਦਲਿਤ ਜੀਵਨ ਦੇ ਕਠੋਰ ਯਥਾਰਥ ਨੂੰ ਸਾਡੇ ਸਨਮੁੱਖ ਰੱਖਦਾ ਹੈ। ਨਾਵਲਕਾਰ ਨੂੰ ਦਲਿਤ ਮੁਕਤੀ, ਵਿਦਿਆ ਵਿਚ ਦਿਸਦੀ ਹੈ। ਨਿੰਦਰ ਗਿੱਲ ਆਪਣੇ ਨਾਵਲ 'ਦਾਸਤਾਂ ਦਲਿਤਾਂ ਦੀ' ਵਿਚ ਦਲਿਤ ਰਾਜਨੀਤੀ ਨੂੰ ਆਪਣੇ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਲੇਖਕ ਦਲਿਤ ਰਾਜਨੀਤੀ ਨੂੰ ਸਪਾਟ ਤਰੀਕੇ ਨਾਲ ਬਿਰਤਾਂਤ ਵਿਚ ਆਪ ਦਾਖਲ ਹੋ ਬਿਆਨਬਾਜੀ ਕਰਦਾ ਹੈ। ਜਿਸ ਨਾਲ ਬਿਰਤਾਂਤ ਵਿਚ ਐਂਟੀ ਦਲਿਤ ਐਲੀਮੈਂਟ ਸ਼ਾਮਿਲ ਹੋ ਜਾਂਦੇ ਹਨ। ਨਾਵਲ ਦਾ ਬਿਰਤਾਂਤ ਵਿਧਾਨ ਸਭਾ ਹਲਕਾ ਰੋਪੜ ਰੱਖਦਾ ਹੈ। ਨਾਵਲ ਦੀ ਘਟਨਾ ਇਕ ਦਿਨ ਵਿਚ ਵਾਪਰਦੀ ਹੈ। ਨਾਵਲਕਾਰ ਦੀ ਦ੍ਰਿਸ਼ਟੀ ਸੌੜੀ ਹੋਣ ਕਰਕੇ ਉਹ ਦਲਿਤ ਪਾਤਰਾਂ ਦੀ ਬਿਨਾਂ ਕਿਸੇ ਤਰਕ ਨਾਲ ਖਿੱਲੀ ਉਡਾਉਂਦਾ ਹੈ। ਨਾਵਲ ਦੇ ਪਾਤਰ 'ਝਾਂਸੀ ਰਾਮ' ਰਾਹੀਂ ਨਾਵਲੀ ਬਿਰਤਾਂਤ ਵਿਚ ਦਖਲ ਦੇ ਕੇ ਘਟਨਾਵਾਂ ਨੂੰ ਆਪਣੀ ਇੱਛਾ ਨਾਲ ਮੋੜਦਾ ਹੋਇਆ ਰਾਜਨੀਤਿਕ ਦਖਲ ਹਾਵੀ ਕਰ ਦਿੰਦਾ ਹੈ।

ਵਿਸ਼ਵੀਕਰਨ ਦੇ ਦੌਰ ਸਮੇਂ ਦੇਸ ਰਾਜ ਕਾਲੀ ਨਾਵਲ ਦੇ ਖੇਤਰ ਵਿਚ ਆਉਂਦਾ ਹੈ। ਕਾਲੀ ਆਪਣੇ ਨਾਵਲ 'ਪਰਣੇਸ਼ਵਰੀ' ਰਾਹੀਂ ਦਲਿਤ ਚਿੰਤਨ ਦੇ ਵੱਖਰੇ ਸਵਾਲ ਸਾਡੇ ਸਾਹਮਣੇ ਖੜ੍ਹਾ ਕਰਦਾ ਹੈ। ਕਾਲੀ ਦੁਆਬੇ ਦੇ ਦਲਿਤ ਖਾਸ ਕਰਕੇ ਚਮਾਰਾਂ 'ਤੇ ਨਾਵਲ ਫੋਕਸ ਕਰਕੇ ਦਲਿਤ ਚੇਤਨਾ ਦੇ ਉਭਾਰ ਦੇ ਸੂਤਰ ਅੰਬੇਡਕਰ ਲਹਿਰ, ਆਦਿ ਧਰਮ ਲਹਿਰ ਤੇ ਮਿੱਥ ਦੇ ਹਵਾਲਿਆਂ ਨਾਲ ਫੜਨ ਦਾ ਸਫ਼ਲ ਜਤਨ ਕਰਦਾ ਹੈ। ਕਾਲੀ ਚਿੰਤਾਂ ਤੋਂ ਦਲਿਤ ਚਿੰਤਨ ਵੱਲ ਜਾਂਦਿਆਂ ਦਲਿਤ ਹੋਂਦ ਨੂੰ ਕੁਚਲਣ ਦਾ ਜੋ ਦੌਰ ਚੱਲ ਰਿਹਾ

ਹੈ ਉਸ ਤੇ ਉਂਗਲ ਕਰਦਾ ਹੈ। ਪਾੜ੍ਹਾ ਨਾਵਲ ਦਾ ਕੇਂਦਰੀ ਪਾਤਰ ਹੈ। ਨਾਵਲਕਾਰ ਪਾਤਰਾਂ ਦੇ ਮਾਨਸਿਕ ਤਣਾਓ ਦੀਆਂ ਜੜ੍ਹਾਂ ਪਿੰਡ ਦੇ ਜਾਤੀ ਵੰਡ ਦੇ ਪ੍ਰਬੰਧ ਵਿਚ ਪਈਆਂ ਲੋਕਧਾਰਾ ਦੀਆਂ ਮਨੌਤਾਂ ਵਿਚ ਵੇਖਦਾ ਹੈ। ਉਸ ਦਾ ਦਲਿਤ ਸਵਾਲਾਂ ਨੂੰ ਸੰਬੋਧਤ ਹੁੰਦਾ ਨਾਵਲ 'ਸ਼ਾਤੀ ਪਰਵ' ਦਰਸ਼ਨ ਦੇ ਮਸਲਿਆਂ ਨੂੰ ਸੰਬੋਧਤ ਹੁੰਦਾ ਹੈ। ਇਥੇ ਇਹ ਵੱਡਾ ਸਵਾਲ ਹੈ ਕਿ ਕੀ ਕਾਰਨ ਹੈ ਕਿ ਦੇਸ ਰਾਜ ਕਾਲੀ ਦੇ ਨਾਵਲ ਭਾਰਤੀ ਜ਼ੁਬਾਨਾਂ ਵਿਚ ਵਧੇਰੇ ਚਰਚਾ ਦੇ ਕੇਂਦਰ ਵਿਚ ਰਹਿੰਦੇ ਹਨ, ਪੰਜਾਬੀ ਚਿੰਤਕ ਖ਼ਾਮੋਸ਼ ਰਹਿੰਦੇ ਹਨ। 'ਪ੍ਰਥਮ ਪੌਰਾਣ' ਤੇ 'ਅੰਤਹੀਣ' ਨਾਵਲ ਵਿਸ਼ਵੀਕਰਨ ਦੇ ਦੌਰ ਵਿਚ ਨੌਜਵਾਨਾਂ ਦੀ ਅੰਦਰੂਨੀ ਟੁੱਟ ਭੱਜ, ਮਾਨਸਿਕ ਗੰਢਾਂ, ਸਮਾਜਿਕ ਤੇ ਰਾਜਨੀਤਿਕ ਵਰਤਾਰੇ ਨੂੰ ਉਹ ਆਪਣੇ ਇਨ੍ਹਾਂ ਦੋ ਨਾਵਲਾਂ ਵਿਚ ਪੇਸ਼ ਕਰਦਾ ਹੈ। ਇਹ ਮੁੱਦੇ ਉਹ ਸਥਿਤੀਆਂ ਵਿਚੋਂ ਉਭਾਰਦਾ ਹੈ।

ਸਮਕਾਲੀ ਨਾਵਲ ਵਿਚ ਅਵਤਾਰ ਸਿੰਘ ਬਿਲਿੰਗ ਤੇ ਬਲਬੀਰ ਪਰਵਾਨਾ ਦੋ ਅਜਿਹੇ ਨਾਂ ਹਨ ਜਿਨ੍ਹਾਂ ਨੇ ਨਾਵਲ ਦੇ ਖੇਤਰ ਵਿਚ ਜ਼ਿਕਰਯੋਗ ਵਾਧਾ ਕੀਤਾ ਹੈ। ਅਵਤਾਰ ਸਿੰਘ ਬਿਲਿੰਗ ਨੇ ਢਾਹੇ ਦੀ ਜੱਟ ਕਿਸਾਨੀ ਦੀ ਨਿੱਘਰ ਰਹੀ ਸਥਿਤੀ ਦਾ ਬਹੁ ਪੱਖੀ ਵਿਸ਼ਲੇਸ਼ਣ ਕੀਤਾ ਹੈ। ਹਰੀ ਕ੍ਰਾਂਤੀ ਤੇ ਪੰਜਾਬ ਸੰਕਟ ਤੋਂ ਬਾਅਦ ਦੇ ਢਾਹੇ ਦੇ ਇਲਾਕੇ ਦੇ ਕਿਸਾਨੀ ਦੀਆਂ ਪਰਤਾਂ ਆਪਣੇ ਨਾਵਲ ਵਿਚ ਖੋਲ੍ਹੀਆਂ ਹਨ। ਕਰਮਜੀਤ ਕੁੱਸਾ ਤੋਂ ਬਾਅਦ ਬਦਲ ਰਹੀ ਕਿਸਾਨੀ ਦੇ ਭਿੰਨ-ਭਿੰਨ ਪੱਖਾਂ ਦਾ ਵਿਸ਼ਲੇਸ਼ਣ ਕਰਨਾ ਬਿਲਿੰਗ ਦੇ ਹਿੱਸੇ ਆਇਆ ਹੈ। 'ਦੀਵੇ ਜਗਦੇ ਰਹਿਣਗੇ' ਨਾਵਲ ਵਿਚ ਬਿਲਿੰਗ ਆਜ਼ਾਦੀ ਤੋਂ ਬਾਅਦ ਦੇ ਪੇਂਡੂ ਸਮਾਜ ਖਾਸ ਕਰਕੇ ਕਿਸਾਨੀ, ਜਗੀਰਦਾਰੀ ਸਮਾਜ ਦੇ ਬਦਲੇ ਹੋਏ ਕਲਚਰ ਨੂੰ ਅਧਾਰ ਬਣਾਉਂਦਾ ਹੈ। ਨਾਵਲ ਦਾ ਬਿਰਤਾਂਤ ਇੱਕੀਵੀਂ ਸਦੀ ਤੱਕ ਫੈਲਿਆ ਹੋਇਆ ਹੈ। ਹਰੀ ਕ੍ਰਾਂਤੀ, ਨਕਸਲਬਾੜੀ ਲਹਿਰ, ਪੰਜਾਬ ਦੁਖਾਂਤ, ਵਿਸ਼ਵੀਕਰਨ ਦੇ ਪਸਾਰ, ਨਿੱਜੀਕਰਨ ਦੀ ਚੜ੍ਹਤ ਆਦਿ ਵਰਤਾਰੇ ਕਿਵੇਂ ਕਿਸਾਨੀ 'ਤੇ ਪ੍ਰਭਾਵ ਪਾਉਂਦੇ ਹਨ, ਬਿਲਿੰਗ ਨੇ ਆਪਣੇ ਨਾਵਲਾਂ 'ਚ ਪੇਸ਼ ਕੀਤੇ ਹਨ। 'ਖ਼ਾਲੀ ਖੂਹਾਂ ਦੀ ਕਥਾ' ਕਈ ਪੀੜ੍ਹੀਆਂ ਵਿਚ ਫੈਲਿਆ ਨਾਵਲੀ ਬਿਰਤਾਂਤ ਔਰਤ ਦੀ ਸਮਾਜਿਕ ਸਥਿਤੀ ਨੂੰ ਬਿਆਨ ਕਰਦਾ ਹੈ। ਪੰਜਾਬੀ ਜੱਟ ਕਿਸਾਨੀ ਦੀ ਉਲਾਰ ਪੇਸ਼ਕਾਰੀ ਬਿਲਿੰਗ ਦੀ ਕਮਜ਼ੋਰੀ ਤੇ ਸੀਮਾ ਹੈ। 'ਪੱਤ ਕਮਲਾ ਗਏ' ਨਾਵਲ ਵਿਚ ਰਾਖਵੇਂਕਰਨ ਉਪਰੰਤ ਪੇਂਡੂ ਦਲਿਤਾਂ ਦੀ ਸੁਧਰੀ ਹਾਲਤ, ਸਮੁੱਚੇ ਪੇਂਡੂ ਦਲਿਤਾਂ ਦੀ ਖੁਸ਼ਹਾਲ ਹਾਲਤ ਵਜੋਂ ਨਾਵਲ ਦਾ ਹਿੱਸਾ ਬਣਾਉਣਾ ਉਸ ਦੀ ਉਲਾਰ ਬਿਰਤੀ ਹੈ। ਸਮੁੱਚਾ ਦਲਿਤ ਯਥਾਰਥ ਨਾ ਹੋਣ ਕਰਕੇ ਨਾਵਲ ਇਕ ਪਾਸੜ ਬਣ ਜਾਂਦਾ ਹੈ।

ਬਲਬੀਰ ਪਰਵਾਨਾ ਨੇ ਦੁਆਬੇ ਦੇ ਕੰਢੀ ਦੇ ਖੇਤਰ ਖਾਸ ਕਰਕੇ ਕਿਸਾਨੀ ਨੂੰ ਪ੍ਰਗਤੀਵਾਦੀ ਖੱਬੇ ਪੱਖੀ ਲਹਿਰਾਂ, ਹਰੀ ਕ੍ਰਾਂਤੀ ਦੇ ਪ੍ਰਭਾਵ, ਨਕਸਲਬਾੜੀ ਲਹਿਰ ਆਦਿ ਦਾ ਕੰਢੀ ਖੇਤਰ ਦੇ ਕਿਸਾਨਾਂ ਤੇ ਪ੍ਰਭਾਵ ਅਤੇ ਦੁਖਾਂਤ ਨੂੰ ਪੇਸ਼ ਕਰਨ ਦੀ ਪਹਿਲ ਕੀਤੀ ਹੈ। ਉਸ ਦੇ ਵੱਡ ਅਕਾਰੀ ਨਾਵਲ 'ਬਹੁਤ ਸਾਰੇ ਚੁਰਸਤੇ' ਨੂੰ ਡਾ. ਸੁਰਜੀਤ ਸਿੰਘ 'ਪੰਜਾਬ ਦੇ ਆਧੁਨਿਕੀਕਰਨ ਅਤੇ ਖੱਬੇਪੱਖੀ ਲਹਿਰ ਦਾ ਆਲੋਚਨਾਤਮਕ ਇਤਿਹਾਸ' ਕਹਿੰਦਾ ਹੈ। ਲੰਮੇ ਕਾਲ ਖੰਡ ਵਿਚ ਕਿਵੇਂ ਪੰਜਾਬ ਦਾ ਪੇਂਡੂ ਸਮਾਜ ਉਸਰਦਾ ਹੈ, ਲਹਿਰਾਂ ਕਿਵੇਂ ਸਮਾਜ ਤੇ ਪ੍ਰਭਾਵ ਪਾਉਂਦੀਆਂ ਨੇ, ਕਿਵੇਂ ਬੰਦੇ ਦੀ ਮਾਨਸਿਕਤਾ ਨੂੰ ਲਹਿਰਾਂ ਪ੍ਰਭਾਵਿਤ ਕਰਦੀਆਂ ਹਨ ਇਹ ਸਾਰੇ ਵਰਤਾਰੇ ਬਾਰੇ ਪਰਵਾਨਾ ਖੁੱਲ੍ਹ ਕੇ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਉਸ ਦਾ ਨਵਾਂ ਨਾਵਲ 'ਸਿਮਟਦਾ ਅਕਾਸ਼' ਨਕਸਲੀ ਲਹਿਰ ਦੇ ਨਿਘਾਰ ਵਿਚ ਪਿਸ ਰਹੀ ਕਿਸਾਨੀ ਨੂੰ ਰੂਪਮਾਨ ਕਰਦਾ ਹੈ।

ਜਸਬੀਰ ਮੰਡ ਦੇ ਨਾਵਲਾਂ ਦੇ ਜ਼ਿਕਰ ਤੋਂ ਬਿਨਾ ਪੁਆਧ ਖਿੱਤੇ ਦੇ ਕਿਸਾਨੀ ਦੇ ਗੱਲ ਅਧੂਰੀ ਜਾਪਦੀ ਹੈ। ਜਸਬੀਰ ਮੰਡ ਦਾ ਵੱਡ ਅਕਾਰੀ ਨਾਵਲ 'ਔੜ ਦੇ ਬੀਜ' ਜਦੋਂ ਛਪਦਾ ਹੈ ਤਾਂ ਇਕਦਮ ਚਰਚਾ ਵਿਚ



ਆਉਂਦਾ ਹੈ। ਇਸ ਨਾਵਲ ਵਿਚ ਮੰਡ ਨੇ 'ਘਾੜ' ਦੀ ਆਂਚਲਿਕਤਾ ਨੂੰ ਮਸ਼ੀਨੀਕਰਨ ਅਤੇ ਵਿਸ਼ਵੀਕਰਨ ਦੇ ਮਾਰੂ ਪ੍ਰਭਾਵ ਤਹਿਤ ਵੱਡੇ ਕੈਨਵਸ ਤੇ ਚਿਤਰਿਆ ਹੈ। ਨਾਵਲ ਵਿਚ ਸਮੁੱਚਾ ਪਿੰਡ ਪਾਤਰ ਦੀ ਸ਼ਕਲ ਵਿਚ ਉਭਰਦਾ ਹੈ। ਅਣਖੀ ਨੇ 'ਕੋਠੇ ਖੜਕ ਸਿੰਘ' ਵਿਚ ਵੀ ਸਮੁੱਚੇ ਪਿੰਡ ਨੂੰ ਇਕ ਪਾਤਰ ਵਜੋਂ ਪੇਸ਼ ਕੀਤਾ ਹੈ। 'ਆਖਰੀ ਪਿੰਡ ਦੀ ਕਥਾ' ਵਿਚ ਮੰਡ ਨੇ ਮਰ ਰਹੇ ਪਿੰਡ ਨਾਲ ਕਿਵੇਂ ਮਨੁੱਖ ਦੀਆਂ ਸਭਿਆਚਾਰਕ , ਸਮਾਜਿਕ ਕਦਰਾਂ ਕੀਮਤਾਂ ਮਰਦੀਆਂ ਹਨ, ਨੂੰ ਬੜੇ ਤਰਕ ਨਾਲ ਪੇਸ਼ ਕੀਤਾ ਹੈ। ਆਪਣੇ ਅਗਲੇ ਨਾਵਲ 'ਖਾਜ' ਵਿਚ ਪੰਜਾਬ ਸੰਕਟ ਦੀਆਂ ਮਹੀਨ ਪਰਤਾਂ ਨੂੰ ਕੁਸ਼ਲਤਾ ਨਾਲ ਲਹੁੰਦਾ ਜਾਂਦਾ ਹੈ। ਅੰਤਲੇ ਨਾਵਲ 'ਬੋਲ ਮਰਦਾਨਿਆਂ' ਰਾਹੀਂ ਉਹ ਇਤਿਹਾਸ ਵੱਲ ਮੋੜਾ ਪਾਉਂਦਾ ਹੈ। ਇਸ ਨਾਵਲ ਰਾਹੀਂ ਉਹ ਇਕ ਸਮਾਜ ਦੀ ਕਲਚਰਲ ਟਰੀਡਿਸ਼ਨ ਨੂੰ ਚਿਤਰਦਾ ਹੈ।

ਪਰਮਜੀਤ ਸਿੰਘ ਜੱਜ ਨਾਵਲਕਾਰ ਦੇ ਤੌਰ ਤੇ ਪੰਜਾਬ ਸੰਕਟ ਤੋਂ ਬਾਅਦ ਉਭਰ ਕੇ ਸਾਡੇ ਸਾਹਮਣੇ ਆਉਂਦਾ ਹੈ। ਉਸ ਦੇ ਨਾਵਲ 'ਪੀਤੂ' ਤੇ 'ਤਰਕਾਲਾਂ' ਪਾਠਕਾਂ ਦਾ ਧਿਆਨ ਖਿੱਚਦੇ ਹਨ। 'ਪੀਤੂ' ਨਾਵਲ ਵਿਚ ਸਭਿਆਚਾਰਕ, ਸਮਾਜਿਕ ਤਬਦੀਲੀਆਂ ਜਿਹੜੀਆਂ ਪਿਛਲੇ ਪੰਜਾਹ ਸਾਲਾਂ ਵਿਚ ਆਉਂਦੀਆਂ ਹਨ, ਨੂੰ ਪੇਸ਼ ਕਰਦਾ ਹੈ। ਪਿੰਡ ਵਿਚ ਰਹਿੰਦੇ ਬਜ਼ੁਰਗ ਬੰਦੇ ਦੀ ਮਾਨਸਿਕਤਾ ਨੂੰ 'ਤਰਕਾਲਾਂ' ਨਾਵਲ ਵਿਚ ਪੂਰੀ ਸਮਰੱਥਾ ਨਾਲ ਪੇਸ਼ ਕਰਦਾ ਹੈ। ਪਿੰਡ ਨੂੰ ਅਤੇ ਪਿੰਡ ਵਿਚ ਰਹਿੰਦੇ ਬੰਦੇ ਨੂੰ ਸਮਝਣ ਲਈ ਜੱਜ ਦੀ ਸਮਾਜ ਵਿਗਿਆਨੀ ਦ੍ਰਿਸ਼ਟੀ ਹਾਵੀ ਰਹਿੰਦੀ ਹੈ। 'ਬਦਲੇ ਦੀ ਪਤਝੜ' ਪੰਜਾਬੀ ਬੰਦੇ ਦੇ ਮੂਲ ਲੱਛਣ ਬਦਲਾ, ਕਤਲ ਤੇ ਵੈਰ 'ਤੇ ਕੇਂਦਰਿਤ ਹੈ। 'ਅਰਥ' ਤੇ 'ਪਛਾਣ ਬਦਲ ਗਈ' ਨਾਵਲਾਂ ਵਿਚ ਜੱਜ ਨੇ ਸਮਾਜਿਕ ਗਤੀ ਨੂੰ ਫੜਿਆ ਹੈ।

ਇੰਝ ਹੀ ਪੰਜਾਬ ਸੰਕਟ ਤੋਂ ਉਪਰੰਤ ਪਿਆਰਾ ਸਿੰਘ ਭੋਗਲ ਵੀ ਨਾਵਲ ਦੇ ਖੇਤਰ ਵਿਚ ਆਉਂਦਾ ਹੈ। ਉਹ ਮੱਧ ਸ਼੍ਰੇਣੀ ਦਾ ਚਿਤੇਰਾ ਹੈ। ਉਸ ਦਾ ਪਹਿਲਾ ਨਾਵਲ 'ਸ਼ੇਰ ਦੀ ਸਵਾਰੀ' 1995 ਵਿਚ ਛਪਦਾ ਹੈ। ਇਹ ਨਾਵਲ 1940 ਤੋਂ 1970 ਦੇ ਕਾਲ ਖੰਡ ਦੇ ਇਤਿਹਾਸ ਦੀ ਤਰਜ਼ਮਾਨੀ ਕਰਦਾ ਹੈ। ਇਸ ਨੂੰ ਦਸਤਾਵੇਜ਼ੀ ਇਤਿਹਾਸਕ ਨਾਵਲ ਵੀ ਕਿਹਾ ਜਾ ਸਕਦਾ ਹੈ। ਭੋਗਲ ਦਾ 'ਸ਼ਹਿਰ' ਇਕ ਮਹੱਤਵਪੂਰਨ ਨਾਵਲ ਹੈ ਜਿਸ ਨੂੰ ਉਸ ਨੇ ਸ਼ਹਿਰ ਦੀ ਵਪਾਰੀ ਮੱਧ ਸ਼੍ਰੇਣੀ ਤੇ ਕੇਂਦਰਿਤ ਕੀਤਾ ਹੈ। ਪਰਿਵਾਰਕ ਉਥਲ ਪੁੱਥਲ ਵਿਚੋਂ ਇਕ ਪਾਤਰ ਸੰਘਰਸ਼ ਕਰਦਾ ਹੈ। ਆਪਣੇ ਅਗਲੇ ਨਾਵਲ 'ਸੰਸਾਰ' ਵਿਚ ਭੋਗਲ ਮੱਧ ਵਰਗੀ ਔਰਤ ਨੂੰ ਇਤਿਹਾਸਕ ਕ੍ਰਮ ਅਨੁਸਾਰ ਚਿਤਰਦਾ ਹੈ। ਨਾਰੀ ਪਾਤਰ 'ਸੁਸ਼ੀਲ' ਇਸ ਦੀ ਪ੍ਰਤੀਨਿੱਧਤਾ ਕਰਦੀ ਹੈ। ਮੱਧ ਕਲੀਨ ਸਮਾਜ ਤੇ ਆਧੁਨਿਕ ਸਮਾਜ ਦੀ ਟੱਕਰ ਨਾਰੀ ਦੇ ਪ੍ਰਸੰਗ ਵਿਚ ਪੇਸ਼ ਹੋਈ ਹੈ। 'ਰੁਪਏ ਪੈਸੇ' ਤੇ 'ਪਰਿਵਾਰ' ਆਦਿ ਨਾਵਲ ਵਿਚ ਵੀ ਭੋਗਲ ਮਨੁੱਖ ਦੇ ਬੁਨਿਆਦੀ ਮੁੱਦੇ ਸਮਾਜਿਕ ਸਰੋਕਾਰਾਂ ਨਾਲ ਉਭਾਰਦਾ ਹੈ। ਰਜਿੰਦਰ ਸਿੰਘ ਆਪਣੇ ਕੁੱਝ ਨਾਵਲਾਂ 'ਮਾਵਾਂ ਧੀਆਂ', 'ਜ਼ਖ਼ਮ', 'ਕੋਈ ਗੱਲ ਤਾਂ ਜ਼ਰੂਰ ਹੈ' ਤੇ 'ਦੁਨੀਆਂ ਦਾ ਹੇਠਲਾ ਪਾਸਾ' ਵਿਚ ਸ਼ਹਿਰੀ ਮੱਧ ਵਰਗੀ ਔਰਤ ਮਰਦ ਦੇ ਰਿਸ਼ਤਿਆਂ, ਮਾਨਸਿਕ ਦਵੰਦਾਂ ਆਦਿ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਉਂਦਾ ਹੈ।

ਸਾਡੇ ਕੋਲ ਤਿੰਨ ਪ੍ਰਮੁੱਖ ਇਸਤਰੀ ਨਾਵਲਕਾਰ ਹਨ। ਅੰਮ੍ਰਿਤਾ ਪ੍ਰੀਤਮ , ਦਲੀਪ ਕੌਰ ਟਿਵਾਣਾ ਤੇ ਚੰਦਨ ਨੇਗੀ। ਨਾਵਲੀ ਖੇਤਰ ਵਿਚ ਟਿਵਾਣਾ ਨੂੰ ਵੱਧ ਮਾਨਤਾ ਮਿਲੀ ਹੈ। 'ਭਾਨੋ' ਨੂੰ ਉਹ 'ਇਹੋ ਹਮਾਰਾ ਜੀਵਣਾ' ਰਾਹੀ ਪ੍ਰਮੁੱਖਤਾ ਨਾਲ ਉਭਾਰਦੀ ਹੈ। ਉਹਦੇ ਆਸੇ ਪਾਸੇ ਜਗੀਰੂ ਰਿਸ਼ਤੇ ਫੈਲੇ ਹੋਏ ਹਨ। ਔਰਤ ਦਾ ਅਣਮਨੁੱਖੀ ਘਾਣ ਭਾਨੋ ਰਾਹੀ ਪ੍ਰਗਟ ਹੁੰਦਾ ਹੈ। ਟਿਵਾਣਾ ਆਪਣੇ ਹੋਰ ਨਾਵਲਾਂ ਵਿਚ ਔਰਤ ਨਾਲ ਇਕ ਧਿਰ ਬਣ ਕੇ ਖੜਦੀ ਹੈ। ਸਮਾਜਿਕ ਯਥਾਰਥ ਨੂੰ ਉਭਾਰਨ ਲਈ ਉਹ ਔਰਤ ਨੂੰ ਮਰਦ ਦਾ ਜ਼ੁਲਮ ਸਹਿੰਦੀ ਪੇਸ਼ ਕਰਦੀ ਹੈ। ਉਸ ਦਾ ਇਕ ਹੋਰ ਨਾਵਲ 'ਪੀਲੇ ਪੱਤਿਆਂ ਦੀ ਦਾਸਤਾਨ' ਹੈ, ਪੀਲੇ ਪੱਤੇ ਔਰਤ

ਦਾ ਚਿਹਨ ਬਣ ਕੇ ਉਭਰਦੇ ਹਨ। ਇਸ ਸਮਾਜਿਕ ਸਿਸਟਮ ਵਿਚ ਔਰਤ ਭੋਗ ਦੀ ਵਸਤੂ ਵਜੋਂ ਉਭਰਦੀ ਹੈ। 'ਕਥਾ ਕਹੋ ਉਰਵਸ਼ੀ' ਵਿਚ ਔਰਤ ਦੀ ਹੋਣੀ ਕਈ ਪੀੜ੍ਹੀਆਂ ਰਾਹੀਂ ਬਿਆਨ ਕਰਦੀ ਹੈ। ਜਗੀਰਦਾਰੀ ਸਿਸਟਮ ਵਿਚ ਪਿਸ ਰਹੀ ਔਰਤ ਨੂੰ ਟਿਵਾਣਾ ਆਪਣੇ ਨਾਵਲ ਵਿਚ ਚਿਤ੍ਰਦੀ ਹੈ।

ਅੰਮ੍ਰਿਤਾ ਪ੍ਰੀਤਮ ਆਪਣੇ ਨਾਵਲਾਂ ਵਿਚ ਅਦਰਸ਼ਵਾਦੀ ਰੋਮਾਂਸਵਾਦੀ ਦ੍ਰਿਸ਼ਟੀ ਤੋਂ ਨਾਰੀ ਪਾਤਰ ਚਿਤ੍ਰਦੀ ਹੈ। ਸਮਾਜਿਕ ਯਥਾਰਥ ਜਿਹੜਾ ਕਿਸੇ ਨਾਵਲ ਦੀ ਖੂਬੀ ਮੰਨਿਆਂ ਗਿਆ ਹੈ, ਉਹ ਗੈਰ ਹਾਜ਼ਰ ਰਹਿੰਦਾ ਹੈ। ਅੰਮ੍ਰਿਤਾ ਆਪਣੇ ਨਾਵਲੀ ਬਿਰਤਾਂਤ ਉਪਰਲੀ ਮੱਧ ਸ਼੍ਰੇਣੀ ਵਿਚੋਂ ਲੈਂਦੀ ਹੈ ਜਿਨ੍ਹਾਂ ਲਈ ਆਰਥਿਕ ਮਸਲਾ ਕੋਈ ਮਸਲਾ ਨਹੀਂ ਹੁੰਦਾ। ਪੜ੍ਹੀਆਂ ਲਿਖੀਆਂ ਤੇ ਸ੍ਵੈ-ਨਿਰਭਰ ਹੋਣ ਕਰਕੇ ਸਰੀਰਕ ਤੇ ਸਮਾਜਿਕ ਲੋੜਾਂ ਨੂੰ ਪੂਰੀਆਂ ਕਰਨ ਲਈ ਇਨ੍ਹਾਂ ਕੋਲ ਵਿਹਲ ਹੈ। ਉਹ ਔਰਤ ਤੇ ਮਰਦ ਨੂੰ ਇਕ ਵਸਤੂ ਵਜੋਂ ਪੇਸ਼ ਕਰਦੀ ਹੈ। ਅੰਮ੍ਰਿਤਾ ਪ੍ਰੀਤਮ ਦੇ ਨਾਵਲਾਂ ਵਿਚ ਜਿਹੜੀ ਔਰਤ ਪੇਸ਼ ਹੁੰਦੀ ਹੈ ਉਹ ਵਧੇਰੇ ਕਰਕੇ ਪ੍ਰੇਮਿਕਾ ਦੇ ਤੌਰ 'ਤੇ ਪੇਸ਼ ਹੁੰਦੀ ਹੈ। ਜਿਸ ਕਰਕੇ ਉਹਦਾ ਵਿਹਾਰ ਬਿਲਕੁੱਲ ਵੱਖਰੀ ਤਰ੍ਹਾਂ ਦਾ ਪੇਸ਼ ਹੁੰਦਾ ਹੈ। ਨਾਵਲ 'ਡਾਕਟਰ ਦੇਵ' ਵਿਚ ਜਿਹੜੀ ਨਾਇਕਾ ਮਮਤਾ ਹੈ, ਉਹ ਮਾਂ ਬਾਪ ਤੋਂ ਬਾਹਰੀ ਹੋ ਕੇ ਦੇਵ ਨਾਲ ਵਿਆਹ ਕਰਵਾਉਂਦੀ ਹੈ। 'ਇਕ ਸੀ ਅਨੀਤਾ' ਨਾਵਲ ਵਿਚ ਅਨੀਤਾ, ਸਾਗਰ ਤੇ ਇਕਬਾਲ ਨਾਲ ਪ੍ਰੇਮਿਕਾ ਦੇ ਤੌਰ ਤੇ ਨਾਵਲ ਵਿਚ ਵਿਚਰਦੀ ਹੈ। ਇਕਬਾਲ ਨਾਲ ਸੰਬੰਧ ਬਣਾ ਲੈਂਦੀ ਹੈ। 'ਧਰਤੀ ਸਾਗਰ ਤੇ ਸਿੱਪੀਆਂ' ਵਿਚ ਵੀ ਨਾਇਕਾ ਸਮਾਜਿਕ ਨੈਤਿਕਤਾ ਨੂੰ ਤੋੜ ਕੇ ਆਪਣੇ ਪ੍ਰੇਮੀ ਨਾਲ ਸਬੰਧ ਬਣਾ ਲੈਂਦੀ ਹੈ। 'ਚੱਕ ਨੰਬਰ ਛੱਤੀ' ਦੀ ਨਾਇਕਾ ਵੀ ਆਪਣੇ ਪ੍ਰੇਮੀ ਨੂੰ ਪ੍ਰਾਪਤ ਕਰਨ ਲਈ ਨੈਤਿਕਤਾ ਦੀ ਹੱਦ ਪਾਰ ਕਰਦੀ ਹੈ। 'ਪਿੰਜ਼ਰ' ਉਸ ਦਾ ਵੱਖਰੀ ਭਾਂਤ ਦਾ ਨਾਵਲ ਹੈ। ਨਾਇਕਾ ਪੂਰੋ ਦੀ ਤ੍ਰਾਸਦਿਕ ਹਾਲਤ ਅੰਮ੍ਰਿਤਾ ਨੇ ਸਮਾਜਿਕ ਪ੍ਰਸੰਗ ਵਿਚ ਪੇਸ਼ ਕੀਤੀ ਹੈ।

ਅਜੀਤ ਕੌਰ ਆਪਣੇ ਨਾਵਲ 'ਧੁੱਪ ਵਾਲਾ ਸ਼ਹਿਰ' ਤੇ 'ਫਾਲਤੂ ਔਰਤ' ਵਿਚ ਸ਼ਹਿਰੀ ਔਰਤ ਦੀ ਮਾਨਸਿਕ ਅਵਸਥਾ ਨੂੰ ਬੇਬਾਕ ਤਰੀਕੇ ਨਾਲ ਪੇਸ਼ ਕਰਦੀ ਹੈ। ਚੰਦਨ ਨੇਗੀ 'ਕਲਰ ਕੇਰੀ ਛਪੜੀ' ਰਾਹੀਂ ਨਾਵਲ ਦੇ ਖੇਤਰ ਵਿਚ ਚਰਚਾ ਵਿਚ ਆਉਂਦੀ ਹੈ। ਜਿਸ ਵਿਚ ਇਕ ਗਲੀ ਨੂੰ ਕੇਂਦਰ ਬਣਾ ਕੇ ਮੱਧ ਵਰਗੀ ਮਾਨਸਿਕਤਾ ਨੂੰ ਚਿੱਤਰਦੀ ਹੈ। ਜਿਸ ਵਿਚ ਹਰ ਧਰਮ ਤੇ ਜਾਤ ਦੇ ਨੀਵੇਂ ਉੱਚੇ ਲੋਕ ਰਹਿੰਦੇ ਹਨ। ਉਨ੍ਹਾਂ ਦੇ ਸਮਾਜਿਕ ਕਲਚਰ ਨੂੰ ਪੇਸ਼ ਕਰਨਾ ਹੀ ਨੇਗੀ ਦਾ ਗੁਣ ਹੈ।

ਸੁਰਿੰਦਰ ਨੀਰ ਦੇ ਦੋ ਨਾਵਲ 'ਸ਼ਿਕਾਰਗਾਹ' ਤੇ 'ਮਾਇਆ' ਨੇ ਵੀ ਬੌਧਿਕ ਹਲਕਿਆਂ ਦਾ ਧਿਆਨ ਖਿੱਚਿਆ ਹੈ। 'ਸ਼ਿਕਾਰਗਾਹ' ਕਸ਼ਮੀਰ ਦੇ ਇਕ ਪਿੰਡ ਵਿਚ ਰਹਿ ਰਹੇ ਘੱਟ ਗਿਣਤੀ ਸਿੱਖ ਤੇ ਮੁਸਲਮਾਨ ਦੇ ਸਮਾਜਿਕ ਤੇ ਸਭਿਆਚਾਰਕ ਤਣਾਓ ਦੀ ਤੰਦ ਨੂੰ ਫੜਿਆ ਗਿਆ ਹੈ। ਪਰ ਕੇਂਦਰ ਵਿਚ ਸਿੱਖ ਪਛਾਣ ਦਾ ਸੰਕਟ ਰਹਿੰਦਾ ਹੈ।

ਪੰਜਾਬੀ ਦੇ ਬਾਕੀ ਨਾਵਲ ਇਨ੍ਹਾਂ ਨਾਵਲਾਂ ਦੇ ਆਸ ਪਾਸ ਘੁੰਮਦੇ ਹਨ। ਬਹੁਤ ਸਾਰੇ ਨਾਵਲਾਂ ਵਿਚ ਪੇਤਲਾਪਨ ਬਹੁਤ ਭਾਰੂ ਹੋ ਜਾਂਦਾ ਹੈ। ਨਕਸਲੀ ਲਹਿਰ ਦੌਰਾਨ ਲਿਖੇ ਬਹੁਤੇ ਨਾਵਲ ਸਮੇਂ ਨਾਲ ਅਲੋਪ ਹੋ ਜਾਂਦੇ ਹਨ, ਕੇਵਲ ਪ੍ਰੇਮ ਪ੍ਰਕਾਸ਼ ਦਾ ਨਾਵਲ 'ਦਸਤਾਵੇਜ਼' ਹੀ ਬਚਿਆ ਰਹਿੰਦਾ ਹੈ।

ਬਿਲਕੁੱਲ ਨਵੀਂ ਪੀੜ੍ਹੀ ਦੇ ਦੋ ਨਵਾਲਕਾਰਾਂ ਨੇ ਪਿਛਲੇ ਸਮੇਂ ਵਿਚ ਵਿਸ਼ੇਸ਼ ਧਿਆਨ ਖਿੱਚਿਆ ਹੈ। ਇਨ੍ਹਾਂ ਵਿਚੋਂ ਪਰਗਟ ਸਿੰਘ ਸਤੌਜ ਤੇ ਅਜ਼ੀਜ਼ ਸਰੋਏ ਦਾ ਨਾਂ ਵਿਸ਼ੇਸ਼ ਤੌਰ ਤੇ ਲਿਆ ਜਾ ਸਕਦਾ ਹੈ। ਸਤੌਜ ਦਾ ਨਾਵਲ 'ਤੀਵੀਆਂ' ਜਦੋਂ ਛਪਿਆ ਤਾਂ ਉਸ ਨੇ ਸੂਝਵਾਨ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਔਰਤਾਂ ਉਸ ਦੇ ਨਾਵਲ ਦੇ ਕੇਂਦਰ ਵਿਚ ਰਹਿੰਦੀਆਂ ਹਨ ਜਿਹੜੀਆਂ ਸੰਤਾਲੀ ਵੇਲੇ ਉਧਾਲੀਆਂ ਗਈਆਂ ਤੇ ਦੂਜੀਆਂ ਜੋ ਮੁੱਲ ਦੀਆਂ ਔਰਤਾਂ (ਕੁਦੇਸਣਾ) ਸਨ। ਉਹ ਕਿਵੇਂ ਨਵੇਂ ਸਮਾਜਿਕ



ਸਿਸਟਮ ਵਿਚ ਪੀੜਤ ਹੁੰਦੀਆਂ ਹਨ। ਵਿਸ਼ਵੀਕਰਨ ਦੇ ਦੌਰ ਵਿਚ ਦਿਨੋਂ ਦਿਨ ਮਰ ਰਹੀ ਕਿਸਾਨੀ ਤੇ ਨੌਜਵਾਨ ਪੀੜ੍ਹੀ ਵੀ ਨਾਵਲ ਦਾ ਬਿਰਤਾਂਤ ਬਣਦੀ ਹੈ।


ਅਜ਼ੀਜ਼ ਸਰੋਏ ਬਿਲਕੁੱਲ ਨਵਾਂ ਨਾਵਲਕਾਰ ਹੈ। ਉਸ ਦੇ ਦੋ ਨਾਵਲ 'ਹਨੇਰੀ ਰਾਤ ਦੇ ਜੁਗਨੂੰ' ਤੇ 'ਕੇਹੀ ਵਗੇ ਹਵਾ' ਪੜ੍ਹਨ ਤੇ ਪਤਾ ਲੱਗਾ ਕਿ ਉਹ ਨਵੇਂ ਅਨੁਭਵਾ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕਰਦਾ ਹੈ। ਪਹਿਲੇ ਨਾਵਲ 'ਹਨੇਰੀ ਰਾਤ ਦੇ ਜੁਗਨੂੰ' ਵਿਚ ਉਸ ਨੇ ਦਲਿਤਾਂ ਦੀ ਜ਼ਿੰਦਗੀ ਨੂੰ , ਉਨ੍ਹਾਂ ਦੀਆਂ ਔਰਤਾਂ ਦੀ ਸਥਿਤੀ ਨੂੰ ਸਮਾਜਿਕ ਤਾਣੇ ਬਾਣੇ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਕਿਸਾਨੀ ਤੇ ਦਲਿਤ ਦੀ ਪਿੰਡ ਵਿਚ ਸਥਿਤੀ ਨੂੰ ਇਹ ਨਾਵਲ ਨਵੇਂ ਪ੍ਰਸੰਗਾਂ ਨਾਲ ਫੜਦਾ ਹੈ। ਨਵੇਂ ਨਾਵਲ 'ਕੇਹੀ ਵਗੇ ਹਵਾ' ਰਾਹੀਂ ਵਿਸ਼ਵੀਕਰਨ ਦੇ ਦੌਰ ਵਿਚ ਬਦਲ ਰਹੀ ਪਿੰਡ ਦੀ ਕਿਸਾਨੀ ਅਤੇ ਨੌਜਵਾਨ ਦੀ ਬੇਗਾਨਗੀ ਨਾਵਲ ਵਿਚ ਪੇਸ਼ ਹੋਈ ਹੈ। ਨਰਮਾ ਪੱਟੀ ਵਿਚ ਤੇਜ਼ੀ ਨਾਲ ਫੈਲ ਰਹੇ ਕੈਂਸਰ ਤੇ ਹੋਰ ਲਾਇਲਾਜ਼ ਬਿਮਾਰੀਆਂ ਦੇ ਕਾਰਨਾਂ 'ਤੇ ਉਂਗਲ ਵੀ ਰੱਖੀ ਹੈ। ਪਰ ਸਮਾਜਿਕ ਵਿਕਾਸ ਦੀ ਜਿਹੜੀ ਗਤੀ ਗੁਰਦਿਆਲ ਸਿੰਘ, ਕਰਮਜੀਤ ਕੁੱਸਾ, ਜਸਬੀਰ ਮੰਡ ਤੇ ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਮਿਲਦੀ ਹੈ, ਉਹ ਗਤੀ ਬਹੁਤ ਮੱਧਮ ਹੈ।

ਅੱਜ ਦਾ ਸਮਾਂ ਨਾਵਲ ਦਾ ਸਮਾਂ ਹੈ। ਮਨੁੱਖੀ ਜ਼ਿੰਦਗੀ ਪਹਿਲਾਂ ਨਾਲੋਂ ਵੱਧ ਗੁੰਝਲਦਾਰ ਹੋਈ ਜਾ ਰਹੀ ਹੈ। ਜਿਸ ਨਾਵਲਕਾਰ ਦਾ ਅਨੁਭਵ ਅੰਬਰ ਜਿੰਨਾ ਵਿਸ਼ਾਲ ਤੇ ਵੱਡਾ ਹੋਵੇਗਾ, ਉਹ ਹੀ ਚੰਗਾ ਨਾਵਲ ਲਿਖ ਸਕਣ ਦੇ ਸਮਰੱਥ ਹੋਵੇਗਾ। ਪੰਜਾਬੀ ਦਾ ਨਾਵਲ ਭਾਰਤੀ ਪੱਧਰ ਤੇ ਉਹੀ ਪਹੁੰਚੇਗਾ ਜਿਸ ਵਿਚ ਭਾਰਤੀ ਮਨੁੱਖ ਦੀ ਪੀੜਾ ਤੇ ਮੁਕਤੀ ਦੀ ਗੱਲ ਸਮਾਜਿਕ, ਇਤਿਹਾਸਕ ਪਰਿਪੇਖ ਵਿਚ ਹੋਵੇਗੀ। ਸਾਡੇ ਨਾਵਲ ਨੇ ਅਜੇ ਪਿੰਡ ਤੇ ਕਿਸਾਨੀ ਦੀ ਜਕੜ ਵਿਚੋਂ ਵੀ ਨਿਕਲਣਾ ਹੈ। ਸ਼ਹਿਰੀ ਜ਼ਿੰਦਗੀ ਦੇ ਨਾਵਲ ਅਤੇ ਪੰਜਾਬ ਵਿਚ ਰਹਿ ਰਹੇ ਘੱਟ ਗਿਣਤੀ ਕਬੀਲੇ, ਉਪ ਜਾਤਾਂ ਤੇ ਉਨ੍ਹਾਂ ਦੇ ਸਬ ਕਲਚਰ ਬਾਰੇ ਨਾਵਲ ਆਉਣੇ ਬਾਕੀ ਹਨ। ਪੰਜਾਬੀ ਵਿਚ ਸਟਿਰੀਓ ਟਾਈਪ ਨਾਵਲਾਂ ਦੀ ਗਿਣਤੀ ਵੀ ਬਹੁਤ ਹੈ, ਚਲੋ ਉਹ ਘੱਟੋ ਘੱਟ ਖਾਦ ਦਾ ਕੰਮ ਤਾਂ ਕਰਨਗੇ, ਜਿਸ ਵਿਚੋਂ ਹੋਰ ਚੰਗੇ ਨਾਵਲ ਪੈਦਾ ਹੋਣਗੇ।

ਤਸਕੀਨ ਦੀ ਮਹਿਮਾਨ ਸੰਪਾਦਕੀ ਕਈ ਪਾਠਕਾਂ ਨੂੰ ਹੈਰਾਨ ਤੇ ਪਰੇਸ਼ਾਨ ਕਰੇਗੀ। ਉਸ ਕੋਲੋਂ ਮਹਿਮਾਨ ਸੰਪਾਦਕੀ ਲਿਖਵਾਣੀ ਇਸ ਲਈ ਜ਼ਰੂਰੀ ਹੋ ਗਈ ਕਿਉਂਕਿ 'ਕਹਾਣੀ ਧਾਰਾ' ਵਿਚ ਪ੍ਰਕਾਸ਼ਤ ਨਾਵਲਕਾਰਾਂ ਦੀ 'ਸਿਰਜਣ ਪ੍ਰਕਿਰਿਆ' ਤੇ ਉਨ੍ਹਾਂ ਦੇ ਨਾਵਲ ਨੂੰ ਪੜ੍ਹਨ ਤੋਂ ਪਹਿਲਾਂ ਪਾਠਕਾਂ ਦੀ ਸਿਧਾਂਤਕ ਸਮਝ ਬਣਨੀ ਬਹੁਤ ਜ਼ਰੂਰੀ ਹੈ। ਸਿਧਾਂਤਕ ਸਮਝ ਨਾਲ ਹੀ ਪਾਠਕ ਨਿਰਣਾ ਲੈ ਸਕਦੇ ਹਨ ਕਿ ਨਾਵਲਕਾਰ ਜਿਹੜੀਆਂ ਗੱਲਾਂ ਆਪਣੀ 'ਸਿਰਜਣ ਪ੍ਰਕਿਰਿਆ' ਵਿਚ ਕਹਿੰਦਾ ਹੈ, ਆਪਣੇ ਨਾਵਲਾਂ ਦੇ ਗੁਣਾਂ ਬਾਰੇ ਚਰਚਾ ਕਰਦਾ ਹੈ ਉਹ ਅਸਲ ਵਿਚ ਨਾਵਲ ਦੇ ਬਿਰਤਾਂਤ 'ਚ ਹੈ ਜਾਂ ਨਹੀਂ। ਤਸਕੀਨ ਦੀ ਲਿਖਤ ਨਾਲ ਸਿਧਾਂਤਕ ਸੰਵਾਦ ਤੁਰੇਗਾ। ਉਨ੍ਹਾਂ ਕਾਰਨਾਂ ਬਾਰੇ ਵੀ ਸੋਚਣਾ ਪਵੇਗਾ ਜਿਸ ਕਰਕੇ ਨਾਵਲ ਰੱਦ ਹੁੰਦੇ ਹਨ।

ਪਰਚੇ ਵਿਚ ਨਾਵਲ ਬਾਰੇ ਵਿਚਾਰ ਚਰਚਾ, ਮੁਲਾਕਾਤਾਂ ਅਤੇ ਨਾਵਲ ਦੇ ਚਿੰਤਨ ਨੂੰ ਤੋਰਦੇ ਲੇਖ ਅਤੇ ਕੁਝ ਨਵੇਂ ਨਾਵਲਾਂ ਬਾਰੇ ਲੇਖ ਸੰਵਾਦ ਤੋਰਨ ਦੀ ਅਗਲੀ ਕੜੀ ਹੈ। 'ਵਿਚਾਰ ਚਰਚਾ' ਵਿਚ ਡਾ. ਜੋਗਿੰਦਰ ਰਾਹੀ, ਟੀ. ਆਰ. ਵਿਨੋਦ ਤੇ ਹੋਰਨਾਂ ਨੇ ਨਾਵਲ ਬਾਰੇ ਬੜੇ ਸਿਧਾਂਤਕੀ ਨੁਕਤੇ ਉਭਾਰੇ ਹਨ। ਇਹ ਚਰਚਾ ਪਹਿਲੀ ਵਾਰ ਪੰਜਾਬੀ ਵਿਚ ਛਪ ਰਹੀ ਹੈ। ਪਾਠਕਾਂ ਨੂੰ ਚੇਤੇ ਹੋਵੇਗਾ ਕਿ 'ਕਹਾਣੀ ਧਾਰਾ' ਇਸ ਤੋਂ ਪਹਿਲਾਂ ਨਾਵਲ ਤੇ ਕੇਂਦਰਿਤ ਦੋ ਵਿਸ਼ੇਸ਼ ਅੰਕ 2008 ਤੇ 2013 ਵਿਚ ਪ੍ਰਕਾਸ਼ਿਤ ਕਰ ਚੁੱਕਾ ਹੈ। ਇਹ ਸਾਡਾ ਤੀਜਾ ਵਿਸ਼ੇਸ਼ ਅੰਕ ਹੈ। ਮੈਨੂੰ ਆਸ ਹੈ ਪਾਠਕ, ਨਾਵਲਕਾਰ ਤੇ ਚਿੰਤਕ ਪੰਜਾਬੀ ਨਾਵਲ ਤੇ ਸੰਵਾਦ ਤੋਰਨਗੇ।✚

















# ਸਮਕਾਲੀ ਨਾਵਲੀ ਦ੍ਰਿਸ਼


*ਨਾਵਲ ਦੇ ਪਾਤਰ ਲੇਖਕ ਦੀ ਵਾਸਤਵ ਉੱਤੇ ਆਧਾਰਿਤ ਕਲਪਨਾ ਦੀ ਕਿਰਤ ਹੁੰਦੇ ਹਨ, ਅਨੁਭਵ ਵਿਚ ਆਏ ਹਮਾ-ਤੁਮਾਂ ਜਾਂ ਉਨ੍ਹਾਂ ਦਾ ਮਿਲਗੋਭਾ ਨਹੀਂ। ਜੇ ਇਉਂ ਨਾ ਹੋਵੇ ਤਾਂ ਲੇਖਕ ਸੰਭਾਵਨਾ ਦੇ ਰੁਖ਼ ਆਈ ਸ਼ਖ਼ਸੀਅਤ ਨੂੰ ਪੇਸ਼ ਹੀ ਨਾ ਕਰ ਸਕੇ। ਸੰਭਾਵਨਾ ਦੇ ਰੁਖ਼ ਆਈ ਸ਼ਖ਼ਸੀਅਤ ਤੋਂ ਸਾਡਾ ਭਾਵ ਇਹ ਹੈ ਕਿ ਅਜਿਹੀ ਸ਼ਖ਼ਸੀਅਤ ਭਾਵੇਂ ਪੈਦਾ ਨਹੀਂ ਹੋਈ ਪਰ ਇਸਦੇ ਪੈਦਾ ਹੋਣ ਦੀ ਸੰਭਾਵਨਾ ਉਪਜ ਚੁੱਕੀ ਹੈ ਅਤੇ ਇਹ ਪੈਦਾ ਹੋ ਕੇ ਹੀ ਰਹੇਗੀ, ਕਿਉਂਕਿ ਸਮਾਜ ਜਿਸ ਪੜਾ ਤੇ ਪਹੁੰਚ ਚੁੱਕਾ ਹੈ, ਉਸ ਦਾ ਇਹ ਤਕਾਜ਼ਾ ਹੈ। ਲੇਖਕ ਇਸ ਸੰਭਾਵਿਤ ਸ਼ਖ਼ਸੀਅਤ ਨੂੰ, ਜਿਸ ਨੇ ਸਾਕਾਰ ਹੋਣਾ ਹੈ ਅਤੇ ਮਨੁੱਖੀ ਭਵਿੱਖ ਦੀ ਉਸਾਰੀ ਕਰਨੀ ਹੈ, ਪੇਸ਼ ਕਰ ਹੀ ਨਹੀਂ ਸਕਦਾ ਜੇ ਉਹ ਪਾਤਰਾਂ ਦੀ ਸਿਰਜਨਾ ਵਿਚ ਕਲਪਨਾ ਤੋਂ ਕੰਮ ਨਾ ਲਵੇ।*


***-ਡਾ. ਟੀ. ਆਰ. ਵਿਨੋਦ***












# ਪੰਜਾਬੀ ਨਾਵਲ ਦਾ ਲੋਕਤੰਤਰ


***(ਇਹ ਵਿਚਾਰ ਚਰਚਾ 2010 ਤੋਂ ਪਹਿਲਾਂ ਕੀਤੀ ਗਈ ਜੋ ਹਿੰਦੀ ਵਿਚ ਛਪੀ ਅਤੇ ਪੰਜਾਬੀ ਵਿਚ ਪਹਿਲੀ ਵਾਰ 'ਕਹਾਣੀ ਧਾਰਾ' 'ਚ ਛਪ ਰਹੀ ਹੈ।)***


***ਵਿਚਾਰ ਚਰਚਾ ਵਿਚ ਹਿੱਸਾ ਲੈਣ ਵਾਲੇ-ਜੋਗਿੰਦਰ ਸਿੰਘ ਰਾਹੀ, ਟੀ. ਆਰ. ਵਿਨੋਦ, ਸੁਰਿੰਦਰ ਕੁਮਾਰ ਦਵੇਸ਼ਵਰ, ਮਿੱਤਰ ਸੈਨ ਮੀਤ, ਦਰਸ਼ਨ ਸਿੰਘ ਗਿੱਲ, ਸੂਤਰਧਾਰ-ਵਿਨੋਦ ਸ਼ਾਹੀ***

**ਵਿਨੋਦ ਸ਼ਾਹੀ**-ਸਮਾਜ-ਰਾਜਨੀਤਿਕ ਨੁਕਤੇਨਿਗਾਹ ਤੋਂ ਜੇਕਰ ਭਾਰਤ ਦੀ ਸਾਹਿਤਕ ਰਚਨਾ ਸ਼ੀਲਤਾ ਦੇ ਇਤਿਹਾਸ ਦਾ ਲੇਖਾ ਜੋਖਾ ਕੀਤਾ ਜਾਏ, ਤਾਂ ਇਹ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਨਾਵਲ ਹੁਣ ਤੱਕ ਦੀ ਸਭ ਤੋਂ ਵਧੇਰੇ ਜਨਤੰਤਰਕ ਵਿਧਾ ਹੈ। ਭਾਰਤ ਵਿਚ ਜਨਤੰਤਰ ਅਤੇ ਨਾਵਲ ਦੋਹਾਂ ਦੇ ਵਿਕਾਸ ਦਾ ਗ੍ਰਾਫ਼ ਐਨਾ ਨਜ਼ਦੀਕੀ ਰੇਖਾਵਾਂ 'ਚ ਅੱਗੇ ਵੱਧਦਾ ਹੈ ਕਿ ਦੋਹਾਂ 'ਚ ਫਰਕ ਕਰਨਾ ਬਹੁਤ ਸੌਖਾ ਜਾਂ ਮੁਮਕਿਨ ਨਹੀਂ ਲਗਦਾ। ਪ੍ਰੰਤੂ ਅੰਗਰੇਜ਼ ਕਲੀਨ ਜਨਤੰਤਰ ਦਾ ਸਰੂਪ ਬਸਤੀਵਾਦੀ ਅਤੇ ਦਮਨਕਾਰੀ ਹੋਣ ਦੇ ਕਾਰਨ, 'ਵਿਵਸਥਾ' ਦੀ ਬਜਾਇ 'ਪ੍ਰਤਿਰੋਧ' ਦੀ ਜ਼ਮੀਨ ਤਿਆਰ ਕਰਦਾ ਹੈ। ਜਨਤੰਤਰ ਦੀ ਆਮਦ ਦੇ ਸਮਾਨੰਤਰ, ਭਾਰਤ ਦੀ ਰਚਨਾ ਸ਼ੀਲਤਾ, ਮੱਧ ਅਤੇ ਨਿਮਨ ਵਰਗ ਦੀ ਆਵਾਜ਼ ਨੂੰ ਨਾਵਲਾਂ ਦੀ ਪੂਰੀ ਸਮਾਂਨੰਤਰ ਸ਼ਕਲ ਜ਼ਰੂਰ ਦਿੰਦੀ ਹੈ, ਪ੍ਰੰਤੂ ਉਥੇ ਨਹੀਂ ਸਤਾ-ਵਿਵਸਥਾ ਦੀ ਇਸ ਲੋਕਤੰਤਰਕ ਹਮਦਰਦੀ ਦਾ ਭਾਵ ਵੀ ਮੌਜੂਦ ਰਹਿੰਦਾ ਹੈ। ਇਸ ਲਿਹਾਜ਼ ਤੋਂ ਦੇਖਿਆ ਜਾਵੇ ਤਾਂ ਭਾਰਤੀ ਨਾਵਲ ਦੀ ਖ਼ੂਬੀ ਜਿੱਥੇ ਇਕ ਪਾਸੇ ਉਸਦੇ 'ਪ੍ਰਤਿਰੋਧੀ ਸੁਰ' ਤੋਂ ਪ੍ਰਗਟ ਹੁੰਦੀ ਹੈ, ਉਥੇ ਮੱਧਵਰਗ ਦੀ ਬਜਾਇ ਨਿਮਨ ਮੱਧ ਵਰਗ ਅਤੇ ਨਿਮਨ ਤੇ ਸਮੰਤੀ ਵਰਗ ਦੇ ਉਭਾਰ ਤੋਂ ਵਧੇਰੇ ਲਗਾਓ ਦੇ ਕਾਰਨ ਵਧੇਰੇ 'ਪ੍ਰਗਤੀਸ਼ੀਲ' ਹੋ ਸਕਣ ਦੀ ਸੰਭਾਵਨਾ 'ਚ ਵੀ ਦਿਖਾਈ ਦਿੰਦਾ ਹੈ। ਫਿਰ ਪੰਜਾਬੀ ਨਾਵਲ 'ਚ ਇਸ ਭਾਰਤੀ ਜ਼ਮੀਨ ਨੂੰ ਥੋੜ੍ਹੀ ਵੱਖਰੀ ਤਸੀਰ ਅਤੇ ਰੰਗਤ ਨੂੰ ਪਹਿਚਾਨਣ ਦਾ ਸਵਾਲ ਪੈਦਾ ਹੁੰਦਾ ਹੈ। ਭਾਵੇਂ ਕਿ ਮੂਲ ਢਾਂਚਾ ਪੂਰੇ ਭਾਰਤੀ ਨਾਵਲ ਦਾ ਉਹੀ ਹੈ, ਪ੍ਰੰਤੂ ਇਹ ਪ੍ਰਤਿਰੋਧ ਮੂਲਕਤਾ ਅਤੇ ਪ੍ਰਗਤੀਸ਼ੀਲਤਾ ਪੂਰਬ 'ਚ ਬੰਗਾਲ, ਅਸਾਮ ਦੇ ਨਾਵਲਾਂ ਵਿਚ ਵਧੇਰੇ ਕਰਕੇ ਕੇਂਦਰਿਤ ਰੂਪ ਲੈਂਦੀ ਹੈ। ਤਾਂ ਪੱਛਮ 'ਚ ਉਹ ਕਬੀਲਾ ਪਿੱਛ ਭੂਮੀ ਦੇ ਵਧੇਰੇ ਮਜਬੂਤ ਹੋਣ ਤੋਂ ਕਰਮ ਪ੍ਰਬੰਧ ਅਤੇ ਪ੍ਰਕ੍ਰਿਤਕ ਸੰਸਕਾਰ-ਵਿਵਸਥਾ ਨਾਲ ਤੁਰਦੀ ਨਜ਼ਰ ਆਉਂਦੀ ਹੈ। ਦੱਖਣ ਦਾ ਨਾਵਲ ਇਸ ਸੰਸਕਾਰ ਭੂਮੀ ਨੂੰ ਗਿਆਨ ਦੇ ਸਰੋਤਾਂ ਨਾਲ ਫੜਦਾ ਹੈ ਤਾਂ ਉੱਤਰ, ਵਧੇਰੇ ਸਰਧਾ ਮੂਲਕ ਢੰਗ ਨਾਲ। ਇਹ ਪੰਜਾਬ ਪੱਛਮ-ਉੱਤਰ ਦਾ ਪ੍ਰਾਂਤ ਹੋਣ ਦੇ ਕਾਰਨ ਕਰਮ ਅਤੇ ਅਸਥਾ ਦੇ ਆਪਸੀ ਰਿਸ਼ਤੇ ਤੋਂ ਪੈਦਾ ਹੋਣ ਵਾਲੇ ਦਵੰਧ 'ਚ ਝੂਲਦਾ ਪ੍ਰਦੇਸ਼ ਪ੍ਰਤੀਤ ਹੁੰਦਾ ਹੈ। ਕਰਮ ਮੂਲਕਤਾ ਪੰਜਾਬ ਨੂੰ ਸੱਤਾ









ਵਿਵਸਥਾ ਦੇ ਨਾਲ ਰੈਡਿਕਲ ਸੰਘਰਸ਼ ਦੇ ਵੱਲ ਤੋਰਦੀ ਹੈ ਅਤੇ ਆਸਥਾ ਬਦਲਾਓ ਦੀ ਵਿਵਸਥਾ ਨੂੰ ਨੀਤੀਮੂਲਕ ਨੈਤਿਕਤਾ ਦੇ ਸਵਾਲਾਂ 'ਚ ਉਲਝਾ ਦਿੰਦੀ ਹੈ।


ਇਸ ਲਈ ਪੰਜਾਬੀ ਦੇ ਨਾਵਲ ਦੇ ਉਭਾਰ ਨਾਲ ਦੋ ਪੜ੍ਹਾ ਸਾਹਮਣੇ ਆਉਂਦੇ ਹਨ। ਪਹਿਲਾ ਪੜ੍ਹਾ ਨਾਨਕ ਸਿੰਘ ਅਤੇ ਉਸਦੀ ਧਾਰਾ ਦੇ ਆਸ ਪਾਸ ਕੇਂਦ੍ਰਿਤ ਹੈ ਅਤੇ ਦੂਜਾ ਗੁਰਦਿਆਲ ਸਿੰਘ ਦੇ ਆਸ-ਪਾਸ ਦਾ ਹੈ। ਇਨ੍ਹਾਂ ਦੋਹਾਂ ਮਹਾਨ ਨਾਵਲਕਾਰਾਂ 'ਚ ਫਰਕ ਇਹ ਹੈ ਕਿ ਜਿੱਥੇ ਨਾਨਕ ਸਿੰਘ ਦੇ ਨਿਮਨ ਅਤੇ ਨਿਮਨ ਮੱਧ ਵਰਗ ਸਥਿਤੀਆਂ ਜਾਂ ਵਿਵਸਥਾ ਦੇ ਅੰਦਰੋਂ ਜਨਮ ਲੈਂਦੀ ਬੇਵਸ ਪ੍ਰਸਥਿਤੀਆਂ (ਜਾਂ ਹਲਾਤ) ਦਾ ਹਾਲ ਅਤੇ ਬਦਲ ਨੈਤਿਕ ਦਵੰਧ ਦੀ ਧਰਾਤਲ ਉੱਤੇ ਲੱਭਿਆ ਜਾਂਦਾ ਹੈ, ਉਥੇ ਗੁਰਦਿਆਲ ਸਿੰਘ ਦਾ ਵਿਸ਼ੇਸ਼ ਤੌਰ ਤੇ ਨਿਮਨ ਵਰਗ ਦੇ ਅੰਦਰੋਂ ਪੈਦਾ ਹੋਇਆ ਵਿਸ਼ਵ ਗਿਆਨ, ਹਾਲਾਤ ਦੇ ਅੰਤਰ ਵਿਰੋਧਾ ਦੇ ਅਸਤਿਤਵ ਦੇ ਗਹਿਰੇ ਸਵਾਲਾਂ ਦੇ ਰੂ ਬ ਰੂ ਵੀ ਖੜਾ ਕਰਦਾ ਹੈ। ਹਾਲਾਕਿ ਪੰਜਾਬ ਦੀ ਮੂਲਚੇਤਨਾ ਦੇ ਕਰਮ ਪ੍ਰਧਾਨ ਹੋਣ ਦੀ ਵਜ੍ਹਾ ਕਾਰਨ ਇਹ ਦੋਵੇਂ ਹੀ ਨਾਵਲਕਾਰ ਸਮਾਂਤਰ ਰੂਪ ਵਿਚ ਵਿਵਸਥਾ ਦੇ ਪ੍ਰਤੀ ਵਿਦਰੋਹ ਭਾਵ ਵਾਲੇ ਪਾਤਰਾਂ ਨੂੰ ਉਸਾਰਨ ਦੀ ਜ਼ਰੂਰਤ ਮਹਿਸੂਸ ਕਰਦੇ ਰਹਿੰਦੇ ਹਨ। ਨਾਨਕ ਸਿੰਘ ਦੇ ਇਥੇ ਪਾਤਰ ਇਤਿਹਾਸ ਵਿਚੋਂ ਵੀ ਆਉਂਦੇ ਹਨ ਸਮਕਾਲ ਵਿਚੋਂ ਵੀ, ਅੰਤ ਉਨ੍ਹਾਂ ਦਾ ਹੱਤਿਆ ਜਾਂ ਆਤਮਹੱਤਿਆ 'ਚ ਹੁੰਦਾ ਹੈ। ਗੁਰਦਿਆਲ ਸਿੰਘ ਇਸ ਤਲਾਸ਼ 'ਚ ਅਮੂਮਨ ਕਬੀਲਾਈ ਚੇਤਨਾ 'ਚ ਜਾਂ ਲੋਕਧਾਰਾ 'ਚ ਉਤਰਦੇ ਹਨ, ਪ੍ਰੰਤੂ ਇਸ ਚੇਤਨਾ ਦੇ ਵਿਚਾਰਧਾਰਾਈ ਰੂਪਾਂ ਦਾ ਨਤੀਜਾ ਉਸਦੇ ਨਾਵਲਾਂ ਵਿਚ ਵੀ ਤ੍ਰਸਦਿਕ ਹੀ ਹੈ। ਇਨ੍ਹਾਂ ਦੋਹਾਂ ਨਾਵਲਕਾਰਾਂ ਤੋਂ ਇਲਾਵਾ ਸਾਇਦ ਹੀ ਕੋਈ ਲੇਖਕ ਅਜਿਹਾ ਹੈ ਜਿਹੜਾ ਯਥਾਰਥ ਦੀ ਸਤਾ ਦਾ ਰਹੱਸ ਪਾ ਕੇ ਐਨਾ ਗਹਿਰਾ ਜਾ ਸਕਿਆ ਹੈ, ਹਾਲਾਂਕਿ ਉਥੇ 'ਸੱਤਾ ਉੱਤੇ ਦੀਆਂ ਸੰਭਾਵਨਾ' ਬਹੁਤਿਆਂ 'ਚ ਜ਼ਰੂਰ ਦੇਖੀ ਦਿਖਾਈ ਜਾ ਸਕਦੀ ਹੈ।

ਇਹੀ ਕਾਰਨ ਹੈ ਕਿ ਮੌਜੂਦਾ ਵਿਚਾਰ ਚਰਚਾ ਦੇ ਲਈ ਮੂਲ ਪ੍ਰੇਰਨਾ ਗੁਰਦਿਆਲ ਸਿੰਘ ਬਣ ਸਕੇ। ਉਨ੍ਹਾਂ ਦੀ ਸਲਾਹ ਉੱਤੇ ਪੰਜਾਬੀ ਦੇ ਦਸ ਬਾਰਾਂ ਐਪਕ ਨਾਵਲ ਦੀ ਇਕ ਸੂਚੀ ਬਣਾਈ ਜਾ ਸਕੀ ਹੈ, ਤਾਂ ਕਿ ਪੰਜਾਬੀ ਨਾਵਲ ਦੇ ਰਾਹੀਂ ਇਸ ਖੇਤਰ ਦੇ ਸਮਾਜ-ਰਾਜਨੀਤਿਕ ਯਥਾਰਥ ਦੇ ਮੂਲ ਚ੍ਰਤਿਰ ਨੂੰ ਸਮਝਣ ਦੇ ਲਈ ਇਨ੍ਹਾਂ ਦੀ ਸਹਾਇਤਾ ਲਈ ਜਾ ਸਕੇ। ਭਾਵ ਕਿ ਇਸ ਵਿਚਾਰ ਚਰਚਾ ਨੂੰ ਇਕ ਝਰੋਖੇ ਦੇ ਵਾਂਗ ਗ੍ਰਹਿਣ ਕਰਨਾ ਵਧੇਰੇ ਉਚਿਤ ਹੋਵੇਗਾ, ਤਾਂ ਕਿ ਉਥੋਂ ਇਕ ਪੂਰੇ ਆਕਾਸ਼ ਨੂੰ ਦੇਖ ਸਕਣ ਦੀ ਸੰਭਾਵਨਾ ਤੱਕ ਪਹੁੰਚਿਆ ਜਾ ਸਕੇ।

## ਪੰਜਾਬੀ ਦੇ ਬਾਰਾਂ ਚਰਚਿਤ ਨਾਵਲ ਇਕ ਜਾਣਕਾਰੀ ਪੇਸ਼ਕਾਰ/-ਟੀ. ਆਰ. ਵਿਨੋਦ

**1. ਪਵਿੱਤਰ ਪਾਪੀ-** ਇਹ ਨਾਵਲ 38 ਮੌਲਿਕ ਨਾਵਲਾਂ ਦੇ ਲੇਖਕ ਨਾਨਕ ਸਿੰਘ ਦਾ ਉੱਤਮ ਨਾਵਲਾਂ ਵਿਚੋਂ ਇਕ ਹੈ। ਇਸ ਨਾਵਲ ਦੀ ਕਹਾਣੀ ਇਕ ਗਰੀਬ ਅਤੇ ਬੇਰੁਜਗਾਰ, ਪ੍ਰੰਤੂ ਬੀ. ਏ. ਪਾਸ ਅਤੇ ਘੜੀ ਸਾਜ਼ ਦੇ ਕੰਮ ਵਿਚ ਕੁਸ਼ਲ ਵਿਅਕਤੀ ਕੇਦਾਰ ਦੇ ਕਰੁਣਾ ਮਈ ਜੀਵਨ ਦੇ ਇਰਦ ਗਿਰਦ ਘੁੰਮਦੀ ਹੈ। ਰੋਟੀ ਦੀ ਤਲਾਸ਼ ਵਿਚ ਉਹ ਰਾਵਲ ਪਿੰਡੀ ਸ਼ਹਿਰ 'ਚ ਘੜੀਆਂ ਵੇਚਣ ਵਾਲੀ ਦੁਕਾਨ ਅਤਰ ਸਿੰਘ ਦੀ










ਦੁਕਾਨ ਉੱਤੇ ਪਹੁੰਚਦਾ ਹੈ। ਵਧੇਰੇ ਗਿਆਨੀ ਹੋਣ ਦੇ ਕਾਰਨ ਅਤਰ ਸਿੰਘ ਆਪਣੇ ਪੁਰਾਣੇ ਨੌਕਰ ਪੰਨਾ ਲਾਲ ਦੀ ਥਾਂ ਉਸ ਨੂੰ ਰੱਖ ਲੈਂਦਾ ਹੈ। ਪੰਨਾ ਲਾਲ ਦੀ ਹਾਲਤ ਨੂੰ ਦੇਖ ਕੇ ਕੇਦਾਰ ਨਾਥ ਦਾ ਸੰਵੇਦਨਸ਼ੀਲ ਮਨ ਦਰਦ ਨਾਲ ਭਰ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਪਾਪੀ ਸਮਝਣ ਲੱਗ ਪੈਂਦਾ ਹੈ। ਇਸ ਪਾਪ ਤੋਂ ਮੁਕਤ ਹੋਣ ਦੇ ਲਈ ਉਹ ਘਰ ਛੱਡ ਕੇ ਚਲੇ ਜਾਂਦਾ ਹੈ ਤੇ ਪੰਨਾ ਲਾਲ ਦੇ ਘਰ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲੈਂਦਾ ਹੈ। ਇਸ ਜ਼ਿੰਮੇਵਾਰੀ ਨੂੰ ਨਿਭਾਣ ਦੇ ਲਈ ਉਹ ਝੂਠ ਬੋਲਦਾ ਹੈ। ਆਪਣੇ ਸਵਾਮੀ ਨਾਲ ਬੇਇਮਾਨੀ ਕਰਦਾ ਹੈ। ਅਤੇ ਪੰਨਾ ਲਾਲ ਦੇ ਵਲੋਂ ਆਉਣ ਵਾਲੀ ਚਿੱਠੀ ਨੂੰ ਖੁਦ ਹੀ ਲਿਖ ਕੇ ਘਰ ਵਾਲਿਆਂ ਨੂੰ ਸੁਣਾ ਤਸੱਲੀ ਦਿੰਦਾ ਰਹਿੰਦਾ ਹੈ। ਇਸ ਦੌਰਾਨ ਉਹ ਪੰਨਾ ਲਾਲ ਦੀ ਬੇਟੀ ਵੀਣਾ ਨਾਲ ਪਿਆਰ ਕਰਨ ਲਗਦਾ ਹੈ, ਪ੍ਰੰਤੂ ਵੀਣਾ ਉਸ ਨੂੰ ਭਰਾ ਸਮਝਦੀ ਹੈ।

ਇਸ ਪ੍ਰਕਾਰ ਉਹ ਕੁਦਰਤੀ ਕਾਰਨਾਂ ਅਤੇ ਸਮਾਜਿਕ ਸੰਸਕਾਰਾ ਦੇ ਦਵੰਦ ਦਾ ਦੁੱਖ ਝੱਲਣ ਦੇ ਲਈ ਬੇਵੱਸ ਹੋ ਜਾਂਦਾ ਹੈ। ਵੀਣਾ ਦਾ ਵਿਆਹ ਕਿਸੇ ਹੋਰ ਥਾਂ ਕਰਨ ਤੋਂ ਬਾਅਦ ਉਹ ਉਥੋਂ ਭੱਜ ਖੜਾ ਹੁੰਦਾ ਹੈ। ਅਤੇ ਅੰਮ੍ਰਿਤਸਰ ਵਿਚ ਕਮਲ ਦੇ ਨਾਂ ਨਾਲ ਘੜੀਆਂ ਦੀ ਮੁਰੰਮਤ ਕਰਕੇ ਜੋ ਵੀ ਕਮਾਉਂਦਾ ਹੈ, ਉਹ ਵੀਣਾ ਦੀ ਮਾਂ ਨੂੰ ਅਤੇ ਆਪਣੇ ਮਾਲਿਕ ਦਾ ਕਰਜ਼ ਚੁਕਾਉਣ ਦੇ ਲਈ ਭੇਜ ਦਿੰਦਾ ਹੈ। ਇਸ ਦੌਰਾਨ ਵੀਣਾ ਵੀ ਕੇਦਾਰ ਦੇ ਦੁੱਖ ਤੋਂ ਦੁੱਖੀ ਹੋ ਕੇ ਮੌਤ ਦੇ ਮੂੰਹ 'ਚ ਚਲੀ ਜਾਂਦੀ ਹੈ। ਇਹ ਖ਼ਬਰ ਸੁਣ ਕੇ ਕੇਦਾਰ ਵੀ ਉਸੇ ਰਾਤ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦਾ ਹੈ।

ਇਸ ਨਾਵਲ ਦੀ ਪ੍ਰਾਪਤੀ ਕੇਦਾਰ ਦੇ ਮਾਨਸਿਕ ਦਵੰਧ ਦੀ ਕਲਾਤਮਿਕ ਪੇਸ਼ਕਾਰੀ 'ਚ ਹੈ। ਭਾਵਨਾਵਾਂ ਤੇ ਸੰਸਕਾਰਾਂ ਦੇ ਯੁੱਧ 'ਚ ਕੇਦਾਰ ਅਤੇ ਵੀਣਾ ਦੋਵੇਂ ਦੁੱਖੀ ਜੀਵਨ ਬਤੀਤ ਕਰਦੇ ਹੋਏ ਮੌਤ ਦਾ ਕਾਰਨ ਬਣ ਜਾਂਦੇ ਹਨ। ਨਾਵਲ ਐਨਾ ਕਰੁਣਾਮਈ ਹੈ ਕਿ ਮੈਂ ਇਸ ਨੂੰ ਦੂਜੀ ਵਾਰ ਪੜ੍ਹਨ ਦਾ ਜੇਰਾ ਨਾ ਕਰ ਸਕਿਆ ਹਾਲਾ ਕਿ ਇਸ ਨਾਵਲ ਦੇ ਸੰਬੰਧ ਵਿਚ ਬਹੁਤ ਕੁਝ ਪੜ੍ਹਿਆ -ਲਿਖਿਆ ਅਤੇ ਬੋਲਿਆ ਹੈ।

**2. ਨਾਸੂਰ**-ਇਹ ਨਾਵਲ ਵੀ ਨਾਨਕ ਸਿੰਘ ਦੇ ਉਤਮ ਨਾਵਲਾਂ ਵਿਚੋਂ ਇਕ ਹੈ। ਜਿਹੜਾ ਕਿ ਚੇਤੂ ਰਾਮ ਦੇ ਮੁਜ਼ਾਰੇ ਦੇ ਦੁੱਖ ਭਰੇ ਜੀਵਨ ਦੀ ਕਥਾ ਹੈ। ਪਿੰਡ ਦੇ ਜ਼ਿੰਮੀਦਾਰ ਦਾ ਇਕ ਰਿਸ਼ਤੇਦਾਰ ਉਸਦੀ ਪਤਨੀ ਨੂੰ ਭਜਾ ਕੇ ਲੈ ਜਾਂਦਾ ਹੈ ਅਤੇ ਉਸ ਨੂੰ ਜਿਸਮ ਫਰੋਸ਼ੀ ਦੇ ਧੰਦੇ 'ਚ ਪਾ ਦਿੰਦਾ ਹੈ। ਪਿੰਡ ਵਿਚ ਇਹ ਗੱਲ ਫੈਲ ਜਾਂਦੀ ਹੈ ਕਿ ਉਹ ਆਪਣੀ ਮਰਜ਼ੀ ਨਾਲ ਭੱਜ ਗਈ ਹੈ। ਭਾਰਤੀ ਸੰਸਕ੍ਰਿਤੀ ਦੇ ਅਨੁਸਾਰ ਇਹ ਬਹੁਤ ਵੱਡਾ ਧੱਬਾ ਹੈ, ਜਿਸ ਨੂੰ ਉਸ ਦਾ ਬੇਟਾ ਮੰਗਤੂ ਸਹਿ ਨਹੀ ਸਕਦਾ। ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਉਹ ਪਿੰਡ ਛੱਡ ਦਿੰਦਾ ਹੈ। ਰੋਟੀ ਰੋਜੀ ਕਮਾਉਣ ਦੇ ਲਈ ਉਹ ਵੱਖ ਵੱਖ ਸ਼ਹਿਰਾਂ ਵਿਚ ਕਈ ਤਰ੍ਹਾਂ ਦੇ ਧੰਦੇ ਕਰਦਾ ਹੈ। ਪ੍ਰੰਤੂ ਮਨ ਵਿਚ ਘਰ ਕਰ ਗਈ ਹੀਣ ਭਾਵਨਾ ਉਸ ਨੂੰ ਕਿਤੇ ਵੀ ਟਿਕਣ ਨਹੀਂ ਦਿੰਦੀ। ਅੰਤ ਵਿਚ ਉਹ ਸ਼ੀਲਾ ਨਾਂ ਦੀ ਵੇਸਵਾ ਨਾਲ ਵਿਆਹ ਕਰ ਲੈਂਦਾ ਹੈ, ਜਿਹੜੀ ਉਸ ਦੀ ਭੈਣ ਨਿਕਲਦੀ ਹੈ। ਮੰਗਤੂ ਤੋਂ ਇਹ ਗੱਲ ਸਹਿਣ ਨਹੀਂ ਹੁੰਦੀ ਅਤੇ ਉਹ ਪਾਗਲ ਹੋ ਜਾਂਦਾ ਹੈ।

ਨਾਵਲਕਾਰ ਨੇ ਇਸ ਨਾਵਲ 'ਚ ਵੀ ਮੰਗਤੂ ਵਰਗੇ ਅਸਹਿਜ ਵਿਅਕਤੀ ਦੇ ਮਾਨਸਿਕ ਦਵੰਧ ਨੂੰ













ਪੇਸ਼ ਕੀਤਾ ਹੈ ਜਿਹੜਾ ਨਾਨਕ ਸਿੰਘ ਦੀ ਨਾਵਲ ਕਲਾ ਦੀ ਸਿਖ਼ਰ ਹੈ।

3. **ਰੰਗ ਮਹਿਲ**-ਇਹ ਨਾਵਲ ਪੰਜਾਬੀ ਦੇ ਸਥਾਪਿਤ ਨਾਵਲਕਾਰ ਸੁਰਿੰਦਰ ਸਿੰਘ ਨਰੂਲਾ ਦਾ ਦੂਜਾ ਨਾਵਲ ਹੈ। ਜਿਸ ਵਿਚ ਇਸ ਸੇਵਾ ਮੁਕਤ ਅਧਿਕਾਰੀ ਮਾਨਕ ਸਿੰਘ ਦੇ ਰੰਗ ਮਹਿਲ ਦੀ ਅੰਦਰੂਨੀ ਵਿਰਾਟ ਸਥਿਤੀ ਦਾ ਬਰੀਕ ਯਥਾਰਥ ਪੇਸ਼ ਕੀਤਾ ਗਿਆ ਹੈ। ਮੱਧਵਰਗੀ ਪਰਿਵਾਰ ਦੀਆਂ ਜਿਹੜੀਆਂ ਦੁਬਿਧਾਵਾ ਹੋ ਸਕਦੀਆਂ ਹਨ। ਉਹ ਨਾਵਲ ਵਿਚ ਮੌਜੂਦ ਹੈ। ਮਾਨਕ ਸਿੰਘ ਜਦੋਂ ਸੇਵਾ ਮੁਕਤ ਹੋਣ ਤੋਂ ਉਪਰੰਤ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ। ਉਸਦੀਆਂ ਚਾਰੇ ਲੜਕੀਆਂ ਜਵਾਨ ਹੋ ਗਈਆਂ ਹਨ, ਪ੍ਰੰਤੂ ਉਨ੍ਹਾਂ ਨੂੰ ਮਨ ਪਸੰਦ ਵਰ-ਘਰ ਪ੍ਰਾਪਤ ਨਹੀਂ ਹੁੰਦਾ। ਮਾਨਕ ਸਿੰਘ ਦੀ ਪਤਨੀ ਲੜਕੇ ਦੀ ਚਾਹਤ ਨਾਲ ਇਕ ਸੰਤ ਦੇ ਨਾਲ ਕਾਮੁਕ ਸਬੰਧ ਬਣਾ ਲੈਂਦੀ ਹੈ। ਜਗਜੀਤ ਸਿੰਘ ਨਾਂ ਦਾ ਇਕ ਵਿਅਕਤੀ ਮਾਨਕ ਸਿੰਘ ਦੇ ਘਰ 'ਚ ਰਹਿਣ ਲੱਗਦਾ ਹੈ, ਜੋ ਮਾਨਕ ਸਿੰਘ ਦੀਆਂ ਬੇਟੀਆਂ ਦੇ ਈਰਖਾ ਦਾ ਕਾਰਨ ਬਣ ਜਾਂਦਾ ਹੈ। ਬਲਕਿ ਖੁਦ ਜਗਜੀਤ ਸਿੰਘ ਕਿਸੇ ਲੜਕੀ ਨਾਲ ਉਲਝਿਆ ਹੋਇਆ ਹੈ। ਨਾਵਲ ਪੰਜਵੇਂ ਦਹਾਕੇ ਦੇ ਰਾਜਨੀਤਿਕ ਦ੍ਰਿਸ਼ ਦਾ ਵੀ ਵਰਣਨ ਹੈ।

ਇਸ ਤਰ੍ਹਾਂ ਦਾ ਇਹ ਨਾਵਲ ਰੰਗ ਮਹਿਲ ਦੀ ਅਸਲੀਅਤ ਦਾ ਚਿਤ੍ਰਣ ਹੈ। ਨਾਵਲਕਾਰ ਇਸ ਚਿਤ੍ਰਣ ਉਪਰ ਓਪਰੀ ਦ੍ਰਿਸ਼ਟੀ ਨਹੀਂ ਪਾਉਂਦਾ, ਨਾ ਹੀ ਉਹ ਸਥਿਤੀਆਂ ਦੇ ਸਬੰਧ 'ਚ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਘਟਨਾਵਾਂ ਘਟਦੀਆਂ ਹਨ ਪਰੰਤੂ ਉਹ ਕੁੱਝ ਕਾਰਨਾਂ ਨਾਲ ਸਬੰਧ ਵਿਚ ਬੱਝੀਆਂ ਹੋਈਆਂ ਨਹੀਂ ਹਨ।

4. **ਕੋਠੇ ਖੜਕ ਸਿੰਘ**-ਰਾਮ ਸਰੂਪ ਅਣਖੀ ਦਾ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਪੰਜਵਾਂ ਨਾਵਲ ਹੈ। ਨਾਵਲ ਦਾ ਕੇਂਦਰੀ ਪਾਤਰ ਇਕ ਕਲਪਨਿਕ ਪਿੰਡ 'ਕੋਠੇ ਖੜਕ ਸਿੰਘ' ਹੈ। ਜਿਸਦੇ ਸਮੱਗਰ ਚਿਤਰ ਦੇ ਲਈ ਕਥਾ ਬਹੁਲ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ। ਨਾਵਲ ਦੀਆਂ ਵਧੇਰੇ ਕਥਾਵਾਂ ਕਿਸਾਨੀ ਦੇ ਅਦਰੂਨੀ ਸੰਬੰਧਾਂ ਨੂੰ ਪੇਸ਼ ਕਰਦੀਆਂ ਹਨ। ਹਰਨਾਮੀ ਨਾਮ ਦੀ ਇਕ ਔਰਤ ਆਪਣੀ ਕਾਮ ਤ੍ਰਿਪਤੀ ਦੇ ਲਈ ਕੇਵਲ ਪਿੰਡ ਦੇ ਲੋਕਾਂ ਨਾਲ ਹੀ ਉਲਝੀ ਹੋਈ ਨਹੀਂ, ਬਲਕਿ ਉਹ ਪਿੰਡ ਦੇ ਬਾਹਰ ਹੱਥ ਪੈਰ ਮਾਰਦੀ ਰਹਿੰਦੀ ਹੈ। ਨਾਵਲ ਦਾ ਵਿਵੇਕ ਹਰਨਾਮੀ ਦੇ ਇਸ ਪ੍ਰਕਾਰ ਦੇ ਚ੍ਰਤਿਰ ਉੱਤੇ ਰੌਸ਼ਨੀ ਪਾਉਣਾ ਹੈ ਕਿ ਉਹ ਆਪਣੇ ਪਤੀ ਤੋਂ ਅਸਤੁੰਸ਼ਟ ਹੈ। ਜਿਸ ਦੇ ਸਿਟੇ ਵਜੋਂ ਉਹ ਅਰਜੁਨ, ਨਾਜ਼ਰ, ਸੰਤ ਪ੍ਰਗਾਸ ਦਾਸ ਅਤੇ ਇਕ ਫ਼ੌਜੀ ਦੇ ਨਾਲ ਆਪਣੇ ਸਬੰਧ ਸਥਾਪਿਤ ਕਰ ਲੈਂਦੀ ਹੈ। ਆਖਿਰ ਉਹ ਉਸ ਪਿੰਡ ਦੇ ਘੇਰੇ 'ਚ ਸਮਾ ਜਾਂਦੀ ਹੈ।

ਨਸੀਬ ਅਤੇ ਪੁਸ਼ਪਿੰਦਰ ਦੇ ਰੂਪ 'ਚ ਨਾਵਲਕਾਰ ਜਗੀਰਦਾਰੀ ਸਮਾਜ 'ਚ ਪ੍ਰੇਮ ਸੰਬੰਧਾਂ ਦਾ ਦੁਖਾਂਤ ਪੇਸ਼ ਕਰਦਾ ਹੈ। ਪੁਸ਼ਪਿੰਦਰ ਦਾ ਜਗੀਰਦਾਰ ਪਿਤਾ ਗਰੀਬ ਨਾਈ ਨਸੀਬ ਦਾ ਕਤਲ ਕਰ ਦਿੰਦਾ ਹੈ ਅਤੇ ਪੁਸ਼ਪਿੰਦਰ ਆਪਣੇ ਪਰਿਵਾਰ ਨਾਲੋਂ ਨਾਤਾ ਤੋੜ ਕੇ ਪ੍ਰੋ. ਗੁਰਬਖ਼ਸ਼ ਸਿੰਘ ਦੇ ਨਾਲ ਵਿਆਹ ਕਰਵਾ ਲੈਂਦੀ ਹੈ। ਇਸ ਪ੍ਰਕਾਰ ਇਹ ਨਾਵਲ ਪੂੰਜੀਵਾਦੀ ਸਮਾਜ 'ਚ ਅੰਤਰਜਾਤੀ ਅਤੇ ਅੰਤਰ ਵਰਗੀ ਵਿਆਹ ਦੀ



ਸਫ਼ਲਤਾ ਦਾ ਪ੍ਰਮਾਣ ਦਿੰਦਾ ਹੈ।

5. **ਰਾਤ ਬਾਕੀ ਹੈ**- ਇਸ ਨਾਵਲ ਵਿਚ ਜਸਵੰਤ ਸਿੰਘ ਕੰਵਲ ਨੇ ਪੰਜਾਬੀ ਦੇ ਜ਼ਿਮੀਂਦਾਰੀ ਅਤੇ ਮੁਜਾਰਿਆਂ ਦੇ ਵਰਗ ਸੰਘਰਸ਼ ਦਾ ਚਿਤ੍ਰਣ ਕੀਤਾ ਹੈ।

ਦਸਵੀਂ ਪਾਸ ਚਰਨ ਆਪਣੇ ਪਿੰਡ ਦੇ ਜ਼ਿਮੀਂਦਾਰ ਨੂੰ ਨੌਕਰੀ ਦਵਾਉਣ ਦੇ ਲਈ ਪ੍ਰਥਨਾ ਕਰਦਾ ਹੈ। ਪਰੰਤੂ ਜ਼ਿਮੀਂਦਾਰ ਉਸਦੀ ਗੱਲ ਨਹੀਂ ਮੰਨਦਾ। ਉਸਦਾ ਮਿੱਤਰ ਭਰਪੂਰ ਦੇ ਉਤਸ਼ਾਹਤ ਕਰਨ ਉੱਤੇ ਉਹ ਮਾਰਕਸਵਾਦੀ ਬਣ ਜਾਂਦਾ ਹੈ ਅਤੇ ਜ਼ਿੰਮੀਂਦਾਰ ਦੇ ਵਿਰੁੱਧ ਮੁਜ਼ਾਰਿਆਂ ਨੂੰ ਸੰਗਠਿਤ ਕਰਦਾ ਹੈ। ਅੰਤ 'ਚ ਉਹ ਪੁਲਿਸ ਦੇ ਅਤਿਆਚਾਰ ਦੇ ਕਾਰਨ ਸ਼ਹੀਦ ਹੋ ਜਾਂਦਾ ਹੈ। ਨਾਵਲ ਦੀ ਇਕ ਕੜੀ ਚਰਨ ਅਤੇ ਰਾਜ ਦੇ ਪ੍ਰੇਮ ਦੀ ਵੀ ਹੈ। ਰਾਜ ਪਿੰਡ ਦੇ ਡਾਕਟਰ ਦੀ ਲੜਕੀ ਹੈ, ਜਿਸ ਨੂੰ ਉਹ ਰਾਤ ਨੂੰ ਮਿਲਣ ਜਾਂਦਾ ਹੈ ਅਤੇ ਫੜ੍ਹਿਆ ਜਾਂਦਾ ਹੈ।

ਪੰਜਾਬੀ ਦਾ ਇਹ ਪਹਿਲਾ ਨਾਵਲ ਹੈ, ਜਿਸ 'ਚ ਜਮਾਤੀ ਸੰਘਰਸ਼ ਨੂੰ ਕੇਂਦਰ 'ਚ ਰੱਖਿਆ ਗਿਆ ਹੈ। ਇਹ ਨਾਵਲ ਪੰਜਾਬੀ ਦੀ ਮੁਜ਼ਾਰਾ ਲਹਿਰ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗਿਆ ਹੈ। ਨਾਵਲ 'ਚ ਪੇਂਡੂ ਸਮਾਜ ਦੇ ਕਈ ਸਭਿਆਚਾਰਕ ਦ੍ਰਿਸ਼ ਪੇਸ਼ ਹੁੰਦੇ ਹਨ।


6. **ਏਹੋ ਹਮਾਰਾ ਜੀਵਣਾ**-ਦਲੀਪ ਕੌਰ ਟਿਵਾਣਾ ਦਾ ਇਹ ਦੂਜਾ ਨਾਵਲ ਹੈ। ਜਿਸ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਹੋਇਆ। ਇਸ ਨਾਵਲ ਦੀ ਨਾਇਕਾ ਭਾਨੋ ਸਰਵਣ ਨਾਮ ਦੇ ਇਕ ਵਿਅਕਤੀ ਦੇ ਨਾਲ ਵਿਆਹੀ ਜਾਂਦੀ ਹੈ। ਦੋਨਾਂ ਵਿਚ ਸੱਚਾ ਪ੍ਰੇਮ ਹੈ। ਸਰਵਣ ਦੀ ਜਵਾਨੀ 'ਚ ਹੀ ਮੌਤ ਹੋ ਜਾਂਦੀ ਹੈ। ਵਿਧਵਾ ਭਾਨੋਂ ਗੰਗਾ 'ਚ ਕੁੱਦ ਕੇ ਆਤਮ ਹੱਤਿਆ ਕਰਨ ਦਾ ਯਤਨ ਕਰਦੀ ਹੈ। ਪਰੰਤੂ ਨਸ਼ੇੜੀ ਨਰਾਇਣ ਉਸ ਨੂੰ ਬਚਾ ਲੈਂਦਾ ਹੈ ਅਤੇ ਆਪਣੇ ਘਰ ਲੈ ਆਉਂਦਾ ਹੈ। ਭਾਨੋ ਉਸਦੇ ਘਰ ਨੂੰ ਤਾਂ ਸੰਭਾਲ ਲੈਂਦੀ ਹੈ, ਪ੍ਰੰਤੂ ਉਸਦੀ ਕੁੱਖ ਹਰੀ ਨਹੀਂ ਹੁੰਦੀ। ਇਸ ਲਈ ਨਰਾਇਣ ਭਗਵੰਤੀ ਨਾਂ ਦੀ ਦੂਜੀ ਔਰਤ ਦੇ ਨਾਲ ਵਿਆਹ ਕਰ ਲੈਂਦਾ ਹੈ। ਇਹ ਔਰਤ ਬਦਕਾਰ ਹੈ ਅਤੇ ਪਿੰਡ ਦੇ ਇਕ ਗੈਰ ਮਰਦ ਤੋਂ ਗਰਭਵਤੀ ਹੋ ਕੇ ਲੜਕੇ ਨੂੰ ਜਨਮ ਦਿੰਦੀ ਹੈ। ਲੜਕੇ ਨੂੰ ਜਨਮ ਦੇਣ ਨਾਲ ਪਰਿਵਾਰ 'ਚ ਉਸਦਾ ਸਥਾਨ ਉੱਚਾ ਹੋ ਜਾਂਦਾ ਹੈ ਅਤੇ ਭਾਨੋ ਨੂੰ ਘਰ ਛੱਡਣਾ ਪੈਂਦਾ ਹੈ। ਇਸ ਤਰ੍ਹਾਂ ਇਹ ਨਾਵਲ ਭਾਨੋ ਦੀ ਤ੍ਰਾਸਦੀ ਨੂੰ ਸਾਮੰਤਵਾਦੀ ਕਦਰਾਂ ਦੇ ਸੰਦਰਭ ਵਿਚ ਪੇਸ਼ ਕਰਦਾ ਹੈ। ਨਾਵਲ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਤ੍ਰਾਸਦੀ ਦਾ ਕਾਰਨ ਵਿਅਕਤੀਗਤ ਦੁਰਬਲਤਾ ਨਹੀਂ, ਪਿਛੜੇ ਹੋਏ ਸਾਮੰਤੀ ਮੁੱਲਾਂ ਦਾ ਅੰਦਰੂਨੀ ਵਰਣਨ ਹੈ।

7. **ਯੁੱਗ ਬਦਲ ਗਿਆ**- ਸੋਹਣ ਸਿੰਘ ਸੀਤਲ ਦਾ ਇਹ ਨਾਵਲ ਵੀ ਸਾਮੰਤੀ ਮਰਿਯਾਦਾ ਦੀ ਤ੍ਰਾਸਦਿਕ ਸਥਿਤੀ ਨਾਲ ਸਬੰਧਿਤ ਹੈ। ਲੱਖਾ ਸਿੰਘ ਪਿੰਡ ਦਾ ਜ਼ਿਮੀਂਦਾਰ-ਸਾਹੂਕਾਰ ਹੈ, ਜਿਹੜਾ ਵਰਜਿਤ ਕਾਮ ਸੰਬੰਧਾਂ ਦੇ ਲਈ ਅਤੇ ਸਮਾਜ ਵਿਚ ਆਪਣੀ ਚੌਧਰ ਦੇ ਲਈ ਤਿੰਨ ਔਰਤਾਂ ਨਾਲ ਆਪਣੇ ਸੰਬੰਧ ਜੋੜਦਾ ਹੈ। ਬਸੰਤ ਕੌਰ ਉਸ ਦੀ ਵਫਾਦਾਰ ਪਤਨੀ ਹੈ। ਦੂਜਾ ਵਿਆਹ ਉਸ ਦੀ ਭੈਣ ਸਵਰਨ ਨਾਲ ਕਰਦਾ ਹੈ। ਤੀਜੀ ਵਾਰ ਉਹ ਆਪਣੇ ਨੌਕਰ ਹੁੱਡੇ ਦੇ ਨਾਲ ਰਾਜੋ ਨਾਮਕ ਅਛੂਤ ਕੁੜੀ ਦਾ ਵਿਆਹ ਕਰਵਾ ਕੇ ਰਾਜੋ ਨੂੰ ਆਪਣੀ ਰਖੇਲ ਬਣਾ ਲੈਂਦਾ ਹੈ।

ਬਸੰਤ ਕੌਰ ਦੇ ਔਲਾਦ ਨਹੀਂ ਹੁੰਦੀ। ਉਹ ਆਪਣੇ ਜੀਵਨ ਦੇ ਦੁੱਖ ਨੂੰ ਇਕ ਖ਼ਾਮੋਸ਼ ਔਰਤ ਬਣ ਕੇ ਸਹਿ ਲੈਂਦੀ ਹੈ। ਪਰ ਸਵਰਨੀ ਅਜਿਹਾ ਨਹੀਂ ਕਰਦੀ। ਉਹ ਲੱਖਾ ਸਿੰਘ ਤੋਂ ਬਦਲਾ ਲੈਣ ਦੇ ਲਈ ਆਪਣੇ ਪੁਰਾਣੇ ਪ੍ਰੇਮੀ ਨਾਲ ਮੁੜ ਸੰਬੰਧ ਜੋੜ ਕੇ ਲੜਕਾ ਜੰਮ ਲੈਂਦੀ ਹੈ ਅਤੇ ਲੱਖਾ ਸਿੰਘ ਨੂੰ ਬਦਨਾਮ ਕਰਦੀ ਹੈ। ਰਾਜੋ ਦੀ ਕੁੱਖ ਤੋਂ ਇਕ ਲੜਕਾ ਜਰਨੈਲ ਦਾ ਜਨਮ ਹੁੰਦਾ ਹੈ। ਰਾਜੋ ਉਸ ਨੂੰ ਮਜ਼ਬੂਰ ਕਰ ਦਿੰਦੀ ਹੈ ਕਿ ਉਹ ਜਨਤਕ ਤੌਰ ਤੇ ਜਰਨੈਲ ਨੂੰ ਆਪਣਾ ਪੁੱਤਰ ਮੰਨ ਲਵੇ ਅਤੇ ਲੱਖਾ ਸਿੰਘ ਨੂੰ ਆਜ਼ਾਦੀ ਤੋਂ ਬਾਅਦ ਭਾਰਤ ਵਿਚ ਆ ਕੇ ਅਜਿਹਾ ਕਰਨਾ ਪੈਂਦਾ ਹੈ।






**ਅਣਹੋਣੇ**-ਇਹ ਗੁਰਦਿਆਲ ਸਿੰਘ ਦਾ ਮਹੱਤਵਪੂਰਨ ਨਾਵਲ ਹੈ। ਜਿਸ 'ਚ ਬਿਸ਼ਨੇ ਵਰਗੇ ਕਾਰੀਗਰਾਂ ਦੀ ਮੰਡੀ ਦੇ ਸਾਹੂਕਾਰਾਂ ਅਤੇ ਰਾਜ ਸਰਕਾਰ ਦੀ ਦਮਨ ਦੀਆਂ ਨੀਤੀਆਂ ਦੇ ਬਹਾਦਰੀ ਵਿਰੋਧ ਦੀ ਕਹਾਣੀ ਹੈ। ਇਹ ਕਹਾਣੀ ਬਿਸ਼ਨੇ ਦੇ ਕਾਨੂੰਨੀ ਘਰ ਉੱਤੇ ਸਰਕਾਰ ਵੱਲੋਂ ਜ਼ਬਰੀ ਕਬਜੇ ਨਾਲ ਸ਼ੁਰੂ ਹੁੰਦੀ ਹੈ। ਜਿਸਦਾ ਬਿਸ਼ਨਾ ਵਿਰੋਧ ਕਰਦਾ ਹੈ ਅਤੇ ਪੁਲਿਸ ਉਸ ਨੂੰ ਫੜ ਕੇ ਲੈ ਜਾਂਦੀ ਹੈ। ਬਿਸ਼ਨਾ ਰਾਜ ਸੱਤਾ ਦੇ ਵਿਰੁੱਧ ਵਿਦਰੋਹੀ ਆਵਾਜ਼ ਉੱਠਾਉਂਦਾ ਹੈ। ਉਹ ਦਰਬਾਰ ਦੇ ਸਾਰੇ ਨਿਯਮ ਕਾਨੂੰਨ ਨੂੰ ਭੁਲਾ ਕੇ ਆਪਣੇ ਚ੍ਰਿਤਰ ਦੀ ਪੂਰੀ ਮਨੁੱਖੀ ਸ਼ਕਤੀ ਦੇ ਨਾਲ ਹਾਜ਼ਰ ਹੋ ਜਾਂਦਾ ਹੈ। ਉਸਦੀ ਬਹਾਦਰੀ ਨਾਲ ਇਕ ਵਾਰ ਤਾਂ ਰਾਜ ਦਾ ਵੱਡਾ ਮੰਤਰੀ ਵੀ ਕੰਬ ਉੱਠਦਾ ਹੈ। ਇਸ ਤਰ੍ਹਾਂ ਦੇ ਬਾਗੀ ਕਾਰਨਾਮੇ ਚੋਂ ਲੰਘਦਾ ਹੋਇਆ ਅੰਤ 'ਚ ਬਿਸ਼ਨਾ ਮਰ ਜਾਂਦਾ ਹੈ, ਪ੍ਰੰਤੂ ਝੁਕਦਾ ਨਹੀਂ। ਇਹੀ ਗੱਲ ਉਸ ਨੂੰ ਨਾਇਕ ਬਣਾਉਂਦੀ ਹੈ। ਉਸ ਦਾ ਨਾਇਕਪੁਣਾ ਅਜੇ ਸੁਚੇਤ ਨਹੀਂ ਹੋਇਆ, ਜਿਸਦੇ ਕਾਰਨ ਉਹ ਦੁਖਾਂਤ ਦਾ ਨਾਇਕ ਬਣਦਾ ਹੈ, ਜੇਤੂ ਅਤੇ ਸ਼ਹੀਦ ਨਾਇਕ ਨਹੀਂ।

ਬਿਸ਼ਨਾ ਤਿਆਗੀ ਨਹੀਂ, ਪਰ ਉਹ ਮਾਇਆ ਦਾ ਦਾਸ ਵੀ ਨਹੀਂ ਹੈ। ਆਪਣੇ ਹੱਕ ਦੇ ਲਈ ਉਹ ਲੜ-ਮਰ ਸਕਦਾ ਹੈ, ਪ੍ਰੰਤੂ ਸਮਝੌਤਾ ਨਹੀਂ ਕਰਦਾ। ਉਸਦਾ ਚ੍ਰਿਤਰ ਇਸ ਤਰ੍ਹਾਂ ਨਾਲ ਭਾਰਤੀ ਆਜ਼ਾਦੀ ਦੇ ਸੰਗ੍ਰਾਮ ਦੀ ਸਮਝੌਤਾਵਾਦੀ ਨੀਤੀ ਦੀ ਆਲੋਚਨਾ ਹੈ। ਇਸ ਤਰ੍ਹਾਂ ਇਹ ਨਾਵਲ ਵੀਹਵੀਂ ਸਦੀ ਦੇ ਆਰਥਿਕ, ਰਾਜਨੀਤਿਕ ਯਥਾਰਥ ਦਾ ਚਿਤ੍ਰਣ ਹੈ।

**9. ਕੌਰਵ ਸਭਾ**-ਮਿੱਤਰ ਸੈਨ ਮੀਤ ਦਾ ਇਹ ਨਾਵਲ ਭਾਰਤੀ ਰਾਜਨੀਤੀ ਅਤੇ ਨਿਆ ਵਿਵਸਥਾ ਦਾ ਵਿਅੰਗ ਚਿੱਤਰ ਹੈ। ਕੌਰਵ ਸਭਾ ਵਰਤਮਾਨ ਰਾਜਸੱਤਾ ਦੇ ਲਈ ਵਰਤਿਆ ਵਿਅੰਗ ਵਾਲਾ ਨਾਂ ਹੈ। ਕਹਾਣੀ ਵੇਦ ਪ੍ਰਕਾਸ਼ ਦੇ ਘਰ 'ਚ ਡਕੈਤੀ, ਲੁੱਟ ਅਤੇ ਬਲਾਤਕਾਰ ਤੋਂ ਸ਼ੁਰੂ ਹੁੰਦੀ ਹੈ। ਇਹ ਕੰਮ ਵੇਦ ਦੇ ਭਤੀਜੇ ਨੇ ਜਾਇਦਾਤ ਦੇ ਬਟਵਾਰੇ ਦੇ ਸੰਬੰਧ 'ਚ ਵੇਦ ਤੋਂ ਬਦਲਾ ਲੈਣ ਲਈ ਕਰਵਾਈ ਹੈ। ਇਸ ਘਟਨਾ ਨੂੰ ਅਧਾਰ ਬਣਾ ਕੇ ਨਾਵਲਕਾਰ ਵਰਤਮਾਨ ਰਾਜਸੱਤਾ ਅਤੇ ਨਿਆ ਵਿਵਸਥਾ ਦੀਆਂ ਵਿਭਿੰਨ ਘਾਟਾ ਉੱਤੇ ਰੌਸ਼ਨੀ ਪਾਉਂਦਾ ਹੈ। ਇਸ ਨੂੰ ਪੂੰਜੀਵਾਦ ਨਾਲ ਜੋੜਦਾ ਹੈ। ਅਤੇ ਸੁਧਾਰ ਦੀ ਥਾਂ ਵਿਵਸਥਾ ਦੀ ਤਬਦੀਲੀ ਉੱਤੇ ਜ਼ੋਰ ਦਿੰਦਾ ਹੈ। ਨਾਵਲ ਵਿਚ ਸਾਂਸਦ, ਵਿਧਾਨਕਾਰ, ਮੰਤਰੀ ਅਤੇ ਰਾਜਨੀਤਿਕ ਪਾਰਟੀਆਂ ਦੇ ਸਵਾਰਥ ਦੇ ਨਾਲ ਨਾਲ ਅਦਾਲਤਾਂ ਅਤੇ ਪ੍ਰਸ਼ਾਸ਼ਨ ਦੇ ਭ੍ਰਸ਼ਿਟਾਚਾਰ ਨੂੰ ਵੀ ਉਜਾਗਰ ਕੀਤਾ ਗਿਆ ਹੈ। ਇਸ ਦੇ ਇਲਾਵਾ ਵਰਤਮਾਨ ਸਮਰਾਜਵਾਦੀ ਵਿਸ਼ਵੀਕਰਨ ਦਾ ਵੀ ਉਲੇਖ ਹੈ। ਇਹ ਸਭ ਕੁਝ ਨਿੱਜੀ ਸਪੰਤੀ ਦੀ ਸੰਸਥਾ ਦੇ ਕਾਰਨ ਘਟ ਰਿਹਾ ਹੈ। ਇਸ ਲਈ ਸੰਕਟ ਦਾ ਹੱਲ ਸਮਾਜਵਾਦ ਦੀ ਸਥਾਪਨਾ ਦੇ ਵੱਲ ਸੰਕੇਤ ਕਰਦਾ ਹੈ।

**10. ਪਰਸਾ**-ਇਸ ਨਾਵਲ ਦਾ ਨਾਂ ਨਾਇਕ 'ਪਰਸਾ' ਦੇ ਨਾਂ ਉੱਤੇ ਰੱਖਿਆ ਗਿਆ ਹੈ। ਨਾਵਲ 'ਚ ਪਰਸਾ ਜੱਟ ਬ੍ਰਾਹਮਣ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਇਕ ਪਾਸੇ ਉਹ ਕਿਸਾਨੀ ਸੰਸਕ੍ਰਿਤੀ ਦੇ ਕਰਮ ਤੇ ਕੇਂਦਰਿਤ ਵਿਅਕਤੀ ਦਾ ਪ੍ਰਤੀਕ ਹੈ, ਦੂਜੇ ਪਾਸੇ ਉਹ ਬ੍ਰਾਹਮਣਾਂ ਦੀ ਵੈਦਿਕ ਪਰੰਪਰਾ ਨਾਲ ਜੁੜਿਆ



ਹੋਇਆ ਹੈ। ਉਹ ਤਿਆਗੀ ਨਹੀਂ ਪ੍ਰੰਤੂ ਉਹ ਧਨ ਦਾ ਗੁਲਾਮ ਵੀ ਨਹੀਂ। ਉਹ ਅਸਲ ਵਿਚ ਪੰਜਾਬੀ ਸੰਸਕ੍ਰਿਤੀ ਦੇ ਉੱਚਤਮ ਗੁਣਾਂ ਦਾ ਜੀਂਦਾ ਜਾਗਦਾ ਚਿੰਨ ਹੈ। ਆਪਣੀ ਪਤਨੀ ਵੀਰਾਂ ਨੂੰ ਉਹ ਬੇਹੱਦ ਪਿਆਰ ਕਰਦਾ ਹੈ। ਪ੍ਰੰਤੂ ਉਸਦੀ ਮੌਤ ਉੱਤੇ ਕਿਸੇ ਤਰ੍ਹਾਂ ਦੀ ਸ਼ੋਕਮਈ ਰਸਮ ਨਹੀਂ ਕਰਦਾ। ਉਸਦਾ ਇਕ ਰਿਸ਼ਤੇਦਾਰ ਉਸ ਨਾਲ ਹਮਦਰਦੀ ਜਤਾਉਂਦਾ ਹੈ, ਪਰੰਤੂ ਪਰਸਾ ਉਸਦੇ ਦਿਖਾਵੇ ਵਾਲੀ ਹਮਦਰਦੀ ਨੂੰ ਨਫ਼ਰਤ ਕਰਦਾ ਹੈ ਅਤੇ ਉਸ ਦੀ ਬੇਇੱਜਤੀ ਕਰ ਕੇ ਉਸ ਨੂੰ ਘਰ ਤੋਂ ਕੱਢ ਦਿੰਦਾ ਹੈ। ਉਹ ਆਪਣੇ ਤਿੰਨ ਬੱਚਿਆਂ ਦੀ ਤਨ ਮਨ ਧਨ ਨਾਲ ਪਾਲਣ ਪੋਸ਼ਣ ਕਰਦਾ ਹੈ। ਦੋ ਵੱਡੇ ਬੱਚਿਆਂ ਨਾਲ ਉਹਦੀ ਬਣਦੀ ਨਹੀਂ ਕਿਉਂਕਿ ਉਹ ਦੋਵੇਂ ਮਾਇਆਵਾਦੀ ਬਣ ਗਏ ਹਨ। ਉਸ ਦਾ ਤੀਜਾ ਪੁੱਤ ਬਸੰਤਾ ਬਿਲਕੁੱਲ ਉਸ ਵਰਗਾ ਹੈ ਜਿਹੜਾ ਧੰਨ ਦੌਲਤ ਅਤੇ ਸਮਾਜਿਕ ਰੀਤੀ-ਰਿਵਾਜ਼ਾਂ ਦੀ ਪਰਵਾਹ ਨਹੀਂ ਕਰਦਾ ਅਤੇ ਕ੍ਰਾਂਤੀਕਾਰੀ ਗੁੱਟ ਦੇ ਨਾਲ ਸੰਬੰਧ ਰੱਖਣ ਦੇ ਕਾਰਨ ਪੁਲਿਸ ਮੁਕਾਬਲੇ 'ਚ ਮਾਰਿਆ ਜਾਂਦਾ ਹੈ।

ਪਰਸੇ ਨੂੰ ਉਸਦੀ ਮੌਤ ਦਾ ਬਹੁਤ ਦੁੱਖ ਹੁੰਦਾ ਹੈ। ਉਸ ਗਮ ਨੂੰ ਭੁਲਾਉਣ ਦੇ ਲਈ ਉਹ ਤੀਰਥ ਯਾਤਰਾ ਕਰਦਾ ਹੈ। ਯਾਤਰਾ ਦੇ ਦੌਰਾਨ ਉਸਦਾ ਸੰਪਰਕ ਮੁਖਤਿਆਰੋ ਨਾਂ ਦੀ ਅਮੀਰ ਪ੍ਰੰਤੂ ਅਸੁਤੰਸ਼ਟ ਇਸਤਰੀ ਨਾਲ ਹੁੰਦਾ ਹੈ। ਉਸ ਦੇ ਨਾਲ ਸੰਬੰਧ ਤੋਂ ਇਕ ਲੜਕਾ ਪੈਦਾ ਹੁੰਦਾ ਹੈ। ਜਿਸਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਉਹ ਆਪਣੇ ਉੱਤੇ ਲੈ ਲੈਂਦਾ ਹੈ। ਆਪਣੇ ਵਿਸ਼ੇਸ਼ ਵਿਅਕਤਿਤਵ ਦੇ ਅਨਕੂਲ ਬਿਨਾ ਵਿਆਹ ਦੀ ਇਸ ਔਲਾਦ ਨੂੰ ਆਪਣੇ ਪਿੰਡ ਦੇ ਘਰ ਵਿਚ ਰਹਿ ਕੇ ਪਾਲਦਾ ਹੈ।

ਅਸਲ ਵਿਚ ਪਰਸਾ ਨਾ ਤਾਂ ਅਤੀਤ ਦੀ ਸੰਸਕ੍ਰਿਤੀ ਨੂੰ ਮਾਨਤਾ ਦਿੰਦਾ ਹੈ, ਅਤੇ ਨਾ ਹੀ ਆਧੁਨਿਕ ਸੰਸਕ੍ਰਿਤੀ ਦਾ ਉਹ ਪਰਮ ਮਨੁੱਖ ਹੈ। ਉਹ ਮਨੁੱਖਤਾ ਦੀਆਂ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਦੇ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰ ਸਕਦਾ ਹੈ। ਨਾਵਲਕਾਰ ਨੇ ਉਸਦੇ ਚ੍ਰਿਤਰ ਦੇ ਆਸਰੇ ਨਾਲ ਲੋਕ ਧਰਮ ਨਾਲ ਜੁੜੇ ਹੋਏ ਕਥਾ ਕਹਾਣੀਆਂ ਅਤੇ ਕਵਿਤਾਵਾਂ ਦਾ ਸਬੂਤ ਦਿੱਤਾ ਹੈ।

**11. ਘਾਟੀ ਪੁਤਲੀਘਰਾਂ ਦੀ**-ਕੇਵਲ ਕਲੋਟੀ ਦੇ ਨਾਵਲ '**ਤਾਂਡਵ**' ਦਾ ਇਹ ਤੀਸਰਾ ਭਾਗ ਹੈ। ਪਹਿਲੇ ਦੋ ਭਾਗਾਂ ਦਾ ਨਾਇਕ ਅਮਰੀਕ ਇਸ ਭਾਗ ਦਾ ਵੀ ਨਾਇਕ ਹੈ। ਅਮਰੀਕਾ ਉਸ ਨੂੰ ਜਾਸੂਸੀ ਸੇਵਾਵਾਂ ਦੇ ਲਈ ਨੌਕਰ ਰੱਖ ਲੈਂਦਾ ਹੈ। ਅਮਰੀਕ ਆਪਣੀ ਅਸਾਧਾਰਨ ਬੁੱਧੀ ਅਤੇ ਆਧੁਨਿਕ ਜੰਤਰਾਂ ਦੀ ਸਹਾਇਤਾ ਨਾਲ ਅਮਰੀਕੀ ਸਾਮਰਾਜ ਦੇ ਲਈ ਦੂਸਰੇ ਦੇਸ਼ਾਂ ਦੀ ਜਾਣਕਾਰੀ ਇਕੱਠੀ ਕਰਦਾ ਹੈ। ਉਸ ਦੇ ਇਸ ਕੰਮ 'ਚ ਨੈਂਸੀ ਅਤੇ ਡੇਵਿਡ ਵਰਗੇ ਦੂਜੇ ਲੋਕ ਵੀ ਸਹਾਇਤਾ ਕਰਦੇ ਹੈ। ਪਰੰਤੂ ਸਾਮਰਾਜ ਦੀ ਸਵਾਰਥੀ ਸਰਗਰਮੀਆਂ ਤੋਂ ਉਸ ਦਾ ਬਹੁਤ ਜਲਦੀ ਮੋਹ ਭੰਗ ਹੋ ਜਾਂਦਾ ਹੈ। ਆਪਣੀ ਮੌਤ ਤੋਂ ਪਹਿਲਾਂ ਅਮਰੀਕ ਨੈਂਸੀ ਦੇ ਹੱਥ ਆਪਣੀ ਵਸੀਅਤ ਭਾਰਤ 'ਚ ਆਪਣੇ ਪੁੱਤਰ ਪ੍ਰੇਮ ਦੇ ਕੋਲ ਭੇਜਣ ਵਿਚ ਸਫਲ ਹੋ ਜਾਂਦਾ ਹੈ। ਅਸਲ ਵਿਚ ਤਾਂਡਵ ਵੀਹਵੀ ਸਦੀ ਦੇ ਸਮਾਜਵਾਦੀ ਵਿਸ਼ਵੀਕਰਨ ਦੀ ਪੋਲ ਖੋਲਦਾ ਹੈ। ਜਿਸ ਨੂੰ ਨਾਵਲਕਾਰ ਨੇ ਸ਼ਿਵਜੀ ਦੇ ਤਾਂਡਵ ਨਾਚ ਦਾ ਨਾਂ ਦਿੱਤਾ ਹੈ ਜਿਹੜਾ ਸਮੁੱਚੀ ਮਾਨਵਤਾ ਦੇ ਵਿਨਾਸ਼ ਦੇ ਵੱਲ ਸੰਕੇਤ ਕਰਦਾ ਹੈ।

**12. ਸਤਲੁਜ ਵਹਿੰਦਾ ਰਿਹਾ**-ਪੰਜਾਬੀ ਦਾ ਇਹ ਪਹਿਲਾ ਨਾਵਲ ਹੈ ਜਿਸ ਵਿਚ ਅਮਰ ਸ਼ਹੀਦ ਭਗਤ ਸਿੰਘ ਦੇ ਜੀਵਨ ਨੂੰ ਨਾਵਲ ਦੇ ਲੇਖਕ ਬਲਦੇਵ ਸਿੰਘ ਨੇ ਕਾਲਪਨਿਕ ਰੂਪ ਦਿੱਤਾ ਹੈ। ਨਾਵਲ 'ਚ ਭਗਤ ਸਿੰਘ ਦੇ ਬਚਪਨ ਦੀਆਂ ਕੁਝ ਮਾਰਮਿਕ ਘਟਨਾਵਾਂ ਦੇ ਵਰਨਨ ਤੋਂ ਉਪਰੰਤ ਭਗਤ ਸਿੰਘ ਦੇ ਅਕਾਲੀ ਜੱਥੇ ਨੂੰ ਭੋਜਨ ਛਕਾਉਣ ਦੀ ਘਟਨਾ ਆਉਂਦੀ ਹੈ। ਇਹ ਘਟਨਾ ਇਸ ਮਹਾਨ ਦੇਸ਼ ਭਗਤ ਦੀ ਨਿਡੱਰਤਾ ਨੂੰ ਪੇਸ਼ ਕਰਦੀ ਹੈ ਅਤੇ ਸੰਕੇਤ ਕਰਦੀ ਹੈ ਕਿ ਭਗਤ ਸਿੰਘ ਭਵਿੱਖ 'ਚ ਕਿਸ ਰਸਤੇ ਉੱਤੇ ਚੱਲੇਗਾ। ਜਦੋਂ ਉਹ ਲਾਹੌਰ 'ਚ ਪੜ੍ਹਨ ਦੇ ਲਈ ਆਉਂਦਾ ਹੈ ਤਾਂ ਉਥੇ ਉਹ ਦੇਸ਼ ਭਗਤਾਂ ਦੇ ਸਮੂਹ ਦਾ ਨੇਤਾ ਬਣ ਜਾਂਦਾ ਹੈ। ਨਾਵਲਕਾਰ ਨੇ ਸਾਂਡਰਸ ਦੇ ਕਤਲ, ਅਸੰਬਲੀ ਹਾਲ 'ਚ ਬੰਬ ਸੁੱਟਣਾ ਦੀ ਘਟਨਾ, ਭਗਤ ਸਿੰਘ ਦੀ ਗ੍ਰਿਫ਼ਤਾਰੀ, ਜੇਲ 'ਚ ਉਸਦੀ ਲੰਮੀ ਭੁੱਖ ਹੜਤਾਲ, ਮੁਕੱਦਮੇ ਦੇ ਦੌਰਾਨ ਉਸ ਵੱਲੋਂ ਅਦਾਲਤ ਵਿਚ

ਦਿੱਤਾ ਗਿਆ ਬਿਆਨ ਆਦਿ ਘਟਨਾਵਾਂ ਦੇ ਪ੍ਰਸੰਗਾਂ ਦੀ ਸਹਾਇਤਾ ਨਾਲ ਉਸਦੀ ਵਿਚਾਰਧਾਰਾ ਦੇ ਬਦਲਣ ਦੇ ਕਰਮ ਨੂੰ ਦਿਖਾਇਆ ਗਿਆ ਹੈ। ਭਗਤ ਸਿੰਘ ਧਾਰਮਿਕ ਦੇਸ਼ ਭਗਤ ਨੂੰ ਪਿੱਛੇ ਛੱਡਦਾ ਹੋਇਆ, ਅਤੰਕਵਾਦੀ ਦੇਸ਼ ਭਗਤ ਵਿਚੋਂ ਲੰਘਾਉਂਦਾ ਹੋਇਆ, ਅੰਤ ਵਿਚ ਸਮਾਜਵਾਦੀ ਦੇਸ਼ ਭਗਤ ਦੀ ਵਿਚਾਰਧਾਰਾ ਉੱਤੇ ਪਹੁੰਚਾਉਂਦਾ ਹੈ। ਇਸ ਤਰ੍ਹਾਂ ਨਾਵਲ ਭਗਤ ਸਿੰਘ ਦੇ ਵਿਚਾਰਾਂ ਨੂੰ ਪਿੱਠ ਭੂਮੀ ਵਿਚ ਲੈ ਕੇ ਆਉਂਦਾ ਹੈ।

**ਵਿਨੋਦ ਸ਼ਾਹੀ**- ਅੱਜ ਦੀ ਇਸ ਵਿਚਾਰ ਚਰਚਾ ਦੀ ਯੋਜਨਾ, ਇਸਦੇ ਉਦੇਸ਼, ਇਸਦੇ ਮੁੱਖ ਸਰੋਕਾਰ ਅਤੇ ਇਸਦੀ ਪਿੱਠਭੂਮੀ 'ਚ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ।

ਭਾਰਤੀ ਭਾਸ਼ਾਵਾਂ 'ਚ ਨਾਵਲ ਦਾ ਵਿਕਾਸ, ਪੱਛਮ ਦੇ ਨਾਵਲ ਦੇ ਵਿਕਾਸ ਦੇ ਸਾਮਾਂਨੰਤਰ ਹੋਇਆ ਹੈ ਪ੍ਰੰਤੂ ਇਸਦੀ ਆਪਣੀ ਇਕ ਵੱਖਰੀ ਸਖ਼ਸ਼ੀਅਤ ਹੈ। ਹਿੰਦੂ ਪੱਟੀ ਭਾਰਤ ਦੇ ਭੂਗੋਲ ਦੇ ਕੇਂਦਰ 'ਚ ਹੈ। ਪ੍ਰੰਤੂ ਕੇਵਲ ਇਸੇ ਕਾਰਨ ਹਿੰਦੀ ਨਾਵਲ ਭਾਰਤ ਦੀ ਸਿਰਜਣਸ਼ੀਲਤਾ ਦਾ ਕੇਂਦਰ ਨਹੀ ਹੋ ਸਕਦਾ। ਉਸ ਨੂੰ ਭਾਰਤ ਦੀਆਂ ਹੋਰਨਾਂ ਭਾਸ਼ਾਵਾਂ ਦੇ ਵਿਕਾਸ ਦੇ ਸਾਮਾਂਨੰਤਰ ਰੱਖ ਕੇ ਹੀ ਉਸਦਾ ਸਹੀ ਮੁਲੰਕਣ ਸੰਭਵ ਹੈ।

ਉਦੇਸ਼ ਅੱਜ ਦੀ ਚਰਚਾ ਦਾ ਇਹੀ ਹੈ ਕਿ ਸਾਨੂੰ ਪੰਜਾਬੀ ਨਾਵਲ ਦੇ ਵਿਅਕਤਿਤਵ ਨੂੰ, ਉਸਦੀ ਵੱਖਰੀ ਸਖ਼ਸ਼ੀਅਤ ਨੂੰ ਸਮਝਣ ਦੇ ਨਾਲ ਨਾਲ ਇਹ ਵੀ ਸਮਝਣਾ ਹੈ ਕਿ ਪੂਰੇ ਭਾਰਤ ਦੇ ਨਾਵਲੀ ਦ੍ਰਿਸ਼ 'ਚ ਉਹ ਕਿਵੇਂ ਸਾਮਿਲ ਹੁੰਦੇ ਹਨ, ਇਹ ਉਸ ਦੇ ਬਰਾਬਰ ਹੈ ਜਾਂ ਉਸਨੂੰ ਕਿਸੇ ਥਾਂ ਤੋਂ ਪਾੜ ਪਾਉਂਦਾ ਹੈ, ਜਾਂ ਉਹ ਇਸ ਤੋਂ ਵੱਖਰਾ ਹੈ। ਅਸੀਂ ਪੰਜਾਬੀ ਨਾਵਲ ਦੀ ਕੇਵਲ ਜਾਣਕਾਰੀ ਹੀ ਨਹੀਂ ਦੇਣੀ ਹੈ, ਬਲਕਿ ਸਾਨੂੰ ਉਸਦੇ ਸਾਰ ਤੱਤ ਨੂੰ ਪਹਿਚਾਣਦੇ ਹੋਏ ਉਜਾਗਰ ਵੀ ਕਰਨਾ ਹੈ।

ਹਿੰਦੀ ਨਾਵਲ ਦੀ ਗੱਲ ਕਰਦੇ ਹੋਇਆ ਅਸੀਂ ਆਮ ਤੌਰ ਉੱਤੇ 'ਕਾਲਜਈ' ਨਾਵਲ ਦੀ ਗੱਲ ਕਰਦੇ ਹਾਂ। ਕਾਲਜਈ ਨਾਵਲ ਕਿਹੜੇ ਕਿਹੜੇ ਹਨ, ਉਨ੍ਹਾਂ ਦੀਆਂ ਸੂਚੀਆਂ ਵਿਦਵਾਨ ਲੱਭਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਹ ਜ਼ਰੂਰੀ ਵੀ ਨਹੀਂ ਕਿ ਅਸੀਂ ਉਨ੍ਹਾਂ ਸੂਚੀਆਂ ਨੂੰ ਇਕ ਮਾਪਦੰਡ ਮੰਨ ਕੇ ਤੁਰੀਏ ਕਿਉਂਕਿ ਸੂਚੀਆਂ ਬਣਦੀਆਂ ਰਹਿੰਦੀਆਂ ਹਨ ਤੇ ਰੱਦ ਵੀ ਹੁੰਦੀਆਂ ਰਹਿੰਦੀਆਂ ਹਨ। ਸਾਡਾ ਉਦੇਸ਼ ਨਾਵਲ ਦੇ ਮਾਪਦੰਡ ਤੋਂ ਹੈ ਅਤੇ ਅਸੀਂ ਇਹ ਵੀ ਸਮਝਣਾ ਹੈ ਨਾਵਲ ਤੋਂ ਸਾਡਾ ਅਰਥ ਕੀ ਹੈ? ਬਹੁਤ ਸਾਰੇ ਵਿਦਵਾਨ ਨਾਵਲ ਦਾ ਇਕ ਅਰਥ ਗ੍ਰਹਿਣ ਕਰਦੇ ਹਨ, ਤਾਂ ਦੂਜੇ ਵਿਦਵਾਨ ਹੋ ਸਕਦਾ ਹੈ ਕਿ ਨਾਵਲ ਦੀ ਪੂਰੀ ਸਰੰਚਨਾ ਨੂੰ ਸਮਝਦੇ ਹੋਏ ਕੁਝ ਹੋਰ ਗੱਲਾਂ ਨੂੰ ਮਹੱਤਪੂਰਨ ਮੰਨਦੇ ਹੋਣ। ਤਾਂ ਇਸ ਪ੍ਰਕਾਰ ਨਾਲ ਉਨ੍ਹਾਂ ਦੇ ਮਾਪਦੰਡ ਅਤੇ ਸੂਚੀਆਂ ਵੱਖਰੀਆਂ ਹੋ ਸਕਦੀਆਂ ਹਨ। ਲੂਕਾਚ ਜਦੋਂ ਨਾਵਲ ਦੀ ਉਤਪਤੀ ਦੀ ਗੱਲ ਕਰਦੇ ਹਨ ਤਾਂ ਕਹਿੰਦੇ ਹਨ ਕਿ ਜਦੋਂ ਮੱਧਵਰਗ ਆਇਆ ਦੁਨੀਆਂ 'ਚ ਤਾਂ ਮੱਧਵਰਗ ਦੇ ਨਾਲ ਹੀ ਵੱਖਰੀ ਤਰ੍ਹਾਂ ਦੀ ਕਥਾ ਦੀ ਜ਼ਰੂਰਤ ਪੂਰੀ ਦੁਨੀਆਂ ਨੂੰ ਮਹਿਸੂਸ ਹੋਈ ਅਤੇ ਜਿਹੜੇ ਪੁਰਾਣੇ ਨਾਇਕ ਸੀ, ਉਹ ਉੱਚ ਵਰਗ ਦੇ ਨਾਇਕ, ਜਿਨ੍ਹਾਂ ਨੂੰ ਕਾਵਿ ਵਿਚ ਅਧਾਰ ਬਣਾਇਆ ਜਾਂਦਾ ਸੀ ਉਹ ਟੁੱਟਣ ਲੱਗੇ ਅਤੇ ਮੱਧ ਵਰਗ ਦੇ ਨਾਇਕਾਂ ਨੂੰ ਅਧਾਰ ਬਣਾ ਕੇ ਦੁਨੀਆਂ ਵਿਚ ਇਕ ਕਥਾ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ। ਹਿੰਦੀ ਵਿਚ ਇਹ ਬਹਿਸ ਸ਼ੁਰੂ ਹੋਈ ਕਿ ਹਿੰਦੀ ਨਾਵਲ ਵੀ ਇਸ ਤਰ੍ਹਾਂ ਦਾ ਹੈ। ਇਸ ਉੱਤੇ ਕੁਝ ਵਿਦਵਾਨਾ ਦੀ ਦਲੀਲ ਇਹ ਹੈ ਕਿ ਹਿੰਦੀ ਨਾਵਲ 'ਚ ਦੋ ਗੱਲਾਂ ਮੁੱਖ ਤੌਰ ਤੇ ਅਧਾਰ ਬਣਦੀਆਂ ਹਨ ਜਿਹੜੇ ਕਿ ਹਿੰਦੀ ਨਾਵਲ ਨੂੰ ਪੱਛਮੀ ਨਾਵਲ ਤੋਂ ਵੱਖਰਿਆ ਕਰਦੀ ਹੈ। ਇਕ ਗੱਲ ਇਹ ਕਿ ਮੱਧਵਰਗ ਕੇਂਦਰ ਵਿਚ ਜ਼ਰੂਰ ਆਵੇ, ਪ੍ਰੰਤੂ ਭਾਰਤ ਵਿਚ ਮੱਧ ਵਰਗ ਦੀ ਥਾਂ ਨਿਮਨ ਮੱਧਵਰਗ ਦੀ ਭੂਮਿਕਾ ਵਧੇਰੇ ਉਭਰਦੀ ਹੈ। ਜਿਸ ਕਾਰਨ ਉਸ ਦੀ ਪੂਰੀ ਬਣਤਰ, ਉਸਦਾ ਅਧਾਰ, ਉਸ ਦੀ ਵਿਸ਼ਾ ਵਸਤੂ ਦੀ ਚੋਣ ਬਦਲ ਜਾਂਦੀ ਹੈ।

ਦੂਜੀ ਗੱਲ ਇਹ ਕਿ ਭਾਰਤੀ ਨਾਵਲ ਦਾ ਵਿਕਾਸ ਉਸ ਦੌਰਾਨ ਹੁੰਦਾ ਹੈ, ਜਦੋਂ ਭਾਰਤ ਗੁਲਾਮ ਹੈ, ਇਹ ਬਸਤੀਵਾਦ ਦਾ ਦੌਰ ਹੈ। ਇਸ ਬਸਤੀਵਾਦ ਦੇ ਨਾਲ ਲੜਦੇ ਹੋਇਆ ਇਥੋਂ ਦੇ ਲੋਕਾਂ ਨੇ ਇਸ ਦੇਸ਼




ਦੀ ਨਵੀਂ ਸਮਾਜਿਕ ਵਿਵਸਥਾ, ਨਵੀਂ ਰਾਜਨੀਤਿਕ ਵਿਵਸਥਾ, ਗੁਲਾਮੀ ਦੇ ਤੱਤ ਅਤੇ ਉਨ੍ਹਾਂ ਨੂੰ ਕਿਵੇਂ ਸਮਾਪਤ ਕਰਨਾ ਹੈ ਅਤੇ ਉਸਦੀ ਸੰਸਕ੍ਰਿਤੀ ਦੀ ਪਹਿਚਾਣ ਕਿਵੇਂ ਪ੍ਰਾਪਤ ਕਰਨੀ ਹੈ, ਇਤਿਹਾਸ ਦੇ ਵਿਚਕਾਰ ਆਪਣੇ ਵਿਅਕਤਿਤਵ ਨੂੰ ਕਿਵੇਂ ਖੋਜਣਾ ਹੈ-ਇਨ੍ਹਾਂ ਗੱਲਾਂ ਦੇ ਆਸ ਪਾਸ, ਆਪਣੇ ਨਵੇਂ ਨਾਵਲ ਦੇ ਨਾਇਕਾਂ ਦੇ ਅਧਾਰ ਨੂੰ ਵਿਕਸਿਤ ਕੀਤਾ ਹੈ। ਬੰਕਮ ਚੰਦਰ ਜਾਂ ਰਵਿੰਦਰ ਨਾਥ ਟੈਗੋਰ ਦੇ ਨਾਵਲਾਂ 'ਚ ਸਾਮੰਤਵਾਦੀ ਪ੍ਰਥਾ ਨੂੰ ਰੱਦ ਕਰਨ ਵਾਲੀ ਮਜ਼ਦੂਰਾਂ ਤੇ ਦਲਿਤਾਂ ਦੀ ਸੋਚ ਦੇ ਨਾਲ ਜੁੜੀ ਹੋਈ ਸਾਡੀ ਇਕ ਨਵੀਂ ਵਿਵਸਥਾ ਆ ਰਹੀ ਸੀ, ਜਿਹੜੀ ਕਿ ਨਿਮਨ ਵਰਗ ਦੇ ਨਾਲ ਜੁੜੀ ਹੋਈ ਸੀ, ਅਤੇ ਜਿਹੜੀ ਅੰਗਰੇਜ਼ਾਂ ਵੱਲੋਂ ਲਿਆਂਦੇ ਜਾ ਰਹੇ ਬੈਕਿੰਗ ਸਿਸਟਮ, ਬਜ਼ਾਰੀਕਰਨ, ਮੰਡੀਕਰਣ ਦੇ ਨਾਲ ਨਾਲ ਬਦਲ ਵੀ ਰਹੀ ਸੀ ਅਤੇ ਟੁੱਟ ਭੱਜ ਵੀ ਰਹੀ ਸੀ ਅਤੇ ਆਪਣੇ ਆਪ ਨੂੰ ਬਣਾਉਣ ਦੀ ਕੋਸ਼ਿਸ਼ ਵੀ ਕਰ ਰਹੀ ਸੀ। ਉਸ ਸਮਾਜ ਨੂੰ ਅਧਾਰ ਬਣਾਉਂਦੇ ਹੋਇਆ ਪ੍ਰੇਮ ਚੰਦ ਅਤੇ ਫਣੀਸ਼ਵਰਨਾਥ ਰੇਣੂ ਆਏ। ਇਹੀ ਉਪਰੋਕਤ ਦੋ ਗੱਲਾਂ ਖਾਸ ਤੌਰ ਉੱਤੇ ਸਾਡੇ ਭਾਰਤੀ ਨਾਵਲ ਨੂੰ ਇਕ ਵੱਖਰੇ ਰੂਪ ਜਾਂ ਵੱਖਰੀ ਸ਼ੈਲੀ ਪ੍ਰਦਾਨ ਕਰਦੀਆਂ ਹਨ।

ਇਥੋਂ ਹੀ ਅੱਜ ਦੀ ਵਿਚਾਰ ਚਰਚਾ ਦਾ ਆਰੰਭ ਕਰਨਾ ਚਾਹੁੰਦਾ ਹਾਂ ਕਿ ਨਾਵਲ ਦੇ ਸਬੰਧ ਵਿਚ ਸਾਡੀ ਆਪਣੀ ਕਿਹੜੀ ਧਾਰਨਾ ਹੈ ਅਤੇ ਉਸ ਵਿਚ ਪੰਜਾਬੀ ਨਾਵਲ ਦੀ ਕਿਹੜੇ ਸਖ਼ਸ਼ੀਅਤ ਹੈ? ਕੀ ਅਸੀਂ ਭਾਰਤੀ ਨਾਵਲ ਨੂੰ ਪਹਿਚਾਣ ਦੇਣ ਵਾਲੀਆਂ ਇਨ੍ਹਾਂ ਦੋਹਾਂ ਗੱਲਾਂ ਨਾਲ ਸਹਿਮਤ ਹਾਂ ਜਾਂ ਅਸਹਿਮਤ ਹਾਂ-ਪਹਿਲੀ ਗੱਲ ਇਹ। ਦੂਜੀ ਗੱਲ ਇਹ ਕਿ ਪੰਜਾਬੀ ਨਾਵਲ, ਕੀ ਭਾਰਤੀ ਨਾਵਲ ਦੇ ਵਾਂਗ ਹੀ, ਉਸਦੇ ਇਕ ਪੂਰਕ ਦੇ ਵਾਂਗ ਉਸਦੇ ਸਮਾਂਨੰਤਰ ਧਾਰਾ ਦੇ ਰੂਪ ਵਿਚ ਚਲਦਾ ਹੈ ਜਾਂ ਪੰਜਾਬੀ ਨਾਵਲ ਆਪਣੀ ਕੋਈ ਵੱਖਰੀ ਸਖ਼ਸ਼ੀਅਤ ਲੈ ਕੇ ਸਾਡੇ ਸਾਹਮਣੇ ਆਉਂਦਾ ਹੈ?

**ਟੀ ਆਰ ਵਿਨੋਦ**-ਨਾਵਲ ਦੀ ਪਰਿਭਾਸ਼ਾ ਕੀ ਹੋ ਸਕਦੀ ਹੈ, ਇਸਦਾ ਸਰੂਪ ਕੀ ਹੋ ਸਕਦਾ ਹੈ? ਮੈਂ ਇਨ੍ਹਾਂ ਸਿਧਾਂਤਕ ਸਵਾਲਾਂ ਵੱਲ ਨਾ ਜਾਂਦੇ ਹੋਇਆ ਪੰਜਾਬੀ ਨਾਵਲ ਦੇ ਉਨ੍ਹਾਂ ਸਰੋਕਾਰਾਂ ਦੀ ਗੱਲ ਕਰਨਾ ਚਾਹੁੰਦਾ ਹਾਂ ਜਿਹੜੇ ਪੰਜਾਬੀ ਨਾਵਲ 'ਚ ਸ਼ੁਰੂ ਤੋਂ ਲੈ ਕੇ ਅੱਜ ਤੱਕ ਪ੍ਰਚੱਲਤ ਰਹੇ ਹੈ ਅਤੇ ਜਿਨ੍ਹਾਂ ਦੇ ਸੰਬੰਧ 'ਚ ਗੱਲ ਪੰਜਾਬੀ ਨਾਵਲਕਾਰਾਂ ਨੇ ਆਪਣੇ ਆਪਣੇ ਸਮੇਂ 'ਚ ਵੱਖਰੇ ਵੱਖਰੇ ਢੰਗ ਨਾਲ ਕੀਤੀ ਹੈ। ਇਸ ਸੰਬੰਧ ਵਿਚ ਪਹਿਲਾ ਮੇਰੀ ਜਿਹੜੀ ਧਾਰਨਾ ਪੰਜਾਬੀ ਨਾਵਲ ਪੜ੍ਹਨ ਤੋਂ ਬਾਅਦ ਬਣੀ ਹੈ, ਉਹ ਇਹ ਕਿ ਪੰਜਾਬੀ ਨਾਵਲ ਸ਼ੁਰੂ ਤੋਂ ਲੈ ਕੇ ਅੱਜ ਤੱਕ ਉਦੇਸ਼ ਮੂਲਕ ਰਿਹਾ ਹੈ। ਹਿੰਦੀ ਵਿਚ ਵੀ ਉਦੇਸ਼ ਮੂਲਕ ਨਾਵਲ ਲਿਖੇ ਗਏ ਹਨ। ਉਦਾਹਰਨ ਦੇ ਤੌਰ ਤੇ, ਪੰਜਾਬੀ ਨਾਵਲ ਦੇ ਖੇਤਰ ਵਿਚ ਆਉਣ ਤੋਂ ਪਹਿਲਾਂ ਦੀ ਗੱਲ ਹੈ, 1950 'ਚ ਮੈਂ ਦਸਵੀਂ ਕੀਤੀ ਸੀ, ਉਦੋਂ ਮੈਨੂੰ ਇਕ ਨਾਵਲ **'ਚੰਦਰਕਾਂਤਾ'** ਪੜ੍ਹਨ ਦਾ ਮੌਕਾ ਮਿਲਿਆ। ਉਸ ਵੇਲੇ ਮੈਨੂੰ ਸਮਝ ਨਹੀਂ ਸੀ ਕਿ ਨਾਵਲ ਕੀ ਹੁੰਦਾ ਹੈ, ਉਦੇਸ਼ ਕੀ ਹੁੰਦਾ ਹੈ। ਉਹ ਨਾਵਲ ਮੈਨੂੰ ਐਨਾ ਰੌਚਿਕ ਲੱਗਾ ਕਿ ਮੈਂ ਉਸਦੇ 28 ਭਾਗ ਇਕ ਮਹੀਨੇ ਤੱਕ ਲਗਾਤਾਰ ਪੜ੍ਹਦਾ ਗਿਆ। ਮੈਨੂੰ ਇਹ ਮਹਿਸੂਸ ਹੋਇਆ ਕਿ ਇਸ ਤੋਂ ਵਧੀਆ ਮੰਨੋਰੰਜਕ ਵਸਤੂ ਕੋਈ ਹੋ ਹੀ ਨਹੀਂ ਸਕਦੀ ਅਤੇ ਨਾਵਲ ਅਸਲ ਵਿਚ ਪੜ੍ਹਨੇ ਹੀ ਚਾਹੀਦੇ ਹਨ।

ਸ਼ੁਰੂ ਤੋਂ ਲੈ ਕੇ ਪ੍ਰਧਾਨ ਪਰੰਪਰਾ ਹੈ ਪੰਜਾਬੀ ਨਾਵਲ ਦੀ, ਇਹੀ ਹੈ ਕਿ, ਸਮਾਜਿਕ ਸਰੋਕਾਰਾਂ ਦੇ ਸੰਬੰਧ ਵਿਚ ਪਾਠਕ ਨੂੰ ਸੁਚੇਤ ਕਰਨਾ ਅਤੇ ਪਾਠਕ ਨੂੰ ਦੱਸਣਾ ਕਿ ਪੰਜਾਬ ਦੀ ਕਿਹੜੀ ਸਮੱਸਿਆ ਹੈ। ਉਦਾਹਰਣ ਦੇ ਤੌਰ ਤੇ ਅਸੀਂ ਭਾਈ ਵੀਰ ਸਿੰਘ ਨੂੰ ਪੰਜਾਬੀ ਦਾ ਪਹਿਲਾਂ ਮੌਲਿਕ ਨਾਵਲਕਾਰ ਮੰਨਦੇ ਹਾਂ। **'ਸੁੰਦਰੀ'** ਉਸਦਾ ਪਹਿਲਾ ਨਾਵਲ ਹੈ ਅਤੇ ਉਨ੍ਹਾਂ ਨੇ ਸਿੱਖੀ ਵੱਲੋਂ ਆਪਣਾ ਰਾਜ ਪੰਜਾਬ 'ਚ ਖੁਸ ਜਾਣ ਤੋਂ ਉਪਰੰਤ ਮਹਿਸੂਸ ਕੀਤੀ ਗਈ ਪੀੜ ਨੂੰ ਇਸ ਨਾਵਲ ਵਿਚ ਪੇਸ਼ ਕੀਤਾ ਹੈ। ਉਸ ਪੀੜ ਨੂੰ ਘੱਟ ਕਰਨ ਦੇ ਲਈ, ਉਸ ਦੁੱਖ ਨੂੰ ਘੱਟ ਕਰਨ ਦੇ ਲਈ ਉਨ੍ਹਾਂ ਨੇ ਅਤੀਤ ਦਾ ਸਹਾਰਾ ਲਿਆ ਅਤੇ 18 ਵੀ ਸਦੀ ਦੇ ਸਿੱਖ ਇਤਿਹਾਸ ਨੂੰ ਅਧਾਰ ਬਣਾ ਕੇ ਨਾਵਲ ਲਿਖਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਸਿੱਖ ਸੰਪਰਦਾ ਅਤੇ ਜਿਹੜੇ













ਸਿੱਖ ਧਰਮ ਦੇ ਸ਼ਰਧਾਲੂ ਸੀ, ਉਨ੍ਹਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਤੁਸੀਂ ਆਪਣੀ ਪੁਰਾਣੀ ਸਿੱਖ ਸੰਸਕ੍ਰਿਤੀ ਦੇ ਨਾਲ ਜੇਕਰ ਜੁੜ ਕੇ ਰਹੋਗੇ, ਤਾਂ ਹੀ ਤੁਸੀਂ ਰਾਜ ਦੇ ਚਲੇ ਜਾਣ ਦਾ ਜਿਹੜਾ ਦੁੱਖ ਹੈ, ਉਸ ਨੂੰ ਭੁਲਾ ਸਕੋਗੇ। ਉਨ੍ਹਾਂ ਨੇ ਆਪਣੇ ਸਮੇਂ ਦੇ ਸਬੰਧ ਵਿਚ ਇਕ ਨਾਵਲ ਲਿਖਿਆ ਹੈ-**'ਬਾਬਾ ਨੌਧ ਸਿੰਘ'** 'ਬਾਬਾ ਨੌਧ ਸਿੰਘ' ਵਿਚ ਵੀ ਉਨ੍ਹਾਂ ਨੇ ਸਿੱਖ ਸੰਸਕ੍ਰਿਤੀ ਦੀਆਂ ਕਰਦਾ ਕੀਮਤਾਂ ਨੂੰ ਸਾਡੇ ਸਾਹਮਣੇ ਰਖ ਕੇ ਉਸ ਸਮੇਂ ਦੀਆਂ ਜਿਹੜੀਆਂ ਸਮੱਸਿਆਵਾਂ ਸੀ, ਉਨ੍ਹਾਂ ਦਾ ਹੱਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਵੱਖਰੀ ਗੱਲ ਹੈ ਕਿ ਇਹ ਜਿਹੜੀਆਂ ਗੱਲਾਂ ਹਨ ਇਹ ਕਿਸੇ ਨੂੰ ਸਵੀਕਾਰ ਹੋ ਸਕਦੀਆਂ ਹਨ ਕਿਸੇ ਨੂੰ ਨਹੀਂ। ਪ੍ਰੰਤੂ ਸਪੱਸਟ ਹੈ ਕਿ ਭਾਈ ਵੀਰ ਸਿੰਘ ਦੇ ਸਾਹਮਣੇ ਸਿੱਖ ਸਮਾਜ ਦੀ ਭਲਾਈ ਦਾ ਉਦੇਸ਼ ਬਿਲਕੁੱਲ ਸਪੱਸ਼ਟ ਸੀ।

ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਡਾ. ਗੁਰਦਿਆਲ ਸਿੰਘ ਜਾਂ ਡਾ. ਗੁਰਦਿਆਲ ਸਿੰਘ ਹੋਰਾ ਦੇ ਸਮਕਾਲੀ ਨਾਵਲਕਾਰਾਂ ਨੇ ਪੰਜਾਬੀ ਜਾਂ ਪੰਜਾਬ ਦੀਆਂ ਜਿਹੜੀਆਂ ਮੁੱਖ ਸਮੱਸਿਆਵਾ ਸਨ ਉਨ੍ਹਾਂ ਦਾ ਆਪਣੇ ਨਾਵਲ 'ਚ ਨੋਟਿਸ ਲੈਣ ਦੀ ਕੋਸ਼ਿਸ਼ ਕੀਤੀ ਹੈ। ਉਦਾਹਰਨ ਦੇ ਤੌਰ ਤੇ ਜੇਕਰ ਅਸੀਂ ਪੰਜਾਬ ਦੇ ਸਮਾਜ ਦੀ ਗੱਲ ਕਰੀਏ ਤਾਂ ਸਮਾਜ ਦੀਆਂ ਤਿੰਨ ਚਾਰ ਵੱਡੀਆਂ ਸਮੱਸਿਆਵਾ ਹਨ ਜਿਹੜੀਆਂ ਇਨ੍ਹਾਂ ਨਾਵਲਕਾਰਾਂ ਨੇ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਇਕ ਹੈ ਆਰਥਿਕ ਰਾਜਨੀਤਿਕ ਮਸਲਾ। ਮੈਂ ਕੇਵਲ ਅਰਥ ਸ਼ਾਸ਼ਤਰ ਜਾਂ ਕੇਵਲ ਰਾਜਨੀਤਿਕ ਸ਼ਾਸ਼ਤਰ ਦੀ ਗੱਲ ਨਹੀਂ ਕਰ ਰਿਹਾ ਹਾਂ, ਬਲਕਿ ਮੈਂ ਰਾਜਨੀਤਿਕ ਆਰਥਿਕਤਾ ਦੀ ਗੱਲ ਕਰ ਰਿਹਾ ਹਾਂ। ਪਾਲਿਟਿਕਸ ਇਕੌਨਮੀ ਦੀ ਗੱਲ ਕਰ ਰਿਹਾ ਹਾਂ। ਪਾਲਿਟਿਕਲ ਇਕੌਨਮੀ ਦੇ ਸਰੋਕਾਰਾਂ ਨੂੰ ਸਾਹਮਣੇ ਰੱਖਦੇ ਹੋਏ ਪੰਜਾਬੀ 'ਚ ਨਾਨਕ ਸਿੰਘ ਤੋਂ ਲੈ ਕੇ ਗੁਰਦਿਆਲ ਸਿੰਘ ਅਤੇ ਮਿੱਤਰ ਸੈਨ ਮੀਤ ਦੇ ਨਾਵਲਾਂ 'ਚ ਰਾਜਨੀਤਿਕ ਆਰਥਿਕਤਾ ਦੇ ਮਸਲੇ ਕੇਵਲ ਛੋਹੇ ਹੀ ਨਹੀਂ ਗਏ ਬਲਕਿ ਪੂਰੇ ਵਿਸਥਾਰ ਦੇ ਨਾਲ ਇਸ ਸਮੱਸਿਆ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਉਂਕਿ ਨਾਵਲ ਕਿਸੇ ਕਿਸਮ ਦਾ ਪੈਂਫਲਿਟ ਨਹੀਂ ਹੈ, ਪ੍ਰਚਾਰ ਦਾ ਸਾਧਨ ਨਹੀਂ ਹੈ, ਨਾਵਲ ਇਕ ਸਾਹਿਤਕ ਵਿਧਾ ਹੈ। ਪੌਲੀਟਿਕਲ ਇਕੌਨਮੀ ਦੀ ਸਮੱਸਿਆ ਨੂੰ ਪਾਠਕਾਂ ਤੱਕ ਪਹੁੰਚਾਉਣ ਦਾ ਕਾਰਜ ਨਾਨਕ ਸਿੰਘ ਤੋਂ ਲੈ ਕੇ ਮਿੱਤਰ ਸੈਨ ਮੀਤ ਤੱਕ ਦੇ ਨਾਵਲਕਾਰਾਂ ਵੱਲੋਂ ਬੜੇ ਚਿਹਨਾਂ ਨਾਲ ਬਿੰਬਾਂ ਵਿਚ ਢਾਲ ਕੇ ਨਾਵਲ ਵਿਚ ਪੇਸ਼ ਕੀਤਾ ਗਿਆ। ਪੰਜਾਬੀ ਨਾਵਲ ਦੀ ਇਹ ਇਕ ਬਹੁਤ ਵੱਡੀ ਪ੍ਰਾਪਤੀ ਹੈ।

ਦੂਜਾ ਹੈ ਕਿਸਾਨਾ ਦਾ ਮਸਲਾ। ਪੰਜਾਬ 'ਚ 1947 ਤੋਂ ਪਹਿਲਾਂ, ਸਮਰਾਜ ਅਤੇ ਇਥੋਂ ਦਾ ਸਾਹੂਕਾਰ ਤਬਕਾ ਜਿਹੜਾ ਸੀ ਕਿਸਾਨਾਂ ਨੂੰ ਲੁੱਟਦਾ ਸੀ। ਪਰੰਤੂ 1947 ਦੇ ਬਾਅਦ, ਖਾਸਕਰ ਪੰਜਾਬ 'ਚ, ਲੁੱਟ-ਖਸੁੱਟ ਦਾ ਨਵਾਂ ਦੌਰ ਸ਼ੁਰੂ ਹੋਇਆ। ਜ਼ਿੰਮੀਦਾਰ ਸਾਹੂਕਾਰ ਦੀ ਇਕ ਨਵੀਂ ਕਲਾਸ 1947 ਤੋਂ ਬਾਅਦ ਪੈਦਾ ਹੋਈ। 1947 ਤੋਂ ਬਾਅਦ ਜਿੰਮੀਦਾਰ ਖੁਦ ਸ਼ਾਹੂਕਾਰ ਵੀ ਬਣ ਗਏ ਤਾਂ ਕਿਸਾਨ ਤਿੰਨ ਮੁੱਖ ਸ੍ਰੈਣੀਆਂ ਵਿਚ ਵੰਡੇ ਗਏ। ਇਕ ਸੀ ਛੋਟੇ ਕਿਸਾਨ- ਜਿਵੇਂ ਕਿ ਪੰਜਾਬ ਦੇ 80 % ਲੋਕ ਖੇਤੀਬਾੜੀ ਦਾ, ਖੇਤੀਬਾੜੀ ਦਾ ਧੰਦਾ ਕਰਦੇ ਹਨ-ਉਸ ਤਰ੍ਹਾਂ ਦੇ। ਇਕ ਮੱਧ ਵਰਗੀ ਕਿਸਾਨ ਅਤੇ ਦੂਜੇ ਉੱਚੇ ਦਰਜੇ ਦੇ ਕਿਸਾਨ। ਉੱਚੇ-ਨੀਵੇਂ ਅਤੇ ਮੱਧ ਦਰਜੇ ਦੇ। ਇਹ ਤਿੰਨ ਭਾਗ 1947 ਤੋਂ ਬਾਅਦ ਸਾਡੇ ਪੰਜਾਬ ਵਿਚ ਪੈਦਾ ਹੋਣੇ ਸ਼ੁਰੂ ਹੋਏ



ਅਤੇ ਹਰੀ ਕ੍ਰਾਂਤੀ ਨੇ ਇਸ ਦੇ ਜੀਵਨ 'ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ। ਖਾਸ ਕਰਕੇ ਇਨ੍ਹਾਂ ਤਿੰਨਾਂ ਨੂੰ ਆਪਸ ਵਿਚ ਵੰਡ ਕੇ ਰੱਖ ਦਿੱਤਾ। ਪੰਜਾਬੀ ਨਾਵਲਕਾਰਾਂ ਨੇ ਕਿਸਾਨਾਂ ਦੀ ਇਸ ਸਮੱਸਿਆ ਨੂੰ ਬਹੁਤ ਸਾਰੇ ਨਾਵਲਕਾਰਾਂ ਨੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਤੀਜੀ ਸਮੱਸਿਆ ਹੈ ਕਿ ਪੰਜਾਬ ਦੇ ਪਿੰਡਾਂ 'ਚ ਰੋਜ਼ਗਾਰ ਦੇ ਸਾਧਨ ਖਤਮ ਹੋਣ ਉੱਤੇ, ਬੇਰੋਜ਼ਗਾਰ ਲੋਕ ਮੰਡੀਆ ਜਾਂ ਸ਼ਹਿਰਾਂ, ਕਸਬਿਆਂ ਵਿਚ ਆ ਕੇ ਵਸਣ ਲੱਗ ਪਏ। ਜਦੋਂ ਉਨ੍ਹਾਂ ਨੂੰ ਪਿੰਡਾਂ ਵਿਚ ਰੋਜ਼ਗਾਰ ਨਹੀਂ ਮਿਲਿਆ ਜਾਂ ਪਿੰਡਾਂ ਵਿਚ ਉਨ੍ਹਾਂ ਉੱਤੇ ਜ਼ੁਲਮ, ਅਤਿਆਚਾਰ ਹੋਣ ਲੱਗੇ ਤਾਂ ਉਨ੍ਹਾਂ ਵਿਚੋਂ ਬਹੁਤ ਸਾਰੇ ਸ਼ਹਿਰਾਂ ਵਿਚ ਵਸਣ ਲੱਗ ਪਏ। ਕੁੱਝ ਨਾ ਕੁੱਝ ਨਿੱਕੇ ਮੋਟੇ ਕੰਮ ਧੰਦੇ ਕਰਨ ਲੱਗੇ। ਉਨ੍ਹਾਂ ਵਿਚੋਂ ਜਿਹੜਾ ਥੋੜ੍ਹਾ ਬਹੁਤ ਸੁਚੇਤ ਵਰਗ ਸੀ, ਉਨ੍ਹਾਂ ਵਿਚੋਂ ਜਿਹੜੇ ਨਾਵਲਕਾਰ ਪੈਦਾ ਹੋਏ, ਉਨ੍ਹਾਂ ਨੇ ਪੰਜਾਬ ਦੇ ਇਨ੍ਹਾਂ ਅਛੂਤਾਂ ਨੂੰ, ਜਿਨ੍ਹਾਂ ਨੂੰ ਦਲਿਤ ਕਿਹਾ ਜਾਂਦਾ ਹੈ ਜਾਂ 'ਵਿਹੜੇ ਦੇ ਲੋਕ' ਜਿਨ੍ਹਾਂ ਨੂੰ ਮੈਂ 'ਕੰਮੀ-ਕਮੀਣ' ਕਹਿੰਦਾ ਹਾਂ, ਇਨ੍ਹਾਂ ਦੀ ਗੱਲ ਵੀ ਪੰਜਾਬੀ ਨਾਵਲ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜਾਂ ਇਹ ਤੀਜਾ ਮਸਲਾ ਹੈ ਜਿਹੜਾ ਪੰਜਾਬੀ ਨਾਵਲ ਵਿਚ ਛੋਹਿਆ ਗਿਆ ਹੈ। ਗੁਰਦਿਆਲ ਸਿੰਘ ਆਪਣੇ ਨਾਵਲ **'ਮੜੀ ਦਾ ਦੀਵਾ'** ਤੋਂ ਲੈ ਕੇ ਉਸ ਦਾ ਜਿਹੜਾ ਅੰਤਲਾ ਨਾਵਲ ਹੈ, **'ਆਹਣ'** ਉਥੋਂ ਤੱਕ, ਉਨ੍ਹਾਂ ਦੇ ਸਾਰੇ ਨਾਵਲਾਂ ਵਿਚ ਸਾਡੇ ਦਲਿਤ, ਜਾਤ-ਪਾਤ ਅਤੇ ਜਮਾਤ-ਦੋਹਾਂ ਦੇ ਅਤਿਆਚਾਰ ਨੂੰ ਸਹਿਣ ਕਰ ਰਹੇ ਲੋਕਾਂ ਨੂੰ ਥਾਂ ਮਿਲੀ ਹੈ। ਇਸ ਸਮੱਸਿਆ ਦਾ ਹੱਲ ਕਿਸ ਤਰ੍ਹਾਂ ਹੋ ਸਕਦਾ ਹੈ, ਇਹ ਇਕ ਵੱਖਰਾ ਸਵਾਲ ਹੈ।

ਅਗਲਾ ਮਸਲਾ ਹੈ-ਇਸਤਰੀ ਜਾਤੀ ਦਾ। ਪੰਜਾਬੀ ਦੇ ਨਾਵਲਕਾਰ ਇਹ ਮੰਨਦੇ ਹਨ ਕਿ ਇਥੇ ਕੇਵਲ ਸ਼੍ਰੈਣੀ ਦਾ ਦਾਬਾ ਨਹੀਂ ਹੈ, ਕੇਵਲ ਸ਼੍ਰੈਣੀ ਦਾ ਪਾਰਾ ਹੀ ਨਹੀਂ ਵਧਿਆ ਹੋਇਆ, ਇਥੇ ਕੇਵਲ ਜਾਤ ਪਾਤ ਦੇ ਅਧਾਰ ਤੇ ਸ਼ੋਸ਼ਣ ਦਮਨ ਨਹੀਂ ਹੈ, ਇਥੇ ਇਕ ਹੋਰ ਸ਼ੋਸ਼ਣ ਵੀ ਹੈ। ਇਸ ਦੇ ਪ੍ਰਸੰਗ ਵਿਚ ਪੰਜਾਬ ਦੀ ਜਿਹੜੀ ਇਸਤਰੀ ਹੈ, ਉਸਨੂੰ ਬਹੁਤ ਜਿਆਦਾ ਦਮਨ ਦਾ ਸ਼ਿਕਾਰ ਹੋਣਾ ਪਿਆ ਹੈ। ਬਹੁਤ ਸਾਰੇ ਨਾਵਲਕਾਰਾਂ ਨੇ ਇਸਤਰੀ ਦਮਨ ਦੇ ਮਸਲੇ ਨੂੰ ਲੈ ਕੇ ਆਪਣੇ ਨਾਵਲਾਂ ਵਿਚ ਗਲੋਰੀਫਾਈ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਸਵੰਤ ਸਿੰਘ ਕੰਵਲ, ਜਿਸਨੂੰ ਅਸੀਂ ਆਮ ਤੌਰ ਤੇ ਕਿਸਾਨੀ ਜੀਵਨ ਨੂੰ ਦਰਸਾਉਣ ਵਾਲਾ ਨਾਵਲਕਾਰ ਕਹਿੰਦੇ ਹਾਂ, ਉਹ ਪੇਂਡੂ ਜੀਵਨ ਦੇ ਨਾਵਲਕਾਰ ਤੋਂ ਵਧ ਕੇ ਇਸਤਰੀ ਦੇ ਦਮਨ ਦੀ ਪੇਸ਼ਕਾਰੀ ਕਰਨ ਵਾਲਾ ਨਾਵਲਕਾਰ ਹੈ।

ਇਸ ਤਰ੍ਹਾਂ ਪੰਜਾਬੀ ਦਾ ਜਿਹੜਾ ਨਾਵਲ ਹੈ, ਉਹ ਮੁੱਢ ਤੋਂ ਲੈ ਕੇ ਅੱਜ ਤੱਕ ਸਮਾਜਿਕ ਸਰੋਕਾਰਾਂ ਨੂੰ ਹੀ ਪੇਸ਼ ਕਰਦਾ ਰਿਹਾ ਹੈ। ਨਾਵਲਕਾਰ ਉਨ੍ਹਾਂ ਸਮੱਸਿਆਵਾਂ ਨੂੰ ਨਾਵਲ ਦੀ ਫਾਰਮ ਵਿਚ ਪੇਸ਼ ਕਰਦਾ ਹੋਇਆ ਕਿੰਨਾ ਕਾਮਯਾਬ ਹੋਇਆ ਹੈ ਜਾਂ ਉਸਨੇ ਇਸ ਸਮੱਸਿਆ ਦਾ ਵਿਵੇਕ ਕਿਸ ਤਰ੍ਹਾਂ ਨਾਲ ਪੇਸ਼ ਕੀਤਾ ਹੈ ਜਾਂ ਇਸ ਸਮੱਸਿਆ ਦਾ ਹੱਲ ਠੀਕ ਢੰਗ ਨਾਲ ਸਾਹਮਣੇ ਰੱਖਣ ਦੀ ਕੋਸ਼ਿਸ਼ ਕਰ ਸਕਿਆ ਹੈ ਜਾਂ ਨਹੀਂ, ਇਹ ਵੱਖਰਾ ਮਸਲਾ ਹੈ, ਪ੍ਰੰਤੂ ਇਸ ਦੇ ਲਈ ਸਮਾਂ ਮਿਲਿਆ ਤਾਂ ਮੈਂ ਜ਼ਰੂਰ ਗੱਲ ਕਰਾਗਾ। ਅੰਤ ਵਿਚ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਨਾਵਲ ਦੇ ਸਬੰਧ ਵਿਚ ਮੇਰੀਆਂ ਸੱਤ ਕਿਤਾਬਾਂ ਹਨ। ਸੱਤਾਂ ਵਿਚ ਇਕ ਕਿਤਾਬ ਹੈ, **'ਆਓ ਨਾਵਲ ਪੜ੍ਹੀਏ'** ਉਸ ਵਿਚ ਮੈਂ ਡਿਸਕਸ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਸਾਡਾ ਨਾਵਲ ਕਿਸ ਤਰ੍ਹਾਂ ਨਾਲ ਮੋੜ ਕੱਟਦਾ ਰਿਹਾ ਹੈ। ਇਸ ਵਿਚ 22 ਨਾਵਲਾਂ ਨੂੰ ਲਿਆ ਗਿਆ ਹੈ, ਜਿਸ ਨੂੰ ਅਧਾਰ ਬਣਾ ਕੇ ਮੈਂ ਇਤਿਹਾਸਕ ਦ੍ਰਿਸ਼ਟੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਵਿਨੋਦ ਸ਼ਾਹੀ**-ਤੁਸੀਂ ਪੰਜਾਬੀ ਨਾਵਲ ਦੀ ਵੱਖਰੀ ਸਖ਼ਸ਼ੀਅਤ ਦੇ ਸੰਬੰਧ ਵਿਚ ਟੀ ਆਰ ਵਿਨੋਦ ਜੀ ਦੇ ਵਿਚਾਰ ਸੁਣੇ। ਕੁਝ ਗੱਲਾਂ ਇਨ੍ਹਾਂ ਨੇ ਪੰਜਾਬੀ ਨਾਵਲ ਦੇ ਸਬੰਧ ਸਪੱਸ਼ਟ ਕੀਤੀਆਂ ਕਿ ਕਿਨ੍ਹਾਂ ਕਾਰਨਾਂ ਕਰਕੇ ਜਾਂ ਚਿਤਰਣ ਤੋਂ ਅਸੀਂ ਪੰਜਾਬੀ ਨਾਵਲ ਨੂੰ ਨਿਖੇੜਨ ਜਾਂ ਵੱਖਰੀ ਸਖ਼ਸ਼ੀਅਤ ਕਹਿ ਸਕਦੇ ਹਾਂ,

ਪ੍ਰੰਤੂ ਲਗਦਾ ਇਹ ਹੈ ਕਿ ਭਾਰਤੀ ਨਾਵਲ ਦੇ ਸੰਦਰਭ 'ਚ ਇਕ ਪੂਰਕ ਹੀ ਪ੍ਰਤੀਤ ਹੁੰਦਾ ਹੈ। ਦਵੇਸ਼ਵਰ ਜੀ ਤੁਸੀਂ ਆਪਣੇ ਵਿਚਾਰ ਦੱਸੋ?

**ਸੁਰਿੰਦਰ ਕੁਮਾਰ ਦਵੇਸ਼ਵਰ**-ਪੰਜਾਬੀ ਨਾਵਲ ਦੀ ਜੋ ਸ਼ੁਰੂਆਤ ਹੈ, ਇਕ ਪਾਸੇ ਤਾਂ ਸਾਡੀ ਬਿਰਤਾਂਤ ਪਰੰਪਰਾ ਦੇ ਨਾਲ ਜੁੜੀ ਹੈ, ਇਸ ਦੇ ਨਾਲ ਨਾਲ ਬਰਤਾਨਵੀ ਸਮਰਾਜ ਦੇ ਨਾਲ ਸਾਡੇ ਕੋਲ ਇਕ ਨਵਾਂ ਗਿਆਨਵਾਦ ਆਇਆ। ਇਸ ਗਿਆਨਵਾਦ ਦਾ ਇਸਦੇ ਉੱਪਰ ਪ੍ਰਭਾਵ ਹੈ। ਭਾਈ ਵੀਰ ਸਿੰਘ ਦਾ ਪਹਿਲਾ ਮੌਲਿਕ ਨਾਵਲ 1898 ਵਿਚ ਆਇਆ-'**ਸੁੰਦਰੀ**' ਇਸ ਦੇ ਸੰਬੰਧ ਵਿਚ ਮੈਨੂੰ ਲਗਦਾ ਹੈ ਕਿ ਥੋੜਾ ਜਿਹਾ ਪੂਰਨ ਸਮਰਪਣ ਕਰਨ ਦੀ ਜ਼ਰੂਰਤ ਹੈ, ਕਿਉਂਕਿ ਪੰਜਾਬੀ ਵਿਚ ਨਾਵਲ ਦੀ ਪਰੰਪਰਾ ਇਸ ਤੋਂ ਪਹਿਲਾਂ ਨਹੀਂ ਸੀ, ਅਤੇ ਜਿਹੜੇ ਦੋ ਨਾਵਲ ਸਾਡੇ ਕੋਲ ਅਨੁਵਾਦ ਦੇ ਰੂਪ ਵਿਚ ਪਹੁੰਚੇ, ਭਾਈ ਵੀਰ ਸਿੰਘ ਦਾ ਇਹ ਨਾਵਲ ਅਸਲ ਵਿਚ ਉਨ੍ਹਾਂ ਦੋਹਾਂ ਦੀ ਪ੍ਰਤਿਕਿਰਿਆ ਦੇ ਰੂਪ ਵਿਚ ਲਿਖਿਆ ਗਿਆ। ਵੱਖਰੀ ਦ੍ਰਿਸ਼ਟੀ ਹੋਣ ਕਾਰਨ ਇਸ ਨੂੰ ਫਿਰਕਾਪ੍ਰਸਤੀ ਵੀ ਕਿਹਾ ਗਿਆ। ਪਰ ਉਸ ਨਾਵਲ ਨੂੰ ਧਿਆਨ ਨਾਲ ਪੜ੍ਹੀਏ ਤਾਂ ਪਤਾ ਚੱਲਦਾ ਹੈ ਕਿ ਭਾਈ ਵੀਰ ਸਿੰਘ ਨੇ ਜਿਹੜੀ ਗੱਲ ਕਰਨੀ ਸੀ, ਉਹ ਸੀ ਬ੍ਰਿਟਿਸ਼ ਸਮਰਾਜ ਦੀ। ਸਮਰਾਜ ਕਿਸੇ ਵੀ ਸਮੇਂ ਦਾ ਹੋਵੇ, ਕਿਸੇ ਵੀ ਕਮਿਊਨਿਟੀ ਦਾ ਹੋਵੇ, ਉਸ ਦਾ ਮੂਲ ਸੁਭਾਅ ਹਮੇਸ਼ਾ ਦਮਨ ਤੇ ਸ਼ੋਸ਼ਣ ਹੀ ਹੁੰਦਾ ਹੈ।

ਦੂਜੀਆਂ ਭਾਸ਼ਾਵਾਂ ਵਿਚ ਜਿਹੜੇ ਨਾਵਲ ਹਨ, ਉਹ ਪੰਜਾਬੀ 'ਚ ਨਾਵਲ ਆਉਣ ਤੋਂ ਪਹਿਲਾਂ ਹੀ ਆ ਗਏ। ਇਸ ਦਾ ਵੀ ਇਕ ਕਾਰਨ ਹੈ ਕਿ ਉਨ੍ਹਾਂ ਦਾ ਜਿਹੜਾ interaction ਝੁਕਾਅ ਹੈ ਉਸ ਨੂੰ ਬਰਤਾਨਵੀ enlightement ਇਨਲਾਇਟਮੈਂਟ ਤੋਂ, ਪਹਿਲਾਂ ਹੋ ਗਿਆ, ਸਾਡਾ ਬਾਅਦ ਵਿਚ ਹੋਇਆ। ਸਾਡੀ ਇਥੋਂ ਦੀਆਂ ਕੁੱਝ ਸਮਾਜਿਕ ਅਤੇ ਵਿਚਾਰਕ ਸੀਮਾਵਾਂ ਵੀ ਰਹੀਆਂ ਹਨ। ਜਿਸ ਦੇ ਚਲਦਿਆਂ ਸਾਡੀ ਆਪਣੀ ਕਮਿਊਨਿਟੀ ਡਿਵਾਇਡ ਵੀ ਹੋਈ ਹੈ। ਉਸੇ ਬਟਵਾਰੇ ਦੇ ਕਾਰਨ ਅਸੀਂ ਕਹਿੰਦੇ ਹਾਂ ਕਿ ਭਾਈ ਵੀਰ ਸਿੰਘ ਕੇਵਲ ਸਿੱਖ ਸਿਧਾਂਤ ਨੂੰ ਲੈ ਕੇ ਹੀ ਨਾਵਲ ਲਿਖ ਰਿਹਾ ਹੈ।

ਜਿਵੇਂ ਕਿ ਡਾ. ਟੀ ਆਰ ਵਿਨੋਦ ਸਾਹਿਬ ਨੇ ਗੱਲ ਵੀ ਕੀਤੀ ਹੈ ਇਹ ਬਿਲਕੁੱਲ ਸੌ ਫੀ ਸਦੀ ਸਹੀ ਹੈ ਕਿ ਪੰਜਾਬੀ 'ਚ ਜਿਹੜਾ ਨਾਵਲ ਹੈ ਉਹ ਉਦੇਸ਼ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ। ਕੋਈ ਨਾ ਕੋਈ ਉਦੇਸ਼ ਉਸ ਦਾ ਹੁੰਦਾ ਹੈ ਕਿਉਂਕਿ ਉਸ ਉਦੇਸ਼ 'ਚ ਹੀ ਉਸ ਪੂਰੇ ਦੇ ਪੂਰੇ ਨਾਵਲ ਦਾ ਸਟ੍ਰੱਕਚਰ ਬਣਿਆ ਹੈ। ਉਦੇਸ਼ ਨੂੰ ਧਿਆਨ ਵਿਚ ਰੱਖ ਕੇ ਹੀ ਉਸਦੀਆਂ ਘਟਨਾਵਾਂ ਜਾਂ ਭਾਸ਼ਾ ਉਭਰਦੀ ਹੈ। ਇਥੇ ਜੇਕਰ ਭਾਈ ਵੀਰ ਸਿੰਘ ਵੀ ਲਿਖ ਰਹੇ ਹਨ ਤਾਂ ਉਸ ਸਮੇਂ ਦੇ ਸਮਾਜਿਕ ਸਰੋਕਾਰ ਹੀ ਸਾਹਮਣੇ ਰੱਖ ਕੇ। ਜਿਹੜਾ ਸਭ ਤੋਂ ਵੱਡਾ ਸਰੋਕਾਰ ਹੈ ਉਹ ਹੈ ਗੁਲਾਮੀ ਦਾ ਸਰੋਕਾਰ। ਇਕ ਤਰਫ਼ ਸਾਡੇ ਕੋਲ ਗੁਲਾਮੀ ਹੈ, ਦੂਜੇ ਪਾਸੇ ਸਾਡੀਆਂ ਸਭਿਆਚਾਰਕ ਸੀਮਾਵਾਂ ਹਨ, ਜਿਹੜੀਆਂ ਕੁਰੀਤੀਆਂ ਦੇ ਰੂਪ ਵਿਚ ਸਾਡੇ ਅੰਦਰ ਬੈਠੀਆਂ ਹੋਈਆਂ ਹਨ। ਮਤਲਬ ਇਹ ਕਿ ਦੋ ਪੱਧਰਾਂ ਤੇ ਨਾਵਲਕਾਰ ਨੇ ਆਪਣਾ ਪੈਂਤੜਾ ਬਣਾਇਆ ਹੈ-ਜਿਸ ਵਿਚ ਉਹ ਇਕ ਹੀ ਸਮੇਂ 'ਚ ਸਮਰਾਜਵਾਦ ਨੂੰ ਵੀ ਕੱਟੇ ਅਤੇ ਉਸੇ ਸਮੇਂ ਹੀ ਸਾਡੀਆਂ ਸਮਾਜਿਕ ਕੁਰੀਤੀਆਂ ਨੂੰ ਵੀ ਹੱਲ ਕਰੇ। ਮੈਨੂੰ ਲੱਗਦਾ ਹੈ ਕਿ ਸਾਨੂੰ ਭਾਈ ਵੀਰ ਸਿੰਘ ਨੂੰ ਥੋੜਾ ਜਿਹਾ ਪੁਨਰ ਅਧਿਐਨ ਕਰਨ ਦੀ ਲੋੜ ਹੈ। ਜੇਕਰ ਬਸਤੀਵਾਦ ਦੇ ਪ੍ਰਤੀਉੱਤਰ ਦੇ ਰੂਪ ਵਿਚ ਅਸੀਂ ਉਨ੍ਹਾਂ ਦੇ ਨਾਵਲਾਂ ਨੂੰ ਦੇਖੀਏ ਤਾਂ ਮੈਨੂੰ ਲਗਦਾ ਹੈ ਕਿ ਉਸਦੇ ਨਾਵਲ ਵਧੇਰੇ ਮੁੱਲਵਾਨ ਹਨ।

1960 ਤੱਕ ਦਾ ਜਿਹੜਾ ਨਾਵਲ ਹੈ, ਉਸਦੇ ਸ਼ਿਲਪ ਦਾ ਪੱਖ ਇਕੋ ਜਿਹਾ ਹੈ। ਸਮਾਜਿਕ ਸਮੱਸਿਆਵਾਂ, ਜਿਹੜੀਆਂ ਡਾ. ਸਾਹਿਬ ਨੇ ਹੁਣੇ ਦੱਸੀਆਂ ਹਨ, ਉਹ ਲਗਪਗ ਸਾਰੀਆਂ ਉਨ੍ਹਾਂ ਵਿਚ ਹੈਗੀਆਂ ਹਨ। ਮੱਧਵਰਗ ਦੀਆਂ ਜਿਹੜੀਆਂ ਸਮੱਸਿਆਵਾਂ ਹਨ, ਮੱਧਵਰਗ ਦੇ ਦ੍ਰਿਸ਼ਟੀਕੋਣ ਨਾਲ ਪੇਸ਼ ਹੋਈਆਂ ਹਨ, ਨਿਮਨ ਵਰਗ ਦੀਆਂ ਜਿਹੜੀਆਂ ਸਮੱਸਿਆਵਾਂ ਹਨ ਉਹ ਵੀ ਮੱਧਵਰਗ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਹੋਈਆਂ ਹਨ। ਵਿਚਾਰਧਾਰਾ ਦੀਆਂ ਸਮੱਸਿਆਵਾਂ ਜਿਵੇਂ ਕਿ ਡਾ. ਸਾਹਿਬ ਨੇ ਕਿਹਾ ਹੈ ਕਿਤੇ ਨਾ ਕਿਤੇ ਤਾਂ ਹੈ।



ਹੁਣ ਗੱਲ ਨਾਨਕ ਸਿੰਘ ਦੇ ਨਾਵਲਾਂ ਦੀ। ਸਮਾਜ ਦੀ ਕੋਈ ਅਜਿਹੀ ਸਮੱਸਿਆ ਨਹੀਂ, ਜਿਸ ਨੂੰ ਨਾਨਕ ਸਿੰਘ ਨੇ ਸਾਹਮਣੇ ਨਹੀਂ ਰੱਖਿਆ। ਅਸੀਂ ਮੰਨਦੇ ਹਾਂ ਕਿ ਉਸ ਦਾ ਪਹਿਲਾਂ ਨਾਵਲ 'ਚਿੱਟਾ ਲਹੂ' ਹੈ। ਅਸੀਂ ਉਸ ਦਾ ਪਹਿਲਾਂ ਨਾਵਲ ਮੰਨਦੇ ਹਾਂ। ਬੇਸ਼ੱਕ ਇਸ ਤੋਂ ਪਹਿਲਾਂ ਉਨ੍ਹਾਂ ਨੇ ਚਾਰ ਨਾਵਲ ਲਿਖੇ ਹਨ। ਸਮਾਜ ਦਾ ਕੋਈ ਅਜਿਹਾ ਸਰੋਕਾਰ ਨਹੀਂ ਹੈ, ਜਿਹੜਾ ਉਨ੍ਹਾਂ ਨੇ ਆਪਣੇ ਨਾਵਲਾਂ ਵਿਚ ਨਹੀਂ ਲਿਆ ਹੈ। ਕਥਾ ਵਸਤੂ ਦੀ ਜਿਹੜੀ ਟ੍ਰੀਟਮੈਂਟ ਹੈ, ਉਸ ਟ੍ਰੀਟਮੈਂਟ ਰਾਹੀਂ ਉਹ ਕਿਸ ਦ੍ਰਿਸ਼ਟੀ ਨੂੰ ਉਭਾਰ ਰਹੇ ਹਨ ਜਾਂ ਉਸ ਵਿਚ ਕਿਸ ਤਰ੍ਹਾਂ ਹੱਲ ਕੱਢ ਰਹੇ ਹਨ, ਉਹ ਵੱਖਰੀ ਗੱਲ ਹੈ। ਉਸ ਦੀ ਦ੍ਰਿਸ਼ਟੀ ਦੀ ਸੀਮਾ ਹੀ ਕਿਤੇ ਨਾ ਕਿਤੇ ਉਸ ਦੀ ਕਲਾ ਦੀ ਸੀਮਾ ਵੀ ਬਣ ਜਾਂਦੀ ਹੈ। ਪ੍ਰੰਤੂ ਨਾਵਲ ਜਿਹੜਾ ਭਾਈ ਵੀਰ ਸਿੰਘ ਤੋਂ ਆਰੰਭ ਹੁੰਦਾ ਹੈ ਉਹ ਨਾਨਕ ਸਿੰਘ ਤੱਕ ਜਾ ਕੇ ਵਸਤੂ, ਵਿਧੀ ਅਤੇ ਦ੍ਰਿਸ਼ਟੀ ਤਿੰਨਾ ਪੱਖਾਂ ਤੋਂ ਗੁਣਾਤਮਿਕ ਰੂਪ ਤੋਂ ਵਧੇਰੇ ਚੰਗਾ ਹੈ। ਕਲਾਤਮਿਕ ਤੌਰ ਤੇ ਜੇਕਰ ਦੇਖਿਆ ਜਾਵੇ ਤਾਂ ਉਹ ਵਧੇਰੇ ਪ੍ਰੋੜ ਬਣਿਆ ਹੈ।

ਉਸ ਤੋਂ ਬਾਅਦ 1960 ਤੱਕ ਦਾ ਜਿਹੜਾ ਨਾਵਲ ਸਾਡੇ ਕੋਲ ਆਉਂਦਾ ਹੈ, ਉਸਦਾ ਬੁਨਿਆਦੀ ਸਟ੍ਰੱਕਚਰ ਬੇਸ਼ੱਕ ਉਹੀ ਰਹਿੰਦੀ ਹੈ, ਪਰੰਤੂ ਉਸਦੇ ਸੁਭਾ 'ਚ ਫਰਕ ਹੈ। ਉਸਦੀ ਕਥਾ ਵਸਤੂ, ਵਿਧੀ ਅਤੇ ਭਾਸ਼ਾ ਵਿਚ ਵੀ ਤਬਦੀਲੀ ਆਉਂਦੀ ਹੈ। ਮੁੱਖ ਰੂਪ ਵਿਚ ਇਹ ਨਾਵਲ ਸੁਖਾਂਤਕਾਰੀ ਹੈ। ਸੁਖਾਂਤ ਇਸ ਲਈ ਕਿਉਂਕਿ ਕਿਸੇ ਸਮੱਸਿਆ ਨੂੰ ਲੈ ਕੇ ਜਲਦੀ ਹੀ ਹੱਲ ਕਰ ਦਿੰਦਾ ਹੈ। ਹੁਣ ਉਸ ਵਿਵਸਥਾ 'ਚ ਜਿਹੜੀਆਂ ਕਮਜੋਰੀਆਂ ਹਨ, ਜਿਹੜੀਆਂ ਕਮੀਆਂ ਹਨ, ਜਿਸ ਉੱਤੇ ਸਾਡੇ ਮਨ 'ਚ ਰੋਸ ਪੈਦਾ ਹੋਣਾ ਸੀ, ਵਿਦਰੋਹ ਪੈਦਾ ਹੋਣਾ ਸੀ, ਉਹ ਜਿਹੜਾ ਹੱਲ ਇਸ ਤਰ੍ਹਾਂ ਮਿਲਦਾ ਹੈ, ਉਹ ਕਿਤੇ ਨਾ ਕਿਤੇ ਪਾਠਕ ਦੀ ਸੋਚ ਨੂੰ ਧੁੰਦਲਾ ਜ਼ਰੂਰ ਕਰ ਦਿੰਦਾ ਹੈ। ਗੁਰਦਿਆਲ ਸਿੰਘ ਇਸ ਵਿਚ ਬਦਲ ਲੈ ਕੇ ਆਉਂਦਾ ਹੈ। ਡਾ. ਰਾਹੀ ਸਾਹਿਬ ਦੀ ਇਕ ਬਹੁਤ ਹੀ ਵਧੀਆ ਸਟੇਟਮੈਂਟ ਹੈ-ਗੁਰਦਿਆਲ ਸਿੰਘ ਦੇ ਨਾਲ ਪੰਜਾਬੀ ਨਾਵਲ 'ਆਪਣਾ ਆਸਣ ਬਦਲਦਾ ਹੈ' ਉਸ ਨੇ ਆਸਣ ਦੀ ਠੀਕ ਪਹਿਚਾਣ ਦੱਸੀ ਹੈ ਕਿ ਅਸਲ 'ਚ ਸਾਡਾ ਸਮਾਜ ਅਤੇ ਸਭਿਆਚਾਰ ਉਸ ਆਦਮੀ ਨੂੰ ਕਿਸ ਤਰ੍ਹਾਂ ਨਾਲ ਤਣਾਓ ਯੁਕਤ ਕਰਦਾ ਹੈ, ਕਿਸ ਤਰ੍ਹਾਂ ਉਸ ਨੂੰ ਤ੍ਰਸਦ ਕਰਦਾ ਹੈ। ਉਹ ਤ੍ਰਸਦੀ ਵਾਲੀ ਦ੍ਰਿਸ਼ਟੀ ਦਾ ਨਾਵਲ ਹੈ, ਜਿਹੜਾ ਗੁਰਦਿਆਲ ਸਿੰਘ ਨੇ ਪੇਸ਼ ਕੀਤਾ। ਕਿਉਂਕਿ ਇਸ ਤੋਂ ਪਹਿਲਾਂ ਪੂਰੇ ਦਾ ਪੂਰਾ ਨਾਵਲ ਵਧੇਰੇ ਕਰਕੇ ਸੁਖਾਂਤਕਾਰੀ ਹੈ। ਦੁਖਾਂਤ ਸਿਲਸਿਲੇ ਦੀ ਜਿਹੜੀ ਗੱਲ ਹੈ ਉਹ ਗੁਰਦਿਆਲ ਸਿੰਘ ਦੇ ਨਾਵਲਾਂ ਤੋਂ ਸ਼ੁਰੂ ਹੁੰਦੀ ਹੈ ਅਤੇ ਇਸਦਾ ਪੈਟਰਨ ਸਾਡੇ ਆਉਣ ਵਾਲੇ ਨਾਵਲਕਾਰ ਅਪਨਾਉਂਦੇ ਹਨ।

1990 ਤੋਂ ਬਾਅਦ ਦਾ ਜਿਹੜਾ ਨਾਵਲ ਹੈ, ਜਿਸ ਨੂੰ ਅਸੀਂ ਭਾਰਤੀ ਨਾਵਲ ਦੇ ਪ੍ਰਸੰਗ ਵਿਚ ਦੇਖਦੇ ਹਾਂ ਤਾਂ ਅਸੀਂ ਕਹਿ ਸਕਦੇ ਹਾਂ ਕਿ ਇਹ ਉੱਪਰ ਨੂੰ ਉੱਠ ਰਿਹਾ ਹੈ। ਇਸ ਦਾ ਕਾਰਨ ਇਹ ਹੀ ਹੈ ਕਿ ਇਹ ਨਾਵਲ ਖੋਜ ਅਤੇ ਅਧਿਐਨ ਦਾ ਨਾਵਲ ਹੈ। ਇਸ ਤੋਂ ਪਹਿਲਾਂ ਦਾ ਨਾਵਲ ਲੇਖਕਾਂ ਦੇ ਨਿੱਜੀ ਅਨੁਭਵ ਦਾ ਨਾਵਲ ਹੈ। ਨਿੱਜੀ ਅਨੁਭਵ ਵਿਚ ਵਧੇਰੇ ਵਿਸ਼ਾਲਤਾ ਨਹੀਂ ਹੈ, ਉਹ ਇਕ ਤਰ੍ਹਾਂ ਦਾ ਸੀਮਿਤ ਅਨੁਭਵ ਹੈ। ਇਸੇ ਕਾਰਨ ਉਹੀ ਵਿਸ਼ੇ, ਉਹੀ ਵਿਧੀ, ਉਹੀ ਦ੍ਰਿਸ਼ਟੀ ਉਨ੍ਹਾਂ ਦੇ ਨਾਵਲਾਂ ਵਿਚ ਵਾਰ ਵਾਰ ਦੋਹਰਾਈ ਜਾ ਰਹੀ ਹੈ। ਪ੍ਰੰਤੂ 1990 ਤੋਂ ਬਾਅਦ ਦੇ ਨਾਵਲ 'ਚ ਖਾਸਕਰ ਜਿਵੇਂ ਮਿੱਤਰ ਸੈਨ ਮੀਤ ਹੈ, ਉਨ੍ਹਾਂ ਦੇ ਸਾਡੀ ਪਾਲਿਟਿਕਲ ਇਕੌਨਮੀ ਨੂੰ ਜਾਂ ਪਾਲਿਟਿਕਲ ਸਿਸਟਮ ਨੂੰ, ਸਾਡਾ ਜਿਹੜਾ ਪ੍ਰਬੰਧਕੀ ਢਾਂਚਾ ਹੈ, ਉਸ ਨੂੰ ਫੜਦਾ ਹੈ। ਕਿਉਂਕਿ ਉਹ ਖੁਦ ਉਸ ਵਿਵਸਥਾ ਦਾ ਅੰਗ ਹੈ, ਅਤੇ ਤਫ਼ਤੀਸ਼ 'ਚ ਉਸ ਨੂੰ ਸਮਝਿਆ ਹੈ, ਇਸ ਦੇ ਕੋਲ ਵਿਹਾਰਕ ਅਨੁਭਵ ਵੀ ਹੈ ਅਤੇ ਉਹ ਇਸ ਸਭ ਨੂੰ ਆਪਣੇ ਨਾਵਲਾਂ ਵਿਚ ਲੈ ਕੇ ਆਉਂਦੇ ਹਨ। ਯਥਾਰਥ ਦੀ ਜਟਿਲਤਾ ਅਤੇ ਸਭ ਸਿਸਟਮ ਦੇ ਨਾਲ ਜੋੜਕੇ ਉਸਦੀ ਜਿਹੜੀ ਗੱਲ ਹੋਣੀ ਚਾਹੀਦੀ, ਬਹੁਤ ਕਲਾਤਮਿਕ ਰੂਪ ਵਿਚ, ਵਿਅੰਗ ਰੂਪ ਵਿਚ, ਵਿਸ਼ਾਲ ਵਿਡੰਬਨਾ ਦੇ ਨਾਲ ਜਿਹੜੀ ਗੱਲ ਕਹੀ ਜਾਣੀ ਚਾਹੀਦੀ, ਇਨ੍ਹਾਂ ਦੇ ਨਾਵਲਾਂ ਵਿਚ ਆਈ ਹੈ।

ਇਸ ਤਰ੍ਹਾਂ ਹੀ ਸਾਡੇ ਕੋਲ ਬਲਦੇਵ ਸਿੰਘ ਹਨ। ਉਨ੍ਹਾਂ ਦੇ ਕੁੱਝ ਨਾਵਲ ਆਏ ਹਨ ਜਿਵੇਂ '**ਅੰਨਦਾਤਾ**'

ਉਨ੍ਹਾਂ ਨੇ ਵੀ ਇਸ ਤਰ੍ਹਾਂ ਦੇ ਅਨੁਭਵ ਦੇ ਨਾਵਲ ਲਿਖੇ ਹਨ। ਇਸ ਤੋਂ ਬਾਅਦ ਸਾਡੇ ਇਕ ਨਾਵਲਕਾਰ ਹਨ-ਜਿਸ ਦੇ ਸੰਬੰਧ ਵਿਚ ਵਧੇਰੇ ਗੱਲ ਨਹੀਂ ਹੋਈ, ਉਹ ਹੈ-ਕੇਵਲ ਕਲੋਟੀ। ਉਸ ਦੇ ਤਿੰਨ ਨਾਵਲ ਆਏ ਹਨ। 'ਘਾਟੀ ਪੁਤਲੀਘਰਾਂ ਦੀ', **'ਘਾਟੀ ਪੁਤਲੀਘਰਾਂ ਦੀ'** ਨਾਵਲ ਪੈਰਾਸਾਇਕੋਲੋਜੀ ਦੇ ਸਬੰਧ ਵਿਚ ਹੈ। ਪ੍ਰੰਤੂ ਇਸ ਸਮੇਂ ਦੁਨੀਆਂ ਵਿਚ ਆਰਥਿਕਤਾ ਦੀ ਜਿਹੜੀ ਗਲੋਬਲਾਇਜੇਸ਼ਨ ਚਲ ਰਹੀ ਹੈ, ਡੇਵੈਲਪਡ ਕੈਪਿਟਲਿਜ਼ਮ ਵਾਲੀਆਂ ਤਾਕਤਾਂ ਦੂਜੇ ਅਵਿਕਸਿਤ ਜਾਂ ਵਿਕਾਸਸ਼ੀਲ ਦੇਸ਼ਾਂ ਨੂੰ ਜਿਵੇਂ ਵਰਤਦੇ ਹਨ, ਉਸ ਵਿਚ ਬੰਦਾ ਕਿਵੇਂ ਵਰਤਿਆ ਜਾਂਦਾ ਹੈ, ਬੰਦਾ ਕਿਵੇਂ ਇਕ ਔਜ਼ਾਰ ਬਣ ਜਾਂਦਾ ਹੈ। ਕਿਸ ਤਰ੍ਹਾਂ ਲਾਲਚ ਦੇ ਲਈ ਹਾਇਰ ਕੀਤਾ ਜਾਂਦਾ ਹੈ। ਕਿਸ ਤਰ੍ਹਾਂ ਫਾਇਰ ਕੀਤਾ ਜਾਂਦਾ ਹੈ। ਮੈਨੂੰ ਲੱਗਦਾ ਹੈ ਕਿ ਅਜਿਹੀ ਪੱਧਰ ਦਾ ਨਾਵਲ ਸਾਡੇ ਕੋਲ ਪਹਿਲਾਂ ਨਹੀਂ ਆਇਆ। ਸਾਡੇ ਕੋਲ ਜਿਹੜੇ ਵਧੇਰੇ ਨਾਵਲ ਹਨ-ਉਹ ਸਮਾਜਿਕ ਸਮੱਸਿਆਵਾਂ ਤੇ ਅਧਾਰਿਤ ਹਨ। ਇਸ ਤਰ੍ਹਾਂ ਖੋਜ ਕਰਕੇ ਵਿਗਿਆਨ ਨੂੰ ਅਧਾਰ ਬਣਾ ਕੇ ਨਾਵਲ ਲਿਖੇ ਜਾਣੇ, ਮੈਨੂੰ ਲਗਦਾ ਹੈ ਇਹ ਸਾਡੀ ਬਹੁਤ ਵੱਡੀ ਪ੍ਰਾਪਤੀ ਹੈ। ਕੁੱਝ ਹੱਦ ਤੱਕ ਅਸੀਂ ਜੇਕਰ ਕਹਿ ਸਕਦੇ ਹਾਂ ਕਿ 1990 ਤੱਕ ਦਾ ਜਿਹੜਾ ਨਾਵਲ ਹੈ, ਉਹ ਭਾਰਤੀ ਨਾਵਲ ਦਾ ਇਕ ਪੂਰਕ ਬਣਦਾ ਹੈ। ਇਸ ਵਿਚ ਉਸ ਤਰ੍ਹਾਂ ਦੀ ਕੋਈ ਭਿੰਨਤਾ ਤਾਂ ਨਹੀਂ, ਵਿਲੱਖਣਤਾ ਜ਼ਰੂਰ ਹੈ।

1990 ਤੋਂ ਬਾਅਦ ਦਾ ਨਾਵਲ ਸਾਡੇ ਕੋਲ ਜਿਹੜਾ ਹੈ ਕੁੱਝ ਨਾਵਲ ਜ਼ਰੂਰ ਭਾਰਤੀ ਪੱਧਰ ਦੇ ਹਨ, ਸਾਇਦ ਉਸ ਤੋਂ ਉੱਚੀ ਪੱਧਰ ਦੇ ਵੀ ਹੋ ਸਕਦੇ ਹਨ। ਖਾਸਤੌਰ ਉੱਤੇ ਮਿੱਤਰ ਸੈਨ ਮੀਤ ਦਾ **'ਕੌਰਵ ਸਭਾ'** ਨਾਵਲ ਹੈ। ਉਸ ਨੇ **'ਤ.ਫਤੀਸ਼'** ਅਤੇ **'ਕਟਿਹਰਾ'** ਨਾਵਲ ਲਿਖੇ, **'ਕੌਰਵ ਸਭਾ'** ਹੈ, ਉਸ ਤੋਂ ਬਾਅਦ **'ਸੁਧਾਰ ਘਰ'** ਹੈ, ਜਿਹੜਾ ਜ਼ੇਲ੍ਹਾ ਦੇ ਸੰਬੰਧ ਵਿਚ ਹੈ। ਇਸ ਤਰ੍ਹਾਂ ਬਲਦੇਵ ਸਿੰਘ ਦੇ ਕੁੱਝ ਨਾਵਲ ਹਨ। ਇਸ ਤਰ੍ਹਾਂ ਕੇਵਲ ਕਲੋਟੀ ਦੇ ਤਿੰਨ ਨਾਵਲ ਦਾ ਜ਼ਿਕਰ ਮੈਂ ਕੀਤਾ ਹੈ। ਇਹ ਨਹੀਂ ਕਿ ਮੈਂ ਕੇਵਲ ਵਿਸ਼ੇ ਪੱਖ ਜਾਂ ਦ੍ਰਿਸ਼ਟੀ ਪੱਖ ਤੋਂ ਗੱਲ ਕਰ੍ਹਾਂ, ਮੈਂ ਕਲਾਤਮਿਕ ਪੱਖ ਤੋਂ ਵੀ ਗੱਲ ਕਰ ਰਿਹਾ ਹਾਂ ਕਿ ਇਹ ਜਿਹੜੇ ਭਾਰਤੀ ਪੱਧਰ ਤੇ ਨਾਵਲ ਲਿਖਿਆ ਜਾ ਰਿਹਾ ਹੈ, ਉਸਦਾ ਕਿਤੇ ਨਾ ਕਿਤੇ ਅੱਗੇ ਜਾ ਕੇ ਅਗਵਾਈ ਵੀ ਇਸ ਵਿਚੋਂ ਕੁੱਝ ਨਾਵਲ ਕਰ ਸਕਦੇ ਹਨ।

ਸੰਖੇਪ ਵਿਚ ਮੈਂ ਇਹੀ ਗੱਲ ਕਹਾਂਗਾ ਕਿ ਸਾਡੇ ਕੋਲ 110 ਸਾਲ ਦਾ ਨਾਵਲ ਹੈ ਜਿਹੜਾ ਨਿਰੰਤਰ ਗਤੀਸ਼ੀਲ ਰਿਹਾ ਹੈ ਅਤੇ ਇਸ ਨੇ ਨਿਰੰਤਰ ਵਿਕਾਸ ਕੀਤਾ ਹੈ, ਇਸਦੀ ਕਥਾ ਵਸਤੂ, ਵਿਧੀ ਅਤੇ ਦ੍ਰਿਸ਼ਟੀ ਦੇ ਨਾਲ ਨਾਲ ਇਸ ਵਿਚ ਗੁਣਾਤਮਿਕ ਪ੍ਰੋੜਤਾ ਜ਼ਰੂਰ ਆਈ ਹੈ।

**ਵਿਨੋਦ ਸ਼ਾਹੀ**-ਇਕ ਸੰਦਰਭ ਟੀ. ਆਰ. ਵਿਨੋਦ ਸਾਹਿਬ ਨੇ ਹੁਣੇ ਦਿੱਤਾ ਕਿ ਉਨ੍ਹਾਂ ਨੇ ਹਿੰਦੀ ਨਾਵਲ ਪੜ੍ਹਨ ਦੀ ਸ਼ੁਰੂਆਤ 'ਚ **'ਚੰਦਰਕਾਂਤਾ'** ਦੇ ਨਾਵਲ ਦੇ ਸਾਰੇ ਖੰਡ ਪੜ੍ਹ ਲਏ, ਉਸ ਵਿਚ ਉਦੇਸ਼ ਦੀ ਗੱਲ ਵੀ ਕੀਤੀ ਹੈ ਇਨ੍ਹਾਂ ਨੇ। ਉਦੇਸ਼ ਦਾ ਸੰਕਟ ਹਿੰਦੀ ਵਿਚ ਵੀ ਮਹਿਸੂਸ ਕੀਤਾ ਗਿਆ। ਕਿਉਂਕਿ ਸ਼ੁਰੂਆਤ ਦੇ ਨਾਵਲ ਭਿੰਨ ਸੀ, ਪਰੰਤੂ ਉਸ ਤੋਂ ਬਾਅਦ ਜਦੋਂ ਅੰਗਰੇਜ਼ੀ ਸਾਮਰਾਜਵਾਦ ਦਾ ਅਧਿਐਨ ਕਰਦੇ ਹੋਏ ਕੁੱਝ ਵਿਦਵਾਨ ਜਿਵੇਂ ਕਿ ਰਾਜੇਂਦਰ ਯਾਦਵ ਅਤੇ ਪ੍ਰਦੀਪ ਸੈਕਸੈਨਾ ਨੂੰ ਅਜਿਹਾ ਮਹਿਸੂਸ ਹੁੰਦਾ ਸੀ ਕਿ ਇਹ ਜਿਹੜਾ ਤਲਿਸਮੀ ਤੇ ਐਯਾਰੀ ਦੇ ਜਿਹੜੇ ਨਾਵਲ ਹਿੰਦੀ ਦੇ ਸ਼ੁਰੂਆਤੀ ਦੌਰ ਵਿਚ ਆਏ, ਉਹ ਅਸਲ ਵਿਚ ਅੰਗ੍ਰੇਜ਼ੀ ਦੇ ਬਸਤੀਵਾਦ ਨੂੰ ਤੋੜਨ ਦੇ ਲਈ, ਜਿਹੜੇ ਇਥੋਂ ਦੇ ਛੋਟੇ ਛੋਟੇ ਰਾਜ ਸੀ, ਕਿਉਂਕਿ ਉਹ ਹੋਰ ਕੁੱਝ ਨਹੀਂ ਕਰ ਰਹੇ ਸੀ, ਉਨ੍ਹਾਂ ਦੇ ਕੋਲ ਆਪਣੀ ਆਜ਼ਾਦੀ ਦੀ ਭਾਵਨਾ ਨੂੰ ਪੇਸ਼ ਕਰਨ ਦੇ ਲਈ ਜਾਸੂਸੀ ਅਤੇ ਅਯਾਰੀ ਦਾ ਸਹਾਰਾ ਲੈ ਕੇ ਉਸ ਭਰਮਜ਼ਾਲ ਨੂੰ ਤੋੜਨ ਦੀ ਗੱਲ ਹੀ ਹੈ, ਉਸਦੇ ਪਿੱਛੇ ਵੀ ਬਸਤੀਵਾਦ ਦੇ ਪ੍ਰਤਿ ਵਿਦਰੋਹ ਦਾ ਭਾਵ ਹੀ ਲੁਕਿਆ ਹੋਇਆ ਹੈ। ਅਸਲ ਵਿਚ ਬਸਤੀਵਾਦ ਦਾ ਪ੍ਰਸਾਰ ਹੀ ਉਹੀ ਤਲਿਸਮ ਹੈ। ਇਸੇ ਕਾਰਨ ਇਸ ਤਲਿਸਮੀ ਨਾਵਲਾਂ 'ਚ ਵਾਰ ਵਾਰ ਬਹੁਤ ਸਾਰੇ ਸੰਕੇਤ ਤੇ ਰੈਫਰੈਂਸ ਸਾਮਰਾਜਵਾਦ ਦੇ ਨਾਲ ਨਾਲ ਨਿਕਲ ਕੇ ਆਉਂਦੇ ਹਨ। ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਹਿੰਦੀ ਨਾਵਲ ਆਪਣੇ ਮੁਢਲੇ ਦੌਰ 'ਚ ਹੀ ਉਦੇਸ਼ ਦਾ ਸਹਾਰਾ ਲੈ ਕੇ ਹੀ ਅੱਗੇ ਵਧਿਆ ਹੈ।



ਦੂਜੀ ਗੱਲ ਇਹ ਕਿ ਦਵੇਸ਼ਵਰ ਜੀ ਨੇ ਬਹੁਤ ਸਾਰੀਆਂ ਗੱਲਾਂ ਸਾਫ਼ ਕਰ ਦਿੱਤੀਆਂ ਹਨ ਕਿ ਨਿਮਨ ਵਰਗ ਦੇ ਸੰਬੰਧ ਵਿਚ, ਟੀ. ਆਰ. ਵਿਨੋਦ ਜੀ ਨੇ ਵੀ ਇਸ਼ਾਰਾ ਕੀਤਾ ਸੀ ਕਿ ਨਿਮਨ ਵਰਗ ਦੇ ਸੰਘਰਸ਼ ਨੂੰ ਉਭਾਰਦੇ ਹੋਏ ਨਾਵਲ ਆਪਣੀ ਫਾਰਮ ਬਦਲਦਾ ਹੈ। ਇਨ੍ਹਾਂ ਨੇ ਕਿਹਾ ਕਿ ਮੱਧਵਰਗ ਦਾ ਕੇਂਦਰੀ ਸਥਾਨ ਹੋਣ ਕਾਰਨ ਜਿਹੜੇ ਪੰਜਾਬੀ ਨਾਵਲ ਹਨ ਉਸਦੀ ਕਲਮੀਨੇਸ਼ਨ ਕਈ ਵਾਰ ਆਰੋਪਿਤ ਕਿਸਮ ਦੀ ਹੋ ਜਾਂਦੀ ਹੈ ਅਤੇ ਜੇਕਰ ਪੰਜਾਬੀ ਨਾਵਲ 'ਚ ਵਿਸ਼ਾ ਵਸਤੂ ਦੇ ਪੱਖ ਵਿਚ ਕੋਈ ਗੱਲ ਕਰਨੀ ਹੋਵੇ ਜਾਂ ਪੋਲਿਟਿਕਲ ਇਕੋਨਮੀ ਦੇ ਪੱਖ ਤੋਂ ਕੋਈ ਗੱਲ ਰੇਖਾਂਕ੍ਰਿਤ ਕਰਨੀ ਹੋਵੇ ਤਾਂ ਪਾਲਿਟਿਕਲ ਇਕੋਨਮੀ ਦੀ ਹੀ ਗੱਲ ਹੈ ਜਿਹੜੀ ਉਭਰ ਕੇ ਆਉਂਦੀ ਹੈ। ਪ੍ਰੰਤੂ ਜਿਹੜੀ ਗੱਲ ਤੁਸੀਂ ਕਹੀ ਹੈ ਕਿ ਫਾਰਮ ਦੇ ਪੱਧਰ ਤੇ, ਉਸ ਦੇ ਸੰਬੰਧ ਵਿਚ ਮੈਨੂੰ ਲੱਗਦਾ ਹੈ ਕਿ ਭਾਰਤੀ ਨਾਵਲ ਦੇ ਸੰਦਰਭ 'ਚ ਮੈਂ ਇਕ ਗੱਲ ਜ਼ਰੂਰ ਤੁਹਾਡੇ ਨਾਲ ਸਾਂਝੀ ਕਰਾਗਾਂ ਕਿ ਪੰਜਾਬੀ ਨਾਵਲ ਮੱਧਵਰਗੀ ਕਲਮੀਨੇਸ਼ਨ ਦਿੰਦਾ ਹੋਇਆ ਆਰੋਪਿਤ ਮਹਿਸੂਸ ਕਰਦਾ ਹੈ, ਪ੍ਰੰਤੂ ਜਦੋਂ ਨਿਮਨ ਵਰਗ ਦੇ ਵੱਲ ਆਉਂਦਾ ਹੈ ਤਾਂ ਉਸ 'ਚ ਵਿਅੰਗ ਅਤੇ ਵਿਡੰਬਨਾ ਦੀ ਗੱਲ ਵੀ ਸ਼ਾਮਿਲ ਹੁੰਦੀ ਹੈ। ਇਹੀ ਗੱਲ ਦਵੇਸ਼ਵਰ ਸਾਹਿਬ ਨੇ ਕਹੀ ਹੈ। ਜੇਕਰ ਅਸੀਂ ਹਿੰਦੀ ਨਾਵਲ ਦੀ ਗੱਲ ਕਰੀਏ ਤਾਂ ਉਸ ਵਿਚ ਦੋ ਤਰ੍ਹਾਂ ਦੀ ਫਾਰਮ ਉਭਰਦੀ ਹੈ-ਇਕ ਤ੍ਰਾਸ਼ਦ ਫਾਰਮ ਅਤੇ ਦੂਜੀ ਵਿਅੰਗਾਤਮਕ ਫਾਰਮ। ਪ੍ਰੇਮ ਚੰਦ ਦੇ ਨਾਵਲਾਂ 'ਚ ਜਿਹੜੀ ਫਾਰਮ ਉਭਰ ਕੇ ਸਾਹਮਣੇ ਆਈ, ਕਿਉਂਕਿ ਉਸ 'ਚ ਨਿਮਨ ਵਰਗ ਦਾ ਪ੍ਰਚੱਲਨ ਆ ਗਿਆ ਸੀ ਅਤੇ ਸਾਹੂਕਾਰ ਦੀ ਸਤਾ ਕਿਵੇਂ ਨਿਮਨ ਵਰਗ ਨੂੰ ਤੋੜਦੀ ਹੈ, ਉਸ ਤੋਂ ਨਾਵਲ ਦੀ ਤ੍ਰਾਸਦ ਫਾਰਮ ਉਭਰ ਕੇ ਸਾਹਮਣੇ ਆਉਂਦੀ ਹੈ, ਪਰੰਤੂ ਨਾਲ ਨਾਲ ਵਿਅੰਗ ਵੀ ਉਭਰਦਾ ਹੈ। ਹਿੰਦੀ ਨਾਵਲ ਵਿਚ ਮੱਧਵਰਗੀ ਦੇ ਗੁੱਸੇ ਤੇ ਵਿਦਰੋਹ ਦੀ ਭਾਵਨਾ ਪੇਸ਼ ਕਰਨ ਦੇ ਲਈ ਮੁੱਖ ਤੌਰ ਤੇ ਵਿਅੰਗ ਦੀ ਫਾਰਮ ਨਿਕਲ ਕੇ ਆਈ ਹੈ, ਪਰੰਤੂ ਇਹ ਦੋਵੇਂ ਹੀ ਬਹੁਤ ਹੱਦ ਤੱਕ ਘੁਲ ਮਿਲ ਜਾਂਦੇ ਹਨ। ਜਿਵੇਂ ਸ੍ਰੀ ਲਾਲ ਸ਼ੁਕਲ ਦਾ **'ਰਾਗ ਦਰਬਾਰੀ'** ਮੱਧ ਵਰਗੀ ਦੇ ਨੁਕਤੇ-ਨਿਗਾਹ ਤੋਂ ਵਿਅੰਗ ਅਤਮਿਕ ਨਾਵਲ ਦੀ ਸਿਰਜਣਾ ਕਰਦਾ ਹੈ। ਇਸ ਤੋਂ ਬਹੁਤ ਪਹਿਲਾਂ ਪ੍ਰੇਮ ਚੰਦ ਤ੍ਰਾਸਦ ਨਾਵਲ ਲਿਖਦੇ ਹੋਇਆ ਵੀ ਵਿਅੰਗ ਦਾ ਪ੍ਰਯੋਗ ਕਰਦੇ ਹਨ-ਜਿਵੇਂ ਗੋਬਰ ਜਿਹੜਾ ਸ਼ਹਿਰ ਤੋਂ ਆਉਂਦਾ ਹੈ, ਤਾਂ ਬਹੁਤ ਵਿਅੰਗ ਵਾਲੀਆਂ ਗੱਲਾਂ ਉਸ ਪਿੰਡ ਵਿਚ ਆ ਕੇ ਕਰਦੇ ਹਨ। ਨਾਚ ਨਕਲ ਆਦਿ ਦੀ ਲੋਕ ਸ਼ੈਲੀ ਵਿਚ ਨਕਲ ਕੀਤੀ ਜਾਂਦੀ ਹੈ। ਉਸ ਵਿਚ ਵਿਅੰਗ ਦੀ ਐਨੀ ਅਦਭੁੱਤ ਵਰਤੋਂ ਪ੍ਰੇਮ ਚੰਦ ਨੇ ਕੀਤੀ, ਜਿਹੜੀ ਮੁੱਖ ਤੌਰ ਤੇ ਮੱਧਵਰਗੀ ਦੀ ਇਕ ਫਾਰਮ ਬਣ ਗਈ ਹੈ ਹਿੰਦੀ ਨਾਵਲ ਚ। ਪੰਜਾਬੀ ਨਾਵਲ ਵਿਚ ਕਿਉਂਕਿ ਇਹੀ ਗੱਲਾਂ ਤਕਰੀਬਨ ਤਕਰੀਬਨ ਨਜ਼ਰ ਆ ਰਹੀਆਂ ਹਨ, ਮੈਨੂੰ ਲਗਦਾ ਹੈ ਕਿ ਹਿੰਦੀ ਨਾਵਲ ਦੇ ਸਾਥੀ ਦੇ ਤੌਰ ਤੇ ਹੀ ਪੰਜਾਬੀ ਨਾਵਲ ਇਥੋਂ ਤੱਕ ਚਲਿਆ ਆ ਰਿਹਾ ਹੈ।

**ਜੋਗਿੰਦਰ ਸਿੰਘ ਰਾਹੀ**-ਮੈਂ ਆਪਣੀ ਗੱਲ ਇਥੋਂ ਸ਼ੁਰੂ ਕਰਾਗਾਂ ਕਿ ਨਾਵਲ ਦੀ ਪਰਿਭਾਸ਼ਾ ਇਕ ਨਹੀਂ ਹੈ। ਨਾਵਲ ਦੀਆਂ ਹੁਣ ਤੱਕ ਸੌਂਦਰੇਆ ਸ਼ਾਸ਼ਤਰੀ ਅਤੇ ਸੋਧ ਸ਼ਾਸ਼ਤਰੀ ਦੇ ਮੱਤ ਅਨੁਸਾਰ ਤਿੰਨ ਪਰਿਭਾਸ਼ਾਵਾਂ ਆ ਚੁੱਕੀਆਂ ਹਨ, ਜਿਹੜੀਆਂ ਕਿ ਮਾਨਤਾ ਪ੍ਰਾਪਤ ਪ੍ਰਭਿਾਸ਼ਾਵਾਂ ਹਨ। ਅਤੇ ਉਨ੍ਹਾਂ ਮਾਨਤਾ ਪ੍ਰਾਪਤ ਪਰਿਭਾਸ਼ਾਵਾਂ 'ਚ ਅਸੀਂ ਅਨੇਕਾਂ ਵਾਰ ਗੱਲ ਕਰ ਕਰਦੇ ਹਾਂ-ਮਨੋਰੰਜਨ ਦੀ, ਤਾਂ ਇਹ ਗੱਲ ਮਨ ਕਰ ਚੱਲੋਂ ਕਿ ਕੋਈ ਸਾਹਿਤ ਓਨੇ ਸਮੇਂ ਤੱਕ ਆਪਣੇ ਸਾਹਿਤਕ ਉਦੇਸ਼ ਦੀ ਕਸੌਟੀ ਉੱਤੇ ਪੂਰਾ ਨਹੀਂ ਉਤਰਦਾ ਜਦੋਂ ਤੱਕ ਉਹ ਕਿਸੇ ਨਾ ਕਿਸੇ ਤਰ੍ਹਾਂ ਦਾ ਮਨੋਰੰਜਨ ਨਹੀਂ ਕਰਦਾ। ਇਹ ਗੱਲ ਮੰਨ ਕੇ ਚਲਨਾ ਚਾਹੀਦੀ ਹੈ। ਸਰਕਾਰੀ ਕਾਲਜ ਫਾਰ ਵੋਮੈਨ, ਅੰਮ੍ਰਿਤਸਰ ਵਿਚ ਇਕ ਸੈਮੀਨਾਰ ਹੋਇਆ ਸੀ। ਉਸ ਸੈਮੀਨਾਰ ਵਿਚ 'ਵੈਨਿਕਤਾ' ਦਾ ਮਸਲਾ ਉੱਠ ਪਿਆ ਜਿਸ ਨੂੰ ਲਿਰੀਕੈਲਟੀ-ਲੈਆਤਮਿਕਤਾਂ ਕਹਿੰਦੇ ਹਨ। ਉਸ ਵਿਚ ਦੋ ਤਿੰਨ ਬੰਦਿਆਂ ਵਿਚ ਬਹਿਸ ਸ਼ੁਰੂ ਹੋ ਗਈ ਅਤੇ ਆਖੀਰ ਦੋਨਾਂ -ਤਿੰਨਾਂ ਨੇ ਇਹ ਮੰਨ ਲਿਆ ਕਿ ਕੋਈ ਵੀ ਸਾਹਿਤ, ਸਾਹਿਤ ਨਹੀਂ ਹੋ ਸਕਦਾ ਹੈ, ਜਦੋਂ ਤੱਕ ਉਸ ਵਿਚ ਲਿਰੀਕੈਲਟੀ ਨਾ ਹੋਵੇ। ਇਹ ਮੰਨੋਰੰਜਨ ਦੇ ਲਈ ਸਮਝਿਆ ਜਾਵੇ ਤਾਂ ਇਕ ਨਵਾਂ ਬਦਲ ਵੀ ਹੈ। ਇਸ ਗੱਲ ਦੇ ਵੱਲ ਤਫ਼ਸੀਲ ਨਾਲ ਆਉਣ ਤੋਂ

ਪਹਿਲਾਂ ਮੈਂ ਤਿੰਨ ਪਰਿਭਾਸ਼ਾਵਾਂ ਤੁਹਾਨੂੰ ਦੱਸਾਗਾ। ਪਹਿਲੀ ਪਰਿਭਾਸ਼ਾ ਜਿਹੜੀ ਹੈ, ਜਿਸਨੂੰ ਉਦੇਸ਼ ਦੇ ਪ੍ਰਯੋਜਨ ਦੇ ਨਾਲ ਜੋੜਿਆ ਜਾਂਦਾ ਹੈ। ਉਹ ਪਰਿਭਾਸ਼ਾ ਇਹ ਹੈ ਕਿ ਜਿਸਨੂੰ ਇਕ ਫ੍ਰੈਂਚ ਵਿਦਵਾਨ ਨੇ ਕਿਹਾ ਹੈ-ਹਓਮਨਿਸਿਟਕ ਨਾਵਲ-ਮਾਨਵਵਾਦੀ ਨਾਵਲ। ਉਂਝ ਰੌਚਿਤ ਗੱਲ ਇਹ ਹੈ ਕਿ ਤਿੰਨਾਂ ਪਰਿਭਾਸ਼ਾਵਾਂ 'ਚ ਮਾਨਵਵਾਦ ਦੇ ਲਈ ਪ੍ਰਸੰਗ ਵੱਖਰਾ ਬਣਾਇਆ ਜਾਵੇਗਾ। ਹੋਵੇਗਾ ਉਹ ਮਾਨਵਵਾਦ ਹੀ। ਸੋ ਪਹਿਲਾ ਜਿਹੜਾ ਨਾਵਲ ਸੀ ਜਿਸਨੂੰ ਅਸੀਂ ਸੁਧਾਰਵਾਦੀ ਨਾਵਲ ਕਹਿੰਦੇ ਹਾਂ। ਜਿਵੇਂ ਭਾਈ ਵੀਰ ਸਿੰਘ ਦੇ ਸਮਕਾਲੀ ਜਿਹੜੇ ਨਾਵਲ ਹਨ, ਉਹ ਆ ਜਾਂਦੇ ਹਨ। ਤਾਂ ਉਸ ਨੂੰ ਅਸੀਂ ਕਹਿ ਦਿੰਦੇ ਹਾਂ-ਧਾਰਮਿਕ ਮਾਨਵਵਾਦ। ਜਦੋਂ ਨਾਨਕ ਸਿੰਘ ਦੇ ਵਲ ਗੱਲ ਜਾਂਦੀ ਹੈ ਤਾਂ ਅਸੀਂ ਕਹਿ ਦਿੰਦੇ ਹਾਂ-ਰਿਫ਼ਾਰਮਿਰਸਟ-ਸੁਧਾਰਵਾਦੀ ਮਾਨਵਵਾਦੀ। ਜਦੋਂ ਗੱਲ ਨਰੂਲਾ ਤੱਕ ਜਾਂਦੀ ਹੈ ਤਾਂ ਉਸ ਨੂੰ ਅਸੀਂ ਕਹਿ ਦਿੰਦੇ ਹਾਂ-ਨੈਚੁਰਲਿਸਿਟਕ ਰਿਯਲਿਜ਼ਮ (ਪ੍ਰਾਕ੍ਰਿਤਿਕ ਯਥਾਰਥਵਾਦ)। ਸੁਰਿੰਦਰ ਸਿੰਘ ਨਰੂਲਾ ਜਾਂ ਜਿਹੜਾ ਸੰਤ ਸਿੰਘ ਸੇਖੋ ਹੈ, ਇਨ੍ਹਾਂ ਦੀ ਜਿਹੜੀ ਦ੍ਰਿਸ਼ਟਾਂਤ ਸ਼ੈਲੀ ਹੈ ਉਹ ਹਰ ਸਮੇਂ ਵਿਸ਼ਲੇਸ਼ਣਾਤਮਿਕ ਰਹੀ-ਐਨਾਲਿਟਿਕਲ ਰਿਯਲਿਜ਼ਮ-ਵਿਸ਼ਲੇਸ਼ਣਾਤਮਿਕ ਯਥਾਰਥਵਾਦ। ਕ੍ਰਿਟਿਕਲ ਵੀ ਹੈ। ਜਦੋਂ ਅਸੀਂ ਗੁਰਦਿਆਲ ਸਿੰਘ ਤੱਕ ਪਹੁੰਚਦੇ ਹਾਂ ਤਾਂ ਉਸ ਦੇ ਲਈ ਮੈਂ ਜਾਰਜ਼ ਲੁਕਾਚ ਦਾ ਸ਼ਬਦ ਪ੍ਰਯੋਗ ਕਰੂੰਗਾ, ਜਿਸ ਨੇ ਕਿਹਾ ਹੈ-ਕ੍ਰਿਟਿਕਲ ਰਿਯਲਿਜ਼ਮ। ਆਲੋਚਨਾਤਮਿਕ ਯਥਾਰਥਵਾਦ। ਇਸ ਵਿਚ ਫਰਕ ਕੀ ਸੀ? ਜਿਹੜਾ ਹਿਊਮਨਿਸਟਕ ਜਾਂ ਮਾਨਵਵਾਦੀ ਨਾਵਲ ਸੀ, ਉਸਦੀ ਬੁਨਿਆਦੀ ਧਾਰਣਾ ਇਹ ਸੀ ਕਿ ਕਾਂਫ਼ਲਿਕਟ ਬਿਟਬੀਨ ਦਾ ਇੰਡੀਵਿਜੁਅਲ ਐਂਡ ਦ ਸ਼ੋਸ਼ਲ ਏਨਵਾਯਰਮੈਂਟ ਇਜ਼ ਰਿਜ਼ੱਲਵੇਬਲ। ਭਾਵ ਕਿ ਵਿਅਕਤੀ ਅਤੇ ਉਸਦੀ ਸਮਾਜਿਕ ਵਿਵਸਥਾ ਦੇ ਦਰਮਿਆਨ ਜਿਹੜਾ ਤਣਾਓ ਹੈ, ਟੱਕਰ ਹੈ, ਵਿਰੋਧ ਹੈ, ਇਸਦਾ ਹੱਲ ਸੰਭਵ ਹੈ। ਉਹ ਕਦੇ ਧਰਮ ਦੇ ਰਸਤੇ, ਕਦੇ ਸੁਧਾਰ ਦੇ ਰਸਤੇ ਵਗੈਰਾ ਵਗੈਰਾ, ਇਸਦੇ ਬਰਾਬਰ ਦੇ ਹੋਰ ਵੀ ਕਈ ਪ੍ਰਸੰਗ ਹਨ।

ਇਸ ਤੋਂ ਬਾਅਦ ਨਾਵਲ ਆਇਆ ਕਿ ਇਹ ਮਨੁੱਖ ਜਿਹੜਾ ਹੈ ਨਾ, ਇਹ ਸੁਪਨੇ ਤੋਂ ਬਿਨਾ ਕਦੇ ਜੀਅ ਹੀ ਨਹੀਂ ਸਕਦਾ। *ਆਈ ਐਮ ਟਾਕਿੰਗ ਫ਼ਿਲੱਸਫ਼ਿਕਲੀ ਇੱਟ ਦ ਮੂਮੈਂਟ। ਮੈਨ ਜਸਟ ਕਾਂਟ ਲਿਵ ਵਿਦਾਓਟ ਡ੍ਰੀਮਸ। ਮੈਨ ਜਸਟ ਕਾਂਟ ਲਿਵ ਵਿਦਾਓਟ ਮਿਥਸ। ਮਿਥਸ ਐਂਡ ਵਿਦਾਓਟ ਡ੍ਰੀਮਸ। ਮੈਨ ਜਸਟ ਕਾਂਟ ਲਿਬ ਵਿਦਾਉਟ ਮਿੱਥ। ਮਿੱਥ ਐਂਡ ਡ੍ਰੀਮਸ ਆਰ ਦਾ ਬੇਸਿਕ ਫ਼ਡਾਮੈਂਟਲ ਨੀਡ ਆਫ ਹਿਊਮਨ ਲਾਇਫ਼।* ਲੇਕਿਨ ਤ੍ਰਾਸ਼ਦੀ ਅਤੇ ਆਯਰਨੀ ਇਹ ਹੈ ਕਿ ਮਿੱਥ ਤੇ ਸੁਪਨਾ ਜੀਣ ਦੇ ਲਈ ਜ਼ਰੂਰੀ ਹੈ। ਆਦਮੀ ਇਸ ਦੇ ਬਿਨਾ ਜੀ ਨਹੀਂ ਸਕਦਾ, ਪ੍ਰੰਤੂ ਜਦੋਂ ਉਸਨੇ ਦਵੰਧ 'ਚ ਜਾਣਿਆ ਹੈ ਯਥਾਰਥ ਦੇ ਨਾਲ ਤਾਂ ਇਤਿਹਾਸਕ ਯਥਾਰਥ ਦੀ ਕਠੋਰਤਾ ਵਕਤੀ ਤੌਰ ਤੇ ਜਿੱਤ ਜਾਵੇ ਤਾਂ ਜਿੱਤ ਜਾਵੇ। ਪੱਕੇ ਤੌਰ ਤੇ ਕਦੇ ਜਿੱਤ ਨਹੀਂ ਸਕਦੀ ਹੈ। ਪ੍ਰੰਤੂ ਦੂਜੇ ਪਾਸੇ ਆਦਮੀ ਨੇ ਜੀਣ ਦੇ ਲਈ ਸੁਪਨਿਆ ਦੀ ਪੈਰਵੀ, ਮਿੱਥ ਦੀ ਰੱਖਿਆ ਕਰਨੀ ਹੀ ਹੈ। ਇਸ ਨੂੰ ਅੰਗਰੇਜ਼ੀ ਵਾਲਿਆਂ ਨੇ ਕਿਹਾ-ਹਿਸਟੋਰਿਕਲ ਡਿਊਰੇਸ਼ਨ। ਹਿਸਟੋਰਿਕਲ ਡਿਊਰੇਸਨ 'ਚ ਜਦੋਂ ਗੱਲ ਆਉਂਦੀ ਹੈ ਤਾਂ ਸਾਰੇ ਸਟ੍ਰੱਗਲ ਵਿਚ ਪੈਂਦੇ ਹਨ। ਪਾਕਿਸਤਾਨ ਵਾਲਿਆਂ ਨੇ ਇਸ ਨੂੰ ਕਿਹਾ-ਇਤਿਹਾਸਕ ਦੁਹਰਾਓਪਨ, ਅਤੇ ਜਦੋਂ ਗੱਲ ਇਥੋਂ ਤੱਕ ਪਹੁੰਚਦੀ ਹੈ-ਦ ਡ੍ਰੀਮ ਇਵੇਂਚੁਅਲੀ -ਇਮੀਡਿਏਟਲੀ ਨਹੀਂ- ਕਿਉਂਕਿ ਇਮੀਡਿਏਟਲੀ ਤਾਂ ਕਈ ਵਾਰ ਸਾਡਾ ਸੁਪਨਾ ਜਿੱਤ ਹੀ ਜਾਂਦਾ ਹੈ। ਜਿਸ ਤਰ੍ਹਾਂ ਜਿਹੜੇ ਸੁਪਨੇ ਹਨ ਸਿੱਖਾ ਦੇ, ਜਿਹੜੇ ਪਹਿਲੇ ਇਤਿਹਾਸ 'ਚ ਉਨ੍ਹਾਂ ਨੇ ਜਿੱਤੇ ਹਨ, ਉਹੀ ਸੁਪਨੇ ਹਨ ਜਿਹੜੇ ਖੰਡਤ ਹੋ ਗਏ ਹਨ, ਜਾਂ ਖੰਡਿਤ ਹੋ ਰਹੇ ਹਨ। ਇਹ ਸਾਰਾ ਕੁੱਝ ਧਰਮ ਦੇ ਨਾਲ ਹੁੰਦਾ ਹੈ। ਕਾਮਰੇਡਾਂ ਤੇ ਕਮਿਊਨਿਸ਼ਟਾ ਦੇ ਨਾਲ ਵੀ ਅਜਿਹਾ ਹੀ ਕੁੱਝ ਹੋ ਰਿਹਾ ਹੈ। ਕਿਉਂਕਿ ਸੁਪਨਾ ਸਾਨੂੰ ਸ਼ੁਰੂ ਸ਼ੁਰੂ 'ਚ ਮੋਹ ਲੈਂਦਾ ਹੈ। ਜਦੋਂ ਕਠੋਰ ਯਥਾਰਥ ਦੇ ਨਾਲ ਕਠੋਰ ਤਣਾਓ 'ਚ ਟਕਰਾਅ 'ਚ ਆਉਂਦਾ ਹੈ ਤਾਂ ਅੰਤ ਇਸ ਦਾ ਹਾਲ ਇਹੀ ਹੁੰਦੀ ਹੈ। ਇਸ ਹਿਸਾਬ ਨਾਲ ਸਾਡੇ ਹਿੱਸੇ ਕੀ ਆਉਂਦਾ ਹੈ? ਇਸ ਟਕਰਾਓ ਵਿਚ ਹਮੇਸ਼ਾਂ ਨਿਰਾਸ਼ਾ ਹੀ ਨਹੀਂ ਮਿਲਦੀ। ਗਿਆਨ ਮਿਲਦਾ ਹੈ, ਚੇਤਨਾ ਮਿਲਦੀ ਹੈ। ਸਾਡੀ ਸੰਵੇਦਨਾ ਤਿੱਖੀ



ਹੁੰਦੀ ਹੈ। ਇਹ ਬਤੌਰ ਇਨਸਾਨ, ਸਾਨੂੰ ਬਹੁਤ ਸਚੇਤ ਕਰਦੀ ਹੈ। ਸਾਨੂੰ ਰੁਮਾਨੀ ਕਿਸਮ ਦੀ ਅੰਦਰੂਨੀ ਤਸੱਲੀ ਮਿਲਦੀ ਹੈ ਕਿ ਅਸੀਂ ਕੰਮ ਗਲਤ ਤਾਂ ਨਹੀਂ ਕੀਤਾ, ਜੋ ਵੀ ਕੀਤਾ ਹੈ, ਚੰਗਾ ਹੀ ਕੀਤਾ ਹੈ। ਜਦੋਂ ਵੀ ਗਿਆਨ ਤ੍ਰਿਪਤੀਵਾਲਾ ਹੈ, ਉਦੋਂ ਇਹ ਕਮੇਡੀ ਹੈ। ਜਦੋਂ ਸਾਨੂੰ ਇਹ ਪਤਾ ਚੱਲਦਾ ਹੈ ਕਿ ਸਾਡਾ ਸੁਪਨਾ ਅਸਲੀਅਤ ਦੇ ਨਾਲ ਟਕਰਾਅ 'ਚ ਹਾਰ ਗਿਆ, ਉਦੋਂ ਇਹ ਦੁਖਾਂਤ ਹੈ। ਦਿਅਰਫੋਰ ਐਸਥੇਟਿਕਲੀ ਨਾਵਲ ਇੱਜ਼ ਏ ਜਾਨਰ ਇਜ ਏ ਟ੍ਰੇਜੀ ਕਮੇਡੀ। ਇਹ ਦੂਜੀ ਪਰਿਭਾਸ਼ਾ ਹੈ।

ਹੁਣ ਤੀਜੀ ਪਰਿਭਾਸ਼ਾ ਸੁਣੋ-ਕੋਈ ਵੀ ਵਿਅਕਤੀ ਆਦਰਸ਼ ਨਹੀਂ ਹੁੰਦਾ। ਚਾਹੇ ਉਹ ਸੰਘਰਸ਼ ਕਰਦੇ ਹੋਇਆ ਤੁਹਾਨੂੰ ਬਹੁਤ ਸਾਰੇ ਬੰਦੇ ਮਿਲ ਜਾਣ-ਜਿਵੇਂ ਗੁਰਸ਼ਰਨ ਸਿੰਘ ਹੈ। ਆਪਣਾ ਕੰਮ ਕਰਦਾ ਜਾ ਰਿਹਾ ਹੈ। ਜ਼ਿੰਦਗੀ ਵਿਚ ਜੋ ਉਸਨੇ ਕਿਹਾ ਹੈ, ਉਹ ਕਰਦਾ ਜਾਂਦਾ ਹੈ। ਉਸ ਨੂੰ ਤ੍ਰਿਪਤੀ ਇਸ ਵਿਚ ਮਿਲਦੀ ਹੈ। ਪ੍ਰੰਤੂ ਇਕ ਥਿਊਰੀ ਇਹ ਵੀ ਹੈ ਕਿ ਕੋਈ ਆਦਮੀ ਨਾ ਤਾਂ ਆਦਰਸ਼ ਹੁੰਦਾ ਹੈ ਅਤੇ ਨਾ ਹੀ ਮੁਕੰਮਲ ਰੂਪ ਵਿਚ ਨਕਾਰਾਤਮਿਕ ਹੁੰਦਾ ਹੈ।

ਤਾਂ ਦੂਸਰੀ ਫਾਰਮ 'ਚ ਜਿਹੜੀਆਂ ਵਸਤੂਆਂ ਨਿਕਲਦੀਆਂ , ਉਹ ਸਨ-ਕ੍ਰਿਟੀਕਲ ਰਿਯਲਿਜ਼ਮ ਐਂਡ ਐਂਟੀ ਹਊਮਨਿਜ਼ਮ।

ਪੰਜਾਬੀ ਨਾਵਲ ਦੇ ਸੰਬੰਧ ਵਿਚ ਮੈਂ ਇਹ ਕਹਿੰਦਾ ਹਾਂ ਕਿ ਐਂਟੀ ਹਿਊਮਨ ਤੱਤ ਜਿਹੜੇ ਹਨ-ਉਹ ਸਾਡੇ ਨਾਵਲ ਵਿਚ ਗੁਰਦਿਆਲ ਸਿੰਘ ਦੇ ਨਾਲ ਆਏ। ਕੁਝ ਹੋਰ ਨਾਵਲਕਾਰ ਵੀ ਮਿਲ ਜਾਣਗੇ। ਮੈਂ ਕੇਵਲ ਇਕ ਟਿਪਿਕਲ ਉਦਾਹਰਨ ਹੀ ਦੇ ਰਿਹਾ ਹਾਂ। ਐਂਟੀ ਹਿਊਮਿਨਇਜ਼ਮ ਡਜ਼ ਨਾਟ ਮੀਨ ਐਂਟੀ ਹਿਊਮਨ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਜਿਹੜੇ ਉਸਦੇ ਪਾਤਰ ਹਨ, ਨਾ ਤਾਂ ਉਹ ਆਇਡਿਅਲ ਬੀਂਇੰਗਸ-ਪੂਰੀ ਤਰ੍ਹਾਂ ਨਾਲ ਆਦਰਸ਼ਵਾਦੀ ਹੈ, ਨਾ ਹੀ ਨਾ ਪੱਖੀ ਹੈ। ਦੇ ਆਰ ਜਸਟ ਹਿਊਮਨ। ਜਿਹੜੀ ਗੱਲ ਗਲਤ ਉਹ ਦੇਖਦੇ ਹਨ, ਉਸ ਦੇ ਖ਼ਿਲਾਫ਼ ਉਹ ਲੜਦੇ ਹਨ। ਸਟ੍ਰਗਲ ਕਰਦੇ ਹਨ। ਬਟ ਦੇ ਆਰ ਆਲਟੀਮੇਟਲੀ ਬੀਟਨ-ਅੰਤ ਚ ਉਹ ਹਾਰ ਜਾਂਦੇ ਹਨ। ਜਗਸੀਰ ਮਾਰਿਆ ਜਾਂਦਾ ਹੈ, ਬਿਸ਼ਨਾ ਮਾਰਿਆ ਜਾਂਦਾ ਹੈ, ਇਸ ਤਰ੍ਹਾਂ ਮੋਦਨ ਵੀ ਮਾਰਿਆ ਜਾਂਦਾ ਹੈ। ਪਰਸਾ ਬਚ ਜਾਂਦਾ ਹੈ, ਪ੍ਰੰਤੂ ਪਰਸਾ ਜੋ ਹੈ ਉਹ ਵੀ ਇਕ ਤਰ੍ਹਾਂ ਨਾਲ ਮਾਰਿਆ ਹੀ ਜਾਂਦਾ ਹੈ। ਪਹਿਲਾਂ ਉਹ ਪਿੰਡ ਛੱਡ ਕੇ ਖੇਤਾਂ ਵਿਚ ਜਾਂਦਾ ਹੈ, ਬਚਣ ਦੇ ਲਈ, ਫਿਰ ਖੇਤਾਂ ਤੋਂ ਵਾਪਸ ਪਿੰਡ ਆ ਜਾਂਦਾ ਹੈ। ਕੇਵਲ ਡੈੱਥ ਦੀ ਕਿਸਮ ਵੱਖਰੀ ਹੈ, ਸਥਿਤੀ ਤਾਂ ਉਹੀ ਹੈ। ਉਸਦੀ ਜਿਹੜੀ ਪਿੰਡ ਵਾਪਸੀ ਹੈ, ਇਟ ਇਜ ਕੇ ਕਾਇੰਡ ਆਫ ਡੈੱਥ।

ਹੁਣ ਮੈਂ ਆਪਣੀ ਗੱਲ ਉੱਤੇ ਆ ਰਿਹਾ ਹੈ। ਤੁਸੀਂ ਕਿਹਾ ਕਿ ਇਹ ਜਿਹੜੇ ਪੰਜਾਬੀ ਨਾਵਲ ਹਨ, ਇਸ ਨੂੰ ਤੁਸੀਂ ਭਾਰਤੀ ਨਾਵਲ ਦੇ ਬਰਾਬਰ ਕਹਿ ਲਓ। ਸਭ ਤੋਂ ਪਹਿਲਾਂ ਅੰਗਰੇਜ਼ੀ 'ਚ 17 ਵੀਂ ਸਦੀ 'ਚ ਇਕ ਅਲੈਗਰੀ ਲਿਖੀ ਗਈ ਸੀ। ਉਸ ਦਾ ਨਾਂ ਸੀ-ਪਿਲਗਿਰਮਜ਼ ਪ੍ਰੋਗਰੈਸ। ਇਕ ਨਾਵਲ ਲਿਖਿਆ ਗਿਆ-ਰਾੱਬਿਨਸਨ ਕਰੂਸੋ। ਉਸ ਵਿਚ ਹੈ ਥਿਅਰੀ ਆਫ ਵਰਸਿਮਲੀਟੂਯੂਡ। ਉਸ 'ਚ ਨਾਵਲਕਾਰ ਗੱਲਾਂ ਇਸ ਤਰ੍ਹਾਂ ਬਿਆਨ ਕਰਦਾ ਹੈ, ਅਜਿਹੇ ਤੱਥਾਂ ਦੇ ਨਾਲ ਪੇਸ਼ ਕਰਦਾ ਹੈ ਕਿ ਤੁਹਾਨੂੰ ਲੱਗਦਾ ਹੈ ਕਿ ਐਵੱਰੀਥਿੰਗ (everything) ਇਜ ਏ ਫੈਕਟ। ਇਕ ਅਲੈਗਰੀ ਫਿਰ ਲਿਖੀ ਗਈ-ਗੁਲੀਵਰਸ ਟ੍ਰੈਵਲਜ਼, ਇਹ ਇਕ ਪਾੱਲਿਟਿਕਲ ਸੈਟਾਯਰ ਸੀ। ਇਸ ਕਿਸਮ ਦਾ ਨਾਵਲ ਪਹਿਲਾਂ ਨਹੀਂ ਲਿਖਿਆ ਗਿਆ ਸੀ। ਸਾਡੇ ਨਾਵਲ ਲਿਖਣ ਤੋਂ ਪਹਿਲਾਂ ਫੀਲਡਿੰਗ ਹੋ ਚੁੱਕੀ ਸੀ। ਥੈਕਰੇ ਹੋ ਚੁੱਕਾ ਸੀ, ਹਾਰਡੀ ਹੋ ਚੁੱਕਾ ਸੀ। ਇਨ੍ਹਾਂ ਕਾਰਨਾਂ 'ਚ ਅਸੀਂ ਆਪਣੇ ਨਾਵਲਾਂ ਨੂੰ ਦੁਨੀਆਂ ਦੇ ਨਾਵਲਾਂ ਦੇ ਸਮਾਨਾਂਤਰ ਨਹੀਂ ਕਹਿ ਸਕਦੇ, ਇਹ ਜ਼ਰੂਰ ਹੈ ਕਿ ਜੇਕਰ ਸਮਾਨਾਂਤਰ ਹੈ ਤਾਂ ਉਸ ਫਿਕਸ਼ਨ ਦੇ ਸਮਾਨਾਂਤਰ ਹੈ, ਜਿਹੜੀ ਫ਼ਿਕਸ਼ਨ ਕ੍ਰਿਸ਼ਚਿਅਨ ਮਿਸ਼ਨਰੀ ਉਸ ਸਮੇਂ ਲਿਖ ਰਹੇ ਸੀ। ਉਸ ਵਿਚ ਕ੍ਰਿਸ਼ਚੀਅਨ ਮਿਸ਼ਨਰੀਜ਼ ਨੇ ਅਜਿਹੇ ਪ੍ਰੋ-ਇਮਪੀਰਿਯਲਿਸਿਟਕ ਪ੍ਰੋਪੇਗੰਡਾ ਕੀਤਾ, ਕਿ ਉਸ ਪ੍ਰੋਪੇਗੰਡੇ ਨੂੰ ਰੱਦ ਕਰਨ ਦੀ ਖਾਤਿਰ ਇਨ੍ਹਾਂ ਨੇ ਆਪਣੀ ਸੰਸਕ੍ਰਿਤੀ ਦੀ ਗੱਲ ਵਧਾ ਚੜ੍ਹਾ ਕੇ ਕੀਤੀ। ਅਸੀਂ ਕਹਾਂਗੇ ਕਿ ਇਸ 'ਚ ਬਹੁਤ ਕੁੱਝ ਐਬਸਟ੍ਰੈਕਸ਼ੱਨ-

ਅਮੂਰਤਵਾਦ ਹੈ। ਇਸ ਦ੍ਰਿਸ਼ਟੀਕੋਣ ਦੀ ਰੌਚਕ ਗੱਲ ਇਹ ਸੀ ਕਿ ਜਦੋਂ ਕ੍ਰਿਸ਼ਚਿਅਨ ਮਿਸ਼ਨਰੀਜ਼ ਨੇ ਵਹਾਇਟ ਮੈਨੂਜ਼ ਰਿਡੇਮਪਸ਼ਨ ਦੀ ਗੱਲ ਕਹੀ ਤਾਂ ਇਨ੍ਹਾਂ ਨੇ ਆਪਣੀ ਪਰੰਪਰਾ ਚਾਹੇ ਐਬਸਟ੍ਰਉਸ (abstruse) , ਅਮੂਰਤਵਾਦੀ (abstraction), ਜਟਿਲ ਜਾਂ ਜੋ ਵੀ ਸੀ, ਇਸਨੂੰ ਯੂਲੋਜਾਇਜ਼-ਪ੍ਰਸ਼ੰਸਿਤ ਕੀਤਾ, ਤਾਂ ਕਿ ਉਨ੍ਹਾਂ ਦੀ ਆਪਣੀ ਆਸਥਾ ਉਸ ਵਿਚ ਆ ਜਾਵੇ।

ਹੁਣ ਨਾਨਕ ਸਿੰਘ ਦਾ ਨਾਵਲ **'ਪਵਿੱਤਰ ਪਾਪੀ'** ਹੈ, ਉਸ ਵਿਚ ਜਿਹੜਾ ਕੇਦਾਰ ਹੈ, ਉਹ ਸਾਡੀ ਪ੍ਰਾਚੀਨ ਭਾਰਤੀ ਪਰੰਪਰਾ ਦਾ ਪ੍ਰਤਿਨਿੱਧ ਹੈ। ਬੈਂਜਾਮਿਨ ਵਾਕਰ ਦੇ ਇਨਸਾਇਕਲੋਪੀਡਿਆ 'ਚ ਇਸ ਤਰ੍ਹਾਂ ਦੇ ਹਿਊਮਨ ਸੈਕਰਇਫ਼ਾਈ ਦੀ ਗੱਲ ਵਿਸਥਾਰ ਨਾਲ ਕੀਤੀ ਗਈ ਹੈ। ਜਿਸ ਨੂੰ ਉਸ ਨੇ ਹਿਊਮਨ ਸੈਕਰਇਫ਼ਾਈ ਕਿਹਾ ਹੈ ਜਾਂ ਪੁਰਸ਼ਮੇਘ ਕਿਹਾ ਹੈ। ਪੁਰਸ਼ਮੇਘ ਦੀ ਪਰੰਪਰਾ ਸਾਡੇ ਦੇਸ਼ ਵਿਚ ਕਿਸ ਤਰ੍ਹਾਂ ਚਲਦੀ ਆ ਰਹੀ ਹੈ ਕਿ ਜਿਹੜੀ ਬਲੀ ਦੇਣ ਦੀ ਗੱਲ ਸੀ, ਜਿਸਨੂੰ ਚਾਕੂ ਨਾਲ ਕੱਟਦੇ ਸਨ। ਅੱਜ ਤੱਕ ਜੋ ਦਰਬਾਰ ਸਾਹਿਬ 'ਚ ਤੁਹਾਨੂੰ ਕੜਾਹ ਪ੍ਰਸਾਦ ਦਿੰਦੇ ਹਨ, ਇਹ ਉਹੀ ਚੀਜ਼ ਹੈ। ਮੇਰਾ ਕਹਿਣ ਦਾ ਭਾਵ ਹੈ ਕਿ ਸਾਡੇ ਪੁਰਸ਼ਮੇਘ ਜਿਹੜੇ ਹਨ, ਬਚਨ ਸਿੰਘ ਪੁਰਸ਼ਮੇਘ ਹੈ, ਨਾਨਕ ਸਿੰਘ ਦੇ ਨਾਵਲ **'ਚਿੱਟਾ ਲਹੂ'** ਦਾ ਕੇਦਾਰ ਪੁਰਸ਼ਮੇਘ ਹੈ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਕ ਤਰ੍ਹਾਂ ਨਾਲ ਜਗਸੀਰ ਵੀ ਪੁਰਸ਼ਮੇਘ ਹੈ। ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਉਦੇਸ਼ ਤਾਂ ਹਰ ਨਾਵਲਕਾਰ ਵਿਚ ਹੋਵੇਗਾ ਹੀ, ਪਰ ਕੁਦਰਤੀ ਭਿੰਨ ਹੋਵੇਗਾ।

**ਮਿੱਤਰ ਸੈਨ ਮੀਤ**-ਸਾਡੇ ਨੈਸ਼ਨਲ ਮੂਵਮੈਂਟ ਦੇ ਨਾਲ ਜੁੜੇ ਲੋਕ ਵੀ ਤਾਂ ਪੁਰਸ਼ਮੇਘ ਹੀ ਹਨ।

**ਵਿਨੋਦ ਸ਼ਾਹੀ**-ਹੁਣ ਅਸੀਂ ਸਿੱਧੇ ਤੌਰ ਤੇ ਪੰਜਾਬੀ ਨਾਵਲ ਦੇ ਵੱਲ ਮੁੜਦੇ ਹਾਂ। ਕਿਉਂਕਿ ਰਾਹੀ ਸਾਹਿਬ ਨੇ ਕੁੱਝ ਬਹੁਤ ਚੰਗੀਆਂ ਗੱਲਾਂ ਕੀਤੀਆਂ ਹਨ ਅਤੇ ਮੇਰੀ ਇੱਛਾ ਹੋ ਰਹੀ ਸੀ ਕਿ ਸੰਵਾਦ ਦੇ ਰੂਪ ਵਿਚ ਮੈਂ ਵੀ ਉਸ ਵਿਚ ਸਾਮਿਲ ਹੋ ਜਾਵਾਂ। ਇਕ ਦੋ ਵਿਚਾਰ ਸਾਂਝੇ ਕਰਨ ਤੋਂ ਉਪਰੰਤ ਮੈਂ ਨਵੇਂ ਸਵਾਲ ਵੱਲ ਆ ਜਾਵਾਗਾਂ। ਜਿਸ ਸਮੇਂ ਇਨ੍ਹਾਂ ਨੇ ਲਿਰਿਸਿਜ਼ਮ ਦੀ ਗੱਲ ਕੀਤੀ ਕਿ ਕਿਸੇ ਵੀ ਨਾਵਲ 'ਚ ਇਕ ਲੈਅ ਹੋਣੀ ਜ਼ਰੂਰੀ ਹੈ। ਸਾਡੇ ਕੋਲ ਇਕ ਸ਼ਬਦ ਰਚਨਾ ਸ਼ੀਲਤਾ ਜਾਂ ਸਿਰਜਣਸ਼ੀਲਤਾ ਹੈ ਕਿ ਕਿਤੇ ਨਾ ਕਿਤੇ ਲੈਅਬੱਧ ਦੇ ਨਾਲ ਜੁੜੀ ਹੋਈ ਇਹ ਗੱਲ ਹੈ। ਕਾਵਿ ਵਿਚ ਲੈਅ ਬਿੰਬ ਦੀ ਜਾਂ ਭਾਸ਼ਾ ਦੇ ਪੱਧਰ ਤੇ ਇਕ ਖਾਸ ਤਰ੍ਹਾਂ ਦੀ ਲੈਅ ਬਣਦੀ ਹੈ, ਜਿਹੜੀ ਕਿ ਨਾਵਲ ਵਿਚ ਜਾਂ ਕਹਾਣੀ ਵਿਚ ਸਥਿਤੀਆਂ ਦੇ ਖਾਸ ਤਰ੍ਹਾਂ ਦੇ ਪੈਟਰਨ ਦੀ ਲੈਅ ਵਿਚ ਬਦਲ ਜਾਂਦੀ ਹੈ, ਜਾਂ ਅਸੀਂ ਕਹੀਏ ਕਿ ਲੇਖ ਵਿਚ ਵਿਚਾਰਾ ਦੀ ਖਾਸ ਤਰ੍ਹਾਂ ਦੀ ਲੈਅ ਦਾ ਰੂਪ ਲੈ ਲੈਂਦੀ ਹੈ। ਇਹ ਲੈਅ ਲਗਾਤਾਰ ਇਕ ਸਿਰਜਣਸ਼ੀਲਤਾ, ਕਿਸ ਸਮਾਜ ਦੀ ਇਕ ਤਰੀਕੇ ਦੀ ਹੈ-ਉਸਦੇ ਪੈਟਰਨ 'ਚ ਆਪਣਾ ਇਕ ਰੂਪ ਗ੍ਰਹਿਣ ਕਰਦੀ ਹੈ। ਇਹ ਇਕ ਖੂਬਸੂਰਤ ਗੱਲ ਹੋ ਰਹੀ ਸੀ ਜਿਹੜੀ ਮੈਂ ਇਸਦੇ ਨਾਲ ਸਾਂਝੀ ਕਰਨਾ ਚਾਹੁੰਦਾ ਸੀ।

ਅੱਜ ਕੱਲ ਹਿੰਦੀ 'ਚ ਇਕ ਬਹਿਸ ਹੋ ਰਹੀ ਹੈ ਕਿ ਕੀ ਅੱਜ ਦੇ ਦੌਰ ਦੀ ਕੇਂਦਰੀ ਵਿਧਾ ਕਥਾ ਹੈ, ਨਾਵਲ ਹੈ ਜਾਂ ਕਹਾਣੀ ਹੈ? ਕੁੱਝ ਲੋਕ ਕਹਿ ਰਹੇ ਹਨ ਕਿ ਕਵਿਤਾ ਹੁਣ ਪਿੱਛੇ ਚਲੇ ਗਈ ਹੈ ਅਤੇ ਨਾਵਲ ਕੇਂਦਰ 'ਚ ਆ ਗਿਆ ਹੈ। ਇਨ੍ਹਾਂ ਨੇ ਕਿੱਸਿਆ ਦੀ ਗੱਲ ਕਹੀ। ਕਿੱਸਿਆਂ ਵਿਚ ਇਕ ਨਾਇਕ ਸੀ, ਅਤੇ ਇਕ ਪੁਰਾਣਾ ਨਾਵਲ ਜਿਸਦੀ ਰਾਹੀ ਸਾਹਿਬ ਨੇ ਚਰਚਾ ਕੀਤੀ, ਇਨਡਿਵਿਜਉਅਲ (individual) ਵਰਸਿਸ ਸੋਸ਼ੱਲ (social)। ਕਿਸੇ ਸਮੇਂ ਇਕ ਨਾਇਕ ਕੇਂਦਰੀ ਸੱਤਾ ਰੱਖਦਾ ਸੀ ਅਤੇ ਉਹ ਪੂਰੇ ਸਮਾਜ ਵਿਚ ਕੁੱਝ ਵੀ ਕਰਦਾ ਹੋਇਆ, ਕਈ ਤਰ੍ਹਾਂ ਦੇ ਅੱਡਵੈਂਚਰ (adventure) ਕਰਦਾ ਹੋਇਆ, ਅੰਤ 'ਚ ਆਪਣੀ ਮੰਜ਼ਿਲ ਉੱਤੇ ਜ਼ਰੂਰ ਪਹੁੰਚ ਜਾਂਦਾ ਸੀ। ਉਹ ਕਿੱਸਿਆ ਦਾ ਸੰਸਾਰ ਸੀ ਜਾਂ ਮਿੱਥ ਦਾ ਸੰਸਾਰ ਸੀ। ਡਿਮਾਈਜ਼ (demise) ਦਾ ਸੰਸਾਰ ਸੀ, ਉਹ ਇਕ ਖਾਸ ਤਰ੍ਹਾਂ ਦੇ ਨਾਇਕ ਦੀ ਸਿਰਜਣਾ ਕਰਦਾ ਸੀ ਅਤੇ ਕਾਵਿ ਨੇ ਉਸਨੂੰ ਕਾਫੀ ਹੱਦ ਤੱਕ ਅਪਣਾ ਲਿਆ। ਕਾਵਿ ਵਿਚ ਨਾਇਕ ਕੇਂਦਰ ਵਿਚ ਹੈ, ਇਕ ਖਾਸ ਤਰ੍ਹਾਂ ਦਾ ਨਾਇਕ। ਪ੍ਰੰਤੂ ਜਿਸ ਸਮੇਂ ਇਹ ਮੱਧਵਰਗ ਆ ਗਿਆ ਜਾਂ ਨਿਮਨ ਮੱਧ ਵਰਗ ਦੀ ਗੱਲ ਅਸੀਂ ਕਰਨ ਲੱਗੇ, ਨਿਮਨ ਮੱਧ ਵਰਗ ਦਾ ਉਭਾਰ ਸਮਾਜ ਵਿਚ ਹੋਇਆ। ਕਿਉਂਕਿ ਕੈਪਿਟੱਲਇਜ਼ਮ (Copitalism) ਜਿਸ



ਤਰ੍ਹਾਂ ਨਾਲ ਆਇਆ, ਉਹ ਨਿੱਜੀ ਜਾਇਦਾਦ ਦਾ ਪ੍ਰਸਾਰ ਲੈ ਕੇ ਆਇਆ। ਹੁਣ ਮੱਧ ਵਰਗ ਵੀ ਨਿੱਜੀ ਸਪੱਤੀ ਦਾ ਅਧਿਕਾਰੀ ਹੋ ਗਿਆ। ਕਿਸੇ ਹੱਦ ਤੱਕ ਨਿਮਨ ਵਰਗ 'ਚ ਵੀ ਨਿੱਜੀ ਜਾਇਦਾਦ ਦੇ ਕੁੱਝ ਹਿੱਸੇ ਤੱਕ ਪਹੁੰਚ ਹੋ ਗਈ ਅਤੇ ਉਨ੍ਹਾਂ ਨੂੰ ਵੋਟ ਦਾ ਅਧਿਕਾਰ ਵੀ ਮਿਲ ਗਿਆ। ਜਿਸ ਤਰ੍ਹਾਂ ਖਾਸ ਤਰ੍ਹਾਂ ਦੀ ਪੱਲਿਟਇਕੱਲ ਇਕਾਨਅਮੀ ਡਿਵੈੱਲਅਪ (Political economy develop) ਹੁੰਦੀ ਹੈ ਅਤੇ ਉਹ ਜਿਹੜਾ ਨਾਇਕ ਹੈ, ਇਕ ਖਾਸ ਕਿਸਮ ਦਾ ਉੱਚ ਵਰਗ ਦਾ ਕੁਲੀਨ ਨਾਇਕ ਜਿਹੜਾ ਸਾਰੀਆਂ ਮੁਸੀਬਤਾਂ ਉੱਤੇ ਜਿੱਤ ਹਾਸਿਲ ਕਰਦਾ ਹੋਇਆ ਕਿਤੇ ਦੀ ਕਿਤੇ ਪਹੁੰਚ ਜਾਂਦਾ ਹੈ, ਉਹ ਟੁੱਟ ਗਿਆ ਹੈ ਅਤੇ ਉਸਦੇ ਟੁੱਟ-ਭੱਜ ਵਿਚ ਨਵੀਂ ਕਿਸਮ ਦਾ ਮੱਧ ਵਰਗੀ ਨਾਇਕ, ਨਿਮਨ ਮੱਧ ਵਰਗੀ ਨਾਇਕ, ਬਹੁਤ ਸਾਰੇ ਨਿਕਲ ਆਉਂਦੇ ਹਨ। ਜਿਸ ਦੇ ਸਾਹਮਣੇ ਇਕ ਕੱਲੈਕੱਟਿਵ, ਸੋਸ਼ਲ ਐਟਮੱਸਫਿਅਰ (social atmosphere) ਹੈ ਜਿਹੜਾ ਕਿ ਉਸ ਤੋਂ ਵੱਡਾ ਪ੍ਰਤੀਤ ਹੁੰਦਾ ਹੈ। ਮੈਂ ਰਾਹੀ ਸਾਹਿਬ ਦੀ ਗੱਲ ਨੂੰ ਆਪਣੇ ਤਰੀਕੇ ਨਾਲ ਸਮਝਿਆ ਹੈ ਅਤੇ ਉਹੀ ਗੱਲ ਕਹਿ ਰਿਹਾ ਹਾਂ ਕਿ ਹੁਣ ਇੰਡਵਿਜੁਏਲ (individual) ਵਰਸਿਸ ਸ਼ੋਸ਼ਲ (social) ਦੀ ਗੱਲ ਜਦੋਂ ਆਉਂਦੀ ਹੈ ਉਦੋਂ ਅਜਿਹਾ ਲੱਗਦਾ ਹੈ ਕਿ ਸ਼ੋਸ਼ਲ ਦੀ ਕੱਲੈਕੱਟਿਵ ਫੋਸਟ ਬਹੁਤ ਭਾਰੀ ਹੋ ਗਈ ਹੈ ਅਤੇ ਵੱਡੀ ਹੋ ਗਈ ਹੈ ਅਤੇ ਉਸ ਦੇ ਨਾਲ ਲੜਦੇ ਹੋਏ ਨਾਇਕ ਟੁੱਟ ਰਹੇ ਹਨ। ਇਹ ਸਾਰੀਆਂ ਸਥਿਤੀਆਂ ਆਉਂਦੀਆਂ ਹਨ। ਇਸ ਵਿਚ ਆਖਰ ਗੱਲ ਇਥੋਂ ਤੱਕ ਪਹੁੰਚਦੀ ਹੈ ਕਿ ਸਾਇਦ ਨਾਇਕ ਦੀ ਜ਼ਰੂਰਤ ਹੀ ਨਹੀਂ ਹੈ। ਸਮੂਹਿਕ ਸਥਿਤੀਆਂ ਹੀ ਕੇਂਦਰ ਵਿਚ ਹਨ ਅਤੇ ਸਥਿਤੀਆਂ ਹੀ ਨਾਇਕ ਹੈ। ਪਿੰਡ ਹੀ ਨਾਇਕ ਹੈ ਜਾਂ ਸਥਾਨ ਹੀ ਕੋਈ ਨਾਇਕ ਹੈ। ਸਾਡੇ ਕੋਲ 'ਤਮਸ਼' ਨਾਵਲ ਹੈ। ਅਜਿਹਾ ਲੱਗਦਾ ਹੈ ਕਿ ਕਿ ਜਿਵੇਂ ਦੋ ਸ਼ਹਿਰ, ਦੋ ਥਾਵਾਂ ਨਾਇਕ ਹਨ। 'ਕੋਠੇ ਖੜਕ ਸਿੰਘ' ਪਿੰਡ ਨੂੰ ਹੀ ਕੇਂਦਰ ਵਿਚ ਲਿਆ ਕੇ ਇਕ ਨਾਵਲ ਬਣਿਆ ਹੈ। ਲੱਗਦਾ ਅਜਿਹਾ ਹੈ ਕਿ ਉਸ ਪਿੰਡ ਵਿਚ ਲਗਾਤਾਰ ਕੁੱਝ ਮੂਵਮੈਂਟ ਹੈ, ਸਾਰਾ ਕੁੱਝ ਬਦਲਦਾ ਜਾ ਰਿਹਾ ਹੈ। ਇਕ ਉਮਰ ਹੈ ਅਤੇ ਉਸਦੇ ਬਾਅਦ ਦੂਜੇ ਪਾਸੇ ਉਸੇ ਨਾਲ ਨਾਲ ਪਾਤਰ ਵੀ ਬਦਲਦੇ ਜਾ ਰਹੇ ਹਨ। ਜਿਵੇਂ ਕਿ ਨਾਇਕ ਦੀ ਪਰਿਭਾਸ਼ਾ ਹੁਣ ਸਮੂਹਿਕ ਆਧਾਰ ਤੇ ਹੋ ਰਹੀ ਹੈ।

**ਜੋਗਿੰਦਰ ਸਿੰਘ ਰਾਹੀ**-ਇਸ ਮਸਲੇ ਉੱਤੇ ਜੇਕਰ ਤੁਸੀਂ ਇਜ਼ਾਜ਼ਤ ਦਿਓ ਤਾਂ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਬੇਂਟ ਆਫ ਮਾਇੰਡ ਬੇਸਿਕਲੀ ਅਸਥੈਟਿਕਸ ਦੇ ਵੱਲ ਹੈ ਅਤੇ ਉਸ ਦ੍ਰਿਸ਼ਟੀ ਤੋਂ ਮੈਂ ਗੱਲ ਕਰਦਾ ਹਾਂ, ਜਿਹੜਾ ਵੀ ਨਾਵਲਕਾਰ ਨਾਵਲ ਲਿਖਦਾ ਹੈ, ਅਸੀਂ ਕਈ ਵਾਰ ਉਸ 'ਚ ਜਿਹੜੀ ਵਸਤੂ ਪਰੀਡਾੱਮਿਨੇਂਟ ਦੇਖਦੇ ਹਾਂ ਜਾਂ ਉਸ ਉੱਪਰ ਛਾਈ ਹੋਈ ਪਾਉਂਦੇ ਹਾਂ, ਉਸ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਇਹ ਨਾਇਕ ਹੈ। ਅਸਲ ਵਿਚ ਇਹ ਗੱਲ ਇਕ ਸਹੂਲਤ ਦੇ ਲਈ ਹੈ, ਕਿ ਕਿਉਂਕਿ ਸਾਨੂੰ ਅਸਲੀ ਗੱਲ ਪਤਾ ਨਹੀਂ। ਅਸਲ ਸਤਰਾ ਦੋ ਹਨ-ਇਕ ਹੈ ਓਮਨੀਸ਼ਿਯੰਟ ਆਥਰ ਦਾ ਅਤੇ ਦੂਜਾ ਹੈ ਪਵਾਇੰਟ ਆਫ ਵਿਊ ਟੈਕਨੀਕ ਦਾ। ਔਮਨੀਸ਼ਿਯੰਟ ਆਥਰ ਉਹ ਹੈ ਜਿਸ ਨੂੰ ਲੇਖਕ ਸਮਝਦਾ ਹੈ-ਮੈਂ ਤਾਂ ਸਾਰਾ ਕੁੱਝ ਜਾਣਦਾ ਹਾਂ। ਫਿਰ ਕੁੱਝ ਗੱਲਾਂ ਤਾਂ ਉਹ ਆਪਣੇ ਵੱਲੋਂ ਹੀ ਕਹਿ ਦਿੰਦਾ ਹੈ ਕਿ ਮੈਂ ਸਭ ਕੁੱਝ ਜਾਣਦਾ ਹਾਂ, ਜੋ ਮੈਂ ਕਹਿੰਦਾ ਹਾਂ, ਮੇਰੀਆਂ ਗੱਲਾਂ ਨੂੰ ਪਰਮ ਸੱਚ ਮੰਨ ਕੇ ਕਬੂਲ ਕਰੋ। ਦੂਜਾ ਜੋ ਮੇਰਾ ਨਾਇਕ ਕੁੱਝ ਕਹਿੰਦਾ ਹੈ, ਉਸ ਗੱਲ ਨੂੰ ਪਰਮ ਸੱਚ ਮੰਨ ਕੇ ਕਬੂਲ ਕਰੋ। ਮੁੜ ਹੌਲੀ ਹੌਲੀ ਇਹ ਹੋ ਗਿਆ ਕਿ ਅਸੀਂ ਕਿਸੇ ਆਦਮੀ ਨੂੰ ਪਰਮ ਸੱਚ ਦਾ ਵਾਚਕ ਨਹੀਂ ਸਮਝ ਸਕਦੇ, ਜੇਕਰ ਕੋਈ ਆਦਮੀ ਇਹ ਕਹੇ ਕਿ ਮੈਂ ਤਾਂ ਭਗਵਾਨ ਹਾਂ, ਮੈਂ ਸਭ ਕੁੱਝ ਜਾਣਦਾ ਹਾਂ ਤਾਂ ਇਹ ਉਸਦਾ ਭਰਮ ਹੈ। ਹੁਣ ਅਸਲ ਗੱਲ ਇਹ ਹੈ ਕਿ ਉਹ ਕਹਿੰਦੇ ਹਨ ਕਿ ਆਪ ਸਟਰਕਚਰਿੰਗ ਕਰੋ। ਜਿਹੜਾ ਯਥਾਰਥ ਹੁੰਦਾ ਹੈ ਉਹ ਸਟ੍ਰੱਕਚਰ 'ਚ ਸ਼ਾਮਿਲ ਹੁੰਦਾ ਹੈ। ਅੱਗੇ ਸਟ੍ਰੱਕਚਰ ਦੀ ਕੋਈ ਟਕਨੀਕ, ਸ਼ਿਲਪ ਦੇ ਕਈ ਰੂਪ ਹੁੰਦੇ ਹਨ। ਤੁਸੀਂ ਨਾਂ ਲਿਆ ਸੀ ਵਿਡੰਬਨਾ ਜਾਂ ਵਿਅੰਗ ਦਾ। ਇਕ ਹੋਰ ਲਫ਼ਜ ਵੀ ਹੈ ਜਿਹੜਾ ਤੁਹਾਨੂੰ ਮਾਲੂਮ ਹੈ, ਪਰੰਤੂ ਤੁਸੀਂ ਇਸਦੇ ਨਾਲ ਉਹ ਨਾਂ ਨਹੀਂ ਲਿਆ। ਵਧੇਰੇ ਲੋਕ ਲੈਂਦੇ ਨਹੀਂ। ਉਹ ਲਫ਼ਜ਼ ਹੈ ਕਟੱਕਸ਼। ਇਹ ਕਟੱਕਸ਼ ਕਈ ਵਾਰ ਵਿਡੰਬਨਾ ਬਣ ਜਾਂਦਾ ਹੈ ਅਤੇ

ਕਈ ਵਾਰ ਵਿਅੰਗ ਬਣ ਜਾਂਦਾ ਹੈ। ਕਟੱਕਸ਼ ਇਕ ਸਾਂਝਾ ਸ਼ਬਦ ਹੈ ਜਿਹੜਾ ਵਿਅੰਗ ਦੇ ਲਈ ਵੀ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਵਿਡੰਬਨਾ ਦੇ ਲਈ ਵੀ ਪ੍ਰਯੋਗ ਕੀਤਾ ਜਾਂਦਾ ਹੈ।

**ਟੀ. ਆਰ. ਵਿਨੋਦ**-ਮੈਂ ਆਪਣੀ ਗੱਲ ਮੰਨੋਰੰਜ਼ਨ ਨਾਲ ਸ਼ੁਰੂ ਕੀਤੀ ਸੀ। ਜਦੋਂ ਨਾਵਲ ਸ਼ੁਰੂ ਹੋਇਆ, ਉਦੋਂ ਉਸ ਦਾ ਉਦੇਸ਼ ਹਿੰਦੀ 'ਚ ਖਾਸ ਤੌਰ ਤੇ ਜਾਂ ਉਰਦੂ 'ਚ ਮੰਨੋਰੰਜ਼ਨ ਹੀ ਸੀ। ਉਸ ਤੋਂ ਬਾਅਦ ਹੌਲੀ ਹੌਲੀ ਉਦੇਸ਼ ਮੁੱਖੀ ਬਣਦਾ ਚਲਿਆ ਗਿਆ। ਮੰਨੋਰੰਜ਼ਨ ਵੀ ਇਕ ਉਦੇਸ਼ ਹੈ। ਪਰੰਤੂ ਸਮਾਜਿਕ ਉਦੇਸ਼, ਮੰਨੋਰੰਜ਼ਨ ਤੋਂ ਕਾਫੀ ਵੱਖਰਾ ਵਿਸ਼ਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੇ ਜਸੂਸੀ ਨਾਵਲ ਹੈ ਉਹ ਕੇਵਲ ਮੰਨੋਰੰਜ਼ਨ ਦਾਇਕ ਹੈ, ਪੂਰੀ ਤਰ੍ਹਾਂ ਨਾਲ। ਜਾਸੂਸੀ ਨਾਵਲਾਂ ਤੋਂ ਬਾਅਦ ਮੰਨੋਰੰਜ਼ਨ ਦੇ ਲਈ ਇਕ ਨਾਵਲ ਹੋਰ ਆਇਆ-ਜਿਣਸੀ ਤੱਤ ਦਾ ਨਾਵਲ, ਜਿਹੜਾ ਕਿ 1960 ਵਿਚ ਖਾਸ ਤੌਰ ਪੰਜਾਬੀ ਭਾਸ਼ਾ ਵਿਚ ਆਇਆ। ਸਰੀਰਿਕ ਤੱਤਾਂ ਦੀ ਗੱਲ ਕਰਕੇ ਲੋਕਾਂ ਨੂੰ ਆਪਣੀ ਤਰਫ ਖਿੱਚਦਾ ਸੀ।

**ਜੋਗਿੰਦਰ ਸਿੰਘ ਰਾਹੀ**-ਸੰਤੋਖ ਸਿੰਘ ਧੀਰ ਨੇ ਲਿਖਿਆ ਸੀ 'ਉਹ ਦਿਨ।

**ਟੀ ਆਰ ਵਿਨੋਦ**-ਹਾਂ ਉਹੀ। ਤੀਜੀ ਗੱਲ ਹੈ ਜਜ਼ਬਾਤੀਪਨ, ਜਿਹੜਾ ਖਾਸ ਕਰਕੇ ਨਾਨਕ ਸਿੰਘ ਦੇ ਨਾਵਲਾਂ ਵਿਚ ਮਿਲਦਾ ਹੈ। ਉਹ ਹਰੇਕ ਸਥਿਤੀ ਵਿਚ ਭਾਵੁਕਤਾ ਦਾ ਐਨਾ ਗਾੜਾ ਰੰਗ ਚਾੜਦਾ ਹੈ ਕਿ ਸਾਡੀ ਜਿਹੜੀ ਸੋਚ ਹੈ ਉਹ ਭਾਵੁਕਤਾ ਦੇ ਥੱਲੇ ਦੱਬ ਕੇ ਰਹਿ ਜਾਂਦੀ ਹੈ। ਉਸਦਾ ਸਭ ਤੋਂ ਵਧੀਆ ਨਾਵਲ 'ਪਵਿੱਤਰ ਪਾਪੀ' ਮੈਨੂੰ ਲਗਦਾ ਹੈ। ਇਸ ਲਈ ਨਹੀਂ ਕਿ ਉਸ ਵਿਚ ਕਿਦਾਰ ਦੀ ਜਾਂ ਵੀਣਾ ਦੀ ਦੁਬਿਧਾ ਵਖਾਈ ਗਈ ਹੈ, ਬਲਕਿ ਇਸ ਲਈ ਕਿ ਕੇਦਾਰ ਦੀ ਸਮੱਸਿਆ ਜਿਹੜੀ ਹੈ ਉਹ ਉਸ ਸਮੇਂ ਦੀ ਆਰਥਿਕ ਸਮੱਸਿਆ ਹੈ, ਜਿਹੜੀ ਉਸ ਦੇ ਨਾਲ ਜੁੜੀ ਹੋਈ ਹੈ। ਇਸ ਸਾਰੀ ਗੱਲ ਉੱਤੇ ਨਾਨਕ ਸਿੰਘ ਨੇ ਆਪਣੀ ਮਾਨਸਿਕ ਭਾਵੁਕਤਾ ਐਨੀ ਵਧੇਰੇ ਲੱਦ ਦਿੱਤੀ ਹੈ ਕਿ ਅਸਲੀ ਗੱਲ ਥੱਲੇ ਦੱਬ ਕੇ ਰਹਿ ਜਾਂਦੀ ਹੈ।

ਚੌਥੀ ਗੱਲ ਹੈ-ਜਾਤੀ ਵਰਗ ਦੀ। ਮੰਨੋਰੰਜ਼ਨ ਦਾ ਜਿਹੜਾ ਨਾਵਲ ਹੈ ਜੇਕਰ ਉਸ ਵਿਚ ਵਰਗ ਦਾ ਕੋਈ ਸਰੋਕਾਰ ਆਉਂਦਾ ਹੈ, ਜਾਤੀ ਦ੍ਰਿਸ਼ਟੀਕੋਣ ਤੋਂ ਆਪਣੇ ਸਮਾਜ ਦਾ ਕੋਈ ਵਿਸ਼ਲੇਸ਼ਣ ਉਸ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਇਹ ਜੋ ਮੰਨੋਰੰਜ਼ਨ ਹੈ ਉਹ ਮੇਰੇ ਲਈ ਅਰਥਵਾਨ ਬਣ ਜਾਂਦਾ ਹੈ। ਇਕ ਗੱਲ ਜਿਸ ਉੱਤੇ ਰਾਹੀ ਸਾਹਿਬ ਨਾਲ ਮੇਰੇ ਮੱਤਭੇਦ ਹਨ ਸ਼ੁਰੂ ਤੋਂ ਹੀ, ਉਹ ਇਹ ਕਿ ਸੁਪਨੇ ਟੁੱਟਦੇ ਹਨ। ਮੈਂ ਮੰਨਦਾ ਹਾਂ ਇਸ ਗੱਲ ਨੂੰ। ਬੰਦਾ ਸੁਪਨੇ ਸਿਰਜਦਾ ਹੈ, ਉਹ ਖਤਮ ਵੀ ਹੁੰਦੇ ਹਨ, ਪਰੰਤੂ ਬਨਣ ਅਤੇ ਸਮਾਪਤ ਹੋਣ ਦੇ ਇਸ ਸਮੇਂ ਦੌਰਾਨ ਆਦਮੀ ਜਾਂ ਆਦਮੀ ਦਾ ਸਮਾਜ ਉਥੇ ਹੀ ਨਹੀਂ ਰਹਿੰਦਾ, ਉਹ ਅੱਗੇ ਜਾਂਦਾ ਹੈ, ਬਣਨ ਅਤੇ ਟੁੱਟਨ ਦੇ ਸਮੇਂ ਦੌਰਾਨ। ਉਹ ਨਿਗੇਸ਼ਨ ਆਫ ਦਾ ਨਿਗੇਸ਼ਨ ਦਾ ਇਕ ਅਸੂਲ ਹੈ। ਹੁਣ ਤੱਕ ਜਿਹੜੀ ਪ੍ਰਗਤੀ ਹੋਈ ਹੈ ਇਸ ਪ੍ਰਗਤੀ ਵਿਚ ਸੁਪਨੇ ਦੇ ਟੁੱਟਣ ਅਤੇ ਸੁਪਨੇ ਦੇ ਬਣਨ ਦੀ ਅਤੇ ਉਸਦੇ ਸਫ਼ਲ ਹੋਣ ਦੀ ਕਹਾਣੀ ਲੁਕੀ ਹੋਈ ਹੈ। ਇਹ ਗੱਲ ਮੈਂ ਨਹੀਂ ਮੰਨਦਾ ਕਿ ਸੁਪਨੇ ਹਮੇਸ਼ਾ ਹੀ ਟੁੱਟਦੇ ਹਨ।

**ਜੋਗਿੰਦਰ ਸਿੰਘ ਰਾਹੀ**-ਮੈਂ ਅਜਿਹਾ ਕਦੇ ਨਹੀਂ ਕਿਹਾ। ਮੇਰਾ ਮਤਲਬ ਹੈ ਕਿ ਸੁਪਨੇ ਦੇ ਟੁੱਟਣ ਅਤੇ ਬਣਨ ਦੀ ਪ੍ਰਕ੍ਰਿਆ ਨਿਰੰਤਰ ਚਲਦੀ ਰਹਿੰਦੀ ਹੈ। ਇਸ ਨੂੰ ਹੀ ਮਾਰਿਸ਼ਏਸ਼ ਸ਼ਿਰੋਡਰ ਨੇ ਕਿਹਾ ਹੈ ਕਿ ਜਿਹੜਾ ਨਾਵਲ ਹੈ-ਇਟਜ਼ ਏ ਟੈਂਬਲਿੰਗ ਇਕਵੀਪਾਯਸ ਬਿਟਵੀਨ ਚੇਸਟ ਐਂਡ ਆਰਨੈਸਟ। ਅਰਨੈਸਟ ਕੀ ਹੈ? ਅਰਨੈਸਟ ਹੀ ਸੁਪਨਾ ਹੈ।

**ਟੀ. ਆਰ. ਵਿਨੋਦ**-ਪਰਸੇ ਦੇ ਸੰਬੰਧ ਵਿਚ ਤੁਹਾਡੀ ਇਹ ਧਾਰਨਾ ਹੈ ਕਿ ਇਹ ਵੀ ਦੁਖਾਂਤ ਹੈ। ਤੁਹਾਡੀ ਇਹ ਧਾਰਨਾ ਪਹਿਲਾ ਵੀ ਸੀ ਅਤੇ ਹੁਣ ਵੀ ਹੈ ਕਿ ਪਰਸਾ ਇਕ ਦੁਖਾਂਤ ਨਾਵਲ ਹੈ। ਤੁਸੀਂ ਉਸ ਨੂੰ ਬਦਲਿਆ ਨਹੀਂ ਹੈ। ਮੈਂ ਗੁਰਦਿਆਲ ਸਿੰਘ ਦਾ ਧੰਨਵਾਦੀ ਹਾਂ ਕਿ ਉਸਦੇ ਖਜ਼ਾਨੇ ਵਿਚੋਂ ਇਕ ਵੱਖਰੀ ਕਿਸਮ ਦਾ ਨਾਵਲ ਨਿਕਲਿਆ ਹੈ। ਇਹ ਦੁਖਾਂਤ ਨਹੀਂ, ਚਾਹੇ ਇਹ ਨਾ ਹੋਵੇ ਕਿ ਸ਼ਹੀਦ ਨਾਇਕ ਹੈ, ਨਾ ਹੀ ਜਿੱਤਣ ਵਾਲਾ ਹੈ, ਉਹ ਸੰਘਰਸ਼ ਕਰ ਰਿਹਾ ਹੈ। ਸਟ੍ਰੱਗਲ ਦੇ ਲਈ ਉਹ ਪਿੰਡ ਛੱਡ ਕੇ ਆਪਣੇ ਬੱਚੇ ਪਾਲ ਰਿਹਾ ਹੈ। ਉਸਤੋਂ ਬਾਅਦ ਇਕ ਹੋਰ ਬੱਚੇ ਨੂੰ ਪਾਲਣ ਦੇ ਲਈ ਉਹ ਪਿੰਡ ਵਿਚ ਜਾਂਦਾ ਹੈ। ਉਹ ਮਰਦਾ



ਨਹੀਂ, ਝੁਕਦਾ ਨਹੀਂ, ਉਹ ਲੜਦਾ ਹੈ ਅਤੇ ਲੜਾਈ 'ਚ ਹੀ ਇਹ ਨਾਵਲ ਖਤਮ ਹੁੰਦਾ ਹੈ। ਇਸ ਲਈ ਜਿਹੜਾ ਮਨੁੱਖ ਲੜਦਾ ਹੈ, ਉਹ ਝੁਕਦਾ ਨਹੀਂ ਮਰਦਾ ਨਹੀਂ, ਉਹ ਮੈਨੂੰ ਦੁਖਾਂਤ ਨਹੀਂ ਲੱਗਦਾ, ਇਸ ਲਈ ਕਥਿਤ ਸੁਖਾਂਤ ਉਸ ਵਿਚ ਆਉਂਦਾ ਹੈ। ਕਿਉਂਕਿ ਇਸ ਦੇ ਲਈ ਮੈਂ ਇਕ ਹੀ ਗੱਲ ਕਹਾਗਾ ਕਿ ਸਾਡੇ ਨਾਵਲ 'ਚ ਅਜੇ ਤੱਕ ਵਰਗ ਚੇਤਨਾ, ਸਾਡੇ ਨਾਵਲਕਾਰ ਨੂੰ ਆਈ ਹੀ ਨਹੀਂ ਹੈ। ਉਸ ਨੂੰ ਪਤਾ ਹੀ ਨਹੀਂ ਕਿ ਇਹ ਜਿਹੜਾ ਸਮਾਜ ਹੈ ਇਸ ਦੀ ਨੀਂਹ ਨਿੱਜੀ ਜਾਇਦਾਤ ਦੀ ਸੰਸਥਾ ਹੈ, ਜਦੋਂ ਤੱਕ ਇਹ ਕਾਇਮ ਰਹੇਗੀ, ਉਦੋਂ ਤੱਕ ਵਗਰ ਸੰਘਰਸ਼ ਪੈਦਾ ਹੁੰਦਾ ਰਹੇਗਾ। ਜਿਹੜਾ ਵਿਅਕਤੀ ਪੱਧਰ ਤੇ ਕਈ ਤਰ੍ਹਾਂ ਦੇ ਅਣਗਿਣਤ ਰੂਪ ਧਾਰਨ ਕਰਕੇ ਲੋਕਾਂ ਨੂੰ ਵੀ ਅਤੇ ਰਚਨਾਵਾਂ ਨੂੰ ਵੀ ਪ੍ਰਭਾਵਿਤ ਕਰਦੇ ਰਹਿਣਗੇ।

**ਜੋਗਿੰਦਰ ਸਿੰਘ ਰਾਹੀ**-ਮੈਂ ਆਪਣੀ ਗੱਲ ਨੂੰ ਸਪੱਸਟ ਕਰਦਾ ਹੋਇਆ ਉਸ ਵਿਚ ਥੋੜਾ ਸੁਧਾਰ ਕਰਾਂਗਾ। ਮੈਂ ਬੇਸ਼ੱਕ ਕਿਹਾ ਹੋਵੇਗਾ ਕਿ ਦੁਖਾਂਤ ਹੈ। ਪਰ ਇਹ ਟ੍ਰੈਜਇਡੀ Tragedy ਨਹੀਂ ਟ੍ਰੈਜਇਕ ਆਯਰਨੀ ਹੈ। ਇਸ ਵਿਚ ਆਯਰੈਨਿਕ ਐਲੀਮੈਂਟ ਇਨਗ੍ਰੈਡ ਹੈ। ਭਾਵ ਇਹ ਕਿ ਸੰਘਰਸ਼ ਅਤੇ ਆਯਰਨੀ ਸਮਾਨਾਂਤੰਤਰ ਚਲਦੀ ਰਹਿੰਦੀ ਹੈ, ਜੇਕਰ ਅਜਿਹਾ ਨਾ ਹੋਵੇ ਤਾਂ ਆਦਮੀ ਚੌਥੇ ਦਿਨ ਹੀ ਖੁਦਕੁਸ਼ੀ ਕਰਕੇ ਮਰ ਜਾਵੇਗਾ। ਮੈਂ ਮਿੱਤਰ ਸੈਨ ਮੀਤ ਦਾ ਜ਼ਿਕਰ ਅਜੇ ਤੱਕ ਨਹੀਂ ਕੀਤਾ। ਮਿੱਤਰ ਸੈਨ ਮੀਤ ਜੋ ਹੈ ਇਸਦੇ ਬਾਰੇ ਵਿਚ ਤੁਹਾਨੂੰ ਪਤਾ ਹੈ ਕਿ ਕਿਹੜਾ ਇਲਜ਼ਾਮ ਲਗਾਇਆ ਗਿਆ ਹੈ? ਇਸ ਦੇ ਕੋਲ ਤੱਥ ਤਾਂ ਹੈ ਪਰ ਇਸਦੇ ਕੋਲ ਕੋਈ ਟੈਕਨੀਕ ਨਹੀਂ ਹੈ। ਮੈਂ ਕਿਹਾ ਕਿ ਆਪ ਤੇਜ਼ ਤੇਜ਼ ਪੜ੍ਹਦੇ ਹੋ, ਇਹ ਗੱਲਾਂ ਤੇਜ਼ ਤੇਜ਼ ਪੜ੍ਹਨ ਵਾਲੀਆਂ ਨਹੀਂ ਹੁੰਦੀਆਂ। ਜਰਾਂ ਗੰਭੀਰਤਾ ਅਤੇ ਸੰਜ਼ੀਦਗੀ ਦੇ ਨਾਲ ਪੜ੍ਹਨ ਵਾਲੀਆਂ ਹੁੰਦੀਆਂ ਹਨ। ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਖੂਬੀ ਇਹ ਹੈ ਕਿ ਕਿਤੇ ਵੀ ਆਪਣਾ ਸੰਦੇਸ਼ ਆਪਣੀ ਜ਼ੁਬਾਨੀ ਜਾਂ ਆਪਣੇ ਨਾਇਕ ਵੱਲੋਂ ਨਹੀਂ ਦਿੰਦਾ। ਉਸਦੇ ਤੱਥ ਖੁਦ ਬੋਲਦੇ ਹਨ।

**ਸੁਰਿੰਦਰ ਕੁਮਾਰ ਦਵੇਸ਼ਵਰ**-ਅਸਲ ਵਿਚ ਗੱਲ ਚੱਲੀ ਸੀ ਨਾਇਕ ਦੀ। ਸਾਡੇ ਕੋਲ ਮੱਧਕਲੀਨ ਨਾਇਕ ਹੈ ਜਦੋਂ ਅਸਲ ਵਿਚ ਵਰਗਾ ਵਿਚ ਸਮਾਜ ਬਣਨਾ ਸ਼ੁਰੂ ਹੁੰਦਾ ਹੈ। ਜਾਤੀ ਸਮਾਜ ਦੀ ਆਪਣੀ ਇਕ ਪਾਲਿਟਿਕਸ ਹੁੰਦੀ ਹੈ ਜਿਹੜੀ ਉਸ ਸਮੇਂ ਦੀਆਂ ਸਾਰੀਆਂ ਸਿਰਜਣਾਤਮਿਕ ਕਿਰਤਾਂ ਵਿਚ ਪੇਸ਼ ਹੁੰਦੀ ਹੈ। ਜਿਸ ਦੇ ਨਾਲ ਨਾਵਲ ਨੇ ਸਾਧਾਰਨ ਆਦਮੀ ਦੀ ਕੰਡੀਸ਼ਨਿੰਗ ਕਰਨੀ ਹੈ। ਮੈਨੂੰ ਇਹ ਲੱਗ ਰਿਹਾ ਹੈ ਕਿ ਮੱਧਕਾਲ ਦਾ ਜਿਹੜਾ ਟੋਟਲ ਨਾਇਕ ਹੈ, ਮੱਧਕਾਲ ਨੂੰ ਛੱਡ ਦਿਓ, ਐਪਿਕ ਤੋਂ ਲੈ ਲਓ। ਐਪਿਕ ਤੋਂ ਲੈ ਕੇ ਰੋਮਾਂਸ ਤੱਕ ਜਿਹੜੇ ਨਾਵਲ ਹਨ, ਜਿਸਦਾ ਪਹਿਲਾਂ ਦੌਰ ਚੱਲ ਰਿਹਾ ਹੈ, ਉਸ ਵਿਚ ਭਗਵਾਨ ਤੇ ਭਗਤ ਦਾ ਜਿਹੜਾ ਰਿਸ਼ਤਾ ਹੈ, ਮਾਲਿਕ ਅਤੇ ਮਾਤਹਿਤ ਦੇ ਰਿਸ਼ਤੇ ਦਾ ਹੀ ਅਧਿਆਤਮਿਕ ਕਰਨ ਹੈ। ਹੁਣ ਜਦੋਂ ਸਾਡੇ ਕੋਲ ਨਾਵਲ ਦੇ ਰੂਪ ਵਿਚ ਆ ਰਿਹਾ ਹੈ। ਨਾਵਲ, ਕਿਉਂਕਿ ਇਕ ਗੱਲ ਤਾਂ ਸਾਫ਼ ਹੈ ਕਿ ਯਥਾਰਥਵਾਦੀ ਵਿਧਾ ਹੈ। ਹਿੰਦੀ ਵਿਚ ਮੁੱਢਲੇ ਦੌਰ ਦੇ ਨਾਵਲ ਹਨ। ਉਨ੍ਹਾਂ ਨੇ ਜਿਹੜੀ ਨਾਵਲ ਦੀ ਭੂਮਿਕਾ ਲਿਖੀ ਹੈ ਜਾਂ ਉਰਦੂ ਦਾ ਨਾਵਲ ਹੈ ਜਿਵੇਂ 'ਓਮਰਾਓ ਜਾਨ' ਇਸ ਦਾ ਜਿਹੜਾ ਲੇਖਕ ਹੈ ਉਸਦੀ ਭੂਮਿਕਾ ਵਿਚ ਲਿਖ ਰਿਹਾ ਹੈ ਕਿ ਨਾਵਲ ਵਿਚ ਅਜਿਹਾ ਕੁੱਝ ਨਹੀਂ ਹੈ ਜੋ ਅਚੰਭੇ ਵਾਲਾ ਹੈ ਜਾਂ ਇਸ ਵਿਚ ਮੈਂ ਇਸ ਤਰ੍ਹਾਂ ਦੇ ਨਾਇਕ ਪੇਸ਼ ਕੀਤੇ ਹਨ ਜਿਹੜੇ ਭਗਵਾਨ ਦੇ ਬਰਾਬਰ ਹੋਣਗੇ। ਮੈਂ ਤਾਂ ਜ਼ਿੰਦਗੀ ਦਾ ਤੱਤਸਾਰ ਹੀ ਪੇਸ਼ ਕਰ ਰਿਹਾ ਹਾਂ। ਜਾਂ ਜਿਹੋ ਜਿਹੀ ਸਥਿਤੀ ਹੈ ਉਸ ਨੂੰ। ਇਹਦਾ ਭਾਵ ਹੈ ਕਿ ਇਹ ਨਾਵਲ ਸਾਡੇ ਕੋਲ ਇਸ ਸਮਝ ਤੋਂ ਪੈਦਾ ਹੋਇਆ। ਉਸ ਯਥਾਰਥ ਦੀ ਸਮਝ ਤੋਂ ਹੀ ਆਇਆ ਹੋਇਆ ਹੈ। ਇਸ ਤਰ੍ਹਾਂ ਇਹ ਮਿੱਥੀਕਰਨ ਨੂੰ ਵੀ ਤੋੜ ਰਿਹਾ ਹੈ। ਪੰਜਾਬੀ ਦੇ ਨਾਵਲ ਵਿਚ ਜਦੋਂ ਅਸੀਂ ਨਾਇਕ ਦੀ ਗੱਲ ਕਰਦੇ ਹਾਂ ਤਾਂ 1960 ਤੱਕ ਦਾ ਜਿਹੜਾ ਨਾਵਲ ਹੈ, ਉਹ ਨਾਇਕ ਪ੍ਰਧਾਨ ਸੀ। 1960 ਤੋਂ ਬਾਅਦ ਸਾਡੇ ਨਾਇਕ ਟੁੱਟਦੇ ਹਨ। ਉਹ ਜਿਹੜਾ ਨਾਇਕ ਹੈ ਜਿਸ ਦੇ ਲਈ ਰਾਹੀ ਸਾਹਿਬ ਨੇ ਐਂਟੀ ਹਿਊਮਨਿਜ਼ਮ ਸ਼ਬਦ ਪ੍ਰਯੋਗ ਕੀਤਾ ਹੈ।

**ਜੋਗਿੰਦਰ ਸਿੰਘ ਰਾਹੀ**-ਉਹ ਮੇਰਾ ਸ਼ਬਦ ਨਹੀਂ, ਫਰਾਂਸੀਸੀ ਵਿਦਵਾਨ ਵੱਲੋਂ ਵਰਤਿਆ ਸ਼ਬਦ ਹੈ।

**ਸੁਰਿੰਦਰ ਕੁਮਾਰ ਦਵੇਸ਼ਵਰ**-ਹਾਂ, ਹੁਣੇ ਤੁਸੀਂ ਉਸਦਾ ਪ੍ਰਯੋਗ ਗੁਰਦਿਆਲ ਸਿੰਘ ਦੇ ਨਾਵਲਾਂ ਦੇ ਸੰਦਰਭ 'ਚ ਕੀਤਾ ਹੈ। ਹੁਣ ਰੌਚਿਤ ਗੱਲ ਇਹ ਹੈ ਕਿ ਡਾ. ਰਾਹੀ ਸਾਹਿਬ ਨੇ ਇਹ ਗੱਲ ਕੀਤੀ ਹੈ ਕਿ ਪੰਜਾਬੀ ਨਾਵਲ ਗੁਰਦਿਆਲ ਸਿੰਘ ਦੇ ਨਾਵਲ ਦੇ ਨਾਲ ਆਪਣਾ ਆਸਣ ਬਦਲਦਾ ਹੈ। ਨਾਇਕ ਦਾ ਵਿਘਠਨ ਹੁੰਦਾ ਹੈ। ਪ੍ਰੰਤੂ ਉਨ੍ਹਾਂ ਦਾ 'ਪਰਸਾ' ਨਾਵਲ ਹੈ ਜਿਹੜਾ 1992 'ਚ ਆਉਂਦਾ ਹੈ, ਜਿਸ ਵਿਚ ਉਹ ਨਾਇਕ ਨੂੰ ਪੁਨਰ ਸਥਾਪਤ ਕਰਦਾ ਹੈ। ਭਾਵ ਕਿ 1990 ਤੋਂ ਬਾਅਦ ਦਾ ਸਾਡਾ ਨਾਵਲ ਨਾਇਕ ਪ੍ਰਧਾਨ ਹੋ ਰਿਹਾ ਹੈ। ਨਾਇਕ ਦੀ ਪੁਨਰ ਸਥਾਪਨਾ ਠੀਕ ਉਸ ਤਰ੍ਹਾਂ ਨਹੀਂ ਹੋ ਰਹੀ ਹੈ, ਜਿਸ ਤਰ੍ਹਾਂ ਸ਼ੁਰੂ ਦੇ ਦੌਰ ਦੇ ਨਾਵਲਾਂ ਵਿਚ ਹੋਈ ਹੈ। ਇਸ ਤਰ੍ਹਾਂ ਨਾਲ ਸਥਿਤੀਆਂ ਦੀ ਸਮਝ ਵੀ ਇਹ ਸਾਨੂੰ ਦੇ ਰਿਹਾ ਹੈ। ਚਾਹੇ ਸਾਡੀਆਂ ਲੋਕ ਗਥਾਵਾਂ ਨੂੰ ਅਧਾਰ ਬਣਾ ਕੇ ਨਾਵਲ ਲਿਖਿਆ ਜਾ ਰਿਹਾ ਹੈ, ਚਾਹੇ ਇਤਿਹਾਸਕ ਪਾਤਰਾਂ ਨੂੰ ਅਧਾਰ ਬਣਾ ਕੇ ਲਿਖਿਆ ਜਾ ਰਿਹਾ ਹੈ। ਚਾਹੇ ਉਹ ਸਿੱਖ ਹਿਸਟਰੀ ਵਿਚੋਂ ਨਾਇਕ ਆ ਰਹੇ ਹਨ ਜਿਵੇਂ ਬੰਦਾ ਬਹਾਦਰ ਹੈ, ਚਾਹੇ **'ਪੰਜਵਾਂ ਸਾਹਿਬਜਾਦਾ'** ਹੈ। ਜਿਹੜੇ ਬਲਦੇਵ ਸਿੰਘ ਵੱਲੋਂ ਲਿਖੇ ਗਏ ਨਾਵਲ ਹਨ। **'ਸਤਲੁਜ ਵਹਿੰਦਾ ਰਿਹਾ'** ਭਗਤ ਸਿੰਘ ਦੇ ਬਾਰੇ ਹੈ। ਇਹੀ ਨਹੀਂ ਹੋਰ ਵੀ ਉਦਾਹਰਨਾ ਸਾਡੇ ਕੋਲ ਹਨ। ਜਿਹੜੀਆਂ ਨਾਇਕ ਪ੍ਰਧਾਨ ਹਨ। ਕਈ ਬਾਈਆੱਗ੍ਰਫ਼ੀਕਲ biographical ਨਾਵਲ ਵੀ ਆਏ।

**ਵਿਨੋਦ ਸ਼ਾਹੀ**-ਮੈਨੂੰ ਇਕ ਗੱਲ ਰੌਚਿਕ ਲੱਗ ਰਹੀ ਹੈ ਉਹ ਇਹ ਹੈ ਕਿ ਨਾਇਕ ਦੀ ਵਾਪਸੀ ਇਸ ਲਈ ਤਾਂ ਨਹੀਂ ਹੋ ਰਹੀ ਕਿ ਸਾਡਾ ਸਮਾਜ ਇਸ ਸਮੇਂ ਆਪਣੇ ਆਪ ਨੂੰ ਬਿਲਕੁਲ ਨਾਇਕ ਤੋਂ ਸੱਖਣਾ ਸਮਝ ਰਿਹਾ ਹੋਵੇ।

**ਸੁਰਿੰਦਰ ਕੁਮਾਰ ਦਵੇਸ਼ਵਰ**-ਮੈਂ ਇਹੀ ਦੱਸ ਰਿਹਾ ਹਾਂ ਕਿ 1960 ਵਿਚ ਨਾਇਕ ਕਿਓਂ ਟੁੱਟਿਆ, ਕਿਉਂਕਿ ਸਾਡੇ ਕੋਲ ਕੁੱਝ ਸੁਪਨੇ ਇਸ ਤਰ੍ਹਾਂ ਦੇ ਸਨ। ਇਕ ਤਾਂ ਇਹ ਸੁਪਨਾ ਸੀ ਕਿ ਸਾਇਦ ਸਿੱਖੀ ਸਿਧਾਂਤ ਨਾਲ ਜੁੜ ਕੇ ਇਸ ਦਾ ਹੱਲ ਹੋ ਜਾਵੇਗਾ, ਸਾਡੇ ਕੋਲ ਜਿਹੜਾ ਵਰਤਮਾਨ ਸੰਕਟ ਹੈ। ਉਸਤੋਂ ਬਾਅਦ ਨਾਨਕ ਸਿੰਘ ਇਹ ਸੋਚਦਾ ਹੈ ਕਿ ਅਸੀਂ ਆਪਣੇ ਪੁਰਾਣੇ ਆਦਰਸ਼ਾਂ ਦੇ ਨਾਲ ਹਰ ਬੰਦੇ ਨੂੰ ਬਦਲ ਦਈਏ ਤਾਂ ਸਾਇਦ ਇਸ ਦੇ ਨਾਲ ਅਸੀਂ ਸਮਾਜ ਨੂੰ ਬਦਲ ਸਕਾਗੇ। ਇਸ ਤਰ੍ਹਾਂ ਸਾਡੇ ਕਮਿਊਨਿਸ਼ਟਾ ਦਾ ਵੀ ਇਹੀ ਹਾਲ ਸੀ ਕਿ ਜੇਕਰ ਕ੍ਰਾਂਤੀ ਆ ਜਾਵੇ ਤਾਂ ਅਸੀਂ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭ ਲਵਾਂਗੇ। ਪ੍ਰੰਤੂ ਉਸ ਦਾ ਸਾਰੇ ਦਾ ਸਾਰਾ ਸੁਪਨਾ ਜਾਂ ਇਸ ਤਰ੍ਹਾਂ ਦਾ ਜਿਹੜਾ ਉਨ੍ਹਾਂ ਨੇ ਮਨ ਵਿਚ ਸੋਚਿਆ ਉਹ ਸੱਚ ਨਹੀਂ ਹੋਇਆ ਅਤੇ ਐਂਟੀ ਹਿਊਮਨਿਸਿਟਕ ਹੋਣ ਦੀ ਗੱਲ ਸਾਡੇ ਨਾਵਲਾ ਵਿਚ ਆਈ। ਪ੍ਰੰਤੂ ਗਲੋਬਲਾਇਜ਼ੇਸ਼ਨ ਦਾ ਪ੍ਰਚੱਲਨ ਵਧ ਗਿਆ ਅਤੇ ਸਾਨੂੰ ਇਹ ਲੱਗਦਾ ਹੈ ਕਿ ਇਹ ਠੀਕ ਹੈ ਅਸੀਂ ਸਥਿਤੀਆਂ ਤੋਂ ਸੁਚੇਤ ਕਰ ਸਕਦੇ ਹਾਂ, ਪ੍ਰੰਤੂ ਜਦੋਂ ਅਸੀਂ ਸਥਿਤੀਆਂ ਨੂੰ ਬਦਲਣ ਦਾ ਕੋਈ ਮਾਡਲ ਨਹੀਂ ਦੇਵਾਂਗੇ ਉਦੋਂ ਤੱਕ ਸਾਡੀ ਭਲਾਈ ਨਹੀਂ ਹੋਵੇਗੀ।

**ਦਰਸ਼ਨ ਗਿੱਲ**-ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬੀ ਨਾਵਲ ਹਨ ਜੋ ਸ਼ੁਰੂ ਤੋਂ ਲੈ ਕੇ ਅੱਜ ਤੱਕ ਉਦੇਸ਼ ਮੂਲਕ ਰਹੇ ਹਨ। ਪ੍ਰੰਤੂ ਉਸਦੇ ਪਿੱਛੇ ਇਕ ਗੱਲ ਰਹੀ ਹੈ ਕਿ ਲੇਖਕ ਦੀ ਚੇਤਨਾ ਕਿੱਥੇ ਤੱਕ ਪਹੁੰਚੀ ਹੈ, ਉਹ ਕਿਸ ਵਰਗ ਨਾਲ ਸਬੰਧ ਰੱਖਦਾ ਹੈ ਅਤੇ ਉਸਦੇ ਕੋਲ ਕਿਸ ਤਰ੍ਹਾਂ ਦਾ ਗਿਆਨ ਹੈ। ਇਹ ਸਾਰੀਆਂ ਗੱਲਾਂ ਨਾਵਲਕਾਰ ਅਤੇ ਨਾਵਲ ਨੂੰ ਸਥਾਪਿਤ ਕਰਦੀਆਂ ਹਨ। ਇਸ ਲਈ ਵੱਖ ਵੱਖ ਨਾਵਲਕਾਰਾਂ ਨੇ ਵੱਖ ਵੱਖ ਤਰੀਕੇ ਨਾਲ ਲਿਖਿਆ, ਜਿਵੇਂ ਗੁਰਦਿਆਲ ਸਿੰਘ ਹੈ, ਉਨ੍ਹਾਂ ਨੇ 1947 ਤੱਕ ਦੇ ਪਾਤਰ ਲੈ ਕੇ ਹੀ ਆਪਣੀ ਗੱਲ ਨਾਵਲ ਵਿਚ ਕਹੀ ਹੈ ਉਸ ਤੋਂ ਬਾਅਦ ਦੀ ਕੋਈ ਗੱਲ ਨਹੀਂ ਕੀਤੀ। ਕਿਉਂਕਿ ਉਸ ਦੀ ਕੋਈ ਸੀਮਾ ਅਜਿਹੀ ਹੋਵੇਗੀ ਕਿ ਜਿਹੜੀ ਉਸ ਨੂੰ ਮਜ਼ਬੂਰ ਕਰਦੀ ਹੈ ਕਿ ਉਹ ਵਰਤਮਾਨ ਵਿਚੋਂ ਪਾਤਰ ਨਾ ਲੈਣ। ਮਿੱਤਰ ਸੈਨ ਮੀਤ ਨੇ ਵਰਤਮਾਨ ਦੇ ਸੰਬੰਧ ਵਿਚ ਗੱਲ ਕੀਤੀ ਹੈ। ਜਿਸ ਵਰਗ ਨਾਲ ਇਹ ਸੰਬੰਧ ਰੱਖਦਾ ਹੈ, ਜਿਨੀ ਉਸ ਦੀ ਚੇਤਨਾ ਹੈ, ਉਸ ਐਂਗਲ ਤੋਂ ਹੀ ਉਨ੍ਹਾਂ ਨੇ ਆਪਣੇ ਮਨੋਰਥ ਨੂੰ ਪੇਸ਼ ਕੀਤਾ ਹੈ।

**ਵਿਨੋਦ ਸ਼ਾਹੀ**-ਇਸ ਚਰਚਾ ਦਾ ਦੂਜਾ ਭਾਗ ਅਸੀਂ ਆਰੰਭ ਕਰਨਾ ਚਾਹੁੰਦੇ ਹਾਂ। ਆਮ ਤੌਰ ਉੱਤੇ ਜਦੋਂ



ਕਿਸੇ ਭਾਸ਼ਾ ਦੇ ਨਾਵਲ ਦੇ ਵਿਅਕਤਿਤਵ ਨੂੰ ਪਹਿਚਾਨਣ ਦੇ ਲਈ ਅਧਾਰ ਬਣਾਇਆ ਜਾਂਦਾ ਹੈ, ਉਹ ਖੁਦ ਨਾਵਲ ਹੀ ਹੁੰਦਾ ਹੈ ਅਤੇ ਕੁੱਝ ਨਾਵਲ ਦੀ ਚੋਣ ਕਰ ਲਈ ਜਾਂਦੀ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਇਹ ਕੁੱਝ ਨਾਵਲ ਹਨ ਜਿਹੜਾ ਇਨ੍ਹਾਂ ਦਾ ਚਿਹਰਾ ਹੈ ਅਤੇ ਇਸ ਵੱਲੋਂ ਨਾਵਲ ਦੇ ਪੂਰੇ ਦ੍ਰਿਸ਼ ਦੀ ਪ੍ਰਤੀਨਿਧਤਾ ਹੋ ਜਾਂਦੀ ਹੈ। ਵਿਚਾਰ ਚਰਚਾ ਤੋਂ ਪਹਿਲਾਂ ਮੈਂ ਗੁਰਦਿਆਲ ਸਿੰਘ ਨਾਲ ਗੱਲਬਾਤ ਕੀਤੀ। ਉਸ ਨੂੰ ਮੈਂ ਇਕ ਸੂਚੀ ਦੇਣ ਲਈ ਕਿਹਾ ਉਨ੍ਹਾਂ ਦੇ ਮੁਤਾਬਕ ਪੰਜਾਬੀ ਨਾਵਲਾਂ ਵਿਚ ਜੇਕਰ ਅਸੀਂ 10 ਨਾਵਲਾਂ ਦੀ ਚੋਣ ਕਰਦੇ ਹਾਂ ਤਾਂ ਉਹ ਕਿਹੜੇ ਨਾਵਲਾਂ ਦੀ ਚੋਣ ਕਰਨਗੇ। ਉਨ੍ਹਾਂ ਟੀ. ਆਰ. ਵਿਨੋਦ ਨਾਲ ਗੱਲ ਕਰਕੇ 12 ਨਾਵਲਾਂ ਨੂੰ ਸਾਹਮਣੇ ਰੱਖਿਆ। ਪੰਜਾਬੀ ਨਾਵਲ ਦਾ ਇਕ ਪੂਰਾ ਸਮੁੰਦਰ ਹੈ ਅਤੇ ਇਸ ਨੂੰ ਅਸੀਂ 12 ਨਾਵਲਾਂ ਤੱਕ ਹੀ ਸੀਮਿਤ ਨਹੀਂ ਕਰ ਸਕਦੇ। ਇਸ ਤਰ੍ਹਾਂ ਕੇਵਲ ਇਕ ਆਧਾਰ ਤਿਆਰ ਕਰਨ ਲਈ ਹੀ ਇਹ 12 ਨਾਵਲ ਚੁਣੇ ਹਨ। ਵਿਦਵਾਨ ਲੋਕ ਇਥੇ ਬੈਠੇ ਹਨ। ਇਨ੍ਹਾਂ 12 ਨਾਵਲਾਂ ਤੋਂ ਇਲਾਵਾ ਵੀ ਹੋਰ ਨਾਵਲਾਂ ਦੀ ਚਰਚਾ ਕਰਨੀ ਚਾਹੀਦੀ ਹੈ, ਜਿਹੜੇ ਉਨ੍ਹਾਂ ਨੇ ਆਪਣੀ ਪਰਖ ਦੀ ਕਸੌਟੀ ਦੇ ਮੁਤਾਬਿਕ ਕਾਲਜਈ ਲਗਦੇ ਹਨ, ਉਨ੍ਹਾਂ ਦੀ ਵੀ ਚਰਚਾ ਕਰਾਗੇ। ਪ੍ਰੰਤੂ ਇਸ ਗੱਲ ਨੂੰ ਮੈਂ ਟੀ ਆਰ ਵਿਨੋਦ ਦੇ ਕੋਲ ਹੀ ਭੇਜਦਾ, ਜਿਨ੍ਹਾਂ ਨੇ 12 ਨਾਵਲਾਂ ਉੱਤੇ ਕੰਮ ਵੀ ਕੀਤਾ ਹੈ। ਉਨ੍ਹਾਂ ਦੇ ਸੰਬੰਧ ਵਿਚ ਲਿਖਿਆ ਵੀ ਹੈ। ਉਸ ਤੋਂ ਪਹਿਲਾਂ ਇਕ ਦੋ ਸਵਾਲ ਜਿਹੜੇ ਇਨ੍ਹਾਂ ਦੇ ਨਾਲ ਜੁੜੇ ਹੋਏ ਹਨ ਮੈਂ ਕਰਨਾ ਚਾਹੁੰਦਾ ਹਾਂ।

ਹਿੰਦੀ ਦੇ ਪਾਠਕ ਕੁੱਝ ਪੰਜਾਬੀ ਲੇਖਕਾਂ ਦੇ ਨਾਲ ਵਧੇਰੇ ਜਾਣੂ ਹਨ, ਜਿਸ ਦੀ ਗੱਲ ਇਸ ਸੂਚੀ ਵਿਚ ਨਹੀਂ ਹੈ। ਜਿਵੇਂ ਅੰਮ੍ਰਿਤਾ ਪ੍ਰੀਤਮ ਤੇ ਕਰਤਾਰ ਸਿੰਘ ਦੁੱਗਲ ਹੈ ਜਾਂ ਹਿੰਦੀ ਵਿਚ ਲਿਖਨ ਵਾਲੇ ਕਈ ਲੇਖਕ ਹਨ, ਜਿਨ੍ਹਾਂ ਦੀ ਗੱਲ ਹਿੰਦੀ ਵਿਚ ਆਮ ਤੌਰ ਤੇ ਹੁੰਦੀ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਨਾਵਲ ਹਿੰਦੀ ਵਿਚ ਅਨੁਵਾਦ ਕੀਤੇ ਜਿਵੇਂ ਸੁਖਬੀਰ, ਜਸਵੰਤ ਸਿੰਘ ਵਿਰਦੀ। ਇਸ ਤਰ੍ਹਾਂ ਦੇ ਬਹੁਤ ਸਾਰੇ ਨਾਂ ਹਨ। ਕੁੱਝ ਨਾਂ ਜਿਹੜੇ ਕਿ ਨਵੇਂ ਨਾਂ ਜਿਹੜੇ ਯੁਵਾ ਲੇਖਕ ਹਨ, ਅੱਜ ਕੱਲ ਉਨ੍ਹਾਂ ਦੀ ਸਮੀਖਿਆ ਵੀ ਕਾਫੀ ਇਧਰ ਓਧਰ ਦੇਖਣ ਨੂੰ ਮਿਲਦੀ ਹੈ। ਜਿਸ ਵਿਚ ਮਨਮੋਹਨ ਬਾਵਾ ਹੈ, ਦੇਸ ਰਾਜ ਕਾਲੀ ਵਰਗੇ ਲੇਖਕ ਹਨ ਜਾਂ ਹੋਰ ਕਈ ਲੇਖਕ ਹਨ ਜਿਨ੍ਹਾਂ ਦੇ ਨਾਵਲਾਂ ਦੀ ਚਰਚਾ ਅੰਗਰੇਜ਼ੀ ਅਤੇ ਹਿੰਦੀ ਦੇ ਅਖ਼ਬਾਰ ਕਰ ਰਹੇ ਹਨ। ਕੁੱਝ ਨਾਵਲ ਅਨੁਵਾਦ ਹੋ ਕੇ ਆਏ ਹਨ। ਮਿੱਤਰ ਸੈਨ ਮੀਤ ਦੀ ਚਰਚਾ ਅਸੀਂ ਇਥੇ ਕਰ ਹੀ ਰਹੇ ਹਾਂ। ਇਨ੍ਹਾਂ ਦੇ ਨਾਵਲ ਵੀ ਹਿੰਦੀ ਦੇ ਪਾਠਕਾਂ ਤੱਕ ਪਹੁੰਚੇ ਹਨ। ਇਸ ਤਰ੍ਹਾਂ ਦੇ ਬਹੁਤ ਸਾਰੇ ਨਾਂ ਹਨ, ਜਿਨ੍ਹਾਂ ਦੇ ਨਾਂ ਤੋਂ ਹਿੰਦੀ ਦੇ ਪਾਠਕ ਜਾਣੂ ਹਨ। ਪ੍ਰੰਤੂ ਉਨ੍ਹਾਂ ਵਿਚੋਂ ਕੋਈ ਨਾਂ ਇਸ ਸੂਚੀ ਵਿਚ ਸ਼ਾਮਿਲ ਨਹੀਂ। ਇਸ ਦਾ ਕਾਰਨ ਵੀ ਅਸੀਂ ਟੀ ਆਰ ਵਿਨੋਦ ਕੋਲੋਂ ਜਾਣਨਾ ਚਾਹੁੰਦੇ ਹਾਂ ਅਤੇ ਇਸ ਸੂਚੀ ਦੇ ਸੰਬੰਧ ਵਿਚ ਵੀ ਗੱਲ ਕਰਾਂਗੇ। ਉਸ ਤੋਂ ਬਾਅਦ ਅਸੀਂ ਸਾਰੇ ਆਪਣੀ ਦਲੀਲ ਵੀ ਦਵਾਂਗੇ ਅਤੇ ਪੰਜਾਬੀ ਦਾ ਜਿਹੜਾ ਪੂਰਾ ਨਾਵਲੀ ਖੇਤਰ ਹੈ ਉਸ ਨੂੰ ਕਲੀਅਰ ਕਰਦੇ ਹੋਏ ਸਾਡੀ ਕਸੌਟੀ ਦੇ ਮੁਤਾਬਕ ਕਿਹੜੇ ਨਾਵਲ ਚੁਣੇ ਜਾਣ ਦੇ ਯੋਗ ਹਨ ਜਾਂ ਜਿਹੜੇ ਚੋਣ ਦੇ ਯੋਗ ਨਹੀਂ ਹਨ ਉਸ ਦੀ ਗੱਲ ਕਰਾਗੇ।

**ਟੀ ਆਰ ਵਿਨੋਦ**-ਮੈਂ ਇਤਿਹਾਸਕ ਨਾਵਲਾਂ ਨੂੰ ਇਸ ਲਈ ਨਹੀਂ ਛੇੜਿਆ ਕਿ ਉਨ੍ਹਾਂ ਦਾ ਕੋਈ ਮੁੱਲ ਨਹੀਂ ਹੈ। ਮੈਂ ਆਪਣੀ ਸਮਰੱਥਾ ਦੀ ਸੀਮਾ ਨੂੰ ਦੇਖਦੇ ਹੋਇਆ ਇਤਿਹਾਸਕ ਨਾਵਲਾਂ ਦੀ ਗੱਲ ਨਹੀਂ ਕੀਤੀ। ਦੂਜੇ ਜਿਹੜੇ ਨਾਵਲ ਹਨ-ਅਨੁਵਾਦ ਕੀਤੇ ਨਾਵਲ। ਪੰਜਾਬੀ ਵਿਚ ਇੰਗਲੈਂਡ ਜਾਂ ਅਮਰੀਕਾ, ਇਨ੍ਹਾਂ ਦੋ ਦੇਸ਼ਾਂ ਤੋਂ ਇਲਾਵਾ ਰੂਸ ਦਾ ਬਹੁਤ ਸਾਰਾ ਨਾਵਲ ਪੰਜਾਬੀ ਵਿਚ ਅਨੁਵਾਦ ਹੋਇਆ। ਉਸ ਦ੍ਰਿਸ਼ਟੀ ਨਾਲ ਰੂਸੀ ਨਾਵਲ ਨੇ ਸਾਡੇ ਪੰਜਾਬੀ ਨਾਵਲ ਨੂੰ ਅੰਗ੍ਰੇਜ਼ੀ ਨਾਵਲ ਤੋਂ ਵੱਧ ਪ੍ਰਭਾਵਿਤ ਕੀਤਾ। ਮੈਂ ਉਨ੍ਹਾਂ ਅਨੁਵਾਦ ਕੀਤੇ ਨਾਵਲ ਦੀ ਗੱਲ ਨਹੀਂ ਕੀਤੀ ਕਿਉਂਕਿ ਮੈਨੂੰ ਰੂਸ ਦੇ ਕਲਚਰ ਦੀ ਸਮਝ ਨਹੀਂ। ਤੀਜੀ ਗੱਲ ਉਨ੍ਹਾਂ ਨਾਵਲਾਂ ਦੀ ਜਿਹੜੇ ਨਾਵਲ ਵਿਅਕਤੀ ਕੇਂਦਰਤ ਹਨ ਅਤੇ ਵਿਅਕਤੀਵਾਦ ਨੂੰ ਸਾਹਮਣੇ ਰੱਖ ਕੇ ਗੱਲ ਕਰਦੇ ਹਨ। ਮੈਂ ਇਹੀ ਕਹਾਂਗਾ ਕਿ ਅਜਿਹਾ ਨਾਵਲ ਮੇਰੀ ਗਿਣਤੀ ਵਿਚ ਨਹੀਂ

ਆਉਂਦੇ। ਮੇਰੀ ਸੋਚ ਵਿਅਕਤੀ ਕੇਂਦਰਤ ਨਹੀਂ ਹੈ, ਉਹ ਸਮਾਜ ਕੇਂਦਰਤ ਹੈ। ਮੈਂ ਸਮਝਦਾ ਹਾਂ ਕਿ ਨਾਵਲ ਵਿਅਕਤੀ ਦੇ ਮਧਿਆਮ ਨਾਲ ਸਮਾਜ ਨੂੰ ਹੀ ਪੇਸ਼ ਕਰਦਾ ਹੈ। ਇਸ ਦ੍ਰਿਸ਼ਟੀ ਨਾਲ ਮੈਂ ਨਾਵਲਾਂ ਦੇ ਸਬੰਧ ਵਿਚ ਗੁਰਦਿਆਲ ਸਿੰਘ ਨਾਲ ਸਲਾਹ ਕਰਕੇ ਇਨ੍ਹਾਂ 12 ਨਾਵਲਾਂ ਦਾ ਜ਼ਿਕਰ ਇਸ ਦ੍ਰਿਸ਼ਟੀ ਨਾਲ ਕੀਤਾ ਕਿ ਇਹ ਪੰਜਾਬ ਦੇ ਸਮਾਜਿਕ ਨਾਵਲ ਹਨ, ਅਤੇ ਖਾਸ ਤੌਰ ਤੇ ਪੰਜਾਬੀ ਸਮਾਜ ਦੇ ਜਿਹੜੇ ਮਸਲੇ ਹਨ ਇਨ੍ਹਾਂ ਨਾਵਲਾਂ ਵਿਚ ਉਠਾਏ ਗਏ ਹਨ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਮਸਲਿਆਂ ਨੂੰ ਜਿਸ ਤਰੀਕੇ ਨਾਲ ਉਠਾਇਆ ਗਿਆ ਹੈ, ਉਨ੍ਹਾਂ ਮਸਲਿਆਂ ਨੂੰ ਜਿਸ ਵਿਧਾ ਨਾਲ ਪੇਸ਼ ਕੀਤਾ ਗਿਆ ਹੈ ਜਾਂ ਉਨ੍ਹਾਂ ਮਸਲਿਆਂ ਦੇ ਪ੍ਰਤੀ ਜਿਹੜੀ ਦ੍ਰਿਸ਼ਟੀ ਹੈ ਉਨ੍ਹਾਂ ਦੇ ਸੰਬੰਧ ਵਿਚ ਮੇਰਾ ਮੱਤਭੇਦ ਹੈ।

ਦੂਜੀ ਗੱਲ, ਜਦੋਂ ਮੈਂ ਗੁਰਦਿਆਲ ਸਿੰਘ ਦੇ ਨਵੇਂ ਨਾਵਲ **'ਆਹਣ'** ਦੀ ਗੱਲ ਜਾਂ ਮਿੱਤਰ ਸੈਨ ਮੀਤ ਦੇ ਰਾਜਨੀਤਿਕ ਨਾਵਲਾਂ ਦੀ ਗੱਲ ਕਰਦਾ ਹਾਂ ਤਾਂ ਮੈਂ ਇਹੀ ਕਹਿੰਦਾ ਹਾਂ ਕਿ ਇਨ੍ਹਾਂ ਵਿਚ ਨਾ ਤਾਂ ਨਾਇਕ ਹੈ ਅਤੇ ਨਾ ਹੀ ਖਲਨਾਇਕ। ਸਾਰਾ ਕੁੱਝ ਸਿਸਟਮ ਹੀ ਹੈ। ਇਹ ਨਾਂ ਤਾਂ ਨਾਇਕ ਪ੍ਰਧਾਨ ਹਨ, ਨਾ ਅਨਾਇਕ ਪ੍ਰਧਾਨ ਹੈ ਅਤੇ ਨਾ ਖਲਨਾਇਕ ਪ੍ਰਧਾਨ ਨਾਵਲ ਹਨ। ਇਹ ਸਿਸਟਮ ਪ੍ਰਧਾਨ ਨਾਵਲ ਹਨ। **'ਆਹਣ'** ਨਾਵਲ ਵਿਚ ਕੋਈ ਵਿਅਕਤੀ ਨਾਇਕ ਬਣ ਕੇ ਨਹੀਂ ਉਭਰਦਾ। ਇਹ 1935-36 ਦੇ ਸਮੇਂ ਦਾ ਨਾਵਲ ਹੈ, ਜਿਸ ਵਿਚ ਦੋ ਮਹੀਨੇ ਦੇ ਸਮੇਂ ਵਿਚ ਉਹ ਸਾਰੀ ਪ੍ਰਣਾਲੀ ਉਭਰ ਕੇ ਸਾਡੇ ਸਾਹਮਣੇ ਆਉਂਦੀ ਹੈ ਜਿਹੜੀ ਸਾਮਰਾਜ ਨੇ ਸਾਡੇ ਉੱਪਰ, ਖਾਸ ਕਰਕੇ ਪੰਜਾਬ ਦੇ ਕਿਸਾਨਾਂ ਉੱਤੇ ਲੱਦ ਰੱਖੀ ਸੀ। ਇਹ ਗੱਲ ਮਿੱਤਰ ਸੈਨ ਮੀਤ ਦੇ ਚਾਰੇ ਨਾਵਲਾਂ ਵਿਚ ਮਜੂਦ ਹੈ। ਇਥੇ ਤੁਹਾਨੂੰ ਕਿਸੇ ਪਾਤਰ ਦਾ ਨਾਂ ਚੇਤੇ ਨਹੀਂ ਰਹੇਗਾ। ਇਨ੍ਹਾਂ ਦੇ ਨਾਵਲ ਪੜ੍ਹ ਕੇ ਤੁਹਾਨੂੰ ਘਟਨਾ ਵੀ ਚੇਤੇ ਨਹੀਂ ਰਹਿੰਦੀ। ਪ੍ਰੰਤੂ ਤੁਹਾਨੂੰ ਇਕ ਗੱਲ ਚੇਤੇ ਰਹੇਗੀ ਕਿ ਸਾਡੀ ਜਿਹੜੀ ਸਟੇਟ ਹੈ, ਉਹ ਸਿੱਧੀ ਸਿੱਧੀ ਬੁਰਜ਼ੂਆ ਸਟੇਟ ਹੈ। ਅਤੇ ਬੁਰਜ਼ੂਆ ਸਟੇਟੇ ਦੇ ਜਿਹੜੇ ਵੱਖ ਵੱਖ ਅੰਗ ਹਨ, ਇਹ ਲੋਕਾਂ ਨੂੰ ਲਤਾੜਨ, ਦਬਾਉਣ ਅਤੇ ਲੁੱਟ-ਖਸੁੱਟ ਕਰਨ ਦੇ ਲਈ ਹੀ ਬਣੇ ਹੋਏ ਹਨ। ਇਸ ਦਾ ਜਿਸ ਤਰ੍ਹਾਂ ਦਾ ਆਪਸੀ ਸਬੰਧ ਹੈ, ਇਹ ਸਾਰੇ ਦਾ ਸਾਰਾ ਇਨ੍ਹਾਂ ਨਾਵਲਾਂ 'ਚ ਮੌਜੂਦ ਹੈ। ਅਜਿਹਾ ਹੀ ਇਕ ਹੋਰ ਨਾਵਲ **'ਕੋਠੇ ਖੜਕ ਸਿੰਘ'**, 'ਇਸਦਾ ਵੀ ਕੋਈ ਪਾਤਰ ਤੁਹਾਨੂੰ ਚੇਤੇ ਨਹੀਂ ਰਹੇਗਾ। ਪਰ **'ਕੋਠੇ ਖੜਕ ਸਿੰਘ'** ਐਜ਼ ਕੇ ਕਰੈਕਟਰ, ਐਜ਼ ਏ ਸ਼ੋਸ਼ਲ ਸਿਸਟਮ, ਤੁਹਾਡੇ ਮਨ ਉੱਤੇ ਖੜ ਜਾਵੇਗਾ। 'ਕੋਠੇ ਖੜਕ ਸਿੰਘ' ਤੋਂ ਬਾਅਦ ਰਾਮ ਸਰੂਪ ਅਣਖੀ ਨੇ 20 ਨਾਵਲ ਲਿਖੇ, ਪ੍ਰੰਤੂ ਉਹ ਕੇਵਲ ਸਰੀਰਿਕ ਤੱਤ ਦੇ ਨਾਵਲ ਹਨ ਅਤੇ ਉਨ੍ਹਾਂ ਉੱਤੇ ਸਮਾਂ ਖਰਾਬ ਕਰਨ ਦਾ ਕੋਈ ਲਾਭ ਨਹੀਂ।

ਮੈਂ ਨਾਨਕ ਸਿੰਘ ਨਾਲ ਗੱਲ ਸ਼ੁਰੂ ਕੀਤੀ ਸੀ। ਰਾਹੀ ਸਾਹਿਬ ਵੱਲੋਂ ਨਾਨਕ ਸਿੰਘ ਦੇ ਪੂਰੇ 38 ਨਾਵਲ ਵਿਚੋਂ 6 ਦੁਖਾਂਤ ਚੁਣੇ ਗਏ ਹਨ ਅਤੇ ਅਸਲ ਵਿਚ ਵੀ ਬਾਕੀ 32 ਸੁਖਾਂਤਕਾਰੀ ਨਾਵਲਾਂ ਦੀ ਤੁਲਨਾ ਵਿਚੋਂ ਇਹ 6 ਦੁਖਾਂਤਕਾਰੀ ਨਾਵਲ ਕਲਾਤਮਿਕ, ਸਮਾਜਿਕ ਅਤੇ ਵਧੀਆਂ ਹੋਣ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹਨ। ਉਨ੍ਹਾਂ ਛੇ ਵਿਚੋਂ **'ਪਵਿੱਤਰ ਪਾਪੀ'** ਅਤੇ **'ਨਸੂਰ'** ਇਹ ਦੋ ਨਾਵਲ ਨਾਨਕ ਸਿੰਘ ਦੇ ਮੈਂ ਸੂਚੀ ਵਿਚ ਸਾਮਿਲ ਕੀਤੇ ਹਨ। ਉਸ ਤੋਂ ਬਾਅਦ ਤੀਜਾ ਨਾਵਲ ਜਿਹੜਾ ਸ਼ਾਮਿਲ ਕੀਤਾ ਗਿਆ ਹੈ, **'ਰਾਤ ਬਾਕੀ ਹੈ'** ਜਸਵੰਤ ਸਿੰਘ ਕੰਵਲ ਦਾ। ਇਹ ਇਸ ਲਈ ਕੀਤਾ ਕਿਉਂਕਿ ਇਸ ਨਾਵਲ ਵਿਚ ਜਗੀਰਦਾਰੀ ਜਾਂ ਕਿਸਾਨੀ ਦੀ ਜਿਹੜੀ ਦੁਰਦਸ਼ਾ ਹੈ ਪੰਜਾਬੀ ਨਾਵਲ ਵਿਚ ਪਹਿਲੀ ਵਾਰ ਦਰਸਾਈ ਗਈ ਹੈ। ਉਸ ਤੋਂ ਬਾਅਦ ਮੈਂ ਸੋਹਣ ਸਿੰਘ ਸੀਤਲ ਦਾ ਜ਼ਿਕਰ ਕੀਤਾ ਹੈ। ਸੋਹਣ ਸਿੰਘ ਸੀਤਲ ਵਰਤਮਾਨ ਪੰਜਾਬੀ ਨਾਵਲਕਾਰ ਹੈ। ਉਸਦਾ **'ਜੁੱਗ ਬਦਲ ਗਿਆ'** ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਉਸ ਤੋਂ ਬਾਅਦ ਗੁਰਦਿਆਲ ਸਿੰਘ ਆਉਂਦਾ ਹੈ। ਜਿਸ ਦੇ ਦੋ ਨਾਵਲ ਸ਼ਾਮਿਲ ਕੀਤੇ ਗਏ ਹਨ- **'ਅਣਹੋਏ'** ਤੇ **'ਪਰਸਾ'** ਜਿਸ ਨੂੰ ਰਾਹੀ ਸਾਹਿਬ ਸੁਖਾਂਤ ਕਹਿੰਦੇ ਹਨ। ਇਸ ਦੇ ਨਾਲ ਮੈਂ 150 % ਸਹਿਮਤ ਹਾਂ ਕਿ ਇਹ ਦੁਖਾਂਤ ਨਾਵਲ ਹੈ, ਪਰੰਤੂ ਕਿਓ ਹਨ, ਇਥੇ ਮੇਰੇ ਰਾਹੀ ਸਾਹਿਬ ਨਾਲ ਮੱਤਭੇਦ ਹੋ ਸਕਦੇ ਹਨ। ਬਿਸਨੇ ਨਾਲ ਦੁਖਾਂਤ ਕਿਓਂ ਹੁੰਦਾ ਹੈ ਅਤੇ ਪਰਸੇ ਦੇ ਨਾਲ ਦੁਖਾਂਤ ਕਿਉਂ ਨਹੀਂ ਹੁੰਦਾ, ਇਸ ਵਿਚ ਮੈਂ ਲਿਖਣ ਤੇ



ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਕ **'ਕੋਠੇ ਖੜਕ ਸਿੰਘ'** ਰਾਮ ਸਰੂਪ ਅਣਖੀ ਦਾ ਸ਼ਾਮਿਲ ਕੀਤਾ ਹੈ। ਮੇਰਾ ਮਨ ਕਰਦਾ ਸੀ ਕਿ ਮਿੱਤਰ ਸੈਨ ਮੀਤ ਦੇ ਸਾਰੇ ਨਾਵਲ ਸ਼ਾਮਿਲ ਕਰ ਲਏ ਜਾਣ। ਪਰੰਤੂ ਮੇਰੀ ਫਿਰ ਮਜ਼ਬੂਰੀ ਹੈ ਕਿ ਮੈਂ ਸਾਰੇ ਸ਼ਾਮਿਲ ਨਹੀਂ ਕਰ ਸਕਦਾ। ਇਸ ਵਿਚ ਇਕ ਹੀ ਨਾਵਲ ਜਿਹੜਾ ਸੁਤੰਤਰ ਹੋਣ ਦੇ ਬਾਵਜੂਦ ਇਕ ਦੂਜੇ ਨਾਲ ਸਬੰਧਿਤ ਹੈ ' **ਤਫ਼ਤੀਸ਼, ਕਟਿਹਰਾ, ਸੁਧਾਰ ਘਰ**' ਇਨ੍ਹਾਂ ਤਿੰਨ੍ਹਾਂ ਨਾਵਲਾਂ ਨੂੰ ਇੰਡੀਪੈਂਡਟ ਤਾਂ ਕਹਿ ਸਕਦੇ ਹਾਂ ਪਰੰਤੂ ਇਕ ਦੂਜੇ ਨਾਲ ਜੁੜੇ ਹੋਏ ਹਨ। ਇਕ ਦੂਜੇ ਦੇ ਪ੍ਰਸੰਗ ਵਿਚ ਪੜ੍ਹੀਏ ਤਾਂ ਗੱਲ ਵਧੇਰੇ ਸਮਝ ਵਿਚ ਆਉਂਦੀ ਹੈ। ਇਸ ਲਈ ਮੈਂ ਤਿੰਨਾ ਨਾਵਲਾਂ ਵਿਚੋਂ ਕੋਈ ਨਾਵਲ ਨਹੀਂ ਲਿਆ। **'ਕੌਰਵ ਸਭਾ'** ਲਿਆ ਹੈ। ਇਹ ਇਸ ਲਈ ਹੈ ਕਿ **'ਕੌਰਵ ਸਭਾ'** ਕਲਾਤਮਿਕ ਰੂਪ ਵਿਚ ਅਤੇ ਸੁਤੰਤਰ ਨਾਵਲ ਹੋਣ ਕਾਰਨ ਸਾਮਿਲ ਕੀਤਾ ਹੈ। ਪੋਲਿਟੀਕਲ ਇਕੌਨਮੀ ਦੇ ਸੰਬੰਧ ਵਿਚ ਇਸ ਦੇ ਜਿਹੜੇ ਵਿਚਾਰ ਹਨ, **'ਕੌਰਵ ਸਭਾ'** ਜੋ ਹੈ ਇਹ ਬੁਰਜ਼ੂਆ ਰਾਜ ਦਾ ਇਕ ਕ੍ਰਿਟੀਕ-ਸਵੈ ਆਲੋਚਨਾ ਹੈ ਅਤੇ ਇਕ ਕ੍ਰਿਟੀਕ ਮਹਾਂਭਾਰਤ ਦੀ ਮਿੱਥ ਨਾਲ ਅੱਜ ਦੇ ਸਮੇਂ ਨੂੰ ਲੈ ਕੇ ਆਏ ਹਨ। **'ਕੌਰਵ ਸਭਾ'** ਵਿਚ ਇਕ ਗੱਲ ਨਵੀਂ ਮੈਂ ਸਮਝੀ ਹੈ, ਉਹ ਇਹ ਕਿ ਕੌਰਵ ਸਭਾ ਵਿਚ ਕੌਰਵ ਹੀ ਖਲਨਾਇਕ ਨਹੀਂ ਹਨ। ਹਸਤਨਾਪੁਰ ਦੀ ਸਲਤਨਤ ਨੂੰ ਕਾਇਮ ਰੱਖਣ ਦੇ ਲਈ ਕੇਵਲ ਕੌਰਵਾਂ ਦੇ ਹੀ ਯੋਧੇ ਕੰਮ ਨਹੀਂ ਕਰ ਰਹੇ ਸੀ, ਪਾਂਡਵਾਂ ਦੇ ਯੋਧੇ ਵੀ ਟ੍ਰਾਈਬੱਲਜ਼ (Tribals) ਨੂੰ ਲੁੱਟ ਰਹੇ ਸੀ। ਮੋਹਨ ਅਤੇ ਵੇਦ ਦਾ ਜਿਹੜਾ ਇਸ ਵਿਚ ਝਗੜਾ ਦਿਖਾਇਆ ਗਿਆ ਹੈ, ਉਹ ਇਕ ਪਾਸੇ ਭਰਾ ਹੈ, ਦੂਜੇ ਪਾਸੇ ਇਕ ਬੰਦੇ ਹੈ। ਤੁਸੀਂ ਸੋਚਦੇ ਹੋ ਮੋਹਨ ਹੀ ਲੁੱਟਦਾ ਲੋਕਾਂ ਨੂੰ ਵੇਦ ਵੀ ਘੱਟ ਨਹੀਂ ਹੈ, ਉਹ ਵੀ ਉਸ ਲੁੱਟ ਵਿਚ ਸ਼ਾਮਿਲ ਹੈ। ਇਸ ਤੋਂ ਬਾਅਦ ਜਿਹੜੀ ਰਾਜਨੀਤੀ ਆਉਂਦੀ ਹੈ ਚੀਫ ਮਿਨਿਸਟਰ ਆਉਂਦਾ ਹੈ, ਬਘੇਲ ਸਿੰਘ ਐਮ. ਐਲ. ਏ. ਆਉਂਦਾ ਹੈ ਅਤੇ ਜਿਹੜੇ ਵੀ ਆਦਮੀ ਆਉਂਦੇ ਹਨ, ਇਹ ਸਾਰੇ ਦੇ ਸਾਰੇ ਲੁਟੇਰੇ ਹਨ। ਚਾਹੇ ਛੋਟਾ ਹੈ ਜਾਂ ਵੱਡਾ ਹੈ, ਲੁੱਟਣ ਦੀ ਕੋਸ਼ਿਸ਼ ਕਰਦੇ ਹਨ।

ਸੁਰਿੰਦਰ ਸਿੰਘ ਨਰੂਲਾ ਦਾ **'ਰੰਗ ਮਹਿਲ'**, ਬਲਦੇਵ ਸਿੰਘ ਦਾ **'ਸਤਲੁਜ ਵਹਿੰਦਾ ਰਿਹਾ'** ਅਤੇ ਦਲੀਪ ਕੌਰ ਟਿਵਾਣਾ ਦਾ **'ਏਹੋ ਹਮਾਰਾ ਜੀਵਣਾ'** ਵੀ ਇਸ ਵਿਚ ਸ਼ਾਮਿਲ ਹਨ।

ਇਕ ਨਾਵਲ ਮੈਂ ਕੇਵਲ ਕਲੋਟੀ ਦਾ **'ਘਾਟੀ ਪੁਤਲੀਘਰਾਂ ਦੀ'** ਲਿਆ ਹੈ। ਜਿਸ ਦੇ ਸੰਬੰਧ ਵਿਚ ਮੈਂ ਰਾਹੀ ਸਾਹਿਬ ਨੂੰ ਗੱਲ ਕਰਨ ਦੀ ਬੇਨਤੀ ਕੀਤੀ ਸੀ ਪਰ ਉਨ੍ਹਾਂ ਨੇ ਨਹੀਂ ਕੀਤੀ।

**ਜੋਗਿੰਦਰ ਸਿੰਘ ਰਾਹੀ**-ਮੈਨੂੰ ਕਲੋਟੀ ਦੇ ਸੰਬੰਧ ਵਿਚ ਇਕ ਹੀ ਇਤਰਾਜ਼ ਹੈ, ਉਹ ਹੈ ਕਿ ਕਲੋਟੀ ਦੀ ਭਾਸ਼ਾ ਉੱਤੇ। ਜਿਸ ਤਰ੍ਹਾਂ ਨਾਵਲ ਜਾਂ ਸਾਰਟ ਸਟੋਰੀ ਜਿਸ ਟੀਸੀ ਤੇ ਪਹੁੰਚੀ ਹੈ, ਜਿਸ ਤਰ੍ਹਾਂ ਚਰਮ ਸੀਮਾ ਉੱਤੇ ਪਹੁੰਚੀ ਹੈ, ਜਿਸ ਤਰ੍ਹਾਂ ਦੀ ਇਸ ਨੂੰ ਕਲਾਤਮਿਕਤਾ ਮਿਲੀ ਹੈ, ਕਲੋਟੀ ਦੇ ਕੋਲ ਉਹ ਜ਼ੁਬਾਨ ਨਹੀਂ ਹੈ। ਦੂਜੀ ਗੱਲ ਕਲੋਟੀ ਇਸ ਲਾਲਚ ਨਾਲ ਨਹੀਂ ਬਚ ਸਕਦਾ ਹੈ ਕਿ ਉਹ ਜਿਹੜਾ ਵੀ ਵਾਕ ਲਿਖਦਾ ਹੈ, ਉਸ ਵਿਚ ਉਹ ਆਪਣੀ ਦਲੀਲ ਜ਼ਰੂਰ ਕਾਇਮ ਕਰਦਾ ਹੈ। ਇਹ ਗੱਲ ਆਧੁਨਿਕ ਨਾਵਲ ਚਾਹੇ ਉਹ ਕਿਸੇ ਕਿਸਮ ਦਾ ਹੋਵੇ, ਵਟ ਐਵਰ ਦ ਆਥਰ ਵਾਂਟਸ ਟੂ ਸੇ, ਛੁਡ ਇਰਮਜ਼ ਇਦਰ ਫਾਰਮ ਹਿਜ਼ ਹਿਰਾਰਿਕਲ ਕਰੇਕਟਰਸ ਆਰ ਫਾਰਮ ਹਿਜ਼ ਸਟ੍ਰਕਚਰ। ਤਾਂ ਮੈਨੂੰ ਕਲੋਟੀ ਉੱਤੇ ਪਰ ਜਿਹੜਾ ਇਤਰਾਜ਼ ਹੈ ਉਸਦੀ ਕਲਾ ਦੇ ਸਬੰਧ ਵਿਚ, ਉਸਦਾ ਜਿਹੜਾ ਮੁੱਖ ਕਾਰਨ ਹੈ, ਉਹ ਉਸ ਦੀ ਭਾਸ਼ਾ ਹੈ। ਬਾਕੀ ਸਭ ਠੀਕ ਹੈ, ਕਥਾ ਵਸਤੂ ਚੰਗੀ ਹੈ।

ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਰੀਡਰ ਸਲੈਕਟ ਹੋਇਆ ਸੀ। ਤਾਂ ਸੰਤ ਸਿੰਘ ਸੇਖੋਂ ਐਕਸਪਰਟ ਸੀ। ਮੇਰੀ ਉਸ ਨਾਲ ਬਹਿਸ ਹੋ ਗਈ। ਸੰਤ ਸਿੰਘ ਸੇਖੋਂ ਦਾ ਵਿਊ ਪਵਾਇੰਟ ਮੇਰੇ ਬਿਲਕੁੱਲ ਖਿਲਾਫ਼ ਸੀ, ਬਹਿਸ ਹੁੰਦੀ ਰਹੀ। ਕਿਸੇ ਵੀ ਜਮਾਤ ਉੱਤੇ ਕਿਸ ਨੂੰ ਅਸੀਂ 'ਕ੍ਰੌਲੀਧਾਰੀ' ਵੀ ਕਹਿੰਦੇ ਹਾਂ। ਕ੍ਰੌਲੀਧਾਰੀ ਵਿਚ ਤੁਹਾਨੂੰ ਵੱਡੇ ਤੋਂ ਵੱਡੇ ਬਦਮਾਸ਼ ਮਿਲਣਗੇ। ਜਿਸ ਜਮਾਤ ਬਾਰੇ ਤੁਸੀਂ ਕਹਿੰਦੇ ਹੋ ਜਿਹੜੀ ਬਦਮਾਸ਼ਾ ਦੀ ਜਮਾਤ ਹੈ, ਉਸ ਵਿਚ ਚੰਗਾ ਤੋਂ ਚੰਗਾ ਇਨਸਾਨ ਵੀ ਮਿਲੇਗਾ। ਜਦੋਂ ਇਹ ਸੰਭਾਵਨਾ ਪੈਦਾ ਹੁੰਦੀ ਹੈ, ਉਸ












ਸਮੇਂ ਹੀ ਨਾਵਲ ਦਾ ਮਟੀਰਿਅਲ ਤਿਆਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜੇਕਰ ਸੰਭਾਵਨਾ ਪੈਦਾ ਨਾ ਹੋਣ ਤਾਂ ਫਿਰ ਕੈਟੇਗਰੀ ਹੀ ਤੁਹਾਡੇ ਕੋਲ ਦੋ ਰਹਿ ਜਾਣਗੀਆਂ। ਤੀਜੀ ਕੈਟੇਗਰੀ ਤਾਂ ਤੁਹਾਡੇ ਕੋਲ ਹੈ ਹੀ ਨਹੀਂ। ਦੋ ਕੈਟੇਗਰੀ ਨਾਲ ਨਾਵਲ ਨਹੀਂ ਬਣਦਾ। ਕਈ ਤਰ੍ਹਾਂ ਦੀਆਂ ਕੈਟੇਗਰੀਆਂ ਹੁੰਦੀਆਂ ਹਨ।

**ਵਿਨੋਦ ਸ਼ਾਹੀ**-ਹੁਣ ਅਸੀਂ ਇਹ ਦੇਖਣਾ ਹੈ ਕਿ ਸਾਡੇ ਮੁਤਾਬਿਕ ਪੰਜਾਬੀ ਨਾਵਲ ਨੂੰ ਰੀਪ੍ਰੈਜ਼ੈਂਟ ਕਰਨ ਵਾਲੇ ਕਿਹੜੇ ਕਿਹੜੇ ਨਾਵਲ ਹਨ ਅਤੇ ਕਿਸ ਸਦੰਰਭ ਵਿਚ ਅਸੀਂ ਪੰਜਾਬੀ ਨਾਵਲ ਦੀ ਗੱਲ ਕਰੀਏ।

**ਮਿੱਤਰ ਸੈਨ ਮੀਤ**-12 ਨਾਵਲ ਤਾਂ ਅਸੀਂ 90 ਤੱਕ ਦੇ ਹੀ ਲੈ ਰਹੇ ਹਾਂ। ਹੁਣ 90 ਤੋਂ ਥੋੜਾ ਹੋਰ ਅੱਗੇ ਤੁਰੀਏ। ਅੱਤਵਾਦ ਲਓ ਜਾਂ ਪੰਜਾਬ ਸਮੱਸਿਆ ਲੈ ਲਓ। ਉਸ ਤੋਂ ਬਾਅਦ ਨਾਵਲ ਬਹੁਤ ਵਿਕਾਸ ਕਰਦਾ ਹੈ। ਕਿਉਂਕਿ ਲਿਸਟ ਵਿਚ ਤਾਂ 90 ਤੋਂ ਬਾਅਦ ਦੇ ਕੇਵਲ ਦੋ ਨਾਵਲ ਹੀ ਹਨ, ਜਿਹੜੇ ਤੁਸੀਂ ਸ਼ਾਮਿਲ ਕੀਤੇ ਹਨ। ਨਾਨਕ ਸਿੰਘ, ਨਰੂਲਾ, ਜਸਵੰਤ ਸਿੰਘ ਕੰਵਲ ਤੋਂ ਅੱਗੇ ਹੁਣ ਅਸੀਂ ਪੰਜਾਬ ਦੀ ਮੌਜੂਦਾ ਸਥਿਤੀ ਦੇ ਸੰਦਰਭ ਵਿਚ ਵਿਚਾਰ ਕਰਨਾ ਹੈ। ਹੁਣ ਤੱਕ ਦੋ-ਢਾਈ ਘੰਟਿਆ ਦੀ ਜਿਹੜੀ ਗੱਲ ਬਾਤ ਹੋਈ ਹੈ, ਉਹ 1960 ਤੱਕ ਦੀ ਗੱਲ ਹੋਈ ਹੈ। ਮੈਂ 90 ਤੋਂ ਬਾਅਦ ਦੀਆਂ ਪੰਜਾਬ ਦੀਆਂ ਜਿਹੜੀਆਂ ਸਮੱਸਿਆਵਾਂ ਹਨ, ਜਿਸ ਦੇ ਨਾਲ ਅਸੀਂ ਲੜ ਰਹੇ ਹਾਂ ਬਹੁਤ ਬਰੀਕੀ ਨਾਲ ਵਿਚਾਰ ਕਰਨ ਯੋਗ ਹਨ। ਉਸ ਤਰ੍ਹਾਂ ਦਾ ਕੋਈ ਨਾਵਲ ਤੁਸੀਂ ਇਸ ਸੂਚੀ ਵਿਚ ਸ਼ਾਮਿਲ ਨਹੀਂ ਕੀਤਾ। ਇਹ ਗੱਲ ਨਹੀਂ ਕਿ ਪੰਜਾਬ ਦੇ ਨਾਵਲਕਾਰਾਂ ਨੇ ਪੰਜਾਬ ਦੇ ਸੰਤਾਪ ਦਾ ਵਿਸ਼ਲੇਸ਼ਣ ਨਹੀਂ ਕੀਤਾ। ਪਹਿਲਾਂ ਸਾਡੇ ਨਾਵਲਕਾਰ ਡਰਦੇ ਰਹੇ। ਅੱਤਵਾਦ ਦਾ ਵਿਸ਼ਲੇਸ਼ਣ ਨਹੀਂ ਕੀਤਾ। ਹੁਣ ਤਾਂ ਉਸ ਸਮੱਸਿਆ ਤੋਂ ਬਾਹਰ ਹੈ। ਜਿਵੇਂ ਮੈਂ ਆਪਣੇ ਨਾਵਲ **'ਸੁਧਾਰ ਘਰ'** ਵਿਚ ਅੱਤਵਾਦੀਆਂ ਦੀ ਪੂਰੀ ਦੀ ਪੂਰੀ ਬੈਰਕ ਲੈ ਕੇ ਵਿਸ਼ਲੇਸ਼ਣ ਕੀਤਾ ਹੈ।

ਦੂਜਾ ਸਰੋਕਾਰ ਜਿਹੜਾ ਪੰਜਾਬ ਵਿਚ ਦਲਿਤ ਦੀ ਸਮੱਸਿਆ ਦੇ ਸੰਬੰਧ ਵਿਚ ਕੋਈ ਗੱਲ ਡਿਟੇਲ ਵਿਚ ਆਈ ਹੈ ਤੁਹਾਡੇ ਵੱਲੋਂ ਚੁਣੇ ਗਏ ਨਾਵਲਾਂ ਵਿਚ, ਅਜਿਹੀ ਕੋਈ ਗੱਲ ਮੈਨੂੰ ਨਜ਼ਰ ਨਹੀਂ ਆਈ। ਪੰਜਾਬ ਦਾ ਨਾਵਲਕਾਰ ਦਲਿਤ ਦੀ ਸਮੱਸਿਆ ਨੂੰ ਕਿਸੇ ਹੋਰ ਐਂਗਲ ਤੋਂ ਇੰਟਰਪ੍ਰੇਟ ਕਰ ਰਿਹਾ ਹੈ। ਉਹ ਰਿਜ਼ਰਵੇਸ਼ਨ ਤੋਂ ਹੋਣ ਵਾਲੇ ਵਰਗੀਕਰਨ ਉੱਤੇ ਵਿਅੰਗ ਕਰ ਰਿਹਾ ਹੈ। ਜਿਹੜੇ ਦਲਿਤ ਹਨ ਉਸਨੇ ਹੁਣ ਹਾਸ਼ੀਏ ਤੋਂ ਸੈਂਟਰ ਵਿਚ ਆ ਕੇ ਡੌਮਇਨੰਟ ਕਰਨਾ ਸ਼ੁਰੂ ਕਰ ਦਿੱਤਾ ਹੈ, ਉਸਦੀ ਗੱਲ ਪੰਜਾਬ ਦਾ ਨਾਵਲਕਾਰ ਕਰ ਰਿਹਾ ਹੈ। ਅਤੇ ਜਿਹੜੇ ਦਲਿਤਾਂ ਵਿਚ ਵਰਗੀਕਰਨ ਹੋ ਰਿਹਾ ਹੈ , ਜਿਹੜੇ ਦਲਿਤ ਥੋੜੇ ਸਮੇਂ ਪਹਿਲਾਂ ਰਿਜ਼ਰਵੇਸ਼ਨ ਦਾ ਲਾਭ ਲੈ ਕੇ ਓਪਰਲੀ ਜਮਾਤ ਵਿਚ ਚਲੇ ਗਏ ਹਨ, ਪੰਜਾਬੀ ਨਾਵਲਕਾਰ ਉਸ ਵੱਲ ਵੀ ਇਸ਼ਾਰਾ ਕਰ ਰਿਹਾ ਹੈ।

**ਜੋਗਿੰਦਰ ਸਿੰਘ ਰਾਹੀ**-ਇਸ ਤੋਂ ਇਲਾਵਾ ਇਕ ਹੋਰ ਵੀ ਗੱਲ ਹੈ। ਦਲਿਤ ਜੋ ਹਨ ਉਹ ਦਲਿਤ ਨਾ ਰਹਿ ਕੇ ਰਾਜੀ ਹੀ ਨਹੀਂ ਹਨ।

**ਮਿੱਤਰ ਸੈਨ ਮੀਤ**-ਹਾਂ ਮੈਂ ਉਹੀ ਕਹਿ ਰਿਹਾ ਹਾਂ। ਦਲਿਤਾਂ ਵਿਚ ਜਿਹੜਾ ਬਦਲਾਵ ਆਇਆ ਹੈ, ਪੰਜਾਬੀ ਨਾਵਲਕਾਰ ਉਸ ਨੂੰ ਫੜ ਰਿਹਾ ਹੈ। ਪੰਜਾਬੀ ਨਾਵਲ ਉਸ ਨੂੰ ਬਹੁਤ ਹੀ ਸਟ੍ਰੌਂਗਲੀ ਅਤੇ ਬੋਲਡ



ਫੜ ਰਿਹਾ ਹੈ। ਪੰਜਾਬੀ ਨਾਵਲਕਾਰ ਦਲਿਤ ਵਰਗ ਤੋਂ ਡਰ ਨਹੀਂ ਰਿਹਾ ਹੈ।

**ਟੀ. ਆਰ ਵਿਨੋਦ**-ਧਾਰਮਿਕ ਆਤੰਕਵਾਦ ਦੀ ਗੱਲ ਵੀ ਕਰੀਏ। ਇਹ ਕੇਵਲ ਆਤੰਕਵਾਦ ਨਹੀਂ ਹੈ, ਇਹ ਸਿੱਖ ਸਮਾਜ ਦੇ ਧਰਮ ਦੀ ਸਮੱਸਿਆ ਵੀ ਹੈ।

**ਮਿੱਤਰ ਸੈਨ ਮੀਤ**-ਮੈਂ ਦੱਸਦਾ ਹਾਂ ਕਿ ਕਿਹੜੇ ਕਿਹੜੇ ਨਾਵਲਾ ਵਿਚ ਉਸ ਨੂੰ ਚੁੱਕਿਆ ਗਿਆ ਹੈ। ਅਜੇ ਮੈਂ ਦੋ ਪਾੱਇੰਟ (Point) ਉੱਤੇ ਗੱਲ ਕੀਤੀ ਹੈ, ਪੰਜਾਬ ਦਾ ਸੰਤਾਪ ਅਤੇ ਦਲਿਤਾਂ ਦੀ। ਸਾਡੇ ਪੰਜਾਬ ਦਾ ਦਲਿਤ ਸਮਾਜ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਸਾਡੇ ਏਥੇ ਦਲਿਤਾਂ ਦੀ ਉਹ ਸਮੱਸਿਆ ਨਹੀਂ ਹੈ, ਜਿਹੜੀ ਹੋਰ ਰਾਜਾਂ ਜਿਵੇਂ ਯੂ ਪੀ ਵਿਚ ਹੈ। ਮੈਂ ਕਹਿ ਰਿਹਾ ਹਾਂ ਉਹ ਹਾਸ਼ੀਏ ਤੋਂ ਨਿਕਲ ਕੇ ਸੈਂਟਰ ਵਿਚ ਆ ਕੇ ਡੌਮਇਨੰਟ (dominant) ਕਰਨ ਲੱਗਾ ਹੈ। ਤੁਸੀਂ ਪੜ੍ਹੋ ਜਿਹੜਾ ਨਵਾਂ ਨਾਵਲ ਹੈ, ਅਵਤਾਰ ਸਿੰਘ ਬਿਲਿੰਗ ਦਾ **'ਪੱਤ ਕੁਮਲਾ ਗਏ'**। ਉਸ ਵਿਚ ਦਲਿਤ ਵਰਗ ਦਾ ਇਕ ਚਪੜਾਸੀ ਹੈ, ਜਦੋਂ ਉਹ ਸਰਕਾਰੀ ਨੌਕਰੀ ਵਿਚ ਚਲਾ ਗਿਆ, ਉਥੇ ਜਾ ਕੇ ਉਸ ਨੇ ਦੋ ਪੈਸੇ ਕਮਾ ਲਏ। ਰਿਜ਼ਵੇਸ਼ਨ ਦਾ ਲਾਭ ਲੈ ਕੇ ਉਹ ਆਪਣੇ ਤਿੰਨੇ ਬੇਟਿਆਂ ਨੂੰ ਪੜ੍ਹਾਉਣ ਵਿਚ ਕਾਮਯਾਬ ਹੁੰਦਾ ਹੈ। ਇਕ ਬੈਂਕ ਮੈਨੇਜ਼ਰ ਬਣ ਗਿਆ, ਬਾਕੀ ਦੋਵੇਂ ਵੀ ਹਾਈ ਪੋਸਟ ਉੱਤੇ ਚਲੇ ਗਏ। ਉਹ ਜਿਹੜਾ ਦਲਿਤ ਹੈ ਪਹਿਲਾਂ ਦੀ ਤਰ੍ਹਾਂ ਨਹੀਂ ਹੈ ਕਿ ਪਿੱਛੇ ਹੋ ਕੇ ਬੈਠ ਜਾਵੇ। ਉਹ ਹਰ ਥਾਂ ਸੈਂਟਰ ਵਿਚ ਬੈਠ ਰਿਹਾ ਹੈ, ਕਿਉਂਕਿ ਉਹ ਪੈਸਾ ਦੇ ਰਿਹਾ ਹੈ। ਜਦੋਂ ਕਦੇ ਜੱਟ ਜਿਹੜਾ ਇਕ ਹੋਰ ਪਾਤਰ ਹੈ, ਉਸ ਨੂੰ ਜਦੋਂ ਪੈਸੇ ਦੀ ਜ਼ਰੂਰਤ ਪੈਂਦੀ ਹੈ, ਤਾਂ ਉਸ ਦੀ ਸਹਾਇਤਾ ਕਰਦਾ ਹੈ। ਦਸ ਹਜ਼ਾਰ, ਪੰਜ ਹਜ਼ਾਰ ਹਮੇਸ਼ਾ ਉਹ ਆਪਣੇ ਕੋਲ ਰੱਖਦਾ ਹੈ। ਹੁਣ ਉਹ ਜਿਹੜਾ ਦਲਿਤ ਹੈ ਉਹ ਡੌਮਇਨੰਟ (dominant) ਕਰ ਰਿਹਾ ਹੈ ਅਤੇ ਜੋ ਛੋਟਾ ਕਿਸਾਨ ਹੈ ਉਹ ਹਰ ਥਾਂ ਉਸਦੇ ਚਾਰੇ ਪਾਸੇ ਘੁੰਮ ਰਿਹਾ ਹੈ। ਦੂਜੇ ਪਾਸੇ ਕਿਸਾਨ ਦੀ ਹਾਲਤ ਟੁੱਟ ਕੇ ਦਲਿਤ ਤੋਂ ਭੈੜੀ ਹੋ ਗਈ ਹੈ। ਹਾਸ਼ੀਏ ਤੋਂ ਟੁੱਟ ਕੇ ਦਲਿਤ ਸੈਂਟਰ ਵਿਚ ਆ ਰਿਹਾ ਹੈ। ਸੈਂਟਰ ਵਾਲੇ ਲੋਕ ਹਾਸ਼ੀਏ ਉੱਤੇ ਜਾ ਰਹੇ ਹਨ। ਇਸ ਨੂੰ ਸਾਡੇ ਨਾਵਲਕਾਰ ਫੜ ਰਹੇ ਹਨ।

ਚਾਰ ਮਹੀਨੇ ਪਹਿਲਾਂ ਇਕ ਹੋਰ ਨਾਵਲ ਆਇਆ ਹੈ, ਇਸ ਵਿਚ ਉਹੀ ਪੰਜਾਬ ਦੇ ਸੰਤਾਪ ਦੀ ਗੱਲ ਹੈ। 'ਊਚ-ਨੀਚ' ਨਾਵਲ ਕਰਮਜੀਤ ਸਿੰਘ ਔਜ਼ਲਾ ਦਾ ਹੈ। ਉਸ ਵਿਚ ਬਕਾਇਦਾ ਲਿਖਿਆ ਹੈ ਕਿ ਕਿਸ ਤਰ੍ਹਾਂ ਕਲਾਸੀਫਕੇਸ਼ਨ ਹੋ ਗਈ, ਕਿਸ ਤਰ੍ਹਾਂ ਨਾਲ ਲੋਕ ਆਪਣੇ ਹੀ ਤਬਕੇ ਨੂੰ ਨਫ਼ਰਤ ਕਰਨ ਲੱਗੇ, ਕਿਸ ਤਰ੍ਹਾਂ ਆਪਣੇ ਹੀ ਬਾਪ ਨੂੰ ਕੁਰਬਾਨ ਕਰਦੇ ਹਨ। **'ਪੱਤ ਕੁਮਲਾ ਗਏ'** ਵਿਚ ਵੀ ਲੜਕਾ ਮਿਲ ਕੇ ਆਪਣੇ ਪਿਤਾ ਨੂੰ ਇਗਨੋਰ ਕਰਦਾ ਹੈ , ਉਸਨੂੰ ਪਸੰਦ ਨਹੀਂ ਕਰਦਾ ਹੈ। ਉਥੇ ਉਸਦੇ ਨਾਲ ਰਹਿਣਾ ਪਸੰਦ ਨਹੀਂ ਕਰਦਾ। ਆਪਣੇ ਘਰ ਵਿਚ ਰੱਖਣਾ ਪਸੰਦ ਨਹੀਂ ਕਰਦਾ ਹੈ ਕਿ ਇਹ ਦਲਿਤ ਹੈ ਅਤੇ ਸਾਡੇ ਲਈ ਸ਼ਰਮਿੰਦਗੀ ਨਾ ਪੈਦਾ ਹੋਵੇ। ਦਲਿਤਾਂ ਵਿਚ ਰਿਜ਼ਰਵੇਸ਼ਨ ਦੇ ਨਾਲ ਜਿਹੜਾ ਬਦਲਾਵ ਆਇਆ ਹੈ। ਸਾਡੇ ਨਾਵਲਕਾਰ ਉਸ ਨੂੰ ਫੜ ਰਹੇ ਹਨ। **'ਊਚ ਨੀਚ'** ਵਿਚ ਕਰਮਜੀਤ ਸਿੰਘ ਨੇ ਇਸ ਵਿਸ਼ੇ ਨੂੰ ਫੜਿਆ ਹੈ ਕਿ ਜਿਹੜਾ ਰਾਹੀ ਸਾਹਿਬ ਨੇ ਕਿਹਾ ਹੈ।

ਫਿਰ ਆ ਗਈ ਗੱਲ ਪੰਜਾਬ ਦੀ ਸਮੱਸਿਆ ਦੀ। ਸੰਤਾਪ ਜੋ ਧਰਮ ਨਾਲ ਵੀ ਜੁੜਿਆ ਹੋਇਆ ਹੈ। ਇਸ ਵਿਚ ਹੋਰ ਵੀ ਬਹੁਤ ਸਾਰੀਆਂ ਡਾਇਮੈਂਨਸ਼ਜ਼ ਹਨ। ਪਰੰਤੂ ਪੰਜਾਬੀ ਦਾ ਨਾਵਲਕਾਰ ਸਿੱਖ ਧਰਮ ਦੇ ਏਂਗਲ ਤੋਂ ਲੈ ਕੇ ਇਸ ਅੱਤਵਾਦ ਨੂੰ ਕੰਡੈਮ ਹੀ ਕਰ ਰਿਹਾ ਹੈ। ਸਿੱਖੀ ਦੇ ਜਿਹੜੇ ਬੇਸਕ ਸਿਧਾਂਤ ਹਨ, ਉਸ ਨੂੰ ਲੈ ਕੇ ਇਹ ਕਹਿ ਰਹੇ ਹਨ ਕਿ ਇਹ ਗੱਲ ਜਿਹੜੀ ਹੈ ਅੱਤਵਾਦ ਦੀ ਜਾਂ ਕੁੱਟਮਾਰ ਦੀ ਇਹ ਗ਼ਲਤ ਹੈ।

**ਟੀ ਆਰ ਵਿਨੋਦ**-ਜਸਵੰਤ ਸਿੰਘ ਕੰਵਲ ਨੇ ਇਹੀ ਗੱਲ ਕਹੀ ਹੈ।

**ਮਿੱਤਰ ਸੈਨ ਮੀਤ**-ਕੰਵਲ ਦੇ ਇਲਾਵਾ ਮੈਂ ਕਰਮਜੀਤ ਸਿੰਘ ਦੀ ਗੱਲ ਕਰ ਰਿਹਾ ਹਾਂ। ਜਿਸ ਨੂੰ ਅਸੀਂ ਕਈ ਲੋਕ ਕੰਡੈਮ ਕਰਦੇ ਹਾਂ ਕਿ ਉਹ ਸਿੱਖੀ ਦੇ ਸਿਧਾਂਤ ਦੇ ਵਿਰੁੱਧ ਹੈ। ਉਸ ਨੇ ਸਿੱਖੀ ਦੇ ਜੋ ਸਭ ਤੋਂ ਵਧੀਆ ਸਿਧਾਂਤ ਹਨ, ਉਸ ਨੂੰ ਲੈ ਕੇ ਅੱਤਵਾਦ ਦੀ ਨਿੰਦਾ ਕੀਤਾ ਹੈ। ਇਕ ਅੱਤਵਾਦੀ ਉਸ ਦਾ ਪਾਤਰ

ਹੈ ਇਕ ਨਾਵਲ ਵਿਚ। ਛੇਵਾ ਜਾਂ 'ਸੱਤਵਾਂ ਦਰਿਆ', ਨਾਂ ਦਾ ਇਹ ਨਾਵਲ ਹੈ। ਉਹ ਪਾਤਰ ਅੱਤਵਾਦੀ ਬਣ ਜਾਂਦਾ ਹੈ। ਘਰ ਬਦਲਾ ਲੈਣ ਲਈ ਆਉਂਦਾ ਹੈ। ਅੱਤਵਾਦੀ ਪਰਿਵਾਰ ਨੂੰ ਮਾਰ ਦਿੰਦਾ ਹੈ। ਉਥੇ ਉਸ ਪਾਤਰ ਵਿਚ ਧਰਮ ਜਾਗਦਾ ਹੈ ਕਿ ਸਿੱਖ ਧਰਮ ਕੀ ਕਹਿੰਦਾ ਹੈ ਕਿ ਇਨ੍ਹਾਂ ਮਸੂਮਾਂ ਨੂੰ ਮਾਰੋ? ਉਹ ਪਿੱਛੇ ਹਟ ਜਾਂਦਾ ਹੈ। ਦੂਜੀ ਗੱਲ ਇਹ ਕਿ ਜੋ ਪਾਲਿਟਿਕਲ ਦ੍ਰਿਸ਼ ਹੈ, ਕਿੰਨਾ ਬਦਲ ਰਿਹਾ ਹੈ, ਮਾਫੀਆ ਜਿਹੜਾ ਹੈ ਪਾਲਿਟਿਕਸ 'ਚ ਚੱਲਿਆ ਆ ਰਿਹਾ ਹੈ। ਇਹ ਵੀ ਇਕ ਵਿਚਾਰਨਯੋਗ ਮੁੱਦਾ ਹੈ।

**ਵਿਨੋਦ ਸ਼ਾਹੀ**-ਇਸਦੇ ਨਾਲ ਜੁੜੀ ਹੋਈ ਜਿਹੜੀ ਮੁੱਖ ਗੱਲ ਹੈ, ਇਸ ਦੇ ਬਾਰੇ ਵਿਚ ਅਸੀਂ ਸਾਰੇ ਗੱਲ ਵੀ ਕਰੀਏ ਕਿ ਪੰਜਾਬੀ ਨਾਵਲ ਦੁਆਰਾ ਭਾਰਤੀ ਲੋਕਤੰਤਰ ਦਾ ਕਿਹੜਾ ਰੂਪ ਹੈ ਜਿਹੜਾ ਸਾਡੇ ਸਾਹਮਣੇ ਨਿਖਰ ਕੇ ਆ ਰਿਹਾ ਹੈ। ਇਕ ਪਾਸੇ ਬਸਤੀਵਾਦ ਨਾਲ ਲੜਦੇ ਹੋਇਆ ਇਸ ਖਾਸ ਤਰ੍ਹਾਂ ਦਾ ਪਰਜਾਤੰਤਰ ਸਾਡੇ ਦੇਸ਼ ਵਿਚ ਆ ਗਿਆ ਹੈ ਜਿਹੜਾ ਕਿ ਆਰੋਪਿਤ ਕਿਸਮ ਦਾ ਹੈ। ਆਜ਼ਾਦੀ ਤੋਂ ਬਾਅਦ ਜਿਹੜਾ ਪਰਜ਼ਾਤੰਤਰ ਅਸੀਂ ਵੇਖ ਰਹੇ ਹਾਂ, ਲੋਕਤੰਤਰ ਕਿਸ ਤਰ੍ਹਾਂ ਟੁੱਟ ਰਿਹਾ ਹੈ। ਕਿਸ ਤਰ੍ਹਾਂ ਆਪਣੇ ਆਪ ਨੂੰ ਬਚਾ ਰਿਹਾ ਹੈ। ਪੰਜਾਬੀ ਨਾਵਲ ਇਸ ਨੂੰ ਕਿਸ ਤਰ੍ਹਾਂ ਫੜ ਰਿਹਾ ਹੈ। ਪੰਜਾਬ ਵਿਚ ਇਸ ਦਾ ਕਿਸ ਤਰ੍ਹਾਂ ਦਾ ਚਿਹਰਾ ਹੈ। ਕੀ ਇਸਦੇ ਉਪਰ ਜਗੀਰਦਾਰੀ ਦਾ ਕਬਜ਼ਾ ਅਜੇ ਵੀ ਹੈ, ਜਾਂ ਪਾਲਿਟਿਕਲ ਇਕੋਨਮੀ ਦੀ ਗੱਲ ਜਿਸ ਤਰ੍ਹਾਂ ਟੀ ਆਰ ਵਿਨੋਦ ਨੇ ਕੀਤੀ ਸੀ ਕਿ ਉਹ ਅੱਜ ਵੀ ਜਗੀਰਦਾਰੀ ਦੇ ਵਸ ਵਿਚ ਹੈ ਜਾਂ ਨਵਾਂ ਵਰਗ ਜਾਂ ਨਵੀਂ ਜਮਾਤ ਦੇ ਉਭਰਨ 'ਚ ਉਸਨੇ ਕੋਈ ਰੋਕ ਲਗਾਈ ਹੈ। ਇਥੋਂ ਦੀ ਡਿਮੋਕਰੇਟਿਕ ਵਿਵਸਥਾ ਦਾ ਰੂਪ ਕਿਸ ਤਰ੍ਹਾਂ ਬਦਲਦਾ ਹੈ, ਇਥੋਂ ਦੀ ਜੂਡਿਸ਼ਈਅਰਈ (judiciary) ਕਿਸ ਤਰ੍ਹਾਂ ਬਦਲਦੀ ਹੈ। ਇਥੋਂ ਦਾ ਪੁਲਿਸ ਸਿਸਟਮ ਕਿਸ ਤਰ੍ਹਾਂ ਬਦਲਦਾ ਹੈ, ਸਕੂਲ ਕਾਲਜ ਕਿਸ ਤਰ੍ਹਾਂ ਬਦਲਦੇ ਹਨ। ਪਰਿਵਾਰ ਕਿਸ ਤਰ੍ਹਾਂ ਬਦਲਦਾ ਹੈ ਅਤੇ ਇਸਤਰੀ ਦਾ ਰੂਪ ਕਿਸ ਤਰ੍ਹਾਂ ਬਦਲਦਾ ਹੈ। ਇਸ ਵਿਚ ਡਿਮੋਕਰੇਟਾਈਜ਼ੇਸ਼ਨ (democratization) ਕਿਸ ਤਰ੍ਹਾਂ ਆਇਆ ਹੈ ਜਾਂ ਨਹੀਂ ਆਇਆ। ਕੀ ਪੰਜਾਬੀ ਨਾਵਲ ਇਸ ਸਾਰੇ ਵਰਤਾਰੇ ਨੂੰ ਫੜ ਰਿਹਾ ਹੈ? ਜੇਕਰ ਫੜ ਰਿਹਾ ਹੈ ਤਾਂ ਇਸ ਦੇ ਲਈ ਰੈਪ੍ਰਿਜ਼ੈਨੇਟੇਟਿਵ (representative) ਨਾਵਲ ਕਿਹੜੇ ਹਨ?

**ਟੀ ਆਰ ਵਿਨੋਦ**–ਮੈਂ ਪ੍ਰੈਕਟੀਕਲ ਗੱਲ ਕਰ ਰਿਹਾ ਹਾਂ। ਕੁੱਝ ਸਮੇਂ ਪਹਿਲੇ ਹਰਚਰਨ ਸਿੰਘ ਬਰਾੜ ਦਾ ਦੇਹਾਂਤ ਹੋ ਗਿਆ। ਹਰਚਰਨ ਸਿੰਘ ਬਰਾੜ ਇਥੋਂ ਦਾ ਸਾਬਕਾ ਮੁੱਖ ਮੰਤਰੀ ਸੀ। ਜਿਸ ਦਿਨ ਉਸ ਦਾ ਭੋਗ ਸੀ ਉਥੇ ਸੈਕੜੇ ਹਜ਼ਾਰਾਂ ਪੁਲਿਸ ਦੇ ਲੋਕ , ਉਸ ਨੂੰ ਸ਼ਰਧਾਜਲੀ ਦੇਣ ਦੇ ਲਈ ਆਉਣ ਵਾਲੇ ਆਮ ਲੋਕਾਂ ਨੂੰ ਰੋਕਣ ਦੇ ਲਈ ਖੜੇ ਸਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਸ ਨਾਲ ਸ਼ਾਇਦ ਲੱਖਾਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੋਵੇ, ਪ੍ਰੰਤੂ ਅਜਿਹਾ ਨਹੀਂ ਹੋਇਆ। ਦੂਜੀ ਗੱਲ ਹੁਣੇ ਹੁਣੇ ਜਿਹੜੇ ਰਾਜਨੀਤਿਕ ਲੋਕ ਇਲੈਕਸ਼ਨ ਜਿੱਤੇ ਹਨ, ਉਹ ਡੇਢ ਡੇਢ ਲੱਖ ਵੋਟਾਂ ਦੇ ਫ਼ਰਕ ਨਾਲ ਜਿੱਤੇ ਹਨ। ਵੋਟਰ ਕੌਣ ਹਨ? ਆਮ ਲੋਕ ਹੀ ਹਨ। ਤਾਂ ਮੋਹਭੰਗ ਜੇਕਰ ਹੁੰਦਾ ਤਾਂ ਕੀ ਉਹ ਐਨੇ ਫਰਕ ਨਾਲ ਜਿੱਤਦੇ? ਪ੍ਰੰਤੂ ਨਾਵਲ ਇਸ ਗੱਲ ਨੂੰ ਫੜ ਨਹੀਂ ਰਿਹਾ।

**ਸੁਰਿੰਦਰ ਕੁਮਾਰ ਦਵੇਸ਼ਵਰ**-ਦੇਖੋਂ, ਇਸ ਗੱਲ ਨੂੰ ਅਸੀਂ ਪ੍ਰਤੀਨਿੱਧਤਾ ਕਰਨ ਵਾਲੇ ਜਾਂ ਸੱਚ ਨਹੀਂ ਮੰਨ ਸਕਦੇ ਕਿ ਲੋਕਾਂ ਦਾ ਨੇਤਾਵਾਂ ਪ੍ਰਤੀ ਬਹੁਤ ਜਿਆਦਾ ਪਿਆਰ ਹੈ ਜਾਂ ਮੋਹ ਹੈ। ਇਹ ਗੱਲ ਨਹੀਂ ਹੈ। ਕਿਸੇ ਦੀ ਵੋਟਾਂ ਉੱਤੇ ਲੱਖ ਜਾਂ ਦੋ ਲੱਖ ਤੋਂ ਜਿੱਤ ਜਾਣਾ ਜਾਂ ਫਿਰ ਮਰੇ ਹੋਏ ਨੂੰ ਸ਼ਰਧਾਜਲੀ ਦੇਣ ਦੇ ਲਈ ਲੋਕ ਗਏ ਹਨ, ਇਹ ਗੱਲਾਂ ਅਸਲ ਵਿਚ ਅਜਿਹੀਆਂ ਨਹੀਂ ਹਨ। ਜਿਹੜੀਆਂ ਦਿਸਦੀਆਂ ਹਨ। ਲੋਕਾਂ ਦਾ ਕੀ ਹੈ ਕਿ ਜਿਹੜੇ ਲੋਕ ਬੇਰੋਜ਼ਗਾਰ ਹਨ, ਜਿਸ ਦੇ ਕੋਲ ਖਾਣ ਲਈ ਕੁਝ ਹੈ ਨਹੀਂ, ਤਾਂ ਉਹ ਇਹ ਕਹਿੰਦੇ ਹਨ ਕਿ ਸਾਡਾ ਸ਼ਾਮ ਦਾ ਖਾਣ ਪੀਣ ਦਾ ਪ੍ਰਬੰਦ ਕਰੋ, ਸਾਨੂੰ ਜਿੱਥੇ ਮਰਜ਼ੀ ਲੈ ਚਲੋ। ਮੈਂ ਪਿਛਲੇ ਹਫ਼ਤੇ ਦੀ ਗੱਲ ਕਰ ਰਿਹਾ ਹਾਂ, ਕਿ ਕਿਸਾਨਾ ਨੇ ਚੰਡੀਗੜ ਵਿਚ ਜਲੂਸ ਕੱਢਿਆ। ਉਥੇ ਜਾ ਕੇ ਉਨ੍ਹਾਂ ਨੇ ਕੀ ਕੀਤਾ? ਉਨ੍ਹਾਂ ਨੂੰ ਟਰੱਕਾਂ ਵਿਚ ਲੱਦ ਕੇ ਲਿਆਂਦਾ ਗਿਆ। ਉਹ ਇਸ ਲਈ ਨਹੀਂ ਗਏ ਕਿ ਉਨ੍ਹਾਂ ਨੇ ਕੋਈ ਮੂਵਮੈਂਟ



ਖੜੀ ਕਰਨੀ ਸੀ ਜਾਂ ਇਸ ਲਈ ਨਹੀਂ ਗਏ ਸੀ ਕਿ ਬਿਜਲੀ ਦਾ ਰੇਟ ਘੱਟ ਹੋਣਾ ਚਾਹੀਦਾ ਸੀ ਜਾਂ ਕੋਈ ਹੋਰ ਮੰਗ ਨੂੰ ਲੈ ਕੇ। ਉਹ ਤਾਂ ਇਸ ਲਈ ਗਏ ਸੀ ਕਿ ਸ਼ਾਮ ਨੂੰ ਸਾਨੂੰ ਉਥੋਂ ਸਸਤੀ ਸ਼ਰਾਬ ਮਿਲੇਗੀ, ਉਹ ਪਿਲਾਉਣਗੇ ਵੀ ਅਤੇ ਰੋਟੀ ਪਾਣੀ ਦਾ ਜੁਗਾੜ ਵੀ ਕਰਨਗੇ। ਇਸ ਸਮੇਂ ਜਿਸ ਤਰ੍ਹਾਂ ਦਾ ਸਿਸਟਮ ਬਣ ਗਿਆ ਹੈ, ਲੇਟ ਕੈਪਟੀਲਿਜ਼ਮ ਦੀ ਜਿਹੜੀ ਸਭ ਤੋਂ ਵੱਡੀ ਸ਼ਾਜ਼ਿਸ ਹੈ ਉਹ ਇਹੀ ਹੈ ਕਿ ਸਾਰਾ ਕੁੱਝ ਮੰਡੀ ਦੇ ਕਲਚਰ ਵਿਚ ਬਦਲ ਗਿਆ ਹੈ। ਆਦਮੀ ਦਾ ਮੁੱਲ ਪੈਸਾ ਹੈ। ਜਦੋਂ ਆਪਣੇ ਪੈਸੇ ਨਾਲ ਹਰ ਚੀਜ਼ ਕਰ ਲਈ ਤਾਂ ਪੈਸੇ ਦੇ ਲਈ ਆਦਮੀ ਦੀ ਜਿਸ ਤਰ੍ਹਾਂ ਮਰਜ਼ੀ ਵਰਤੋ ਕਰ ਲਓ। ਆਦਮੀ ਦੇ ਸਰੀਰ ਦੀ ਜਿਸ ਤਰ੍ਹਾਂ ਮਰਜ਼ੀ ਵਰਤੋਂ ਕਰ ਲਓ। ਇਥੇ ਜਿਹੜਾ ਸੰਕਟ ਇਸ ਸਮੇਂ ਹੈ, ਸਾਡੇ ਨਾਵਲਕਾਰਾਂ ਦੀ ਜਿਹੜੀ ਪ੍ਰਾਬਲਿਮ ਹੈ ਸਾਡਾ ਨਾਵਲਕਾਰ ਲੋਅਰ ਕਲਾਸ ਦਾ ਹੈ, ਉਸ ਵਿਚ ਅਜਿਹੀਆਂ ਚੀਜ਼ਾਂ ਪੈਦਾ ਹੋ ਗਈਆਂ ਹਨ। ਵਾਸਤਵ ਵਿਚ ਜਿਹੜਾ ਅਸਲੀ ਦਲਿਤ ਹੈ ਜਾਂ ਜਿਹੜੀ ਅਸਲੀ ਜਾਤ , ਉਹ ਤਾਂ ਸਾਡੇ ਨਾਵਲ ਵਿਚ ਪੇਸ਼ ਹੀ ਨਹੀਂ ਹੋ ਰਹੀ ਹੈ। ਇਸ ਸਮੇਂ ਕੀ ਹੋ ਰਿਹਾ ਹੈ, ਜਿਹੜੇ ਦਲਿਤ ਰਾਇਟਰ ਲਿਖ ਰਹੇ ਹਨ, ਉਹ ਕੇਵਲ ਕੀ ਕਰ ਰਹੇ ਹਨ ਕਿ ਜੇਕਰ ਦਲਿਤ ਦਾ ਲੜਕਾ ਹੈ, ਉਹ ਪੰਡਿਤ ਦੀ ਲੜਕੀ ਨੂੰ ਭਜਾ ਕੇ ਲੈ ਜਾਏਗਾ। ਜੇਕਰ ਪੰਡਿਤ ਲਿਖ ਰਿਹਾ ਹੈ ਜਾਂ ਜੱਟ ਲਿਖ ਰਿਹਾ ਹੈ ਤਾਂ ਉਹ ਜੱਟ ਦੀ ਲੜਕੀ ਹੋਵੇਗੀ ਅਤੇ ਉਹ ਦਲਿਤ ਦੀ ਲੜਕੀ ਨੂੰ ਭਜਾ ਕੇ ਲੈ ਜਾਵੇਗਾ। ਬਸ ਇਸ ਤਰ੍ਹਾਂ।

ਮਤਲਬ ਇਹ ਜਿਹੜੀ ਟੇਂਡੈਸੀ ਹੈ, ਇਹ ਟੇਂਡੈਸੀ ਖਤਰਨਾਕ ਹੈ। ਸਾਡੇ ਲਈ ਮਸਲਾ ਇਹ ਹੈ ਕਿ ਸਥਿਤੀ ਨੂੰ ਯਥਾਰਥਵਾਦੀ ਢੰਗ ਦੇ ਨਾਲ ਪੇਸ਼ ਕਰਨਾ ਹੈ। ਜਿਸ ਨੂੰ ਸਾਡੇ ਨਾਵਲਕਾਰ ਨਹੀਂ ਫੜ ਰਹੇ। ਹੁਣ ਮੰਨ ਲਓ ਕਿ ਨਾਰੀ ਦੀ ਚੇਤਨਾ ਦੀ ਸਮੱਸਿਆ ਹੈ, ਉਸ ਵਿਚ ਔਰਤ ਦੀ ਪ੍ਰੋਬਲਮ ਆਦਮੀ ਲੇਖਕ ਜਦੋਂ ਔਰਤ ਨੂੰ ਪੇਸ਼ ਕਰ ਰਿਹਾ ਹੈ ਤਾਂ ਉਹ ਆਪਣੀ ਦ੍ਰਿਸ਼ਟੀ ਨਾਲ ਪੇਸ਼ ਕਰ ਰਿਹਾ ਹੈ। ਔਰਤ ਜਿਹੜੀ ਹੈ ਉਹ ਆਪਣੀ ਦ੍ਰਿਸ਼ਟੀ ਤੋਂ ਪੇਸ਼ ਕਰ ਰਹੀ ਹੈ। ਅੱਧਾ ਸੱਚ ਇਕ ਦੇ ਕੋਲ ਹੈ ਅੱਧਾ ਸੱਚ ਦੂਜੇ ਦੇ ਪਾਸ ਹੈ। ਇਹ ਪ੍ਰਾਬਲਮ ਹੈ। ਜਾਂ ਸਾਇਦ ਸਾਡਾ ਨਾਵਲਕਾਰ ਇਸ ਰੂਪ ਤੋਂ ਸੁਚੇਤ ਨਹੀਂ ਹੈ। ਉਸ ਦੇ ਕੋਲ ਇਸ ਤਰ੍ਹਾਂ ਦਾ ਗਿਆਨ ਨਹੀਂ ਹੈ ਤਾਂ ਅਸੀਂ ਕਲਾ ਦਾ ਦੋਸ਼ ਕੱਢ ਦਿੰਦੇ ਹਾਂ। ਪਰ ਦੋਸ਼ ਤਾਂ ਸਾਡੀ ਸੋਚ ਦਾ ਹੈ। ਜਦੋਂ ਇਕ ਚੀਜ਼ ਨੂੰ ਪ੍ਰਿਸਿਪਇਟੇਸ਼ੱਨ (precipition) ਹੀ ਜੇਕਰ ਠੀਕ ਨਹੀਂ ਤਾਂ ਉਸਦੀ ਰੈਪ੍ਰਿਜ਼ੈਂਨਟੇਸ਼ਨ (representation) ਵੀ ਉਸੇ ਤਰ੍ਹਾਂ ਦੀ ਹੋਵੇਗੀ। ਇਸ ਲਈ ਸਾਨੂੰ ਜ਼ਰੂਰਤ ਹੈ ਕਿ ਇਹ ਜਿਹੜੀ ਜਾਤੀ-ਜਮਾਤੀ ਵਿਵਸਥਾ ਹੈ, ਇਸ ਸਮੇਂ ਸਾਡੀ ਸਟੇਟ ਉੱਤੇ ਜਿਹੜੀ ਕਾਬਜ਼ ਜਮਾਤ ਹੈ, ਇਸ ਸਮੇਂ ਜਿਹੜੀ ਗਲੋਬਲ ਸਥਿਤੀ ਬਣੀ ਹੋਈ ਹੈ। ਜਿਹੜੀ ਉਪਭੋਗਤਾ ਸੰਸਕ੍ਰਿਤੀ ਵਿਚ ਹੁੰਦੀ ਹੈ, ਜਿਸ ਵਿਚ ਪੈਸਾ ਪਦਵੀ ਉੱਤੇ ਹਾਵੀ ਹੁੰਦਾ ਹੈ। ਪਦਾਰਥ ਪ੍ਰਧਾਨ ਹੋ ਗਿਆ, ਇਸ ਦੇ ਸੰਬੰਧ ਵਿਚ ਸਾਨੂੰ ਸੋਚਣ ਦੀ ਲੋੜ ਹੈ। ਮੈਂ ਬਹੁਤ ਵਾਰ ਇਹ ਗੱਲ ਕਰਦਾ ਹਾਂ ਕਿ ਸਾਡੇ ਲੇਖਕਾਂ ਦੇ ਵਿਸ਼ੇ ਰਪੀਟ ਹੋ ਰਹੇ ਹਨ? ਹੁਣ ਜਿਵੇਂ ਤੁਸੀਂ ਕਹਿ ਰਹੇ ਹੋ ਕਿ ਰਾਮ ਸਰੂਪ ਅਣਖੀ ਦਾ **'ਕੋਠੇ ਖੜਕ ਸਿੰਘ'** ਤੋਂ ਬਾਅਦ ਕੋਈ ਨਾਵਲ ਨਹੀਂ ਆਇਆ। ਵਿਸ਼ੇ ਕਿਓ ਵਾਰ ਵਾਰ ਰਪੀਟ ਹੋ ਰਹੇ ਸਨ। ਕਿਉਂਕਿ ਉਸ ਦੇ ਕੋਲ ਸੀਮਤ ਅਨੁਭਵ ਹੈ। ਅਧਿਐਨ ਉਨ੍ਹਾਂ ਨੇ ਨਹੀਂ ਕੀਤਾ ਹੈ, ਨਵੀਂ ਸਥਿਤੀ ਵਿਚ ਉਹ ਨਹੀਂ ਗਿਆ। ਨੇਚੁਰਲੀ ਉਹ ਰਪੀਟ ਹੀ ਕਰੇਗਾ, ਪਾਤਰਾਂ ਨੂੰ ਬਦਲ ਦੇਵੇਗਾ, ਘਟਨਾਵਾਂ ਨੂੰ ਬਦਲ ਦੇਵੇਗਾ। ਪ੍ਰੰਤੂ ਸਾਰਾ ਕੁੱਝ ਉਹੀ ਰਹੇਗਾ, ਜਿਹੜਾ ਪਹਿਲਾ ਸੀ। ਸਾਰੀ ਦੀ ਸਾਰੀ ਸਥਿਤੀ ਨੂੰ ਸਮਝਣ ਦੀ ਲੋੜ ਹੈ। ਫਿਰ ਹੀ ਸਾਡਾ ਨਾਵਲਕਾਰ ਤਰੱਕੀ ਕਰੇਗਾ।

ਇਸ ਵਿਚ ਮੈਂ ਇਕ ਗੱਲ ਹੋਰ ਸ਼ਾਮਿਲ ਕਰਨੀ ਹੈ ਕਿ ਜਿਹੜੀ ਪੰਜਾਬ ਪ੍ਰੋਬਲਮ ਦੇ ਸੰਬੰਧ ਵਿਚ ਨਾਵਲ ਹਨ। ਕਿਉਂਕਿ ਸਾਡਾ ਵਧੇਰੇ ਨਾਵਲ ਉਸ ਸਮੇਂ ਲਿਖਿਆ ਗਿਆ ਜਦੋਂ ਅਸੀਂ ਅੱਤਵਾਦ ਵਿਚ ਫਸੇ ਹੋਏ ਸੀ। ਉਸ ਸਮੇਂ ਦੇ ਨਾਵਲ ਦਾ ਸੁਭਾਅ ਵਧੇਰੇ ਕਰਕੇ ਅਖ਼ਬਾਰ ਵਰਗਾ ਹੈ। ਜਿਸ ਤਰ੍ਹਾਂ ਅਖ਼ਬਾਰਾਂ ਵਿਚ ਖ਼ਬਰਾਂ ਹੁੰਦੀਆਂ ਹਨ। ਉਸ ਤਰ੍ਹਾਂ ਦੇ ਨਾਵਲਾਂ ਨੇ ਬਹੁਤ ਵਿਸਥਾਰ ਗ੍ਰਹਿਣ ਕੀਤਾ। ਪੰਜ-ਛੇ-ਸੱਤ ਸੋ ਪੰਨੇ ਦਾ ਇਕ ਨਾਵਲ ਬਣ ਗਿਆ। ਇਸ ਤਰ੍ਹਾਂ ਰਚਨਾ ਸ਼ੀਲਤਾ ਵਿਚ ਸਥਿਰਤਾ ਆ ਗਈ। ਜਦ ਕਿ

ਜ਼ਰੂਰਤ ਸੀ ਕਿ ਨਾਵਲਕਾਰ ਉਨ੍ਹਾਂ ਸਥਿਤੀਆਂ ਦੀ ਸਟੱਡੀ ਕਰੇ ਕਿ ਉਹ ਉਸ ਦੇ ਕੀ ਕਾਰਨ ਸਨ, ਜਿਸ ਨਾਲ ਇਹ ਸਾਰਾ ਕੁੱਝ ਹੋਇਆ, ਫਿਰ ਉਸ ਨੂੰ ਫਿਕਸ਼ਨ ਦੇ ਪੱਧਰ ਤੇ ਪੜੇ। ਕਿਉਂਕਿ ਉਹ ਫੈਕਚੂਅਲ Factual ਨਹੀਂ ਹੈ, ਨਾਵਲ ਤਾਂ ਕਲਾ ਹੈ। ਉਸ ਨੂੰ ਕਲਾ ਹੀ ਬਣਾਉਣਾ ਚਾਹੀਦਾ ਹੈ ਅਤੇ ਉਸਨੂੰ ਫਿਕਸ਼ਨਲ ਇਮੇਜ਼ਿਜ ’ਚ ਉਸ ਯਥਾਰਥ ਨੂੰ ਫੜ ਕੇ ਅਤੇ ਉਸ ਨੂੰ ਸਮਝਦੇ ਹੋਇਆ ਘੜਨਾ ਹੈ।

**ਮਿੱਤਰ ਸੈਨ ਮੀਤ**-ਤੁਸੀਂ **‘ਕੋਠੇ ਖੜਕ ਸਿੰਘ’** ਦੀ ਗੱਲ ਕਰ ਲਈ, **‘ਆਹਣ’** ਦੀ ਗੱਲ ਕਰ ਲਈ, ਹੋਰ ਨਾਵਲਾਂ ਦੀ ਗੱਲ ਕਰ ਲਈ। ਇਸ ਦੇ ਹਵਾਲੇ ਨਾਲ ਡਾ ਸਾਹਿਬ ਨੇ ਦੱਸਿਆ ਕਿ ਸਿਸਟਮ ਪ੍ਰਧਾਨ ਨਾਵਲ ਜਿਹੜੇ ਹਨ ਉਹ ਚਲ ਰਹੇ ਹਨ ਹੁਣ। ਦੂਜੇ ਪਾਸੇ ਇਹ ਗੱਲ ਆ ਗਈ ਕਿ ਬਲਦੇਵ ਸਿੰਘ ਦੇ ਨਾਇਕ ਪ੍ਰਧਾਨ ਨਾਵਲ ਹਨ। ਉਸ ਦੀ ਕੀ ਜ਼ਰੂਰਤ ਹੈ? ਇਸ ਵਿਚ ਵਿਰੋਧ ਆ ਗਿਆ ਕਿ ਇਕ ਪਾਸੇ ਤਾਂ ਅਸੀਂ ਕਹਿ ਰਹੇ ਹਾਂ ਕਿ ਸਿਸਟਮ ਜਿਹੜਾ ਹੈ ਉਹ ਪ੍ਰੀਵੇਲ ਕਰਦਾ ਹੈ। ਰਾਹੀ ਸਾਹਿਬ ਨੇ ਵੀ ਇਹੀ ਗੱਲ ਕਹੀ ਹੈ ਜਿਵੇਂ ਮੇਰੇ ਨਾਵਲ ’ਚ ਕਿਸੇ ਕੇਸ ’ਚ ਮੈਂ ਬਹੁਤ ਹਿਊਮੱਨਿਸਟਕ (humanists) ਹੁੰਦਾ ਹਾਂ, ਉਸੇ ਤਰ੍ਹਾਂ ਦੂਜੇ ਕੇਸ ਵਿਚ ਮੈਂ ਬੜਾ ਸਖਤ ਹੋ ਜਾਂਦਾ ਹਾਂ। ਕਿਉਂਕਿ ਮੈਨੂੰ ਪਤਾ ਹੈ ਕਿ ਇਕ ਸਮੱਗਲਰ ਹੈ ਦੂਜਾ ਡਰਾਇਵਰ ਵਰਗ ਦਾ ਹੈ। ਇਹ ਸਥਿਤੀ ਜਲਦੀ ਹੀ ਬਦਲ ਜਾਂਦੀ ਹੈ। ਹੁਣ ਤੁਸੀਂ ਮੈਨੂੰ ਇਹ ਸਮਝਾਓ ਕਿ ਕੀ ਇਕ ਨਾਇਕ ਹੀ ਸਾਡੇ ਸਮਾਜ ਨੂੰ ਸੁਧਾਰ ਦੇਵੇਗਾ ਜਾਂ ਇਹ ਜੋ ਕਲੈਕਿਟਵ ਫੋਰਸ ਹੈ, ਜੋ ਮਾਬ ਦੇ ਵਾਂਗ ਆ ਕੇ ਸਾਡੇ ਸਿਸਟਮ ਨੂੰ ਬਦਲੇਗੀ?

**ਸੁਰਿੰਦਰ ਕੁਮਾਰ ਦਵੇਸ਼ਵਰ**-ਮੈਂ ਇਸ ਨੂੰ ਸਪੱਸ਼ਟ ਕਰਦਾ ਹਾਂ। ਹੁਣ ਵਿਸ਼ੇ ਦੀ ਗੱਲ ਕਰਦੇ ਹੋਇਆ, ਜਿਵੇਂ ਕਿ ਹੀਰ ਰਾਂਝੇ ਦੀ ਪਿਆਰ ਦੀ ਗੱਲ ਹੋਈ ਹੈ, ਤਾਂ ਉਸ ਵਿਚ ਪਿਆਰ ਤਾਂ ਇਕ ਵਿਧੀ ਹੈ। ਪਿਆਰ ਨੂੰ ਇਕ ਥੀਮ ਦੇ ਰੂਪ ਵਿਚ ਕੇਂਦਰ ਵਿਚ ਲਿਆ ਕੇ, ਸਮੁੱਚੇ ਸਮਾਜ ਦੀ ਬੇਸਿਕ ਕੰਟਾਂਡਿਕਸ਼ਨ ਹੈ ਉਸ ਨੂੰ ਪੇਸ਼ ਕੀਤਾ ਗਿਆ ਹੈ। ਹੁਣ ਜਿਹੜੇ ਨਾਇਕ ਸਾਡੇ ਕੋਲ ਦੁਬਾਰਾ ਆ ਰਹੇ ਹਨ, ਉਹ ਇਸ ਲਈ ਆ ਰਹੇ ਹਨ ਕਿ ਵਸਤੂ ਸਥਿਤੀ ਦੀ ਭਿਆਨਿਕਤਾ ਅਤੇ ਤ੍ਰਾਸ਼ਦੀ ਪਸਰੀ ਹੋਈ ਹੈ। ਹੁਣ ਸਾਡੇ ਕੋਲ ਅਤੀਤ ਜਾਂ ਇਤਿਹਾਸ ਦੇ ਜਿਹੜੇ ਨਾਇਕ ਸਾਡੇ ਕੋਲ ਹਨ, ਨਾਵਲਕਾਰ ਦੱਸ ਰਿਹਾ ਹੈ ਕਿ ਦੇਖੋਂ ਉਨ੍ਹਾਂ ਨੇ ਸੰਘਰਸ਼ ਕੀਤਾ ਹੈ। ਠੀਕ ਹੈ ਕਿ ਮੂਵਮੈਂਟ ਜਿਹੜੀ ਹੈ ਕਿ ਸਾਡੇ ਸਮੂਹ ਨੇ ਕਰਨੀ ਹੁੰਦੀ ਹੈ, ਪ੍ਰੰਤੂ ਲੀਡ ਤਾਂ ਕਿਸੇ ਨਾ ਕਿਸੇ ਇਕ ਨੇ ਕਰਨੀ ਹੀ ਹੈ। ਇਸ ਸਮੇਂ ਜਿਹੜੀ ਸਥਿਤੀ ਬਣੀ ਹੋਈ ਹੈ, ਉਸ ਨੂੰ ਤੋੜਨ ਦੇ ਲਈ ਸਾਡੇ ਨਾਇਕ ਰੀਮਰਜ਼ ਹੋ ਰਿਹਾ ਹੈ। ਇਕ ਕਹਿੰਦਾ ਹੈ ਕਿ ਸਮਾਜਵਾਦੀ ਨਾਇਕ ਸਮਾਜ ਬਦਲ ਦੇਵੇਗਾ ਜਾਂ ਇਹ ਆ ਗਿਆ ਕਿ ਸ਼ਾਇਦ ਨਾਨਕ ਸਿੰਘ ਵਾਲਾ ਨਾਇਕ ਬਦਲ ਦੇਵੇਗਾ, ਜਾਂ ਆ ਗਿਆ ਭਾਈ ਵੀਰ ਸਿੰਘ ਨਾਇਕ ਬਦਲ ਦੇਵੇਗਾ। ਗੁਰਦਿਆਲ ਸਿੰਘ ਨੇ **‘ਪਰਸਾ’** ਵਿਚ ਜੋ ਕੀਤਾ ਹੈ, ਉਹ ਇਹੀ ਕਰ ਰਿਹਾ ਹੈ ਕਿ ਉਹ ਇਹ ਕਹਿੰਦਾ ਹੈ ਕਿ ਭਾਈ, ਤਿੰਨੋਂ ਹੀ ਨਹੀਂ ਬਦਲ ਸਕਦੇ। ਸਾਡੇ ਜਾਤੀ ਜਮਾਤੀ ਵਿਵਸਥਾ ਜਿਹੜੀ ਹੈ, ਜਿਹੜੀ ਪ੍ਰੋਡਕਸ਼ਨ ਦੀ ਗੱਲ ਹੈ ਕਾਰਲ ਮਾਰਕਸ ਨੇ ਕੀਤੀ ਹੈ ਉਹ ਹੁਣ ਤੱਕ ਜਾਰੀ ਹੈ। ਹੁਣ **‘ਪਰਸਾ’** ਕੀ ਕਰ ਰਿਹਾ ਹੈ ਕਿ ਸਾਡੇ ਸਮੰਤਵਾਦੀ ਜਿਹੜੀ ਸੰਸਕਾਰ ਹੈ, ਜਿਹੜੇ ਪਛੜੇ ਹੋਏ ਸੰਸਕਾਰ ਹਨ, ਉਸਨੂੰ ਵੀ ਰਿਜੈਕਟ ਕਰ ਰਿਹਾ ਹੈ, ਉਹ ਪੂੰਜੀਵਾਦ ਨੂੰ ਵੀ ਰਿਜੈਕਟ ਕਰ ਰਿਹਾ ਹੈ। ਹੁਣ ਉਹ ਕਿਹੜੀ ਵਿਧੀ ਪ੍ਰਯੋਗ ਵਿਚ ਲਿਆ ਰਿਹਾ ਹੈ ਕਿ ਨਾ ਤਾਂ ਉਹ ਸਮਾਜਵਾਦੀ ਹਨ ਅਤੇ ਨਾ ਹੀ ਉਹ ਪਰੰਪਰਾਵਾਦੀ ਹੈ। ਉਸ ਨੇ ਜਿਹੜੀ ਸਾਡੇ ਲਿਬਰਲ ਟ੍ਰੇਡੀਸ਼ਨ ਹੈ, ਜਿਵੇਂ ਰਾਹੀ ਸਾਹਿਬ ਨੇ ਹਿਊਮਨਿਜ਼ਮ ਦੀ ਗੱਲ ਕੀਤੀ ਹੈ, ਜਿਹੜੀ ਸਿੱਖੀ ਸਾਡੇ ਕੋਲ ਹੈ ਜਿਸਦੀ ਸਾਡੇ ਕੋਲ ਲਿਬਰਲ ਟ੍ਰੇਡੀਸ਼ਨ ਹੈ, ਉਸ ਵਿਚ ਕੁੱਝ ਗੱਲਾਂ ਹਨ ਜਿਸਨੂੰ ਤੁਸੀਂ ਨਾਲ ਜੋੜ ਲਈਆ। ਜਾਂ ਫਿਰ ਜੋ ਸਾਡੇ ਕੋਲ ਮਾਰਕਵਾਦੀ, ਸਮਾਜਵਾਦੀ ਵਿਚਾਰਧਾਰਾ ਸਾਡੇ ਕੋਲ ਪਈਆਂ ਹਨ, ਉਸ ਨੂੰ ਲੈ ਲਿਆ। ਇਸ ਲਈ **‘ਪਰਸਾ’** ਵਿਚ ਉਹ ਕਹਿੰਦਾ ਹੈ ਕਿ ਕਿਉਂਕਿ ਮੈਨੂੰ ਆਪਣਾ ਲੜਕਾ ਬਸੰਤ ਚੰਗਾ ਲਗਦਾ ਹੈ ਕਿਉਂਕਿ ਉਸਦੇ ਜਿਹੜੇ ਸੰਘਰਸ਼ ਹਨ ਉਹ ਨੈਕਸਲਾਇਟਜ਼ ਦੇ ਨਾਲ ਹੈ।



ਅਸਲ ਵਿਚ 1990 ਤੋਂ ਬਾਅਦ ਦਾ ਨਾਵਲ ਖਾਸ ਕਰਕੇ ਨਾਇਕ ਪ੍ਰਧਾਨ ਰਚਿਆ ਜਾ ਰਿਹਾ ਹੈ। ਇਹ ਅਸਲ ਵਿਚ ਨਾਇਕ ਸਿਰਜਣ ਦੀ ਐਕਸ਼ਪੈਰੀਮੈਂਟੇਸ਼ਨ ਹੋ ਰਹੀ ਹੈ। ਉਸਦਾ ਕਾਰਨ ਇਹ ਹੈ ਕਿ **‘ਪਰਸਾ’** ’ਚ, ਜਿਹੜੀ ਸਾਡੀ ਲਿਬਰਲ ਹਿਊਮਨਿਸਟ ਟ੍ਰੈਡੀਸ਼ਨ ਹੈ, ਸਮਾਜਵਾਦੀ ਟ੍ਰੈਡੀਸ਼ਨ ਨੂੰ ਤੋੜ ਕੇ ਨਾਇਕ ਬਣਾਉਣ ਦੀ ਕੋਸ਼ਿਸ਼ ਨਾਵਲਕਾਰ ਕਰ ਰਹੇ ਹਨ। ਇਸ ਤਰ੍ਹਾਂ ਕਈ ਵਾਰ ਇਕ ਹੀ ਲੇਖਕ ਜੋ ਹੈ, ਉਹ ਵੱਖ ਵੱਖ ਤਰੀਕੇ ਨਾਲ ਪ੍ਰਯੋਗ ਕਰ ਰਿਹਾ ਹੈ। ਇਕ ਪਾਸੇ **‘ਪੰਜਵਾਂ ਸਾਹਿਬਜਾਦਾ’** ’ਚ ਨਾਵਲਕਾਰ ਨਿਮਨ ਜਾਤੀਆਂ ’ਚੋਂ ਨਾਇਕ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ, ਦੂਜੇ ਪਾਸੇ ਉਹ ਇਤਿਹਾਸ ਵਿਚ ਭਗਤ ਸਿੰਘ ਨੂੰ ਨਾਇਕ ਬਣਾ ਕੇ ਬਿਲਕੁੱਲ ਸਮਾਜਵਾਦੀ ਵਿਚਾਰਧਾਰਾ ਦੇ ਨਾਲ ਨਾਵਲ ਲਿਖ ਰਿਹਾ ਹੈ। ਮੈਨੂੰ ਲਗਦਾ ਹੈ ਕਿ ਇਕ ਹੀ ਲੇਖਕ ਤਿੰਨ ਸਰੋਤਾ ਦਾ ਪ੍ਰਯੋਗ ਕਰ ਰਿਹਾ ਹੈ ਤਾਂ ਉਹ ਕਿਸ ਨਾਇਕ ਨੂੰ ਸਥਾਪਤ ਕਰਨਾ ਚਾਹੁੰਦਾ ਹੈ? ਇਹਦਾ ਭਾਵ ਇਹ ਹੈ ਕਿ ਉਹ ਖੁਦ ਐਕਸਪੈਰੀਮੈਂਟੇਸ਼ਨ ਦੀ ਸਥਿਤੀ ਵਿਚ ਹੈ। ਉਹ ਅਜੇ ਤੱਕ ਖੁਦ ਸਪੱਸ਼ਟ ਨਹੀਂ ਹੈ ਕਿ ਨਾਇਕ ਦੇ ਸੰਬੰਧ ਵਿਚ।

**ਦਰਸ਼ਨ ਸਿੰਘ ਗਿੱਲ**-ਗੁਰਦਿਆਲ ਸਿੰਘ ਸਾਡਾ ਬਹੁਤ ਵੱਡਾ ਲੇਖਕ ਹੈ, ਜਦੋਂ ਵੀ ਉਹ ਕਿਤੇ ਵੀ ਆਪਣੇ ਗੱਲ ਸ਼ੁਰੂ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਸ਼ੁਰੂ ਵਿਚ ਹੀ ਉਹ ਇਹ ਗੱਲ ਕਹਿੰਦਾ ਹੈ ਕਿ ਮੈਂ ਮਾਰਕਸਵਾਦੀ ਨਹੀਂ ਹਾਂ। ਇਸ ਲਈ ਉਸ ਦਾ ਮਾਰਕਸਵਾਦ ਜਾਂ ਸਮਾਜਵਾਦ ਕਿਥੋਂ ਆ ਸਕਦਾ ਹੈ? ਉਹ ‘ਪਰਸਾ’ ਵਰਗੇ ਪਾਤਰ ਦੀ ਰਚਨਾ ਹੀ ਕਰੇਗਾ। ਦੂਜੀ ਸੱਚਾਈ ਇਹ ਹੈ ਕਿ ਮਾਨਵਵਾਦ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਬੁਰਜੂਆ ਮਾਨਵਵਾਦ ਅਤੇ ਦੂਜਾ ਥੱਲੇ ਦੇ ਤਬਕੇ ਦਾ ਮਾਨਵਵਾਦ। ਜਸਵੰਤ ਸਿੰਘ ਕੰਵਲ ਦਾ ਜਿਹੜਾ ਨਾਵਲ ‘ਮਨੁੱਖਤਾ’ ਹੈ, ਜਿਸ ਵਿਚ 60 ਕਿਲੇ ਜ਼ਮੀਨ ਵਾਲਾ ਨਾਇਕ ਹੈ, ਜਿਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਿਹੜਾ ਥਾਣੇਦਾਰ ਹੈ ਉਥੋਂ ਦਾ. ਉਹ ਉਸ ਨੂੰ ਸਾਰਾ ਕੁੱਝ ਦਿੰਦਾ ਹੈ, ਸਾਰੀ ਪੁਲਿਸ ਮਸ਼ੀਨਰੀ ਉਸਦੇ ਹੱਕ ਵਿਚ ਦਿੰਦਾ ਹੈ। ਪ੍ਰੰਤੂ ਉਸ ਲੇਖਕ ਨੇ ਪਹਿਲਾ ਜਿਹੜਾ ਨਾਵਲ ਲਿਖਿਆ ਹੈ ‘ਲਹੂ ਦੀ ਲੋਅ’ ਉਸ ਵਿਚ ਸਾਰੀ ਦੀ ਸਾਰੀ ਮਸ਼ੀਨਰੀ ਅੱਤਿਆਚਾਰੀ ਬਣਾਉਂਦਾ ਹੈ।

**ਸੁਰਿੰਦਰ ਕੁਮਾਰ ਦਵੇਸ਼ਵਰ**-ਮੈਂ ਜਿਹੜੀ ਗੱਲ ਕਹੀ ਹੈ ਕਿ ਉਹ ਇਹ ਹੈ ਕਿ ਇਤਿਹਾਸ ਕਿਤੇ ਵੀ ਰੁਕਦਾ ਨਹੀਂ ਹੈ। ਇਹ ਗਤੀਸ਼ੀਲ ਰਹਿੰਦਾ ਹੈ। ਇਹ ਸਮਾਂ ਲੇਟ ਕੈਪਟਲਿਜ਼ਮ ਦਾ ਜਿਹੜਾ ਪਸਾਰਾ ਹੈ, ਇਸ ਨੇ ਗਲੋਬਲ ਪੱਧਰ ਤੇ ਪ੍ਰਭਾਵ ਪਾਇਆ ਹੋਇਆ ਹੈ। ਇਹ ਸਭ ਕਿਵੇਂ ਬਣਿਆ, ਇਸ ਦੇ ਸੰਬੰਧ ਵਿਚ ਅਸੀਂ ਹੁਣੇ ਗੱਲ ਕੀਤੀ। ਜਿਹੜੇ ਲਿਬਰਲਾਇਜ਼ੇਸ਼ਨ ਦੀ ਗੱਲ ਕੀਤੀ ਜਾਂਦੀ ਹੈ। ਪ੍ਰਾਇਵੇਟਾਇਜ਼ੇਸ਼ਨ ਦੀ ਗੱਲ ਕੀਤੀ ਜਾਂਦੀ ਹੈ, ਲੋਕਲਾਇਜ਼ੇਸ਼ਨ ਦੀ ਗੱਲ ਕੀਤੀ ਜਾਂਦੀ ਹੈ, ਇਸ ਲਈ ਸੰਭਵ ਹੋਈ ਹੈ ਕਿ ਵਿਕਸਿਤ ਦੇਸ਼ਾਂ ਨੂੰ ਤੁਸੀਂ ਜਿਹੜੇ ਨੇਚੁਰਲ ਰਿਸੋਰਸ਼ ਜਾਂ ਫਿਰ ਉਸ ਨਾਲ ਸੰਕਟ ਪੈਦਾ ਹੋਣੇ ਸ਼ੁਰੂ ਹੋ ਗਏ ਸੀ। ਉਨ੍ਹਾਂ ਨੇ ਇਸ ਸੰਕਟ ਦਾ ਇਕ ਹੱਲ ਕੱਢਿਆ-ਇਹ ਜੋ ਸਾਡੇ ਕੋਲ ਆਰਥਿਕਤਾ ਦਾ ਵਿਸ਼ਵੀਕਰਨ ਹੈ। ਇਸ ਦੇ ਨਾਲ ਉਨ੍ਹਾਂ ਨੇ ਕੀ ਕੀਤਾ ਕਿ ਅਵਿਕਸਿਤ ਜਾਂ ਵਿਕਾਸਸ਼ੀਲ ਦੇਸ਼ ਹਨ ਉਨ੍ਹਾਂ ਦੇ ਹਿਊਮਨ ਰਿਸੋਰਸ਼ਜ਼ ਅਤੇ ਨੇਚੂਰਲ ਰਿਸੋਰਸ਼ਜ਼ ਉੱਤੇ ਕਾਬਜ਼ ਹੋ ਗਏ। ਇਸ ਤਰ੍ਹਾਂ ਹੀ ਉਨ੍ਹਾਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੈਂ ਇਹ ਕਹਿੰਦਾ ਹਾਂ ਕਿ ਆਖਿਰ ਜਦੋਂ ਤੱਕ ਅਜਿਹਾ ਚਲਦਾ ਰਹੇਗਾ। ਅਜਿਹੇ ਸਿਸਟਮ ਨੂੰ ਉਹ ਕਦੋਂ ਤੱਕ ਸਸਟੇਨ ਕਰ ਸਕਣਗੇ? ਇਕ ਸਟੇਜ ਅਜਿਹੀ ਵੀ ਆਵੇਗੀ, ਅੱਜ ਆ ਜਾਵੇ, ਦੋ ਸਾਲ ਨੂੰ ਆਵੇ ਜਾਂ ਫਿਰ ਦਸ ਸਾਲ ਤੋਂ ਬਾਅਦ ਆਵੇ, ਉਦੋਂ ਇਹ ਸਿਸਟਮ ਆਪਣੇ ਆਪ ਹੀ ਟੁੱਟ ਜਾਵੇਗਾ ਅਤੇ ਕਾਰਲ ਮਾਰਕਸ ਦੀ ਇਹ ਗੱਲ ਸੱਚ ਹੋਵੇਗੀ ਕਿ ਪੂੰਜੀਵਾਦ ਆਪਣੀ ਕਬਰ ਖੁਦ ਪੁੱਟਦਾ ਹੈ। ਉਸ ਸਮੇਂ ਸ਼੍ਰੇਣੀਆਂ ਜਿਹੜੀਆਂ ਇਸ ਸਮੇਂ ਦੱਬੀਆਂ ਹੋਈਆਂ ਹਨ, ਜਿਸ ਵਿਚ ਅਜੇ ਤੱਕ ਇਹ ਚੇਤਨਾ ਨਹੀਂ ਆ ਰਹੀ ਹੈ ਕਿਉਂਕਿ ਇਕ ਅਜਿਹਾ ਕੰਜ਼ਿਊਮਰ ਕਲਚਰ ਪੈਦਾ ਕਰ ਦਿੱਤਾ ਗਿਆ ਹੈ ਜਿਹੜਾ ਮਨੁੱਖ ਵਿਚ ਜ਼ਰੂਰਤ ਨਾਲੋਂ ਵਧੇਰੇ ਲਾਲਸਾ ਪੈਦਾ ਕਰਦਾ ਹੈ। ਅਸੀਂ ਉਸ ਲਾਲਸਾ ਦੇ ਕਾਰਨ ਹੀ ਬਾਕੀ ਕਦਰਾ ਭੁੱਲ ਗਏ ਹਾਂ। ਜਦੋਂ ਮਸਲਾ ਜੀਊਣ ਮਰਨ ਦਾ ਉੱਠੇਗਾ, ਉਦੋਂ ਇਹ ਰੇੱਵਇਲੇਸ਼ੱਨ (revelation) ਆਵੇਗਾ।

ਉਸ ਸਮੇਂ ਇਹ ਕਲੈਕਿਟਵ ਮੂਵਮੈਂਟ ਕੋਈ ਨਾ ਕੋਈ ਰੂਪ ਧਾਰਨ ਕਰ ਲਵੇਗੀ।ਉਸਦਾ ਮਾਡਲ ਸਾਡੇ ਕੋਲ ਹੈ।ਜਾਂ ਇਹ ਮਾਡਲ ਥੋੜਾ ਬਹੁਤ ਬਦਲ ਕੇ ਸਾਡੇ ਸਾਹਮਣੇ ਆ ਸਕਦਾ ਹੈ।ਸਾਡੇ ਕੋਲ ਮਾਰਕਸਵਾਦ ਜਾਂ ਸਮਾਜਵਾਦ ਤੋਂ ਬਿਨਾ ਕੋਈ ਚਾਰਾ ਨਹੀਂ।

**ਵਿਨੋਦ ਸ਼ਾਹੀ**-ਦਵੇਸ਼ਵਰ ਜੀ, ਅਸੀਂ ਉਸ ਦਹਿਲੀਜ਼ ਉੱਤੇ ਪਹੁੰਚ ਗਏ ਹਾਂ।ਹੁਣ ਗੱਲ ਦੁਨੀਆਂ ਵਿਚ ਵਾਤਾਵਰਨ ਦਾ ਜਿਹੜਾ ਸੰਕਟ ਖੜਾ ਹੋ ਗਿਆ ਹੈ।ਦੂਜੀ ਗੱਲ ਜਿਹੜਾ ਨੇਚੁਰਲ ਰਿਸੋਰਸ਼ਜ਼ ਦਾ ਜੋ ਨਾਸ਼ ਤੇ ਸ਼ੋਸ਼ਣ ਹੋਇਆ ਹੈ, ਆਖਿਰ ਵਿਚ ਇਸ ਦਾ ਅੰਤ ਤਾਂ ਹੋਣਾ ਹੀ ਹੈ। ਇਸ ਵਿਚ ਲੂਜ਼ ਕੌਣ ਕਰੇਗਾ, ਲੂਜ਼ ਉਹੀ ਕਰੇਗਾ ਜਿਹੜਾ ਵਾਤਾਵਰਨ ਵਿਚ ਰਹਿ ਰਿਹਾ ਹੈ।ਉਹ ਸਾਡੇ ਆਪਣੇ ਲੋਕ ਹਨ। ਜਿਨ੍ਹਾਂ ਦੀ ਵਧੇਰੇ ਲੁੱਟ-ਖਸੁੱਟ ਹੋ ਰਹੀ ਹੈ।ਜਿਹੜੀਆਂ ਪੁਰਾਣੀਆਂ ਕਾਲੋਨਿਅਲ ਸਟੇਟਸ ਹਨ।ਕਿਉਂਕਿ ਇਥੇ ਉਨ੍ਹਾਂ ਨੇ ਇਕ ਸਿਸਟਮ ਬਣਾ ਲਿਆ ਹੈ, ਇਥੋਂ ਦੇ ਨੈਚੂਰਲ ਰੀਸਾੱਰਸ਼ (reseurce) ਨੂੰ ਸਾਇਫ਼ਨ ਕਰਨ ਦਾ।ਇਥੇ ਆ ਕੇ ਸੰਭਾਵਨਾ ਇਸ ਲਈ ਨਹੀਂ ਹਨ ਕਿ ਇਥੇ ਪੂਰਨ ਰੂਪ ਨਾਲ ਕਾਲੋਨਿਅਲ ਸਟੇਟ ਰਹੀ ਹੈ, ਸਾਡੇ ਭਾਰਤ ਵਿਚ ਅਤੇ ਫੁਲ ਕਾਲੋਨਿਅਲ ਸਟੇਟ 'ਚ ਸਾਰੀ ਇੰਸਟੀਟਉਸ਼ਨਜ਼ ਨੂੰ ਜੜ੍ਹਾਂ ਤੋਂ ਕੱਟ ਦਿੱਤਾ ਜਾਂਦਾ ਹੈ।ਉਸ ਵਿਚ ਜਾਨ ਹੀ ਨਹੀਂ ਰਹਿ ਜਾਂਦੀ ਤਾਂ ਕਿੱਥੋਂ ਆਵੇਗਾ ਰੇੱਵਇਲੇਸ਼ੱਨ (revelation)?

**ਟੀ ਆਰ ਵਿਨੋਦ**-ਉਨ੍ਹਾਂ ਜੜ੍ਹਾਂ ਵਿਚ ਅਸੀਂ ਜਾਨ ਫੂਕਣੀ ਹੈ ਅਤੇ ਉਹ ਮਾਰਕਸਵਾਦ ਦੇ ਜ਼ਰੀਏ ਹੀ ਸੰਭਵ ਹੋ ਸਕਦਾ ਹੈ।

**ਵਿਨੋਦ ਸ਼ਾਹੀ**-ਮੈਂ ਮਾਰਕਸਵਾਦ ਦੀ ਵਿਚਾਰਧਾਰਾ ਨੂੰ ਆਰੋਪਤ ਦੇ ਵਾਂਗ ਬਿਲਕੁੱਲ ਨਹੀਂ ਲੈਂਦਾ।ਮੈਂ ਮਾਰਕਸਵਾਦ ਨੂੰ ਸੰਭਾਵਨਾ ਮੰਨਦਾ ਹਾਂ ਕਿ ਇਸ ਦੇਸ਼ ਦੀਆਂ ਜਨਵਾਦੀ ਸਥਿਤੀਆਂ ਜਦੋਂ ਹੋਣਗੀਆਂ, ਇਥੋਂ ਦੇ ਹਾਲਾਤ ਵਿਚੋਂ ਪੈਦਾ ਹੋਣਗੀਆਂ, ਤਾਂ ਹੀ ਅਜਿਹਾ ਸੰਭਵ ਹੋਵੇਗਾ।ਮੈਂ ਆਰੋਪਿਤ ਮਾਰਕਸਵਾਦ ਦੇ ਵਿਰੋਧ ਵਿਚ ਹਾਂ।

**ਟੀ ਆਰ ਵਿਨੋਦ**-ਤਾਂ ਤੁਸੀਂ ਕਹੋ ਕਿ ਤੁਸੀਂ ਉਸ ਸਮੇਂ ਦੇ ਹਾਲਾਤ ਦੇ ਹਿਸਾਬ ਨਾਲ ਮਾਰਕਸਵਾਦ ਨੂੰ ਆਪਣਾ ਤਰੀਕਾ ਲੱਭਣਾ ਹੋਵੇਗਾ।

**ਵਿਨੋਦ ਸ਼ਾਹੀ**-ਉਹ ਆਵੇਗਾ ਗਾਂਧੀਵਾਦ ਦੇ ਰਾਹੀ।

**ਦਰਸ਼ਨ ਸਿੰਘ ਗਿੱਲ**-ਸ਼ਾਹੀ ਸਾਹਿਬ, ਨਾ ਤਾਂ ਇਸਨੂੰ ਰੇੱਵਇਲੇਸ਼ੱਨ (revelation) ਦੀ ਜ਼ਰੂਰਤ ਹੈ, ਨਾ ਮੈਨੂੰ ਰੇੱਵਇਲੇਸ਼ੱਨ (revelation) ਦੀ ਜ਼ਰੂਰਤ ਹੈ।ਤੁਹਾਨੂੰ ਵੀ ਕੋਈ ਜ਼ਰੂਰਤ ਨਹੀਂ। ਰੇੱਵਇਲੇਸ਼ੱਨ (revelation) ਜਿਸ ਵਰਗ ਦੀ ਜ਼ਰੂਰਤ ਹੈ, ਜਦੋਂ ਉਸ ਨਾਲ ਸਬੰਧਤ ਹੋਵੇਗਾ ਜਾਂ ਉਸ ਵਰਗ ਨੂੰ ਜਦੋਂ ਚੇਤਨਾ ਮਿਲੇਗੀ, ਉਦੋਂ ਹੀ ਰੇੱਵਇਲੇਸ਼ੱਨ (revelation) ਆਵੇਗਾ, ਨਹੀਂ ਤਾਂ ਕਦੇ ਰੇਵੋਲੂਸ਼ਨ ਨਹੀਂ ਆਵੇਗਾ।

**ਵਿਨੋਦ ਸ਼ਾਹੀ**-ਜ਼ਰੂਰਤ ਕਿਸੇ ਵਰਗ ਵਿਸ਼ੇਸ਼ ਦੀ ਨਹੀਂ ਹੁੰਦੀ, ਜ਼ਰੂਰਤ ਪੂਰੇ ਸਮਾਜ ਦੀ ਹੁੰਦੀ ਹੈ।

**ਦਰਸ਼ਨ ਸਿੰਘ ਗਿੱਲ**-ਤੁਸੀਂ ਸਾਰਾ ਕੁੱਝ ਲੁੱਟਾ ਦੇਵੋਗੇ।ਤੁਸੀਂ ਕੁੱਝ ਤਬਦੀਲੀ ਉਦੋਂ ਤੱਕ ਨਹੀਂ ਲਿਆ ਸਕਦੇ ਜਦੋਂ ਤੱਕ ਉਸ ਵਰਗ ਵਿਸ਼ੇਸ਼ ਨੂੰ ਚੇਤਨਾ ਨਹੀਂ ਮਿਲਦੀ, ਤਾਂ ਹੀ ਅਜਿਹਾ ਸੰਭਵ ਹੋ ਸਕੇਗਾ।

**ਵਿਨੋਦ ਸ਼ਾਹੀ**-ਜਿਹੜਾ ਵਰਗ ਉਪਰ ਬੈਠ ਕੇ ਹਲਵੇ-ਪੂੜੇ ਖਾ ਰਿਹਾ ਹੈ, ਅਤੇ ਅਸੀਂ ਸਾਰੇ ਜਿਹੜੇ ਦੂਜੇ ਦੇ ਹੱਕ ਉੱਤੇ ਜਿਉਂਦੇ ਹਾਂ, ਉਸ ਅਪਰਾਧ ਬੋਧ ਦੇ ਪੈਦਾ ਹੋਣ ਦੇ ਨਾਲ ਹੀ, ਸਥਿਤੀਆਂ ਬਦਲਣ ਦੀ ਸੰਭਾਵਨਾ ਹੋ ਸਕਦੀ ਹੈ।

**ਦਰਸ਼ਨ ਸਿੰਘ ਗਿੱਲ**-ਬਹੁਤ ਸਾਰੀਆਂ ਚੀਜ਼ਾਂ, ਹਲਾਤ ਨੂੰ ਬਦਲ ਦਿੰਦੀਆਂ ਹਨ।

**ਸੁਰਿੰਦਰ ਕੁਮਾਰ ਦਵੇਸ਼ਵਰ**-ਮੈਂ ਇਹ ਕਹਿੰਦਾ ਹਾਂ ਕਿ ਅੱਜ ਦੀ ਸਥਿਤੀ ਹੀ ਲੈ ਲਓ ਤੁਸੀਂ। ਵੱਡੇ ਸ਼ਹਿਰਾਂ ਦੇ ਨੇੜੇ ਤੇੜੇ ਰਹਿਣ ਵਾਲੇ ਕਿਸਾਨ ਇਹੀ ਸੋਚਦੇ ਹਨ ਕਿ ਉਨ੍ਹਾਂ ਨੂੰ ਬਹੁਤ ਰਾਹਤ ਮਿਲ ਗਈ।



ਉਸ ਦੇ ਕੋਲ ਕਿੰਨੇ ਪੈਸੇ ਆ ਗਏ।ਸਾਡੇ ਨੇੜੇ ਹੀ ਇਕ ਬੰਦਾ ਰਹਿੰਦਾ ਹੈ।ਦੋ ਏਕੜ ਜ਼ਮੀਨ ਉਸ ਦੇ ਕੋਲ ਹੈ। 20 ਕਰੋੜ ਰੁਪਏ ਉਸਦੇ ਬੈਂਕ ਵਿਚ ਜ਼ਮਾ ਹੈ। ਦੋ ਲੱਖ ਰੁਪਏ ਪ੍ਰਤੀ ਮਹੀਨਾ ਉਸ ਦਾ ਵਿਆਜ਼ ਆ ਰਿਹਾ ਹੈ।ਉਹ ਕੀ ਕਰ ਰਿਹਾ ਹੈ? ਮੈਂ ਉਸ ਨੂੰ ਅੱਜ ਤੱਕ ਕੱਪੜੇ ਬਦਲਦੇ ਹੋਇਆ ਨਹੀਂ ਦੇਖਿਆ।ਸਵੇਰੇ ਹੀ ਵੱਡੀਆਂ ਵੱਡੀਆਂ ਸ਼ਰਾਬ ਦੀਆਂ ਬੋਤਲਾਂ ਲੈ ਕੇ ਦੋ ਤਿੰਨ ਬੰਦੇ ਬਿਠਾ ਲੈਂਦਾ ਹੈ ਅਤੇ ਪੀਣ ਲੱਗ ਪੈਂਦਾ ਹੈ।ਉਸ ਤੋਂ ਬਾਅਦ ਸ਼ਾਮ ਨੂੰ ਜਿਹੜਾ ਹਰਾ ਚਾਰਾ ਲੈ ਕੇ ਜਾਂਦਾ ਹੈ ਉਹ ਸਕਾਰਪਿਓ ਗੱਡੀ ਵਿਚ ਲੈ ਕੇ ਜਾਂਦਾ ਹੈ।

**ਮਿੱਤਰ ਸੈਨ ਮੀਤ**-ਤੁਹਾਨੂੰ ਅਜਿਹਾ ਇਕ ਕਿਸਾਨ ਨਜ਼ਰ ਆਇਆ ਹੋਵੇਗਾ।ਮੈਂ ਲੁਧਿਆਣੇ ਬੈਠਾ ਹਾਂ ਅਤੇ ਇਥੇ ਨੇੜੇ ਤੇੜੇ ਅਜਿਹੇ ਸੈਕੜੇ ਕਿਸਾਨ ਹਨ ਜਿਸਦੇ ਕੋਲ ਫਾਲਤੂ ਪੈਸਾ ਆ ਗਿਆ ਹੈ, ਪ੍ਰੰਤੂ ਉਹ ਕੀ ਕਰ ਰਿਹਾ ਹੈ ਕਿ ਇਥੋਂ ਜ਼ਮੀਨ ਵੇਚ ਕੇ ਉਨ੍ਹਾਂ ਪੈਸਿਆਂ ਦੀ ਰਾਜਸਥਾਨ, ਯੂ. ਪੀ. ਵਿਚ ਜ਼ਮੀਨ ਖਰੀਦ ਰਿਹਾ ਹੈ।

**ਸੁਰਿੰਦਰ ਕੁਮਾਰ ਦਵੇਸ਼ਵਰ**-ਤੁਸੀਂ ਦੇਖੋ ਇਨ੍ਹਾਂ ਕਿਸਾਨਾਂ ਨੇ ਉਥੇ ਜਾ ਕੇ ਕਿੰਨੇ ਕਿਸਾਨਾਂ ਨੂੰ ਉਜਾੜ ਦਿੱਤਾ।ਮੈਂ ਇਹ ਗੱਲ ਕਰ ਕਹਿ ਰਿਹਾ ਹਾਂ।

**ਵਿਨੋਦ ਸ਼ਾਹੀ**-ਇਹ ਉਜਾੜਾ ਕੇਵਲ ਇਥੇ ਹੀ ਨਹੀਂ, ਪੂਰੀ ਦੁਨੀਆਂ ਵਿਚ ਅਜਿਹਾ ਹੋ ਰਿਹਾ ਹੈ। ਕੈਪਟਲਿਸਟ ਦੇਸ਼ਾਂ 'ਚ ਆਮ ਆਦਮੀ ਦੀ ਇਹੀ ਹਾਲਤ ਹੈ।


**ਸੁਰਿੰਦਰ ਕੁਮਾਰ ਦਵੇਸ਼ਵਰ**-ਛੋਟਾ ਦੁਕਾਨਦਾਰ, ਛੋਟਾ ਮੁਲਾਜ਼ਿਮ, ਛੋਟਾ ਕਰਮਚਾਰੀ, ਛੋਟਾ ਕਿਸਾਨ ਜਾਂ ਛੋਟੀ ਇੰਡਸਟਰੀ ਲੈ ਲਓ, ਇਹ ਸਾਰੇ ਹੀ ਮਾਰ ਖਾ ਰਹੇ ਹਨ।

**ਵਿਨੋਦ ਸ਼ਾਹੀ**-ਜਿਹੜੀ ਗੱਲ ਤੁਸੀਂ ਕਰ ਰਹੇ ਸੀ ਨਾ ਕਿ ਏਕਤਾ ਦੀ, ਇਹ ਹੋਵੇਗੀ ਵਿਸ਼ਵੀਕਰਨ ਦੀ ਪੱਧਰ ਤੇ ਨਾ ਕਿ ਕਿਸੇ ਇਕ ਦੇਸ਼ ਦੇ ਪੱਧਰ ਤੇ।ਪਹਿਲੀ ਵਾਰ ਮਾਰਕਸਵਾਦ ਲਾਗੂ ਹੋਣ ਜਾ ਰਿਹਾ ਹੈ ਪੂਰੀ ਦੁਨੀਆਂ ਉੱਤੇ।ਮਾਰਕਸਵਾਦ ਲਾਗੂ ਹੋਣ ਦੀਆਂ ਸਥਿਤੀਆਂ ਹੁਣ ਬਣ ਰਹੀਆਂ ਹਨ ਕਿਉਂਕਿ ਆਮ ਲੋਕਾਂ ਦਾ ਉਜੜਨਾ ਪੂਰੀ ਦੁਨੀਆਂ ਵਿਚ ਇਕੋ ਜਿਹਾ ਹੈ।

**ਮਿੱਤਰ ਸੈਨ ਮੀਤ**-ਦੁਨੀਆਂ ਦੇ ਮਜ਼ਦੂਰਾਂ ਦਾ ਜਿਹੜਾ ਨਾਅਰਾ ਸੀ, ਇਕ ਹੋਣੇ ਦਾ, ਹੁਣ ਉਹ ਸਥਿਤੀਆਂ ਬਣ ਰਹੀਆਂ ਹਨ।

**ਸੁਰਿੰਦਰ ਕੁਮਾਰ ਦਵੇਸ਼ਵਰ**-ਹੁਣ ਦੁਨੀਆਂ ਦਾ ਕੇਵਲ ਮਜ਼ਦੂਰ ਹੀ ਇਕੱਠਾ ਨਹੀਂ ਹੋ ਰਿਹਾ ਹੈ।ਹੁਣ ਦੁਨੀਆਂ ਦਾ ਗਰੀਬ ਇਕੱਠਾ ਹੋ ਰਿਹਾ ਹੈ। ਉਜੜਦਾ ਹੋਇਆ ਆਦਮੀ ਇਕੱਠਾ ਹੋ ਰਿਹਾ ਹੈ। ਜਿਹੜੇ ਆਪਣੇ ਸੋਮੇ ਗੁਵਾ ਰਿਹਾ ਹੈ, ਉਹ ਆਦਮੀ ਇਕੱਠਾ ਹੋ ਰਿਹਾ ਹੈ।


**ਵਿਨੋਦ ਸ਼ਾਹੀ**-ਅੱਜ ਦੀ ਇਸ ਵਿਚਾਰ ਚਰਚਾ ਵਿਚ ਪੰਜਾਬੀ ਨਾਵਲ ਦੇ ਵਿਅਕਤਿਤਵ ਦੇ ਸੰਬੰਧ ਵਿਚ ਅਸੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ। ਹਾਲਾਂਕਿ ਆਖੀਰ ਵਿਚ ਸਾਡੇ ਸਾਹਮਣੇ ਜੋ ਵਸਤੂ ਸਥਿਤੀ ਉਭਰ ਕੇ ਸਾਹਮਣੇ ਆਈ ਹੈ, ਉਸ ਤੋਂ ਇਹ ਲੱਗਦਾ ਹੈ ਕਿ ਪੰਜਾਬੀ ਨਾਵਲ ਵਿਚ ਇਸ ਸਮੇਂ ਸੰਕਟ ਦਾ ਸਮਾਂ ਚਲ ਰਿਹਾ ਹੈ।ਅਤੇ ਬਹੁਤ ਸਾਰੀਆਂ ਨਵੀਆਂ ਚੀਜਾਂ ਘਟ ਰਹੀਆਂ ਹਨ।ਜਦੋਂ ਵੀ ਅਸੀਂ ਸਮਕਾਲੀ ਸਿਰਜਣਾ ਦੀ ਗੱਲ ਕਰਦੇ ਹਾਂ ਕਿਉਂਕਿ ਸਮਕਾਲੀ ਸਿਰਜਣਾ ਹਮੇਸ਼ਾਂ ਹੀ ਸਮਕਾਲੀ ਹੁੰਦੀ ਹੈ ਉਸ ਦੇ ਸੰਬੰਧ ਵਿਚ ਮੁਲੰਕਣ ਕੁੱਝ ਸਮੇਂ ਬਾਅਦ ਹੀ ਸੰਭਵ ਹੁੰਦਾ ਹੈ।ਪਰ ਸਾਨੂੰ ਇਹ ਜ਼ਰੂਰ ਲੱਗਾ ਕਿ ਇਹ ਨਵਾਂ ਨਾਵਲਕਾਰ ਬਹੁਤ ਸਾਰੀਆਂ ਨਵੀਆਂ ਗੱਲਾਂ ਕਰ ਰਿਹਾ ਹੈ।ਕਿਉਂਕਿ ਸਮਾਜ ਬਦਲ ਰਿਹਾ ਹੈ।ਇਕ ਪੂਰੇ ਦਾ ਪੂਰਾ ਡੈਮੋਕ੍ਰੇਟਿਕ ਸਟ੍ਰਕਚਰ, ਅੱਜ ਕਿਤੇ ਨਾ ਕਿਤੇ, ਟੁੱਟ ਭੱਜ ਰਿਹਾ ਹੈ।ਜੇਕਰ ਨਾਇਕ ਟੁੱਟ ਰਿਹਾ ਹੈ ਜਾਂ ਨਾਇਕ ਵਾਪਿਸ ਵੀ ਆ ਰਿਹਾ ਹੈ। ਤਾਂ ਇਸ ਲਈ ਕਿ ਉਹ ਵਿਵਸਥਾ ਦਾ ਕੋਈ ਨਾਇਕ ਨਹੀਂ ਹੈ। ਵਸਤੂ ਸਥਿਤੀ 'ਚ ਨਾਇਕ ਦੀਆਂ ਕੋਈ ਜੜ੍ਹਾਂ ਨਹੀਂ ਹਨ।ਹਾਲਾ ਕਿ ਇਤਿਹਾਸ ਦਾ ਸਹਾਰਾ ਹਮੇਸ਼ਾਂ ਲਿਆ ਜਾਂਦਾ ਹੈ। ਫਿਰ ਵੀ ਸਿਰਜਣਾ ਦੀ ਪੇਸ਼ਕਾਰੀ ਦੇ ਕੁੱਝ ਤਰੀਕੇ ਹਨ। ਪਰੰਤੂ ਅਖੀਰ ਵਿਚ ਜਿਵੇਂ




ਦਵੇਸ਼ਵਰ ਜੀ ਨੇ ਕਿਹਾ ਹੈ ਕਿ ਲਿਬਰਲ ਹਿਊਮਨਿਜ਼ਮ ਦੀ ਟ੍ਰੇਡੀਸ਼ਨ ਸਾਡੇ ਇਤਿਹਾਸ ਵਿਚ ਜਿਹੜੀ ਪਈ ਹੈ, ਉਸ ਦੇ ਨਾਲ ਜੁੜੀ ਹੋਈ ਚੇਤਨਾ ਨੂੰ ਲੋਕ ਆਪਣੇ ਨਾਲ ਲੈ ਕੇ ਚਲ ਰਹੇ ਹਨ, ਵਿਚਾਰਧਾਰਾ ਦੀ ਵੀ ਜੇਕਰ ਜ਼ਰੂਰਤ ਹੈ ਤਾਂ ਕਿਤੇ ਨਾ ਕਿਤੇ ਉਸਦੀਆਂ ਜੜ੍ਹਾਂ ਦੇ ਵੱਲ ਉਸਦੀ ਵਾਪਸੀ ਦੀ ਜ਼ਰੂਰਤ ਹੋਵੇਗੀ। ਉਨ੍ਹਾਂ ਦੀਆਂ ਜੜ੍ਹਾਂ ਦੀ ਵਾਪਸੀ ਦੇ ਵਲ ਬਹੁਤ ਸਾਰੇ ਨਾਵਲ ਇਸ਼ਾਰਾ ਵੀ ਕਰਦੇ ਹਨ। ਗੁਰਦਿਆਲ ਸਿੰਘ ਦਾ ਵਾਰ ਵਾਰ ਜ਼ਿਕਰ ਹੁੰਦਾ ਹੈ ਕਿ ਜਿਸ ਲਿਬਰਲ ਹਿਊਮਨਇਜ਼ਮ ਦੀ ਟ੍ਰੇਡੀਸ਼ਨ ਨੂੰ ਉਨ੍ਹਾਂ ਜੜ੍ਹਾਂ ਵਿਚ ਬੈਠੀ ਹੋਈ ਸਾਡੀ ਸਮਝ ਨੂੰ ਕਿਤੇ ਨਾ ਕਿਤੇ ਫੜਨ ਦੀ ਕੋਸ਼ਿਸ਼ ਕਰਦੇ ਹਨ। ਉਥੇ ਜਾਣ ਦਾ ਰਸਤਾ ਆਮ ਆਦਮੀ ਵੱਲੋਂ ਜਾਂ ਦਲਿਤ ਵਰਗਾਂ ਵੱਲੋਂ ਹੀ ਸੰਭਵ ਹੈ। ਉਨ੍ਹਾਂ ਪਾਤਰਾਂ ਨਾਲ ਹੀ ਉਥੇ ਡੁਬਕੀ ਲਗਾਈ ਜਾ ਸਕਦੀ ਹੈ, ਕਿਉਂਕਿ ਮੱਧ ਵਰਗ ਫਿਰ ਵੀ ਵਿਚਾਰਧਾਰਾ ਦੇ ਸਨਕੀ ਰੂਪ ਦਾ ਕਿਤੇ ਨਾ ਕਿਤੇ ਸ਼ਿਕਾਰ ਹੋ ਸਕਦਾ ਹੈ। ਪਰੰਤੂ ਆਮ ਆਦਮੀ ਦੇ ਕੋਲ ਤਾਂ ਕੋਈ ਵੀ ਸਾਧਨ ਨਹੀਂ ਹੈ। ਪੰਜਾਬੀ ਨਾਵਲ ਇਸ ਗੱਲ ਨੂੰ ਸਮਝਦਾ ਹੈ। ਇਸ ਲਈ ਪੰਜਾਬੀ ਨਾਵਲ ਵਿਚ ਦਲਿਤ ਵਰਗ ਦਾ 'ਵਿਹੜਾ' ਖਾਸ ਤੌਰ ਉੱਤੇ ਮਹੱਤਵਪੂਰਨ ਰੂਪ ਵਿਚ ਉਭਰਦਾ ਹੈ ਤਾਂ ਇਹ ਪੰਜਾਬੀ ਨਾਵਲ ਦੇ ਲਈ ਬਹੁਤ ਵੱਡੀ ਆਸ ਪੈਦਾ ਕਰਦਾ ਹੈ। ਇਸ ਤਰ੍ਹਾਂ ਇਸਤਰੀ ਦੇ ਸਬੰਧ ਵਿਚ ਜੇਕਰ ਉਹ ਦੱਬੀ ਕੁਚਲੀ ਹੈ, ਉਸ ਦਾ ਸ਼ੋਸ਼ਣ ਹੋ ਰਿਹਾ ਹੈ-ਇਹ ਸਾਰੀਆਂ ਗੱਲਾਂ ਚਿਤਰੀਆਂ ਜਾ ਰਹੀਆਂ ਹਨ ਤਾਂ ਇਸ ਵਿਚੋਂ ਇਕ ਆਸ ਕਰਨੀ ਚਾਹੀਦੀ ਹੈ ਕਿ ਇਕ ਨਵੇਂ ਸਮੇਂ ਵਿਚ ਇਕ ਵਿਰੋਧ ਵਿਚ ਇਕ ਚੇਤਨਾ ਦੀ ਸਿਰਜਣਾ ਕੀਤੀ ਜਾਵੇਗੀ। ਉਸ ਦੇ ਲਈ ਇਕ ਭੂਮਿਕਾ ਬਣ ਰਹੀ ਹੈ। ਇਹ ਭੂਮਿਕਾ ਬਣਾਉਣ ਦੇ ਲਈ ਪੰਜਾਬੀ ਨਾਵਲ ਦੀ ਸਿਰਜਣਾ ਨੂੰ ਅਸੀਂ ਜ਼ਰੂਰ ਸਮਝਾਂਗੇ। ਕਿਸੇ ਸਮੇਂ ਦੀ ਸਿਰਜਣਾ ਨੂੰ ਅਸੀਂ ਇਹ ਕਹਿ ਕੇ ਖਾਰਜ਼ ਨਹੀਂ ਕਰ ਸਕਦੇ ਹਾਂ ਕਿ ਇਥੋਂ ਦੇ ਰਚਨਾਕਾਰਾਂ ਨੂੰ ਇਥੋਂ ਦੀਆਂ ਸਥਿਤੀਆਂ ਦੀਆਂ ਜਟਿਲਤਾਵਾਂ ਸਮਝ ਨਹੀਂ ਆ ਸਕਦੀਆਂ। ਪਰੰਤੂ ਇਸ ਮੁਲੰਕਣ ਦੇ ਲਈ ਸਾਡੇ ਆਲੋਚਕਾ ਨੇ ਅੱਜ ਇਕ ਸਾਡੇ ਸਾਹਮਣੇ ਚੁਣੌਤੀ ਜ਼ਰੂਰ ਪੇਸ਼ ਕੀਤੀ ਹੈ ਕਿ ਕੀ ਸਾਡੇ ਪੰਜਾਬੀ ਦੇ ਲੇਖਕ ਉਨ੍ਹਾਂ ਜਟਿਲਤਾਵਾਂ ਨੂੰ ਸਮਝ ਵੀ ਰਹੇ ਹਨ ਜਾਂ ਨਹੀਂ। ਇਹ ਚਰਚਾ ਹੁਣ ਪਾਠਕਾਂ ਦੇ ਵੱਲ ਖੁੱਲ੍ਹਦੀ ਹੈ ਜਿਹੜੇ ਪੰਜਾਬੀ ਨਾਵਲ 'ਚ ਸਿਰਜਣਾ ਦਾ ਇਹ ਜੋ ਸੰਘਰਸ਼ ਚਲ ਰਿਹਾ ਹੈ, ਉਸ ਨੂੰ ਸਮਝਦੇ ਹੋਇਆ ਉਨ੍ਹਾਂ ਕਿਰਤਾਂ ਦੇ ਵੱਲ ਮੁੜੇਗੀ। ਉਸ ਨੂੰ ਪੜ੍ਹਦੇ ਹੋਇਆ ਅਤੇ ਭੋਗਦੇ ਹੋਇਆ ਇਹ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਪੰਜਾਬ ਕਿਸ ਪਾਸੇ ਜਾ ਰਿਹਾ ਹੈ। ਪੰਜਾਬ ਰਾਹੀਂ ਹੀ ਅਸੀਂ ਪੂਰੇ ਭਾਰਤ ਨੂੰ ਤੇ ਇਸਦੀ ਡਿੱਗਦੀ-ਢਹਿੰਦੀ ਡੈਮੋਕ੍ਰੇਟਿਕ ਵਿਵਸਥਾ ਨੂੰ ਵੀ, ਇਥੋਂ ਦੇ ਪਰਿਵਾਰਾਂ ਨੂੰ, ਇਥੋਂ ਦੀਆਂ ਕਦਰਾਂ ਕੀਮਤਾਂ ਕਿਸ ਤਰ੍ਹਾਂ ਸੰਭਾਲ ਸਕਦੇ ਹਾਂ ਅਤੇ ਕਿਸ ਤਰ੍ਹਾਂ ਇਸ ਵਿਚੋਂ ਰਸਤਾ ਕੱਢ ਸਕਦੇ ਹਾਂ। ਸਿਰਜਣਾ ਆਪਣੀ ਗੱਲ ਆਪਣੇ ਪੂਰੇ ਮੁਹਾਵਰੇ ਵਿਚ ਕਰਦੀ ਹੈ, ਉਸ ਵਿਚ ਨਾ ਕਿਸੇ ਸਰਹੱਦ ਨੂੰ, ਨਾ ਕਿਸੇ ਵਿਚਾਰਧਾਰਾ ਨੂੰ ਅਤੇ ਨਾ ਅਸੀਂ ਕਿਸੇ ਸਿੱਧੇ ਰਸਤੇ ਦੀ ਉਮੀਦ ਕਰ ਸਕਦੇ ਹਾਂ। ਕਿਉਂਕਿ ਉਹ ਇਕ ਗਹਿਰੀ ਲੜਾਈ ਦਾ ਪ੍ਰਤੀਕ ਹੈ।

**ਅਨੁਵਾਦ-ਭਗਵੰਤ ਰਸੂਲਪੁਰੀ**






## "ਮੇਰੀਆਂ ਲਿਖਤਾਂ ਸਮਕਾਲ ਦੀ ਜ਼ਿੰਦਗੀ ਦਾ ਚਿਤਰਣ ਹੈ"

### -ਬਲਬੀਰ ਪਰਵਾਨਾ/ ਮੁਲਾਕਾਤੀ : ਰਜਨੀਸ਼ ਬਹਾਦਰ ਸਿੰਘ

ਸਾਹਿਤ ਦੇ ਸਿਰਜਣੀ ਵਰਤਾਰੇ ਸਮੇਂ ਸਾਹਿਤ ਦੇ ਖੇਤਰ ਵਿੱਚ ਸਥਾਪਿਤ ਹੋ ਜਾਣ ਤੋਂ ਬਾਅਦ ਲੇਖਕ, ਉਸ ਦੀ ਰਚਨਾ, ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀਗਤ ਪਾਸਾਰਾਂ ਨਾਲ ਜੁੜੇ ਸੁਆਲ ਆਮ ਪਾਠਕਾਂ ਅਤੇ ਚਿੰਤਕਾਂ ਦੇ ਮਨ ਵਿੱਚ ਉਠਣੇ ਸੁਭਾਵਕ ਹਨ। ਇਸ ਦਾ ਇੱਕ ਪਾਸਾਰ ਪਾਠਕ/ਚਿੰਤਕ ਨਾਲ ਜੁੜਿਆ ਹੁੰਦਾ ਹੈ। ਇਸ ਵਿੱਚ ਟੈਕਸਟ ਅਤੇ ਉਸ ਦਾ ਮੁਲੰਕਣ ਚਿੰਤਕ/ਪਾਠਕ ਦੀ ਸਮਰੱਥਾ ਉਤੇ ਨਿਰਭਰ ਕਰਦਾ ਹੈ। ਦੂਜਾ ਪਾਸਾਰ ਸਿਰਜਣੀ ਵਰਤਾਰੇ ਦੀ ਥਾਹ ਪਾਉਣ ਲਈ ਸਿਰਜਕ ਨਾਲ ਸੰਵਾਦ 'ਚ ਜੁੜਿਆ ਹੁੰਦਾ ਹੈ। ਇਸ ਸੰਵਾਦ ਦਾ ਅਧਾਰ ਬਲਬੀਰ ਪਰਵਾਨਾ ਨਾਲ ਮੁਲਾਕਾਤ ਨੂੰ ਬਣਾਇਆ ਹੈ। ਇਸ ਰਾਹੀਂ ਉਸ ਦੀ ਸਾਹਿਤ ਸਿਰਜਣਾ ਦੇ ਵਰਤਾਰੇ ਦੇ ਕੁਝ ਪੱਖਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਪੇਸ਼ ਹੈ ਉਸ ਦੇ ਜੀਵਨ, ਸਿਰਜਣਾ, ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀਗਤ ਪਾਸਾਰਾਂ ਨੂੰ ਸਮਝਣ ਲਈ ਇਹ ਮੁਲਾਕਾਤ:

**? ਬਲਬੀਰ ਤੋਂ ਬਲਬੀਰ ਪਰਵਾਨਾ ਹੋਣ ਦਾ ਕੀ ਅਰਥ ਹੈ?**

-ਇਹ ਇੱਕ ਸਾਧਾਰਨ ਵਿਅਕਤੀ ਤੋਂ ਸਿਰਜਣਾਤਮਿਕਤਾ ਦੇ ਰਾਹ ਪੈਣ ਦਾ ਸਫ਼ਰ ਹੈ, ਇੱਕ ਨਵੀਂ ਜੀਵਨ-ਜਾਚ ਦਾ ਸਫ਼ਰ, ਜਿਹੜਾ ਸ਼ਬਦਾਂ ਨਾਲ ਜੁੜਿਆ ਹੋਇਆ ਹੈ, ਚਿੰਤਨ ਨਾਲ ਜੁੜਿਆ ਹੋਇਆ ਹੈ। ਜਦੋਂ ਵੀ ਕੋਈ ਬੱਚਾ ਜੰਮਦਾ, ਘਰ-ਪਰਿਵਾਰ ਉਸ ਨੂੰ ਪਛਾਣ ਦੇਣ ਲਈ ਇੱਕ ਨਾਂ ਦਿੰਦਾ ਹੈ, ਬਲਬੀਰ ਉਹ ਪਛਾਣ ਹੈ। ਉਸ ਪਛਾਣ ਵਿੱਚ ਬੱਚਾ ਵੱਡਾ ਹੋ ਕੇ ਜਿਹੜੇ ਨਵੇਂ ਆਯਾਮ ਜੋੜਦਾ ਹੈ, ਉਹ ਉਸ ਸਫ਼ਰ ਦੀ ਗਾਥਾ ਹੈ, ਜਿਹੜਾ ਮੈਂ ਖੁਦ ਚੁਣਿਆ...ਤੇ ਇੱਕ ਵਾਰ ਜਦੋਂ ਚੁਣ ਲਿਆ, ਫਿਰ ਕਦੀ ਪਿਛਾਂਹ ਮੁੜ ਕੇ ਨਹੀਂ ਦੇਖਿਆ। ਹਾਂ, ਇਸ ਵਿੱਚ ਨਵੇਂ ਤੋਂ ਨਵੇਂ ਆਯਾਮ ਜੁੜਦੇ ਗਏ। ਉਦਾਹਰਣ ਵਜੋਂ; ਜਦੋਂ ਮੈਂ ਨੌਵੀਂ ਦਸਵੀਂ 'ਚ ਪੜਦਾ ਸੀ ਤਾਂ ਸੋਚਿਆ ਕਿ ਲੇਖਕ ਬਣਨਾ ਹੈ। ਕੁਝ ਹੋਰ ਸਫ਼ਰ ਕੀਤਾ, ਆਸੇ ਪਾਸੇ ਨੂੰ ਸਮਝਣ ਦੇ ਰਾਹ ਤੁਰਿਆ ਤਾਂ ਨਵਾਂ ਆਯਾਮ ਜੁੜ ਗਿਆ ਕਿ ਇੱਕ ਕਮਿਊਨਿਸਟ ਲੇਖਕ ਬਣਨਾ ਹੈ। ਫਿਰ ਇੱਕ ਅਜਿਹਾ ਮੋੜ ਆ ਗਿਆ, ਜਦੋਂ ਇਹ ਸੋਚਿਆ ਕਿ ਪਰੰਪਰਿਕ ਵਾਦਾਂ ਤੋਂ ਉਤਾਂਹ ਉੱਠ ਕੇ ਸਮੇਂ ਦੇ ਸੱਚ ਨੂੰ ਚਿਤਰਨਾ ਹੈ। ਉਹ ਜੇ ਕਿਸੇ ਰੂੜ ਹੋ ਚੁੱਕੀ ਦ੍ਰਿਸ਼ਟੀ ਦੇ ਮੇਚ ਨਹੀਂ ਵੀ ਆਉਂਦਾ, ਤਾਂ ਵੀ ਅੰਦਰਲੀ ਆਵਾਜ਼ ਦੇ ਆਖੇ ਲੱਗਣਾ ਹੈ। ਉਂਜ ਇਥੇ ਮੈਂ ਇਹ ਸਪੱਸ਼ਟ ਕਰਦਿਆਂ ਕਿ ਇਹ ਅੰਦਰਲੀ ਆਵਾਜ਼ ਕੋਈ ਇਲਹਾਮ ਨਹੀਂ, ਉਸੇ ਪੜ੍ਹੇ-ਵਿਚਾਰੇ ਦਾ ਹੀ ਅਕਸ ਹੈ, ਜਿਸ 'ਚ ਹੁਣ ਤੱਕ ਵਿਚਰਿਆ ਹਾਂ।

**? ਪਰਿਵਾਰਕ ਪਿਛੋਕੜ, ਬਚਪਨ ਤੋਂ ਸੋਝੀ ਤਕ ਦਾ ਸਫ਼ਰ ਕਿਵੇਂ ਰਿਹਾ।**

-ਪਰਿਵਾਰਕ ਪਿਛੋਕੜ ਮੱਧ ਵਰਗੀ ਕਿਸਾਨੀ ਦਾ ਹੈ, ਜਿਹੜਾ ਮੇਰੇ ਜਵਾਨ ਹੋਣ ਤੱਕ ਬਾਪ ਦੀਆਂ ਅਯਾਸ਼ੀਆਂ ਤੇ ਵੈਲਾਂ ਕਾਰਨ ਗਰੀਬ ਕਿਸਾਨੀ 'ਚ ਬਦਲ ਚੁੱਕਾ ਸੀ। ਬਚਪਨ 'ਚ ਮੈਨੂੰ ਕਿਸੇ ਕਿਸਮ ਦੀ ਥੁੜ ਦਾ ਅਹਿਸਾਸ ਨਹੀਂ ਹੋਇਆ। ਜਿਵੇਂ ਕਿ ਪਿੰਡਾਂ 'ਚ ਉਸ ਸੱਠਵਿਆਂ ਦੇ ਦੌਰ 'ਚ ਬਚਪਨ ਹੁੰਦਾ ਸੀ, ਮੈਂ ਪੂਰੀ ਖੁੱਲ ਨੂੰ ਮਾਣਿਆ। ਮੈਂ ਸਾਢੇ ਕੁ ਦਸ ਸਾਲਾਂ ਦਾ ਸਾਂ, ਜਦੋਂ ਮਾਂ ਦੀ ਮੌਤ ਹੋ ਗਈ। ਮਾਂ ਦੀ ਮੌਤ ਬਹੁਤੀ ਇਸ ਕਰਕੇ ਨਾ ਚੁੱਭੀ ਕਿ ਸਾਨੂੰ ਭੈਣ ਭਰਾਵਾਂ ਨੂੰ ਦਾਦੀ ਨੇ ਸਾਂਭ ਲਿਆ, ਪਰ ਮਨ 'ਚ ਕਿਤੇ ਭਾਵੁਕ ਖਲਾਅ ਪਲਦਾ ਰਿਹਾ, ਕਿ ਕੋਈ ਉਹ ਨਹੀਂ ਸੀ ਜਿਹੜਾ ਸਕੂਲੋਂ ਜਾਂ ਬਾਹਰੋਂ ਆਉਂਦੇ ਨੂੰ ਨਿੱਕੀਆਂ ਨਿੱਕੀਆਂ ਗੱਲਾਂ ਪੁੱਛਦਾ। ਨਿੱਕੀਆਂ ਨਿੱਕੀਆਂ ਲੋੜਾਂ ਦਾ, ਖੁਸ਼ੀਆਂ ਦਾ ਖ਼ਿਆਲ ਰੱਖਦਾ। ਇਸ ਕਰਕੇ ਮੈਂ ਸਵੈ-ਕੇਂਦਰਿਤ ਹੋਣਾ ਸ਼ੁਰੂ ਹੋ ਗਿਆ। ਸ਼ਾਇਦ ਇਹ ਹੀ ਕਾਰਨ ਹੈ ਕਿ ਮੈਂ ਆਪਣੀਆਂ ਖੁਸ਼ੀਆਂ ਜਾਂ ਦੁੱਖ ਬਹੁਤ ਘੱਟ ਹੋਰਾਂ ਨਾਲ ਸਾਂਝੇ ਕਰਦਾ ਹਾਂ।

**? ਲੇਖਕ ਹੋਣ ਦਾ ਅਹਿਸਾਸ ਕਦੋਂ ਹੋਇਆ।**

-ਸਾਡੇ ਘਰ 'ਚ ਬਾਬਾ ਆਪਣੇ ਵੇਲੇ ਦੀਆਂ ਚਾਰ ਪੜਿਆ ਹੋਇਆ ਸੀ ਤੇ ਬਾਪ ਕੋਰਾ ਅਨਪੜ। ਬਾਬਾ ਸ਼ਹਿਰ ਗਿਆ ਅਕਸਰ ਉਸ ਦਿਨ ਦੀ ਕੋਈ ਨਾ ਕੋਈ ਅਖ਼ਬਾਰ ਲੈ ਆਉਂਦਾ, ਜਿਸ ਨੂੰ ਸਕੂਲੀ ਪੜਾਈ ਦੌਰਾਨ ਮੈਂ ਅੱਖਰ ਉਠਾਲ ਉਠਾਲ ਕੇ ਪੜ੍ਹਨ ਦੀ ਕੋਸ਼ਿਸ਼ ਕਰਦਾ। ਸ਼ਾਇਦ ਪੰਜਵੀਂ ਜਾਂ ਚੌਥੀ 'ਚ ਹੋਵਾਂਗਾ, ਜਦੋਂ ਪਹਿਲੀ ਵਾਰ ਕਵਿਤਾ ਲਿਖੀ 'ਤਾਰੇ'। ਇਹ ਸਕੂਲ ਦੀ ਕਿਤਾਬ 'ਚੋਂ ਕਿਸੇ ਕਵਿਤਾ ਨੂੰ ਦੇਖ ਕੇ ਕੀਤੀ ਤੁਕਬੰਦੀ ਸੀ, ਜਿਹੜੀ ਮੈਂ ਆਪਣੇ ਬਾਬੇ ਸ. ਇੰਦਰ ਸਿੰਘ ਨੂੰ ਇਹ ਕਹਿ ਕੇ ਸੁਣਾਈ ਕਿ ਇਹ ਕਿਤਾਬ 'ਚੋਂ ਹੈ। ਉਸ ਨੇ ਸੁਣ ਕੇ ਕਿਹਾ 'ਚੰਗੀ ਹੈ'। ਸ਼ਾਇਦ ਇਸ ਪਹਿਲੀ ਅਸਿੱਧੀ ਸ਼ਾਬਾਸ਼ੇ ਨਾਲ ਮਨ 'ਚ ਲਿਖਣ ਦਾ ਬੀਜ ਬੀਜਿਆ ਗਿਆ। ਨੌਵੀਂ ਦਸਵੀਂ 'ਚ ਪੜਦਿਆਂ ਕਵਿਤਾਵਾਂ, ਕਹਾਣੀਆਂ ਲਿਖ ਲਿਖ ਕੇ ਕਈ ਕਾਪੀਆਂ ਭਰ ਛੱਡੀਆਂ। ਸਕੂਲ ਦੀ ਪੜ੍ਹਾਈ ਵੱਲ ਘੱਟ ਧਿਆਨ ਹੁੰਦਾ ਤੇ ਕਚਘਰੜ ਰਚਨਾਵਾਂ ਲਿਖਣ ਵੱਲ ਵੱਧ। ਦਸਵੀਂ ਦਾ ਇਮਤਿਹਾਨ ਦੇ ਕੇ ਇੱਕ ਨਾਵਲ ਵੀ ਲਿਖਿਆ ਸੀ 'ਬਾਝ ਭਰਾਵਾਂ'। ਇਹ ਜਸਵੰਤ ਸਿੰਘ ਕੰਵਲ ਦੇ ਨਾਵਲ 'ਪੂਰਨਮਾਸ਼ੀ' ਨੂੰ ਪੜ੍ਹਨ ਤੋਂ ਬਾਅਦ ਉਸੇ ਕਿਸਮ ਦੇ ਪਲਾਟ ਨੂੰ ਲੈ ਕੇ ਸਿਰਜਿਆ ਸੀ। ਪਿੱਛੋਂ ਆ ਕੇ ਜਦੋਂ ਸਾਹਿਤ ਦੀ ਕੁਝ ਸਮਝ ਆਈ ਤਾਂ ਇਹ ਸਭ ਰਚਨਾਵਾਂ ਆਪ ਹੀ ਪਾੜ ਕੇ ਸੁੱਟ ਦਿੱਤੀਆਂ। ਪਰ ਇਹਨਾਂ ਨੇ ਮੇਰੇ ਅੰਦਰ ਉਸ ਦੌਰ 'ਚ ਇਹ ਜ਼ਰੂਰ ਭਰ ਦਿੱਤਾ ਸੀ ਕਿ ਮੈਂ ਲੇਖਕ ਹਾਂ।

**? ਵਿਅਕਤੀ ਕੇਂਦਰਿਤ ਵਲਵਲਿਆਂ ਤੋਂ ਸਮਾਜਿਕ ਮਸਲਿਆਂ ਤੱਕ ਦਾ ਸਫ਼ਰ।**

-ਮੇਰੀਆਂ ਪਹਿਲੀਆਂ ਰਚਨਾਵਾਂ 'ਚ ਸਵੈ-ਕੇਂਦਰਿਤ ਰੁਮਾਂਟਿਕ ਭਾਵਨਾਵਾਂ ਦਾ ਪ੍ਰਵਾਹ ਹਾਵੀ ਹੈ। ਇਸ ਹੀ ਦੌਰ 'ਚ ਇੱਕ ਹੋਰ ਗੱਲ ਵਾਪਰਦੀ ਹੈ। 1968-69 ਦੇ ਆਸ-ਪਾਸ ਸਾਡੇ ਪਿੰਡ 'ਚ ਨੌਜੁਆਨ ਸਭਾ ਬਣਦੀ ਹੈ ਕਾਮਰੇਡ ਬਲਬੀਰ ਗਿੱਲ ਦੀ ਅਗਵਾਈ 'ਚ। ਮੈਂ ਉਦੋਂ ਸੱਤਵੀਂ ਅੱਠਵੀਂ 'ਚ ਪੜਦਾ ਸਾਂ। ਪਿੰਡ ਦੇ ਵੱਡੇ ਮੁੰਡਿਆਂ ਦੀ ਰੀਸੋ ਰੀਸੀ ਮੈਂ ਵੀ ਇਸ ਦੀਆਂ ਮੀਟਿੰਗਾਂ 'ਚ ਜਾਣ ਲੱਗ ਪਿਆ। ਬਹੱਤਰ-ਤਿਹੱਤਰ ਤੱਕ ਪੁਜਦਿਆਂ ਮੈਂ ਇਸ ਦੇ ਸਰਗਰਮ ਮੈਂਬਰਾਂ 'ਚ ਆ ਗਿਆ ਸਾਂ ਤੇ ਨਾਲ ਦੀ ਨਾਲ ਕਮਿਊਨਿਸਟ ਪਾਰਟੀ ਦੀਆਂ ਸਰਗਰਮੀਆਂ 'ਚ ਵੀ ਹਿੱਸਾ ਲੈਣ ਲੱਗਾ। ਕਾਮਰੇਡ ਭਾਗ ਸਿੰਘ ਸੱਜਣ, ਪਿਆਰਾ ਸਿੰਘ ਗੜ੍ਹੀ, ਪ੍ਰੀਤਮ ਸਿੰਘ ਲਿੱਤਰਾਂ, ਚੰਨਣ ਸਿੰਘ ਵਜ਼ੀਰਾਂ, ਚੰਨਣ ਸਿੰਘ ਧੂਤ ਵਰਗੇ ਕਮਿਊਨਿਸਟ ਆਗੂ ਅਕਸਰ ਸਾਡੇ ਪਿੰਡ ਕਾਮਰੇਡ ਗਿੱਲ ਕੋਲ ਆਏ ਰਹਿੰਦੇ। ਉਹ ਮੀਟਿੰਗਾਂ 'ਚ ਤਤਕਾਲੀ ਮੁੱਦਿਆਂ ਦੇ ਨਾਲ ਲਹਿਰ ਸਾਹਮਣੇ ਸਿਧਾਂਤਕ ਚੁਣੌਤੀਆ ਦੀ ਚਰਚਾ ਵੀ ਕਰਦੇ। ਜੰਡਵਾਲ ਹਾਈ ਸਕੂਲ 'ਚ ਮਾਸਟਰ ਜੋਧ ਸਿੰਘ ਕੋਟਲੀ, ਸਵਿੰਦਰ ਸਿੰਘ ਭੰਗਾਲਾ ਵਰਗੇ ਅਧਿਆਪਕ ਸਾਨੂੰ ਪੜਾਈ ਦੇ ਨਾਲ ਨਾਲ ਸਾਹਿਤ, ਤੇ ਖਾਸ ਕਰਕੇ ਰਾਜਸੀ ਸੁਰ-ਸੇਧ ਵਾਲੇ ਰਸਾਲੇ, ਅਖ਼ਬਾਰਾਂ ਪੜਨ ਲਈ ਪ੍ਰੇਰਦੇ। ਇਸ ਦਾ ਪ੍ਰਭਾਵ ਇਹ



ਹੋਇਆ ਕਿ ਕਾਲਜ ਪੁੱਜਦਿਆਂ ਜਿਥੇ ਟਾਲਸਟਾਏ, ਗੋਰਕੀ, ਤੁਰਗਨੇਵ, ਪੁਸ਼ਕਿਨ ਵਰਗੇ ਉੱਘੇ ਰੂਸੀ ਲੇਖਕਾਂ ਨੂੰ ਨਿੱਠ ਕੇ ਪੜਨ ਦੇ ਰਾਹ ਪਿਆ ਹੋਇਆ ਸਾਂ ਉਥੇ ਨਾਲ ਦੀ ਨਾਲ ਏਂਗਲਜ਼, ਲੈਨਿਨ, ਮਾਰਕਸ ਦੀਆਂ ਲਿਖਤਾਂ ਵੀ ਪੜਨ ਲੱਗਾ, ਭਾਵੇ ਇਹ ਪੂਰੀ ਤਰ੍ਹਾਂ ਸਮਝ 'ਚ ਨਾ ਆਉਂਦੀਆਂ। ਮੱਥਾ ਮਾਰਨ ਦੀ ਪ੍ਰਵਿਰਤੀ ਏਨੀ ਭਾਰੂ ਸੀ ਕਿ ਦੋ ਤਿੰਨ ਸਾਲਾਂ 'ਚ ਹੀ ਮੈਂ ਫ਼ਲਸਫ਼ੇ ਦੇ ਸੁਆਲਾਂ ਨੂੰ ਵੀ ਸਾਹਿਤ ਵਾਂਗ ਹੀ ਸਹਿਜਤਾ ਨਾਲ ਪੜਨ ਤੱਕ ਪੁੱਜ ਗਿਆ ਸੀ।

**? ਸਮਾਜਿਕ ਅਤੇ ਰਾਜਸੀ ਲਹਿਰਾਂ ਦਾ ਪ੍ਰਭਾਵ।**

-ਇੱਕ ਗੱਲ ਬੜੀ ਸਪੱਸ਼ਟ ਹੈ ਕਿ ਜੇ ਕਾਮਰੇਡ ਗਿੱਲ ਨੇ ਪਿੰਡ 'ਚ ਨੌਜੁਆਨ ਸਭਾ ਨਾ ਬਣਾਈ ਹੁੰਦੀ, ਤਾਂ ਮੈਂ ਸ਼ਾਇਦ ਲਿਖਣ ਦੇ ਰਾਹ ਏਨੀ ਸੰਜੀਦਗੀ ਨਾਲ ਨਾ ਤੁਰ ਸਕਦਾ। ਇਸ ਨੌਜੁਆਨ ਸਭਾ ਦੇ ਰਾਹੀਂ ਹੀ ਮੈਂ ਕਮਿਊਨਿਸਟ ਲਹਿਰ ਤੇ ਇਸ ਦੇ ਚਿੰਤਨ ਦੇ ਵੱਲ ਤੁਰ ਸਕਿਆ। ਕਮਿਊਨਿਸਟਾਂ ਨਾਲ ਸਰਗਰਮੀਆਂ ਕਰਦਿਆਂ ਆਪਣੇ ਇਲਾਕੇ ਬਚਵਾਹੀ, ਅਤੇ ਇਸ ਨਾਲ ਜੁੜਵੇਂ ਇਲਾਕਿਆ 'ਭਾਦਾ' ਤੇ 'ਮਣੀ' 'ਚ ਵਸੇ ਪਿੰਡਾਂ 'ਚੋਂ ਸ਼ਾਇਦ ਹੀ ਕੋਈ ਪਿੰਡ ਹੋਵੇ, ਜਿਸ 'ਚ ਉਨ੍ਹਾਂ ਲਹਿਰ 'ਚ ਸਰਗਰਮੀ ਵਾਲੇ ਦਸ ਬਾਰਾਂ ਸਾਲਾਂ ਦੌਰਾਨ ਨਾ ਘੁੰਮਿਆਂ ਹੋਵਾਂ। ਕਦੀ ਫੰਡ ਉਗਰਾਹੁਣ, ਕਦੀ ਝੰਡਾ ਮਾਰਚ ਕਰਦਿਆਂ ਜਾਂ ਜਲਸਿਆਂ-ਡਰਾਮਿਆਂ ਕਰਕੇ ਅਤੇ ਕਦੀ ਧਰਨਿਆਂ-ਰੈਲੀਆਂ ਦੇ ਸੁਨੇਹੇ ਇਧਰ ਉਧਰ ਲੈ ਕੇ ਜਾਂਦਿਆਂ। ਕਾਲਜ ਦੀ ਪੜ੍ਹਾਈ ਇੱਕ ਤਰ੍ਹਾਂ ਛੁੱਟਦੀ ਗਈ ਤੇ ਲਹਿਰ ਦਾ ਜਨੂੰਨ ਚੜ੍ਹਦਾ। ਪਰ ਇੱਕ ਕੰਮ ਮੈਂ ਬਿਲਕੁਲ ਨਾ ਛੁੱਟਣ ਦਿੱਤਾ, ਉਹ ਸੀ ਸਾਹਿਤ ਤੇ ਚਿੰਤਨ ਦੀਆਂ ਕਿਤਾਬਾਂ ਪੜਨੀਆਂ ਤੇ ਲਿਖਣਾ। ਕੋਈ ਨਾ ਕੋਈ ਕਿਤਾਬ ਸਦਾ ਹੀ ਮੇਰੇ ਮੋਢੇ ਨਾਲ ਲਟਕਦੇ ਝੋਲੇ 'ਚ ਜ਼ਰੂਰ ਹੁੰਦੀ, ਤੇ ਡਾਇਰੀ ਵੀ। ਜਦੋਂ ਰਤਾ ਵੀ ਵਿਹਲ ਲੱਗਦੀ, ਮੈਂ ਇਹਨਾਂ ਨੂੰ ਖੋਲ੍ਹ ਲੈਂਦਾ, ਹਾਲਾਂਕਿ ਨਾਲਦੇ ਕਾਮਰੇਡਾਂ ਕੋਲੋਂ ਇਸ ਲਈ ਮਜ਼ਾਕ ਦਾ ਕੇਂਦਰ ਵੀ ਬਣਨਾ ਪੈਂਦਾ, ਖਾਸ ਕਰਕੇ ਕਾਮਰੇਡ ਪਿਆਰਾ ਸਿੰਘ ਗੜ੍ਹੀ ਤੇ ਬਲਦੇਵ ਸਿੰਘ ਪੋਤਾ ਤਾਂ ਸਿੱਧੇ ਹੀ ਪੜ੍ਹਨ ਤੋਂ ਵਰਜਦੇ, "ਸਾਥੀ ਜੀ, ਅਮਲੀ ਕੰਮ ਅਸਲੀ ਮਹੱਤਵ ਰੱਖਦਾ...ਜੇ ਕਿਤਾਬਾਂ ਪੜ੍ਹਨ ਨਾਲ ਹੀ ਕੋਈ ਇਨਕਲਾਬੀ ਬਣ ਸਕਦਾ ਤਾਂ ਯੂਨੀਵਰਸਿਟੀਆਂ ਇਨਕਲਾਬੀਆਂ ਨਾਲ ਭਰੀਆਂ ਹੋਣੀਆਂ ਸੀ।" ਪਰ ਮੈਂ ਉਨ੍ਹਾਂ ਦੇ ਵਿਅੰਗਾਂ ਦੀ ਪਰਵਾਹ ਨਾ ਕਰਦਿਆਂ ਆਪਣੇ ਆਪ 'ਚ ਮਸਤ ਰਹਿੰਦਾ। ਮੈਂ ਸਮਝਦਾਂ, ਇਸ ਪੜਨ ਨੇ ਹੀ ਮੈਨੂੰ ਰਾਜਨੀਤੀ ਤੇ ਚਿੰਤਨ ਦੇ ਸੁਆਲਾਂ ਵੱਲ ਵਧੇਰੇ ਡੂੰਘਾਈ ਨਾਲ ਜਾਣ ਦੀ ਸਮਰੱਥਾ ਬਖਸ਼ੀ ਹੈ। 'ਬਹੁਤ ਸਾਰੇ ਚੁਰੱਸਤੇ' ਵਰਗਾ ਨਾਵਲ ਮੈਂ ਇਸ ਲਈ ਹੀ ਲਿਖ ਸਕਿਆ ਕਿ ਉਸ ਦੌਰ 'ਚ ਲਹਿਰ 'ਚ ਸਰਗਰਮੀ ਵੀ ਕੀਤੀ ਤੇ ਚਿੰਤਨ-ਮੰਥਨ ਵੀ ਕਰਦਾ ਰਿਹਾ ਹਾਂ।

**? ਸਾਹਿਤਕਾਰ ਹੋਣ ਦੀ ਪਛਾਣ ਕਦੋਂ ਬਣੀ ਅਤੇ ਕਿਹੜੀ ਰਚਨਾ ਨੇ ਬਣਾਈ।**

-ਸਾਹਿਤਕਾਰ ਹੋਣ ਦੀ ਮੇਰੀ ਮੁਢਲੀ ਪਛਾਣ ਹੋਰ ਤਰ੍ਹਾਂ ਬਣੀ ਹੈ। ਉਸ ਦੌਰ 'ਚ ਮੈਂ ਬਹੁਤਾ ਕਮਿਊਨਿਸਟ ਲਹਿਰ ਦੇ ਪ੍ਰਭਾਵ ਅਧੀਨ ਲਿਖਿਆਂ, ਸਿੱਧੇ ਨਾਹਰੇ ਵਾਲੀਆਂ ਕਹਾਣੀਆਂ, ਕਵਿਤਾਵਾਂ। ਸੰਨ 1976-77 ਤੋਂ 81-82 ਤੱਕ ਦਾ ਦੌਰ ਤਾਂ, ਇਹੋ ਜਿਹਾ ਦੌਰ ਹੈ, ਜਦੋਂ ਹਰ ਹਫ਼ਤੇ ਨਹੀਂ ਤਾਂ ਇੱਕ ਹਫ਼ਤਾ ਛੱਡ ਕੇ, ਮੇਰੀ ਕੋਈ ਨਾ ਕੋਈ ਕਵਿਤਾ, ਮਿੰਨੀ ਕਹਾਣੀ ਜਾਂ ਕਹਾਣੀ ਅਖ਼ਬਾਰਾਂ 'ਚ ਛਪਦੀ ਰਹੀ ਹੈ। ਸੰਨ 1979 ਅਤੇ 81 'ਚ ਮੇਰੇ ਦੋ ਨਾਵਲੈੱਟ 'ਜਦੋਂ ਦੇਸ਼ ਦੇ ਜੱਟ ਸਰਦਾਰ ਹੋਵੇ' ਅਤੇ 'ਪੰਜਾਬ ਦੀ ਲਲਕਾਰ' ਲੜੀਵਾਰ 'ਅਕਾਲੀ ਪੱਤਰਿਕਾ' 'ਚ ਛਪੇ। ਇਉਂ ਕਮਿਊਨਿਸਟ ਹਲਕਿਆਂ ਤੇ ਆਪਣੇ ਇਲਾਕੇ 'ਚ ਤਾਂ ਮੇਰੀ ਪਛਾਣ ਲੇਖਕ ਵਜੋਂ ਗੂੜ੍ਹੀ ਹੋ ਗਈ, ਭਾਵੇਂ ਸੰਜੀਦਾ ਸਾਹਿਤਕ ਹਲਕਿਆਂ 'ਚ ਕੋਈ ਗੱਲ ਨਾ ਬਣੀ। ਇਹ 81 ਤੋਂ ਬਾਅਦ ਹੀ ਬਣਨੀ ਸ਼ੁਰੂ ਹੋਈ ਜਦੋਂ ਮਾਸਿਕ 'ਸੰਪਰਕ' 'ਚ ਮੇਰੇ ਨਾਵਲੈਟ 'ਪੱਤਝੜ' ਤੇ 'ਜੰਗ ਜਾਰੀ ਹੈ' ਛਪੇ। 'ਨੀਲਮਣੀ' 'ਚ ਨਾਵਲੈਟ 'ਇੱਕ ਗੁਜਰ ਕੁੜੀ' ਛਪਿਆ ਤੇ ਨਵੰਬਰ 81 ਦੇ 'ਪ੍ਰੀਤਲੜੀ' 'ਚ 'ਟੁਕੜੇ ਟੁਕੜੇ ਸੰਸਕਾਰ' ਕਹਾਣੀ ਛਪੀ। 'ਸਿਰਜਣਾ' 'ਚ ਕਵਿਤਾਵਾਂ ਛਪਣ ਲੱਗੀਆਂ। ਸੰਨ 1982 'ਚ ਹੀ ਜਿੰਦਰ ਨਾਲ ਸਾਂਝਾ ਨਾਵਲੈਟ ਸੰਗ੍ਰਹਿ ਛਪਿਆ 'ਜੰਗ ਜਾਰੀ ਹੈ'। ਇਸ ਵਿੱਚ ਤਿੰਨ ਨਾਵਲੈੱਟ

ਹਨ, ਦੋ ਮੇਰੇ ਤੇ ਇੱਕ ਜਿੰਦਰ ਦਾ। ਜੇ ਸਹੀ ਮਾਅਨਿਆਂ 'ਚ ਪਛਾਣ ਬਣੀ ਤਾਂ ਇਸ ਪੁਸਤਕ ਰਾਹੀਂ ਹੀ ਬਣੀ ਹੈ। ਫਿਰ ਤਾਂ ਚੱਲ ਸੋ ਚਲ...ਇਹ ਸਫ਼ਰ ਅੱਜ ਵੀ ਜਾਰੀ ਹੈ।

**? ਜਲੰਧਰ ਵਸਣ ਦਾ ਸਬੱਬ ਕਿਵੇਂ ਬਣਿਆ।**

-ਪੜ੍ਹਾਈ ਵਿੱਚੇ ਹੀ ਛੱਡ ਕੇ ਮੈਂ ਕਮਿਊਨਿਸਟ ਲਹਿਰ 'ਚ ਸਰਗਰਮ ਹੋ ਗਿਆ ਸੀ। ਜਦੋਂ ਇਸ ਸਰਗਰਮੀ 'ਚੋਂ ਰਤਾ ਵਿਹਲ ਲੱਗਦੀ ਤਾਂ ਘਰਦਿਆਂ ਨਾਲ ਖੇਤੀ ਦਾ ਕੰਮ ਕਰਾ ਛੱਡਦਾ, ਨਾਲ ਲਿਖਦਾ ਪੜ੍ਹਦਾ ਰਹਿੰਦਾ। ਜਦੋਂ ਕਦੀ ਕਿਸੇ ਰੈਲੀ ਜਾਂ ਮੁਜ਼ਾਹਰੇ ਕਰਕੇ ਜਲੰਧਰ ਆਉਂਦਾ ਤਾਂ ਅਖ਼ਬਾਰਾਂ ਦੇ ਦਫ਼ਤਰਾਂ 'ਚ ਵੀ ਜ਼ਰੂਰ ਗੇੜਾ ਮਾਰਦਾ, ਖਾਸ ਕਰਕੇ 'ਲੋਕ ਲਹਿਰ', 'ਨਵਾਂ ਜ਼ਮਾਨਾ', 'ਅਜੀਤ', 'ਅਕਾਲੀ ਪੱਤਰਿਕਾ' 'ਚ। ਅਜਿਹੇ ਹੀ ਫੇਰੇ ਤੋਰੇ 'ਤੇ ਅਗਸਤ 1981 'ਚ ਜਲੰਧਰ ਆਇਆ 'ਲੋਕ ਲਹਿਰ' ਦੇ ਦਫ਼ਤਰ ਗਿਆ ਤਾਂ ਕਾਮਰੇਡ ਸੁਹੇਲ ਸਿੰਘ ਕਹਿੰਦੇ "ਤੂੰ ਪੜ੍ਹਦਾ ਲਿਖਦਾ ਤਾਂ ਹੈਂ ਹੀ...ਇਥੇ 'ਲੋਕ ਲਹਿਰ' 'ਚ ਆ ਜਾ।" ਮੇਰੇ ਲਈ ਇਹ ਬਹੁਤ ਵੱਡਾ ਸੁਪਨਾ ਸੀ। ਮੈਂ ਇਕਦਮ ਫੈਸਲਾ ਕਰ ਲਿਆ। ਘਰਦਿਆਂ ਦਾ ਬਹੁਤਾ ਦਖ਼ਲ ਮੇਰੀ ਜ਼ਿੰਦਗੀ 'ਚ ਸੀ ਨਹੀਂ, ਸੋ ਉਸੇ ਵੇਲੇ ਮੈਂ ਹਾਂ ਕਰ ਦਿੱਤੀ ਤੇ ਉਸ ਤੋਂ ਤੀਸਰੇ ਦਿਨ ਬਿਸਤਰਾ ਚੁੱਕ ਜਲੰਧਰ ਆ ਗਿਆ। ਇਥੇ ਭਾਈ ਰਤਨ ਸਿੰਘ ਬਿਲਡਿੰਗ 'ਚ ਰਹਿਣ ਲੱਗਾ, ਜਿਹੜੀ ਉਦੋਂ ਸੀ ਪੀ ਐਮ ਦਾ ਪੰਜਾਬ ਸੂਬਾ ਕਮੇਟੀ ਦਾ ਦਫ਼ਤਰ ਸੀ ਤੇ 9 ਕੁ ਵਜੇ 'ਲੋਕ ਲਹਿਰ' ਦੇ ਦਫ਼ਤਰ ਚਲਾ ਜਾਂਦਾ। ਉਥੋਂ 5 ਵਜੇ ਸ਼ਾਮੀ ਮੁੜ ਆਉਣਾ ਤੇ ਆ ਕੇ ਆਪਣੇ ਕਮਰੇ 'ਚ ਪੜ੍ਹਨਾ ਲਿਖਣਾ। ਇਥੇ ਦੋ ਕੁ ਸਾਲ ਰਿਹਾ ਜੁਲਾਈ 1983 ਤੱਕ। ਪੱਤਰਕਾਰਤਾ ਦੇ ਮੁਢਲੇ ਗੁਰ ਇਥੋਂ ਸਿੱਖੇ। ਫਿਰ ਕੁਝ ਮੱਤਭੇਦਾਂ ਕਰਕੇ 'ਲੋਕ ਲਹਿਰ' ਛੱਡ ਕੇ ਪਿੰਡ ਚਲਿਆ ਗਿਆ। ਪਿੰਡ ਜਾ ਕੇ ਮੁੜ ਉਹੀ ਕੰਮ। ਖੇਤੀ, ਕਮਿਊਨਿਸਟ ਲਹਿਰ 'ਚ ਸਰਗਰਮੀ ਤੇ ਪੜ੍ਹਨਾ-ਲਿਖਣਾ। ਸੰਨ 1989 ਦੇ ਮਈ ਦਿਵਸ 'ਤੇ, ਮੈਂ ਲੁਧਿਆਣੇ ਪੰਜਾਬੀ ਭਵਨ 'ਚ, ਪਲਸ ਮੰਚ ਦਾ ਸਾਰੀ ਰਾਤ ਦਾ ਨਾਟਕ ਮੇਲਾ ਦੇਖ ਕੇ ਮੁੜਦਿਆਂ ਅਗਲੇ ਦਿਨ ਜਲੰਧਰ 'ਨਵਾਂ ਜ਼ਮਾਨਾ' ਦੇ ਦਫ਼ਤਰ ਚਲਾ ਗਿਆ। ਇਥੋਂ ਉਦੋਂ ਨਿਊਜ਼ ਟੇਬਲ ਤੋਂ ਬਲਦੇਵ ਬਾਜਵਾ ਤਾਜ਼ਾ ਤਾਜ਼ਾ ਹੀ ਛੱਡ ਕੇ ਗਿਆ ਸੀ। ਉਥੇ ਚਾਹ ਪੀਂਦਿਆਂ ਰੇਸ਼ਮ, ਜ਼ੀਰਵੀ ਜੀ ਨੂੰ ਕਹਿਣ ਲੱਗਾ, "ਬੰਦਾ ਤਾਂ ਰੱਖਣਾ ਹੀ ਪੈਣਾ...ਬਾਜਵੇ ਦੀ ਥਾਂ ਪਰਵਾਨੇ ਨੂੰ ਰੱਖ ਲਓ।" ਜ਼ੀਰਵੀ ਜੀ ਕੁਝ ਦੇਰ ਚੁੱਪ ਰਹੇ। ਜਦੋਂ ਰੇਸ਼ਮ ਨੇ ਜ਼ੋਰ ਦੇ ਕੇ ਮੁੜ ਕਿਹਾ ਤਾਂ ਜ਼ੀਰਵੀ ਜੀ ਮੈਨੂੰ ਪੁੱਛਣ ਲੱਗੇ, "ਤੂੰ ਆ ਸਕਦਾ ਹੈਂ ਇਥੇ?"

"ਹਾਂ...ਪਰ ਮੈਂ ਵਿਚਾਰਧਾਰਕ ਤੌਰ 'ਤੇ ਅਜਕਲ ਨਕਸਲੀਆਂ ਦੇ ਕੁਝ ਨੇੜੇ ਹਾਂ।" ਮੈਂ ਆਪਣਾ ਸਪੱਸ਼ਟੀਕਰਨ ਦਿੱਤਾ, ਕਿਉਂਕਿ ਮੈਨੂੰ ਲੱਗਦਾ ਸੀ ਅਖ਼ਬਾਰ ਸੀ ਪੀ ਆਈ ਦਾ ਹੈ।

"ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ।" ਤੇ ਇਉਂ ਮੈਂ 'ਨਵਾਂ ਜ਼ਮਾਨਾਂ' ਦੇ ਸੰਪਾਦਕੀ ਸਟਾਫ਼ 'ਚ ਸ਼ਾਮਲ ਹੋ ਗਿਆ। ਉਦੋਂ ਸ਼ਾਇਦ ਸੱਤ ਜਾਂ ਅੱਠ ਮਈ ਸੀ, ਜਦੋਂ ਮੈਂ ਆ ਕੇ ਜੁਆਇੰਨ ਕੀਤਾ ਤੇ ਇਉਂ ਜਲੰਧਰ ਵਸਣ ਦੀ ਪੱਕੀ ਸ਼ੁਰੂਆਤ ਹੋਈ।

**? ਜਲੰਧਰ ਦਾ ਸਾਹਿਤਕ ਮਾਹੌਲ ਕਿਵੇਂ ਰਾਸ ਆਇਆ।**

-'ਨਵਾਂ ਜ਼ਮਾਨਾ' 'ਚ ਆਇਆ ਤਾਂ ਪਹਿਲੇ ਦੋ ਕੁ ਸਾਲ ਖ਼ਬਰਾਂ ਵਾਲੇ ਪਾਸੇ ਰਿਹਾ। 1991 ਦੇ ਅਖੀਰ 'ਚ ਮੈਂ ਸਪਤਾਹਿਕ ਮੈਗਜ਼ੀਨ ਵੱਲ ਆ ਗਿਆ। ਸਭ ਤੋਂ ਪਹਿਲਾਂ ਕਾਮਰੇਡ ਆਨੰਦ ਹੁਰਾਂ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਹੋਇਆ। ਮੁੱਖ ਸੰਪਾਦਕ ਹੁੰਦਿਆਂ ਵੀ ਉਹ ਆਪਣੀ ਗੱਲ ਠੋਸਦੇ ਨਹੀਂ ਸਨ, ਸਗੋਂ ਦਲੀਲ ਨਾਲ ਕਾਇਲ ਕਰਨ ਦੀ ਕੋਸ਼ਿਸ਼ ਕਰਦੇ। ਸਾਹਿਤਕ ਜਥੇਬੰਦੀਆਂ ਤੇ ਲੇਖਕਾਂ ਦੀਆਂ ਆਪਸੀ ਧੜੇਬੰਦੀਆ ਬਾਰੇ ਉਨ੍ਹਾਂ ਦੀ ਸਮਝ ਤੇ ਜਾਣਕਾਰੀ ਕਮਾਲ ਦੀ ਸੀ। ਉਨ੍ਹਾਂ ਤੋਂ ਮੈਂ ਆਪਣੇ ਆਪ 'ਤੇ ਭਰੋਸਾ ਕਰਨਾ ਤੇ ਦਲੀਲ ਦਾ ਲੜ ਕਦੀ ਨਾ ਛੱਡਣ ਦਾ ਵੱਲ ਸਿੱਖਿਆ। 1993 ਦੇ ਆਸ ਪਾਸ ਤੋਂ ਸੁਕੀਰਤ ਵੀ ਦਫ਼ਤਰ 'ਚ ਆਉਣ ਲੱਗਾ, ਫਿਰ ਤੁਸੀਂ ਵੀ। 1996-97 ਦੇ ਆਸਪਾਸ ਜਸ ਮੰਡ ਹੁਰੀਂ ਆਉਣ ਲੱਗੇ। ਸਾਹਿਤ, ਰਾਜਨੀਤੀ ਤੇ ਸਮਕਾਲ 'ਚ ਦਖ਼ਲ ਅੰਦਾਜ਼ੀ ਬਾਰੇ ਅਕਸਰ ਵਿਚਾਰ-ਵਟਾਂਦਰਾ, ਬਹਿਸਾਂ ਹੋਣ ਲੱਗੀਆਂ।



ਇਸ ਨਾਲ ਨਾ ਕੇਵਲ ਮੇਰੀ ਸਮਝ ਵਿਸ਼ਾਲ ਹੋਈ, ਸਗੋਂ ਦੂਸਰੇ ਦੇ ਦ੍ਰਿਸ਼ਟੀਕੋਣ ਨੂੰ ਉਸ ਦੇ ਨੁਕਤਾਨਿਗਾਹ ਤੋਂ ਵੀ ਸਮਝਣਾ ਸਿੱਖਿਆ। ਸਿਧਾਂਤ ਨੂੰ ਫਿੱਟ-ਚੌਖਟਿਆਂ 'ਚੋਂ ਕੱਢ ਕੇ ਸਮਕਾਲ ਦੀ ਪ੍ਰਸੰਗਿਕਤਾ ਦੇ ਸੰਦਰਭਾਂ 'ਚ ਸਮਝਣ ਦੇ ਰਾਹ ਤੁਰਿਆ। ਇਸ ਨਾਲ ਮੇਰੀਆਂ ਲਿਖਤਾਂ 'ਚ ਨਵੇਂ ਆਯਾਮ ਉਭਰਨ ਲੱਗੇ। ਸੰਨ 2000 ਦੇ ਆਸਪਾਸ ਤਸਕੀਨ, ਹਰਵਿੰਦਰ ਭੰਡਾਲ ਵੀ ਇਨ੍ਹਾਂ ਚਰਚਾਵਾਂ 'ਚ ਸ਼ਾਮਲ ਹੋਣ ਲੱਗੇ ਤੇ 2004-5 ਤੇ ਆਸ ਪਾਸ ਪ੍ਰੋ. ਕੁਲਵੰਤ ਸੰਧੂ ਵੀ। ਇਉਂ ਜਲੰਧਰ ਆਉਣਾ ਤੇ ਇੱਕ ਸੰਜੀਦਾ ਘੇਰੇ 'ਚ ਜੁੜ ਜਾਣਾ, ਮੇਰੇ ਲਈ ਬਹੁਤ ਲਾਹੇਵੰਦ ਸਾਬਤ ਹੋਇਆ ਹੈ।

**? ਕਿੰਨ੍ਹਾ ਸ਼ਖਸੀਅਤਾਂ ਨੇ ਤੁਹਾਡੇ ਨਿੱਜ ਅਤੇ ਸਾਹਿਤਕ ਦਿੱਖ ਨੂੰ ਨਖਾਰਿਆ।**

-ਸਭ ਤੋਂ ਪਹਿਲਾਂ ਤਾਂ ਹੈ ਪਿੰਡ ਵਾਲਾ ਕਾਮਰੇਡ ਬਲਬੀਰ ਗਿੱਲ ਤੇ ਨੌਜੁਆਨ ਸਭਾ। ਮੈਨੂੰ ਲੱਗਦਾ ਹੈ ਜੇ ਬਲਬੀਰ ਗਿੱਲ ਨੇ ਪਿੰਡ 'ਚ ਨੌਜੁਆਨ ਸਭਾ ਨਾ ਬਣਾਈ ਹੁੰਦੀ, ਕਮਿਊਨਿਸਟ ਲਹਿਰ ਨਾਲ ਨਾ ਜੁੜਦਾ ਤਾਂ ਸ਼ਾਇਦ ਮੈਂ ਲਿਖਣ ਦੇ ਰਾਹ ਵੀ ਅਗਾਂਹ ਨਾ ਵਧ ਸਕਦਾ। ਸਮਾਜੀ ਚੇਤਨਾ, ਰਾਜਨੀਤੀ ਤੇ ਫ਼ਲਸਫ਼ੇ ਦੇ ਮੁਢਲੇ ਸਬਕ ਮੈਂ ਪਿੰਡ 'ਚੋਂ ਹੀ ਲਏ। ਸ਼ਾਇਦ ਇਹ 1974-75 ਦੇ ਆਸ-ਪਾਸ ਦੀ ਗੱਲ ਹੈ ਕਿ ਸਾਡੇ ਪਿੰਡ ਕਾਮਰੇਡ ਭਾਗ ਸਿੰਘ ਸੱਜਣ ਨੇ ਇਤਿਹਾਸਕ ਪਦਾਰਥਵਾਦ ਬਾਰੇ ਤਿੰਨ ਦਿਨਾਂ ਦਾ ਸਟੱਡੀ ਸਰਕਲ ਲਾਇਆ। ਉਨ੍ਹਾਂ ਨੇ ਤਿੰਨ ਦਿਨ ਇਸ ਬਾਰੇ ਇੰਨਾ ਨਿੱਠ ਕੇ ਗੱਲ ਕੀਤੀ ਕਿ ਇਸਨੇ ਚੀਜ਼ਾਂ ਨੂੰ, ਵਰਤਾਰਿਆਂ ਨੂੰ ਡੂੰਘਾਈ ਨਾਲ ਸਮਝਣ ਦੇ ਰਾਹ ਤੋਰਿਆ। ਜੀਤ, ਸੁਦਾਗਰ ਭੌਂਦੀ, ਸੁਦਾਗਰ ਗੋਲੀ ਵਰਗੇ ਕਿੰਨੇ ਹੀ ਅਸੀਂ ਹਮਉਮਰ ਨਿੱਜ 'ਚ ਵੀ ਦੋਸਤ ਸਾਂ ਤੇ ਕਮਿਊਨਿਸਟ ਲਹਿਰ 'ਚ ਵੀ ਡੱਟ ਕੇ ਨਾਲ-ਨਾਲ ਖੜੋਤੇ। ਬਾਪ ਦੀ ਸ਼ਰਾਬ ਤੇ ਐਬਾਂ ਕਰਕੇ ਜਿਹੋ ਜਿਹੀ ਘਰ ਦੀ ਹਾਲਤ ਹੋ ਚੁੱਕੀ ਸੀ, ਜੇ ਇਹ ਦੋਸਤ ਡੱਟ ਕੇ ਮੇਰੇ ਨਾਲ ਨਾ ਖੜੋਂਦੇ ਤਾਂ ਸ਼ਾਇਦ ਕਈ ਤਰ੍ਹਾਂ ਦੀਆਂ ਫਰੱਸਟ੍ਰੇਸ਼ਨਾਂ ਦਾ ਸ਼ਿਕਾਰ ਹੋ ਕੇ ਕਿਸੇ ਪਾਸੇ ਭਟਕ ਹੀ ਜਾਂਦਾ।

ਪਿੱਛੋਂ ਆ ਕੇ 1985-86 ਤਲਵਾੜੇ ਡੈਮੋਕਰੈਟਿਕ ਪੀਪਲਜ਼ ਫਰੰਟ ਨਾਲ ਜੁੜ ਗਿਆ। ਇਹ ਅਸਲ 'ਚ ਸੰਵਾਦ ਦਾ ਖੁੱਲਾ ਮੰਚ ਸੀ ਜਿਸ ਦੀ ਅਗਵਾਈ ਸੁਖਦਰਸ਼ਨ ਨੱਤ ਕਰ ਰਿਹਾ ਸੀ। ਇਸ ਦੀਆਂ ਸਾਰੀ ਸਾਰੀ ਰਾਤ ਦੀਆਂ ਚਰਚਾਵਾ ਨੇ ਮੇਰੀ ਸਮਝ ਨਿਖਾਰਨ 'ਚ ਵੱਡੀ ਭੂਮਿਕਾ ਅਦਾ ਕੀਤੀ। ਮਹੀਨੇ 'ਚ ਦੋ ਤਿੰਨ ਵਾਰੀ ਤਾਂ ਅਕਸਰ ਅਜਿਹੇ ਸੰਵਾਦ ਹੁੰਦੇ ਹੀ ਸਨ।

ਅਖਬਾਰ 'ਚ ਆ ਕੇ ਨਾ ਕੇਵਲ ਆਨੰਦ ਜੀ ਨਾਲ ਦਫ਼ਤਰ 'ਚ ਸੰਬੰਧ ਬੜੇ ਸੁਖਾਵੇਂ ਰਹੇ, ਸਗੋਂ ਨਿੱਜ 'ਚ ਵੀ ਦੋਸਤਾਂ ਵਰਗੇ ਬਣ ਗਏ ਸਨ। ਉਨ੍ਹਾਂ ਨੇ ਜਿਵੇਂ ਮੈਨੂੰ ਕੰਮ ਕਰਨ ਦੀ ਖੁੱਲ ਦਿੱਤੀ ਤੇ ਨਿੱਜੀ ਜ਼ਿੰਦਗੀ 'ਚ ਵੀ ਮੇਰੇ ਨਾਲ ਹੋਣ ਦਾ ਅਹਿਸਾਸ ਕਰਾਇਆ, ਉਸ ਨੇ ਮੈਨੂੰ ਬਹੁਤ ਹੌਂਸਲਾ ਦਿੱਤਾ। ਫਿਰ ਤੁਸੀਂ, ਸੁਕੀਰਤ, ਜਸ ਮੰਡ, ਕੁਲਵੰਤ ਸੰਧੂ, ਤਸਕੀਨ...ਇੱਕ ਅਜਿਹਾ ਘੇਰਾ ਹੈ ਜਿਸ ਨੇ ਹਰ ਮੋੜ 'ਤੇ ਨਵੀਂ ਸਮਝ, ਚਿੰਤਨ ਦਾ ਨਵਾਂ ਦਿਸਹੱਦਾ ਸਪੱਸ਼ਟ ਕੀਤਾ ਹੈ ।

**? ਪਰਵਾਰ ਦਾ ਹੁਣ ਦਾ ਯੋਗਦਾਨ (ਸਿਰਜਣਾਤਮਕ ਅਮਲ ਵਿੱਚ)।**

-ਕੋਈ ਖਾਸ ਨਹੀਂ। ਬੀਵੀ ਦਲਜਿੰਦਰ ਮੇਰੀਆਂ ਰਚਨਾਵਾਂ ਪੜ੍ਹਦੀ ਤਾਂ ਹੈ ਪਰ ਉਸ ਨੂੰ ਇਹਨਾਂ ਵਿਚਲੀ ਸੁਰ ਪਸੰਦ ਨਹੀਂ। ਉਸ ਨੂੰ ਲੱਗਦਾ ਹੈ ਕਿ ਸਾਹਿਤ ਤਾਂ ਸਦਾਚਾਰ ਦਾ ਉਪਦੇਸ਼ ਦੇਣ ਵਰਗੀ ਕੋਈ ਲਿਖਤ ਹੁੰਦੀ ਹੈ। ਉਹ ਸ਼ਰੇਆਮ ਮੇਰੀਆਂ ਲਿਖਤਾਂ ਨੂੰ 'ਅਸ਼ਲੀਲ' ਗਰਦਾਨਦੀ ਹੈ। ਬੇਟੇ ਨੇ ਕਦੀ ਕੋਈ ਲਿਖਤ ਪੜ੍ਹੀ ਨਹੀਂ ਹਾਲਾਂਕਿ ਮੇਰੀ ਇੱਛਾ ਹੁੰਦੀ ਹੈ ਕਿ ਉਹ ਪੜ੍ਹੇ। ਉਸ ਨੂੰ ਸਾਹਿਤ 'ਚ ਉੱਕੀ ਹੀ ਕੋਈ ਦਿਲਚਸਪੀ ਨਹੀਂ।

**? ਬਹੁਤੇ ਲੇਖਕ ਕਵਿਤਾ ਤੋਂ ਸ਼ੁਰੂ ਕਰਦੇ ਹਨ। ਤੁਹਾਡਾ 1982 ਵਿੱਚ 'ਜੰਗ ਜਾਰੀ ਹੈ' ਨਾਵਲਿਟ ਛਪਦਾ ਹੈ। ਕੀ ਮੁੱਢਲੇ ਅਹਿਸਾਸਾਂ ਦੇ ਪ੍ਰਗਟਾਵੇ ਲਈ ਇਹ ਠੀਕ ਸੀ?**

-ਮੈਂ ਆਪਣੇ ਲਿਖਣ ਦੀ ਸ਼ੁਰੂਆਤ ਨੌਵੀਂ 'ਚ ਪੜ੍ਹਦੇ ਸਮੇਂ ਤੋਂ ਮੰਨਦਾ ਹਾਂ। ਪਹਿਲਾਂ-ਪਹਿਲਾਂ ਕਵਿਤਾਵਾਂ

ਤੇ ਮਿੰਨੀ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਦਸਵੀਂ ਦਾ ਇਮਤਿਹਾਨ ਦੇ ਕੇ ਇੱਕ ਨਾਵਲ ਵੀ ਲਿਖਿਆ, ਕਹਾਣੀਆਂ ਵੀ ਲਿਖਦਾ ਰਿਹਾ ਤੇ 1975 ਕੁ ਤੋਂ ਨਾਵਲੈੱਟ ਵੀ। 1982 'ਚ ਜਿਹੜਾ ਨਾਵਲੈੱਟ ਸੰਗ੍ਰਹਿ 'ਜੰਗ ਜਾਰੀ' ਹੈ ਛਪਦਾ ਹੈ, ਇਹ ਅਸਲ 'ਚ ਇਸ ਦੌਰ ਦੇ ਹੀ ਲਿਖੇ ਹੋਏ ਹਨ। ਉਦੋਂ ਮੇਰੇ ਕੋਲ ਵਿਹਲ ਬਹੁਤ ਸੀ, ਤੇ ਇਹ ਵਿਹਲ ਬਹੁਤੀ ਲਿਖਣ ਪੜਨ 'ਚ ਹੀ ਲਾਉਂਦਾ ਸਾਂ। ਸਭ ਤੋਂ ਵੱਧ ਪਰ ਇਸ ਦੌਰ 'ਚ ਕਵਿਤਾ ਲਿਖੀ, ਭਾਵੇਂ ਇਸ 'ਚੋਂ ਪਿੱਛੋਂ ਆ ਕੇ ਸ਼ਾਇਦ ਦੋ ਚਾਰ ਹੀ ਹੋਣਗੀਆਂ, ਜਿਹੜੀਆਂ, 1984 'ਚ ਆਪਣੇ ਪਹਿਲੇ ਛਪੇ ਕਵਿਤਾ ਸੰਗ੍ਰਹਿ 'ਉਹਨਾਂ ਨੇ ਆਖਿਆ ਸੀ' ਵਿੱਚ ਸ਼ਾਮਲ ਕੀਤੀਆਂ।

**? ਤੁਹਾਡੇ ਨਾਵਲਿੱਟਾਂ 'ਜੰਗਲ ਕਦੀ ਸੌਂਦਾ ਨਹੀਂ', 'ਬੇਗਾਨੇ ਪਿੰਡ ਦੀ ਜੂਹ' ਵਿੱਚ ਥੁੜਾਂ ਮਾਰੀ ਛੋਟੀ ਕਿਸਾਨੀ ਦਾ ਚਿੱਤਰ ਆਰਥਿਕ ਸੰਕਟ ਤੱਕ ਹੀ ਸੀਮਤ ਕਿਉਂ ਸੀ।**

-ਇਹ ਮੇਰੀ ਉਸ ਵੇਲੇ ਦੀ ਸਮਾਜ ਤੇ ਰਿਸ਼ਤਿਆਂ ਨੂੰ ਸਮਝਣ ਦੀ ਸੀਮਾ ਸੀ ਤੇ ਅਧਿਐਨ ਦੀ ਵੀ। ਸਭ ਤੋਂ ਵੱਡੀ ਗੱਲ, ਜਦੋਂ ਮੈਂ ਇਹ ਨਾਵਲੈੱਟ ਲਿਖੇ, ਕਮਿਊਨਿਸਟ ਲਹਿਰ 'ਚ ਪੂਰੀ ਤਰ੍ਹਾਂ ਸਰਗਰਮ ਸਾਂ। ਮੈਨੂੰ ਹਰ ਤਬਦੀਲੀ ਕਮਿਊਨਿਸਟ ਲਹਿਰ ਨਾਲ ਜੁੜਕੇ ਹੀ ਸਮਝ ਆਉਂਦੀ ਸੀ, ਜਿਸ ਦੇ ਪਿੱਛੇ ਆਰਥਿਕਤਾ ਮੁਖ ਸੀ। ਮੇਰੇ ਆਸੇ-ਪਾਸੇ ਵਿਚਰਨ ਵਾਲੇ ਆਗੂ ਤੇ ਸਾਹਿਤ-ਸਭੀਏ ਲੇਖਕ ਅਕਸਰ ਹੀ ਇਹਨਾਂ ਗੱਲਾਂ 'ਤੇ ਜ਼ੋਰ ਦਿੰਦੇ; ਸੰਘਰਸ਼ ਤੇ ਵਿਕਾਸ। ਸੋ ਇਹ ਮੇਰੀ ਉਸ ਵੇਲੇ ਦੇ ਘੇਰੇ ਦੀ ਸੀਮਾ ਸੀ। ਹੋਰ ਵੀ ਵੱਡੀ ਗੱਲ ਕਿ ਮੈਂ ਗਰੀਬ ਕਿਸਾਨੀ ਨੂੰ ਬੜਾ ਨੇੜਿਓਂ ਜਾਣਦਾ ਸਾਂ। ਇੱਕ ਤਾਂ ਆਪ ਇਸ ਵਰਗ 'ਚੋਂ ਹੋਣ ਕਰਕੇ; ਤੇ ਨਾਲੇ ਲਹਿਰ ਵੀ ਬਹੁਤੀ ਇਸ ਵਰਗ 'ਚ ਹੀ ਸੀ, ਬਿਆਸ ਦਰਿਆ ਦੇ ਮੰਡ ਦੇ ਆਬਾਦਕਾਰਾਂ 'ਚ। ਇਸ ਜ਼ਿੰਦਗੀ ਦੀਆਂ ਮੁਸ਼ਕਲਾਂ ਮੈਨੂੰ ਟੁੰਬਦੀਆਂ ਤੇ ਇਹਨਾਂ ਨੂੰ ਮੈਂ ਸ਼ਬਦਾਂ ਦੀ ਜ਼ੁਬਾਨ ਦਿੰਦਾ। ਕਦੀ ਮੁਜ਼ਾਰਾ ਲਹਿਰ ਵੀ ਇਸ ਇਲਾਕੇ 'ਚ ਬੜੀ ਸ਼ਕਤੀਸ਼ਾਲੀ ਰਹੀ ਸੀ।

**? ਫਿਰ ਇੱਕਦਮ 'ਭੂਰਿਆਂ ਵਾਲੇ' ਵਿਚ ਇਤਿਹਾਸਕ ਪਰਿਪੇਖ ਕਿਵੇਂ ਪ੍ਰਵੇਸ਼ ਕਰ ਗਿਆ।**

-'ਭੂਰਿਆਂ ਵਾਲੇ' ਭਾਵੇਂ ਕਿਤਾਬੀ ਰੂਪ 'ਚ ਬਾਅਦ 'ਚ ਛਪਿਆ, ਉਂਜ ਇਹ ਲਿਖੇ 1976-77 ਦੇ ਆਸਪਾਸ ਦੇ ਹੀ ਹਨ। ਇਹ ਇਤਿਹਾਸਕ ਨਾਵਲੈੱਟ ਲਿਖਣ ਦਾ ਇਤਫ਼ਾਕ ਇਹ ਹੈ ਕਿ ਮੇਰਾ ਬਾਬਾ ਸ਼ਰਧਾਲੂ ਸਿੱਖ ਸੀ। ਨੇਮ ਨਾਲ ਗੁਰਦੁਆਰੇ ਜਾਣਾ, ਘਰ 'ਚ ਵੀ ਸਵੇਰੇ ਸ਼ਾਮ ਜਾਂ ਜਦੋਂ ਸਮਾਂ ਲੱਗੇ, ਬਾਣੀ ਦਾ ਪਾਠ ਕਰਨਾ। ਸਿੱਖੀ ਉਸ ਦੀ ਜੀਵਨ-ਜਾਂਚ 'ਚ ਸ਼ਾਮਲ ਸੀ। ਛੋਟੇ ਹੁੰਦਿਆਂ ਉਹ ਅਕਸਰ ਰਾਤ ਨੂੰ, ਸਾਨੂੰ ਬੱਚਿਆਂ ਨੂੰ ਸਿੱਖ ਇਤਿਹਾਸ 'ਚੋਂ ਸਾਖੀਆਂ, ਸ਼ਹੀਦੀ ਬਿਰਤਾਂਤ ਸੁਣਾਉਂਦਾ। ਸੈਦੋਵਾਲ, ਗੁਨੋਪੁਰ ਬਿਆਸ ਦਰਿਆ ਤੋਂ ਪਾਰ ਲਹਿੰਦੇ ਪਾਸੇ ਨੇੜੇ ਹੀ ਸਨ, ਨੁਸ਼ੈਹਰਾ ਪੱਤਣ ਵਾਲਾ ਬੇੜੀਆ ਦਾ ਪੁਲ ਟੱਪ ਕੇ। ਉਧਰ ਸਾਡੀਆਂ ਕਈ ਰਿਸ਼ਤੇਦਾਰੀਆਂ ਵੀ ਸਨ। ਇੱਕ ਵਾਰ ਮੈਂ ਗੁਰਦੁਆਰਾ ਛੋਟਾ ਘੱਲੂਘਾਰਾ ਵੀ ਦੇਖਿਆ। ਉਸ ਦੇ ਆਸ-ਪਾਸ ਛੰਭ, ਦਲਦਲ ਦੀ ਉਦੋਂ ਅਜੇ ਕੁਝ ਛਿੱਟਪੁਟ ਬਾਕੀ ਸੀ। ਸੋ ਬਾਬੇ ਤੋਂ ਸੁਣੀਆਂ ਸਿੱਖ ਇਤਿਹਾਸ ਦੀਆਂ ਬਾਤਾਂ ਤੇ ਉਸ ਇਲਾਕੇ ਦੇ ਦੇਖੇ ਧਰਾਤਲ ਨੂੰ ਆਧਾਰ ਬਣਾ ਕੇ ਇਹ ਦੋ ਨਾਵਲੈਟ ਲਿਖੇ ਸਨ।

**? ਨਾਵਲਿੱਟ ਦੀ ਵਿਧਾ ਕਿਉਂ ਅਪਨਾਈ, ਜਦ ਕਿ ਪੰਜਾਬੀ ਵਿੱਚ ਨਾਵਲਿੱਟ ਤਾਂ ਸਨ ਪ੍ਰੰਤੂ ਇਹ ਭਾਰੂ ਅਤੇ ਪ੍ਰਵਾਨਤ ਵਿਧਾ ਕਦੇ ਨਹੀਂ ਰਹੀ।**

-1972 'ਚ ਸ. ਬਰਜਿੰਦਰ ਸਿੰਘ ਹਮਦਰਦ ਨੇ ਪਰਚਾ ਕੱਢਿਆ 'ਦ੍ਰਿਸ਼ਟੀ'। ਮੈਂ ਉਸ ਵੇਲੇ ਕਾਲਜ 'ਚ ਨਵਾਂ ਨਵਾਂ ਗਿਆ ਸਾਂ ਤੇ ਇਸ ਦੇ ਪਹਿਲੇ ਅੰਕ ਤੋਂ, 1978 'ਚ ਇਸ ਦੇ ਬੰਦ ਹੋਣ ਤੱਕ, ਇਸਦਾ ਪਾਠਕ ਰਿਹਾ। ਇਸ ਪਰਚੇ ਦੀ ਉਦੋਂ ਬੜੀ ਧਾਂਕ ਸੀ। ਇਸ ਦੇ ਹਰ ਅੰਕ 'ਚ ਨਵਾਂ ਨਾਵਲੈੱਟ ਛਪਦਾ। ਪ੍ਰਗਟ ਸਿੰਘ ਸਿੱਧੂ ਦਾ 'ਪ੍ਰੀਤੋ', ਪਾਕਿਸਤਾਨੀ ਲੇਖਕ ਸਲੀਮ ਖਾਂ ਗਿੰਮੀ ਦਾ 'ਸਾਂਝ', ਜਸਬੀਰ ਭੁੱਲਰ ਦਾ 'ਚਾਬੀ ਵਾਲੇ ਖਿਡੌਣੇ', ਨਰਿੰਜਣ ਤਸਨੀਮ ਦਾ 'ਇੱਕ ਹੋਰ ਨਵਾਂ ਸਾਲ' ਮੈਂ ਇਸ ਵਿੱਚ ਹੀ ਪਹਿਲੀ ਵਾਰ ਪੜੇ, ਜਿਹੜੇ ਪਿੱਛੋਂ ਬੜੇ ਚਰਚਿਤ ਹੋਏ। ਇਹ ਨਾਵਲੈੱਟ ਪੜ੍ਹਦਿਆਂ ਮੇਰੇ ਮਨ 'ਚ ਇੱਕ ਖਾਕਾ ਜਿਹਾ ਉਸਰਦਾ ਗਿਆ



ਕਿ ਨਾਵਲੈੱਟ ਇੰਜ ਦਾ ਹੁੰਦਾ ਹੈ... ਮੈਂ ਕਹਾਣੀਆਂ, ਕਵਿਤਾਵਾਂ ਦੇ ਨਾਲ ਇਹ ਵੀ ਲਿਖਣੇ ਸ਼ੁਰੂ ਕਰ ਦਿੱਤੇ। ਕੁਝ ਸ਼ਾਇਦ ਇਸ ਲਈ ਵੀ ਕਿ ਵੱਡਾ ਨਾਵਲ ਲਿਖਣ ਜੋਗੀ ਸਮਝ ਨਹੀਂ ਸੀ, ਅਧਿਐਨ ਨਹੀਂ ਸੀ ਤੇ ਨਾ ਹੀ ਸਮਾਜ ਦਾ ਬਹੁਪਰਤੀ ਅਧਿਐਨ...ਮੈਂ ਉਦੋਂ ਦਸ ਬਾਰਾਂ ਨਾਵਲੈੱਟ ਲਿਖੇ ਸਨ।

**? ਫਿਰ 'ਗਾਥਾ ਇੱਕ ਪਿੰਡ ਦੀ' ਕਹਾਣੀ ਸੰਗ੍ਰਹਿ 1996 ਵਿੱਚ ਆ ਗਿਆ। ਇਹਨਾਂ ਸੰਜਮੀ ਫ਼ਰੇਮਾਂ ਨੂੰ ਅਪਨਾਉਣ ਦਾ ਕਾਰਨ; ਅਨੁਭਵ ਦੀ ਘਾਟ, ਵੱਡੇ ਵਿਸ਼ੇ ਨੂੰ ਹੱਥ ਪਾਉਣ ਦੀ ਝਿਜਕ ਜਾਂ ਛੋਟੇ ਛੋਟੇ ਦਾਇਰਿਆਂ ਤੋਂ ਬਾਹਰ ਨਿਕਲਣ ਦਾ ਹੌਸਲਾ ਨਾ ਕਰਨਾ?**

-'ਗਾਥਾ ਇੱਕ ਪਿੰਡ ਦੀ' ਵਿਚਲੀਆਂ ਕਹਾਣੀਆਂ 1980 ਤੋਂ 95 ਦੇ ਵਿਚਾਲੇ ਦੇ ਸਮੇਂ ਦੀਆਂ ਲਿਖੀਆਂ ਹੋਈਆਂ ਹਨ। ਇਸ ਵਿਚਲੀ 'ਟੁਕੜੇ ਟੁਕੜੇ ਸੰਸਕਾਰ' 'ਪ੍ਰੀਤਲੜੀ' ਦੇ ਨਵੰਬਰ 81 ਅੰਕ ਵਿੱਚ ਛਪੀ ਸੀ। ਇਸ ਤੋਂ ਪਹਿਲਾਂ ਦੀਆਂ ਕਹਾਣੀਆਂ ਮੈਂ ਆਪ ਹੀ ਰੱਦ ਕਰ ਦਿੱਤੀਆਂ, ਸਗੋਂ 1980 ਤੋਂ 95 ਤੱਕ ਦੀਆਂ ਕਹਾਣੀਆਂ 'ਚੋਂ ਵੀ ਚੁਣ ਕੇ, ਜਿਹੜੀਆਂ ਕੁਝ ਠੀਕ ਲੱਗੀਆਂ, ਇਸ ਸੰਗ੍ਰਹਿ 'ਚ ਸ਼ਾਮਲ ਕਰ ਲਈਆਂ ਤੇ ਬਾਕੀ ਪਾੜ ਕੇ ਰੱਦੀ ਦੀ ਟੋਕਰੀ 'ਚ ਸੁੱਟ ਦਿੱਤੀਆਂ। ਮੈਨੂੰ ਲੱਗਦਾ ਹੈ ਲੇਖਕ 'ਚ, ਆਪਣੀਆਂ ਰਚਨਾਵਾਂ ਨੂੰ ਇੱਕ ਵਿੱਥ ਤੋਂ ਦੇਖ ਕੇ, ਉਨ੍ਹਾਂ ਨੂੰ ਰੱਦ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ। ਇਹ ਕਹਾਣੀਆਂ ਮੇਰੇ ਮੁਢਲੇ ਦੌਰ ਦੀਆਂ ਕਹਾਣੀਆਂ ਹਨ, ਜਿਨ੍ਹਾਂ 'ਚ ਆਪਣੀ ਗੱਲ ਕਹਿਣ 'ਤੇ ਵੱਧ ਜ਼ੋਰ ਹੈ। ਕੁਝ ਅਨੁਭਵ ਦੀ ਘਾਟ ਵੀ ਤੇ ਕੁਝ ਗੱਲ ਬੁਣਨ ਦੀ ਸਮਰੱਥਾ ਦੀ ਘਾਟ ਵੀ ਹੈ।

**? 1980-82 ਤੋਂ ਲੈ ਕੇ ਲੱਗਭੱਗ 2000 ਤੱਕ ਤੁਹਾਡੇ ਸਿਰਜਣੀ ਵਰਤਾਰੇ ਵਿੱਚ ਆਰਥਿਕਤਾ ਭਾਰੂ ਰਹੀ, ਜਿਸ ਪਿੱਛੇ ਰੂੜ ਹੋ ਚੁੱਕਾ ਮਾਰਕਸਵਾਦੀ ਸੂਝ ਮਾਡਲ ਕੇਂਦਰ ਵਿੱਚ ਹੈ। ਇਸ ਵਿਚਾਰਧਾਰਕ ਕੱਟੜਤਾ ਦੇ ਕਾਰਨ।**

-ਮਾਰਕਸਵਾਦ ਤਾਂ ਹੁਣ ਵੀ ਮੇਰੀਆਂ ਰਚਨਾਵਾਂ ਦੇ ਕੇਂਦਰ ਵਿੱਚ ਹੈ, ਪਰ ਉਸ ਦੌਰ ਵਿੱਚ ਮਾਰਕਸਵਾਦ ਦੀ ਸਤਹੀ ਸਮਝ ਸੀ। ਮਾਰਕਸਵਾਦ ਮੇਰੇ ਲਈ ਜ਼ਿੰਦਗੀ ਦੇ ਸਮੁੱਚ ਦਾ ਦਰਸ਼ਨ ਨਹੀਂ ਸੀ ਉਦੋਂ, ਤੇ ਨਾ ਹੀ ਜੀਊਣ ਦਾ ਸਲੀਕਾ, ਜਿਸ ਨੇ ਖਪਤਵਾਦੀ ਮਨੁੱਖ ਦੇ ਬਦਲ 'ਚ ਇੱਕ ਨਵਾਂ ਮਨੁੱਖ ਸਿਰਜਣਾ ਹੈ, ਵਿਕਾਸ ਦਾ ਬਦਲਵਾਂ ਮਾਡਲ ਉਸਾਰਨਾ ਹੈ। ਮੇਰੇ ਲਈ ਆਰਥਕ ਨਾ-ਬਰਾਬਰੀ ਤੇ ਉਸ ਖਿਲਾਫ਼ ਸੰਘਰਸ਼ ਦੀ ਸਿੱਧੜ ਜਿਹੀ ਫਾਰਮੂਲੇਸ਼ਨ ਪ੍ਰਮੁੱਖ ਸੀ। ਇਹ ਸਮਝ ਨਹੀਂ ਸੀ ਕਿ ਪੂੰਜੀਵਾਦ ਦੇ ਆਧਾਰ ਮੌਜੂਦਾ ਜੀਊਣ-ਸਲੀਕੇ ਤੇ ਸਮਕਾਲੀ ਪਰਵਾਰ ਦੇ ਮਾਡਲ ਵਿੱਚ ਮੌਜੂਦ ਹਨ। ਇਕ ਕਾਰਨ ਇਹ ਵੀ ਸੀ ਕਿ ਮੇਰੇ ਆਸੇ ਪਾਸੇ ਵਿਚਰਨ ਵਾਲੇ ਬਹੁਤੇ ਲੋਕ ਇਸੇ ਸਮਝ ਦੇ ਸਨ ਤੇ ਇਹਨਾਂ ਤੋਂ ਬਾਹਰ ਜਾ ਕੇ ਕੋਈ ਗੱਲ ਕਰਨੀ ਸੋਧਵਾਦੀ ਹੋਣਾ ਜਾਂ ਪੂੰਜੀਵਾਦ ਦੇ ਹਿਮਾਇਤੀ ਹੋਣਾ ਸਮਝ ਲਿਆ ਜਾਂਦਾ। ਇਸ ਦੇ ਬਾਵਜੂਦ ਇਸ ਦੌਰ 'ਚ ਮੇਰੀਆਂ ਲਿਖੀਆਂ ਕਹਾਣੀਆਂ, ਨਾਵਲੈੱਟਾਂ 'ਚ ਉਨ੍ਹਾਂ ਵਰਤਾਰਿਆਂ ਦੇ ਸੰਕੇਤ ਜ਼ਰੂਰ ਹਨ ਜਿਨ੍ਹਾਂ ਨੇ ਪਿੱਛੋਂ ਆ ਕੇ ਮੇਰੀਆਂ ਰਚਨਾਵਾਂ 'ਚ ਕੇਂਦਰੀ ਸਥਾਨ ਗ੍ਰਹਿਣ ਕੀਤਾ। ਉਦੋਂ ਵੀ ਮੈਨੂੰ ਇਹ ਤਾਂ ਲੱਗਦਾ ਸੀ ਕਿ ਕਮਿਊਨਿਸਟ ਪਾਰਟੀਆਂ ਜਿਸ ਤਰ੍ਹਾਂ ਦੇ ਮਾਰਕਸਵਾਦੀ ਮਾਡਲ ਨੂੰ ਲੈ ਕੇ ਤੁਰ ਰਹੀਆਂ ਹਨ, ਉਹ ਮਾਰਕਸਵਾਦ ਦੀ ਮੂਲ ਸੁਰ ਤੋਂ ਦੂਰ ਹੈ।

**? 2000 ਤੋਂ ਬਾਅਦ ਤੁਹਾਡੀ ਸੂਝ ਅਤੇ ਸਰੋਕਾਰਾਂ ਵਿੱਚ ਤਬਦੀਲੀ ਆਉਂਦੀ ਹੈ। ਆਰਥਿਕਤਾ ਨਾਲ ਕਾਮੁਕਤਾ ਉਭਰਨ ਲੱਗਦੀ ਹੈ। ਕਹਾਣੀ ਦੇ ਖੇਤਰ ਵਿੱਚ 'ਧੂੰਆਂ' ਅਤੇ 'ਅਚਾਨਕ ਸਾਹਮਣੇ' ਦੀਆਂ ਕਹਾਣੀਆਂ, ਕਵਿਤਾ ਵਿੱਚ 'ਵਰਜਣਾ ਤੋਂ ਪਾਰ' ਅਤੇ 'ਵਾ-ਵਰੋਲਿਆਂ 'ਚ ਘਿਰੀ ਹੋਂਦ' ਦੀ ਕਵਿਤਾ। ਇਸ ਤਬਦੀਲੀ ਦੇ ਕਾਰਨ।**

-ਕਾਮੁਕਤਾ ਤਾਂ ਪਹਿਲਾਂ ਵੀ ਸੀ ਜਿਸ ਦੌਰ ਦੀ ਤੁਸੀਂ ਪਹਿਲਾਂ ਗੱਲ ਕੀਤੀ ਹੈ। ਹਾਂ, ਪਿੱਛੋਂ ਆ ਕੇ ਇਸ ਬਾਰੇ ਮੇਰੇ ਦ੍ਰਿਸ਼ਟੀਕੋਣ 'ਚ ਸਪੱਸ਼ਟਤਾ ਆਉਂਦੀ ਹੈ। ਮੇਰੀਆਂ ਪਹਿਲੀਆਂ ਰਚਨਾਵਾਂ 'ਚ ਕਾਮੁਕਤਾ ਦਾ ਵਰਨਣ ਤਾਂ ਹੈ ਪਰ ਉਸ ਵਿੱਚ ਇਸ ਨੂੰ ਸਮਾਜਕ ਵਿਕਾਸ, ਤੇ ਇਸ ਵਿਕਾਸ ਮਾਡਲ ਦੇ ਵਰਤਾਰਿਆਂ

ਨਾਲ ਜੋੜ ਕੇ ਨਹੀਂ ਦੇਖਿਆ ਜਾ ਰਿਹਾ, ਜਦੋਂ ਕਿ ਪਿੱਛੋਂ ਆ ਕੇ ਸਮਝ ਬਣੀ ਕਿ ਇਹ ਮਨੁੱਖਤਾ ਦਾ ਮੂਲ ਸਰੋਕਾਰ ਹੈ ਤੇ ਇਸ ਨੂੰ ਸਮਾਜਕ ਪੱਧਰ ਜਾਂ ਗਰੀਬੀ ਅਮੀਰੀ ਨਾਲੋਂ ਕੁਝ ਕੁ ਤੋੜ ਕੇ ਵੇਖਿਆ ਜਾਣਾ ਚਾਹੀਦਾ ਹੈ। ਇਸ ਦਾ ਸੰਬੰਧ ਬਦਲ ਰਹੇ ਸਮਾਜ ਨਾਲ ਵੀ ਹੈ। ਜਿਉਂ ਹੀ ਸਮਾਜਕ ਸਥਿਤੀ ’ਚ ਤਬਦੀਲੀ ਆਉਂਦੀ ਹੈ, ਜੀਉਣ ਦੇ ਸਲੀਕਾ-ਦ੍ਰਿਸ਼ਟੀਕੋਣ ’ਚ ਵੀ ਤਬਦੀਲੀ ਆਉਂਦੀ ਹੈ। ਅਸ਼ਲੀਲਤਾ ਦੇ ਮਿਆਰ ਸਦਾ ਇੱਕ ਨਹੀਂ ਰਹੇ, ਨਾ ਭਵਿੱਖ ’ਚ ਅੱਜ ਵਾਲੇ ਰਹਿਣਗੇ। ਨਿਰੋਧਕ ਸਾਧਨਾਂ ਦੇ ਆਉਣ, ਔਰਤ ਦੇ ਆਰਥਕ ਤੌਰ ’ਤੇ ਸਵੈ ਨਿਰਭਰ ਹੋਣ ਤੇ ਭਾਈਚਾਰਕ ਸਾਂਝਾ ਟੁੱਟਣ ਕਾਰਨ ਦੇਹਿਕ ਸੰਬੰਧਾਂ ਬਾਰੇ ਦ੍ਰਿਸ਼ਟੀਕੋਣ ਵੀ ਬਹੁਤ ਹੱਦ ਤੱਕ ਬਦਲ ਚੁੱਕਾ ਹੈ। ਵਿਆਹ-ਬਾਹਰੇ ਜਾਂ ਵਿਆਹ ਤੋਂ ਪਹਿਲਾਂ ਦੇਹਿਕ ਸੰਬੰਧ, ਜਿਹੜੇ ਕਦੀ ਕਲੰਕ ਮੰਨੇ ਜਾਂਦੇ ਸਨ, ਉਹ ਸਹਿਜ ਸਵੀਕਾਰੀ ਬਣ ਰਹੇ ਹਨ। ‘ਧੂੰਆਂ’ ‘ਅਚਾਨਕ ਸਾਹਮਣੇ’ ਦੀਆਂ ਕਹਾਣੀਆਂ ਇਸ ਸੰਕ੍ਰਾਤੀ ਦੇ ਦੌਰ ਦੀ ਕਥਾ ਕਹਿੰਦੀਆਂ ਹਨ। ਇਹ ਵਰਤਾਰਾ ਦਿਨੋ ਦਿਨ ਆਮ ਤੋਂ ਆਮ ਬਣਦਾ ਜਾ ਰਿਹਾ ਹੈ। ਇਸ ਦੌਰ ਦੀਆਂ ਕਵਿਤਾਵਾਂ ’ਚ ਇਸ ਬਦਲ ਰਹੇ ਵਰਤਾਰੇ ਦਾ ਚਿਤਰਣ ਹੈ। ਅਸਲ ’ਚ ਜਲੰਧਰ ਆ ਕੇ ਦੋਸਤਾਂ-ਮਿੱਤਰਾਂ ਦਾ ਘੇਰਾ ਅਜਿਹਾ ਬਣ ਗਿਆ, ਜਿਸ ਵਿੱਚ ਅਕਸਰ ਜੀਉਣ ਦੇ ਨਵੇਂ ਉਭਰ ਰਹੇ ਵਰਤਾਰਿਆ ਤੇ ਉਨ੍ਹਾਂ ਦੇ ਪਿਛੋਕੜ ਦੇ ਆਧਾਰਾਂ ਬਾਰੇ ਚਰਚਾ ਹੁੰਦੀ ਰਹਿੰਦੀ ਹੈ।

**? ਇਹਨਾਂ ਕਹਾਣੀਆਂ ਅਤੇ ਕਵਿਤਾਵਾਂ ਦੇ ਸਰੋਕਾਰ ਹੀ ਨਹੀਂ ਬਦਲਦੇ, ਸਗੋਂ ਸਮਾਜਕ ਵਰਗ ਅਤੇ ਭਾਸ਼ਾਈ ਪੈਨਰਨ ਵੀ ਬਦਲਦੇ ਹਨ। ਪੁਰਾਣਾ ਲੇਖਕ ਪਰਵਾਨਾ ਇੱਕ ਦਮ ਨਵੇਂ ਰੂਪ ਵਿੱਚ ਕਿਵੇਂ ਪ੍ਰਗਟ ਹੁੰਦਾ ਹੈ।**

-ਇਸ ਦੌਰ ’ਚ ਮੈਂ ਨਵੇਂ ਵਰਤਾਰਿਆ ਨੂੰ ਸਮਝਣ ਹਿੱਤ ਸੁਚੇਤ ਕੋਸ਼ਿਸ਼ ਵੀ ਕੀਤੀ ਹੈ। ਭਾਰਤੀ ਇਤਿਹਾਸ, ਮਿਥਿਹਾਸ ਨੂੰ ਪੜ੍ਹਨ ਦੇ ਨਾਲ-ਨਾਲ ਸੰਸਾਰ ਪੱਧਰ ’ਤੇ ਆ ਰਹੇ ਸਮਕਾਲੀ ਚਿੰਤਨ ਦਾ ਅਧਿਐਨ ਕਰਨ ਦੀ ਕੋਸ਼ਿਸ਼ ਵੀ ਕਰਦਾ ਹਾਂ ਤੇ ਨਵੇਂ ਆ ਰਹੇ ਸਾਹਿਤ ਦਾ ਵੀ। ਰਿਗਵੇਦ, ਬਾਲਮੀਕਿ ਰਮਾਇਣ, ਭਾਰਤ ਦੇ ਹੋਰ ਆਦਿ-ਗਰੰਥਾਂ ਦੇ ਹਿੰਦੀ ਅਨੁਵਾਦ ਪੜ੍ਹਨ ਦੇ ਨਾਲ ਨਾਲ ਦੇਬੀਪ੍ਰਸਾਦਿ ਚੱਟੋਪਾਧਿਆਏ, ਰਾਮ ਸਰਨ ਸ਼ਰਮਾ, ਰੋਮੀਲਾ ਥਾਪਰ, ਇਰਫ਼ਾਨ ਹਬੀਬ, ਅਰੁੰਧਤੀ ਰਾਇ ਦੀਆਂ ਲਿਖਤਾਂ ਨਿੱਠ ਕੇ ਪੜ੍ਹੀਆਂ ਹਨ। ਮਿਹਨਤ ਕਰਕੇ ਅੰਗਰੇਜ਼ੀ ਭਾਸ਼ਾ ’ਚ ਮੁਹਾਰਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਕੋਸ਼ਿਸ਼ ਹੁੰਦੀ ਹੈ ਕਿ ਇਸ ਭਾਸ਼ਾ ’ਚ ਕਿਸੇ ਲਿਖਤ ਨੂੰ, ਮੂਲ ਰੂਪ ’ਚ ਪੜ੍ਹਿਆ ਜਾਵੇ। ਇਸ ਨਾਲ ਮੇਰੀ ਸੋਚ ’ਚ ਵੱਡੀ ਤਬਦੀਲੀ ਆਈ ਤੇ ਇਸਨੇ ਅਗਾਂਹ ਮੇਰੀ ਲਿਖਤ ਤੇ ਉਸ ਦੇ ਭਾਸ਼ਾ ਪੈਟਰਨ ਨੂੰ ਵੀ ਪ੍ਰਭਾਵਿਤ ਕੀਤਾ ਹੈ। ਕਦੀ ਮੇਰੀ ਗਲਪ ਦੀ ਭਾਸ਼ਾ ’ਚ ਵੀ ਕਾਵਿਕਤਾ ਭਾਰੂ ਹੁੰਦੀ ਸੀ। ਸ਼ਬਦਾਂ ਦੇ ਮੋਹ ਕਾਰਨ ਹੀ ਕਈ ਵਾਰ ਬਿਰਤਾਂਤ ਵਧਾਈ ਜਾਂਦਾ ਸਾਂ ਪਰ ਅੱਜ ਉਹ ਨਜ਼ਰੀਆ ਬਦਲ ਗਿਆ ਹੈ। ਮੈਨੂੰ ਲੱਗਦਾ ਸ਼ਬਦ ਬਹੁਤ ਮਹੱਤਵਪੂਰਨ ਹੁੰਦਾ। ਉਸ ਨੂੰ ਉਸ ਦੇ ਭਾਵੁਕ ਮੋਹ ਜਾਂ ਸੁਰ ਕਾਰਨ ਵਰਤਣ ’ਤੇ ਉਸ ਦੇ ਅਰਥ ਬਦਲ ਜਾਂਦੇ ਹਨ ਜਾਂ ਕਈ ਵਾਰ ਗਾਇਬ ਵੀ ਹੋ ਜਾਂਦੇ ਹਨ।

**? ਤੁਹਾਡੇ ਨਾਵਲਿੱਟਾਂ ਦੀ ਬਿਰਤਾਂਤ ਵਿਧੀ ਅਨਯ-ਪੁਰਖੀ ਬਿਰਤਾਂਤ ਵਿਧੀ ਹੈ। ਇਸ ਬਿਰਤਾਂਤ ਦੇ ਕੇਂਦਰ ਵਿੱਚ ਆਰਥਿਕਤਾ ਭਾਰੂ ਹੈ, ਪ੍ਰੰਤੂ ਕਾਮੁਕ ਵਿਹਾਰ ਦੇ ਸੰਕਟ ਦੇ ਕੇਂਦਰ ਵਿੱਚ ਮੈਂ-ਮੂਲਕ ਬਿਰਤਾਂਤ ਵਿਧੀ ਕਿਉਂ ਭਾਰੂ ਹੋ ਜਾਂਦੀ ਹੈ।**

-ਇਸ ਬਾਰੇ ਮੈਂ ਬਹੁਤਾ ਸਪੱਸ਼ਟ ਨਹੀਂ। ਮੇਰੇ ਮਨ ’ਚ ਤਾਂ ਪਹਿਲਾਂ ਵਿਸ਼ਾ ਹੁੰਦਾ ਹੈ ਜਾਂ ਕੋਈ ਘਟਨਾ, ਜਿਸ ਬਾਰੇ ਲਿਖਣਾ ਹੁੰਦਾ ਹੈ। ਵਿਧਾ ਜਾਂ ਉਸ ਦੇ ਪ੍ਰਗਟਾ ਦਾ ਮਾਧਿਅਮ ਉਹ ਕਹਿਣ ਵਾਲੀ ਗੱਲ ਹੀ ਨਿਸ਼ਚਿਤ ਕਰਦੀ ਹੈ। ਇੱਕ ਹੋਰ ਵੀ ਮਹੱਤਵਪੂਰਨ ਗੱਲ ਹੈ ਕਿ ਮੈਂ ਵਿਸ਼ਿਆਂ ਬਾਰੇ ਜਾਂ ਵਿਧਾ ਬਾਰੇ ਸੁਚੇਤ ਰੂਪ ’ਚ ਸਿਖਣ ਦੀ ਬਜਾਏ ਅਚੇਤ ਬਹੁਤਾ ਸਿਖਿਆ ਹੈ। ਸੱਤਵੀਂ, ਅੱਠਵੀਂ ਤੋਂ ਸਾਹਿਤ ਪੜ੍ਹਨ ਦੇ ਰਾਹ ਪੈ ਗਿਆ ਸੀ। ਉਦੋਂ ਬਹੁਤੇ ਰੂਸੀ ਸਾਹਿਤ ਦਾ ਅਨੁਵਾਦ ਪੜ੍ਹਿਆ। ਉਨ੍ਹਾਂ ਰਚਨਾਵਾਂ ਖ਼ਾਸ ਕਰਕੇ ਟਾਲਸਟਾਏ,



ਤੁਰਗਨੇਵ, ਪੁਸ਼ਕਿਨ, ਗੋਰਕੀ, ਦੀਆਂ ਰਚਨਾਵਾਂ ਪੜ੍ਹਦਿਆਂ ਜਿਹੋ ਜਿਹਾ ਚਿੱਤਰ ਉਹ ਆਪਣੇ ਸਮਾਜ ਦਾ ਚਿਤਰਦੇ ਸਨ, ਮੈਨੂੰ ਲੱਗਦਾ, ਇਹ ਤਾਂ ਸਾਡੇ ਆਸਪਾਸ ਦੀ ਵੀ ਗੱਲ ਹੈ। ਇਹੋ ਜਿਹਾ ਚਿਤਰਣ ਤਾਂ ਸਾਡੇ ਲੋਕਾਂ ਦਾ ਵੀ ਹੋਣਾ ਚਾਹੀਦਾ, ਸਾਡੇ ਪਿੰਡਾਂ ਦੀ ਵੀ ਗੱਲ ਤੁਰਨੀ ਚਾਹੀਦੀ ਹੈ। ਸੋ ਮੇਰੇ ਲਿਖਣ ਦੇ ਪਹਿਲੇ ਯਤਨ ਇਸ ਚਾਹਤ ’ਚੋਂ ਨਿਕਲੇ। ਕਹਾਣੀ, ਨਾਵਲੈੱਟ ਜਾਂ ਨਾਵਲ ਕਿਹੋ ਜਿਹਾ ਹੁੰਦਾ ਹੈ ਜਾਂ ਇਹਨਾਂ ’ਚ ਵਿਧਾਗਤ ਕੀ ਫ਼ਰਕ ਹੁੰਦਾ ਹੈ, ਇਹ ਮੈਂ ਇਹਨਾਂ ਰਚਨਾਵਾਂ ’ਚੋਂ ਅਨੁਭਵ ਨਾਲ ਬਹੁਤਾ ਸਿੱਖਿਆ। ਦੂਸਰਾ ਕਾਰਨ ਇਹ ਲੱਗਦਾ ਹੈ ਕਿ ਮੈਂ-ਮੂਲਕ ਬਿਰਤਾਂਤ ’ਚ ਲੇਖਕ ਪਾਤਰ ਦੇ ਅੰਦਰਲੀ ਗੱਲ ਵਧੇਰੇ ਖੁੱਲ ਨਾਲ ਚਿਤਰ ਸਕਦਾ ਹੈ, ‘ਮੈਂ’ ਕਿਉਂਕਿ ਆਪਣੇ ਬਾਰੇ ’ਚ ਵਧ ਜਾਣਦਾ ਹੁੰਦਾ । ਪਰ ਜੇ ਬਿਰਤਾਂਤ ‘ਅਨਯ-ਪੁਰਖੀ’ ਹੈ ਤਾਂ ਪਾਤਰ ਦੇ ਅੰਦਰਲੇ ’ਤੇ ਬਹੁਤਾ ਜ਼ੋਰ ਨਹੀਂ ਦਿੱਤਾ ਜਾ ਸਕਦਾ। ਉਸ ’ਚ ਉਥੋਂ ਤੱਕ ਹੀ ਜਾਇਆ ਜਾ ਸਕਦਾ, ਜਿਥੋਂ ਤੱਕ ਸਮਾਜਕ ਪਰਿਵੇਸ਼ ਜਾਂ ਦੂਸਰੇ ਪਾਤਰਾਂ ’ਚੋਂ ਉੱਭਰ ਕੇ ਉਸ ਦੀ ਸਖਸ਼ੀਅਤ ਬਣਦੀ ਹੈ। ਹਰ ਵਿਧੀ ਤੇ ਵਿਧਾ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨਾਲੋਂ-ਨਾਲ ਚਲਦੀਆਂ ਹਨ।

**? ਤੁਹਾਡੇ ਬਿਰਤਾਂਤ ਦੇ ਕੇਂਦਰ ਵਿੱਚ ਇਕਦਮ ਖੱਬੇ ਪੱਖੀ ਰਾਜਸੀ ਜੀਵਨ-ਜਾਂਚ ਦਾ ਆਲੋਚਨਾਤਮਕ ਰੂਪ ਕਿਉਂ ਆ ਜਾਂਦਾ ਹੈ ਜਿਵੇਂ ਪਿਤਾ, ‘ਬੰਦ ਗੇਟ ਅਤੇ ਵਿਚਾਰਾ ਇਨਕਲਾਬ’ ਅਤੇ ‘ਦੀਨ ਕੇ ਹੇਤੁ’ ਵਿੱਚ।**

-ਕਮਿਊਨਿਸਟ ਲਹਿਰ ਮੇਰੀ ਹੋਸ਼ ਸੰਭਾਲਣ ਤੋਂ ਲੈ ਕੇ ਮੇਰੀ ਜੀਵਨ ਜਾਚ ਦਾ ਹਿੱਸਾ ਬਣੀ ਹੋਈ ਹੈ। ਸੱਤਵੀਂ ਅੱਠਵੀਂ ’ਚ ਪੜ ਰਿਹਾ ਸਾਂ, ਜਦੋਂ ਸਾਡੇ ਪਿੰਡ ’ਚ ਲਹਿਰ ਦੀ ਹੋਂਦ ਧੜਕਣ ਲੱਗੀ। ਦਸਵੀਂ ਤੱਕ ਪੁਜਦਿਆਂ ਖ਼ੁਦ ਇਸ ’ਚ ਸਰਗਰਮ ਹੋ ਗਿਆ। ਜਥੇਬੰਦਕ ਤੌਰ ’ਤੇ ਵੀ, ਤੇ ਇਸ ਦਾ ਸਾਹਿਤ-ਚਿੰਤਨ ਪੜ੍ਹਨ ਦਾ ਵੀ ਉਦੋਂ ਤੋਂ ਹੀ ਵਿਦਿਆਰਥੀ ਹਾਂ। ਇਸ ਪੜਨ-ਚਿੰਤਨ ਨੇ ਹੌਲੀ ਹੌਲੀ ਮੇਰੇ ਮਨ ’ਚ ਇਸ ਦੇ ਜਥੇਬੰਦਕ ਰੂਪ ਤੇ ਨੀਤੀਆਂ ਬਾਰੇ ਸ਼ੰਕੇ ਉਤਪੰਨ ਕਰਨੇ ਸ਼ੁਰੂ ਕਰ ਦਿੱਤੇ। ਮੈਨੂੰ 1985 ਜਾਂ 86 ਦੀ ਗੱਲ ਚੇਤੇ ਹੈ। ਸਾਡੇ ਇਲਾਕੇ ’ਚ ਇੱਕ ਜ਼ਮੀਨੀ ਝਗੜੇ ਨੂੰ ਲੈ ਕੇ ਪਾਰਟੀ ਨੇ ਮੋਰਚਾ ਸ਼ੁਰੂ ਕਰ ਲਿਆ। ਉਸ ’ਚ ਗਲ ਤਿੱਖੇ ਟਕਰਾਅ ਤੱਕ ਜਾ ਪਹੁੰਚੀ, ਮਾਰਕੁਟ ਤਾਂ ਹੋਈ ਹੀ, ਅਗਾਂਹ ਕਤਲ ਤੱਕ ਦੀਆਂ ਸੰਭਾਵਨਾਵਾਂ ਵੀ ਬਣ ਗਈਆਂ ਸਨ। ਉਹ ਅਸਲ ’ਚ ਸ਼ਰੀਕੇਬਾਜੀ ਦਾ ਝਗੜਾ ਸੀ। ਉਸ ਸ਼ਰੀਕੇ ’ਚੋਂ ਇੱਕ ਜੀਅ ਕਾਮਰੇਡ ਸੀ। ਅਸੀਂ ਕਾਮਰੇਡ ਨਾਲ ਸਾਂ। ਪਰ ਇਸ ਬਾਰੇ ਮੇਰੇ ਮਨ ’ਚ, ਅਤੇ ਕੁਝ ਹੋਰ ਕਾਮਰੇਡਾਂ ਦੇ ਮਨ ’ਚ ਸ਼ੰਕਾ ਸੀ ਕਿ ਅਸੀਂ ਐਵੇਂ ਹੀ ਪਰਿਵਾਰਕ ਝਗੜੇ ’ਚ ਪਾਰਟੀ ਨੂੰ ਝੋਕ ਰਹੇ ਹਾਂ। ਇਹ ਸ਼ਾਇਦ ਇਸ ਲਈ ਹੋਇਆ ਕਿ ਇਲਾਕੇ ’ਚ ਸਾਡੇ ਇੱਕ ਆਗੂ ਨਾਲ ਕਾਮਰੇਡ ਦੀ ਕੁਝ ਪਰਿਵਾਰਿਕ ਨੇੜਤਾ ਸੀ। ਇਸ ਧਰਨੇ ’ਤੇ ਬੈਠਿਆਂ ਮੈਂ ਆਪਣੇ ਸ਼ੰਕੇ ਕਾਮਰੇਡ ਬਲਦੇਵ ਸਿੰਘ ਪੋਤੇ ਨਾਲ ਸਾਂਝੇ ਕੀਤੇ ਤਾਂ ਉਸ ਦਾ ਜੁਆਬ ਸੀ, “ਜਦੋਂ ਲੜਾਈ ਚੱਲ ਰਹੀ ਹੋਵੇ ਤਾਂ ਸਿਪਾਹੀ ਦਾ ਕੰਮ ਹੁੰਦਾ ਹੈ ਲੜਨਾ... ਕਿੰਤੂਆਂ-ਪ੍ਰੰਤੂਆਂ ਨਾਲ ਲੜਾਈਆਂ ਨਹੀਂ ਜਿਤੀਆਂ ਜਾ ਸਕਦੀਆਂ।” ਅਜਿਹੀਆਂ ਗੱਲਾਂ ਮੈਨੂੰ ਲਹਿਰ ਬਾਰੇ ਡੂੰਘਾਈ ਨਾਲ ਵਿਚਾਰਨ ਦੇ ਰਾਹ ਲੈ ਗਈਆਂ। ਮੈਨੂੰ ਲੱਗਣ ਲੱਗਾ, ਅਸੀਂ ਆਪਣੀਆਂ ਗ਼ਲਤੀਆਂ ਕਰਕੇ ਗ਼ਲਤ ਰਾਹ ’ਤੇ ਤੁਰੇ ਜਾ ਰਹੇ ਹਾਂ।

ਇਸਦਾ ਇੱਕ ਕਾਰਨ ਇਹ ਵੀ ਬਣਿਆ ਕਿ ਮਈ 1989 ’ਚ ਮੈਂ ‘ਨਵਾਂ ਜ਼ਮਾਨਾ’ ’ਚ ਆ ਗਿਆ। ਜਥੇਬੰਦਕ ਸਰਗਰਮੀ ਨੂੰ ਦੂਰ ਤੋਂ ਦੇਖਣ ’ਤੇ ਇਸ ਦੀਆਂ ਘਾਟਾਂ ਕੁਝ ਵਧੇਰੇ ਸਪੱਸ਼ਟ ਹੋਣ ਲੱਗੀਆਂ। ਇਸ ਬਾਰੇ ਮੈਂ 1999 ’ਚ ਕਹਾਣੀ ਲਿਖੀ ‘ਆਪਨੜੈ ਗਿਰਿਵਾਨ ਮਹਿ’। ਇਹ ‘ਆਰਸੀ’ ਫਰਵਰੀ 2000 ਦੇ ਅੰਕ ’ਚ ਛਪੀ ਤਾਂ ਮੈਨੂੰ ਇਸ ਦਾ ਬੜਾ ਸਾਰਥਕ ਹੁੰਗਾਰਾ ਮਿਲਿਆ। ਲਹਿਰ ਨਾਲ ਜੁੜੇ ਹੋਏ ਕਈ ਸੰਜੀਦਾ ਚਿੰਤਕਾਂ ਨੇ ਵੀ ਜਦੋਂ ਇਸ ਦੀ ਪ੍ਰਸੰਸਾ ਕੀਤੀ ਤਾਂ ਮੈਨੂੰ ਮਹਿਸੂਸ ਹੋਇਆ, ਮੇਰੇ ਵਾਂਗ ਸੋਚਣ ਵਾਲੇ ਹੋਰ ਵੀ ਬਹੁਤ ਲੋਕ ਹਨ। ਫਿਰ ਮੈਂ ‘ਦੀਨ ਕੇ ਹੇਤੁ’, ‘ਕਾਮਰੇਡ ਮਿਹਰ ਸਿੰਘ ਦੀ ਵਿਰਾਸਤ’, ‘ਪਿਤਾ’, “ਬੰਦ ਗੇਟ ਤੇ ਵਿਚਾਰਾ ਇਨਕਲਾਬ’ ਆਦਿ ਕਈ ਕਹਾਣੀਆਂ ਲਿਖੀਆਂ, ਜਿੰਨਾਂ ਨੂੰ ਤਸਕੀਨ ਨੇ

'ਸਰਗਮ ਵਿਹੂਣੇ ਸਾਜ਼' 'ਚ ਇਕੱਠੀਆਂ ਕਰਕੇ, ਲੰਮੀ ਭੂਮਿਕਾ ਸਮੇਤ 2012 ਛਾਪਿਆ।

**? ਮਿੰਨੀ ਕਹਾਣੀ, ਕਹਾਣੀ, ਨਾਵਲੈੱਟ ਤੋਂ ਨਾਵਲੀ-ਵਿਧਾ ਵੱਲ ਆਉਣ ਦੇ ਕਾਰਨ।**

-ਅਸਲ 'ਚ ਮੇਰੇ ਅੰਦਰ ਸਮਕਾਲ ਨੂੰ ਪੇਸ਼ ਕਰਨ ਦੀ ਸ਼ਿਦਤ ਤੜਪ ਦੀ ਹੱਦ ਤੱਕ ਹੈ। ਪਰ ਸਿਰਫ਼ ਪੇਸ਼ਕਾਰੀ ਨਹੀਂ, ਇਸ ਨੂੰ ਇਸ ਦੇ ਅਤੀਤ ਤੇ ਭਵਿੱਖ ਦੀਆਂ ਸੰਭਾਵਨਾਵਾਂ ਦੇ ਸੰਦਰਭਾਂ 'ਚ ਰੱਖਕੇ। ਮਿੰਨੀ ਕਹਾਣੀ ਜਾਂ ਕਹਾਣੀ 'ਚ ਤੁਸੀਂ ਸਮਕਾਲ ਦੇ ਕਿਸੇ ਇੱਕ ਜਾਂ ਦੂਸਰੇ ਪਾਸਾਰ ਬਾਰੇ ਤਾਂ ਗੱਲ ਕਰ ਸਕਦੇ ਹੋ, ਪਰ ਸਮੇਂ ਦੀ ਗਤੀ ਦੇ ਸੰਦਰਭ 'ਚ ਨਹੀਂ ਫੜ੍ਹ ਸਕਦੇ। ਸ਼ਾਇਦ ਇਹ ਮੇਰੀ ਸੀਮਾ ਵੀ ਹੈ। ਨਾਵਲੈੱਟ ਤਾਂ ਪਿਛਲੇ ਲੱਗਭੱਗ ਤਿੰਨ ਦਹਾਕਿਆਂ ਤੋਂ ਲਿਖਿਆ ਨਹੀਂ... ਨਾਵਲ 'ਚ ਮੈਂ ਆਪਣੇ ਮਨ ਅੰਦਰਲੇ ਸੁਪਨ-ਸੰਸਾਰ ਅਨੁਸਾਰ ਕੁਝ ਹੱਦ ਤੱਕ ਸਮਕਾਲ ਨੂੰ ਫੜ ਸਕਿਆ ਹਾਂ। 'ਬਹੁਤ ਸਾਰੇ ਚੁਰੱਸਤੇ' ਵਿੱਚ ਜਿਵੇਂ ਲੱਗਭੱਗ ਪੌਣੀ ਸਦੀ ਦੇ ਪੰਜਾਬ ਦੇ ਵਿਕਾਸ ਤੇ ਬਦਲਦੀ ਹੋਈ ਜ਼ਿੰਦਗੀ ਨੂੰ ਫੜਿਆ ਹੈ, ਉਹ ਮਿੰਨੀ ਕਹਾਣੀ ਜਾਂ ਕਹਾਣੀ 'ਚ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਸੀ। ਮੈਨੂੰ ਲੱਗਦਾ, ਅੱਜ ਦੀ ਪੇਚੀਦਾ ਹੋਈ ਜਾ ਰਹੀ ਜ਼ਿੰਦਗੀ ਨੂੰ ਪੇਸ਼ ਕਰਨ ਦੇ ਨਾਵਲ ਹੀ ਵਧੇਰੇ ਸਮਰੱਥ ਤੇ ਯੋਗ ਵਿਧਾ ਹੈ।

**? ਨਿੱਕੇ ਨਿੱਕੇ ਯੁੱਧ' (2008) ਲਿਖਣ ਤੋਂ ਬਾਅਦ ਇਹ ਕਦੋਂ ਮਹਿਸੂਸ ਹੋਇਆ ਕਿ ਇਹਨਾਂ ਪਾਤਰਾਂ ਦੀ ਕਥਾ ਅੱਗੇ ਤੁਰਨੀ ਚਾਹੀਦੀ ਹੈ।**

-ਇਸ ਨਾਵਲ ਦੇ ਆਖ਼ਰੀ ਪਰੂਫ਼ ਪੜ ਰਿਹਾ ਸਾਂ ਤਾਂ ਮੈਂ ਇਹ ਖਰੜਾ ਜਸ ਮੰਡ ਹੁਰਾਂ ਨੂੰ ਪੜ੍ਹਾਇਆ। ਮੈਂ ਸਦਾ ਹੀ ਆਪਣੀ ਲਿਖਤ ਛਪਣ ਤੋਂ ਪਹਿਲਾਂ ਆਪਣੇ ਕੁਝ ਦੋਸਤਾਂ ਨੂੰ ਪੜ੍ਹਾ ਲੈਂਦਾ ਹਾਂ, ਤੇ ਉਨ੍ਹਾਂ ਦੇ ਸੁਝਾਅ ਸੰਭਵ ਹੱਦ ਤੱਕ ਮੰਨ ਵੀ ਲੈਂਦਾ ਹਾਂ। ਡਾਕਟਰ ਮੰਡ ਨੇ ਖਰੜਾ ਪੜਿਆ ਤਾਂ ਉਨ੍ਹਾਂ ਦੀ ਟਿੱਪਣੀ ਸੀ: "ਇਸ ਦਾ ਅੰਤ ਕੁਝ ਵਧੇਰੇ ਹੀ ਸੁਖਾਂਤ ਹੋ ਗਿਆ ਹੈ? ਕੀ ਜ਼ਿੰਦਗੀ 'ਚ ਏਨਾ ਸੁਖਾਂਤ ਹੈ?" ਉਨ੍ਹਾਂ ਦੀ ਗੱਲ ਮੈਨੂੰ ਜਚ ਗਈ। ਇਸ ਟਿਪਣੀ ਦੇ ਸੰਦਰਭ 'ਚ ਨਾਵਲ ਨੂੰ ਦੇਖਿਆ ਤਾਂ ਮੈਨੂੰ ਇਸ ਵਿੱਚ ਕਿਸੇ ਤਬਦੀਲੀ ਦੀ ਸੰਭਾਵਨਾ ਨਾ ਦਿੱਸੇ। ਫਿਰ ਮੈਂ ਇਸ ਸੰਦਰਭ 'ਚ ਇਸਦਾ ਅਗਲਾ ਭਾਗ ਲਿਖਣ ਵਾਸਤੇ ਵਿਚਾਰਨ ਲੱਗਾ। ਛੇਤੀ ਹੀ ਇਸ ਦੇ ਅਗਲੇ ਭਾਗ 'ਆਪਣੇ ਆਪਣੇ ਮੋਰਚੇ' ਦੀ ਰੂਪ ਰੇਖਾ ਉਲੀਕ ਲਈ, ਜਿਸ ਵਿੱਚ ਜਗਵਿੰਦਰ ਦੀ ਸਥਾਪਤੀ ਨਾਲ ਟੱਕਰ ਤੇ ਉਸ ਦੇ ਟੁੱਟਣ ਦੀ ਗਾਥਾ ਹੈ। ਇਸ ਵਿੱਚ ਨਾ ਕੇਵਲ ਪਾਰਟੀ ਉਸ ਨੂੰ ਆਪਣੇ ਜਥੇਬੰਦਕ ਘੇਰੇ 'ਚੋਂ ਬਾਹਰ ਕਰ ਦਿੰਦੀ ਹੈ, ਉਹ ਆਪਣੇ ਕਿੱਤੇ 'ਚੋਂ ਵੀ ਬਾਹਰ ਹੋ ਜਾਂਦਾ ਹੈ। ਉਸ ਦਾ ਘਰ ਵੀ ਟੁੱਟ ਜਾਂਦਾ।

ਇਹ ਭਾਗ ਲਿਖ ਰਿਹਾ ਸਾਂ ਤਾਂ ਮਨ 'ਚ ਇਹ ਕੀੜਾ ਫਸ ਗਿਆ ਕਿ ਜਗਵਿੰਦਰ ਇੰਜ ਕਿਉਂ ਕਰਦਾ ਹੈ? ਪਾਠਕ ਨੂੰ ਉਸ ਦੇ ਮਨ ਦੀ ਸਮਝ ਦਾ ਪਿਛੋਕੜ ਤਾਂ ਪਤਾ ਲੱਗੇ। ਇਹ ਤਦੇ ਹੀ ਹੋ ਸਕਦਾ ਸੀ ਜੇ ਉਸ ਦੇ ਬਚਪਨ ਨੂੰ ਚਿਤਰਿਆ ਜਾਵੇ। ਸੋ ਮੈਂ ਇਸ ਨਾਵਲ ਦਾ ਪਹਿਲਾ ਭਾਗ ਵਿਉਂਤਿਆ 'ਗਹਿਰ ਚੜ੍ਹੀ ਅਸਮਾਨ'। ਇਹ ਲਿਖਕੇ ਵੀ ਪਰ ਮੇਰੇ ਮਨ 'ਚ ਸੰਤੁਸ਼ਟੀ ਨਹੀਂ ਸੀ। ਮੈਂ ਵਾਰ ਵਾਰ ਇਸ ਗੱਲ ਨੂੰ ਸੋਚਦਾ ਰਿਹਾ ਕਿ ਸਥਾਪਤੀ ਖ਼ਿਲਾਫ਼ ਜੂਝਦੇ ਪਾਤਰਾਂ ਦੀ ਇਹ ਹੋਣੀ ਕਿਉਂ ਬਣਦੀ ਹੈ ਕਿ ਉਹ ਟੁੱਟ ਕੇ ਵਿਖਰ ਜਾਣ ਜਾਂ ਸ਼ਹੀਦ ਬਣ ਜਾਣ। ਸੈਂਕੜੇ ਵਰ੍ਹਿਆ ਦੀਆਂ ਸ਼ਹਾਦਤਾਂ ਤੇ ਕੋਸ਼ਿਸ਼ਾਂ ਦੇ ਬਾਵਜੂਦ ਕਿਉਂ ਕੁਝ ਬਦਲ ਨਹੀਂ ਰਿਹਾ? ਸੰਘਰਸ਼ 'ਚ ਨੁਕਸ ਕਿਥੇ ਹੈ? ਤੇ ਇਹ ਨੁਕਸ ਮੈਨੂੰ ਸਮਕਾਲੀ ਵਿਕਾਸ ਮਾਡਲ ਪ੍ਰਤੀ ਵਤੀਰੇ 'ਚ ਲੱਗਿਆ। ਇਉਂ ਇਸ ਦਾ ਚੌਥਾ ਭਾਗ ਵਿਉਂਤਿਆ ਗਿਆ, 'ਕਥਾ ਇਸ ਯੁੱਗ ਦੀ'। ਇਹ ਚਾਰੇ ਭਾਗ ਸੁਤੰਤਰ ਨਾਵਲਾਂ ਦੇ ਰੂਪ 'ਚ ਨਾਲੋ ਨਾਲ ਛਪਦੇ ਵੀ ਰਹੇ। ਸੰਨ 2011 ਤੱਕ ਚਾਰੇ ਭਾਗ ਛਪ ਗਏ ਸਨ। ਫਿਰ 2014 'ਚ ਇਹ ਇਕੋ ਵੱਡੇ ਨਾਵਲ 'ਬਹੁਤ ਸਾਰੇ ਚੁਰੱਸਤੇ' ਦੇ ਰੂਪ 'ਚ ਛਪਿਆ, ਇਸ ਦੇ ਪਹਿਲੇ ਸੁਤੰਤਰ ਭਾਗਾਂ 'ਚ ਮਾਮੂਲੀ ਜਿਹੀਆਂ ਤਬਦੀਲੀਆਂ ਕਰਕੇ।

**? 'ਬਹੁਤ ਸਾਰੇ ਚੁਰੱਸਤੇ' ਦੇ ਸਿਰਲੇਖ ਥੱਲੇ ਬੱਝਵੇਂ ਰੂਪ ਵਿੱਚ ਆਉਣ ਉਤੇ ਇਹ ਸਮੱਸਿਆ ਅਤੇ ਕਥਾ ਖ਼ਤਮ ਹੈ ਜਾਂ ਨਵੇਂ ਪਾਤਰਾਂ ਰਾਹੀਂ ਇਹ ਜਾਰੀ ਰਹੇਗੀ।**



-ਕਥਾ ਤਾਂ ਸ਼ੁਰੂ ਹੋਈ ਹੈ ਤੇ ਜਾਰੀ ਰਹੇਗੀ। ਨਵੇਂ ਸਮਾਜ ਦੀ ਸਿਰਜਣਾ ਤੱਕ ਰੂਪ ਬਦਲ ਬਦਲ ਕੇ ਸ਼ੁਰੂ ਰਹੇਗੀ। ਨਾਵਲ 'ਚ ਇਹ ਕਥਾ ਮੁਕੰਮਲ ਹੈ, ਪਰ ਇਸ ਦਾ ਮੁੱਖ ਪਾਤਰ ਜਗਵਿੰਦਰ ਅੰਤ ਵਿੱਚ ਜਿਥੇ ਸਿੱਧੂਪੁਰ ਪੁੱਜਦਾ ਹੈ, ਉਥੋਂ ਨਵੇਂ ਰੂਪ 'ਚ, ਨਵੇਂ ਸੰਦਰਭਾਂ 'ਚ ਇਸ ਕਥਾ ਦੇ ਜਾਰੀ ਰਹਿਣ ਦੇ ਸੰਕੇਤ ਹਨ। ਇਹ ਅਸਲ 'ਚ ਮੌਜੂਦਾ ਕਾਰਪੋਰੇਟ ਵਿਕਾਸ ਮਾਡਲ ਤੇ ਖਪਤ ਸਭਿਆਚਾਰ ਵੱਲ ਹੜ੍ਹ ਵਾਂਗ ਵਹਿ ਰਹੀ ਜ਼ਿੰਦਗੀ ਦਾ ਬਦਲ ਤਲਾਸ਼ਣ ਦੀ ਕੋਸ਼ਿਸ਼ ਹੈ। ਅੱਜ ਭਲਕ ਇਧਰ ਨੂੰ ਤੁਰਨਾ ਹੀ ਪੈਣਾ, ਜੇ ਮਨੁੱਖਤਾ ਨੇ ਆਪਣੀ ਹੋਂਦ ਕਾਇਮ ਰੱਖਣੀ ਹੈ ਤਾਂ...'ਅੰਬਰ ਵੱਲ ਉਡਾਣ' ਇਸੇ ਹੀ ਸੰਘਰਸ਼ ਦਾ ਇੱਕ ਨਵਾਂ ਪਾਸਾਰ ਹੈ ਕਿ ਸਾਧਨ ਜਾਂ ਆਰਥਕ ਰਿਸ਼ਤੇ ਹੀ ਨਹੀਂ ਬਦਲਦੇ, ਇਹ ਸਮੁੱਚੇ ਸਮਾਜ ਦੀ ਸੱਭਿਆਚਾਰਕ ਤੋਰ ਨੂੰ ਵੀ ਬਦਲ ਦਿੰਦੇ ਹਨ। ਇਹ ਸੱਭਿਆਚਾਰਕ ਤੋਰ, ਮੋੜਵੇਂ ਰੂਪ 'ਚ ਫਿਰ ਆਰਥਕ ਰਿਸ਼ਤਿਆਂ ਤੇ ਉਤਪਾਦਨ ਦੇ ਸਾਧਨਾਂ ਉਤੇ ਪ੍ਰਭਾਵ ਪਾਉਂਦੀ ਹੈ। ਸੋ ਨਾਵਲ ਵਿੱਚ ਜਿਥੇ ਇਹ ਕਥਾ ਮੁੱਕਦੀ ਹੈ, ਉਸ ਅੰਤ ਵਿੱਚ ਇਸ ਦੀ ਨਵੀਂ ਸ਼ੁਰੂਆਤ ਦੇ ਬੀਜ ਪਏ ਹਨ।

**? ਇਸ ਨਾਵਲ ਵਿੱਚ ਤੁਸੀਂ ਵਿਕਾਸ ਨੂੰ ਰੱਦ ਕਰਦੇ ਹੋ ਜਾਂ ਵਿਕਾਸ ਦੇ ਮਾਡਲ ਨੂੰ? ਨਾਵਲ ਦੀ ਟੈਕਸਟ ਵਿੱਚੋਂ ਦਲੀਲ ਦਿਓ।**

-ਮੈਂ ਇਸ ਵਿਕਾਸ ਮਾਡਲ ਨੂੰ ਰੱਦ ਕਰਦਾ ਹਾਂ ਜਿਹੜਾ ਪੂੰਜੀ-ਮੁਖੀ ਹੈ, ਜਿਸ ਵਿੱਚ ਮਨੁੱਖ ਦੀ ਹੋਣੀ ਗੌਣ ਹੁੰਦੀ ਜਾ ਰਹੀ ਹੈ। ਨਾਵਲ ਕਿਸਾਨੀ ਦੀ ਰਵਾਇਤੀ ਜੀਵਨ-ਜਾਂਚ ਤੇ ਆਜ਼ਾਦੀ ਦੇ ਆਸਪਾਸ ਤੋਂ ਸ਼ੁਰੂ ਹੋ ਕੇ, ਹਰੇ ਇਨਕਲਾਬ ਨਾਲ ਪੰਜਾਬੀ ਭਾਈਚਾਰੇ 'ਚ ਮਚਦੀ ਖਲਬਲੀ 'ਚੋਂ ਲੰਘਦਾ ਹੈ। ਇਹ ਆਰਥਕ ਵਿਕਾਸ ਤਰੱਕੀ ਦੇ, ਜੀਉਣ ਦੇ ਨਵੇਂ ਦਿਸਹੱਦੇ ਤਾਂ ਪੈਦਾ ਕਰਦਾ ਪਰ ਨਾਲ ਹੀ ਜਮਾਤੀ ਵੰਡ ਨੂੰ ਵੀ ਤਿੱਖੀ ਤੋਰੇ ਤੋਰ ਦਿੰਦਾ। ਪਹਿਲੇ ਦੂਜੇ ਭਾਗ 'ਚ ਇਸ ਬਿਰਤਾਂਤ ਤੋਂ ਬਾਅਦ ਤੀਜਾ ਭਾਗ ਨੱਬੇਵਿਆਂ ਦੇ ਅੱਧ ਤੋਂ ਸ਼ੁਰੂ ਹੁੰਦਾ, ਜਦੋਂ ਮਨਮੋਹਨ ਸਿੰਘ ਦੀਆਂ ਉਦਾਰਵਾਦੀ ਨੀਤੀਆਂ ਦਾ ਯੁੱਗ ਸ਼ੁਰੂ ਹੁੰਦਾ ਹੈ। ਇਸ ਨਾਲ ਕਾਰਪੋਰੇਟ ਪੂੰਜੀ ਦੇ ਦਖ਼ਲ ਲਈ ਰਾਹ ਪੱਧਰਾ ਹੋ ਜਾਂਦਾ। ਅੰਤਮ ਭਾਗ 'ਚ ਇਸ ਵਿਕਾਸ ਮਾਡਲ ਨੇ ਜਿਹੜਾ ਖਪਤਵਾਦੀ ਮਨੁੱਖ ਪੈਦਾ ਕੀਤਾ, ਪਰਮ ਤੇ ਪ੍ਰਿਯੰਕਾ ਉਸ ਦੇ ਉਘੜਵੇਂ ਨਮੂਨੇ ਹਨ। ਇਹ ਨਾਲ ਅਸਲ ਵਿੱਚ ਕਾਰਪੋਰੇਟ ਵਿਕਾਸ ਮਾਡਲ ਦੇ ਖ਼ਿਲਾਫ਼ ਮਾਰਕਸਵਾਦੀ ਫ਼ਲਸਫ਼ੇ ਅਨੁਸਾਰ ਜੀਵਨ ਜਾਂਚ ਦੇ ਸੰਕੇਤ ਫੜਨ ਦਾ ਇੱਕ ਯਤਨ ਹੈ। ਵਿਕਾਸ ਮਨੁੱਖ ਲਈ ਹੋਵੇ ਨਾ ਕਿ ਵਿਕਾਸ ਲਈ ਮਨੁੱਖ ਇੱਕ ਸੰਦ ਬਣ ਜਾਵੇ!

**? ਨਾਵਲ ਦੇ ਅਖੀਰ ਵਿੱਚ ਜਗਵਿੰਦਰ ਦਾ ਪਿੰਡ ਜਾਣਾ ਭਾਂਜਵਾਦ ਹੈ ਜਾਂ ਲੜਾਈ ਦਾ ਨਵਾਂ ਮੁੱਢ।**

-ਜਗਵਿੰਦਰ ਦਾ ਸਿੱਧੂਪੁਰ 'ਚ ਜਾ ਕੇ ਵਸਣਾ ਨਵੀਂ ਲੜਾਈ ਦੀ ਸ਼ੁਰੂਆਤ ਹੈ, ਇੱਕ ਅਜਿਹੀ ਲੜਾਈ ਦਾ ਮੁੱਢ, ਜਿਹੜੀ ਬਿਲਕੁੱਲ ਮੁਢੋਂ-ਸੁਢੋਂ ਸ਼ੁਰੂ ਹੋਵੇਗੀ ਤੇ ਕੇਵਲ ਰਾਜਨੀਤਕ ਕੁਰਸੀ ਤੱਕ ਪਹੁੰਚਣ ਦੀ ਲੜਾਈ ਨਹੀਂ, ਸਗੋਂ ਸਮੁੱਚੇ ਪ੍ਰਬੰਧ ਤੇ ਮੌਜੂਦਾ ਵਿਕਾਸ ਮਾਡਲ ਦੇ ਖ਼ਿਲਾਫ਼ ਲੜਾਈ ਹੋਵੇਗੀ। ਇਹ ਭਾਂਜਵਾਦ ਬਿਲਕੁਲ ਨਹੀਂ, ਸਗੋਂ ਇਸ ਸਮੁੱਚੇ ਪ੍ਰਬੰਧ ਨੂੰ ਰੱਦ ਕਰਨਾ ਹੈ। ਇਸ ਤੰਤਰ ਨੂੰ, ਇਸ ਜੀਵਨ-ਜਾਂਚ ਨੂੰ ਰੱਦ ਕਰਨਾ, ਜਿਹੜੀ ਖਪਤਵਾਦ 'ਚ ਖਚਤ ਹੋ ਚੁੱਕੀ ਹੈ। ਇਸ ਪ੍ਰਬੰਧ ਦੇ ਖ਼ਿਲਾਫ਼ ਲੜਾਈ, ਇਸ ਪ੍ਰਬੰਧ ਦੇ ਸਲੀਕੇ 'ਚ ਜੀਉ ਕੇ ਨਹੀਂ ਕਰ ਸਕਦੇ। ਖਪਤਵਾਦ ਅੱਜ ਇੰਨਾ ਹਾਵੀ ਹੋ ਚੁੱਕਾ ਹੈ ਕਿ ਅਸੀਂ ਲੋੜ ਤੇ ਸੁੱਖ-ਸੁਵਿਧਾ 'ਚ ਫ਼ਰਕ ਕਰਨਾ ਭੁੱਲ ਗਏ ਹਾਂ। ਮੰਡੀ ਸਾਡੀਆ ਲੋੜਾਂ ਨੂੰ ਪੈਦਾ ਕਰਦੀ ਹੈ, ਫਿਰ ਇਨ੍ਹਾਂ ਨੂੰ ਜੀਵਨ-ਜਾਂਚ 'ਚ ਬਦਲ ਦਿੰਦੀ ਹੈ। ਅੱਜ ਬਿਜਲੀ ਕਿਤੇ ਇੱਕ ਦਿਨ ਲਈ ਵੀ ਬੰਦ ਹੋ ਜਾਵੇ ਤਾਂ ਹਾਹਾਕਾਰ ਮਚ ਜਾਂਦੀ ਹੈ, ਪਰ ਆਜ਼ਾਦੀ ਤੋਂ ਪਹਿਲਾਂ ਬਿਜਲੀ ਤੋਂ ਬਿਨਾਂ ਹੀ ਲੋਕ ਜੀਉਂਦੇ ਸਨ। ਕੀ ਅੱਜ ਲੋਕ ਤੀਹਵੇਂ ਜਾਂ ਚਾਲੀਵਿਆਂ ਤੋਂ ਵੱਧ ਖ਼ੁਸ਼, ਤੰਦਰੁਸਤ ਹਨ। ਅੱਜ ਕਿਸਾਨ ਆਤਮ-ਹੱਤਿਆਵਾਂ ਦਿਨੋ ਦਿਨ ਵਧ ਰਹੀਆਂ ਹਨ, ਨੌਜੁਆਨ ਭਵਿੱਖ ਦੇ ਧੁੰਦਲਕੇ ਕਾਰਨ ਨਸ਼ਿਆ 'ਚ ਗ੍ਰੱਸੇ ਜਾ ਰਹੇ ਹਨ, ਘਰ ਟੁੱਟ ਰਹੇ ਹਨ ਤੇ ਮਨੁੱਖ ਦਾ ਮਨੁੱਖ ਤੋਂ ਭਰੋਸਾ ਘੱਟ ਰਿਹਾ ਹੈ। ਹਵਾ, ਪਾਣੀ, ਮਿੱਟੀ

ਪਲੀਤ ਹੋ ਚੁੱਕੇ ਹਨ।

**? ਔਰਤਾਂ ਦੇ ਪਾਤਰ ਰਾਹੀਂ ਘਰ ਦੇ ਸੰਕਲਪ ਦੇ ਨਿੰਦਣੀ ਰੂਪ ਦਾ ਕਾਰਨ ਪ੍ਰਬੰਧ ਵਿੱਚ ਮੌਜੂਦ ਹੈ ਜਾਂ ਪਾਤਰਾਂ ਦੇ ਵਿਅਕਤੀਗਤ ਵਿਹਾਰ ਵਿੱਚ।**

-ਇਹ ਰੂਪ ਇਸ ਪ੍ਰਬੰਧ, ਵਿਕਾਸ ਦੇ ਇਸ ਪੜਾਅ ਦੀ ਦੇਣ ਹੈ। ਇਹ ਸੱਚਾਈ ਹੈ ਕਿ ਵਿਕਾਸ ਦਾ ਹਰ ਦੌਰ ਆਪਣੇ ਨਾਲ ਸਮਾਜਕ ਸੰਸਥਾਵਾਂ ਦੇ ਨਵੇਂ ਰੂਪ ਵੀ ਸਿਰਜਦਾ ਹੈ। ਇਸ ਦੌਰ ਦਾ ਇਹ ਸਭ ਤੋਂ ਵੱਡਾ ਦੰਭ ਹੈ ਕਿ ਮਨੁੱਖ ਵਿਕਾਸ ਦੀ ਹਰ ਸਹੂਲਤ ਤਾਂ ਮਾਨਣੀ ਚਾਹੁੰਦਾ ਹੈ ਪਰ ਨਾਲ ਸਮਾਜਕ ਸੰਸਥਾਵਾਂ ਨੂੰ ਬੰਨ ਮਾਰ ਕੇ ਰੱਖਣੀਆਂ ਚਾਹੁੰਦਾ। ਇਸ ਦੁਬਿਧਾ ਨੂੰ 'ਰੂੜ' ਕਰਨ 'ਚ ਧਰਮ ਮੁੱਖ ਭੂਮਿਕਾ ਨਿਭਾ ਰਿਹਾ ਹੈ ਤੇ ਸੱਤਾ ਉਸ ਦੀ ਪਿੱਠ 'ਤੇ ਆਪਣੀ ਪੂਰੀ ਤਾਕਤ ਨਾਲ ਖੜੀ ਹੈ। ਆਮ ਹੀ ਆਰਥਕ ਵਿਕਾਸ ਤੇ ਸਮਾਜਕ ਸੰਸਥਾਵਾਂ ਦੀ ਭੂਮਿਕਾ 'ਚ ਟਕਰਾਅ ਉਭਰ ਰਹੇ ਹਨ ਤਾਂ ਕਿਤੇ ਨਾ ਕਿਤੇ ਗੜਬੜ ਹੋਵੇਗੀ ਹੀ! ਔਰਤ ਦੀ ਸਥਿਤੀ ਹੋਰ ਵੀ ਦੁਬਿੱਧਾ ਪੂਰਨ ਹੈ। ਉਹ ਨਵੀਂ ਆਜ਼ਾਦੀ ਤਾਂ ਮਾਨਣੀ ਚਾਹੁੰਦੀ ਹੈ ਪਰ ਘਰ ਦੀਆਂ ਸੁਖ-ਸਹੂਲਤਾਂ ਵੀ ਨਹੀਂ ਛੱਡਣੀਆਂ ਚਾਹੁੰਦੀ। 'ਬਹੁਤ ਸਾਰੇ ਚੁਰੱਸਤੇ' ਦੀ ਪਾਤਰ ਬਚਨੀ ਦਾ ਮਾਨਸਿਕ ਕਲੇਸ਼ ਓਨਾ ਨਹੀਂ। ਉਸ ਨੂੰ ਪਤਾ ਹੈ 'ਘਰ' ਉਸ ਦੀ ਅੰਤਮ ਠਾਹਰ ਹੈ, ਪਰ ਕਾਂਤਾ ਰਤਾ ਕੁ ਵੀ ਟਕਰਾਅ 'ਚ ਆਉਣ 'ਤੇ ਘਰ ਨੂੰ ਵਗਾਹ ਮਾਰਦੀ ਹੈ। ਉਹ ਉਸ ਘਰ ਤੋਂ ਤਾਂ ਬਾਹਰ ਹੋ ਜਾਂਦੀ ਹੈ ਪਰ ਬਦਲ ਅਯਾਸ਼ੀ ਬਣਦਾ ਹੈ। ਇਹੋ ਹਾਲ ਵੀਨਾ ਅਗਰਵਾਲ, ਪ੍ਰਿਯੰਕਾ ਦਾ ਹੈ। ਉਹ ਰਵਾਇਤੀ ਘਰ ਨੂੰ ਜਾਂ ਇਸ ਦੇ ਸੰਕਲਪ ਨੂੰ ਕਾਇਮ ਰੱਖ ਕੇ ਅਯਾਸ਼ੀ ਭੋਗਦੀਆਂ ਹਨ। ਸਿਰਫ਼ ਅਚਲਾ ਨਵੀਂ ਤਰ੍ਹਾਂ ਦੀ ਜੀਵਨ-ਜਾਂਚ ਨੂੰ ਸਿਰਜਣ ਲਈ ਪੈੜਾਂ ਉਲੀਕਣ ਦੇ ਰਾਹ ਹੈ, ਤੇ ਇਸ ਲਈ ਉਸ ਨੂੰ ਕੀਮਤ ਵੀ ਦੇਣੀ ਪੈਂਦੀ ਹੈ। ਔਰਤਾਂ ਦਾ ਇਹ ਨਿੰਦਣੀ ਰੂਪ, ਉਨ੍ਹਾਂ ਦੇ ਵਿਅਕਤੀਗਤ ਵਿਹਾਰ 'ਚ ਵੀ ਹੈ, ਪਰ ਇਸ ਦੇ ਪਿੱਛੇ ਆਧਾਰ ਖਪਤਵਾਦ ਦਾ ਬੇਮੁਹਾਰਾ ਵਹਿਣ ਹੈ।

**? 'ਅੰਬਰ ਵਲ ਉਡਾਣ' ਅਤੇ 'ਖੇਤਾਂ ਦਾ ਰੁਦਨ' ਵਿੱਚ ਪੇਸ਼ ਔਰਤ ਮਰਦ ਰਿਸ਼ਤੇ ਦੀ ਮਰਿਆਦਾ ਦਾ ਤੁਹਾਡਾ ਮਾਡਲ ਕੀ ਹੈ।**

-ਅੱਜ ਵਿਕਾਸ ਜਿੰਨੀ ਤਿਖੀ ਤੋਰੇ ਤੁਰ ਰਿਹਾ ਹੈ, ਪਰੰਪਰਾ 'ਚ ਪਿਆ ਹੋਇਆ ਕੋਈ ਮਾਡਲ ਸਾਡੀ ਅਗਵਾਈ ਨਹੀਂ ਕਰ ਸਕਦਾ ਜਾਂ ਉਸ ਨੂੰ ਪ੍ਰਤੀਨਿੱਧ ਨਹੀਂ ਮੰਨਿਆ ਜਾ ਸਕਦਾ। 'ਅੰਬਰ ਵੱਲ ਉਡਾਣ' ਦੀ ਪਾਲੀ ਲਈ ਉਤਾਂਹ ਉਠਣਾ, ਅਮੀਰ ਹੋਣਾ, ਛਾ ਜਾਣਾ ਮੁੱਖ ਮੰਤਵ ਹੈ ਤੇ ਇਸ ਲਈ ਉਹ ਕੁਝ ਵੀ ਕਰਨ ਲਈ ਤਿਆਰ ਹੈ। ਉਹ ਆਪਣੀ ਜ਼ਿੰਦਗੀ 'ਚ ਆਏ ਮਰਦਾਂ ਨੂੰ ਪੌੜੀ ਵਾਂਗ ਵਰਤਦੀ ਹੈ, ਜਦੋਂ ਕਿ ਦੂਸਰੇ ਪਾਸੇ ਮਰਦ ਵੀ ਉਸ ਨੂੰ ਆਪਣੀ ਅਯਾਸ਼ੀ ਲਈ ਵਰਤ ਰਹੇ ਹਨ। ਪਾਲੀ ਨੂੰ ਆਪਣੀ ਇਸ ਹੋਣੀ ਲਈ ਕੋਈ ਦੁਬਿੱਧਾ ਜਾਂ ਪੀੜ ਨਹੀਂ, ਨਾ ਕੋਈ ਮਾਨਸਿਕ ਪ੍ਰੇਸ਼ਾਨੀ ਹੀ। ਜੀਊਣ ਦਾ ਇਹ ਮਾਡਲ ਪਿਛਲੇ ਦੋ, ਢਾਈ ਦਹਾਕਿਆਂ 'ਚ ਹੀ ਪਰਵਾਨ ਚੜ੍ਹਿਆ ਹੈ। ਇਸ ਤੋਂ ਪਹਿਲਾਂ ਵੀ ਇਹ ਹੁੰਦਾ ਤਾਂ ਸੀ ਪਰ ਵਿਰੋਲੋਤਰੀਆਂ ਘਟਨਾਵਾਂ ਸਨ। ਅੱਜ ਇਹ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਇਹ ਹੀ ਹਾਲਤ 'ਖੇਤਾਂ ਦਾ ਰੁਦਨ' ਦੀ ਮਾਲਤੀ ਦੀ ਹੈ। ਉਸ ਦੇ ਆਪਣੇ ਕੁਲੀਗ ਪ੍ਰੋ. ਰਵਿੰਦਰ ਨਾਲ ਸੰਬੰਧ, ਸਮਾਂ ਬਿਤਾਉਣ ਵਾਲੀ ਗੱਲ ਹੈ। ਇਸ ਤੋਂ ਵੱਧ ਉਸ ਦੀ ਕੋਈ ਕਮਿਟਮੈਂਟ ਨਹੀਂ। ਜਿਉਂ ਹੀ ਉਸ ਨੂੰ ਬਾਹਰਲਾ ਰਿਸ਼ਤਾ ਆਉਂਦਾ, ਉਹ ਝੱਟ ਵਿਆਹ ਕਰਵਾ ਲੈਂਦੀ ਹੈ। ਸ਼ਾਇਦ ਇਹ ਵਿਆਹ ਸੰਬੰਧ ਵੀ, ਉਸ ਲਈ ਅੰਤਮ ਨਹੀਂ, ਕਿਉਂਕਿ ਉਸ ਨਾਲ ਵੀ ਉਸ ਦੇ ਮਨ 'ਚ ਜੀਊਣ ਦਾ ਸੁਪਨਾ ਨਹੀਂ ਉਭਰਦਾ। ਨਹੀਂ, ਉਸ ਨਾਲ ਉਹ ਬਾਹਰ ਲੰਘਣਾ ਚਾਹੁੰਦੀ ਹੈ। ਇਹ ਥੋੜ-ਚਿਰੇ ਸੰਬੰਧ, ਕੁਝ ਪਲਾਂ ਦੀ ਖੁਸ਼ੀ ਲਈ ਕੁਝ ਵੀ ਕਰਨ ਲਈ ਤਿਆਰ ਰਹਿਣਾ, ਅੱਜ ਦਾ ਸੱਚ ਹੈ। ਇਹ ਅੱਜ ਦੇ ਮਾਡਲ ਹਨ। ਪਹਿਲਾਂ ਦੇ ਵਰਜਿਤ ਸੰਬੰਧਾਂ 'ਚ ਕਿਤੇ ਨਾ ਕਿਤੇ ਭੋਗਣ ਵਾਲਿਆਂ ਦੇ ਮਨਾਂ 'ਚ ਅਪਰਾਧ-ਬੋਧ ਦੀ ਭਾਵਨਾ ਵੀ ਰਹਿੰਦੀ ਸੀ, ਉਨ੍ਹਾਂ ਨੂੰ ਲੁਕਾ-ਲੁਕਾ ਕੇ ਰੱਖਣਾ। ਅੱਜ ਇਹ ਭਾਵਨਾ ਗਾਇਬ ਹੋ ਚੁੱਕੀ ਹੈ। ਇਹ ਨਵੀਂ ਮਰਿਆਦਾ, ਜੇ ਕੋਈ ਹੈ



ਤਾਂ ਉਸ ਦੇ ਮਾਡਲ ਹਨ। ਇਸ ਨੂੰ ਸ਼ਾਇਦ ਨਵੀਂ ਪੀੜੀ ਦੇ ਆਉਣ ਵਾਲੇ ਨਾਵਲਕਾਰ ਵਧੇਰੇ ਸ਼ਿੱਦਤ ਨਾਲ ਚਿਤਰ ਸਕਣਗੇ। ਇਸ ਰੁਝਾਨ ਦਾ ਬਹੁਤਾ ਸੱਚ ਸੋਸ਼ਲ-ਮੀਡੀਆਂ 'ਤੇ ਦੇਖਿਆ ਜਾ ਸਕਦਾ, ਜਿਥੇ ਮੁੰਡੇ ਹੀ ਨਹੀਂ, ਕੁੜੀਆਂ ਵੀ 'ਇੰਨ ਰਿਲੇਸ਼ਨਸ਼ਿਪ' ਦਾ ਸਟੇਟਸ ਬਿਨਾਂ ਝਿਜਕ ਪਾ ਰਹੀਆਂ ਹਨ।

**? ਤੁਸੀਂ ਆਪਣੇ ਨਾਵਲਾਂ ਵਿੱਚ ਜਿਹੜਾ ਮੁੱਖ ਪਾਤਰ ਘੜ ਰਹੇ ਹੋ, ਉਹ ਨਾ ਕਿੱਸਿਆਂ ਵਾਲਾ ਹੈ ਅਤੇ ਨਾ ਧਰਮ ਅਤੇ ਪ੍ਰਗਤੀਵਾਦੀ ਮਾਡਲ ਦਾ ਆਗੂ। ਉਹ ਕੀ ਹੈ? ਕੀ ਹੈ ਤੁਹਾਡਾ ਸਿਰਜਿਆ ਤੁਹਾਡੀ ਦ੍ਰਿਸ਼ਟੀ ਦਾ ਯਥਾਰਥਮੁਖੀ ਵਿਅਕਤੀ।**

-ਕਿੱਸਿਆਂ ਵਾਲਾ ਦੌਰ, ਅਤੇ ਇਸ ਤੋਂ ਵੀ ਪਹਿਲਾਂ ਕਲਾਸਿਕੀ ਸੰਸਕ੍ਰਿਤ ਦੇ ਸਾਹਿਤ ਵਾਲਾ ਦੌਰ, ਇਸਦੇ ਜਿਹੜੇ ਪਾਤਰ ਹਨ, ਉਹ ਆਮ ਲੋਕਾਂ ਤੋਂ ਦੂਰ ਹਨ। ਸੰਸਕ੍ਰਿਤ ਸਾਹਿਤ ਦੇ ਕਲਾਸਿਕੀ ਦੌਰ ਵਿੱਚ ਸਾਹਿਤ ਦੇ ਨਾਇਕ ਰਾਜੇ, ਮਹਾਰਾਜੇ, ਯੋਧੇ ਜਾਂ ਧਾਰਮਿਕ ਰਿਸ਼ੀ-ਮੁਨੀ ਬਣੇ। ਕਿੱਸਿਆ ਵਾਲੇ ਦੌਰ 'ਚ ਯੋਧੇ ਜਾਂ ਆਪਣੇ ਇਸ਼ਟ ਦੀ ਖਾਤਰ ਮਰ ਮਿਟਣ ਵਾਲੇ ਆਸ਼ਕ ਜਾਂ ਡਾਕੂ ਬਣੇ। ਆਮ ਲੋਕਾਂ ਸਾਹਮਣੇ ਜੀਉਣ ਦੇ ਇਹ ਮਿਆਰ ਤੇ ਪਾਤਰ ਉਨ੍ਹਾਂ ਦਾ ਮਨੋਰੰਜਨ ਤਾਂ ਕਰਦੇ, ਪਰ ਕਿਤੇ ਨਾ ਕਿਤੇ ਉਨ੍ਹਾਂ 'ਚ ਇਹ ਭਾਵਨਾ ਵੀ ਪਨਪਦੀ ਕਿ ਅਸੀਂ ਤਾਂ ਬਸ ਜੂਨ-ਗੁਜ਼ਾਰਨ ਹੀ ਆਏ ਹਾਂ। ਜੀਊਂਦੇ ਤਾਂ ਉਹ ਲੋਕ ਸਨ! ਇਹੋ ਨਾਇਕ ਸਾਡੇ ਆਧੁਨਿਕ ਮੁਢਲੇ ਸਾਹਿਤ 'ਚ ਕੁਝ ਕੁ ਬਦਲ ਕੇ ਆਇਆ। ਭਾਈ ਵੀਰ ਸਿੰਘ ਦੀ 'ਸੁੰਦਰੀ' ਜਾਂ ਕੰਵਲ ਦਾ 'ਚਰਨ' ਕੁਝ ਅਜਿਹੇ ਹੀ ਗੁਣਾਂ ਦੇ ਧਾਰਨੀ ਹਨ, ਆਮ ਲੋਕਾਂ 'ਚੋਂ ਹੁੰਦਿਆਂ ਵੀ ਪਰ ਵੱਖਰੇ। ਸਾਧਾਰਨ ਲੋਕਾਈ 'ਚੋਂ ਉਨ੍ਹਾਂ ਵਰਗੇ ਨਾਇਕ ਸਿਰਜਣ ਦੀ ਪਹਿਲ ਸੰਤ ਸਿੰਘ ਸੇਖੋਂ ਨੇ ਕੀਤੀ। ਲਹੂ ਮਿਟੀ ਦਾ 'ਵਿਜੈ ਸਿੰਘ', ਪਿਓ ਪੁਤਰ ਦਾ 'ਹੀਰਾ ਸਿੰਘ', ਮੜੀ ਦਾ ਦੀਵਾ ਦਾ 'ਜਗਸੀਰ'। ਕਰਮਜੀਤ ਕੁੱਸਾ ਤੇ ਰਾਮ ਸਰੂਪ ਅਣਖੀ ਨੇ ਇਸ ਪ੍ਰੰਪਰਾ ਨੂੰ ਅਗਾਂਹ ਤੋਰਿਆ। ਮੇਰੇ ਨਾਵਲਾਂ ਦੇ ਨਾਇਕ ਵੀ ਆਮ ਲੋਕ ਹਨ। ਉਹ 'ਬਹੁਤ ਸਾਰੇ ਚੁਰੱਸਤੇ' ਦਾ ਜਗਵਿੰਦਰ ਹੋਵੇ, 'ਗੁਰਮੇਲ', ਬਚਨੀ, ਕਾਂਤਾ ਜਾਂ ਪ੍ਰਿਯੰਕਾ, 'ਅੰਬਰ ਵੱਲ ਉਡਾਣ' ਦੀ ਪਾਲੀ ਜਾਂ 'ਖੇਤਾਂ ਦਾ ਰੁਦਨ' ਦੀ ਮਾਲਤੀ...ਇਹ ਸਮਕਾਲੀ ਜ਼ਿੰਦਗੀ ਦੇ ਉਹ ਲੋਕ ਹਨ, ਜਿਹੜੇ ਅਸਲੀ ਰੂਪ 'ਚ ਵਿਚਰਦੇ ਵੀ ਆਸੇ ਪਾਸੇ ਆਮ ਮਿਲ ਜਾਣਗੇ। ਇਨ੍ਹਾਂ ਨੂੰ ਲੱਭਣ ਲਈ ਬਹੁਤੀ ਮਿਹਨਤ ਨਹੀਂ ਕਰਨੀ ਪਵੇਗੀ। ਮੈਂ ਆਪਣੇ ਪਾਤਰਾਂ ਨੂੰ ਬਸ ਕਿਤੇ ਕਿਤੇ ਮਾਮੂਲੀ ਜਿਹੀ ਟਵਿਸਟ ਹੀ ਦਿੰਦਾ ਹਾਂ।

**? ਤੁਹਾਡੇ ਨਾਵਲਾਂ ਵਿੱਚ ਨਾ ਨਾਨਕ ਸਿੰਘ ਵਾਂਗ ਘਟਨਾਵਾਂ ਦਾ ਘੜਮੱਸ ਹੈ, ਨਾ ਗੁਰਦਿਆਲ ਸਿੰਘ ਵਾਲੀ ਧੀਮੀ ਗਤੀ। ਤੁਸੀਂ ਇਹ ਕਲਾਤਮਕ ਸੰਤੁਲਨ ਸੁਚੇਤ ਸਿਰਜਿਆ ਜਾਂ ਅਚੇਤ ਹੀ।**

-ਮੇਰੇ ਸਾਹਮਣੇ ਸਮਕਾਲ ਦੀ ਜ਼ਿੰਦਗੀ ਹੈ, ਜ਼ਿੰਦਗੀ ਜਿਵੇਂ ਕਿ ਲੋਕ ਜੀਊ ਰਹੇ ਹਾਂ। ਮੇਰਾ ਸਾਹਿਤ ਉਸ ਦਾ ਸਾਧਾਰਨੀਕਰਨ ਹੈ। ਮੇਰੀ ਕਿਸੇ ਵੀ ਕਹਾਣੀ ਜਾਂ ਨਾਵਲ ਨੂੰ ਪੜ੍ਹਕੇ ਕੋਈ ਇਹ ਨਹੀਂ ਕਹਿ ਸਕਦਾ ਕਿ ਨਹੀਂ, ਇੰਜ ਨਹੀਂ ਹੁੰਦਾ ਸਾਡੇ ਆਸਪਾਸ। ਨਾਵਲ 'ਬਹੁਤ ਸਾਰੇ ਚੁਰੱਸਤੇ' ਪੜਕੇ ਜੇ ਕੋਈ ਮੇਰੇ ਇਲਾਕੇ ਬਚਵਾਹੀ 'ਚ ਘੁੰਮੇ ਤਾਂ ਉਸ ਨੂੰ ਬਹੁਤ ਸਾਰੇ ਦ੍ਰਿਸ਼ ਜੀਵੰਤ ਰੂਪ 'ਚ ਮਿਲ ਜਾਣਗੇ। ਮੈਂ ਉਚੇਚ ਨਾਲ ਕਿਸੇ ਕਲਾਤਮਿਕ ਯੁਗਤ ਜਾਂ ਸ਼ਿਲਪ ਲਈ, ਸਿਰਜਣਾ ਦਾ ਆਪਣਾ ਮੂਲ ਉਦੇਸ਼ ਕੁਰਬਾਨ ਨਹੀਂ ਕਰਦਾ। ਉਂਜ ਸੁਚੇਤ ਹੁੰਦਾ ਹਾਂ, ਪਰ ਮੁੱਖ ਫੋਕਸ ਸਮਾਜ ਤੇ ਜ਼ਿੰਦਗੀ ਹੁੰਦਾ ਹੈ। ਇੱਕ ਦਿਲਚਸਪ ਗੱਲ ਦੱਸਾਂ: ਜਦੋਂ ਮੈਂ 'ਕਥਾ ਇਸ ਯੁੱਗ ਦੀ' ਲਿਖ ਰਿਹਾ ਸਾਂ ਤਾਂ ਮੇਰੇ ਮਨ 'ਚ ਇਹ ਭਾਰੂ ਸੀ ਇਹ ਨਾਵਲ ਬਣੇ ਜਾਂ ਨਾ, ਪਰ ਮੈਂ ਆਪਣੇ ਮਨ ਦੀ ਗੱਲ ਜ਼ਰੂਰ ਕਹਿਣੀ ਹੈ। ਪਤਰਕਾਰਤਾ, ਵਿਆਹ-ਸੰਸਥਾ, ਪਰਵਾਰ, ਕਾਰਪੋਰੇਟ ਵਿਕਾਸ ਮਾਡਲ ਤੇ ਇੰਜ ਦੇ ਕੁਝ ਹੋਰ ਸਮਕਾਲੀ ਮਸਲਿਆਂ ਬਾਰੇ, ਆਪਣੀਆਂ ਧਾਰਨਾਵਾਂ ਜ਼ਰੂਰ ਸਪੱਸ਼ਟ ਕਹਿਣੀਆਂ ਹਨ। ਤੇ ਇਹ ਖੁੱਲ ਕੇ ਕਹੀਆਂ ਵੀ। ਕਿਤੇ ਪੱਤਰਕਾਰਤਾ ਦੀ ਜੁਗਤ ਵਰਤ ਕੇ, ਕਿਤੇ ਭਾਸ਼ਣ ਸ਼ੈਲੀ ਨੂੰ ਅਪਨਾ ਕੇ, ਤੇ ਕਿਤੇ ਗੱਲਬਾਤ ਦਾ ਪ੍ਰਵਚਨ। ਨਾਵਲ ਛਪਿਆ ਤਾਂ ਮੈਂ ਇਸ ਗੱਲੋਂ ਮਨ ਹੀ ਮਨ ਕੁਝ ਸ਼ੰਕਿਤ ਸਾਂ ਕਿ ਕਿਤੇ ਇਸ ਉਪਰ ਲਾਊਡ ਹੋਣ ਦਾ ਠੱਪਾ ਨਾ ਲੱਗ ਜਾਵੇ। ਪਰ...ਮੇਰਾ ਇਹ ਨਾਵਲ

ਬਾਕੀਆਂ ਦੇ ਮੁਕਾਬਲੇ ਵੱਧ ਪਸੰਦ ਕੀਤਾ ਗਿਆ। ਤੇ ਜਦੋਂ ਇਹ 'ਬਹੁਤ ਸਾਰੇ ਚੁਰੱਸਤੇ' 'ਚ ਉਸਦੇ ਚੌਥੇ ਭਾਗ ਵਜੋਂ ਆਇਆ ਤਾਂ ਕਈ ਪਾਠਕ ਕਹਿੰਦੇ ਹਨ ਕਿ ਜਿੰਨੀ ਚੌਥੇ ਭਾਗ 'ਚ ਸ਼ਿੱਦਤ ਤੇ ਰਵਾਨੀ ਹੈ, ਪਹਿਲੇ ਤਿੰਨ ਭਾਗਾਂ 'ਚ ਨਹੀਂ ਹੈ। ਮੈਨੂੰ ਲੱਗਦਾ ਕਿ ਕਹਿਣ ਵਾਲੀ ਗੱਲ ਕਿੰਨੀ ਮਹੱਤਵਪੂਰਨ ਹੈ, ਇਹ ਵਧੇਰੇ ਮਹੱਤਵਪੂਰਨ ਹੁੰਦਾ ਹੈ ਕਲਾਤਮਿਕ ਜੁਗਤ ਨਾਲੋਂ।

**? ਪਿੰਡ ਅਤੇ ਸ਼ਹਿਰ ਦਾ ਜੀਵਨ ਸਿਰਜਣ ਲੱਗੇ ਝੋਲ ਨੂੰ ਕਿਵੇਂ ਸੰਤੁਲਿਤ ਕੀਤਾ।**

-ਮੈਂ ਜ਼ਿੰਦਗੀ ਦੇ ਪਹਿਲੇ ਤੇਤੀ ਚੌਤੀ ਵਰ੍ਹੇ ਪਿੰਡ 'ਚ ਬਿਤਾਏ ਹਨ। ਪਿਛਲੇ ਲੱਗਭੱਗ ਪੰਝੀ ਛੱਬੀ ਸਾਲਾਂ ਤੋਂ ਸ਼ਹਿਰ 'ਚ ਰਹਿ ਰਿਹਾ ਹਾਂ। ਮੈਨੂੰ ਸ਼ੁੱਧ ਸ਼ਹਿਰੀ ਜ਼ਿੰਦਗੀ ਦੀ ਤਾਂ ਸਮਝ ਨਹੀਂ, ਪਰ ਪਿੰਡਾਂ 'ਚੋਂ ਸ਼ਹਿਰ 'ਚ ਆ ਕੇ ਵਸੀ ਜਾਂ ਵਸ ਰਹੀ ਵਸੋਂ ਦੀ ਮਾਨਸਿਕਤਾ ਦੀ ਸਮਝ ਹੈ। ਮੈਂ ਬਹੁਤਾ ਇਸ ਨੂੰ ਹੀ ਚਿਤਰਿਆ ਹੈ। ਅਸਲ 'ਚ ਇਹ ਹੀ ਉਹ ਜਮਾਤ ਹੈ, ਜਿਹੜੀ ਨਵੀਂ ਤਬਦੀਲੀ ਨੂੰ ਸਭ ਤੋਂ ਵੱਧ ਹੰਢਾ ਰਹੀ ਹੈ। ਇਸ ਲਈ ਮਰਿਆਦਾ ਦੀ ਲਕੀਰ ਬਹੁਤ ਕਮਜ਼ੋਰ ਪੈ ਚੁੱਕੀ ਹੈ। ਉਹ ਆਪਣੀਆਂ ਜੜ੍ਹਾਂ ਤੋਂ ਤਾਂ ਪੁੱਟੀ ਜਾ ਚੁੱਕੀ ਹੈ, ਤੇ ਸ਼ਹਿਰ 'ਚ ਜੜ੍ਹਾਂ ਲਾਉਣ ਦੀ ਬਜਾਏ ਇਹਨਾਂ ਦੀ ਅੱਖ ਨਿਊਯਾਰਕ, ਵਾਸ਼ਿੰਗਟਨ, ਟਰਾਂਟੋ ਜਾਂ ਲੰਡਨ 'ਤੇ ਬਹੁਤੀ ਟਿਕੀ ਹੋਈ ਹੈ।

**? ਤੁਹਾਡੇ ਪਾਤਰਾਂ ਦੀ ਸਮਾਜਿਕ ਸਥਿਤੀ ਅਨੁਸਾਰ ਭਾਸ਼ਾਈ ਵੱਖਰਤਾ ਕਿਉਂ ਨਹੀਂ ਬਣਦੀ। ਜਗਵਿੰਦਰ ਦੀ ਭਾਸ਼ਾ ਵਿੱਚੋਂ ਨਾ ਪੇਸ਼ੇ ਦੀ ਭਾਸ਼ਾ ਉਭਰਦੀ ਹੈ, ਨਾ ਪਿੰਡ ਤੋਂ ਸ਼ਹਿਰ ਦਾ ਫ਼ਰਕ। ਇਸ ਪ੍ਰਤੀ ਸੁਚੇਤ ਕਿਉਂ ਨਹੀਂ?**

-ਇਹ ਦੋਸ਼ ਅਕਸਰ ਹੀ ਮੇਰੇ 'ਤੇ ਲੱਗਦਾ ਹੈ ਕਿ ਮੇਰੇ ਪਾਤਰਾਂ ਦੀ ਭਾਸ਼ਾ ਵੀ, ਬਿਰਤਾਂਤਕਾਰ ਵਾਲੀ ਭਾਸ਼ਾ ਹੀ ਹੁੰਦੀ ਹੈ। ਮੈਂ ਇਸ ਬਾਰੇ ਸੋਚਿਆ ਵੀ ਹੈ ਕਿ ਪਾਤਰਾਂ ਦੀ ਭਾਸ਼ਾ 'ਚ ਵੱਖਰਤਾ ਕਿਉਂ ਨਹੀਂ ਬਣਦੀ? ਇਸ ਦਾ ਇੱਕ ਮੁੱਖ ਕਾਰਨ ਤਾਂ ਇਹ ਹੈ, ਅੱਜ ਕੋਈ ਇਲਾਕਾ, ਨਾਲਦੇ ਇਲਾਕੇ ਤਾਂ ਕੀ, ਸਮੁੱਚੀ ਦੁਨੀਆਂ ਨਾਲ ਬੜੀ ਨੇੜਲੀ ਤਰ੍ਹਾਂ ਜੁੜਿਆ ਹੋਇਆ ਹੈ। ਦੁਨੀਆਂ ਭਰਦੇ ਚਲਦੇ ਚੈਨਲ ਵੀ ਸਾਡੀ ਭਾਸ਼ਾਈ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਰਹੇ ਹਨ। ਫਿਰ ਇੰਟਰਨੈਟ, ਮੋਬਾਇਲ ਰਾਹੀਂ ਸਾਡਾ ਸਮੁੱਚੀ ਦੁਨੀਆਂ ਨਾਲ ਜੁੜਾਵ। ਪਹਿਲੀਆਂ ਭਾਸ਼ਾਈ ਵੱਖਰਤਾਵਾਂ ਤੇ ਵਖਰੇਵੇਂ ਬੜੀ ਤੇਜ਼ੀ ਨਾਲ ਮਿਟ ਰਹੇ ਹਨ ਤੇ ਇੱਕ ਨਵਾਂ ਵਖਰੇਵਾਂ ਉਭਰ ਰਿਹਾ ਹੈ, ਉਹ ਹੈ ਨੈੱਟ ਦੀ ਭਾਸ਼ਾ ਅਤੇ ਆਮ ਜ਼ਿੰਦਗੀ ਦੀ ਭਾਸ਼ਾ ਦਾ। ਸ਼ਹਿਰ ਜਾਂ ਪਿੰਡ ਦੀ ਜ਼ਿੰਦਗੀ ਦੀ ਬੋਲਚਾਲ ਦੀ ਬੋਲੀ ਵੀ ਬਹੁਤ ਹੱਦ ਤੱਕ ਇਕੋ ਹੀ ਬਣਦੀ ਜਾ ਰਹੀ ਹੈ, ਖਾਸ ਕਰਕੇ ਨਵੀਂ ਪੀੜ੍ਹੀ ਦੀ। ਫਿਰ ਵੀ ਮੈਨੂੰ ਆਪਣੀ ਲਿਖਤ ਦੀ ਇਸ ਕਮਜ਼ੋਰੀ ਦਾ ਅਹਿਸਾਸ ਹੈ।

**? ਔਰਤ ਮਰਦ ਸੰਬੰਧਾਂ ਅਤੇ ਰਾਜਸੀ ਪਰਿਪੇਖ ਨੂੰ ਲੈ ਕੇ ਕਈ ਥਾਂ ਭਾਸ਼ਾਈ ਸੁਰ ਉੱਚੀ ਹੋ ਜਾਂਦੀ ਹੈ।**

-ਇਹ ਸੰਬੰਧ ਅੱਜ ਨਵੇਂ ਰੂਪ 'ਚ ਪ੍ਰਭਾਸ਼ਿਤ ਹੋ ਰਹੇ ਹਨ। ਜਦੋਂ ਤੁਸੀਂ ਨਵੀਂ ਜ਼ਿੰਦਗੀ ਨੂੰ ਚਿਤਰਨਾ ਹੈ ਤਾਂ ਉਸਦੇ ਕੁਝ ਆਧਾਰਾਂ ਦੀ ਵਿਆਖਿਆ ਕਰਨੀ ਹੀ ਪਵੇਗੀ। ਇਹੋ ਹਾਲ ਰਾਜਨੀਤੀ ਦਾ ਹੈ। ਉਦਾਹਰਣ ਵਜੋਂ 'ਬਹੁਤ ਸਾਰੇ ਚੁਰੱਸਤੇ' ਦਾ ਜਗਵਿੰਦਰ ਸਮਕਾਲੀ ਕਮਿਊਨਿਸਟ ਲਹਿਰ ਦੇ ਜਥੇਬੰਦਕ ਢਾਂਚੇ ਉਪਰ ਉਂਗਲ ਰੱਖਦਾ ਹੈ। ਜੇ ਉਹ ਉਂਜ ਹੀ ਦੋਸ਼ ਲਾਵੇ ਤਾਂ ਇਹ ਊਂਜਾਂ ਬਣ ਜਾਣਗੀਆਂ, ਪਰ ਜਦੋਂ ਉਹ ਇਸ ਦੀ ਸ਼ੁਰੂਆਤ ਵੇਲੇ ਤੋਂ ਲੈ ਕੇ ਇਸ ਦੇ ਨਿਘਾਰ ਤੱਕ ਜਾਣ ਦੀ ਵਿਆਖਿਆ ਕਰਦਾ ਹੈ, ਤੇ ਨਾਲ ਹੀ ਮਾਰਕਸਵਾਦ ਨੂੰ ਫਲਸਫ਼ੇ ਦੇ ਤੌਰ 'ਤੇ ਕਾਮਰੇਡਾਂ ਵੱਲੋਂ ਜੀਵਨ-ਦ੍ਰਿਸ਼ਟੀ ਨਾ ਬਣਾਉਣ ਨੂੰ ਰੇਖਾਂਕਤ ਕਰਦਾ ਹੈ ਤਾਂ ਉਸ ਵਰਤਾਰੇ 'ਤੇ ਉਂਗਲ ਰਖਦਾ ਹੈ, ਜਿਸ ਕਰਕੇ ਲਹਿਰ ਲੀਹੋ ਲਹਿੰਦੀ ਗਈ। ਇਹ ਵਿਆਖਿਆ ਜ਼ਰੂਰੀ ਸੀ, ਨਹੀਂ ਤਾਂ ਗੱਲ ਸਹੀ ਦਿਸ਼ਾ 'ਚ ਫੜੀ ਨਹੀਂ ਸੀ ਜਾ ਸਕਣੀ। ਇਹੋ ਹਾਲ ਔਰਤ ਮਰਦ ਸੰਬੰਧਾਂ ਦੇ ਮਾਮਲੇ 'ਚ ਹੈ। ਨਵੇਂ ਮਰਿਆਦਾ ਤੋੜ ਰਹੇ ਸੰਬੰਧਾਂ ਨੂੰ ਚਿਤਰਨਾ ਹੀ ਕਾਫ਼ੀ ਨਹੀਂ, ਉਨ੍ਹਾਂ ਦਾ ਆਧਾਰ-ਚਿੰਤਨ ਵੀ ਤਲਾਸ਼ਣਾ ਪਵੇਗਾ, ਤਾਂ ਹੀ ਪਾਤਰਾਂ ਨਾਲ ਅਸੀਂ ਠੀਕ ਨਿਆਂ ਕਰ ਸਕਾਂਗੇ। ਇਹ ਪੱਤਰਕਾਰਤਾ, ਪਰਵਾਰ ਤੇ ਹੋਰ ਬਹੁਤ ਸਾਰੇ ਮਾਮਲਿਆਂ 'ਚ ਵੀ ਸਹੀ ਹੈ। ਇਹ ਤਸੱਲੀ ਵਾਲੀ ਗੱਲ ਹੈ ਕਿ ਪਾਠਕਾਂ ਨੇ



ਇਸ ਨੂੰ ਰਚਨਾ ਦੇ ਹਿੱਸੇ ਵਜੋਂ ਆਇਆ ਸਵੀਕਾਰ ਕੀਤਾ ਨਾ ਕਿ ਪ੍ਰਚਾਰਕ ਦੀ ਸੁਰ ਵਜੋਂ।

**? ਪੰਜਾਬੀ ਨਾਵਲ ਆਲੋਚਨਾ ਦਾ ਤੁਹਾਡੇ ਨਾਵਲਾਂ ਪ੍ਰਤੀ ਹੁੰਗਾਰਾ ਕਿਹੋ ਜਿਹਾ ਰਿਹਾ।**

-ਬਹੁਤ ਚੰਗਾ। ਸੰਨ 2008 'ਚ ਮੇਰਾ ਪਹਿਲਾ ਨਾਵਲ 'ਨਿਕੇ ਨਿਕੇ ਯੁੱਧ' ਆਉਂਦਾ ਹੈ। ਉਸ ਪਹਿਲੇ ਹੀ ਨਾਵਲ 'ਤੇ ਪੰਜਾਬੀ ਦੇ ਸੰਜੀਦਾ ਆਲੋਚਕਾਂ ਡਾ. ਰਘਬੀਰ ਸਿੰਘ ਸਿਰਜਣਾ, ਡਾ. ਸੁਰਜੀਤ, ਤੁਸੀਂ, ਡਾ. ਮਿਨਾਕਸ਼ੀ ਰਾਠੌਰ, ਡਾ. ਗੁਰਪਾਲ ਸੰਧੂ ਨੇ ਬੜੀ ਸਾਰਥਕ ਚੀਰ ਫਾੜ ਕੀਤੀ। ਉਸ ਤੋਂ ਬਾਅਦ ਆਏ ਨਾਵਲਾਂ 'ਤੇ ਡਾ. ਰਾਜਿੰਦਰਪਾਲ ਸਿੰਘ ਬਰਾੜ, ਡਾ. ਮਹਿਲ ਸਿੰਘ, ਡਾ. ਸਤਿੰਦਰ ਸਿੰਘ ਰੈਬੀ, ਤਸਕੀਨ, ਹਰਵਿੰਦਰ ਭੰਡਾਲ, ਡਾ. ਪਰਮਜੀਤ ਕੌਰ ਸਿੱਧੂ, ਸੁਰਜੀਤ ਬਰਾੜ ਨੇ ਨਿੱਠ ਕੇ ਲਿਖਿਆ। ਸਗੋਂ ਕਈ ਉਹ ਪਾਸਾਰ ਵੀ ਮੇਰੇ ਸਾਹਮਣੇ ਆਏ, ਜਿਨ੍ਹਾਂ ਬਾਰੇ ਮੇਰੇ ਮਨ 'ਚ ਤਾਂ ਸੀ ਪਰ ਸੁਚੇਤ ਨਹੀਂ ਸਾਂ। ਮੈਂ ਛਪਣ ਤੋਂ ਪਹਿਲਾਂ ਆਪਣੇ ਖਰੜੇ ਕੁਝ ਦੋਸਤਾਂ ਨੂੰ ਪੜ੍ਹਾ ਲੈਂਦਾ ਹੈ ਜਿਨ੍ਹਾਂ 'ਚ ਤੁਸੀਂ, ਸੁਕੀਰਤ, ਜਸ ਮੰਡ, ਕੁਲਵੰਤ ਸੰਧੂ, ਤਸਕੀਨ, ਰਾਜਪਾਲ ਕੋਟਕਪੂਰਾ, ਖੁਸ਼ਵੰਤ ਬਰਗਾੜੀ ਸ਼ਾਮਲ ਹਨ। ਉਨ੍ਹਾਂ ਵੱਲੋਂ ਸੁਝਾਈਆਂ ਘਾਟਾਂ-ਕਮੀਆਂ ਨੂੰ ਕੋਸ਼ਿਸ਼ ਕਰਦਾ ਹਾਂ ਦੂਰ ਕਰ ਲਵਾਂ।

**? ਤੁਹਾਨੂੰ ਲੱਗਦਾ ਹੈ ਕਿ ਅਜੇ ਕਿਸੇ ਹੋਰ ਕੋਣ ਤੋਂ ਤੁਹਾਡੇ ਨਾਵਲਾਂ ਦਾ ਮੁਲਾਂਕਣ ਹੋਣਾ ਬਾਕੀ ਹੈ।**

-ਲੇਖਕ ਦੇ ਸਾਹਮਣੇ ਉਸ ਦੀ ਲਿਖਤ ਹੁੰਦੀ ਹੈ, ਉਸ ਦੀ ਸਿਰਜਣਾਤਮਿਕਤਾ ਦੇ ਪਾਸਾਰ। ਉਸ ਲਿਖਤ 'ਚ ਚਿੰਤਨ ਦੇ ਜਿਹੜੇ ਪਾਸਾਰ ਹੁੰਦੇ ਹਨ, ਬਹੁਤੀ ਵਾਰ ਲੇਖਕ ਨੂੰ ਇਹਨਾਂ ਸਾਰਿਆਂ ਦਾ ਖੁਦ ਪਤਾ ਨਹੀਂ ਹੁੰਦਾ ਜਾਂ ਉਹ ਇਹਨਾਂ ਬਾਰੇ ਸੁਚੇਤ ਨਹੀਂ ਹੁੰਦਾ। ਸਗੋਂ ਇੰਜ ਕਹਿਣਾ ਚਾਹੀਦਾ ਕਿ ਕਈ ਗੱਲਾਂ ਦਾ ਮੈਨੂੰ ਆਲੋਚਨਾ ਪੜ੍ਹਕੇ ਪਤਾ ਲੱਗਾ। ਜਿਵੇਂ ਤੁਸੀਂ ਦੌਲਤਪੁਰ ਤੋਂ ਸਿੱਧੂਪੁਰ ਆ ਕੇ ਵਸਣ ਨੂੰ ਸਿਰਫ਼ ਦੂਸਰੇ ਪਿੰਡ ਜਾਂ ਥਾਂ ਆ ਕੇ ਵਸਣਾ ਨਹੀਂ, ਸਗੋਂ ਵਿਕਾਸ ਮਾਡਲ ਦੇ ਬਦਲ ਨਾਲ ਜੋੜਿਆ ਹੈ। ਡਾ. ਸੁਰਜੀਤ ਨੇ ਸਮਕਾਲੀ ਕਮਿਊਨਿਸਟ ਲਹਿਰ ਵੱਲੋਂ ਅੰਧਾਧੁੰਦ ਵਿਕਾਸ ਦੀ ਵਕਾਲਤ ਕੀਤੇ ਜਾਣ ਨੂੰ, ਅਚੇਤ ਰੂਪ 'ਚ, ਜਿਵੇਂ ਸਰਮਾਏਦਾਰੀ ਵਿਕਾਸ ਮਾਡਲ ਦੇ ਹੱਕ 'ਚ ਭੁਗਤਣ ਦਾ ਨੁਕਤਾ ਉਭਾਰਿਆ, ਇਹ ਮੇਰੇ ਲਈ ਨਵੇਂ ਪਾਸਾਰ ਹਨ ਜਾਂ ਤਸਕੀਨ ਨੇ ਜੀਉਂਦੇ ਜਾਗਦੇ ਬੰਦੇ ਨੂੰ ਮਾਈਨਸ ਕਰਕੇ, ਜਿਵੇਂ ਲਹਿਰ 'ਚ ਘੜੇ ਹੋਏ ਬੰਦੇ ਦਾ ਬਿੰਬ ਉਭਾਰਨ ਦੇ ਯਤਨ ਕੀਤੇ ਗਏ, ਉਸ ਦੇ ਬੀਜ ਸਟਾਲਿਨਵਾਦ 'ਚ ਜਾ ਲੱਭੇ, ਜਿਸ ਦਾ ਸਾਡੇ ਦੇਸ਼ ਜਾਂ ਤੀਸਰੀ ਦੁਨੀਆਂ ਦੇ ਹੋਰ ਦੇਸ਼ਾਂ ਦੀ ਕਮਿਊਨਿਸਟ ਲਹਿਰ 'ਤੇ ਡੂੰਘਾ ਪ੍ਰਭਾਵ ਹੈ। ਇਹਨਾਂ ਗੱਲਾਂ ਨੇ ਮੇਰੇ ਸਾਹਮਣੇ ਲਿਖਤ ਅਤੇ ਪਾਤਰਾਂ ਦੇ ਨਵੇਂ ਆਯਾਮ ਖੋਹਲੇ ਹਨ।

**? ਆਪਣੇ ਸਮਕਾਲੀ ਨਾਵਲ ਬਾਰੇ ਟਿਪਣੀ।**

-ਮੇਰੇ ਮਨ 'ਚ ਸੁਪਨਾ ਹੈ ਟਾਲਸਟਾਏ ਦੇ 'ਜੰਗ ਤੇ ਅਮਨ', ਅੰਨਾ ਕਰੇਨਿਨਾ, ਸ਼ੋਲੋਖੋਵ ਦੇ 'ਡਾਨ ਵਹਿੰਦਾ ਰਿਹਾ', ਹੈਮਿੰਗਵੇ ਦੇ 'ਬੁੱਢਾ ਤੇ ਸਮੁੰਦਰ', ਤੁਰਗਨੇਵ ਜਾਂ ਜੋਲਾਂ ਦੇ ਨਾਵਲਾਂ ਵਰਗਾ ਕੋਈ ਨਾਵਲ ਲਿਖ ਸਕਾਂ। ਪੰਜਾਬੀ ਨਾਵਲ 'ਚ 'ਰਾਤ ਬਾਕੀ ਹੈ, 'ਪੂਰਨਮਾਸ਼ੀ', 'ਮੜ੍ਹੀ ਦਾ ਦੀਵਾ', 'ਅਣਹੋਏ', 'ਰੋਹੀ ਬੀਆਬਾਨ', 'ਯੁੱਧ ਨਾਦ' ਨਾਵਲ ਮੈਨੂੰ ਚੰਗੇ ਲੱਗਦੇ ਹਨ ਜਿਨ੍ਹਾ ਨੇ ਪੰਜਾਬੀ ਨਾਵਲ 'ਚ ਪ੍ਰਤੀਮਾਨ ਸਿਰਜੇ। ਆਪਣੇ ਸਮਕਾਲੀਆਂ 'ਚੋਂ ਅਵਤਾਰ ਬਿਲਿੰਗ, ਜਸਬੀਰ ਮੰਡ ਮੈਂ ਉਚੇਚ ਨਾਲ ਪੜ੍ਹਦਾ ਹਾਂ। ਨਵਿਆਂ 'ਚੋਂ ਅਜ਼ੀਜ਼ ਸਰੋਏ, ਪ੍ਰਗਟ ਸਤੌਜ, ਰਾਣਾ ਰਣਬੀਰ...ਬਾਕੀ ਛਪ ਤਾਂ ਬਹੁਤ ਕੁਝ ਰਿਹਾ ਹੈ, ਹਰ ਇੱਕ ਦੀ ਪੜ੍ਹਨ ਦੀ ਇੱਕ ਸੀਮਾ ਹੁੰਦੀ ਹੈ, ਜੇ ਉਹ ਨਾਲੋ ਨਾਲ ਖੁਦ ਵੀ ਲਿਖ ਰਿਹਾ ਹੋਵੇ ਤੇ ਰੋਜ਼ੀ ਰੋਟੀ ਲਈ ਨੌਕਰੀ ਵੀ ਕਰ ਰਿਹਾ ਹੋਵੇ।

**? ਤੁਹਾਨੂੰ ਸਥਾਪਿਤ ਕਰਨ ਵਿੱਚ ਤੁਹਾਡੇ ਕਿੱਤੇ ਦੀ ਕਿੰਨੀ ਭੂਮਿਕਾ ਹੈ।**

-ਕਾਫ਼ੀ ਭੂਮਿਕਾ ਹੈ। ਸ਼ੁਰੂਆਤ 'ਚ ਇਹ ਬਹੁਤ ਮਹੱਤਵਪੂਰਨ ਹੁੰਦਾ ਕਿ ਲੋਕ ਤੁਹਾਡਾ ਨਾਂ ਜਾਣਦੇ ਹੋਣ, ਤੁਹਾਡੀ ਨਵੀਂ ਆਈ ਲਿਖਤ ਦਾ ਉਨ੍ਹਾਂ ਨੂੰ ਪਤਾ ਹੋਵੇ। ਕਿਉਂਕਿ ਅਖ਼ਬਾਰ 'ਚ ਹੋਣ ਕਰਕੇ ਜਾਣਕਾਰਾਂ ਦਾ ਘੇਰਾ ਕਾਫ਼ੀ ਵੱਡਾ ਹੈ, ਇਸ ਲਈ ਪਹਿਲਾਂ ਪਹਿਲਾਂ ਇਸ ਜਾਣਕਾਰੀ ਨੇ ਵੱਡੀ ਭੂਮਿਕਾ









ਅਦਾ ਕੀਤੀ। ਬਹੁਤ ਵਾਰੀ ਇਸ ਲਈ ਹੀ ਲੋਕ ਤੁਹਾਨੂੰ ਪੜ੍ਹ ਲੈਂਦੇ ਹਨ ਕਿ ਮਿਲਣ 'ਤੇ ਜੇ ਪੁੱਛਿਆ ਤਾਂ ਕੁਝ ਕਹਿਣਾ ਪਵੇਗਾ। ਫਿਰ ਇਹ ਵੀ ਹੁੰਦਾ ਕਿ ਤੁਸੀਂ ਇੱਕ ਅਜਿਹੇ ਕੇਂਦਰ 'ਚ ਬੈਠੇ ਹੋ, ਜਿਥੇ ਅਕਸਰ ਤੁਹਾਡਾ ਲੇਖਕਾਂ, ਆਲੋਚਕਾਂ, ਪਾਠਕਾਂ ਨਾਲ ਕਿਸੇ ਨਾ ਕਿਸੇ ਰੂਪ 'ਚ ਮੇਲ-ਮਿਲਾਪ ਬਣਿਆ ਰਹਿੰਦਾ ਹੈ...ਤੇ ਇਸ ਮੇਲਾ-ਮਿਲਾਪ ਨੇ ਮੇਰੀਆਂ ਲਿਖਤਾਂ ਪਹਿਲ ਦੇ ਆਧਾਰ 'ਤੇ ਉਨ੍ਹਾਂ ਤੱਕ ਪੁੱਜਦੀਆਂ ਕੀਤੀਆਂ। ਭਾਵੇਂ ਇਹ ਵੀ ਮਹੱਤਵਪੂਰਨ ਹੁੰਦਾ ਕਿ ਸਿਰਫ਼ ਜਾਣਕਾਰੀ ਦੇ ਆਧਾਰ 'ਤੇ, ਸਿਰਜਣਾਤਮਿਕਤਾ ਦੇ ਖੇਤਰ 'ਚ ਬਹੁਤੀ ਦੇਰ ਟਿੱਕ ਨਹੀਂ ਸਕਦੇ। ਸੰਜੀਦਾ ਪਾਠਕ ਤੁਹਾਡੀ ਇੱਕ, ਹੱਦ ਦੋ ਲਿਖਤਾਂ ਤਾਂ ਲਿਹਾਜ਼ 'ਚ ਪੜ੍ਹ ਲੈਣਗੇ ਪਰ ਉਸ ਤੋਂ ਬਾਅਦ ਜੇ ਤੁਹਾਡੀ ਲਿਖਤ 'ਚ ਜਾਨ ਹੋਈ, ਤਾਂ ਹੀ ਤੁਸੀਂ ਪਾਠਕ ਦੇ ਪੜ੍ਹਨ-ਸੰਸਾਰ ਦਾ ਹਿੱਸਾ ਬਣੇ ਰਹਿ ਸਕੋਗੇ।

**? ਤੁਹਾਡੀ ਪਛਾਣ ਬਣਾਉਣ ਵਿੱਚ ਤੁਹਾਡੀ ਵਿਚਾਰਧਾਰਾਂ ਅਤੇ ਵਿਚਾਰਧਾਰਾਂ ਨਾਲ ਜੁੜੇ ਲੋਕਾਂ ਦੀ ਭੂਮਿਕਾ।**

-ਇਸ ਨਾਲ ਮੈਨੂੰ ਇੱਕ ਪਾਠਕ ਵਰਗ ਤਾਂ ਸ਼ੁਰੂ ਤੋਂ ਹੀ ਮਿਲ ਗਿਆ। ਉਨ੍ਹਾਂ ਨੂੰ ਪਤਾ ਸੀ ਕਿ ਮੈਂ ਕਿਸ ਦ੍ਰਿਸ਼ਟੀ ਤੋਂ ਲਿਖਦਾ ਹਾਂ ਤੇ ਉਹ ਇਸ ਲਈ ਮੇਰੀ ਲਿਖਤ ਨੂੰ ਪਹਿਲ ਦੇ ਆਧਾਰ 'ਤੇ ਪੜ੍ਹਦੇ। ਇਸ ਸੁਰ ਵਾਲੇ ਪਰਚਿਆਂ 'ਚ ਹੀ ਮੈਂ ਪਹਿਲਾਂ ਬਹੁਤਾ ਛਪਿਆ। ਇਸ ਵਰਗ ਵੱਲੋਂ ਹੀ ਸਭ ਤੋਂ ਵੱਧ ਹੁੰਗਾਰਾ ਵੀ ਮਿਲਿਆ। ਪਿਛਲੇ ਦਿਨਾਂ ਦੀ ਹੀ ਇੱਕ ਗੱਲ ਸਾਂਝੀ ਕਰਦਾ ਹਾਂ। ਸਰਬਜੀਤ ਕੰਗਣੀਵਾਲ ਕਦੀ ਮੇਰਾ ਕੁਲੀਗ ਰਿਹਾ ਤੇ ਅਜਕਲ ਪੰਜਾਬ ਸਰਕਾਰ 'ਚ ਇੱਕ ਅਫ਼ਸਰ ਹੈ। ਕਮਿਊਨਿਸਟ ਪਰਿਵਾਰਕ ਪਿਛੋਕੜ ਹੋਣ ਕਰਕੇ, ਉਸ ਦਾ ਝੁਕਾਅ ਸ਼ੁਰੂ ਤੋਂ ਹੀ ਲਹਿਰ ਵੱਲ ਰਿਹਾ ਹੈ। ਮੇਰਾ ਨਾਵਲ 'ਬਹੁਤ ਸਾਰੇ ਚੁਰੱਸਤੇ' ਪੜ੍ਹਕੇ, ਮਿਲਣ 'ਤੇ ਉਸ ਨੇ ਇਸ ਬਾਰੇ ਲੰਮੀ ਗੱਲਬਾਤ ਕੀਤੀ। ਉਸ ਨੂੰ ਇਤਰਾਜ਼ ਸੀ ਕਿ ਔਰਤ-ਮਰਦ ਸੰਬੰਧਾਂ ਨੂੰ ਚਿਤਰਦਿਆਂ ਮਰਿਆਦਾ ਦੀਆਂ ਹੱਦਾਂ ਟੱਪ ਗਿਆ ਹਾਂ, ਸ਼ਬਦ ਅਸ਼ਲੀਲਤਾ ਨੂੰ ਛੋਹਣ ਲੱਗਦੇ ਹਨ। 'ਇੱਕ ਕਮਿਊਨਿਸਟ ਲੇਖਕ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ।' ਭਾਵੇਂ ਕਮਿਊਨਿਸਟ ਲਹਿਰ ਬਾਰੇ ਇਸ 'ਚ ਪੇਸ਼ ਕਰਟੀਕ ਨਾਲ ਉਸਦੀ ਲੱਗਭੱਗ ਸਹਿਮਤੀ ਸੀ। ਇਸ ਲਈ ਉਸਨੇ ਨਾ ਕੇਵਲ ਆਪ ਪੜ੍ਹਿਆ, ਚਰਚਾ ਕੀਤੀ, ਸਗੋਂ ਹੋਰਨਾਂ ਨੂੰ ਵੀ ਪੜ੍ਹਾਇਆ। ਇਹ ਉਹ ਘੇਰਾ ਹੈ, ਜਿਨ੍ਹਾਂ ਨੂੰ ਮੇਰੇ ਸ਼ਬਦ ਵਿਚਾਰਧਾਰਾ ਕਰਕੇ ਪਸੰਦ ਹਨ। ਮਾਨਸਾ ਸੁਖਦਰਸ਼ਨ ਨੱਤ ਹੁਰਾਂ ਨੇ ਇਸ ਉੱਪਰ ਬੜੀ ਭਰਵੀਂ ਗੋਸ਼ਟੀ ਕਰਵਾਈ ਤੇ ਕਮਿਊਨਿਸਟ ਲਹਿਰ ਬਾਰੇ ਟਿਪਣੀਆਂ 'ਤੇ ਮੁੱਖ ਫੋਕਸ ਰਿਹਾ।

**? ਜਿਸ ਖਿੱਤੇ ਨੂੰ ਤੁਸੀਂ ਆਪਣੇ ਗਲਪੀ ਸੰਸਾਰ ਦਾ ਕੇਂਦਰ ਬਣਾਇਆ ਸੀ, ਉਨ੍ਹਾਂ ਲੋਕਾਂ ਦਾ ਵੀ ਕੋਈ ਹੁੰਗਾਰਾ ਹੈ।**

-ਪਿੰਡ ਚਨੌਰ, ਜਿਥੋਂ ਦਾ ਮੈਂ ਜੰਮਪਲ ਹਾਂ, ਮੁਕੇਰੀਆਂ ਤਹਿਸੀਲ ਦੇ ਬਚਵਾਹੀ ਇਲਾਕੇ 'ਚ, ਪਿੰਡ ਜਾਂ ਇਲਾਕੇ 'ਚ ਕੁਝ ਲੋਕ, ਮੈਨੂੰ ਲੇਖਕ ਵਜੋਂ ਜਾਣਦੇ ਤਾਂ ਹਨ ਪਰ ਉਨ੍ਹਾ ਦੀ ਜਾਣਕਾਰੀ ਦੀ ਸੀਮਾ ਅਖ਼ਬਾਰਾਂ



'ਚ ਛਪਦੀਆਂ ਛਿਟਪੁਟ ਰਚਨਾਵਾਂ ਜਾਂ ਟੀ ਵੀ ਉੱਪਰ ਕਿਸੇ ਕਵਿਤਾ ਪੜਨ ਕਰਕੇ ਬਹੁਤੀ ਹੈ। ਕਿਸੇ ਨੇ ਸ਼ਾਇਦ ਇੱਕ ਅੱਧੀ ਕੋਈ ਕਿਤਾਬ ਵੀ ਪੜ੍ਹੀ ਹੋਵੇ ਪਰ ਮੇਰੇ ਸਾਰੇ ਗਲਪ ਨੂੰ ਸ਼ਾਇਦ ਹੀ ਕਿਸੇ ਪੜ੍ਹਿਆ ਹੋਵੇ ਸਿਵਾਏ ਮਾਸਟਰ ਜੋਧ ਸਿੰਘ ਹੁਰਾਂ ਦੇ। ਡਾ. ਜਨਮੀਤ ਵੀ ਮੇਰੇ ਇਲਾਕੇ 'ਚੋਂ ਹੈ, ਉਨ੍ਹਾਂ ਦਾ ਹੁੰਗਾਰਾ ਵੀ ਬੜਾ ਸਾਰਥਕ ਹੈ।

**? ਪੰਜਾਬ ਦੇ ਕਿਸ ਖਿੱਤੇ ਵਿੱਚ ਤੁਹਾਡਾ ਜ਼ਿਆਦਾ ਪਾਠਕ ਵਰਗ ਹੈ।**

-ਸ਼ਾਇਦ ਮਾਲਵੇ ਵਿੱਚ। ਇਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਰਾਜਪਾਲ ਹੁਰਾਂ ਨੇ ਕੋਟਕਪੂਰੇ ਅਤੇ ਸੁਖਦਰਸ਼ਨ ਨੱਤ ਹੋਰਾਂ ਨੇ ਮਾਨਸੇ ਮੇਰੀਆਂ ਲਿਖਤਾਂ ਉੱਪਰ ਵੱਡੀਆਂ ਗੋਸ਼ਟੀਆਂ ਕਰਵਾਈਆਂ ਹਨ। ਫਿਰ ਖੁਸ਼ਵੰਤ ਬਰਗਾੜੀ ਨੇ ਪੀਪਲਜ਼ ਫੋਰਮ ਰਾਹੀਂ ਮੇਰੀਆਂ ਕਈ ਕਿਤਾਬਾਂ ਨੂੰ ਆਪਣੀ ਪਾਠਕ ਸੱਥ ਦੀਆਂ ਯੋਜਨਾਵਾਂ ਤਹਿਤ ਪਾਠਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਹੈ। ਉਂਜ ਬਾਕੀ ਖਿਤਿਆਂ 'ਚੋਂ ਵੀ ਕਦੀ ਕਿਸੇ ਪਾਠਕ ਦਾ ਫੋਨ ਜਾਂ 'ਫੇਸ-ਬੁੱਕ' 'ਤੇ ਕੋਈ ਟਿਪਣੀ ਆ ਜਾਂਦੀ ਹੈ। ਅਜਿਹੇ ਪਾਠਕ ਪੰਜਾਬ ਤੋਂ ਬਾਹਰ ਜਾਂ ਬਦੇਸ਼ਾਂ ਵਿੱਚ ਵੀ ਹਨ। ਮੇਰਾ ਨਾਵਲ 'ਬਹੁਤ ਸਾਰੇ ਚੁਰੱਸਤੇ' ਅਕਤੂਬਰ 2014 'ਚ ਛਪਿਆ। 528 ਸਫ਼ਿਆਂ ਦੇ ਇਸ ਨਾਵਲ ਦਾ ਮਈ 2015 'ਚ ਨਵਾਂ ਐਡੀਸ਼ਨ ਆ ਗਿਆ ਪੇਪਰ ਬੈਕ 'ਚ, ਤੇ ਪਹਿਲੇ ਹੀ ਪਬਲਿਸ਼ਰਜ਼ ਨੇ ਛਾਪਿਆ। ਸੰਜੀਦਾ ਪਾਠਕ ਕਿਥੇ ਹੈ, ਲੇਖਕ ਨੂੰ ਬਹੁਤੀ ਵਾਰ ਪਤਾ ਨਹੀਂ ਹੁੰਦਾ।

**? ਭਵਿੱਖੀ ਯੋਜਨਾਵਾਂ ਕੀ ਹਨ।**

-ਮੁੱਖ ਯੋਜਨਾ ਤਾਂ ਭਾਰਤੀ ਦੇ ਕਲਾਸਿਕ ਗਰੰਥ ਤੇ ਸਾਹਿਤ ਪੜਨ ਦੀ ਹੈ। ਮੈਂ ਪਿਛਲੇ ਸਮੇਂ 'ਚ ਸੰਪੂਰਨ ਰਿਗਵੇਦ ਅਤੇ ਬਾਲਮੀਕੀ ਰਮਾਇਣ ਦੇ ਅਨੁਵਾਦ ਪੜ੍ਹੇ ਹਨ। ਅਜਕੱਲ ਸੰਪੂਰਨ 'ਮਹਾਂ ਭਾਰਤ' ਦਾ ਅਨੁਵਾਦ ਪੜ੍ਹ ਰਿਹਾ ਹਾਂ। ਸ਼ਾਇਦ 2016 ਇਸ 'ਤੇ ਲੱਗ ਜਾਵੇ। ਕੁਝ ਚੋਣਵੇਂ ਪੁਰਾਣ ਤੇ ਸੰਸਕ੍ਰਿਤ ਦੇ ਨਾਟਕਾਂ ਨੂੰ ਪੜ੍ਹਨ ਦੀ ਯੋਜਨਾ ਵੀ ਹੈ। ਮੈਨੂੰ ਲੱਗਦਾ, ਇਹਨਾਂ ਨੂੰ ਪੜ੍ਹੇ ਬਿਨਾਂ ਤੁਸੀਂ ਭਾਰਤੀ ਬੰਦੇ ਤੇ ਸਮਾਜ ਦੇ ਵਿਕਾਸ ਦੀ ਰੂਹ ਨੂੰ ਨਹੀਂ ਫੜ ਸਕਦੇ। ਇੱਕ ਦੋ ਨਾਵਲਾਂ ਦੀ ਰੂਪ ਰੇਖਾ ਵੀ ਮਨ 'ਚ ਬਣ ਰਹੀ ਹੈ। ਬਾਕੀ ਕਦੀ ਕੋਈ ਕਹਾਣੀ ਜਾਂ ਕਿਸੇ ਲੇਖ ਦੀ ਸਿਰਜਣਾ ਤਾਂ ਚਲਦੀ ਹੀ ਰਹਿੰਦੀ ਹੈ।


**? ਕਵਿਤਾ ਲਿਖਣ ਨੂੰ ਜੀਅ ਨਹੀਂ ਕਰਦਾ।**


-ਕਵਿਤਾ ਅੱਜਕੱਲ ਸੁੱਝਦੀ ਨਹੀਂ। ਵਿਚਾਰ ਕਵਿਤਾ ਦੇ ਰੂਪ 'ਚ ਫੁੱਟਦੇ ਹੀ ਨਹੀਂ। ਜਦ ਕਵਿਤਾ ਦੇ ਰੂਪ 'ਚ ਫੁਟਦੇ ਸਨ ਤਾਂ ਮੈਂ ਅਕਸਰ ਬੱਸ 'ਚ ਸਫ਼ਰ ਕਰਦਿਆਂ ਜਾਂ ਘੁੰਮਦਿਆਂ ਫਿਰਦਿਆ ਕਵਿਤਾਵਾਂ ਲਿਖ ਲੈਂਦਾ ਸਾਂ। ਅੱਜਕੱਲ ਨਾਵਲਾਂ ਦੇ ਪਾਤਰਾਂ ਦੀਆਂ ਗੱਲਾਂ ਹੀ ਜ਼ਿਹਨ 'ਚ ਘੁੰਮਦੀਆਂ ਰਹਿੰਦੀਆਂ ਹਨ। ਸ਼ਾਇਦ ਕਦੀ ਭਵਿੱਖ 'ਚ ਕਵਿਤਾ ਦੇ ਬੀਜ ਪੁੰਗਰਨ, ਪਰ ਫਿਲਹਾਲ ਤਾਂ ਲਿਖੀ ਨਹੀਂ ਜਾ ਰਹੀ। 2007 ਤੋਂ ਬਾਅਦ, ਮੈਂ ਜਿਉਂ ਨਾਵਲ ਲਿਖਣ ਲੱਗਾ, ਸਿਰਫ਼ ਤਿੰਨ ਕਵਿਤਾਵਾਂ ਹੀ ਲਿਖੀਆਂ ਹਨ।

---

ਪੰਜਾਬੀ ਨਾਵਲ ਨੇ ਆਪਣੀ ਉਮਰ ਦੇ ਸੌ ਵਰ੍ਹੇ ਹੰਢਾ ਕੇ 101 ਵੇਂ ਵਰ੍ਹੇ ਵਿਚ ਪੈਰ ਧਰ ਲਿਆ ਹੈ। ਅੰਗਰੇਜ਼ੀ ਨਾਵਲ ਦੇ ਮੁਕਾਬਲੇ ਵਿਚ ਇਸ ਦੀ ਉਮਰ ਤਕਰੀਬਨ ਦੋ ਸੌ ਸਾਲ ਛੋਟੀ ਹੈ, ਤਾਂ ਵੀ ਇਸ ਦੇ ਸੌ ਸਾਲਾ ਲੰਮੇ ਸਫ਼ਰ ਦੇ ਤਜਰਬਿਆਂ ਦੀ ਜਾਣਕਾਰੀ ਪ੍ਰਾਪਤ ਕਰਨਾ ਹਰ ਪੱਖੋਂ ਮਹੱਤਵਪੂਰਨ ਕਦਮ ਹੈ। ਇਸ ਅਰਸੇ ਦੌਰਾਨ ਇਸ ਨੇ ਕਈ ਅਹਿਮ ਮੋੜ ਕੱਟੇ ਹਨ ਅਤੇ ਇਸ ਵਿਚ ਕਈ ਤਰ੍ਹਾਂ ਦੇ ਰੁਝਾਨ ਸਮੇਂ ਸਮੇਂ ਸਿਰ ਪੈਦਾ ਹੁੰਦੇ ਅਤੇ ਵਿਕਾਸ ਕਰਦੇ ਰਹੇ ਹਨ।

**- ਡਾ. ਟੀ. ਆਰ ਵਿਨੋਦ**










## ''ਮੈਂ ਆਪਣੇ ਪਾਤਰ, ਬਹੁ-ਦਿਸ਼ਾਵੀ, ਬਹੁ-ਪਰਤੀ ਕੁਠਾਲੀ 'ਚ ਪਾ ਕੇ ਘੜਦਾ ਹਾਂ''- ਦੇਸ ਰਾਜ ਕਾਲੀ / ਮੁਲਾਕਾਤੀ-ਪ੍ਰੋ. ਨੀਤੀ ਸਿੰਘ

*( ਪ੍ਰੋ. ਨੀਤੀ ਸਿੰਘ ਬੜੌਦਾ ਯੂਨੀਵਰਸਿਟੀ ਵਿਚ ਅੰਗ੍ਰੇਜ਼ੀ ਵਿਭਾਗ ਦੇ ਅਧਿਆਪਕ ਹਨ। ਉਹਨਾਂ ਨੇ ਦੇਸ ਰਾਜ ਕਾਲੀ ਦੇ ਨਾਵਲ 'ਸ਼ਾਂਤੀ ਪਰਵ' ਨੂੰ ਅੰਗ੍ਰੇਜ਼ੀ ਵਿੱਚ ਉਲਥਾਇਆ ਹੈ। ਇੱਕ ਅਨੁਵਾਦਕ ਵਜੋਂ ਅਤੇ ਇੱਕ ਚਿੰਤਕ ਵਜੋਂ 'ਸ਼ਾਂਤੀ ਪਰਵ' ਨਾਵਲ ਬਾਰੇ ਉਹਦੇ ਮਨ ਵਿੱਚ ਕੁੱਝ ਸਵਾਲ ਪੈਦਾ ਹੋਏ, ਜਿਹਨਾਂ ਬਾਰੇ ਕਾਲੀ ਨੇ ਇੱਥੇ ਜਵਾਬ ਦਿੱਤੇ ਹਨ। -ਸੰਪਾਦਕ )*

**? ਸਭ ਤੋਂ ਪਹਿਲਾ ਸਵਾਲ ਤੁਹਾਡੇ ਲੇਖਕ ਹੋ ਜਾਣ ਬਾਰੇ ਹੈ। ਤੁਸੀਂ ਲੇਖਕ ਕਿਉਂ ਹੋ ਗਏ? ਇਹ ਵੀ ਦੱਸੋ ਕਿ ਇਸ ਪਿੱਛੇ ਕੋਈ ਦਾਰਸ਼ਨਿਕ ਕਾਰਨ ਸੀ, ਕੋਈ ਵਿਅਕਤੀ ਜਾਂ ਕਿਤਾਬ?**

– ਮੇਰਾ ਲੇਖਕ ਦੇ ਤੌਰ 'ਤੇ ਜਨਮ ਅਸਲ ਮਾਅਨਿਆਂ ਵਿੱਚ ਕਾਲੇਜ ਦੇ ਦਿਨਾਂ ਦਾ ਹੈ। ਉਸਤੋਂ ਪਹਿਲਾਂ ਮੈਂ ਨਿੱਕੀਆਂ ਕਹਾਣੀਆਂ ਜੋੜਨੀਆਂ ਤਾਂ ਸ਼ੁਰੂ ਕਰ ਦਿੱਤੀਆਂ ਸਨ, ਪਰੰਤੂ ਇਹਨਾਂ ਨੂੰ ਛਪਵਾਉਣਾ ਵੀ ਹੈ ਜਾਂ ਮੈਂ ਲੇਖਕ ਬਨਣਾ ਹੈ, ਇਹ ਵਿਚਾਰ ਅਜੇ ਦੂਰ ਸੀ। ਮੈਂ ਜਲੰਧਰ ਡੀ.ਏ.ਵੀ. ਕਾਲੇਜ ਦਾ ਵਿਦਿਆਰਥੀ ਸਾਂ। ਉਹਨਾਂ ਦਿਨਾਂ ਵਿੱਚ ਸਾਡੇ ਕਾਲੇਜ ਵਿੱਚ ਕੁੱਝ ਪੰਜਾਬੀ ਲੇਖਕ ਉੱਭਰ ਰਹੇ ਸਨ। ਇਹ ਵੱਡੇ ਲੇਖਕਾਂ ਦੀਆਂ ਮਹਿਫਿਲਾਂ ਦਾ ਇੰਤਜ਼ਾਮ ਵੀ ਕਰਦੇ ਸਨ। ਮੇਰਾ ਮੇਲ ਇਹਨਾਂ ਨਾਲ ਹੋਇਆ। ਇਹਨਾਂ ਵਿੱਚ ਦਵਿੰਦਰ ਮੰਡ, ਭਗਵੰਤ ਰਸੂਲਪੁਰੀ, ਸੁਰਿੰਦਰ ਸੋਹਲ ਇਹ ਚੰਗਾ ਲਿਖਣ ਵਾਲੇ ਪੰਜਾਬੀ ਲੇਖਕ ਹਨ। ਜਿਹੜੇ ਵੱਡੇ ਲੇਖਕ ਉਦੋਂ ਮਿਲੇ ਉਹਨਾਂ ਵਿੱਚ ਪ੍ਰੇਮ ਗੋਰਖੀ ਦਾ ਨਾਮ ਪਹਿਲੇ ਨੰਬਰ ਉੱਤੇ ਹੈ। ਉਦੋਂ ਹੀ ਮੇਰੀ ਕਹਾਣੀ ਅਮ੍ਰਿਤਾ ਪ੍ਰੀਤਮ ਹੁਰਾਂ ਦੀ ਸੰਪਾਦਨਾ ਹੇਠ ਛਪਦੇ ਮਾਸਿਕ 'ਨਾਗਮਣੀ' ਵਿੱਚ ਪਰਕਾਸ਼ਿਤ ਹੋਈ। ਮੇਰੀ ਤਾਂ ਬੱਲੇ-ਬੱਲੇ ਹੋ ਗਈ। ਬਸ ਮੈਂ ਲੇਖਕ ਬਣ ਗਿਆ।

ਪਰ ਮੈਨੂੰ ਇਹ ਪਤਾ ਹੈ ਕਿ ਮੇਰੇ ਲੇਖਕ ਬਨਣ ਪਿੱਛੇ ਬਹੁਤ ਕੁੱਝ ਉਹ ਪਿਆ ਹੈ, ਜੋ ਬਹੁਤ ਵਚਿਤਰ ਹੈ, ਅਨੂਠਾ ਹੈ, ਅਣਕਿਹਾ ਹੈ, ਬਹੁਤ ਸਾਰੀਆਂ ਧੁਨੀਆਂ ਨੇ, ਗੂੰਜਾਂ ਨੇ। ਬਹੁਤ ਸਾਰਾ ਸੱਭਿਆਚਾਰਕ ਪਿਛੋਕੜ ਹੈ। ਵਿਆਹਾਂ ਦੇ ਗੀਤ ਨੇ, ਘੋੜੀਆਂ ਨੇ, ਸੁਹਾਗ ਨੇ, ਕੀਰਨੇ ਨੇ। ਸੱਭ ਤੋਂ ਵੱਧ ਮੇਰੇ ਭਾਪਾ ਜੀ ਵੱਲੋਂ ਗਾ ਕੇ ਪੜ੍ਹਿਆ ਜਾਣ ਵਾਲਾ ਉਹ ਕਿੱਸਾ ਕਾਵਿ ਹੈ, ਜਿਹੜਾ ਸਾਹਿਤ ਦਾ ਬੀਜ ਬਣਕੇ ਬਚਪਨ ਵਿੱਚ ਹੀ ਕਿਤੇ ਪੱਲਰਨ ਲੱਗਾ ਸੀ। ਮੇਰੇ ਭਾਪਾ ਜੀ ਹੀਰ ਵਾਰਿਸ ਸ਼ਾਹ, ਪੰਡਿਤ ਕਿਸ਼ੋਰ ਚੰਦ ਬੱਦੋਵਾਲ ਰਚਿਤ ਜਾਨੀ ਚੋਰ ਦੇ 12 ਹਿੱਸੇ, ਨਲ ਦਮਯੰਤੀ, ਰੂਪ ਬਸੰਤ, ਜ਼ਿੰਦਗੀ ਬਿਲਾਸ, ਸ਼ਾਹ ਬਹਿਰਾਮ, ਹਾਤਮਤਾਈ ਤੇ ਹੋਰ ਪਤਾ ਨਹੀਂ ਦਰਜਨਾਂ ਕਿੱਸੇ ਗਾ ਕੇ ਪੜ੍ਹਦੇ ਸਨ। ਪਿੰਡ ਦੇ ਬਜ਼ੁਰਗ ਉਹਨਾਂ ਕੋਲੋਂ ਇਹ ਕਿੱਸੇ ਸੁਣਦੇ। ਅਸੀਂ ਵੀ ਸੁਣਦੇ ਸਾਂ। ਪੰਜਾਬੀ ਕਿੱਸਾ-ਕਾਵਿ ਵਿੱਚ ਜੋ ਬਿਰਤਾਂਤ ਹੈ, ਉਹ ਅਦਭੁੱਤ ਹੈ। ਸ਼ਬਦ ਭੰਡਾਰ ਕਮਾਲ ਹੈ। ਜੋ ਇਤਿਹਾਸਕ ਪਹੁੰਚ ਹੈ ਕਿੱਸਿਆਂ ਦਾ ਕਮਾਲ ਹੈ। ਸਾਡੇ ਪਿੰਡ ਪੀਰ ਜ਼ਿੰਦਾ ਸ਼ਾਹ ਮਦਾਰ ਦੀ ਇੱਕ ਜਗ੍ਹਾ ਹੈ। ਉੱਥੇ ਹਰ ਸਾਲ ਉਰਸ ਹੁੰਦਾ ਸੀ। ਉੱਥੇ ਇੱਕ ਸਾਈਂ ਤੂੰਬੇ ਨਾਲ ਗਾਉਣ ਆਉਂਦਾ ਹੁੰਦਾ ਸੀ। ਬੜਾ ਕਮਾਲ ਦਾ ਸੂਫੀ ਰੰਗ ਉਹਨੇ ਬੰਨ੍ਹਣਾ। ਉਹ ਵੀ ਮੇਰੀ ਪ੍ਰੇਰਨਾ ਸੀ। ਫਿਰ ਸਾਡੇ



ਘਰਾਂ ਦੇ ਪਿਛਵਾੜੇ ਜੋ ਘਰ ਸਨ, ਉਹ ਗੁੱਗੇ ਪੀਰ ਨੂੰ ਮੰਨਦੇ ਸਨ। ਉਹ ਹਰ ਸਾਲ ਗੁੱਗੇ ਦੀ ਟੋਲੀ ਖਵਾਉਂਦੇ। ਉੱਥੇ ਗੁੱਗਾ ਗਾਉਣ ਵਾਲੇ ਸਾਰੀ-ਸਾਰੀ ਰਾਤ ਕਥਾ ਕਰਦੇ। ਇਹ ਬਹੁਤ ਰੌਚਕ ਕਥਾ ਸੀ। ਇਸੇ ਕਥਾ ਵਿੱਚ ਗੋਰਖ ਨਾਥ ਬਾਰੇ, ਉਹਨਾਂ ਦੇ ਅਵਾਮ ਵਿੱਚ ਪ੍ਰਭਾਵ ਬਾਰੇ ਬੜੀਆਂ ਦਿਲਚਸਪ ਗੱਲਾਂ ਸਨ। ਇਹ ਸਾਰਾ ਵਾਤਾਵਰਨ ਮੇਰੇ ਲਈ ਪ੍ਰੇਰਨਾ ਸੀ, ਜਿਹੜਾ ਬਹੁਤ ਸ਼ਿੱਦਤ ਨਾਲ ਮੇਰੇ ਨਾਵਲਾਂ ਵਿੱਚ ਤੁਹਾਨੂੰ ਵਿਖਾਈ ਵੀ ਦੇ ਜਾਂਦਾ ਹੈ।

ਅੱਛਾ ਇਹਦੇ ਨਾਲ ਹੀ ਮੇਰੇ ਪਿਤਾ ਜੀ ਦੇ ਗੁਰੂ ਸੰਤ ਪ੍ਰੀਤਮ ਦਾਸ ਚਿਸ਼ਤੀ ਸਾਬਰੀ ਜੋ ਸਨ, ਉਹ ਸੂਫੀ ਸਨ। ਅਗਾਂਹ ਉਹਨਾਂ ਦੇ ਗੁਰੂ ਸਰਵਰ ਸਰਕਾਰ ਸੰਤ ਬ੍ਰਹਮ ਦਾਸ ਜੀ ਫਿਲੌਰ ਵਾਲੇ ਉਹਨਾਂ ਦੇ ਗੁਰੂ ਸਨ। ਅਸੀਂ ਇਹਨਾਂ ਦਰਗਾਹਾਂ ਉੱਤੇ ਜਾਂਦੇ ਸਾਂ। ਇੱਥੇ ਕੱਵਾਲੀਆਂ ਹੁੰਦੀਆਂ ਸਨ। ਉਹਨਾਂ ਨਾਲ ਸੂਫੀਆਂ ਦਾ ਪ੍ਰਭਾਵ ਮੇਰੇ ਮਨ ਉੱਤੇ ਪਿਆ। ਇਵੇਂ ਹੀ ਮੇਰੇ ਚਾਚਾ ਜੀ ਜੋਗਿੰਦਰ ਰਾਮ ਨੇ ਇੱਕ ਨਾਥ ਲਹੁਕਾ ਦਾਸ ਜੀ ਨੂੰ ਗੁਰੂ ਧਾਰਨ ਕੀਤਾ ਹੋਇਆ ਸੀ। ਉਹ ਕਾਲੀ ਘੋੜੀ ਉੱਤੇ ਬੈਠਕੇ ਆਉਂਦੇ ਸਨ। ਉਹ ਲੱਕੜ ਦੇ ਤਖਤਪੋਸ਼ ਉੱਤੇ ਹੀ ਬੈਠਦੇ। ਉਹ ਲੰਗੋਟ ਧਾਰਨ ਕਰਦੇ। ਹੋਰ ਕੋਈ ਕੱਪੜਾ ਨਹੀਂ ਸਨ ਪਹਿਨਦੇ। ਇੱਕ ਮੋਢੇ ਉੱਤੇ ਬਗਲੀ ਹੁੰਦੀ ਸੀ। ਹੱਥ ਵਿੱਚ ਬੈਰਾਗਣ। ਮੇਰੇ ਮਨ ਵਿੱਚ ਅਜਿਹਾ ਹੀ ਰੂਪ ਧਾਰਨ ਕਰ ਲੈਣ ਦਾ ਖਿਆਲ ਕਈ ਵਾਰ ਆਇਆ। ਹੁਣ ਵੀ ਆਉਂਦਾ ਹੈ। ਇਸੇ ਤਰ੍ਹਾਂ ਸਾਡੇ ਗਵਾਂਢ ਵਿੱਚ ਇੱਕ ਬਜ਼ੁਰਗ ਲਛਮਣ ਦਾਸ ਰਹਿੰਦਾ ਸੀ। ਉਹ ਲੋਕਾਂ ਦੇ ਫਾਂਡੇ-ਫੂੰਡੇ ਕਰਦਾ ਹੁੰਦਾ ਸੀ। ਉਸਨੂੰ ਲੋਕ ਚੇਲਾ ਕਹਿੰਦੇ ਸਨ। ਉਸਦੇ ਜੋ ਗੁਰੂ ਸਨ, ਉਹ ਮੜੂੱਲੀ ਬਾਹਮਣਾ ਪਿੰਡ ਦੇ ਨਾਥ ਸਨ। ਇਹਨਾਂ ਨੂੰ ਕੜਿਆਂ ਵਾਲੇ ਸੰਤ ਵੀ ਕਿਹਾ ਜਾਂਦਾ ਸੀ। ਇਹਨਾਂ ਸਾਰਿਆਂ ਦਾ ਪ੍ਰਭਾਵ ਮੈਂ ਬਚਪਨ ਵਿੱਚ ਕਬੂਲਿਆ ਹੈ। ਇਹੀ ਮੇਰੇ ਸਾਹਿਤ ਦੇ ਬੀਜ ਨੇ, ਮੇਰੇ ਸਾਹਿਤ ਦੀਆਂ ਜੜ੍ਹਾਂ ਨੇ।

**? ਕੀ ਤੁਸੀਂ ਲੇਖਕ ਬਣਨ ਪਿੱਛੇ ਕਾਰਜ ਕਰ ਰਹੇ ਕਿਸੇ ਸੰਵੇਦਨਸ਼ੀਲ ਪਹਿਲੂ ਜਾਂ ਸਿਧਾਂਤ ਬਾਰੇ ਵੀ ਗੱਲ ਕਰਨੀ ਚਾਹੋਗੇ? ਉਹ ਕਿਹੜੀ ਭਾਵਨਾ ਸੀ (ਨਫ਼ਰਤ, ਗੁੱਸਾ ਜਾਂ ਪਿਆਰ) ਜਿਨ੍ਹੇ ਤੁਹਾਨੂੰ ਲੇਖਕੀ ਦੇ ਰਾਹ ਤੋਰਿਆ ਤੇ ਤੁਸੀਂ ਇਕ ਨਾਵਲਕਾਰ ਵਜੋਂ ਸਾਹਮਣੇ ਆਏ?**

–ਪੂਰੀ ਤਰ੍ਹਾਂ ਤਾਂ ਇਸ ਸਵਾਲ ਦਾ ਜਵਾਬ ਨਹੀਂ ਦੇ ਸਕਦਾ, ਪਰ ਕੁੱਝ ਸੀ ਮਨ ਵਿੱਚ ਜਿਸਨੂੰ ਸ਼ਾਇਦ ਡਿਫਾਈਨ ਤਾਂ ਨਹੀਂ ਕੀਤਾ ਜਾ ਸਕਦਾ, ਹਾਂ ਗੱਲ ਕੀਤੀ ਜਾ ਸਕਦੀ ਉਸ ਬਾਰੇ। ਮੇਰੀ ਜਿਹੜੀ ਕਹਾਣੀ 'ਨਾਗਮਣੀ' ਵਿੱਚ ਛਪੀ ਸੀ, ਉਸਦਾ ਟਾਇਟਲ ਸੀ 'ਚਾਨਣ ਦੀ ਲੀਕ'। ਇਹ ਕਹਾਣੀ ਮੇਰੇ ਪਿੰਡ ਦੀ ਉਸ ਦਲਿਤ ਔਰਤ ਬਾਰੇ ਸੀ, ਜਿਹੜੀ ਬਹੁਤ ਗਰੀਬ ਸੀ। ਇਹ ਪਹਾੜਨ ਔਰਤ ਸੀ। ਬਹੁਤ ਹੀ ਖੂਬਸੂਰਤ। ਇਹਦੇ ਘਰਵਾਲਾ ਬਹੁਤ ਨਿੰਕਮਾਂ ਤੇ ਮੂਰਖ ਇਨਸਾਨ ਸੀ। ਕੋਈ ਕੰਮ ਨਹੀਂ ਸੀ ਕਰਦਾ। ਇਹ ਔਰਤ ਸਾਡੇ ਪਿੰਡ ਦੇ ਇੱਕ ਪੁਲਿਸ ਅਫਸਰ ਦੇ ਘਰ ਕੰਮ ਕਰਦੀ ਸੀ। ਪਿੰਡ ਦੇ ਲੋਕ ਇਸਦਾ ਨਾਮ ਉਸ ਅਫਸਰ ਨਾਲ ਜੋੜਦੇ ਸਨ, ਪਰ ਪਿੱਠ ਪਿੱਛੇ। ਇੱਕ ਵਾਰ ਤਾਸ਼ ਖੇਡਦੀ ਪਿੰਡ ਦੇ ਬੰਦਿਆਂ ਦੀ ਢਾਣੀ ਵਿੱਚੋਂ ਕਿਸੇ ਨੇ ਇਸ ਔਰਤ ਨੂੰ ਤਨਜ ਨਾਲ ਕੁੱਝ ਕਹਿ ਦਿੱਤਾ ਉਸ ਅਫਸਰ ਨਾਲ ਗੱਲ ਜੋੜਕੇ। ਇਹ ਤਾਂ ਪਿਓ ਦੀ ਧੀ ਅੱਗ ਦੀ ਨਾਲ ਬਣ ਗਈ। ਇਹ ਲੋਹੇ ਦਾ ਦਾਤ ਲੈ ਕੇ ਉਹਨੂੰ ਮਾਰਨ ਆ ਪਈ। ਇਹਦਾ ਗੁੱਸਾ ਦੇਖਣ ਵਾਲਾ ਸੀ। ਮੈਂ ਉਸ ਵਾਰ ਕਰ ਰਹੇ ਦਾਤਰ ਵਿੱਚੋਂ ਪੈਦਾ ਹੁੰਦੀ ਇੱਕ ਚਾਨਣ ਦੀ ਲੀਕ ਮਹਿਸੂਸ ਕੀਤੀ। ਮੈਨੂੰ ਲੱਗਾ ਇਹਦੇ ਬਾਰੇ ਲਿਖਣਾ ਚਾਹੀਦਾ ਹੈ। ਫਿਰ ਜਿਵੇਂ ਮੈਂ ਕਿਹਾ ਕਿ ਸਾਡੇ ਘਰਾਂ ਦੀ ਪਿਛਾੜੀ ਕੁੱਝ ਘਰ ਗੁੱਗੇ ਦੀ ਟੋਲੀ ਖਵਾਉਂਦੇ ਸਨ। ਉਹਨਾਂ ਵਿੱਚ ਇੱਕ ਘਰ ਬਹੁਤ ਗਰੀਬ ਸੀ। ਮੇਰੇ ਭਾਪਾ ਜੀ ਤੇ ਮੇਰੇ ਬੀਜੀ ਖੁਦ ਗਰੀਬ ਹੋਣ ਦੇ ਬਾਵਜੂਦ ਉਹਨਾਂ ਦੀ ਮਦਦ ਕਰਦੇ ਸਨ। ਉਸ ਆਦਮੀ ਦੇ ਪੈਰਾਂ ਵਿੱਚ ਕਰੋਹੀਆਂ ਹੋ ਗਈਆਂ। ਉਹਦੇ ਕੋਲ ਇਲਾਜ ਲਈ ਪੈਸੇ ਨਹੀਂ ਸਨ। ਮੈਂ ਦੇਖਿਆ ਕਿ ਉਹਦੇ ਪੈਰ ਦਾ ਅੰਗੂਠਾ ਗਲ਼ ਕੇ ਡਿੱਗ ਪਿਆ। ਇੰਝ ਮਨੁੱਖ ਦੇ ਅੰਗ ਟੁੱਟ ਕੇ ਡਿੱਗ ਪੈਂਦੇ ਨੇ, ਘੋਰ ਅਨਿਆਂ ਹੈ। ਮੇਰੇ ਮਨ ਨੂੰ ਕੁੱਝ ਹੋਇਆ। ਮੈਂ ਉਹਨਾਂ ਬਾਰੇ ਵੀ ਲਿਖਿਆ। ਇਹ ਮੇਰੇ ਹੀ ਲੋਕ ਸਨ, ਮੇਰੇ ਆਪਣੇ। ਮੇਰੇ ਆਲੇ-ਦੁਆਲੇ ਦੇ। ਮੈਂ ਇਹਨਾਂ ਦੇ ਹੱਥਾਂ ਵਿੱਚ ਵੱਡਾ ਹੋਇਆ ਹਾਂ। ਇਹਨਾਂ ਦੇ ਦਰਦ ਬਹੁਤ ਅਵੱਲੇ ਤੇ ਵੱਡੇ ਸਨ। ਉਹਨਾਂ ਜ਼ਖ਼ਮਾਂ ਦੀ ਟੀਸ ਕਿਤੇ ਮਨ ਵਿੱਚ ਤੁਰਦੀ ਰਹਿੰਦੀ ਸੀ। ਤਦੇ

ਇਹਨਾਂ ਬਾਰੇ ਲਿਖਿਆ ਹੈ। ਹੁਣ ਵਕਤ ਬਦਲ ਗਏ ਨੇ, ਲੋਕ ਵੀ ਬਦਲ ਗਏ ਨੇ, ਪਰੰਤੂ ਪਰਛਾਵੇਂ ਅਜੇ ਵੀ ਇਹਨਾਂ ਲੋਕਾਂ ਦੇ ਹੀ ਨੇ, ਜੋ ਮੇਰੇ ਸਾਹਿਤ ਵਿੱਚ ਤੁਸੀਂ ਦੇਖਦੇ ਹੋ।

ਬਸ ਇਸ ਟੀਸ ਨੇ ਲੇਖਕ ਬਣਾ ਦਿੱਤਾ।

**? 'ਸ਼ਾਂਤੀ ਪਰਵ' ਦਾ ਫੁਰਨਾ ਕਿਵੇਂ ਫੁਰਿਆ?**

– 'ਸ਼ਾਂਤੀ ਪਰਵ' ਨਾਵਲ ਮੇਰੇ ਕੋਲ ਟੁਕੜਿਆਂ ਵਿੱਚ ਆਇਆ ਸੀ। ਮੈਂ ਸਵੈ ਦੀ ਖੋਜ ਵਿੱਚ ਸਾਂ। ਆਪਣੇ ਆਲੇ-ਦੁਆਲੇ ਨੂੰ ਘੋਖ ਰਿਹਾ ਸਾਂ। ਨਾਲ ਵਿਚਰਦੇ ਲੋਕਾਂ ਦੇ ਵਿਹਾਰ ਨੂੰ ਸਮਝਣ ਦੀ ਕੋਸ਼ਿਸ਼ ਵਿੱਚ ਸਾਂ। ਆਪਣੇ ਖੋਲ ਵਿੱਚ ਸੁੰਗੜਦੇ ਜਾ ਰਹੇ ਮਨੁੱਖ ਨੂੰ ਸਮਝਣ ਦਾ ਯਤਨ ਕਰ ਰਿਹਾ ਸਾਂ। ਸਿਆਸਤ ਨੂੰ ਸਮਝ ਰਿਹਾ ਸਾਂ। ਕਲਚਰਲ ਵਿਹਾਰ ਦਾ ਅਧਿਐਨ ਕਰ ਰਿਹਾ ਸਾਂ। ਦੇਖ ਰਿਹਾ ਸਾਂ ਕਿ ਕਿਵੇਂ ਭਾਰਤੀ ਮਨੁੱਖ ਨੂੰ ਪੌਰਾਣਿਕ ਪ੍ਰਭਾਵ ਤੋਂ ਨਿਖੇੜ ਕੇ ਦੇਖਿਆ ਹੀ ਨਹੀਂ ਜਾ ਸਕਦਾ। ਉਹ ਚਾਹੇ ਕਿਸੇ ਵਰਣ ਜਾਂ ਜਾਤੀ ਦਾ ਹੋਵੇ। ਸੋ ਮੇਰੇ ਜੋ ਪਾਤਰ ਸਨ, ਉਹ ਬਹੁ-ਦਿਸ਼ਾਵੀ, ਬਹੁ-ਪਰਤੀ ਕੁਠਾਲੀ ਵਿੱਚ ਪੈ ਕੇ ਘੜ ਹੋ ਰਹੇ ਸਨ। ਤਦੇ ਮੈਂ ਮਹਿਸੂਸ ਕੀਤਾ ਕਿ ਇਹਨਾਂ ਦੀ ਘਾੜਤ ਦੇ ਪਿੱਛੇ ਬਹੁਤ ਕੁੱਝ ਉਹ ਪਿਆ ਹੈ, ਜਿਹੜਾ ਅਣਦਿਖਦਾ ਹੈ, ਪਰੰਤੂ ਪ੍ਰਭਾਵਸ਼ਾਲੀ ਬਹੁਤ ਹੈ। ਫਿਰ ਮੈਂ ਹੇਠਲੇ ਅੱਧ ਵਾਲੇ ਤਿੰਨ ਪਾਤਰ ਲਏ, ਜਿਹਨਾਂ ਰਾਹੀਂ ਮੌਜੂਦਾ ਪਾਤਰਾਂ ਦੀ ਘਾੜਤ ਪਿੱਛੇ ਪਏ ਕਾਰਣਾ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ। ਇਹ ਵੀ ਕੋਸ਼ਿਸ਼ ਕੀਤੀ ਕਿ ਕਲਾ ਦੇ ਪੱਖ ਤੋਂ ਜੇਕਰ ਇਹ ਨਾਵਲ ਨਵਾਂ ਹੋਵੇ, ਤਾਂ ਇਹਦੇ ਵਿੱਚ ਇਹ ਨਾ ਹੋਵੇ ਕਿ ਪ੍ਰਯੋਗ ਦੀ ਜਸਟੀਫਿਕੇਸ਼ਨ ਹੀ ਕੋਈ ਨਾ ਬਣੇ। ਮੈਂ ਆਪਣੇ ਨਾਵਲਾਂ ਉੱਤੇ ਬਹੁਤ ਮਿਹਨਤ ਕਰਦਾ ਹਾਂ। ਸਾਲਾਂ ਬੱਧੀ ਮਿਹਨਤ ਕਰਦਾ ਹਾਂ। ਇਹ ਅਕਾਰ ਵਿੱਚ ਭਾਵੇਂ ਛੋਟੇ ਹੋਣ, ਬੁਲੰਦੀ ਬਹੁਤ ਹੁੰਦੀ ਹੈ ਇਹਨਾਂ ਦੀ। ਹੁਣ 'ਸ਼ਾਂਤੀ ਪਰਵ' ਦੇ ਹੇਠਲੇ ਜੋ ਤਿੰਨ ਪਾਤਰ ਨੇ, ਉਹ ਉੱਪਰਲਿਆਂ ਦੇ ਵਿਹਾਰ ਦੀ ਇਤਿਹਾਸਕਤਾ ਨੂੰ ਵੀ ਦਰਸਾ ਰਹੇ ਨੇ, ਹਾਸ਼ੀਆਗਤ ਕਰ ਦਿੱਤੀਆਂ ਧਿਰਾਂ ਦੀ ਨਿਸ਼ਾਨਦੇਹੀ ਵੀ ਕਰ ਰਹੇ ਨੇ, ਅੱਜ ਦੇ ਮਨੁੱਖ ਦੀ ਹੋਣੀ ਦੀ ਗਵਾਹੀ ਵੀ ਦੇ ਰਹੇ ਨੇ,ਫਿਕਸ਼ਨਲ ਨਾ ਹੋ ਕੇ ਵੀ ਫਿਕਸ਼ਨਲ ਨੇ। ਮੇਰੀ ਵਿਚਾਰਧਾਰਾ ਦੇ ਜਾਮਨ ਵੀ ਨੇ ਤੇ ਸਿਆਸਤ ਦੇ ਵੀ। ਸਾਹਿਤ ਵਿੱਚ ਮੇਰਾ ਮੁਕਾਮ ਵੀ ਦਰਸਾ ਜਾਂਦੇ ਨੇ।

**? ਤੁਹਾਡਾ ਮਹਾਂਭਾਰਤ ਦੀ ਟੈਕਸਟ ਵਜੋਂ ਸ਼ਾਂਤੀ ਪਰਵ ਬਾਰੇ ਕੀ ਪ੍ਰਭਾਵ ਹੈ? ਤੁਸੀਂ ਇਸ ਨੂੰ ਕੁਰੁਕੇਸ਼ਤਰ ਦੇ ਯੁੱਧ ਦੇ ਮੈਦਾਨ ਵਿਚ ਲੜ ਰਹੇ ਸਬਾਲਟਰਨ ਨਾਲ ਕਿਵੇਂ ਜੋੜ ਕੇ ਦੇਖਦੇ ਹੋ?**

– ਮਹਾਭਾਰਤ ਵਿੱਚ ਜੋ ਅਧਿਆਇ 'ਸ਼ਾਂਤੀ ਪਰਵ' ਹੇਠ ਦਰਜ ਹੈ, ਉਹ ਬਹੁਤ ਹੀ ਮਹੱਤਵਪੂਰਨ ਪਰਵ ਹੈ। ਮੈਂ ਪੌਰਾਣਿਕ ਸਾਹਿਤ ਦਾ ਬਹੁਤ ਅਧਿਐਨ ਕੀਤਾ ਹੈ। ਜਦੋਂ ਮੈਂ ਇਸ ਪਰਵ ਨੂੰ ਘੋਖ ਰਿਹਾ ਸੀ, ਤਾਂ ਮੈਂ ਦੇਖਿਆ ਕਿ ਕਹਿਣ ਨੂੰ ਤਾਂ ਇਹ ਯੁੱਧ ਤੋਂ ਬਾਦ ਸ਼ਾਂਤ ਸਮੇਂ ਵਿੱਚ ਰਹਿ ਕੇ ਯੁੱਧ ਬਾਰੇ ਵਿਚਾਰ ਕਰਨ ਵਾਲਾ ਕਾਂਡ ਹੈ। ਪਰੰਤੂ ਅਸਲ ਵਿੱਚ ਇਹ ਤਾਂ ਯੁੱਧ ਦੀ ਜਸਟੀਫਿਕੇਸ਼ਨ ਹੈ। ਇਹ ਬ੍ਰਾਹਮਣਿਕ ਵਰਗ ਦਾ, ਕੁਲੀਨ ਵਰਗ ਦਾ, ਜੋ ਜ਼ੁਲਮ ਹੈ, ਉਹਨੂੰ ਰੱਬੀ ਹੁਕਮ ਕਹਿ ਕੇ ਮਨੁੱਖਤਾ ਦੇ ਘਾਣ ਦੀ ਜਸਟੀਫਿਕੇਸ਼ਨ ਹੈ। ਔਰ ਉਹਦੇ ਵਿੱਚ ਵੀ ਅਜਿਹੇ ਵਿਚਾਰ ਦਰੌਪਦੀ ਦੇ ਹੀ ਜ਼ਿਆਦਾ ਹਨ। ਇਹ ਉਹਨਾਂ ਮਰਨ ਵਾਲੇ ਸਿਪਾਹੀਆਂ ਦੇ ਖੂਨ ਨੂੰ ਵਿਅਰਥ ਕਹੇ ਜਾਣ ਵਰਗਾ ਹੈ। ਇਹ ਸਾਰਾ ਪਰਵ ਮਜ਼ਲੂਮ ਉੱਤੇ ਰਾਜੇ ਦੇ ਜ਼ੁਲਮ ਦੀ ਜਸਟੀਫਿਕੇਸ਼ਨ ਹੈ। ਮੈਂ ਇਸ ਵਿਚਾਰ ਦੇ ਉਲਟ ਹਾਂ। ਮੈਂ ਕਿਹਾ ਕਿ ਮੈਂ ਜਿਹੜਾ 'ਸ਼ਾਂਤੀ ਪਰਵ' ਲਿਖਾਂਗਾ, ਉਹ ਭਾਰਤ ਦੀ ਅਜ਼ਾਦੀ ਤੋਂ ਬਾਦ ਜੋ ਅਖੌਤੀ ਸ਼ਾਂਤ ਵੇਲਾ ਹੈ, ਉਸਦਾ ਵਿਸ਼ਲੇਸ਼ਣ ਕਰਾਂਗਾ ਤੇ ਸੱਚ ਦਾ ਪੱਲੜਾ ਭਾਰੀ ਰੱਖਾਂਗਾ। ਇਹਨਾਂ ਦੇ ਸ਼ਾਂਤੀ ਪਰਵ ਦੀ ਆਪਣੀ ਫਿਲਾਸਫੀ ਹੈ, ਪਰੰਤੂ ਮੇਰੇ ਸ਼ਾਂਤੀ ਪਰਵ ਦੀ ਆਪਣੀ ਫਿਲਾਸਫੀ ਹੋਵੇਗੀ। ਮੈਂ ਇੱਕ ਫਿਲਾਸਫੀਕਲ ਲੜਾਈ ਦਿੱਤੀ ਹੈ ਇਸ ਨਾਵਲ ਰਾਹੀਂ। ਇਹ ਹਰ ਪੱਧਰ ਉੱਤੇ ਲੜਾਈ ਹੈ, ਕਲਾ ਦੇ ਪੱਧਰ ਉੱਤੇ ਵੀ

**? ਨਾਵਲ ਦੀ ਟੈਕਸਟ ਦੇ ਅੰਦਰ ਜੋ ਉਪਰਲਾ ਅੱਧ ਹੈ, ਉਸ ਵਿਚ ਤੁਸੀਂ ਮੇਨ ਸਟਰੀਮ ਡਿਸਕੋਰਸ ਵਿੱਚੋਂ ਦਾਬਾ, ਸਿਆਸਤ, ਪੂੰਜੀ, ਭ੍ਰਿਸ਼ਟਾਚਾਰ, ਅੱਤਵਾਦ ਅਤੇ ਸਟੇਟ ਦੀ ਹਿੰਸਾ ਨੂੰ ਕੇਂਦਰਤ ਕਰਦੇ ਹੋ। ਇਸ ਉਪਰਲੇ ਅੱਧ ਵਿਚ ਹਾਸ਼ੀਏ ਤੇ ਧੱਕ ਦਿੱਤੇ ਗਏ ਮਨੁੱਖ ਦੀ ਹੋਣੀ ਦੀ ਸਿਧਾਂਤਕੀ ਦਿਖਾਈ ਨਹੀਂ ਦਿੰਦੀ। ਇੰਝ**



**ਵੀ ਲੱਗਦਾ ਹੈ ਜਿਵੇਂ ਕਿਤੇ ਹਲਕਾ ਜਿਹਾ ਤੋੜ ਵਿਛੋੜਾ ਹੈ। ਜੋ ਹੇਠਲੇ ਅੱਧ ਦਾ ਮੋਨੋਲੌਗ ਹੈ ਉਹਦੇ ਵਿਚ ਮਨੁੱਖੀ ਅਤੀਤ ਦੀਆਂ, ਅਜ਼ਾਦੀ ਦੇ ਸ਼ੁਰੂਆਤੀ ਵਰ੍ਹਿਆਂ ਦੀਆਂ ਉਹ ਕਹਾਣੀਆਂ ਹਨ, ਜਿਹੜੀਆਂ ਵਰਤਮਾਨ ਨਾਲ ਵੀ ਜੁੜੀਆਂ ਹੋਈਆਂ ਹਨ। ਤੁਹਾਡੇ ਇਸ ਨਾਵਲ ਵਿਚ ਉਹ ਪਾਤਰ ਵੀ ਹਨ, ਜਿਹੜੇ ਲੈਪਟਾਪ ਲੈ ਕੇ ਲੰਮੀ ਡਰਾਈਵ 'ਤੇ ਜਾਂਦੇ ਹਨ। ਇਨ੍ਹਾਂ ਸਾਰਿਆਂ ਦਾ ਜੋੜ ਤੁਸੀਂ ਕਿਵੇਂ ਬਿਠਾਉਂਦੇ ਹੋ?**

– ਦੇਖੋ, ਮੈਂ ਸਪਸ਼ਟ ਕਰ ਦਿਆਂ ਕਿ ਜਿਹੜੇ ਮੇਨਸਟ੍ਰੀਮ ਡਿਸਕੋਰਸ ਨੇ, ਇਹਨਾਂ ਦੇ ਪ੍ਰਭਾਵ ਸਿੱਧੇ ਨਹੀਂ ਦਿਖਾਈ ਦਿੰਦੇ ਹੁੰਦੇ। ਇਹਨਾਂ ਦੇ ਪ੍ਰਭਾਵ ਅਜਿਹਾ ਨਹੀਂ ਕਿ ਕਿਸੇ ਨੇ ਦੂਜੇ ਦੇ ਸਿਰ ਵਿੱਚ ਕੁੱਝ ਮਾਰਿਆ ਤੇ ਉਹ ਲਹੂ-ਲੁਹਾਣ ਹੋ ਗਿਆ। ਸਾਨੂੰ ਦਿਖਾਈ ਦੇ ਰਿਹਾ ਹੈ। ਇਹਨਾਂ ਦੀ ਮਾਰ ਗੁੱਝੀ ਹੁੰਦੀ ਹੁੰਦੀ ਹੈ। ਦੂਸਰਾ ਮੇਰਾ ਜੋ ਸਾਰਾ ਸਾਹਿਤ ਹੈ, ਉਹ ਯਥਾਰਥ ਨਹੀਂ ਹੈ, ਯਥਾਰਥ ਪ੍ਰਤੀ ਮੇਰੇ ਮਨ ਵਿੱਚ ਪੈਦਾ ਹੋਈ ਪ੍ਰਤੀਧੁਨੀ ਹੈ। ਯਥਾਰਥ ਬਾਰੇ ਜੋ ਮਨ ਵਿੱਚ ਪੈਦਾ ਹੋਇਆ, ਚੰਗਾ ਜਾਂ ਮਾੜਾ, ਸਿਆਸੀ ਜਾਂ ਗੈਰ ਸਿਆਸੀ, ਉਹ ਮੇਰਾ ਸਾਹਿਤ ਹੈ। ਮੈਂ ਯਥਾਰਥ ਨੂੰ ਐਜ਼ ਸੱਚ ਨਹੀਂ ਪੇਸ਼ ਕਰਦਾ, ਇਸੇ ਕਰਕੇ ਕਈ ਵਾਰ ਮੇਰਾ ਸਾਹਿਤ ਐਬਸਰਡ ਹੋ ਜਾਂਦਾ ਹੈ। ਦਿਖਦਾ ਯਥਾਰਥ ਜੋ ਹੈ, ਉਹ ਮੇਰੇ ਵਿਚਾਰਾਂ ਦੀ ਸਾਣ ਉੱਤੇ ਲੱਗ ਕੇ ਤਿੱਖਾ ਹੋ ਕੇ ਸਾਹਮਣੇ ਆਉਂਦਾ ਹੈ ਮੇਰੇ ਸਾਹਿਤ ਦੇ ਰੂਪ ਵਿੱਚ। ਇਸ ਲਈ ਜੋ ਮੇਨ ਸਟ੍ਰੀਮ ਡਿਸਕੋਰਸ ਨੇ, ਉਹ ਕਾਰਜਸ਼ੀਲ ਨੇ, ਸਿੱਧੇ ਦਿਖਾਈ ਨਹੀਂ ਦਿੰਦੇ। ਇਸੇ ਕਰਕੇ ਮੈਂ ਕਿਹਾ ਕਿ ਜੇਕਰ ਮੇਰੇ ਪਾਤਰਾਂ ਦਾ ਵਿਹਾਰ ਸਮਝਣਾ ਹੈ ਤਾਂ ਹੇਠਲੇ ਡਿਸਕੋਰਸ ਨੂੰ ਸਮਝੋ। ਇਹ ਇਸਦੇ ਵਿਹਾਰ ਵਿੱਚ ਕਾਰਜਸ਼ੀਲ ਹੈ, ਪਰੰਤੂ ਦਿਖਾਈ ਨਹੀਂ ਦਿੰਦਾ। ਉਹ ਸਾਰੀ ਹਿਸਟਰੀ, ਉਹ ਸਾਰਾ ਅਤੀਤ, ਉਹ ਸਾਰੇ ਵਰਤਮਾਨ ਵਰਤਾਰੇ ਮੇਰੇ ਪਾਤਰਾਂ ਦੇ ਵਿਹਾਰ ਵਿੱਚ ਕਾਰਜਸ਼ੀਲ ਨੇ, ਜਿਹੜੇ ਮੈਂ ਹੇਠਾਂ ਡਿਸਕਸ ਕੀਤੇ ਹਨ ਤਿੰਨੇ ਪਾਤਰਾਂ ਦੇ ਹਵਾਲੇ ਨਾਲ। ਜਦੋਂ ਮੇਰਾ ਪਾਤਰ ਕਹਿੰਦਾ ਹੈ ਕਿ ਸਾਡੀ ਲਿਗੇਸੀ ਕਲੋਨੀਅਲ ਹੈ ਜਾਂ ਉੱਪਰਲੇ ਪਾਤਰਾਂ ਦਾ ਵਿਹਾਰ ਉਸ ਮਿਰਰ ਵਿੱਚੋਂ ਦੇਖੋ, ਤਾਂ ਬਹੁਤ ਕੁੱਝ ਸਪਸ਼ਟ ਹੋ ਜਾਵੇਗਾ ਕਿ ਸਾਡਾ ਵਿਹਾਰ ਕਿਵੇਂ ਦਾ ਹੈ। ਇਸ ਲਈ ਇਹ ਆਪਸ ਵਿੱਚ ਬਹੁਤ ਸ਼ਿੱਦਤ ਨਾਲ ਜੁੜੇ ਹੋਏ ਨੇ।

ਰਤਾ ਕੁ ਹੋਰ ਸਪਸ਼ਟਤਾ ਵਾਸਤੇ, ਮੇਰਾ ਮੰਨਣਾ ਹੈ ਕਿ ਕੋਈ ਵੀ ਵਰਤਾਰਾ ਜੋ ਹੈ, ਉਹ ਆਈਸੋਲੇਸ਼ਨ ਵਿੱਚ ਨਹੀਂ ਹੁੰਦਾ। ਅਸੀਂ ਜੁੜੇ ਹੁੰਦੇ ਹਾਂ। ਅਸੀਂ ਇਹ ਨਹੀਂ ਕਹਿ ਸਕਦੇ ਕਿ ਮੇਰਾ ਜੋ ਅੱਜ ਵਿਹਾਰ ਹੈ, ਉਸ ਪਿੱਛੇ ਮਹਾਭਾਰਤ ਦਾ ਕਾਲ ਜੋ ਉਹ ਜੁੜਿਆ ਹੋਇਆ ਨਹੀਂ ਹੈ। ਉਹ ਜੁੜਿਆ ਹੋਇਆ ਹੈ। ਅਸੀਂ ਜੇਕਰ ਘਾਹ ਦੀ ਤਿੜ ਪੁੱਟਦੇ ਹਾਂ ਤਾਂ ਪਤਾ ਨਹੀਂ ਨੇਚਰ ਨੂੰ ਕਿੰਨੇ ਲੱਖ ਵਲ ਪੈ ਜਾਂਦੇ ਹੋਣਗੇ। ਉਸਨੂੰ ਪੈਦਾ ਕਰਨ ਲਈ ਪਤਾ ਨਹੀਂ ਕਿੰਨੀਆਂ ਕੁ ਸ਼ਕਤੀਆਂ ਲੱਗੀਆਂ ਹੁੰਦੀਆਂ ਨੇ। ਇਵੇਂ ਹੀ ਸਮਾਜਿਕ ਜਾਂ ਸਿਆਸੀ ਵਰਤਾਰਾ ਹੁੰਦਾ ਹੈ। ਇਸ ਵਾਸਤੇ ਜੋ ਸਾਜ਼ਿਸ਼ਾਂ ਨੇ ਸਮੇਂ ਦੀਆਂ, ਜੋ ਘਾੜਤਾਂ ਨੇ, ਜੋ ਪਹਿਲਕਦਮੀਆਂ ਨੇ, ਜੋ ਦਰਸ਼ਨ ਹੈ, ਜੋ ਸਾਹਿਤ ਹੈ, ਉਹ ਸਾਰਾ ਕੁੱਝ ਆਪਸ 'ਚ ਕਰੰਗੜੀ ਪਾ ਕੇ ਤੁਰਦਾ ਹੈ। ਵਰਤਮਾਨ ਤੇ ਅਤੀਤ ਦੀ ਭਵਿੱਖ ਨਾਲ ਕਰੰਗੜੀ ਹੁੰਦੀ ਹੈ। ਇਸ ਕਰਕੇ ਜੋ ਹੇਠਲਾ ਟੈਕਸਟ ਹੈ, ਉਹ ਉੱਪਰਲੇ ਪਾਤਰਾਂ ਨਾਲ ਬਹੁਤ ਬੁਰੀ ਤਰ੍ਹਾਂ ਜੁੜਿਆ ਹੋਇਆ ਹੈ। ਇਹਨੂੰ ਰਤਾ ਕੁ ਸਮਝਣ ਦੀ ਜ਼ਰੂਰਤ ਹੈ।

**? ਤੁਹਾਡੇ ਪਾਤਰਾਂ ਜਾਂ ਨਾਵਲਾਂ ਦੇ ਨਾਂ ਭਾਰਤੀ ਮਿੱਥਹਾਸ ਵਿੱਚੋਂ ਹੀ ਕਿਉਂ ਪੈਦਾ ਹੁੰਦੇ ਹਨ? ਤੁਹਾਡੇ ਬਹੁਤ ਸਾਰੇ ਨਾਵਲਾਂ, ਉਨ੍ਹਾਂ ਦੇ ਵਿਸ਼ੇ ਤੇ ਸੰਵੇਦਨਾ, ਇਤਿਹਾਸ ਅਤੇ ਮਿੱਥ ਦੇ ਗਿਆਨ ਵਿਚੋਂ ਪੈਦਾ ਹੁੰਦੀ ਹੈ। ਇਹਦੇ ਬਾਰੇ ਕੁੱਝ ਦੱਸੋ?**

– ਭਾਰਤੀ ਮਨੁੱਖ ਨੂੰ ਜੇਕਰ ਤੁਸੀਂ ਸਮਝਣਾ ਹੈ, ਕਿਸੇ ਵੀ ਕੋਣ ਤੋਂ, ਉਸਦੇ ਅਧਿਆਤਮ ਤੋਂ, ਸਮਾਜਿਕਤਾ ਤੋਂ, ਸੱਭਿਆਚਾਰ ਤੋਂ, ਇੱਥੋਂ ਤੱਕ ਕਿ ਸਿਆਸਤ ਤੋਂ, ਤਾਂ ਤੁਸੀਂ ਉਸਨੂੰ ਮਿੱਥ ਨਾਲੋਂ ਤੋੜਕੇ ਸਮਝ ਹੀ ਨਹੀਂ ਸਕਦੇ। ਭਾਰਤੀ ਮਨੁੱਖ ਨੂੰ ਸਮਝਣ ਵਾਸਤੇ ਮਿੱਥ ਨੂੰ ਸਮਝਣਾ ਪਹਿਲੀ ਸ਼ਰਤ ਹੈ। ਭਾਰਤੀ ਮਨੁੱਖ ਮਿੱਥ ਵਿੱਚ ਜਨਮਦਾ ਹੈ ਤੇ ਮਿੱਥ ਵਿੱਚ ਹੀ ਮਰਦਾ ਹੈ। ਇਹ ਮੇਰਾ ਅਧਿਐਨ ਕਹਿੰਦਾ ਹੈ। ਮੈਂ ਜਦੋਂ ਵੀ ਕਿਸੇ ਪਾਤਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ, ਉਸਦੀਆਂ ਜੜ੍ਹਾਂ ਕਿਸੇ ਨਾ ਕਿਸੇ ਤਰੀਕੇ ਮੈਨੂੰ ਮਿੱਥ ਵਿੱਚੋਂ ਹੀ ਲੱਭੀਆਂ। ਇਸ ਵਾਸਤੇ ਮਿੱਥ ਮੇਰੇ ਸਾਹਿਤ ਦਾ ਬਹੁਤ ਵੱਡਾ ਅੰਗ ਹੈ, ਮੇਰੇ ਸਾਹਿਤ

ਨੂੰ ਸਮਝਣ ਵਾਸਤੇ ਵੀ ਤੁਹਾਨੂੰ ਮਿੱਥ ਦਾ ਗਿਆਨ ਹੋਣਾ ਲਾਜ਼ਮੀ ਹੈ।

ਮੇਰੇ ਪਹਿਲੇ ਨਾਵਲ ਦਾ ਨਾਮ 'ਪਰਨੇਸ਼ਵਰੀ' ਹੈ। ਇਹ ਮਿੱਥਕ ਪਾਤਰ ਮੇਰੇ ਮਨ ਵਿੱਚ ਨਾਥ ਸਾਹਿਤ ਦੇ, ਬੁੱਧ ਸਾਹਿਤ ਦੇ, ਚਾਰਵਾਕ ਦੇ ਅਧਿਐਨ ਤੋਂ ਆਇਆ ਸੀ। ਦੂਸਰਾ ਨਾਵਲ 'ਪ੍ਰਥਮ ਪੌਰਾਣ' ਹੈ, ਇਹ ਵੀ ਪੌਰਾਣਿਕ ਅਧਿਐਨ ਦਾ ਹੀ ਸਿੱਟਾ ਹੈ। 'ਅੰਤਹੀਣ' ਨਾਵਲ ਦੇ ਪਿੱਛੇ ਵੀ ਕਿਤੇ ਨਾ ਕਿਤੇ ਫਲਸਫਾ ਉਹੀ ਪਿਆ ਹੈ। ਫਿਰ 'ਸ਼ਾਂਤੀ ਪਰਵ' ਤਾਂ ਸਪਸ਼ਟ ਹੀ ਹੈ। ਮੇਰੀਆਂ ਕਹਾਣੀਆਂ ਵਿੱਚ ਵੀ ਤੁਸੀਂ ਮਿੱਥ ਅਤੇ ਭਾਰਤੀ ਦਰਸ਼ਨ ਮਹਿਸੂਸ ਕਰਦੇ ਹੋ। ਇਹ ਮੇਰੇ ਅਧਿਐਨ ਕਰਕੇ ਵੀ ਹੋ ਸਕਦਾ ਹੈ, ਮੇਰੀ ਵਿਚਾਰਧਾਰਾ ਕਰਕੇ ਵੀ ਤੇ ਮੇਰੀ ਸਿਆਸਤ ਕਰਕੇ ਵੀ। ਇੱਕ ਗੱਲ ਹੋਰ ਹੈ ਕਿ ਭਾਰਤੀ ਮਿੱਥ ਵਿੱਚ ਜੋ ਗਿਆਨ ਹੈ, ਜੋ ਸ਼ਬਦ ਭੰਡਾਰ ਹੈ, ਬਿਰਤਾਂਤ ਦੀਆਂ ਜੋ ਜੁਗਤਾਂ ਨੇ, ਉਹ ਅਥਾਹ ਨੇ। ਇਹਦਾ ਅਧਿਐਨ ਲੇਖਕ ਵਾਸਤੇ ਬਹੁਤ ਜ਼ਰੂਰੀ ਹੈ। ਪੰਜਾਬੀ ਦੇ ਬਹੁਤੇ ਸਾਹਿਤਕਾਰ ਜਾਂ ਆਲੋਚਕ ਇਸਤੋਂ ਬਚਦੇ ਨੇ, ਤਦੇ ਤਹਿ ਤੱਕ ਨਹੀਂ ਪਹੁੰਚਦੇ ਸ਼ਾਇਦ।

**? ਤੁਸੀਂ 'ਹਿੰਸਾ' ਨੂੰ ਕਿਵੇਂ ਡੀਫਾਇਨ ਕਰਦੇ ਹੋ?**

- ਮੇਰੀ ਸਮਝ ਮੁਤਾਬਿਕ ਜਿਹੜੀ ਹਿੰਸਾ ਅਣਦਿਖਦੀ ਹੈ, ਉਹ ਦਿਖਦੀ ਹਿੰਸਾ ਤੋਂ ਕਿਤੇ ਵਧੇਰੇ ਤਿੱਖੀ ਹੁੰਦੀ ਹੈ। ਪੰਜਾਬ ਵਿੱਚ ਅਸੀਂ ਕਹਿੰਦੇ ਹਾਂ ਕਿ ਜਾਤੀ ਭੇਦ ਜਾਂ ਵਿਤਕਰਾ ਓਨਾ ਦਿਖਦਾ ਨਹੀਂ, ਮੈਂ ਸਮਝਦਾ ਹਾਂ ਕਿ ਇਸੇ ਕਰਕੇ ਇਸਦਾ ਡੰਗ ਜ਼ਿਆਦਾ ਤਿੱਖਾ ਹੈ। ਭਾਰਤੀ ਔਰਤ ਤੇ ਦਲਿਤ ਉੱਤੇ ਹਿੰਸਾ ਹਮੇਸ਼ਾ ਰਹੀ ਹੈ। ਮੈਂ ਆਪਣੇ ਇਸ 'ਸ਼ਾਂਤੀ ਪਰਵ' ਨਾਵਲ ਵਿੱਚ ਹਿੰਸਾ ਦੀਆਂ ਕਈ ਡਾਇਮੈਨਸ਼ਨਜ਼ ਨੂੰ ਫੜਨ ਦੀ ਕੋਸ਼ਿਸ਼ ਕੀਤੀ ਹੈ।

**? ਤੁਸੀਂ ਪੂੰਜੀਵਾਦੀ ਸੋਚ ਦੇ ਧਾਰਨੀ ਹੋ, ਕਮਿਊਨਿਸਟ ਜਾਂ ਦੋਵਾਂ ਵਿਚੋਂ ਕੋਈ ਵੀ ਨਹੀਂ?**

- ਮੈਂ ਪੂੰਜੀਵਾਦੀ ਵਿਚਾਰਾਂ ਦਾ ਨਹੀਂ ਹਾਂ, ਕਮਿਊਨਿਸਟ ਵੀ ਨਹੀਂ ਹਾਂ। ਪੂੰਜੀ ਦੇ ਵਿਕਾਸ ਨੂੰ ਤੁਸੀਂ ਮੋੜ ਨਹੀਂ ਸਕਦੇ. ਇਹ ਪ੍ਰਕਿਰਤਿਕ ਵਰਤਾਰਾ ਹੈ। ਮਨੁੱਖੀ ਸਮਾਜ ਨੇ ਵਿਕਾਸ ਕਰਨਾ ਹੀ ਹੈ। ਉਹਦੇ ਵਿੱਚ ਕਈ ਕੁੱਝ ਜੋ ਹੈ, ਉਹ ਗੈਰ-ਕੁਦਰਤੀ ਵੀ ਵਾਪਰਨਾ ਹੀ ਹੈ ਤੇ ਅਣਮਨੁੱਖੀ ਵੀ। ਜੋ ਅਣਮਨੁੱਖੀ ਵਾਪਰਨਾ ਹੈ, ਉਹਦੇ ਤੋਂ ਕਿਵੇਂ ਬਚਿਆ ਜਾਵੇ, ਮੈਂ ਇਸ ਵਿਚਾਰ ਨਾਲ ਖੜਾ ਹਾਂ। ਇਹਦੀਆਂ ਹੋਰ ਵੀ ਬਹੁਤ ਸਾਰੀਆਂ ਡਾਇਮੈਨਸ਼ਨਜ਼ ਨੇ। ਮਨੁੱਖ ਜਦੋਂ ਕਿਸੇ ਵੀ ਤਰ੍ਹਾਂ ਮਾਈਨਸ ਹੁੰਦਾ ਹੈ ਤਾਂ ਉਸਦਾ ਵਿਰੋਧੀ ਹਾਂ ਮੈਂ।

**? ਤੁਹਾਡਾ ਪਰਫੈਕਟ ਸਮਾਜ ਦਾ ਕੀ ਆਈਡੀਆ ਹੈ? ਕੀ ਤੁਹਾਨੂੰ ਲਗਦਾ ਹੈ ਕਿ ਅਜਿਹਾ ਸੰਭਵ ਹੈ?**

- ਦੇਖੋ, ਪਰਫੈਕਟ ਸ਼ਬਦ ਹੁੰਦਾ ਹੀ ਨਹੀਂ ਮੇਰੇ ਹਿਸਾਬ ਨਾਲ। ਕਿੰਨੀ ਕਰੋੜਾਂ ਤਰ੍ਹਾਂ ਦੇ ਲੋਕ ਨੇ, ਕਿੰਨੀਆ ਵਿਖਰੇਵਿਆਂ ਭਰੀਆਂ ਭੂਗੋਲਿਕ ਪਰਸਥਿਤੀਆਂ ਨੇ, ਭਾਂਤ-ਭਾਂਤ ਦੇ ਭੇਦ ਨੇ, ਲੜਾਈਆਂ ਨੇ, ਕੋਈ ਗੱਲ ਕਿਸੇ ਨੂੰ ਫਿੱਟ ਬੈਠ ਰਹੀ ਹੈ, ਦੂਸਰੇ ਨੂੰ ਨਹੀਂ ਫਿੱਟ ਬੈਠ ਰਹੀ। ਹਰ ਇੱਕ ਦੀ ਆਪੋ-ਆਪਣੀ ਜਸਟੀਫਿਕੇਸ਼ਨ ਹੈ, ਆਪੋ ਆਪਣਾ ਲਾਜਿਕ ਹੈ। ਇਸ ਲਈ ਮੁਕੰਮਲ ਕੁੱਝ ਨਹੀਂ ਹੋ ਸਕਦਾ। ਹੋਣਾ ਵੀ ਨਹੀਂ ਚਾਹੀਦਾ। ਤਕੜੇ ਨੇ ਭਾਰੂ ਹੋਣਾ ਹੀ ਹੁੰਦਾ। ਇਹ ਵੀ ਸੱਚਾਈ ਹੀ ਹੈ। ਪਰ ਮੈਂ ਹਮੇਸ਼ਾ ਕਹਿੰਦਾ ਹੁੰਦਾ ਕਿ ਸੰਘਰਸ਼ ਜਾਂ ਲੜਾਈ ਵੀ ਜੋ ਹੈ, ਜੋ ਸਮਾਨਤਾ ਲਈ ਸੰਘਰਸ਼ ਹੈ, ਉਹ ਹਮੇਸ਼ਾ ਚੱਲਦੇ ਰਹਿੰਦੇ ਨੇ। ਇਹ ਅਣਦਿਖਦੇ ਵੀ ਚੱਲ ਰਹੇ ਹੁੰਦੇ ਨੇ, ਅਚੇਤ ਚੱਲ ਰਹੇ ਹੁੰਦੇ ਨੇ। ਬੰਦੇ ਨੂੰ ਖਬਰ ਵੀ ਨਹੀਂ ਹੁੰਦੀ, ਪਰੰਤੂ ਉਹ ਅਚੇਤ ਹੀ ਇੱਕ ਲੜਾਈ ਦੇ ਰਿਹਾ ਹੁੰਦਾ ਹੈ। ਮੈਂ ਇੱਕ ਗੱਲ ਕਰਦਾ ਹੁੰਦਾ ਹਾਂ ਕਿ ਮੇਰੇ ਪਰਿਵਾਰ ਦੇ ਜੋ ਨਾਮ ਨੇ, ਮੇਰੇ ਪਿਤਾ ਦਾ ਨਾਮ ਜੋ ਹੈ ਉਹ ਨਿਰੰਜਨ ਦਾਸ ਹੈ, ਮੇਰੇ ਬੀਜੀ ਦਾ ਨਾਮ ਪ੍ਰਕਾਸ਼ ਹੈ, ਵੱਡੇ ਭੈਣ ਜੀ ਸਿਮਰੋ, ਵੱਡੇ ਭਾਜੀ ਸੱਤਨਾਮ, ਇਹ ਜੋ ਸਾਰੇ ਨਾਮ ਨੇ, ਇਹ ਨਿਰਗੁਣੀ ਪਰੰਪਰਾ ਦੇ ਹਨ। ਉਹ ਇੱਕ ਦਾਰਸ਼ਨਿਕ ਪਰੰਪਰਾ ਨੂੰ ਅਚੇਤ ਹੀ ਪੀੜ੍ਹੀ ਦਰ ਪੀੜ੍ਹੀ ਲੈ ਕੇ ਤੁਰ ਰਹੇ ਹਨ। ਇਹ ਵੀ ਲੜਾਈ ਹੈ। ਸਰਗੁਣ ਤੇ ਨਿਰਗੁਣ ਵਿਚਾਰਾਂ ਦੀ ਲੜਾਈ। ਕਿਸੇ ਨੂੰ ਕੋਈ ਖਬਰ ਨਹੀਂ ਹੈ, ਪਰੰਤੂ ਲੜਾਈ ਜਾਰੀ ਹੈ।



**? ਕਾਲੀ ਦੀ ਨਜ਼ਰ 'ਚ ਯੁਟੋਪੀਆ ਕੀ ਹੈ?**

- ਮੈਨੂੰ ਲਗਦਾ ਕਿ ਅਸੀਂ ਲੇਖਕ ਲੋਕ ਜਿਹੜੇ ਵੀ ਸਮਾਜ ਦਾ ਸੁਪਨਾ ਲੈਂਦੇ ਹਾਂ, ਉਹ ਯੁਟੋਪੀਆ ਹੀ ਹੈ। ਸਮਾਜਿਕ ਯਥਾਰਥ ਅਤੇ ਸਾਡੇ ਸੁਪਨਿਆਂ ਵਿੱਚ ਬਹੁਤ ਅੰਤਰ ਹੈ। ਇਹ ਹਮੇਸ਼ਾ ਹੀ ਰਿਹਾ ਹੈ। ਪਰੰਤੂ ਅਸੀਂ ਸਾਰਥਕ ਸੋਚ ਵਾਲੇ ਲੋਕ ਹਾਂ, ਸਕਾਰਾਤਮਕ ਸੋਚ ਵਾਲੇ, ਇਸ ਲਈ ਅਸੀਂ ਸੁਪਨੇ ਲੈਣੇ ਛੱਡ ਨਹੀਂ ਸਕਦੇ।

**? ਤੁਹਾਡੇ ਗਲਪ ਵਿਚ ਜੋ ਮਰਦ ਪਾਤਰ ਨੇ, ਉਹ ਪੈਸਿਵ ਨੇ, ਦੂਜੇ ਪਾਸੇ ਔਰਤ ਪਾਤਰ ਜਿਆਦਾ ਵੋਕਲ ਨੇ। ਹਾਲਾਂ ਕਿ ਨਾਵਲ ਵਿਚ ਦੋਵੇਂ ਧਿਰਾ ਹੀ ਗਰੀਬੀ ਅਤੇ ਜ਼ਿੱਲਤ ਦੀ ਮਨੋਚੇਤਨਾ ਵਿਚ ਵਿਚਰਦੀਆਂ ਹਨ। ਕੁੱਝ ਦੱਸੋ?**


ਬਹੁਤ ਹੀ ਗਹਿਰਾ ਸਵਾਲ ਹੈ। ਮੈਂ ਪਹਿਲਾਂ ਵੀ ਕਿਹਾ ਹੈ ਕਿ ਮੈਂ ਜਦੋਂ ਵੀ ਕਿਸੇ ਵਰਤਾਰੇ ਨੂੰ, ਕਿਸੇ ਘਟਨਾ ਨੂੰ, ਕਿਸੇ ਪਾਤਰ ਨੂੰ, ਕਿਸੇ ਸਮਾਜ ਨੂੰ ਦੇਖਦਾ ਹਾਂ, ਤਾਂ ਬਹੁਤ ਹੀ ਨੀਝ ਨਾਲ ਦੇਖਦਾ ਹਾਂ। ਉਸਦੇ ਅਤੀਤ ਵਰਤਮਾਨ ਸੱਭ ਦੀ ਘੋਖ ਕਰਦਾ ਹਾਂ। ਉਸ ਉੱਤੇ ਮਿਹਨਤ ਕਰਦਾ ਹਾਂ। ਮੈਂ ਦੇਖ ਰਿਹਾ ਸੀ ਕਿ ਜਿਹੜਾ ਸਾਡਾ ਤਬਲਾ ਹੈ, ਉਹਦੇ ਦੋ ਪੱਖ ਨੇ। ਇੱਕ ਪੱਖ ਮੇਲ ਹੈ ਤੇ ਦੂਸਰਾ ਫੀਮੇਲ। ਅਰਧਨਾਰੀਸ਼ਵਰ ਵਾਲੇ ਫਲਸਫੇ ਮੁਤਾਬਿਕ ਮੇਲ ਵਾਲਾ ਪਾਸਾ ਵਾਦਕ ਦੇ ਖੱਬੇ ਪਾਸੇ ਰੱਖਦੇ ਹਾਂ ਤੇ ਫੀਮੇਲ ਵਾਲਾ ਸੱਜੇ ਪਾਸੇ। ਭਾਵ ਕਿ ਕੰਪਲੀਟ ਹੋ ਸਕੇ। ਹੁਣ ਉਹਦੇ ਵਿੱਚ ਵੀ ਮੈਂ ਦੇਖਿਆ ਕਿ ਜੋ ਫੀਮੇਲ ਵਾਲਾ ਪੱਖ ਹੈ, ਉਸ ਉੱਤੇ ਬਹੁਤ ਮਿਹਨਤ ਕਰਨੀ ਪੈਂਦੀ ਹੈ ਵਾਦਕ ਨੂੰ, ਉਸਨੂੰ ਸੁਰ ਕਰਨ ਵਿੱਚ, ਬਹੁਤ ਮੁਸ਼ਕਿਲ ਕਾਰਜ ਹੈ। ਜੇਕਰ ਇਹ ਸੁਰ 'ਚ ਨਹੀਂ ਹੈ, ਤਾਂ ਕੋਈ ਸਵਾਦ ਨਹੀਂ। ਮੈਂ ਇਹਦੇ ਵਿੱਚੋਂ ਸਮਾਜ ਨੂੰ ਦੇਖਿਆ ਹੈ, ਔਰਤ ਜਾਂ ਮਰਦ ਪਾਤਰਾਂ ਨੂੰ ਦੇਖਿਆ ਹੈ। ਇਸੇ ਕਰਕੇ ਮੇਰੇ ਔਰਤ ਪਾਤਰ ਜੋ ਨੇ, ਇਹ ਸੁਰ ਵਿੱਚ ਹੋਣਗੇ, ਜ਼ਿਆਦਾ ਸੁਰ ਵਿੱਚ ਹੋਣਗੇ। ਔਰ ਇਹ ਕੁਦਰਤੀ ਸੱਚ ਹੈ, ਸਮਾਜਿਕ ਸੱਚ ਵੀ ਹੈ। ਇਹ ਬਹੁਤ ਬਰੀਕ ਪਹਿਲੂ ਹੈ, ਸਮਾਜਿਕ ਵੀ ਤੇ ਕੁਦਰਤੀ ਵੀ, ਜਿਹਦੇ ਵੱਲ ਬਹੁਤ ਘੱਟ ਲੋਕਾਂ ਦਾ ਧਿਆਨ ਜਾਂਦਾ ਹੈ। ਕੁਦਰਤ ਨੇ ਔਰਤ ਨੂੰ ਆਪਣੇ ਮੁੱਖ ਰੂਪ ਵਿੱਚ ਰੱਖਿਆ ਹੈ, ਇਸ ਕਰਕੇ ਉਹ ਜਨਨੀ ਹੈ। ਜੇਕਰ ਉਹ ਜਨਨੀ ਹੈ ਤਾਂ ਕਰੂਅਲ ਵੀ ਜ਼ਿਆਦਾ ਹੋਵੇਗੀ, ਕਿਉਂਕਿ ਉਸਨੇ ਆਪਣੇ ਆਪ ਨੂੰ ਹਰ ਹੀਲੇ ਬਚਾਉਣਾ ਹੈ ਤੇ ਅੱਗੇ ਵਿਗਸਣ ਵੀ ਦੇਣਾ ਹੈ। ਮੈਂ ਦੇਖਿਆ ਹੈ ਕਿ ਔਰਤ ਅੰਦਰ ਜ਼ਬਤ ਜ਼ਿਆਦਾ ਹੈ। ਇੱਕ ਹੋਰ ਬਹੁਤ ਹੀ ਮਹੱਤਵਪੂਰਨ ਗੱਲ ਹੈ ਕਿ ਦਲਿਤ ਔਰਤ ਜੋ ਹੈ, ਉਹ ਦੂਸਰੀ ਔਰਤ ਨਾਲੋਂ ਜ਼ਿਆਦਾ ਅਜ਼ਾਦ ਹੈ, ਸਮਾਜਿਕ ਤੌਰ ਉੱਤੇ ਵੀ ਤੇ ਸੱਭਿਆਚਾਰਕ ਤੌਰ ਉੱਤੇ ਵੀ। ਮੇਰੇ ਆਲੇ-ਦੁਆਲੇ ਜੋ ਔਰਤ ਹੈ, ਬਾਕੀ ਸਮਾਜ ਦੇ ਮੁਕਾਬਲੇ ਜ਼ਿਆਦਾ ਡੌਮੀਨੇਟਿੰਗ ਹੈ। ਇਹ ਸਮਾਜਿਕ ਸੱਚਾਈ ਹੈ, ਜਿਸਨੂੰ ਮੈਂ ਮਹਿਸੂਸ ਕੀਤਾ ਹੈ ਤੇ ਲਿਖਿਆ ਹੈ।

**? ਆਖਰੀ, ਤੁਸੀਂ ਕਿਹਦੇ ਲਈ ਲਿਖਦੇ ਹੋ? ਤੇਰੇ ਗਲਪ ਦੇ ਪਾਠਕ ਕੌਣ ਨੇ? ਕੀ ਤੂੰ ਮਹਿਸੂਸ ਕੀਤਾ ਹੈ ਕਿ ਤੇਰੇ ਪਾਠਕ ਲਗਾਤਾਰ ਤੇਰੇ ਬਦਲਦੇ ਗਲਪ ਨੂੰ ਹੁੰਗਾਰਾ ਦੇ ਰਹੇ ਨੇ?**

ਮੇਰੇ ਕਈ ਦੋਸਤ ਕਹਿੰਦੇ ਨੇ ਕਿ ਮੇਰਾ ਸਾਹਿਤ ਆਮ ਪਾਠਕ ਲਈ ਨਹੀਂ ਹੈ। ਮੈਂ ਵੀ ਇਹ ਮੰਨਦਾ ਹਾਂ। ਮੇਰਾ ਸਾਹਿਤ ਸਮਝਣ ਲਈ ਬਹੁਤ ਮਗਜ ਖਪਾਈ ਦੀ ਲੋੜ ਹੈ। ਪਰੰਤੂ ਇਹਦੇ ਬਾਵਜੂਦ ਮੇਰੇ ਸਾਹਿਤ ਦੇ ਪਾਠਕ ਹਨ। ਮੈਂ ਮਹਿਸੂਸ ਕੀਤਾ ਹੈ ਕਿ ਕਈ ਵਾਰ ਤਾਂ ਪਾਠਕ ਉਹ ਕੁੱਝ ਫੜ ਲੈਂਦਾ ਹੈ, ਜਿਹੜਾ ਤੁਹਾਡੀ ਪਕੜ ਤੋਂ ਵੀ ਦੂਰ ਹੁੰਦਾ ਹੈ, ਪਰੰਤੂ ਅਚੇਤ ਤੁਹਾਡੇ ਮਨ ਦਾ ਹਿੱਸਾ ਜ਼ਰੂਰ ਹੁੰਦਾ ਹੈ। ਇਹ ਵੀ ਸੱਚਾਈ ਹੀ ਹੈ ਕਿ ਲੇਖਕ ਦੇ ਨਾਲ-ਨਾਲ ਪਾਠਕ ਵੀ ਬਦਲ ਰਿਹਾ ਹੁੰਦਾ ਹੈ, ਉਸਦੀ ਸਮਝ ਸਮੇਂ ਦੇ ਨਾਲ-ਨਾਲ ਬਦਲ ਰਹੀ ਹੁੰਦੀ ਹੈ। ਉਹਦੀ ਦ੍ਰਿਸ਼ਟੀ ਸਪਸ਼ਟ ਹੋ ਰਹੀ ਹੁੰਦੀ ਹੈ। ਦੂਸਰਾ ਮੇਰਾ ਜੋ ਸਾਹਿਤ ਹੈ, ਉਹਨੂੰ ਨਵੇਂ ਪਾਠਕ ਨੇ ਜ਼ਿਆਦਾ ਐਕਸੈਪਟ ਕੀਤਾ ਹੈ, ਗੇੜ ਦਾ ਸ਼ਿਕਾਰ ਹੋਏ ਪਾਠਕ ਦੇ ਮੁਕਾਬਲੇ। ਜਿਹੜਾ ਪਹਿਲਾਂ ਪੰਜਾਬੀ ਸਾਹਿਤ ਦੀਆਂ ਰੂੜੀਆਂ ਨਾਲ ਜੁੜਿਆ ਪਾਠਕ ਸੀ, ਉਹ ਤਾਂ ਤੰਗ ਹੋਇਆ, ਪਰੰਤੂ ਨਵੇਂ ਨੇ ਵੈਲਕਮ ਕਿਹਾ। ਨਵਾਂ ਪਾਠਕ ਪੰਜਾਬੀ ਵਿੱਚ ਕਾਫੀ ਤੇਜ਼ੀ ਨਾਲ ਵਧ ਰਿਹਾ ਹੈ। ਇਹ ਵੀ ਸਮਾਜਿਕ ਵਰਤਾਰਾ ਹੀ ਕਹੋ, ਪਰੰਤੂ ਸਕਾਰਾਤਮਕ ਸਮਾਜਿਕ ਵਰਤਾਰਾ।





# ਸਿਰਜਣ ਪ੍ਰਕਿਰਿਆ








*ਨਾਵਲਕਾਰ ਸੰਸਕ੍ਰਿਤੀ ਦੇ ਕਿਸੇ ਅੰਗ ਨੂੰ ਪੂਰੇ, ਭਰਵੇਂ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਤਾਂ ਹੀ ਚਿਤਰ ਸਕਦਾ ਹੈ ਜੇ ਉਸਨੂੰ ਉਸ ਜ਼ਿੰਦਗੀ ਦਾ ਅਨੁਭਵ ਹੋਵੇ ਜਿਸ ਵਿਚ ਉਹ ਅੰਗ ਪੈਦਾ ਹੋਇਆ ਹੈ, ਅਨੁਭਵ ਵਾਸਤਵਿਕ ਜੀਵਨ ਦੀ ਕਿਸੇ ਘਟਨਾ, ਪਾਤਰ ਜਾਂ ਵਸਤੂ ਪ੍ਰਤੀ ਲੇਖਕ ਦਾ ਨਿੱਜੀ ਪ੍ਰਤਿਕਰਮ ਹੈ। ਇਹ ਪ੍ਰਤਿਕਰਮ 'ਨਿੱਜੀ' ਸਿਰਫ਼ ਇਸੇ ਸ਼ਕਲ ਵਿਚ ਹੈ ਕਿ ਲੇਖਕ ਨੇ ਇਸਨੂੰ 'ਆਪ' ਮਹਿਸੂਸ ਕੀਤਾ ਹੈ, ਆਪਣੇ ਪਿੰਡੇ ਤੇ ਹੰਢਾਇਆ ਹੈ, ਆਪਣੀ ਸੋਚ ਸ਼ਕਤੀ ਦੁਆਰਾ ਇਸ ਨੂੰ ਕੋਈ ਰੂਪ ਦਿੱਤਾ ਹੈ। ਪਰ ਇਹ ਪ੍ਰਤਿਕਰਮ ਕਿਉਂਕਿ ਇਕ ਪਾਸਿਉਂ ਆਪਣੇ ਤੋਂ ਬਾਹਰੀ ਸਮਾਜਕ ਅਸਲੀਅਤ ਪ੍ਰਤੀ ਹੈ ਅਤੇ ਦੂਜੇ ਪਾਸਿਉਂ ਮਨੁੱਖ ਦੀਆਂ ਸਮਾਜ ਵਿਚ ਰਹਿੰਦਿਆਂ ਬਣੀਆਂ ਵਿਚਾਰ ਅਤੇ ਅਨੁਭਵ ਪ੍ਰਣਾਲੀਆਂ ਅਨੁਸਾਰ ਗ੍ਰਹਿਣ ਕੀਤਾ ਗਿਆ ਹੈ, ਇਸ ਲਈ ਨਿੱਜੀ ਹੁੰਦਾ ਹੋਇਆ ਵੀ ਸਮਾਜਕ ਹੈ। ਸੋ ਜਿਹੜੇ ਲੇਖਕ ਸਾਹਿਤ ਵਿਚ ਨਿੱਜੀ ਅਨੁਭਵ ਦੇ ਪ੍ਰਗਟਾ ਦੀ ਗੱਲ ਕਰਦੇ ਹਨ, ਉਹ ਉਪਰੋਕਤ ਤੱਥ ਦੇ ਪ੍ਰਕਾਸ਼ ਵਿਚ ਹੀ ਠੀਕ ਹਨ।*

***- ਡਾ. ਟੀ. ਆਰ. ਵਿਨੋਦ***














## ਮੈਂ ਆਪਣੇ ਨਾਵਲਾਂ ਵਿਚ ਪਾਤਰ ਉਸਾਰੀ ਨਹੀਂ ਕਰਦਾ

**-ਪ੍ਰੋ. ਨਰਿੰਜਨ ਤਸਨੀਮ**

ਕਿਸੇ ਨੇ ਠੀਕ ਕਿਹਾ ਹੈ-'ਵਕਤ ਕੀ ਰਫ਼ਤਾਰ ਕੌਣ ਰੋਕੇਗਾ?' ਇਹ ਨਹੀਂ ਰੁਕਦੀ ਰੋਕਿਆਂ ਵੀ। ਅਲੱਾਮਾ ਇਕਬਾਲ਼ ਨੇ ਇਕ ਵਾਰ ਕਿਹਾ ਸੀ-'ਦੌੜ ਪੀਛੇ ਕੀ ਤਰਫ਼ ਐ ਗਰਦਿਸ਼-ਏ-ਅੱਯਾਮ ਤੂ।' ਯਾਨੀ ਦਿਨਾਂ ਦੀ ਜਿਹੜੀ ਗਰਦਿਸ਼ (ਚਾਲ) ਹੈ, ਉਹ ਪਿੱਛੇ ਨੂੰ ਚੱਲਣ ਲੱਗ ਪਵੇ। ਮਤਲਬ ਇਹੀ ਕਿ ਬੀਤੇ ਸਮੇਂ ਦਾ ਜਾਇਜ਼ਾ ਲਿਆ ਜਾਏ। ਇਕ ਭਾਂਤ ਦਾ 'ਨੈਸਟੈਲਜੀਆਂ ' (ਉਦਰੇਵਾਂ) ਹੀ ਹੈ ਇਹ। ਇਕ ਖ਼ਾਸ ਮੁਕਾਮ ਤੇ ਪਹੁੰਚ ਕੇ ਵਿਅਕਤੀ ਪਿੱਛੇ ਮੁੜ ਕੇ ਦੇਖਦਾ ਹੈ ਕਿ ਉਸ ਨੇ ਕਿੰਨਾ ਪੈਂਡਾ ਤੈਅ ਕਰ ਲਿਆ ਹੈ ਅਤੇ ਕਿੰਨੀ ਕੁ ਹੋਰ ਸਮਰੱਥਾ ਹੈ, ਅੱਗੇ ਜਾਣ ਦੀ। ਮਿਰਜ਼ਾ ਗ਼ਾਲਿਬ ਨੇ ਜਿਵੇਂ ਆਪਣੇ ਆਪ ਨੂੰ ਤਸੱਲੀ ਦਿੰਦੇ ਹੋਏ ਕਿਹਾ ਸੀ-'ਆਗੇ ਬੜੇਂਗੇ ਦਮ ਲੇਕਰ।' ਮਤਲਬ ਇਹ ਕਿ ਅੱਗੇ ਜਾਵਾਂਗੇ, ਥੋੜੀ ਦੇਰ ਬਾਅਦ।

ਪਿੱਛਲ ਝਾਤ ਹਰ ਹਾਲਤ ਵਿਚ ਜ਼ਰੂਰੀ ਹੁੰਦੀ ਹੈ, ਤਾਂਕਿ ਪਤਾ ਲੱਗੇ ਕਿ ਕਿੱਥੋਂ ਚੱਲੇ ਸਾਂ ਅਤੇ ਹੁਣ ਕਿੱਥੇ ਪਹੁੰਚੇ ਹਾਂ। ਆਪਣੇ ਨਾਵਲਾਂ ਬਾਰੇ ਜੇਕਰ ਮੈਂ ਗੱਲ ਕਰਨੀ ਹੋਵੇ ਤਾਂ ਇਹੀ ਕਹਾਂਗਾ ਕਿ ਮੇਰਾ ਹਰ ਨਾਵਲ ਕਿਸੇ ਨਾ ਕਿਸੇ ਵਿਚਾਰ ਦੀ ਉਪਜ ਹੈ। ਕੋਈ ਵਿਚਾਰ ਜ਼ਿਹਨ ਵਿਚ ਕੁਝ ਸਮਾਂ ਪਨਪ ਰਿਹਾ ਹੁੰਦਾ ਹੈ, ਜੋ ਹੌਲੀ ਹੌਲੀ ਨਾਵਲ ਦਾ ਰੂਪ ਧਾਰਨ ਕਰ ਲੈਂਦਾ ਹੈ। ਕਹਿ ਸਕਦੇ ਹਾਂ ਕਿ ਵਿਚਾਰ ਨੂੰ ਲਿਬਾਸ ਦੀ ਜ਼ਰੂਰਤ ਹੁੰਦੀ ਹੈ, ਇਸ ਲਈ ਉਹ ਘਟਨਾਵਾਂ ਅਤੇ ਪਾਤਰਾਂ ਦੀ ਤਲਾਸ਼ ਵਿਚ ਨਿਕਲਦਾ ਹੈ। ਪੰਜਾਬੀ ਵਿਚ ਪ੍ਰਕਾਸ਼ਿਤ ਹੋਏ ਆਪਣੇ ਪਹਿਲੇ ਨਾਵਲ **'ਪਰਛਾਵੇਂ'** (1966) ਦੀ ਜੇਕਰ ਗੱਲ ਕਰਾਂ ਤਾਂ ਇਹੀ ਕਹਾਂਗਾ ਕਿ ਇਹ ਆਸ਼ਾ ਅਤੇ ਨਿਰਾਸ਼ਾ ਦੇ ਧੁੰਦਲਕੇ ਨੂੰ ਦ੍ਰਸਾਉਂਦਾ ਹੈ। ਜਤੋਗ (ਸ਼ਿਮਲੇ ਦੇ ਨੇੜੇ ਇਕ ਫ਼ੌਜੀ ਛਾਉਣੀ) ਦੇ ਕਾਨਵੈਂਟ ਸਕੂਲ ਵਿਚ ਦੋ ਅਧਿਆਪਕ, ਰਮਿੰਦਰ ਅਤੇ ਜਸਬੀਰ ਇਕ ਦੂਸਰੇ ਨੂੰ ਪਿਆਰ ਕਰਦੇ ਹਨ ਪਰ ਰਮਿੰਦਰ ਸੰਕੋਚ ਵਿੱਚੋਂ ਜਸਬੀਰ ਨਾਲ ਵਿਆਹ ਬਾਰੇ ਗੱਲ ਨਹੀਂ ਕਰਦਾ। ਜਸਬੀਰ ਨਿਰਾਸ਼ ਹੋ ਕੇ ਕਿਸੇ ਹੋਰ ਨਾਲ ਵਿਆਹ ਕਰਵਾ ਲੈਂਦੀ ਹੈ। ਇਸ ਤੋਂ ਬਾਅਦ ਰਮਿੰਦਰ ਦੇ ਮਨ ਤੇ ਕੀ ਬੀਤਦੀ ਹੈ, ਬਾਅਦ ਦੀਆਂ ਘਟਨਾਵਾਂ ਇਸ ਗੱਲ ਨੂੰ ਵਿਸਥਾਰ ਨਾਲ ਦ੍ਰਸਾਉਂਦੀਆਂ ਹਨ। ਉਹ ਦਿਨ ਸਨ 1962 ਦੇ ਜਦੋਂ ਚੀਨ ਨੇ ਭਾਰਤ ਉੱਤੇ ਹਮਲਾ ਕਰ ਦਿੱਤਾ ਸੀ। ਉਦੋਂ ਜਤੋਗ ਵਿਚ ਮਾਹੌਲ ਕੁਝ ਇਸ ਤਰ੍ਹਾਂ ਦਾ ਬਣ ਗਿਆ ਕਿ ਭਵਿੱਖ ਅਨਿਸਚਿਤ ਪ੍ਰਤੀਤ ਹੋਣ ਲੱਗਾ।

ਚੀਨੀ ਹਮਲੇ ਕਾਰਨ, ਜਤੋਗ ਛਾਉਣੀ ਵਿਚ ਨਿਰਾਸ਼ਾ ਦੇ ਪਰਛਾਵੇਂ ਇਕ ਪਾਸੇ ਅਤੇ ਦੋ ਪ੍ਰੇਮੀਆਂ ਦਾ ਮਾਨਸਿਕ ਤਣਾਅ ਦੂਸਰੇ ਪਾਸੇ ਇੰਜ ਇਹ ਨਾਵਲ ਕਿਤੇ ਕਿਤੇ ਫ਼ੈਨਟਸੀ ਦਾ ਰੂਪ ਵੀ ਅਖ਼ਤਿਆਰ ਕਰ ਲੈਂਦਾ ਹੈ। ਮੇਰੇ ਮਨ ਵਿਚ ਇਹ ਰੜਕ ਵੀ ਸੀ ਕਿ ਪਿਆਰ ਅਤੇ ਸ਼ਾਦੀ ਦੇ ਵਿਚਕਾਰ ਸਮਾਜਿਕ ਨਾਬਰਾਬਰੀ ਦੀ ਖ਼ਲੀਜ (ਖਾੜੀ) ਹਮੇਸ਼ਾ ਮੌਜੂਦ ਰਹਿੰਦੀ ਹੈ।

ਨਾਵਲ ਵਿਚ ਪਾਤਰ ਉਸਾਰੀ ਦਾ ਮਹੱਤਵ ਕਥਾਨਕ ਦੀ ਸਿਰਜਣਾ ਤੋਂ ਘੱਟ ਨਹੀਂ। ਪਾਤਰਾਂ ਰਾਹੀਂ ਹੀ ਕਥਾਨਕ ਹੋਂਦ ਵਿਚ ਆਉਂਦਾ ਹੈ ਅਤੇ ਕਥਾਨਕ ਇਕ ਐਸਾ ਖ਼ਾਕਾ ਹੈ ਜਿਸ ਵਿਚ ਪਾਤਰ ਰੰਗ ਭਰਦੇ ਚਲੇ ਜਾਂਦੇ ਹਨ। ਫਿਰ ਵੀ ਦੇਖਣਾ ਇਹ ਹੁੰਦਾ ਹੈ ਕਿ ਨਾਵਲਕਾਰ ਆਪਣੇ ਪਾਤਰਾਂ ਦਾ ਚਿੱਤਰਨ ਕਿਸ ਅੰਦਾਜ਼ ਵਿਚ ਕਰਦਾ ਹੈ। ਕੀ ਉਹ ਪਾਤਰਾਂ ਨੂੰ ਉਸਾਰਦਾ ਹੈ ਆਪਣੇ ਨਾਵਲ ਦੇ ਕੈਨਵੱਸ ਉੱਤੇ ਜਾਂ ਇਹ ਕਿਸੇ ਦਸੂਤੀ (ਫ਼ਬਰਿਕ) ਦੇ ਪੈਟਰਨ ਵਿੱਚੋਂ ਉਭਰਦੇ ਹਨ? ਆਪਣੇ ਨਾਵਲਾਂ ਵਿਚ ਮੈਂ ਪਾਤਰ ਉਸਾਰੀ ਨਹੀਂ ਕਰਦਾ, ਉਹਨਾਂ ਦੀ ਰੂਪ-ਰੇਖਾ ਨਹੀਂ ਸਿਰਜਦਾ। ਨਾਵਲ ਵਿਚ ਕਾਰਨਤਾ ਦਾ ਬਹੁਤ ਮਹੱਤਵ ਹੈ, ਯਾਨੀ ਕੋਈ ਕਾਰਜ ਕਿਵੇਂ ਹੋਂਦ ਵਿਚ ਆਇਆ ਹੈ? ਕਿਸੇ ਘਟਨਾ ਦੇ ਵਾਪਰਨ ਉਪਰੰਤ ਪਾਤਰਾਂ ਉੱਤੇ ਇਸ ਦਾ ਪ੍ਰਤੀਕਰਮ ਕੀ ਹੋਇਆ ਹੈ? ਮਾਨਸਿਕ ਖਿੱਚੋਤਾਣ ਦੇ ਨਾਲ ਨਾਲ ਮਾਨਸਿਕ ਸੰਘਰਸ਼ ਨੂੰ ਪੇਸ਼ ਕਰਨਾ ਹੀ ਮੇਰਾ ਮੰਤਵ ਰਿਹਾ ਹੈ। **'ਇਕ ਹੋਰ ਨਵਾਂ ਸਾਲ'** ਵਿਚ ਰਿਕ਼ਸ਼ਾ ਚਾਲਕ ਬੰਤਾ ਰਿਕਸ਼ਾ ਚਲਾਉਂਦਾ ਹੋਇਆ ਜੋ ਕੁਝ ਸੋਚਦਾ ਹੈ, ਉਹ ਮੇਰੇ ਨਾਵਲ ਦਾ ਵਿਸ਼ਾ ਹੈ। ਅਤੀਤ ਦੇ ਪਰਛਾਵੇਂ ਉਸ ਦੇ ਮਨ ਦੀ ਸਕਰੀਨ ਉੱਤੇ ਉਭਰਦੇ ਹਨ, ਵਰਤਮਾਨ ਦੀਆਂ ਸਮੱਸਿਆਵਾਂ ਉਸ ਨੂੰ ਫ਼ਿਕਰਮੰਦ ਕਰਦੀਆਂ ਹਨ ਅਤੇ ਭਵਿੱਖ ਦੇ ਸੁਫ਼ਨੇ ਉਸ ਦੇ ਡੋਲੇ ਹੋਏ ਮਨ ਨੂੰ ਧੀਰਜ ਦਿੰਦੇ ਹਨ, ਇੰਜ ਇਹ ਤਾਣਾ-ਹੋਂਦ ਵਿਚ ਆਉਂਦਾ ਹੈ।

ਮੇਰੇ ਨਾਵਲ ਵਿਚ ਪਾਤਰ ਸੰਵੇਦਨਸ਼ੀਲ ਹਨ, ਸੂਖ਼ਮ ਭਾਵੀ ਹਨ ਅਤੇ ਆਧੁਨਿਕ ਰੁਚੀਆਂ ਵਾਲੇ ਹਨ। ਉਹ ਜੀਵਨ ਦੇ ਸੁਹਜਾਤਮਿਕ ਪੱਖਾਂ ਦੀ ਹਾਮੀ ਭਰਦੇ ਹਨ। ਵਾਰਤਾਲਾਪ ਰਾਹੀਂ ਆਪਣੇ ਵਿਚਾਰਾਂ ਅਤੇ ਭਾਵਾਂ ਦਾ ਪ੍ਰਗਟਾਵਾ ਕਰਦੇ ਹਨ। ਮੈਂ ਉਹਨਾਂ ਬਾਰੇ ਨਾਵਲ ਵਿਚ ਬਹੁਤੇ ਵੇਰਵੇ ਨਹੀਂ ਦਿੰਦਾ, ਸਗੋਂ ਉਹਨਾਂ ਨੂੰ ਸੁਤੰਤਰ ਰੂਪ ਵਿਚ ਵਿਚਰਨ ਦੀ ਖੁੱਲ੍ਹ ਦਿੰਦਾ ਹਾਂ। ਕਈ ਵਾਰ ਉਹ ਆਂਤ੍ਰਿਕ ਮਨ ਬਚਨੀ ਰਾਹੀਂ ਆਪਣੀ ਮਾਨਸਿਕ ਅਵਸਥਾ ਦਾ ਪ੍ਰਗਟਾਵਾ ਕਰਦੇ ਹਨ। ਕਦੀ ਕਦੀ ਉਹ ਇਕ ਦੂਸਰੇ ਨਾਲ ਭਿੜਨ ਦੀ ਬਜਾਏ ਆਪਣੇ ਆਪ ਨਾਲ ਖਹਿਬੜਨ ਲੱਗ ਜਾਂਦੇ ਹਨ। ਕੋਈ ਉਲਝਣ ਹੁੰਦੀ ਹੈ ਜੋ ਉਹਨਾਂ ਨੂੰ ਕੁਝ ਕਰਨ ਲਈ ਤੱਤਪਰ ਕਰਦੀ ਹੈ। ਫਿਰ ਮੈਂ ਇਸ ਗੱਲ ਦਾ ਵੀ ਖ਼ਿਆਲ ਰੱਖਦਾ ਹਾਂ ਕਿ ਉਹਨਾਂ ਨੂੰ ਲੋੜੀਂਦੀ ਸਪੇਸ ਮਿਲੇ, ਜਿਸ ਵਿਚ ਉਹ ਸੁੱਖ ਦਾ ਸਾਹ ਲੈ ਸਕਣ। ਆਪਣੇ ਨਾਵਲ 'ਪਰਛਾਵੇਂ' ਵਿਚ ਮੈਂ ਦੋ ਪਾਤਰਾਂ ਨੂੰ ਟ੍ਰੇਨ ਦੇ ਸਫ਼ਰ ਵਿਚ ਆਂਤ੍ਰਿਕ ਮਨ ਬਚਨੀ ਦੀ ਅਵਸਥਾ ਵਿਚ ਦਿਖਾਇਆ ਹੈ। ਇਹ ਮਨ ਬਚਨੀ ਬੇਸ਼ੱਕ ਉਹ ਆਪਣੇ ਆਪ ਨਾਲ ਨਹੀਂ ਕਰਦੇ, ਸਗੋਂ ਇਕ ਦੂਸਰੇ ਨਾਲ ਵਾਰਤਾਲਾਪ ਦੇ ਰੂਪ ਵਿਚ ਕਰਦੇ ਹਨ। ਇਹ ਵਾਰਤਾਲਾਪ ਯਥਾਰਥਕ ਨਹੀਂ ਹੈ, ਬਲਕਿ ਕਾਲਪਨਿਕ ਹੈ। ਇਕ ਦੂਸਰੇ ਦੇ ਹਾਵ ਭਾਵ ਉਹ ਚੰਗੀ ਤਰ੍ਹਾਂ ਜਾਣਦੇ ਹਨ, ਇਸ ਲਈ ਇਕ ਦੂਸਰੇ ਨਾਲ ਗੱਲ ਕੀਤਿਆਂ ਬਗ਼ੈਰ ਹੀ, ਉਹ ਖ਼ਿਆਲੀ ਵਾਰਤਾਲਾਪ ਵਾਲਾ ਸਿਲਸਿਲਾ ਕਾਇਮ ਕਰ ਲੈਂਦੇ ਹਨ। ਇਤਿਹਾਸਕ ਪੱਖ ਤੋਂ ਵੀ ਮੈਂ ਆਪਣੇ ਕੁਝ ਪਾਤਰਾਂ ਦਾ ਚਿਤਰਨ ਕੀਤਾ ਹੈ। **'ਜਦੋਂ ਸਵੇਰ ਹੋਈ'** ਵਿਚ ਮੈਂ ਪਾਰਟੀਸ਼ਨ ਤੋਂ ਪਹਿਲਾਂ ਦੇ ਸਮੇਂ ਨੂੰ ਰੂਪਮਾਨ ਕੀਤਾ ਹੈ। ਨਾਵਲ ਵਿਚ ਮੈਂ ਆਪਣੇ ਲੜਕਪਣ ਦੇ ਦਿਨਾਂ ਦੀ ਝਾਕੀ ਪੇਸ਼ ਕੀਤੀ ਹੈ। ਇੰਜ ਵਰਤਮਾਨ ਦੌਰ ਦੇ ਪ੍ਰਸੰਗ ਵਿਚ ਅੱਜ ਤੋਂ ਸੱਠ ਸਾਲ ਪਹਿਲਾਂ ਦਾ ਜੀਵਨ ਢੰਗ ਇਤਿਹਾਸਿਕ ਮਹੱਤਵ ਦਾ ਧਾਰਨੀ ਹੈ। ਖ਼ਾਸ ਕਰਕੇ ਇਸ ਲਈ ਉਦੋਂ ਪੰਜਾਬ ਵਿਚ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਆਪਸੀ ਮੇਲ-ਜੋਲ ਇਕ ਮਿਸਾਲ ਵਜੋਂ ਕਾਇਮ ਸੀ। ਥੋੜ੍ਹੀ ਬਹੁਤੀ ਤਲਖ਼ੀ ਜ਼ਰੂਰ ਸੀ। ਇੰਝ ਹੀ ਮੇਰਾ ਨਾਵਲ **'ਗਵਾਚੇ ਅਰਥ'** ਜੂਨ 1984 ਦੀ ਗਾਥਾ ਬਿਆਨ ਕਰਦੀ ਹੈ।

**'ਕਸਕ'** (1967) ਵਿਚ ਇਕ ਸੰਵੇਦਸ਼ੀਲ ਔਰਤ ਦੀ ਦੁਖਦਾਇਕ ਕਹਾਣੀ ਹੈ। ਸ਼ਿਮਲੇ ਵਿਚ ਰਮਾ ਦਾ ਪਤੀ ਬਤੌਰ ਇੰਜੀਨੀਅਰ ਕੰਮ ਕਰਦਾ ਹੈ ਅਤੇ ਢੇਰ ਰਾਤ ਤੱਕ ਕਲੱਬ ਵਿਚ ਰਹਿਣਾ ਪਸੰਦ ਕਰਦਾ ਹੈ। ਰਣਧੀਰ ਦੀ ਇਸ ਆਦਤ ਤੋਂ ਰਮਾ ਦੁਖੀ ਹੈ ਕਿਉਂਕਿ ਉਸ ਨੂੰ ਚਮਕ ਦਮਕ ਵਾਲੀ ਖੋਖਲੀ ਜੀਵਨ-ਸ਼ੈਲੀ ਪਸੰਦ ਨਹੀਂ। ਉਸ ਨੂੰ ਪਤਾ ਹੈ ਕਿ ਕਲੱਬਾਂ ਅਤੇ ਹੋਟਲਾਂ ਵਿਚ ਜਿਹੜੇ ਜਸ਼ਨ ਹੁੰਦੇ ਹਨ, ਉਹ ਸਿਰਫ਼



ਵਕਤ-ਕਟੀ ਲਈ ਹੁੰਦੇ ਹਨ। ਰਾਤ ਨੂੰ ਜਿਹੜੇ ਲੋਕ, ਇਕ ਦੂਸਰੇ ਦੇ ਸੰਪਰਕ ਵਿਚ ਆ ਕੇ ਪੱਕੀ ਦੋਸਤੀ ਦਾ ਦੰਮ ਭਰਦੇ ਹਨ, ਸਵੇਰੇ ਅਨਜਬੀ ਪ੍ਰਤੀਤ ਹੁੰਦੇ ਹਨ। ਏਸੇ ਵਿਹਾਰ ਬਾਰੇ ਉਰਦੂ ਦੇ ਇਕ ਸ਼ਾਇਰ ਨੇ ਬੜੇ ਖ਼ੂਬਸੂਰਤ ਅੰਦਾਜ਼ ਵਿਚ ਕਿਹਾ ਹੈ-

ਰਾਤ ਕੋ ਮਹਿਵੇ-ਹਮਦਮੀ ਥੇ ਸਭ
ਸੁਬਹੋ ਜਾਗੇ ਤੋ ਅਜਨਬੀ ਥੇ ਸਭ

ਇਸ ਨਾਵਲ ਵਿਚ ਮੈਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਔਰਤ ਨੂੰ ਅਜੇ ਤੱਕ ਇਕ ਵਸਤੂ ਸਮਝਿਆ ਜਾ ਰਿਹਾ ਹੈ, ਇਕ ਵਿਅਕਤੀ ਨਹੀਂ। ਔਰਤ ਦੇ ਜਜ਼ਬਾਤ ਦੀ ਕਦਰ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਉਸ ਦੇ ਵਿਚਾਰਾਂ ਨੂੰ ਸਮਝਣ ਦਾ ਯਤਨ ਹੋ ਰਿਹਾ ਹੈ। ਇਹ ਨਾਵਲ ਅੱਧੀ ਸਦੀ ਪਹਿਲਾਂ ਲਿਖਿਆ ਗਿਆ ਸੀ, ਇਸ ਲਈ ਇਸ ਰਚਨਾ ਵਿਚ ਉਸ ਸਮੇਂ ਵਿਚ ਔਰਤ ਦੀ ਦਸ਼ਾ ਦੀ ਝਲਕ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਹੁਣ ਕਿੰਨੀ ਕੁ ਤਬਦੀਲੀ ਆਈ ਹੈ। ਔਰਤ ਪ੍ਰਤੀ ਮਰਦ ਦੇ ਨਜ਼ਰੀਏ ਵਿਚ।

ਇਸ ਨਾਵਲ ਦਾ ਪੰਜਾਬੀ ਜਗਤ ਨੇ ਜ਼ਿਆਦਾ ਨੋਟਿਸ ਨਾ ਲਿਆ। ਕਾਰਨ ਇਹ ਸੀ ਕਿ ਜਿਸ ਮਾਹੌਲ ਨੂੰ ਮੈਂ ਇਸ ਵਿਚ ਚਿਤਰਿਆ ਸੀ ਉਹ ਪੰਜਾਬੀ ਪਾਠਕਾਂ ਲਈ ਓਪਰਾ ਸੀ । ਫੇਰ ਇਸ ਦੀ ਸ਼ਬਦਾਵਲੀ, ਵਧੇਰੇ ਉਰਦੂ ਨੁਮਾ ਅਤੇ ਮਰਦ-ਔਰਤ ਦੇ ਜਿਨਸੀ ਸੰਬੰਧਾਂ ਦੇ ਵਰਣਨ ਵਿਚ ਵੀ ਕੁਝ ਬੇਬਾਕੀ। ਪੰਜਾਬੀ ਨਾਵਲ ਵਿਚ ਇਸ ਦਾ ਅਜੇ ਵਜੂਦ ਨਹੀਂ ਸੀ। ਮੈਂ ਤਾਂ ਇਹ ਚਾਹੁੰਦਾ ਸੀ ਕਿ ਔਰਤ ਨੂੰ ਬਤੌਰ ਔਰਤ ਹੀ ਪੇਸ਼ ਕੀਤਾ ਜਾਏ ਅਤੇ ਉਸ ਦੀਆਂ ਮਾਨਸਿਕ ਗੁੰਝਲਾਂ ਦੇ ਨਾਲ ਨਾਲ ਉਸ ਦੀਆਂ ਸਰੀਰਕ ਲੋੜਾਂ ਦਾ ਵੀ ਵਿਸਥਾਰ ਨਾਲ ਜ਼ਿਕਰ ਹੋਵੇ। ਹੋਇਆ ਇਹ ਕਿ ਪੰਜਾਬੀ ਦੇ ਕੁਝ ਆਲੋਚਕਾਂ ਨੇ ਅਸ਼ਲੀਲਤਾ ਦਾ ਵਾਵੇਲਾ ਮਚਾ ਦਿੱਤਾ ਅਤੇ ਇਹ ਨਾ ਦੇਖਿਆ ਕਿ ਇਸ ਵਿਚ ਨਾਵਲਕਾਰ ਕਿਹੜੇ ਪਰਿਪੇਖ ਤੋਂ ਮਨੁੱਖੀ ਸੰਬੰਧਾਂ ਵਿਚਲੀ ਆਇਰਨੀ' ਅਤੇ 'ਪੈਰਾਡੌਕਸ' ਨੂੰ ਦਰਸਾ ਰਿਹਾ ਹੈ। ਮੇਰੀ ਕੋਸ਼ਿਸ਼ ਤਾਂ ਇਹ ਸੀ ਕਿ ਆਧੁਨਿਕ ਜੀਵਨ ਵਿਚ ਜਿਹੜੇ ਨਵੇਂ ਇਖ਼ਲਾਕੀ ਮਿਆਰ ਕਾਇਮ ਹੋ ਰਹੇ ਹਨ ਅਤੇ ਜਿਨਸੀ ਸੰਬੰਧਾਂ ਨੂੰ ਇਕ ਸਰੀਰਕ ਕਰਮ ਦੀ ਬਜਾਏ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ ਵੱਜੋਂ ਸਵੀਕਾਰ ਕੀਤਾ ਜਾ ਰਿਹਾ ਹੈ, ਉਸ ਵਲ ਪਾਠਕਾਂ ਦਾ ਧਿਆਨ ਖਿੱਚਿਆ ਜਾਏ। ਇਹਨਾਂ ਪੱਖਾਂ ਵੱਲ ਦੇਖਣ ਦੀ ਬਜਾਏ ਕੁਝ ਪਾਠਕਾਂ ਅਤੇ ਆਲੋਚਕਾਂ ਨੇ ਘਿਸੇ ਪਿਟੇ ਨਜ਼ਰੀਏ ਤੋਂ ਮੇਰੇ ਇਸੇ ਨਾਵਲ **'ਕਸਕ'** ਵਿਚਲੀਆਂ ਘਟਨਾਵਾਂ ਨੂੰ ਨਿੰਦਿਆ ਅਤੇ ਇਸ ਦੇ ਥੀਮ ਨੂੰ ਸਮਝਣ ਦੀ ਕੋਸ਼ਿਸ਼ ਨਾ ਕੀਤੀ।

**'ਤ੍ਰੇੜਾਂ ਤੇ ਰੂਪ'** (1968) ਨਾਵਲ ਵਿਚ ਕਾਨਤਾ ਗਰੋਵਰ ਦੀ ਦਾਸਤਾਨ ਹੈ ਜੋ ਲਾਹੌਰ ਵਿਚ ਕਿਸੇ ਲੜਕੇ ਨੂੰ ਪਿਆਰ ਕਰਦੀ ਸੀ ਪਰ ਮਾਪੇ ਇਸ ਰਿਸ਼ਤੇ ਦੇ ਹੱਕ ਵਿਚ ਨਹੀਂ ਸਨ। ਉਸ ਦੀ ਸ਼ਾਦੀ ਸਾਧਾਰਨ ਵਿਅਕਤੀ ਰਾਮ ਲਾਲ ਗਰੋਵਰ ਨਾਲ ਹੋ ਜਾਂਦੀ ਹੈ, ਜਿਸ ਨੂੰ ਉਹ ਪਸੰਦ ਨਹੀਂ ਕਰਦੀ, ਭਾਵੇਂ ਕਿ ਉਨ੍ਹਾਂ ਦੇ ਘਰ ਬੇਟੀ ਜਨਮ ਲੈ ਲੈਂਦੀ ਹੈ। ਬਟਵਾਰੇ ਤੋਂ ਬਾਅਦ ਲਾਹੌਰ ਤੋਂ ਸ਼ਿਮਲੇ ਆ ਕੇ ਵੀ ਆਪਣੇ ਜੀਵਨ ਪ੍ਰਤੀ ਉਸ ਦਾ ਦ੍ਰਿਸ਼ਟੀਕੋਣ ਨਹੀਂ ਬਦਲਦਾ। ਵਕਤ ਦੇ ਬੀਤਣ ਨਾਲ ਉਸ ਦੀ ਬੇਟੀ ਸਿੰਮੀ ਜਵਾਨ ਹੋ ਜਾਂਦੀ ਹੈ। ਉਸ ਦਾ ਇਕ ਵੱਡੇ ਅਫ਼ਸਰ ਦੇ ਬੇਟੇ ਰੰਮੀ ਨਾਲ ਪਿਆਰ ਹੋ ਜਾਂਦਾ ਹੈ। ਕਾਨਤਾ ਗਰੋਵਰ ਨੂੰ ਇਹ ਜੋੜੀ ਪਸੰਦ ਹੈ ਅਤੇ ਉਹ ਇਸ ਉਡੀਕ ਵਿਚ ਹੈ ਕਿ ਕਦੋਂ ਇਨ੍ਹਾਂ ਦੀ ਸ਼ਾਦੀ ਹੁੰਦੀ ਹੈ ਲੇਕਿਨ ਛੇਤੀ ਹੀ ਹਾਲਾਤ ਬਦਲ ਜਾਂਦੇ ਹਨ। ਇਤਫ਼ਾਕ ਨਾਲ ਸਿੰਮੀ ਦਾ ਸੰਪਰਕ ਇਕ ਐਸੇ ਲੜਕੇ, ਸਤੀਸ਼ ਨਾਲ ਪੈਦਾ ਹੋ ਜਾਂਦਾ ਹੈ ਜੋ ਸ਼ਿਮਲੇ ਦੇ ਕਿਸੇ ਵੱਡੇ ਬਿਜ਼ਨਸਮੈਨ ਦਾ ਪੁੱਤਰ ਹੈ। ਉਹ ਰੰਮੀ ਵਾਂਗ ਅੰਤਰਮੁਖੀ ਹੋਣ ਦੀ ਬਜਾਏ ਬਾਹਰਮੁੱਖੀ ਹੈ। ਸਿੰਮੀ ਦੀ ਉਸ ਪ੍ਰਤੀ ਸਰੀਰਕ ਖਿੱਚ ਪੈਦਾ ਹੋ ਜਾਂਦੀ ਹੈ। ਇਸ ਲਈ ਉਹ ਉਹਦੇ ਨਾਲ ਸ਼ਾਦੀ ਕਰਵਾਉਣ ਲਈ ਤਿਆਰ ਹੋ ਜਾਂਦੀ ਹੈ। ਇਹ ਗੱਲ ਉਸ ਦੀ ਮਾਂ ਕਾਨਤਾ ਲਈ ਬੁਝਾਰਤ ਵਾਂਗ ਹੈ। ਉਹ ਤਾਂ ਆਪਣੇ ਪ੍ਰੇਮੀ ਨੂੰ ਕਦੇ ਵੀ ਭੁੱਲ ਨਹੀਂ ਸੀ ਸਕੀ। ਆਪਣੀ ਬੇਟੀ ਦੇ ਵਿਚਾਰਾਂ ਦੇ

ਪਿਛੋਕੜ ਵਿਚ ਉਸ ਦੇ ਮਨ ਵਿਚ ਆਪਣੇ ਪਤੀ ਲਈ ਪਿਆਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਉਸ ਨੂੰ ਹਿਰਖ ਹੁੰਦਾ ਹੈ ਕਿ ਉਸ ਨੇ ਆਪਣੇ ਇਸ ਰਿਸ਼ਤੇ ਨੂੰ ਹਮੇਸ਼ਾ ਅਣਗਹੁਲਿਆ ਰੱਖਿਆ

"ਕਾਨਤਾ, ਤੂੰ ਜਦੋਂ ਵਿਆਹੀ ਆਈ ਸੀ ਤਾਂ ਐਨੀ ਸੁੰਦਰ ਨਹੀਂ ਸੀ ਲੱਗੀ, ਜਿੰਨੀ ਕਿ ਅੱਜ ਲੱਗ ਰਹੀ ਏਂ।"

ਮਿਸਟਰ ਗਰੋਵਰ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਇਹ ਬੋਲ ਉਨ੍ਹਾਂ ਦੇ ਆਪਣੇ ਹਨ।

ਉਸ ਨੇ ਆਪਣੇ ਪਤੀ ਦੇ ਚਿਹਰੇ ਵੱਲ ਦੇਖਿਆ ਅਤੇ ਫਿਰ ਅੱਖਾਂ ਮੀਟ ਕੇ ਸਿਰ ਉਨ੍ਹਾਂ ਦੀ ਛਾਤੀ ਨਾਲ ਲਾ ਦਿੱਤਾ।"

**'ਰੇਤ ਛਲ'** (1969) ਵਿਚ ਸਮੇਂ ਦੀ ਗਤੀ ਨੂੰ ਤੇਜ਼ ਕਰਦੇ, ਵਰਤਮਾਨ ਵਿਚ ਭਵਿੱਖ ਦੀ ਝਲਕ ਦੇਖਣ ਦਾ ਉਪਰਾਲਾ ਕੀਤਾ ਗਿਆ ਹੈ। ਮੈਂ ਆਪਣੇ ਹਰ ਨਾਵਲ ਵਿਚ ਕਿਸੇ ਨਾ ਕਿਸੇ ਪਾਤਰ ਨਾਲ ਸਾਂਝ ਪੈਦਾ ਕਰ ਲੈਂਦਾ ਹਾਂ। ਲੇਕਿਨ ਇਹ ਨਾਵਲ ਵਧੇਰੇ ਸਵੈ ਜੀਵਨਾਤਮਕ ਹੈ। ਮੁਖ ਪਾਤਰ ਦਿਲਜੀਤ ਜਿੱਥੇ ਮੇਰਾ ਪ੍ਰਤਿਬਿੰਬ ਹੈ, ਉੱਥੇ ਉਸ ਦਾ ਪਾਤਰ-ਚਿਤ੍ਰਣ ਕਲਪਿਤ ਵੀ ਹੈ। ਕਿਹਾ ਗਿਆ ਹੈ ਕਿ ਜਿਨਾ ਚਿਰ ਹਕੀਕਤ ਵਿਚ ਗਲਪ ਦਾ ਮਿਸ਼ਰਨ ਨਹੀਂ ਹੁੰਦਾ, ਪੂਰਨ ਸਚਾਈ ਸਾਮ੍ਹਣੇ ਨਹੀਂ ਆਉਂਦੀ। ਵਕਤ ਦੇ ਬੀਤਣ ਨਾਲ ਬਿਲਜੀਤ ਦਾ ਸੰਪਰਕ ਅੰਮ੍ਰਿਤਾ ਨਾਲ ਹੋ ਜਾਂਦਾ ਹੈ ਅਤੇ ਉਹ ਉਸ ਨਾਲ ਨੇੜਤਾ ਪ੍ਰਾਪਤ ਕਰ ਲੈਂਦਾ ਹੈ। ਲੇਕਿਨ ਅੰਮ੍ਰਿਤਸਰ ਵਿਚ ਉਹ ਰੋਸ਼ੀ ਨੂੰ ਪਿਆਰ ਕਰਦਾ ਸੀ ਪਰ ਕਿਸੇ ਨਾ ਕਿਸੇ ਸੰਕੋਚ ਕਾਰਨ ਉਹ ਉਸ ਨਾਲ ਸ਼ਾਦੀ ਨਾ ਕਰਵਾ ਸਕਿਆ ਅਤੇ ਉਹ ਕਿਸੇ ਹੋਰ ਦੀ ਹੋ ਗਈ। ਪਰ ਉਹ ਉਸ ਲੜਕੀ ਨੂੰ ਭੁੱਲ ਨਹੀਂ ਸੀ ਸਕਿਆ। ਉਧਰ ਅੰਮ੍ਰਿਤਾ ਵੀ ਪਹਿਲਾਂ ਕਿਸੇ ਹੋਰ ਨੂੰ ਪਿਆਰ ਕਰਦੀ ਸੀ ਪਰ ਉਹ ਲੜਕਾ ਪ੍ਰਦੇਸ਼ ਚਲਾ ਗਿਆ ਅਤੇ ਗੱਲ ਆਈ ਗਈ ਹੋ ਗਈ। ਇਸ ਭਾਂਤ ਦੀਆਂ ਘਟਨਾਵਾਂ ਜਿਨ੍ਹਾਂ ਵਿਚ ਦਿਲਜੀਤ ਦਾ ਆਪਣੇ ਪਿਤਾ ਦੀ ਵਿੱਤੋਂ ਬਾਹਰ ਹੋ ਕੇ ,ਮਾਲੀ ਤੌਰ ਤੇ ਮਦਦ ਕਰਨਾ ਵੀ ਸ਼ਾਮਿਲ ਹੈ, ਆਖ਼ਰ ਕਾਰ ਉਸ ਨੂੰ ਬੇਬੱਸ ਅਤੇ ਲਾਚਾਰ ਬਣਾ ਦਿੰਦੀਆਂ ਹਨ। ਇਕ ਸਾਲ ਦੇ ਬੀਤਣ ਉਪਰੰਤ ਦਿਲਜੀਤ ਆਪਣੇ ਹਾਲਾਤ ਦਾ ਜਾਇਜ਼ਾ ਲੈਂਦਾ ਹੈ-

"ਅਗਲੇ ਦਿਨ ਦਿਲਜੀਤ ਸਿੱਧਾ ਘਰ ਆ ਗਿਆ। ਉਹ ਬਹੁਤ ਉਦਾਸ ਸੀ। ਉਸ ਵੇਲੇ ਉਸ ਨੂੰ ਨਾ ਤਾਂ ਰੋਸ਼ੀ ਚੇਤੇ ਆ ਰਹੀ ਸੀ ਅਤੇ ਨਾ ਹੀ ਅੰਮ੍ਰਿਤਾ। ਉਹਨੂੰ ਜੇਕਰ ਕੋਈ ਉਨ੍ਹਾਂ ਬਾਰੇ ਪੁੱਛਦਾ ਤਾਂ ਸ਼ਾਇਦ ਕੁਝ ਪਲਾਂ ਲਈ ਉਸ ਨੂੰ ਇਹ ਵੀ ਯਾਦ ਨਾ ਆਉਂਦਾ ਕਿ ਕਿਨ੍ਹਾਂ ਦਾ ਜ਼ਿਕਰ ਹੋ ਰਿਹਾ ਹੈ ਅਤੇ ਉਸ ਦਾ ਉਨ੍ਹਾਂ ਨਾਲ ਕੀ ਸੰਬੰਧ ਹੈ। ਉਸ ਵਕਤ ਉਹ ਸੋਚ ਰਿਹਾ ਸੀ, ਆਪਣੀ ਆਰਥਿਕ ਦਸ਼ਾ ਬਾਰੇ।"

**'ਹਨੇਰਾ ਹੋਣ ਤੱਕ'** (1971) ਵਿਚ ਆਧੁਨਿਕ ਮਨੁੱਖ ਦੀ ਜ਼ਿਹਨੀ ਕਸ਼-ਮਕਸ਼ ਨੂੰ ਪੇਸ਼ ਕੀਤਾ ਗਿਆ ਹੈ। ਨਰਿੰਦਰ ਰਾਹੀ ਦੇ ਸੰਪਰਕ ਵਿਚ ਆਉਣ ਵਾਲੀਆਂ ਇਸਤਰੀਆਂ ਉਹਦੇ ਜੀਵਨ ਨੂੰ ਡੂੰਘੇ ਅਰਥ ਪ੍ਰਦਾਨ ਕਰਦੀਆਂ ਹਨ। ਇਹ ਇਸਤਰੀਆਂ ਉਸ ਦੀ ਆਰਥਿਕ ਅਵਸਥਾ ਨੂੰ ਵੀ ਦ੍ਰਸਾਉਂਦੀਆਂ ਹਨ। ਉਹਦੇ ਲਈ ਜੀਵਨ ਦਾ ਮਾਹੌਲ ਕਦੀ ਵੀ ਏਨਾ ਖੁਸ਼ਗਵਾਰ ਨਹੀਂ ਹੁੰਦਾ ਕਿ ਉਹ ਨਿਸ਼ੰਗ ਹੋ ਕੇ ਮੁੱਹਬਤ ਦੇ ਗੀਤ ਗਾ ਸਕੇ। ਉਹ ਹਮੇਸ਼ਾ ਕਿਸੇ ਨਾ ਕਿਸੇ ਜ਼ਿਹਨੀ ਉਲਝਣ ਵਿਚ ਫਸਿਆ ਰਹਿੰਦਾ ਹੈ।

"ਕਮਰੇ ਵਿਚ ਜਾ ਕੇ ਮੈਂ ਬਿਸਤਰੇ ਉੱਤੇ ਡਿੱਗ ਪਿਆ। ਮੇਰੇ ਦਿਮਾਗ਼ ਵਿਚ ਇਕ ਦਮ ਕਈ ਬਲਬ ਰੌਸ਼ਨ ਹੋ ਗਏ। ਫਿਰ ਉਹ ਬਲਬ ਇਕ ਇਕ ਕਰਕੇ ਬੁੱਝਣ ਲੱਗੇ। ਬੁੱਝਣ ਤੋਂ ਪਹਿਲਾ, ਬਲਬ ਦੀ ਰੌਸ਼ਨੀ ਅਚਨਚੇਤ ਤੇਜ਼ ਹੋ ਜਾਂਦੀ ਅਤੇ ਉਸ ਚਾਨਣ ਵਿਚ ਮੇਰੀ ਸੋਚ ਸਿਰ ਤੋਂ ਨੱਪੇ ਹੋਏ ਸੱਪ ਵਾਂਗ ਉੱਸਲ-ਵੱਟੇ ਭੰਨਣ ਲੱਗ ਪੈਂਦੀ। ਕੁਝ ਦੇਰ ਇਹੀ ਆਲਮ ਰਹਿੰਦਾ। ਫਿਰ ਉਸ ਬਲਬ ਵਿਚੋਂ ਇਕ ਭਬਾਕਾ ਨਿਕਲਦਾ ਅਤੇ ਉਹ ਬਲਬ ਹਮੇਸ਼ਾ ਲਈ ਬੁਝ ਜਾਂਦਾ। ਏਨੇ ਚਿਰ ਵਿਚ ਕਿਸੇ ਹੋਰ ਬਲਬ ਦੀ ਰੌਸ਼ਨੀ ਤੇਜ਼ ਹੋ ਜਾਂਦੀ। ਇਕ ਇਕ ਕਰਕੇ ਬੁੱਝਣ ਵਾਲੇ ਇਨ੍ਹਾਂ ਬਲਬਾਂ ਦੀ ਰੌਸ਼ਨੀ ਵਿਚ ਮੈਨੂੰ ਆਪਣੇ ਜ਼ਿਹਨ ਦੇ ਪਰਦੇ ਉੱਤੇ ਆਪਣੀ ਜ਼ਿੰਦਗੀ ਦੀਆਂ ਕੁਝ ਘਟਨਾਵਾਂ ਦੇ ਬਿੰਬ ਦਿਖਾਈ ਦਿੰਦੇ। ਹਰ ਨਵਾਂ ਬਲਬ, ਆਪਣੀ ਤੇਜ਼



ਹੁੰਦੀ ਰੌਸ਼ਨੀ ਵਿਚ ਕਿਸੇ ਨਵੀਂ ਘਟਨਾ ਨੂੰ ਮੇਰੇ ਸਾਮ੍ਹਣੇ ਲਿਆ ਖੜਾ ਕਰਦਾ।"

ਇਸ ਨਾਵਲ ਵਿਚ ਮੈਂ ਫ਼ਾਰਮ ਦੇ ਪੱਖ ਤੋਂ ਇਕ ਨਵਾਂ ਤਜਰਬਾ ਕੀਤਾ। ਸਮੇਂ ਦਾ ਇਕ ਨੁਕਤਾ ਮਿੱਥ ਲਿਆ ਅਤੇ ਇਕ ਚੈਪਟਰ ਵਿਚ ਭਵਿੱਖ ਮੁਖੀ ਕਹਾਣੀ ਅਤੇ ਦੂਸਰੇ ਚੈਪਟਰ ਵਿਚ ਅਤੀਤ ਮੁਖੀ ਕਹਾਣੀ ਬਿਆਨ ਕੀਤੀ। ਇਸ ਨਾਵਲ ਵਿਚ ਬਹੁਤਾ ਕੁਝ ਨਹੀਂ ਵਾਪਰਦਾ, ਪਾਤਰਾਂ ਦੀ ਮਾਨਸਿਕ ਸਥਿਤੀ ਨੂੰ ਹੀ ਕੇਂਦਰ ਬਿੰਦੂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਮਰਦ ਦੇ ਔਰਤ ਪ੍ਰਤੀ ਅਸਪਸ਼ਟ ਭਾਵਾਂ ਨੂੰ ਯੂਨਾਨੀ ਮਿਥਿਹਾਸ ਦੇ ਪਿਛੋਕੜ ਵਿਚ ਨਿਖੇੜਨ ਦੀ ਕੋਸ਼ਿਸ਼ ਹੋਈ ਹੈ। ਮਾਲੀ ਸੰਕਟ ਵਿਚ ਜਿਨਸੀ ਅਤ੍ਰਿਪਤੀ ਅਤੇ ਪਦਾਰਥਕ ਖ਼ੁਸ਼ਹਾਲੀ ਵਿਚ ਜਿਨਸੀ ਉਲਾਰ ਵੱਲ ਇਸ਼ਾਰੇ ਕੀਤੇ ਗਏ ਹਨ। ਇਸ ਦੌਰ ਵਿਚ ਆਧੁਨਿਕ ਮਨੁੱਖ ਦੀ ਮਾਨਸਿਕਤਾ ਵਿਚ ਕਿਵੇਂ ਤਬਦੀਲੀ ਆ ਰਹੀ ਹੈ ਅਤੇ ਉਹ ਹੌਲੀ ਹੌਲੀ ਕਿਵੇਂ ਦਿਮਾਗ਼ੀ ਸੰਤੁਲਨ ਗੁਆ ਰਿਹਾ ਹੈ, ਇਹ ਮਸਲੇ ਵੀ ਦਰਪੇਸ਼ ਹਨ ਇਸ ਨਾਵਲ ਵਿਚ।

**'ਇਕ ਹੋਰ ਨਵਾਂ ਸਾਲ'** (1974) ਵਿਚ ਰਿਕਸ਼ਾ ਚਾਲਕ ਬੰਤੇ ਦੇ ਜੀਵਨ ਦੇ ਇਕ ਦਿਨ ਦੀ ਕਹਾਣੀ ਹੈ, ਨਵੇਂ ਸਾਲ ਦੇ ਪਹਿਲੇ ਦਿਨ ਦੀ। ਇਸ ਇਕ ਦਿਨ ਵਿਚ ਹੀ ਉਹਦਾ ਪੂਰਾ ਜੀਵਨ ਰੂਪਮਾਨ ਹੋ ਜਾਂਦਾ ਹੈ। ਉਹ ਆਪ ਤਾਂ ਵਰਤਮਾਨ ਵਿਚ ਵਿਚਰ ਰਿਹਾ ਹੈ, ਪਰ ਮਨ ਵਿਚ ਉਘੜ ਰਹੀਆਂ ਪੁਰਾਣੀਆਂ ਯਾਦਾਂ ਦੇ ਸਹਾਰੇ ਉਹ ਅਛੋਪਲੇ ਹੀ ਭੂਤਕਾਲ ਵਿਚ ਚਲਿਆ ਜਾਂਦਾ ਹੈ। ਉਹਦਾ ਕਿਸੇ ਯਾਦ ਦਾ ਟੋਟਾ ਜਦੋਂ ਵਰਤਮਾਨ ਵਿਚ ਰਲਦਾ ਹੈ ਤਾਂ ਉਹ ਵਰਤਮਾਨ ਦਾ ਹੀ ਇਕ ਭਾਗ ਬਣ ਜਾਂਦਾ ਹੈ। ਸਿਰਫ਼ ਇਹੋ ਹੀ ਗੱਲ ਨਹੀਂ। ਕਦੀ ਕਦੀ ਉਹ ਆਪਣੇ ਪੁੱਤਰ ਦੇ ਭਵਿੱਖ ਦੀ ਕਲਪਨਾ ਕਰਨ ਲੱਗ ਪੈਂਦਾ ਹੈ। ਇੰਝ ਭਵਿੱਖ ਵੀ ਥੋੜੇ ਸਮੇਂ ਲਈ ਵਰਤਮਾਨ ਦਾ ਹੀ ਭਾਗ ਹੋ ਨਿਬੜਦਾ ਹੈ। ਪਰਤਵੀਂ ਙਾਤ ਅਤੇ ਕਲਪਿਤ ਭਵਿਖ ਬੰਤੇ ਦੇ ਪੂਰੇ ਜੀਵਨ ਨੂੰ ਪਾਠਕ ਦੇ ਸਾਮ੍ਹਣੇ ਲਿਆ ਖੜਾ ਕਰਦੇ ਹਨ। ਇਕ ਵਿਅਕਤੀ ਦੀ ਕਹਾਣੀ ਹੋਣ ਤੋਂ ਇਲਾਵਾ, ਇਹ ਨਾਵਲ ਪੂਰੇ ਸਮਾਜ ਦੀ ਝਾਕੀ ਵੀ ਹੈ।

ਬੰਤਾ ਆਪਣੇ ਜੀਵਨ ਦੀਆਂ ਔਕੜਾਂ ਨਾਲ ਜੂਝ ਰਿਹਾ ਇਕ ਪਾਤਰ ਹੈ। ਉਹ ਕਦੀ ਹੌਸਲਾ ਨਹੀਂ ਹਾਰਦਾ। ਉਸਦੇ ਮਨ ਵਿਚ ਵੀ ਸੱਧਰਾਂ ਹਨ, ਆਪਣੇ ਜੀਵਨ ਨੂੰ ਚੰਗਾ ਬਣਾਉਣ ਦੀ ਖ਼ਾਹਸ਼ ਹੈ। ਉਹ ਮਿਹਨਤ ਕਰਨ ਵਿਚ ਹੀ ਆਪਣੇ ਉੱਜਲ ਭਵਿੱਖ ਦੀ ਝਲਕ ਦੇਖਦਾ ਹੈ। ਉਸ ਦਾ ਜੀਵਨ ਰਿਕਸ਼ੇ ਦੇ ਪਹੀਏ ਵਾਂਗ ਹੈ। ਜਿਸ ਦਾ ਹਰ ਸਮੇਂ ਹਰਕਤ ਵਿਚ ਰਹਿਣਾ ਅਤਿ ਜ਼ਰੂਰੀ ਹੈ। ਉਹ ਜੇਕਰ ਕਦਮ ਡੋਲ੍ਹਦਾ ਵੀ ਹੈ, ਤਾਂ ਛੇਤੀ ਹੀ ਸੰਭਲ ਵੀ ਜਾਂਦਾ ਹੈ। ਉਹ ਜੀਵਨ ਦੇ ਚੱਕਰ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ।

"ਕੰਮ ਕੋਈ ਵੀ ਹੋਵੇ, ਬੀਤਿਆ, ਆਪਾਂ ਨਹੀਂ ਡਰਦੇ। ਪਰ ਢਿੱਡ ਭਰ ਕੇ ਰੋਟੀ ਤਾਂ ਮਿਲਣੀ ਚਾਹੀਦੀ ਹੈ। ਇਹ ਤਾਂ ਨਹੀਂ ਨਾ ਠੀਕ ਕਿ ਦਿਨ ਰਾਤ ਹੱਡ ਵੀ ਭੰਨੀਏ ਤੇ ਫੇਰ ਵੀ ਹਉਕੇ ਭਰਦੇ ਰਹੀਏ, ਇਨਸਾਫ਼ ਤਾਂ ਨਹੀਂ ਨਾ ਇਹ? ਆਪਾਂ ਰਾਜ ਤਾਂ ਨਹੀਂ ਮੰਗਦੇ, ਆਪਣਾ ਹੱਕ ਮੰਗਦੇ ਹਾਂ। ਉਹ ਵੀ ਨਹੀਂ ਮਿਲਦਾ, ਇਸ ਦੁਨੀਆਂ ਵਿਚ। ਕੀ ਕਰੀਏ, ਕਿੱਥੇ ਜਾਈਏ ਕਿਸ ਨੂੰ ਸੁਣਾਈਏ ਆਪਣੇ ਬਿਪਤਾ? ਕੋਈ ਵੀ ਨਹੀਂ ਸੁਣਦਾ ਸਾਡੀ ਤਾਂ।"

**'ਜਦੋਂ ਸਵੇਰ ਹੋਈ'** (1977) ਵਿਚ ਸਵੇਰ ਤੋਂ ਭਾਵ ਹੈ, 15 ਅਗਸਤ, 1947 ਦੀ ਸਵੇਰ। ਫ਼ੈਜ਼ ਅਹਿਮਦ ਫ਼ੈਜ਼ ਦੇ ਲਫ਼ਜ਼ਾਂ ਵਿਚ-

ਯਿਹ ਦਾਗ਼ ਉਜਾਲਾ, ਯਿਹ ਸਬ ਗੁਜ਼ੀਦਾ ਸਹਰ (ਸਵੇਰ)
ਕਿ ਇੰਤਿਜ਼ਾਰ ਥਾ ਜਿਸ ਦਾ, ਯਿਹ ਵੋਹ ਸਹਰ ਤੋ ਨਹੀਂ
ਯਿਰ ਵੋਹ ਸਹਰ ਤੋ ਨਹੀਂ, ਜਿਸ ਕੀ ਆਰਜ਼ੂ ਲੇਕਰ
ਚਲੇ ਥੇ ਯਾਰ ਕਿ ਮਿਲ ਜਾਏਗੀ ਕਹੀਂ ਨਾ ਕਹੀਂ

ਇਸ ਸਵੇਰ ਨੇ ਬਹੁਤ ਨਿਰਾਸ਼ ਕੀਤਾ। ਮੁਲਕ ਦੀ ਆਜ਼ਾਦੀ ਦਾ ਅਹਿਸਾਸ ਘੱਟ ਸੀ ਅਤੇ ਮੁਲਕ ਦੇ ਬਟਵਾਰੇ ਦਾ ਦਰਦ ਜ਼ਿਆਦਾ। ਇਸ ਤਰ੍ਹਾਂ ਸੀ ਜਿਵੇਂ ਕੋਈ ਸੁਪਨਾ ਪਲਕ ਝਪਕਣ ਵਿਚ ਡਰਾਉਣੀ ਸੂਰਤ

ਅਖ਼ਤਿਆਰ ਕਰ ਗਿਆ ਹੋਵੇ। ਕੁਝ ਇਸ ਕਿਸਮ ਦਾ ਮਾਨਸਿਕ ਤਨਾਅ ਸੀ ਜਦੋਂ ਇਹ ਨਾਵਲ ਸ਼ੁਰੂ ਕੀਤਾ ਗਿਆ ਲੇਕਿਨ ਸ਼ੁਰੂ ਵਿਚ ਜ਼ਿਆਦਾ ਫ਼ੋਕਸ ਦਸਵੀਂ ਦਾ ਇਮਤਿਹਾਨ ਦੇ ਚੁੱਕੇ 'ਬੀਰੀ' ਅਤੇ ਉਸ ਦੇ ਦਾਦਾ ਜੀ (ਭਾਈਆ ਜੀ) ਵਿਚਲੇ ਨਿੱਘੇ ਸੰਬੰਧਾਂ ਤੇ ਰਿਹਾ। ਫੇਰ ਗੱਲ ਅੱਗੇ ਵਧੀ ਅਤੇ ਭਾਈਆ ਜੀ ਦੀ ਕਿਰਾਏਦਾਰ ਬੁੱਢੇ ਦੀ ਦਸਵੀਂ ਦਾ ਇਮਤਿਹਾਨ ਦੇ ਚੁੱਕੀ ਬੇਟੀ ਸਲਮਾ ਦਾ ਜ਼ਿਕਰ ਹੋਇਆ, ਇੰਜ ਇਕ ਐਸਾ ਮਾਹੌਲ ਕਾਇਮ ਹੋ ਗਿਆ ਜਿਸ ਵਿਚ ਸਮਾਜੀ ਪੱਧਰ 'ਤੇ ਹਿੰਦੂਆਂ ਸਿੱਖਾਂ ਅਤੇ ਮੁਸਲਮਾਨਾਂ ਦੇ ਆਪਸੀ ਸੰਬੰਧਾਂ ਦੀ ਝਲਕ ਪ੍ਰਤੱਖ ਹੋ ਗਈ। ਹੌਲੀ ਹੌਲੀ ਇਹ ਬਿਰਤਾਂਤ 1945, ਜਦੋਂ ਦੂਸਰੀ ਵਿਸ਼ਵ ਜੰਗ ਖ਼ਤਮ ਹੋਈ ਅਤੇ 1947 ਜਦੋਂ ਪਾਕਿਸਤਾਨ ਵਜੂਦ ਵਿਚ ਆਇਆ, ਦੇ ਦੌਰ ਉੱਤੇ ਆਧਾਰਿਤ ਹੋ ਗਿਆ।

ਬੀਰੀ ਅਤੇ ਸਲਮਾ ਇਕ ਦੂਸਰੇ ਨੂੰ ਜਜ਼ਬਾਤੀ ਪੱਧਰ ਉੱਤੇ ਸਮਝਦੇ ਹੋਏ ਵੀ ਮਾਨਸਿਕ ਪੱਧਰ ਉੱਤੇ ਇਕ ਦੂਸਰੇ ਤੋਂ ਦੂਰ ਹਨ। ਇਕ ਦੂਸਰੇ ਲਈ ਉਨ੍ਹਾਂ ਦੇ ਇਸ ਪਿਆਰ ਵਿਚੋਂ ਕਦੀ ਕਦੀ ਨਫ਼ਰਤ ਉਪਜਦੀ ਹੈ ਅਤੇ ਇਹ ਨਫ਼ਰਤ ਪ੍ਰਤਿਕਰਮ ਵੱਜੋਂ ਉਨ੍ਹਾਂ ਨੂੰ ਹੋਰ ਤੀਬਰਤਾ ਨਾਲ ਪਿਆਰ ਕਰਨ ਲਈ ਮਜਬੂਰ ਵੀ ਕਰਦੀ ਹੈ। ਇਕ ਦੂਸਰੇ ਤੋਂ ਨਿਖੇੜ ਪੈਦਾ ਕਰਨਾ ਵੀ ਉਨ੍ਹਾਂ ਨੂੰ ਮਨਜ਼ੂਰ ਨਹੀਂ, ਕਿਉਂਕਿ ਉਹ ਆਪਣੀਆਂ ਮਾਨਸਿਕ ਅਤੇ ਸਰੀਰਕ ਲੋੜਾਂ ਤੋਂ ਭਲੀਭਾਂਤ ਜਾਣੂ ਹਨ। ਉਨ੍ਹਾਂ ਦੀਆਂ ਸ਼ਖ਼ਸੀਅਤਾਂ ਦਾ ਅੰਤਰ ਵਿਰੋਧ ਸਮੇਂ ਦੇ ਰਾਜਨੀਤਿਕ ਮਾਹੌਲ ਦੀ ਦੇਣ ਹੈ। ਇਹੀ ਕਾਰਨ ਹੈ ਕਿ ਜਿਵੇਂ ਜਿਵੇਂ ਰਾਜਨੀਤਿਕ ਮਾਹੌਲ ਵਿਗੜਦਾ ਗਿਆ, ਇਹਨਾਂ ਦੋਹਾਂ ਦੇ ਆਪਸੀ ਸੰਬੰਧ ਵੀ ਘਟਦੇ ਗਏ। ਅਖ਼ੀਰ ਉਹੀ ਗੱਲ ਹੋਈ ਜਿਸ ਦਾ ਬੀਰੀ ਨੂੰ ਡਰ ਸੀ, ਯਾਨੀ ਪਾਕਿਸਤਾਨ ਵਜੂਦ ਵਿਚ ਆ ਗਿਆ। ਬੁੱਢਾ ਅਤੇ ਸਲਮਾ ਆਪਣਾ ਘਰ ਛੱਡ ਕੇ ਰਿਫ਼ੀਊਜੀ ਕੈਂਪ ਵਿਚ ਚਲੇ ਗਈਆਂ। ਪਿੱਛੇ ਭਾਈਆ ਜੀ ਅਤੇ ਬੀਰੀ ਨੇ ਦੇਖਿਆ ਕਿ ਉਨ੍ਹਾਂ ਦਾ ਸਾਮਾਨ ਉਂਜ ਦਾ ਉਂਜ ਘਰ ਵਿਚ ਪਿਆ ਹੈ। ਉਹ ਦੋਵੇਂ ਉਸ ਸਾਮਾਨ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਰੱਖ ਦਿੰਦੇ ਹਨ ਕਿ ਜੇਕਰ ਹਾਲਾਤ ਕੁਝ ਸੁਧਰ ਗਏ ਤਾਂ ਉਹ ਸ਼ਾਇਦ ਵਾਪਸ ਆ ਜਾਣ।

ਅਖ਼ੀਰ ਹੁੰਦਾ ਇਹ ਹੈ ਕਿ 15 ਅਗਸਤ, 1947 ਨੂੰ ਜਿਹੜੇ ਮੁਸਲਮਾਨ ਟੱਬਰ, ਅੰਮ੍ਰਿਤਸਰ ਛੱਡ ਕੇ, ਉਧਰ ਲਾਹੌਰ ਚਲੇ ਗਏ ਸਨ, 1948 ਦੇ ਸ਼ੁਰੂ ਵਿਚ ਹੀ ਆਪਣੇ ਸ਼ਹਿਰ ਦੇ ਲੋਕਾਂ ਨੂੰ ਮਿਲਣ ਲਈ ਉਤਾਵਲੇ ਹੋ ਗਏ। ਇਸੇ ਭਾਂਤ ਦਾ ਹੇਜ ਸ਼ਹਿਰ ਵਾਸੀਆਂ ਦੇ ਮਨਾ ਵਿਚ ਵੀ ਜਾਗਿਆ ਕਿ ਆਪਣੇ ਵਿੱਛੜੇ ਸੰਗੀ ਸਾਥੀਆਂ ਨੂੰ ਮਿਲੀਏ। ਸੋ, ਫ਼ਰਵਰੀ 1948 ਦੇ ਕਿਸੇ ਦਿਨ ਭਾਈਆ ਜੀ ਅਤੇ ਬੀਰੀ ਦੀ ਬੁੱਢਾਂ ਅਤੇ ਸਲਮਾ ਨਾਲ ਅਟਾਰੀ ਦੇ ਬਾਡਰ ਤੇ ਮੁਲਾਕਾਤ ਹੋ ਗਈ-

"ਇਸ ਵਿਚ ਕੀ ਏ, ਭਾਈ ਜੀ? ਬੁੱਢਾਂ ਨੇ ਭਾਈਆ ਜੀ ਕੋਲੋਂ ਆਪਣਾ ਟਰੰਕ ਫੜ ਲਿਆ।

'ਤੇਰੀਆਂ ਈ ਚੀਜ਼ਾਂ ਨੇ...।" ਫੇਰ ਭਾਈਆ ਜੀ ਨੇ ਕੁਰਤੇ ਦੇ ਥੱਲਿਓਂ ਹੱਥ ਪਾ ਕੇ ਫ਼ਤੂਹੀ ਵਿੱਚੋਂ ਇਕ ਪੋਟਲੀ ਕੱਢੀ।

"ਲੈ ਫੜ, ਆਪਣੀ ਚੀਜ਼। ਕਮਲੀਏ, ਤੈਨੂੰ ਕਿਨ੍ਹੇ ਕਿਹਾ ਸੀ ਇਹ ਦੇਣ ਲਈ।"

"ਨਹੀਂ, ਭਾਈਆ ਜੀ, ਇਹ ਤੁਹਾਡਾ ਕਿਰਾਇਆ...।'

ਬੁੱਢੀ ਦੀ ਤਲੀ ਉੱਤੇ ਲੱਛਿਆ ਵਾਲੀ ਪੋਟਲੀ ਸੀ ਅਤੇ ਉਹਦੀਆਂ ਅੱਖਾਂ ਵਿਚੋਂ ਹੰਝੂ ਕਿਰ ਰਹੇ ਸਨ।

"ਨਾਲੇ ਇਹ ਫੜ ਸਲਮਾ ਦੇ ਵਿਆਹ ਲਈ।"

ਭਾਈਆਂ ਜੀ ਨੇ ਲਾਲ ਗੁੱਡੀ ਕਾਗ਼ਜ਼ ਵਿਚ ਲਪੇਟੀ ਹੋਈ ਸੋਨੇ ਦੇ ਕਾਂਟਿਆਂ ਦੀ ਇਕ ਜੋੜੀ ਉਹਨੂੰ ਫੜ ਦਿੱਤੀ।

**'ਜੁਗਾਂ ਤੋਂ ਪਾਰ'** ਈਸ਼ਵਰ ਚਿੱਤਰਕਾਰ ਦੇ ਜੀਵਨ ਉੱਤੇ ਆਧਾਰਿਤ ਹੈ। ਲੇਕਿਨ ਇਸ ਨੂੰ ਉਸ ਦੀ ਜੀਵਨੀ ਨਹੀਂ ਸਮਝ ਲੈਣਾ ਚਾਹੀਦਾ। ਮੇਰਾ ਇਕ ਕਵੀ ਚਿੱਤਰਕਾਰ ਨਾਲ ਜਜ਼ਬਾਤੀ ਲਗਾਓ ਹੈ ਪਰ ਮੈਂ ਇਹਦੇ ਚਰਿੱਤਰ ਨੂੰ ਾਦਰਸ਼ਿਆਣ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਆਪਣੀਆਂ ਸਭ ਖ਼ੂਬੀਆਂ ਅਤੇ




ਖ਼ਾਮੀਆਂ ਸਮੇਤ ਇਕ ਨਾਵਲ ਵਿਚ ਹਾਜ਼ਰ ਹੈ। ਇਸ ਦੇ ਜੀਵਨ ਦੀਆਂ ਘਟਨਾਵਾਂ ਨੂੰ ਨਾਵਲ ਦਾ ਰੂਪ ਲੈਣ ਲੱਗਿਆਂ ਮੈਨੂੰ ਇਹ ਖ਼ਿਆਲ ਆਇਆ ਕਿ ਇਸ ਤਰ੍ਹਾਂ ਦੇ ਵਿਅਕਤੀ ਕਿਸੇ ਖ਼ਾਸ ਸਮੇਂ ਅਤੇ ਸਥਾਨ ਦੇ ਪਿੱਛੋਕੜ ਵਿਚ ਪੇਸ਼ ਨਹੀਂ ਕੀਤੇ ਜਾ ਸਕਦੇ, ਕਿਉਂਕਿ ਇਹ ਤਾਂ ਹਰ ਯੁੱਗ ਵਿਚ ਅਤੇ ਹਰ ਮੁਲਕ ਵਿਚ ਵਿਚਰਦੇ ਰਹੇ ਹਨ ਅਤੇ ਇਨ੍ਹਾਂ ਨਾਲ ਉਹੀ ਕੁਝ ਹੁੰਦਾ ਰਿਹਾ ਹੈ ਜੋ ਈਸ਼ਵਰ ਚਿੱਤਰਕਾਰ ਨਾਲ ਇਸ ਦੌਰ ਵਿਚ ਹੋਇਆ। ਯੂਨਾਨੀ ਕਵੀ ਹੋਮਰ ਦਾ ਮਹਾਂਕਾਵਿ 'ਦਿ ਇੱਲੀਅਡ' ਅੰਗਰੇਜ਼ੀ ਸਾਹਿਤ ਦੇ ਪੋਸਟਗਰੈਜੂਏਟ ਵਿਦਿਆਰਥੀਆਂ ਨੂੰ ਕਈ ਸਾਲ ਪੜਾਉਂਦੇ ਰਹਿਣ ਕਰਕੇ ਮੇਰੇ ਮਨ ਵਿਚ ਵਿਚਾਰ ਆਇਆ ਕਿ ਹੋਮਰ ਇਸ ਮਹਾਂਕਾਵਿ ਵਿਚ ਮਨੁੱਖੀ ਜੀਵਨ ਬਾਰੇ ਜੋ ਕੁੱਝ ਕਹਿ ਗਿਆ ਹੈ, ਉਹ ਅੱਜ ਵੀ ਸਦੀਵੀ ਸਚਾਈ ਦੇ ਰੂਪ ਵਿਚ ਕਾਇਮ ਹੈ। ਇਨ੍ਹਾਂ ਸ਼ਤਾਬਦੀਆਂ ਵਿਚ ਮਨੁੱਖੀ ਵਿਚਾਰਾਂ ਅਤੇ ਭਾਵਾਂ ਦੀ ਨੁਹਾਰ ਨਹੀਂ ਬਦਲੀ, ਸਿਰਫ਼ ਗੱਲ ਕਰਨ ਦਾ ਅੰਦਾਜ਼ ਹੀ ਬਦਲਿਆ ਹੈ। ਮੈਂ ਈਸ਼ਵਰ ਚਿਤਰਕਾਰ ਦੇ ਜੀਵਨ ਦੀਆਂ ਘਟਨਾਵਾਂ ਨੂੰ 'ਦਿ ਇੱਲੀਅਡ' ਦੀ ਕਹਾਣੀ ਦੇ ਰੂਪ ਵਿਚ ਰੇਖਾ ਵਿਚ ਸੀਮਾ ਬੱਧ ਕਰਨ ਦਾ ਸਾਹਸ ਕੀਤਾ ਹੈ ਤਾਂ ਜੋ ਇਹ ਸਿੱਧ ਹੋ ਜਾਏ ਕਿ ਅਜ਼ਲ (ਸ਼ੁਰੂ) ਤੋਂ ਮਨੁੱਖੀ ਜੀਵਨ ਦਾ ਪੈਟਰਨ ਉਹੀ ਹੈ, ਸਗੋਂ ਈਸ਼ਵਰ ਚਿੱਤਰਕਾਰ ਵਰਗਾ ਵਿਅਕਤੀ ਇੱਕੋ ਸਮੇਂ ਆਪਣੇ ਵਕਤ ਦਾ ਹੋਮਰ ਵੀ ਹੈ, ਜੇਤੂ ਅਕਲੀਜ਼ ਅਤੇ ਸ਼ਹਾਦਤ ਪਾ ਜਾਣ ਵਾਲਾ ਐਕਟਰ ਵੀ। ਇਸ ਤਰ੍ਹਾਂ ਦੀ ਪ੍ਰਤਿਭਾ ਵਿਅਕਤੀ ਦੀ ਨਜ਼ਰ ਬੀਤੇ ਯੁੱਗਾਂ ਦਾ ਜਾਇਜ਼ਾ ਲੈਂਦੀ ਹੋਈ, ਆਉਂਦੀ ਯੁੱਗਾਂ ਤੋਂ ਪਾਰ ਵੀ ਚਲੀ ਜਾਂਦੀ ਹੈ।


**ਗਵਾਚੇ ਅਰਥ** (1993) ਇਕ ਮੁਦੱਤ ਤੋਂ ਬਾਅਦ ਵਜੂਦ ਵਿਚ ਆਇਆ। ਉਦੋਂ ਹਾਲਾਤ ਬਦਲ ਚੁੱਕੇ ਸਨ। ਇਸ ਨਾਵਲ ਵਿਚ ਸਵੈਜੀਵਨਾਤਮਕ ਵਾਲੀ ਤਕਨੀਕ ਨੂੰ ਅਪਣਾਇਆ ਗਿਆ ਹੈ। ਮੰਤਵ ਇਹ ਸੀ ਕਿ ਮੇਰੇ ਨਾਲ ਵਾਪਰੀਆਂ ਘਟਨਾਵਾਂ ਅਤੇ ਮੇਰੇ ਸੰਪਰਕ ਵਿਚ ਆਏ ਵਿਅਕਤੀਆਂ ਨੂੰ ਹੂ ਬ ਹੂ ਪੇਸ਼ ਕੀਤਾ ਜਾ ਸਕੇ।

ਕਿਸੇ ਕੌਮ ਦੇ ਗੌਰਵਮਈ ਇਤਿਹਾਸ ਵਿਚ ਵਿਘਨ ਉਦੋਂ ਪੈਂਦਾ ਹੈ, ਜਦੋਂ ਜਨ-ਸਾਧਾਰਨ ਸਵੱਛ ਮਾਨਵੀ ਕਦਰਾਂ-ਕੀਮਤਾਂ ਨੂੰ ਅੱਖੋਂ ਪਰੋਖੇ ਕਰਨ ਦਾ ਦੋਸ਼ੀ ਬਣ ਜਾਂਦਾ ਹੈ। ਇਹ ਰਚਨਾ ਇਕ ਪਾਸੇ ਤਾਂ ਨਵੰਬਰ 1984 ਦੇ ਸਿੱਖ ਕਤਲੇ ਆਮ ਨੂੰ 1947 ਦੇ ਫ਼ਸਾਦਾਂ ਦੇ ਪਿਛੋਕੜ ਵਿਚ ਪੇਸ਼ ਕਰਦੀ ਹੈ, ਦੂਸਰੇ ਪਾਸੇ ਇਸ ਵਿਚ 1982 ਤੋਂ 1992 ਤੱਕ ਦੇ ਸੰਤਾਪ ਦੇ ਦੌਰਾਨ ਅਣਖੀਲੇ ਪੰਜਾਬੀਆਂ ਦੇ ਗਵਾਚੇ ਅਰਥਾਂ ਨੂੰ ਲੱਭਣ ਦਾ ਉਪਰਾਲਾ ਵੀ ਕੀਤਾ ਗਿਆ ਹੈ। ਬੀਤਿਆਂ ਦੁਖਦਾਇਕ ਸਮਾਂ ਕਦੀ ਵੀ ਨਹੀਂ ਬੀਤਦਾ, ਜਿੰਨਾ ਵਿਚ ਉਹ ਸਾਡੀ ਮਾਨਸਿਕਤਾ ਦੇ ਕਾਰੀਡੋਰ ਵਿਚੋਂ ਨਹੀਂ ਲੰਘਦਾ। ਇਸ ਤਰ੍ਹਾਂ ਉਹ ਜ਼ਹਿਰ ਜੋ ਸਾਡੇ ਸਿਸਟਮ ਵਿਚ ਰਚੀ ਹੁੰਦੀ ਹੈ, ਕਤਰਾ ਕਤਰਾ ਕਰਕੇ ਖ਼ਾਰਜ ਹੋ ਜਾਂਦੀ ਹੈ। ਉਹ ਦੁਖਦਾਇਕ ਘਟਨਾਵਾਂ ਜਿਹੜੀਆਂ ਪੰਜਾਬ ਦੀ ਧਰਤੀ 'ਤੇ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿਚ ਵਾਪਰੀਆਂ ਇਸ ਨਾਵਲ ਵਿਚ ਪੰਜਾਂ ਦਿਨਾਂ ਦੀ ਵਾਰਤਾ ਹੋ ਨਿਭੜੀਆਂ ਹਨ। ਪਹਿਲੇ ਦਿਨ ਵਿਚ ਉਸ ਘਟਨਾ ਦਾ ਜ਼ਿਕਰ ਹੈ ਜਦੋਂ ਫ਼ੌਜੀ ਕਾਰਵਾਈ ਦੇ ਦੌਰਾਨ 'ਅਕਾਲ ਤਖ਼ਤ' ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਇਸ ਨਾਵਲ ਵਿਚ ਕੋਈ ਕਹਾਣੀ ਨਹੀਂ ਸਿਰਫ਼ ਘਟਨਾਵਾਂ ਨੂੰ ਹੀ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ ਕਿ ਇਹਨਾਂ ਵਿਚੋਂ ਇਕ ਪੈਟਰਨ ਉਭਰਦਾ ਹੈ। ਪਾਤਰ ਵੀ ਖਿੰਡੇ ਹੋਏ ਹਨ ਅਤੇ ਉਹਨਾਂ ਦੇ ਆਪਸੀ ਸੰਬੰਧ ਵੀ ਗ਼ਾਇਬ ਹਨ। ਸਿਰਫ਼ ਮੁੱਖ ਪਾਤਰ ਦੀ ਮਾਨਸਿਕਤਾ ਹੀ ਪੂਰੇ ਨਾਵਲ ਦਾ ਕੈਨਵੱਸ ਹੈ।

ਇਸ ਨਾਵਲ ਵਿਚ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਤਲਖੀ ਹੀ ਤਲਖੀ ਹੈ। ਇਕ ਐਸਾ ਵਾਤਾਵਰਨ ਸਿਰਜਿਆ ਗਿਆ ਜਿਸ ਵਿਚ ਜੋ ਪਲ ਭਰ ਲਈ ਵੀ ਪਾਠਕ ਦੇ ਜ਼ਿਹਨ ਨੂੰ ਸਕੂਨ ਪ੍ਰਦਾਨ ਨਹੀਂ ਕਰਦਾ। ਸਮਾਂ ਕਈ ਵਾਰ ਐਸੀ ਚਾਲ ਚਲ ਜਾਂਦਾ ਹੈ ਕਿ ਕੁਝ ਵਿਅਕਤੀ ਆਪਣੀ ਅਸਲੀਅਤ ਨੂੰ ਭੁੱਲ ਜਾਂਦੇ ਹਨ ਅਤੇ ਜਜ਼ਬਾਤ ਦੀ ਰੌ ਵਿਚ ਬਹਿ ਜਾਂਦੇ ਹਨ। ਉਹ ਇਹ ਨਹੀਂ ਸਮਝਦੇ ਕਿ ਕੁਝ ਸਵਾਰਥੀ ਲੋਕ ਗਿਣੀਆਂ ਮਿੱਥੀਆਂ ਚਾਲਾਂ ਚਲਦੇ ਹੋਏ, ਇਤਿਹਾਸ ਦੇ ਵਰਕਿਆਂ ਉੱਤੇ ਪੂੰਝੇ ਪਾ ਰਹੇ ਹਨ। ਫੇਰ ਵੀ ਇਕ ਵਕਤ ਐਸਾ ਆਉਂਦਾ ਜਦੋਂ ਹਨੇਰੀ ਸੁਰੰਗ ਵਿਚੋਂ ਲੰਘਦੇ ਹੋਏ ਅਗਲੇ ਪਾਸਿਓਂ ਰੌਸ਼ਨੀ ਪ੍ਰਗਟ ਹੋਣ ਲਗਦੀ







ਹੈ।

ਆਖ਼ਰੀ ਯਾਨੀ ਦੱਸਵਾਂ ਨਾਵਲ **'ਤਲਾਸ਼ ਕੋਈ ਸਦੀਵੀ'** (2000) ਮੇਰੇ ਜੀਵਨ ਦੇ ਖਿਲਰੇ ਹੋਏ ਵਰਕਿਆਂ ਨੂੰ ਇਕੱਠਾ ਕਰਨ ਦਾ ਉਪਰਾਲਾ ਹੈ। ਇਸ ਨੂੰ ਲਿਖਣ ਦੀ ਪ੍ਰੇਰਨਾ ਮੈਨੂੰ ਅਪ੍ਰੈਲ 1998 ਤੋਂ ਮਾਰਚ 1999 ਤੱਕ ਸ਼ਿਮਲਾ ਵਿਖੇ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀ' ਵਿਚ ਬਤੌਰ ਫ਼ੈਲੋ ਕੰਮ ਕਰਦੇ ਹੋਏ ਮਿਲੀ। ਉੱਥੇ ਬਿਤਾਏ ਆਖ਼ਰੀ ਕੁਝ ਸਮੇਂ ਵਿਚ ਇਸ ਨਾਵਲ ਦੀ ਰੂਪ-ਰੇਖਾ ਮੇਰੇ ਦਿਮਾਗ਼ ਵਿਚ ਬਣਨੀ ਸ਼ੁਰੂ ਹੋ ਗਈ। ਮਾਰਚ 1999 ਵਿਚ ਮੈਂ ਇਸ ਨਾਵਲ ਦੇ ਦੋ ਚੈਪਟਰ ਲਿਖ ਲਏ। ਲੁਧਿਆਣੇ ਆ ਕੇ ਮੈਂ ਉਸੇ ਮਾਹੌਲ ਵਿਚ ਵਿਚਰਦੇ ਹੋਏ, ਇਸ ਨਾਵਲ ਦੀ ਰਚਨਾ ਕਰਦਾ ਰਿਹਾ। ਪੋਸਟ ਮਾਡਰਨਇਜ਼ਮ ਦੀ ਥਿਊਰੀ ਨੂੰ ਪੜ੍ਹਦੇ ਪੜ੍ਹਦੇ, ਮੇਰੇ ਇਸ ਨਾਵਲ ਦਾ ਵਿਸ਼ਾ ਵਸਤੂ ਪੋਸਟ ਮਾਡਰਇਜ਼ਮ ਦੇ ਅਮਲੀ ਰੂਪ ਵੱਜੋਂ ਹੋਂਦ ਵਿਚ ਆ ਗਿਆ।

ਇਸ ਨਾਵਲ ਰਾਹੀਂ ਆਧੁਨਿਕ ਸਮਾਜ ਦੀਆਂ ਤਹਿਆਂ ਵਿਚੋਂ ਉਪਜਦੀ ਮਾਨਸਿਕਤਾ ਦੇ ਕਈ ਪਾਸਾਰਾਂ ਨੂੰ ਉਭਾਰਿਆ ਗਿਆ ਹੈ। ਇਹ ਪਾਸਾਰ ਇਸ ਨਾਵਲ ਦੇ ਮੁੱਖ ਪਾਤਰ ਰਵਿੰਦਰ ਦੀ ਜ਼ਿੰਦਗੀ ਦੇ ਅਤੀਤ ਨਾਲ ਜੁੜੇ ਪਲਾਂ ਵਿਚੋਂ ਉਭਰਦੇ ਹਨ। ਇਸ ਪਾਸੇ ਰਵਿੰਦਰ ਉੱਤਰ ਆਧੁਨਿਕ ਦੌਰ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ, ਦੂਜੇ ਪਾਸੇ ਜੀਵਨ ਵਿਚ ਆਪ ਉਪਭੋਗੀ ਸਭਿਆਚਾਰਕ ਜੀਵਨ-ਕੀਮਤਾਂ ਦੇ ਵਸਤੂਗਤ ਆਧਾਰ ਸਦਕਾ ਦੁੱਖ ਉਠਾਂਦਾ ਹੈ। ਵਰਤਮਾਨ ਸਮੇਂ ਦੇ ਸੰਕਟ ਵਿਚੋਂ ਸੁਖਦ ਅਤੀਤ, ਯਾਦਾਂ ਦੇ ਰੂਪ ਵਿਚ, ਉਭਰਦਾ ਹੈ ਅਤੇ ਸੁਖਦ ਵਰਤਮਾਨ ਵਿਚੋਂ ਸੰਕਟਗ੍ਰਸਤ ਅਤੀਤ ਪ੍ਰਵਾਹਮਾਨ ਹੁੰਦਾ ਹੈ। ਇਹੋ ਸੁਭਾਵਿਕ ਸਥਿਤੀ ਇਸ ਨਾਵਲ ਦੀ ਚੇਤਨਾ ਪ੍ਰਵਾਹ ਦੀ ਪ੍ਰਕਿਰਿਆ ਵਿਚੋਂ ਉਤਪੰਨ ਹੁੰਦੀ ਹੈ। ਇਸ ਪ੍ਰਕਾਰ ਇਸ ਨਾਵਲ ਦੀ ਵਸਤੂ ਸਥਿਤੀ ਦੀ ਲੋੜ ਵਿਚੋਂ ਇਹ ਤਕਨੀਕ ਉਭਰਦੀ ਹੈ।

ਇਸ ਲੇਖ ਦੇ ਸ਼ੁਰੂ ਵਿਚ ਗੱਲ ਹੋਈ ਸੀ ਕਿ ਵਕਤ ਦੀ ਰਫ਼ਤਾਰ ਕਦੀ ਨਹੀਂ ਰੁਕਦੀ। ਇਸ ਨੇ ਅੱਗੇ ਵਧਦੇ ਜਾਣਾ ਹੁੰਦਾ ਹੈ। ਪੰਜਾਬੀ ਵਿਚ ਮੈਂ ਜਦੋਂ 1965 ਵਿਚ ਜੋ ਛਪਿਆ 1966 ਵਿਚ ਆਪਣਾ ਪਹਿਲਾ ਨਾਵਲ **'ਪਰਛਾਵੇਂ'** ਲਿਖਿਆ ਤਾਂ ਪਤਾ ਨਹੀਂ ਸੀ ਕਿ ਮੈਂ ਕਦੀ ਆਪਣਾ ਦੂਸਰਾ ਨਾਵਲ ਵੀ ਲਿਖ ਸਕਾਂ ਗਾ। ਇਹ ਸਿਲਸਿਲਾ ਜਦੋਂ ਸ਼ੁਰੂ ਹੋਇਆ ਤਾਂ ਫਿਰ ਵਕਤ ਦੇ ਬੀਤਣ ਨਾਲ ਇਸ ਵਿਚ ਵਾਧਾ ਹੁੰਦਾ ਗਿਆ। ਇਹ ਦਸ ਨਾਵਲ ਜੋ ਮੈਂ ਲਿਖੇ ਹਨ, ਬੇਸ਼ੱਕ ਮੇਰੇ ਅਹਿਸਾਸ ਦੀ ਉਪਜ ਹਨ, ਲੇਕਿਨ ਇਹ ਪ੍ਰਾਪਤੀ ਇਕ ਕੌਂਦੇ (ਬਿਜਲੀ ਦੀ ਚਮਕ) ਵਾਂਗ ਹੈ, 'ਜੋ ਲਪਕੇ ਤੋ ਲਪਕਤਾ ਹੀ ਚਲਾ ਜਾਤਾ ਹੈ।'

ਇਸ ਨਾਵਲ ਵਿਚ ਕੋਈ ਕਹਾਣੀ ਨਹੀਂ ਹੈ। ਪੁਰਾਣੀਆਂ ਯਾਦਾਂ ਹਨ। ਜਾਂ ਫਿਰ ਕੁਦਰਤ ਦੇ ਬਦਲਦੇ ਮੂਡਜ਼ ਨਾਲ ਰਾਬਤਾ ਕਾਇਮ ਰੱਖਣ ਦਾ ਯਤਨ ਹੈ। ਕੁਝ ਯਾਦਾਂ ਪੰਜਾਹ ਸਾਲ ਪੁਰਾਣੀਆਂ ਹਨ, ਕੁਝ ਚਾਲੀ ਸਾਲ ਪੁਰਾਣੀਆਂ। ਇਸ ਨਾਵਲ ਵਿਚ ਮੈਂ ਅੱਧੀ ਸਦੀ ਨੂੰ ਪਕੜਣ ਦੀ ਕੋਸ਼ਿਸ਼ ਕੀਤੀ ਹੈ। ਆਰਥਿਕ ਜਾਂ ਰਾਜਨੀਤਿਕ ਤੌਰ ਤੇ ਏਨੀ ਨਹੀਂ, ਜਿੰਨੀ ਕਿ ਸਮਾਜਿਕ ਅਤੇ ਵਿਅਕਤੀਗਤ ਤੌਰ ਤੇ। ਮਨੁੱਖੀ ਭਾਵ ਹੀ ਹਨ ਜੋ ਸਦੀਵੀ ਹਨ। ਜਿਨ੍ਹਾਂ ਦੀ ਛਾਪ ਮਨ ਉੱਤੇ ਨਿਰੰਤਰ ਕਾਇਮ ਰਹਿੰਦੀ ਹੈ।

**ਸੰਪਰਕ-98725-55091**






# ਮੈਂ 'ਦਸਤਾਵੇਜ਼' ਨਾਵਲ ਮੰਨ ਕੇ ਨਹੀਂ ਸੀ ਲਿਖਿਆ

## - ਪ੍ਰੇਮ ਪ੍ਰਕਾਸ਼

1967/68 ਦੇ ਸਮੇਂ 'ਚ ਹਿੰਦੀ ਤੇ ਪੰਜਾਬੀ ਸਾਹਿਤ 'ਚ ਊਲ ਜਲੂਲਵਾਦ ਦਾ ਜ਼ੋਰ ਸੀ। ਅਮੂਰਤ ਸਾਹਿਤ ਰਚਿਆ ਜਾਣ ਲੱਗ ਪਿਆ ਸੀ। ਅਮ੍ਰਿਤਾ ਪ੍ਰੀਤਮ ਦੇ ਪਰਚੇ 'ਨਾਗਮਣੀ' 'ਚ ਅਜਿਹਾ ਸਾਹਿਤ ਵੱਧ ਛਪਦਾ ਸੀ। ਉਹਨਾਂ ਵਿਚ ਮੇਰੀਆਂ ਕਹਾਣੀਆਂ ਵੀ ਸ਼ਾਮਲ ਸਨ। ਪਰ ਮੈਂ ਕਿਸੇ ਵੀ ਵਾਦ ਜਾਂ ਸਮੂਹ ਦੀ ਸੋਚ ਨਾਲ ਚੱਲਣ ਦੇ ਵਿਰੁੱਧ ਸੀ। ਫੇਰ ਵੀ ਉਪਰ ਲਿਖੇ ਵਾਦ ਦਾ ਅਸਰ ਮੇਰੇ ਦੂਜੇ ਕਹਾਣੀ-ਸੰਗ੍ਰਹਿ 'ਨਮਾਜ਼ੀ' 'ਤੇ ਪੈ ਚੁੱਕਾ ਸੀ। ਉਹਨਾਂ ਵਿਸ਼ਿਆਂ ਤੇ ਉਸ ਕਥਾ-ਸ਼ੈਲੀ ਬਾਰੇ ਸੋਚਦਿਆਂ ਮੈਂ ਅੰਤਰਮੁਖੀ ਹੋਣ ਲੱਗ ਪਿਆ ਸੀ। ਉਹਨੇ ਮੈਨੂੰ ਮਨੁੱਖ ਦੇ ਅਵਚੇਤਨ ਤੇ ਅਚੇਤਨ ਵਿਚ ਵਿਚਰਦੇ ਅਹਿਸਾਸਾਂ ਨੂੰ ਸਮਝਣ ਦੀ ਜਾਚ ਦੱਸੀ। ਪਰ ਜੇ ਇਕ ਗੱਲ ਸਿਧੀ ਹੁੰਦੀ ਸੀ ਤਾਂ ਦੂਜੀ ਉਲਝ ਜਾਂਦੀ ਸੀ। ਇਹਦੇ ਨਾਲ ਮੈਨੂੰ ਘਟਨਾਵਾਂ ਨੂੰ ਉਨ੍ਹਾਂ ਦੇ ਵੱਖ-ਵੱਖ ਪਹਿਲੂਆਂ ਤੋਂ ਦੇਖਣ ਦਾ ਚੱਜ ਆਇਆ ਤੇ ਉਹਨਾਂ ਨੂੰ ਕਹਾਣੀ 'ਚ ਲਿਆ ਕੇ ਫਿੱਟ ਕਰਨ ਦੀ ਜੁਗਤ ਵਰਤਣੀ ਆਈ।

ਆਪਣੀ ਜ਼ਿੰਦਗੀ ਦੇ ਉਪਰਾਮਤਾ ਦੇ ਦੌਰ ਤੋਂ ਬਾਅਦ ਜਦੋਂ ਮੈਂ ਇਸਤ੍ਰੀ ਤੇ ਪੁਰਸ਼ ਦੇ ਸੰਬੰਧਾਂ ਦੀਆਂ ਕਹਾਣੀਆਂ ਲਿਖਣ ਲੱਗ ਪਿਆ ਤਾਂ ਇਹਨਾਂ ਰਿਸ਼ਤਿਆਂ ਦੀਆਂ ਪਰਤਾਂ ਦੀਆਂ ਪਰਤਾਂ ਮੇਰੇ ਸਾਹਮਣੇ ਰੋਜ਼ ਖੁਲ੍ਹਣ ਲੱਗ ਪਈਆਂ ਸਨ। ...

ਮੇਰੀ ਸੋਚ ਦੇ ਬਦਲਣ ਦਾ ਇਕ ਵੱਡਾ ਕਾਰਨ ਸ਼ਾਇਦ ਹੋਰ ਵੀ ਹੋਵੇ। ਉਹ ਇਹ ਕਿ ਰਾਜਸੀ ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ। ਤਿਲੰਗਾਣਾ ਦੀ ਹਥਿਆਰਬੰਦ ਕ੍ਰਾਂਤੀ ਦੀ ਅਸਫ਼ਲਤਾ ਤੋਂ ਬਾਅਦ ਪੱਛਮੀ ਬੰਗਾਲ ਦੇ ਨਕਸ਼ਲ ਇਲਾਕੇ ਵਿਚ ਜ਼ਮੀਨਾਂ ਤੋਂ ਬੇਦਖ਼ਲੀ ਦੇ ਮਾਮਲੇ 'ਚ ਮਜ਼ਾਰਿਆਂ ਨੇ ਹਥਿਆਰਬੰਦ ਯੁੱਧ ਛੇੜ ਦਿੱਤਾ ਸੀ। ਜੀਹਦਾ ਪ੍ਰਭਾਵ ਉਹਦੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਬਾਅਦ ਉੱਡ ਕੇ ਪੰਜਾਬ ਵਿਚ ਆ ਗਿਆ ਸੀ। ਜੀਹਦੇ ਨਾਲ ਦੋਹਾਂ ਕਮਿਊਨਿਸਟ ਪਾਰਟੀਆਂ ਵਿਚੋਂ ਅਸੰਤੁਸ਼ਟ ਕਾਮਰੇਡ ਪਾਰਟੀਆਂ ਦੋਫਾੜ ਤਿਫਾੜ ਕਰ ਰਹੇ ਸੀ। ਆਮ ਲੋਕਾਂ ਦਾ ਵਿਸ਼ਵਾਸ ਕਮਿਊਨਿਸਟ ਪਾਰਟੀ ਤੋਂ ਟੁੱਟਣ ਲੱਗ ਪਿਆ ਸੀ। ਦੁਆਬੇ ਦੇ ਨੌਜਵਾਨ ਭੁੱਖ ਦੇ ਮਾਰੇ ਵਲੈਤਾਂ ਨੂੰ ਭੱਜ ਰਹੇ ਸਨ। ਪੰਜਾਬ 'ਚ ਲਾਲ ਪਾਰਟੀ ਦੀ ਰਹਿੰਦ ਖੂੰਹਦ ਨਾਲ ਮਿਲ ਕੇ ਪੜ੍ਹੇ ਲਿਖੇ ਬੇਕਾਰ ਨੌਜਵਾਨਾਂ, ਜਿਹੜੇ ਪਾਰਟੀ ਤੋਂ ਨਿਰਾਸ਼ ਹੋ ਚੁੱਕੇ ਸਨ, ਨੇ ਨਕਸਲੀ ਲਹਿਰ ਖੜ੍ਹੀ ਕਰ ਦਿੱਤੀ ਸੀ, ਕਿਉਂਕਿ ਇਹ ਲਹਿਰ ਪੜ੍ਹੇ ਲਿਖਿਆਂ ਦੀ ਸੀ, ਏਸ ਲਈ ਇਹਦੇ ਵਿਚ ਸਾਹਿਤਕਾਰ ਵੀ ਸ਼ਾਮਲ ਹੋ ਗਏ ਸਨ।... ਮੇਰਾ ਦੋਸਤ ਸੁਰਜੀਤ ਹਾਂਸ ਵਲੈਤ ਬੈਠਾ ਸੀ। ਉਹਨੇ ਦੇਸ਼ ਦੇ ਲੋਕਾਂ ਦੇ ਜੀਵਨ ਨੂੰ ਸਿਆਸੀ, ਸੱਭਿਆਚਾਰਕ ਤੇ ਮਨੋਵਿਗਿਆਨਕ ਤੌਰ 'ਤੇ ਵੱਧ ਚੰਗੀ ਤਰ੍ਹਾਂ ਸਮਝਿਆ ਸੀ। ਉਹ ਆਪ ਕਮਿਊਨਿਸਟ ਪਾਰਟੀ 'ਚ ਰਹਿ ਚੁੱਕਾ ਸੀ। ਉਹਨੇ ਨਕਸਲੀ ਲਹਿਰ ਨਾਲ ਜੁੜਨ ਅਤੇ 'ਬੀਮਾਰ ਰੁਚੀਆਂ ਵਾਲੇ ਸਾਹਿਤ' ਦਾ ਮੁਕਾਬਲਾ ਕਰਨ ਲਈ ਸਾਹਿਤਕ ਪਰਚਾ

ਕੱਢਣ ਦੀ ਸਕੀਮ ਬਣਾਈ। ਜਿਹੜੇ ਪੜ੍ਹੇ ਲਿਖੇ ਬੰਦੇ ਵਲੈਤ ਜਾਂਦੇ ਨੇ, ਉਹ ਮਾਨਸਿਕ ਤੌਰ 'ਤੇ ਗੋਰਿਆਂ ਦੇ ਦਾਬੇ 'ਚ ਆ ਕੇ ਵੱਧ ਕੱਟੜ ਮਾਰਕਸਵਾਦੀ ਬਣ ਜਾਂਦੇ ਨੇ।

1970 'ਚ ਅਸੀਂ ਸਾਹਿਤਕ ਤਿਮਾਹੀ 'ਲਕੀਰ' ਕੱਢਿਆ। ਏਸ ਤੋਂ ਪਹਿਲਾਂ ਅਮਰਜੀਤ ਚੰਦਨ ਗੁਪਤ ਪਰਚਾ 'ਦਸਤਾਵੇਜ਼' ਕੱਢਦਾ ਸੀ। ਉਹਨੇ ਦੋ ਅੰਕ ਹੀ ਕੱਢੇ ਸਨ ਕਿ ਉਹਦੇ ਹਾਲਾਤ ਵਿਗੜ ਗਏ। 'ਲਕੀਰ' ਦੇ ਬਾਅਦ ਕਈ ਹੋਰ ਪਰਚੇ ਵੀ ਕ੍ਰਾਂਤੀਕਾਰੀ ਬਣ ਗਏ ਸਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਦਾ ਰੁਖ ਤੇ ਰੂਪ ਬਦਲ ਦਿੱਤਾ ਸੀ। ਊਲ ਜਲੂਲਵਾਦ ਦੀ ਥਾਂ ਨਕਸਲੀ ਸਾਹਿਤ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ। ਬਹੁਤ ਛੇਤੀ ਇਹਨੇ 'ਜੁਝਾਰਵਾਦ' ਦਾ ਰੂਪ ਧਾਰ ਲਿਆ ਸੀ।.... ਉਦੋਂ ਮੇਰਾ ਇਹ ਵਿਸ਼ਵਾਸ ਬਣ ਗਿਆ ਸੀ ਕਿ ਰਾਜਸੀ ਕ੍ਰਾਂਤੀ ਦੇ ਸਹਾਇਕ ਦੇ ਤੌਰ 'ਤੇ ਸਾਹਿਤ ਨੂੰ ਹਥਿਆਰਾਂ ਵਜੋਂ ਵਰਤਿਆ ਜਾ ਸਕਦਾ ਏ। ਮੈਂ 'ਲਕੀਰ' ਵਿਚ ਅਜਿਹਾ ਸਾਹਿਤ ਵੀ ਛਾਪਦਾ ਸੀ ਤੇ ਇਹਦਾ ਪਰਚਾਰ ਕਰਦਾ ਸੀ। ਜਲੰਧਰ ਦੇ ਕੌਫ਼ੀ ਹਾਊਸ 'ਚ ਨਿੱਤ ਕੱਠੇ ਹੁੰਦੇ ਸਾਹਿਤਕਾਰ ਭਾਂਤ-ਭਾਂਤ ਦੇ ਸਾਹਿਤ ਦੀਆਂ ਗੱਲਾਂ ਕਰਨੋਂ ਹਟ ਗਏ ਸਨ। ਹਰੇਕ ਇਕ ਦੂਜੇ 'ਤੇ ਸਰਕਾਰ ਨਾਲ ਮਿਲਿਆ ਹੋਣ ਦਾ ਸ਼ੱਕ ਕਰਨ ਲੱਗ ਪਿਆ ਸੀ। ਕੋਈ ਕਿਸੇ ਨੂੰ ਨਕਸਲੀ ਸਮਝਦਾ ਸੀ ਤੇ ਕੋਈ ਕਿਸੇ ਨੂੰ ਪੁਲਿਸ ਦਾ ਏਜੰਟ। ਨਵੇਂ ਗਰੁਪ ਬਨਣ ਲੱਗ ਪਏ ਸਨ।

ਚਾਰੇ ਪਾਸੇ ਸਿਆਸੀ ਮਾਹੌਲ ਗਰਮ ਸੀ। ਨਕਸਲੀ ਫੜੇ ਤੇ ਪੁਲਿਸ ਮੁਕਾਬਲਿਆਂ 'ਚ ਮਾਰੇ ਜਾ ਰਹੇ ਸਨ। ਮੈਂ 'ਲਕੀਰ' 'ਚ ਬਹੁਤ ਸਾਰੀਆਂ ਕੱਚੀਆਂ ਪਿੱਲੀਆਂ ਕਵਿਤਾਵਾਂ ਉਹਨਾਂ ਕਵੀਆਂ ਦੀਆਂ ਵੀ ਲਿਹਾਜ਼ ਨਾਲ ਛਾਪ ਦੇਂਦਾ ਸੀ, ਜਿਹੜੇ ਨੌਜੁਆਨ ਜੇਲ੍ਹਾਂ ਤੋਂ ਮੈਨੂੰ ਭੇਜਦੇ ਸਨ। ਪਰ ਮੈਂ ਆਪ ਏਸ ਸਾਰੇ ਸਮੇਂ 'ਚ ਕੋਈ ਅਜਿਹੀ ਕਹਾਣੀ ਨਹੀਂ ਲਿਖੀ, ਜੀਹਦੇ ਵਿਚ ਕ੍ਰਾਂਤੀ ਦੇ ਨਾਅਰੇ ਤੇ ਦਮਗੱਜੇ ਹੋਣ। ਮੈਂ ਸਿਰਫ਼ ਦੋ ਕਹਾਣੀਆਂ ਲਿਖੀਆਂ.... 'ਤਪੀਆ' ਤੇ 'ਖ਼ੂਨ-ਬਹਾ'। ਉਹਨਾਂ ਦੋਹਾਂ ਕਹਾਣੀਆਂ ਨੂੰ ਮੈਂ ਹੁਣ ਵੀ ਚੰਗਾ ਸਾਹਿਤ ਮੰਨਦਾ ਹਾਂ। 'ਤਪੀਆ' ਇਕ ਅੰਡਰਗਰਾਉਂਡ ਕ੍ਰਾਂਤੀਕਾਰੀ ਲੇਖਕ ਦੀ ਏ। ਜਿਹੜਾ ਲੁੱਕਦਾ ਫਿਰਦਾ ਸਾਧ ਦੇ ਰੂਪ 'ਚ ਆਪਣੇ ਖੂਹ 'ਤੇ ਬਣੇ ਕੋਠੇ 'ਚ ਚਲਿਆ ਜਾਂਦਾ ਏ। ਜਿਥੇ ਉਹਦਾ ਬਾਪ ਮਿਲਦਾ ਏ। ਪਰ ਉਹ ਉਹਨੂੰ ਪਛਾਣਦਾ ਨਹੀਂ। ਕਾਮਰੇਡ ਆਪਣੇ ਚਿੱਤ ਵਿਚ ਘੁੰਮਦੇ ਵਿਚਾਰਾਂ ਰਾਹੀਂ ਆਪਣੇ, ਆਪਣੇ ਮਿਸ਼ਨ, ਆਪਣੇ ਘਰ ਤੇ ਆਪਣੇ ਬੁੱਢੇ ਹੁੰਦੇ ਜਾਂਦੇ ਕਿਸਾਨ ਬਾਪ ਬਾਰੇ ਸੋਚਦਾ ਏ। ਉਹ ਕਹਾਣੀ ਕਿਸੇ ਨੂੰ ਸੁਣਾਈ ਨਹੀਂ ਜਾਂਦੀ। ਪਾਤਰ ਦੇ ਮਨ ਵਿਚ ਚਿਤਵੀ ਜਾਂਦੀ ਏ। ਉਹ ਰਾਤ ਆਪਣੇ ਬਾਪ ਕੋਲ ਬਿਤਾ ਕੇ ਤੜਕੇ ਉੱਠ ਕੇ ਤੁਰ ਜਾਂਦਾ ਏ।.... ਦੂਜੀ ਕਹਾਣੀ 'ਖ਼ੂਨ ਬਹਾ' ਕਈ ਬਿੰਬਾਂ ਰਾਹੀਂ ਉਸਰਦੀ ਏ।.... ਇਕ ਚੌਕ ਏ। ਉਹਦੇ ਨੇੜੇ ਇਕ ਚੁਬਾਰੇ ਵਿਚ ਨੌਜਵਾਨ ਰਹਿੰਦਾ ਏ। ਹਨੇਰੇ ਜਿਹੇ ਮਾਹੌਲ 'ਚ ਬੈਠਾ ਨੌਜਵਾਨ ਸੀਨ ਨਾਮ ਦੀ ਕੁੜੀ ਨੂੰ ਉਡੀਕ ਰਿਹਾ ਏ ਤਾਂ ਜੋ ਉਹ ਉਹਨੂੰ ਲੈ ਕੇ ਚੌਕ ਤੋਂ ਪਰੇ ਕਿਤੇ ਲੈ ਜਾਵੇ। ਉਹ ਆਪ ਨਾ ਚੌਕ ਦੇ ਉਰੇ ਰਹਿਣਾ ਚਾਹੁੰਦਾ ਏ, ਨਾ ਚੌਕ ਦੇ ਵਿਚਕਾਰ ਤੇ ਨਾ ਹੀ ਚੌਕ ਟੱਪ ਜਾਣ ਦੀ ਉਹਦੇ 'ਚ ਹਿੰਮਤ ਏ।.... ਇਹ ਅਮੂਰਤ ਜਿਹੀ ਕਹਾਣੀ ਨਕਸਲੀ ਬੁਧੀਜੀਵੀਆਂ ਨੂੰ ਪਸੰਦ ਆਈ ਸੀ ਤੇ ਹਿੰਦੀ 'ਚ ਅਨੁਵਾਦ ਹੋ ਕੇ 'ਪਹਲ' ਵਿਚ ਬੜੇ ਮਾਣ ਨਾਲ ਛਾਪੀ ਗਈ ਸੀ।

ਫੇਰ ਨਕਸਲੀ ਲਹਿਰ ਢਹਿੰਦੀ ਕਲਾ ਵਿਚ ਜਾਣ ਲੱਗ ਪਈ ਸੀ। ਮੇਰੀ ਸਿਹਤ ਵੀ ਢੇਰੀ ਹੋਣ ਲੱਗ ਪਈ ਸੀ। ਮੈਂ ਦਫ਼ਤਰ ਵਿਚ ਕੰਮ ਕਰਦਾ ਦੋ ਵਾਰ ਬੇਹੋਸ਼ ਹੋ ਕੇ ਡਿਗ ਪਿਆ ਸੀ। ਡਾਕਟਰ ਦੇ ਮਸ਼ਵਰੇ ਤੇ ਮੈਂ ਸਿਗਰਟ, ਚਾਹ ਤੇ ਸ਼ਰਾਬ ਪੀਣੀ ਉੱਕਾ ਛੱਡ ਦਿੱਤੀ ਸੀ। ਸਾਹਿਤ ਤੇ ਨਕਸਲੀ ਲਹਿਰ ਬਾਰੇ ਸੋਚਦਿਆਂ ਮੇਰੀ ਸੋਚ ਮੱਲੋਮੱਲੀ ਆਪਣੀ ਸਿਹਤ ਵੱਲ ਚਲੀ ਜਾਂਦੀ ਸੀ। ... ਮੈਂ ਪਾਕਿਸਤਾਨੀ ਉਰਦੂ ਕਵੀ ਦਾ ਇਹ ਸ਼ਿਅਰ ਗਾਉਂਦਾ ਹੁੰਦਾ ਸੀ....

ਆਬਿਦੀ ਪਰਵਰਿਸ਼ੇ ਜਾਂ ਕਾ ਖ਼ਿਆਲ ਆਤਾ ਹੈ।... ਪਰਵਰਿਸ਼ੇ ਲੋਹ ਓ ਕਲਮ ਸੇ ਪਹਲੇ॥

ਮੈਂ ਤੜਕੇ ਉੱਠ ਕੇ ਸੈਰ ਕਰਨ ਜਾਣ ਲੱਗ ਪਿਆ ਸੀ। ਫੇਰ ਵੀ ਮਨ ਟਿਕਦਾ ਨਹੀਂ ਸੀ।.... ਉਹਨੀਂ ਦਿਨੀਂ ਪੱਤਰਕਾਰਾਂ ਦੀ ਸੁਸਾਇਟੀ ਨੇ ਇਮਪਰੂਵਮੈਂਟ ਟ੍ਰਸਟ ਤੋਂ ਮੈਨੂੰ ਪਲਾਟ ਦਿਵਾ ਦਿੱਤਾ ਸੀ। ਬਸ, ਸਬੱਬ



ਅਜਿਹਾ ਬਣ ਗਿਆ ਕਿ ਮੈਂ ਘਰਦਿਆਂ ਤੇ ਚਾਚੇ ਤੋਂ ਪੈਸੇ ਕੱਠੇ ਕਰ ਕੇ ਸ਼ਹਿਰ ਤੋਂ ਬਾਹਰਵਾਰ ਉੱਸਰਦੀ ਨਵੀਂ ਅਬਾਦੀ 'ਚ ਮਕਾਨ ਪਾਓਣ ਲੱਗ ਪਿਆ ਸੀ। ਤੇ 'ਲਕੀਰ' ਕੱਢਣਾ ਬੰਦ ਕਰ ਦਿੱਤਾ ਸੀ। ਘਰਦਿਆਂ ਨੇ ਮੇਰੀ ਮਾੜੀ ਸਿਹਤ ਦੇਖ ਕੇ ਸੱਜਰ ਸੂਈ ਮੱਝ ਭੇਜ ਦਿੱਤੀ ਸੀ। ਫੇਰ ਘਰੋਂ ਦਾਣਾ ਫੱਕਾ ਵੀ ਆਓਣ ਲੱਗ ਪਿਆ ਸੀ। ਮੇਰੀ ਸਿਹਤ ਠੀਕ ਹੋਣ ਲੱਗ ਪਈ ਸੀ।

ਮਕਾਨ ਦੀ ਹਾਲੇ ਚਾਰਦੀਵਾਰੀ ਹੋ ਰਹੀ ਸੀ ਕਿ ਮੇਰਾ ਨਕਸਲੀ ਲਹਿਰ ਬਾਰੇ ਕੁਝ ਯਾਦਾਂ ਲਿਖਣ ਨੂੰ ਦਿਲ ਕਰ ਆਇਆ। ਨਵੇਂ ਮਕਾਨ 'ਚ ਸਿਹਤ ਠੀਕ ਹੋਣ ਲੱਗ ਪਈ ਸੀ। ਪਰ ਘਰ 'ਚ ਬਿਜਲੀ ਨਹੀਂ ਸੀ ਆਈ। ਮੈਂ ਦਿਨੇ ਇੱਟਾਂ ਰੋੜੇ ਇਧਰ ਉਧਰ ਕਰਦਾ ਸੀ ਤੇ ਰੋੜੀ ਕੁਟਦਾ ਸੀ। ਦੁਪਹਿਰ ਨੂੰ ਅਖ਼ਬਾਰ ਦੇ ਦਫ਼ਤਰ ਜਾਂਦਾ ਸੀ। ਸ਼ਾਮ ਨੂੰ ਫੇਰ ਘਰ ਸੁਆਰਦਾ ਸੀ ਤੇ ਰਾਤ ਨੂੰ ਜਦੋਂ ਬੱਚੇ ਸੌਂ ਜਾਂਦੇ ਤਾਂ ਮੈਂ ਲੈਂਪ ਬਾਲ ਕੇ ਸਰ੍ਹਾਣੇ ਰੱਖ ਕੇ 'ਦਸਤਾਵੇਜ਼' ਦੇ ਚਾਰ ਪੰਜ ਪੰਨੇ ਹਰ ਰੋਜ਼ ਲਿਖ ਲੈਂਦਾ ਸੀ। ਪਿਛਲੇ ਕਈ ਵਰ੍ਹੇ ਨਕਸਲੀ ਕਾਮਰੇਡਾਂ, ਸੂਝਵਾਨ ਨੇਤਾਵਾਂ ਤੇ ਸਾਹਿਤਕ ਲੋਕਾਂ ਵਿਚ ਰਹਿ ਕੇ ਮੈਨੂੰ ਜਿਹੜੇ ਅਨੁਭਵ ਹੋਏ ਸੀ, ਉਹਨਾਂ ਨੇ ਮੇਰੀ ਸੋਚ ਹੀ ਬਦਲ ਦਿੱਤੀ ਸੀ। ਮੈਂ ਤਿੰਨ ਦਿਨ ਜੇਲ੍ਹ ਵਿਚ ਵੀ ਰਿਹਾ ਸੀ। ਅੰਡਰ ਗਰਾਊਂਡ ਰਹਿਣ ਵਾਲੇ ਸਾਥੀ ਮੇਰੇ ਘਰ ਆਉਂਦੇ ਜਾਂਦੇ ਸਨ। ਏਸ ਤੋਂ ਪਹਿਲਾਂ ਜਲੰਧਰ ਦੇ ਹਰ ਕਿਸਮ ਦੇ ਕਾਮਰੇਡਾਂ ਨਾਲ ਮੇਰੀ ਦੋਸਤੀ ਰਹੀ ਏ। ਜਿਹੜੀ ਹੁਣ ਵੀ ਚੱਲਦੀ ਏ। ਮੈਂ ਸਾਹਿਤਕ ਤੌਰ 'ਤੇ ਉਹਨਾਂ ਦਾ ਕਿੰਨਾ ਵੀ ਵਿਰੋਧੀ ਹੋਵਾਂ, ਪਰ ਮੈਂ ਬਹਿੰਦਾ ਉੱਠਦਾ ਉਹਨਾਂ ਨਾਲ ਹੀ ਹਾਂ। ਉਹ ਭਾਵੇਂ ਕਿੰਨੇ ਵੀ ਮੂਰਖ ਹੋਣ ਪਰ ਉਹਨਾਂ 'ਚ ਇਕ ਖ਼ੂਬੀ ਤੇ ਹੁੰਦੀ ਏ ਕਿ ਉਹ ਫ਼ਿਰਕਾਪ੍ਰਸਤ ਨਹੀਂ ਹੁੰਦੇ।..... ਪਰ ਇਹ ਗੱਲ 1980 ਤੋਂ 1992 ਤਕ ਦੇ ਪੰਜਾਬ ਦੇ ਵਿਗੜੇ ਹਾਲਾਤ ਨੇ ਰੱਦ ਕਰ ਦਿੱਤੀ ਸੀ, ਕਿਉਂਕਿ ਪੰਜਾਹ-ਪੰਜਾਹ ਵਰ੍ਹੇ ਕਮਿਊਨਿਸਟ ਰਹਿਣ ਵਾਲੇ ਸਾਹਿਤਕਾਰ ਵੀ ਫਿਰਕਾਪ੍ਰਸਤ ਹੋ ਗਏ ਸਨ। ਜਿਨ੍ਹਾਂ 'ਚ ਸਾਹਿਤ ਵਿਚ ਮਾਰਕਸਵਾਦ ਦੀਆਂ ਜੜ੍ਹਾਂ ਲਾਉਣ ਵਾਲੇ ਆਗੂ ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ ਤੇ ਹੋਰ ਕਈ ਸ਼ਾਮਲ ਸਨ। ਏਸ ਤੋਂ ਪਹਿਲਾਂ ਵੀ ਮਾਰਕਸਵਾਦੀ ਸਾਹਿਤਕਾਰਾਂ 'ਚ ਰੰਗ ਬਦਲਣ ਵਾਲੀ ਰੁਚੀ ਲੱਭਦੀ ਹੁੰਦੀ ਸੀ। ਕਿਸੇ ਦੀ ਬੁੱਧੀ ਕਦ ਫਿੱਟ ਜਾਵੇ, ਇਹਦੇ ਬਾਰੇ ਕੀ ਕਿਹਾ ਜਾ ਸਕਦਾ ਏ?

ਮੈਨੂੰ ਨਹੀਂ ਸੀ ਪਤਾ ਕਿ ਜੋ ਕੁਝ ਮੈਂ ਲਿਖ ਰਿਹਾ ਸੀ, ਉਹ ਕੋਈ ਨਾਵਲ ਹੋਵੇਗਾ ਜਾਂ ਖਿੱਲਰੀ ਜਿਹੀ ਕਹਾਣੀ ਤੇ ਜਾਂ ਇਕ ਰਾਜਸੀ ਤੇ ਸਾਹਿਤਕ ਲਹਿਰ ਬਾਰੇ ਦਸਤਾਵੇਜ਼। ਏਸੇ ਲਈ ਮੈਂ ਇਹਦਾ ਨਾਂ 'ਦਸਤਾਵੇਜ਼' ਰੱਖਿਆ ਸੀ। ਪਰ ਮੈਨੂੰ ਏਸ ਗੱਲ ਦੀ ਸਮਝ ਸੀ ਕਿ ਮੈਂ ਜੋ ਕੁਝ ਲਿਖ ਰਿਹਾ ਹਾਂ, ਉਹ ਕਮਿਊਨਿਸਟ ਕਲਚਰ ਦੇ ਵਿਰੁੱਧ ਏ। ਉਹਨਾਂ ਦੇ ਕਲਚਰ 'ਚ ਇਹੀ ਗੱਲ ਸੀ ਕਿ ਸਮਾਜ ਦੇ ਉਹਨਾਂ ਲੋਕਾਂ ਨੂੰ ਨੰਗਿਆਂ ਕੀਤਾ ਜਾਵੇ, ਜਿਹੜੇ ਤੁਹਾਡੀ ਨਜ਼ਰ 'ਚ ਮਾੜੇ ਨੇ। ਪਰ ਆਪਣੇ ਆਪ ਨੂੰ ਤੇ ਆਪਣੀਆਂ ਤੇ ਆਪਣੇ ਨੇਤਾਵਾਂ ਤੇ ਕਾਮਰੇਡਾਂ ਦੀਆਂ ਬੁਰਾਈਆਂ ਨੂੰ ਉਂਜੇ ਲੁਕਾ ਕੇ ਰੱਖਣਾ ਚਾਹੀਦਾ ਏ, ਜਿਵੇਂ ਰਾਜਸੀ ਨੇਤਾ ਤੇ ਧਰਮ ਸਥਾਨਾਂ ਦੇ ਪੁਜਾਰੀ ਕਰਦੇ ਨੇ।.... ਏਸੇ ਕਰਕੇ ਮੈਂ ਸਮਝਦਾ ਸੀ ਕਿ ਜਿਹੜੇ ਲੇਖਕ ਆਪਣੀ ਰਚਨਾ ਪ੍ਰਤੀ ਇਮਾਨਦਾਰ ਨਹੀਂ, ਉਹ ਸਮਾਜ ਨਾਲ ਇਮਾਨਦਾਰ ਕਿਵੇਂ ਹੋ ਸਕਦੇ ਨੇ?

ਮੇਰਾ ਦੂਜਾ ਕਹਾਣੀ-ਸੰਗ੍ਰਹਿ 'ਨਮਾਜ਼ੀ' ਛਪਿਆ ਸੀ ਤਾਂ ਪ੍ਰਗਤੀਵਾਦੀਆਂ ਨੇ ਮੇਰੀ ਸੋਚ ਤੇ ਮੇਰੀ ਕਲਾ ਨੂੰ ਨਿੰਦਣ ਲਈ 'ਢਹਿੰਦੀ ਕਲਾ' ਆਖਿਆ ਸੀ।.... ਜਦੋਂ ਨਕਸਲੀ ਲਹਿਰ ਬਾਰੇ ਆਪਣੇ ਅਨੁਭਵਾਂ ਤੇ ਯਾਦਾਂ 'ਦਸਤਾਵੇਜ਼' ਦੇ ਨਾਂ ਹੇਠ ਛਪੇ ਸੀ. ਮਾਰਕੰਡਾ ਵੱਲੋਂ ਕੱਢੇ ਜਾਂਦੇ ਪਰਚੇ 'ਕਿੰਤੂ 1976' ਵਿਚ ਛਪੀਆਂ ਤਾਂ ਹਰ ਕਿਸਮ ਦਾ ਕਾਮਰੇਡ ਚੀਕ ਪਿਆ ਸੀ। ਉਹਦੇ 'ਚ ਨਕਸਲੀ ਲਹਿਰ ਨਾਲ ਜੁੜੇ ਕਾਮਰੇਡਾਂ ਦੀ ਬੱਲੇ-ਬੱਲੇ ਨਹੀਂ ਸੀ ਕੀਤੀ ਹੋਈ। ਮੈਂ ਉਹਨਾਂ ਦੇ ਕਾਰਨਾਮਿਆਂ ਦੇ ਯਥਾਰਥ ਨੂੰ ਬਿਆਨ ਕਰਨ ਦੇ ਜਤਨ ਕੀਤੇ ਸੀ। ਇਹ ਕਮਿਊਨਿਸਟ ਸੱਭਿਆਚਾਰ ਦੀ ਉਲੰਘਣਾ ਸੀ। ਨਕਸਲੀ ਜੱਥੇਬੰਦੀਆਂ ਨੇ ਆਪਣੇ ਕਾਮਰੇਡਾਂ 'ਤੇ 'ਦਸਤਾਵੇਜ਼' ਦੇ ਪੜ੍ਹਨ 'ਤੇ ਪਾਬੰਦੀ ਲਾ ਦਿੱਤੀ ਸੀ। ਕਈ ਥਾਈਂ ਪਰਚੇ ਦੀ ਹੋਲੀ ਬਾਲੀ ਗਈ ਸੀ। ਉਹਨਾਂ ਆਪਣੇ ਪਰਚਿਆਂ ਵਿਚ ਮੈਨੂੰ ਅਸ਼ਲੀਲ ਗਾਲ੍ਹਾਂ ਛਾਪੀਆਂ ਤੇ

ਦੋਸ਼ ਲਾਇਆ ਸੀ ਕਿ ਮੈਂ ਇਹ ਨਾਵਲ ਅਮਰੀਕਾ ਤੋਂ ਪੈਸਾ ਖਾ ਕੇ ਲਿਖਿਆ ਏ। ਇਹ ਦੂਸ਼ਣ ਕਮਿਊਨਿਸਟ ਕਲਚਰ ਦੇ ਐਨ ਮੁਤਾਬਕ ਸੀ।... ਸੀ. ਪੀ. ਆਈ. ਵਾਲਿਆਂ ਨੇ ਫ਼ੈਸਲਾ ਕਰ ਕੇ ਨਾਵਲ ਦੀਆਂ ਬਚੀਆਂ ਕਾਪੀਆਂ ਆਪਣੇ ਬੁੱਕ ਸਟਾਲਾਂ ਤੋਂ ਚੁਕਵਾ ਦਿੱਤੀਆਂ ਸਨ। ... ਵਿਰੋਧੀ ਸੁਰ 'ਚ ਬੋਲਣ ਜਾਂ ਲਿਖਣ ਵਾਲੇ 'ਤੇ ਗੰਦੇ ਤੇ ਕੋਝੇ ਦੂਸ਼ਣ ਲਾਓਣੇ ਕਮਿਊਨਿਸਟ ਪਾਰਟੀਆਂ ਦਾ ਕਲਚਰ ਏ। ਜਦ ਦੋਵਾਂ ਪਾਰਟੀਆਂ ਵਿਚੋਂ ਨਕਸਲੀ ਨਿੱਕਲੇ ਸੀ ਤਾਂ ਉਹਨਾਂ ਉੱਤੇ ਵੀ ਇਵੇਂ ਦੂਸ਼ਣ ਲਾਏ ਗਏ ਸਨ।

ਪਰਚੇ ਦੇ ਸੰਪਾਦਕ ਸੀ. ਮਾਰਕੰਡਾ ਨੂੰ ਏਨੀਆਂ ਧਮਕੀਆਂ ਦਿੱਤੀਆਂ ਸਨ ਕਿ ਉਹਨੂੰ ਮਾਫੀ ਮੰਗਣੀ ਤੇ ਮੇਰੇ ਵਿਰੁੱਧ ਇਹ ਕਹਿਣਾ ਪਿਆ ਸੀ ਕਿ ਪ੍ਰੇਮ ਪ੍ਰਕਾਸ਼ ਨੇ ਮੈਨੂੰ ਪੜ੍ਹਾਏ ਬਿਨਾ ਈ ਆਪਣੀ ਮਰਜ਼ੀ ਨਾਲ ਛਾਪ ਲਿਆ ਹੈ। ਇਹਦੇ ਵਿਚ ਕਾਫੀ ਸਚਾਈ ਵੀ ਸੀ। ਉਹਨੂੰ ਮੈਂ ਆਪਣੀ ਲਿਖਤ ਬਾਰੇ ਜ਼ਬਾਨੀ ਸਭ ਕੁਝ ਦੱਸ ਦਿੱਤਾ ਸੀ ਪਰ ਉਹਨੇ ਲਿਖਤ ਪੜ੍ਹੀ ਨਹੀਂ ਸੀ। ਉਹਦੇ ਨਾਲ ਨਕਸਲੀਆਂ ਵੱਲੋਂ ਕੀਤੇ ਸਲੂਕ ਦਾ ਮੈਨੂੰ ਬੜਾ ਅਫਸੋਸ ਹੋਇਆ। ਬੁਰਾ ਇਹੀ ਲੱਗਿਆ ਸੀ ਕਿ ਉਹਨੇ ਸਾਰੀ ਗੱਲ ਮੇਰੇ ਉੱਤੇ ਸੁੱਟ ਦਿੱਤੀ ਸੀ।

ਮੇਰੀ ਏਸ ਰਚਨਾ ਦੀ ਆਲੋਚਨਾ ਹਰ ਕਿਸਮ ਦੇ ਕਮਿਊਨਿਸਟ ਨੇ ਕੀਤੀ ਸੀ। ਜਿਸ ਦੇ ਕਾਰਨ ਦਾ ਪਤਾ ਹੁਣ ਏਸ ਗੱਲ ਤੋਂ ਲੱਗਦਾ ਏ ਕਿ ਪੰਜਾਬੀ ਸਾਹਿਤ 'ਚ ਖੱਬੇ ਪੱਖੀਆਂ ਨੇ ਆਪਣੇ ਸਮਾਜ ਦੇ ਕੋਝਾਂ ਸੋਹਜਾਂ ਬਾਰੇ ਤਾਂ ਲਿਖਿਆ ਪਰ ਆਪਣੀ ਲਹਿਰ ਬਾਰੇ ਤੇ ਆਪਣੇ ਕਾਮਰੇਡਾਂ ਦੇ ਜੀਵਨ ਬਾਰੇ ਕੁਝ ਨਹੀਂ ਲਿਖਿਆ। ਇਕ ਵੀ ਵਧੀਆ ਕਹਾਣੀ ਕਾਮਰੇਡਾਂ ਬਾਰੇ ਨਹੀਂ ਲੱਭਦੀ। ਜਸਵੰਤ ਸਿੰਘ ਕੰਵਲ ਨੇ ਉਪਭਾਵੁਕ ਹੋ ਕੇ ਨਾਵਲ **'ਲਹੂ ਦੀ ਲੋਅ'** ਲਿਖਿਆ। ਜਿਹੜਾ ਆਪਣੀ ਭਾਵੁਕਤਾ ਦੇ ਸਿਰ 'ਤੇ ਮਸ਼ਹੂਰ ਵੀ ਹੋਇਆ। ਹੁਣ ਵੀ ਵਿਕ ਰਿਹਾ ਏ। ਓਸੇ ਕੰਵਲ ਨੇ ਖਾਲਿਸਤਾਨੀ ਅੱਤਵਾਦੀਆਂ ਦੇ ਹੱਕ 'ਚ ਵੀ ਨਾਵਲ **'ਏਨਿਆਂ 'ਚੋਂ ਉੱਠੇ ਸੂਰਮਾ'** ਰਚਿਆ। ਉਹ ਵੀ ਉਵੇਂ ਮਕਬੂਲ ਹੋਇਆ। ਵਿਕਿਆ ਤੇ ਪੜ੍ਹਿਆ ਗਿਆ।

ਕੁਝ ਸਮਾਂ ਪਾ ਕੇ ਡਾ. ਅਤਰ ਸਿੰਘ ਨੇ ਕਿਸੇ ਅੰਗ੍ਰੇਜ਼ੀ ਅਖਬਾਰ ਵਿਚ **'ਦਸਤਾਵੇਜ਼'** ਬਾਰੇ ਲੇਖ ਲਿਖਿਆ ਸੀ। ਜਿਸ ਨਾਲ ਮੇਰੇ ਮਨ ਦੇ ਗਿਲੇ ਮਿਟ ਗਏ ਸਨ। ਉਹਨੇ ਇਹਦੇ ਨਾਲ **'ਲਹੂ ਦੀ ਲੋਅ'** ਦਾ ਟਾਕਰਾ ਵੀ ਕੀਤਾ ਸੀ।

ਇਹ ਨਾਵਲ ਲਿਖਣ 'ਚ ਮੈਨੂੰ ਸਭ ਤੋਂ ਵੱਧ ਪ੍ਰੇਰਨਾ ਕਾਮਰੇਡ ਕੇਵਲ ਕੌਰ, ਅਮਰਜੀਤ ਚੰਦਨ, ਲਾਲ ਸਿੰਘ ਦਿਲ ਤੇ ਚਿੱਤਰਕਾਰ ਸੁਰਜੀਤ ਕੌਰ ਤੇ ਹੋਰ ਕਈ ਸਾਥੀਆਂ ਤੋਂ ਮਿਲੀ ਸੀ।

(2) ਦੂਜਾ ਚਰਨ : **'ਦਸਤਾਵੇਜ਼'** ਲਿਖਣ ਤੋਂ ਬਾਅਦ ਮੇਰਾ ਜ਼ਿਹਨ ਖਾਲੀ ਜਿਹਾ ਹੋ ਗਿਆ ਸੀ। ਏਸ ਦੌਰਾਨ 'ਚ ਇਕ ਇਸਤ੍ਰੀ ਨਾਲ ਚਲੀ ਆ ਰਹੀ ਮੇਰੀ ਦੋਸਤੀ 'ਚ ਟੁੱਟ ਭੱਜ ਜਿਹੀ ਆਉਣ ਲੱਗ ਪਈ ਸੀ। ਜ਼ਾਹਰਾ ਤੌਰ 'ਤੇ ਇਹ ਰਿਸ਼ਤਾ ਤਿੜਕ ਰਿਹਾ ਸੀ, ਪਰ ਕਿਤੇ ਅੰਦਰ ਜੜ੍ਹਾਂ ਫੜਦਾ ਜਾਂਦਾ ਸੀ। ਮੇਰੀ ਸੋਚ ਲਈ ਇਕ ਨਵਾਂ ਤੇ ਪੇਚੀਦਾ ਸੰਸਾਰ ਖੁਲ੍ਹ ਰਿਹਾ ਸੀ। ਏਸ ਦੌਰਾਨ 'ਚ ਕੁਝ ਅਜਿਹੇ ਅਨੁਭਵ ਹੋਏ ਜਿਹੜੇ ਮੈਨੂੰ ਬਹੁਤ ਰਹੱਸ ਭਰੇ ਲੱਗੇ। ਜਦ ਕੋਈ ਰਹੱਸ ਖੁੱਲ੍ਹਦਾ ਤਾਂ ਮੈਨੂੰ ਲੱਗਦਾ ਕਿ ਗਲਪ ਦੀ ਕੂਹਲ ਵਗ ਤੁਰੀ ਏ। ਮੇਰਾ ਬਹੁਤਾ ਸਮਾਂ ਇਸਤ੍ਰੀ ਤੇ ਮਰਦ ਦੇ ਸੰਬੰਧਾਂ ਦੀਆਂ ਖੁੱਲ੍ਹੀਆਂ ਗੱਠਾਂ ਖੋਹਲਦਿਆਂ ਲੰਘਣ ਲੱਗਾ। ਕਦੇ ਲੱਗਦਾ ਜਿਵੇਂ ਕੋਈ ਆਤਮਕ ਗਿਆਨ ਜਾਂ ਸਿੱਧੀ ਪ੍ਰਾਪਤ ਹੋ ਰਹੀ ਏ। ਜੀਹਨੂੰ ਯੋਗ-ਸਾਧਕ ਲੋਕ ਗਿਆਨ-ਪਾਤ ਜਾਂ ਪ੍ਰਕਾਸ਼-ਪਾਤ ਹੋਣਾ ਕਹਿੰਦੇ ਨੇ।.... ਮੈਂ ਉਹਨਾਂ ਅਨੁਭਵਾਂ ਨੂੰ ਬੁਨਿਆਦ ਬਣਾ ਕੇ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਜਦੋਂ ਮੈਂ ਇਕ ਕਹਾਣੀ ਲਿਖ ਲੈਂਦਾ ਸੀ ਤੇ ਉਹ ਛਪ ਜਾਂਦੀ ਸੀ ਤਾਂ ਮੇਰੇ ਅੰਦਰ ਕੁਝ ਹੋਰ ਅਣਖੁਲ੍ਹੀਆਂ ਗੱਠਾਂ ਰੜਕਣ ਲੱਗ ਪੈਂਦੀਆਂ ਸਨ। ਉਹਨਾਂ ਨੂੰ ਖੋਲ੍ਹਦਿਆਂ ਦੋ ਕੁ ਮਹੀਨੇ ਹੁੰਦੇ ਸੀ ਕਿ ਮੈਨੂੰ ਲੱਗਦਾ ਸੀ ਕਿ ਮੇਰੇ ਅੰਦਰ ਨਵੀਂ ਕਹਾਣੀ ਲਿਖਣ ਲਈ ਹੋਰ ਕਿੰਨਾ ਸਾਰਾ ਮਸਾਲਾ ਪਿਆ ਏ। ਉਹ ਉਵੇਂ ਅਣਵਰਤਿਆ ਲੱਗਦਾ ਸੀ ਜਿਵੇਂ ਪਹਿਲੀ ਕਹਾਣੀ



ਲਿਖਣ ਤੋਂ ਪਹਿਲਾਂ ਪਿਆ ਹੁੰਦਾ ਸੀ।.... ਇਹਦਾ ਕਾਰਨ ਅਨੁਭਵਾਂ ਤੇ ਉਹਨਾਂ ਬਾਰੇ ਚਿੰਤਨ ਦੀ ਬਹੁਲਤਾ ਤੇ ਅੰਤਰਮੁਖਤਾ ਸੀ। ਅਨੁਭਵਾਂ ਦੇ ਵੱਖ-ਵੱਖ ਪਹਿਲੂਆਂ ਦੇ ਕਪਾਟ ਦਿਨ ਰਾਤ ਖੁਲ੍ਹਦੇ ਰਹਿੰਦੇ ਸਨ। ਜਿਹੜੇ ਮੇਰੇ ਲਈ ਸਾਂਭਣੇ ਔਖੇ ਹੋ ਜਾਂਦੇ ਸਨ। ਕਹਾਣੀ ਦੀਆਂ ਘਟਨਾਵਾਂ ਦਾ ਸਾਰਾ ਜੋੜ ਤੋੜ ਵੀ ਨਵਾਂ ਬਣ ਕੇ ਖੜ੍ਹਾ ਹੋ ਜਾਂਦਾ ਸੀ।

ਜਦੋਂ ਕੋਈ ਆਪਣੀ ਕਹਾਣੀ ਸੁਣਾ ਕੇ ਇਹ ਆਖਦਾ ਏ ਕਿ ਇਹ ਸੱਚੀ ਘਟਨਾ ਏ। ਇਹ ਉਹਦੇ ਪਿੰਡ ਜਾਂ ਪਿੰਡੇ 'ਤੇ ਬੀਤੀ ਏ ਤਾਂ ਮੈਂ ਸਮਝਦਾ ਹਾਂ ਕਿ ਉਸ ਕਹਾਣੀਕਾਰ ਨੂੰ ਸਾਹਿਤ ਦੀ ਉੱਕਾ ਸਮਝ ਨਹੀਂ। ਜਾਂ ਉਹ ਆਪਣੀ ਕਮਜ਼ੋਰ ਕਹਾਣੀ ਨੂੰ ਤਕੜੀ ਮਨਵਾਓਣ ਲਈ ਜਤਨ ਕਰ ਰਿਹਾ ਏ।... ਇਹਦੇ ਉਲਟ ਮੈਂ ਕੋਈ ਗੱਲ ਲੁਕਾਣ ਲਈ ਤੇ ਕੋਈ ਦੱਸਣ ਲਈ ਆਖਦਾ ਹਾਂ ਕਿ ਮੇਰੀ ਇਹ ਕਹਾਣੀ ਉੱਕਾ ਮਨ-ਘੜਤ ਏ। ਮੇਰੇ ਸਾਰੇ ਪਾਤਰ ਕਲਪਿਤ ਨੇ। ਮੇਰਾ ਸਾਰਾ ਕਹਾਣੀ ਜਗਤ ਮੇਰੀ ਕਲਪਨਾ ਦਾ ਘੜਿਆ ਹੋਇਆ ਏ।..... ਇਥੋਂ ਤੱਕ ਕਿ ਮੇਰੀਆਂ ਕਹਾਣੀਆਂ ਜਿਨ੍ਹਾਂ ਵਿਚ ' ਮੈਂ' ਪਾਤਰ ਕਹਾਣੀ ਬਿਆਨ ਕਰਦਾ ਏ ਜਾਂ ਕਹਾਣੀ ਉਹਦੀ ਕਲਪਨਾ ਜਾਂ ਸੋਚਣੀ ਵਿਚੀਂ ਲੰਘਦੀ ਏ, ਉਹ ਵੀ ਮੇਰਾ ਕਲਪਿਤ ਪਾਤਰ ਏ। ਮੇਰੇ ਕਈ ਭੋਲੇ ਪਾਠਕ ਮੇਰੇ ਉਸ ਪਾਤਰ 'ਮੈਂ' ਨੂੰ ਗ਼ਲਤੀ ਨਾਲ ਲੇਖਕ ਸਮਝ ਲੈਂਦੇ ਨੇ।.... ਮੇਰੇ ਇਹ ਪਾਤਰ ਹੋਰਾਂ ਪਾਤਰਾਂ ਵਾਂਗ ਕਹਾਣੀ 'ਚ ਆਪਣੇ ਤੌਰ 'ਤੇ ਵਧਦੇ ਘਟਦੇ ਨੇ। ਉਹਨਾਂ ਦਾ ਵਿਕਾਸ ਤੇ ਨਿਘਾਰ ਹੁੰਦਾ ਏ।

ਜਦੋਂ ਮੇਰੀ ਕਹਾਣੀ 'ਮੁਕਤੀ-1' ਛਪੀ ਤਾਂ ਮੈਂ ਆਪਣਾ ਦੂਜਾ ਸਾਹਿਤਕ ਬਨਵਾਸ ਸਹਿ ਚੁੱਕਾ ਸੀ। ਪਹਿਲਾ ਉਦੋਂ ਝੱਲਿਆ ਸੀ ਜਦੋਂ ਮੈਂ ਪ੍ਰਗਤੀਵਾਦੀਆਂ ਦੀ ਵਿਰੋਧਤਾ ਕਰ ਕੇ 'ਨਮਾਜ਼ੀ', 'ਤਾਸ਼' ਤੇ 'ਏਸ ਜਨਮ 'ਚ' ਵਰਗੀਆਂ ਕਹਾਣੀਆਂ ਲਿਖਣ ਲੱਗ ਪਿਆ ਸੀ। ਦੂਜਾ ਉਦੋਂ ਝੱਲਿਆ ਜਦੋਂ 'ਦਸਤਾਵੇਜ਼' ਲਿਖਣ 'ਤੇ ਮਾਰਕਸਵਾਦੀਆਂ ਨੇ ਮੇਰੇ 'ਤੇ ਗਾਹਲਾਂ ਦੇ ਹਮਲੇ ਕੀਤੇ ਸਨ ।.... ਦੂਜੇ ਬਨਵਾਸ ਤੋਂ ਬਾਅਦ ਮੈਂ ਪਹਿਲੀ ਕਹਾਣੀ ਲਿਖੀ ਸੀ 'ਮਾੜਾ ਬੰਦਾ'। ਜਿਹੜੀ ਮੇਰੇ ਮਾਰਕਸਵਾਦੀ ਦੋਸਤ ਅਮਰਜੀਤ ਚੰਦਨ ਨੇ ਆਪਣੀ ਸੰਪਾਦਨਾ 'ਚ ਨਿਕਲੇ ਨਵੇਂ ਪਰਚੇ 'ਦਿਸ਼ਾ' ਦੇ ਪ੍ਰਵੇਸ਼ ਅੰਕ 'ਚ ਬੇਦਿਲੀ ਨਾਲ ਛਾਪੀ ਸੀ। ਕਹਾਣੀ ਉਹਨੂੰ ਪਸੰਦ ਨਹੀਂ ਸੀ, ਪਰ ਕੀ ਕਰਦਾ, ਉਹਨੇ ਚਿੱਠੀ ਲਿਖ ਕੇ ਮੰਗਵਾਈ ਸੀ। ਮੇਰੀ ਉਹ ਕਹਾਣੀ ਪ੍ਰਗਤੀਵਾਦੀਆਂ ਨੇ 'ਫ਼ਜ਼ੂਲ ਕਹਿ ਕੇ ਰੋਲ ਦਿੱਤੀ ਸੀ। ਆਪਣੇ ਤੌਰ 'ਤੇ ਮੈਂ ਹੁਣ ਵੀ ਉਹਨੂੰ ਆਪਣੀ ਹੀ ਨਹੀਂ, ਸਗੋਂ ਪੰਜਾਬੀ ਕਥਾ ਜਗਤ ਦੀ ਸੋਚ ਵਿਚ ਨਵਾਂ ਮੋੜ ਸਮਝਦਾ ਹਾਂ। ਜਿੱਥੋਂ ਅਸੀਂ ਬੰਦਿਆਂ ਨੂੰ ਵਰਗ-ਵੰਡ ਦੀ ਸੌੜੀ ਲਕੀਰ ਤੋਂ ਪਰੇ ਹੋ ਕੇ ਦੇਖਣਾ ਸ਼ੁਰੂ ਕੀਤਾ। ਜਿਸ ਨੂੰ ਮੈਂ ਸਾਕਸ਼ੀ ਭਾਵ ਨਾਲ ਦੇਖਣਾ ਤੇ ਸਮਝਣਾ ਕਹਿੰਦਾ ਹਾਂ। ਮੇਰੀ ਇਹ ਗੱਲ ਮੇਰੇ ਉਹਨਾਂ ਮਾਰਕਸੀ ਦੋਸਤਾਂ ਨੂੰ ਪਸੰਦ ਨਹੀਂ, ਜਿਹੜੇ ਸਾਹਿਤਕਾਰ ਦੇ ਪ੍ਰਤਿਬੱਧ ਹੋਣ ਨੂੰ ਜ਼ਰੂਰੀ ਸਮਝਦੇ ਨੇ। ਜਿਹੜੇ ਅੱਧੀ ਸਦੀ ਸਾਹਿਤਕਾਰ ਨੂੰ ਇਹੀ ਪੁੱਛਦੇ ਰਹੇ ਨੇ ਕਿ ਉਹ ਕੀਹਦਾ ਪੱਖ ਪੂਰਦਾ ਏ। ਜਿਵੇਂ ਉਹਨਾਂ ਦੀ ਗੱਲ ਮੇਰੀ ਸਮਝ 'ਚ ਨਹੀਂ ਸੀ ਆਈ, ਇਵੇਂ ਮੇਰੀ ਗੱਲ ਉਹਨਾਂ ਦੀ ਸਮਝ 'ਚ ਨਹੀਂ ਆਉਂਦੀ।

ਫੇਰ ਜਦੋਂ ਕਹਾਣੀ 'ਮੁਕਤੀ' ਛਪੀ ਸੀ ਤਾਂ ਹਾਲਾਤ ਜ਼ਰਾ ਬਦਲ ਗਏ ਸਨ। ਨਕਸਲੀ ਲਹਿਰ ਉੱਕਾ ਦਬ ਚੁੱਕੀ ਸੀ। ਬਹੁਤੇ ਕਾਮਰੇਡ ਵਲੈਤ ਨੂੰ ਭੱਜ ਗਏ ਸੀ ਜਾਂ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਜਾਂ ਅਖ਼ਬਾਰਾਂ ਵਿਚ ਫਿੱਟ ਹੋਣ ਦੀਆਂ ਕੋਸ਼ਿਸ਼ਾਂ ਕਰਦੇ ਪਏ ਸਨ। ਕੁਝ ਕਾਰੋਬਾਰ ਕਰਨ ਤੇ ਧਨ ਨੂੰ ਦੂਣਾ ਤੀਣਾ ਕਰਨ ਲੱਗ ਪਏ ਸਨ। ਕੁਝ ਹਾਲੇ ਆਪਣੇ ਨਾਂ ਸਰਕਾਰ ਦੇ ਬਸਤਾ 'ਬੇ' 'ਚੋਂ ਕਟਵਾਉਣ ਦੇ ਚੱਕਰ 'ਚ ਸਨ। ਕੁਝ ਆਪਣਾ ਭਵਿੱਖ ਬਰਬਾਦ ਕਰ ਕੇ ਬਹੁਤ ਨਿਰਾਸ਼ ਹੋ ਚੁੱਕੇ ਸਨ। ਕਈਆਂ ਲਈ ਜ਼ਿੰਦਗੀ ਬੇਅਰਥ ਹੋ ਕੇ ਰਹਿ ਗਈ ਸੀ।

ਜਿਹੜੇ ਨਕਸਲੀ ਕਾਮਰੇਡ ਨੌਕਰੀਆਂ 'ਚ ਫਿੱਟ ਹੋ ਗਏ ਸਨ, ਉਹਨਾਂ ਦੀ ਸਾਹਿਤਕ ਸੋਚ ਵੀ ਬਦਲਣ ਲੱਗ ਪਈ ਸੀ। ਕਈ ਕਾਮਰੇਡ ਸਾਹਿਤਕਾਰਾਂ ਨੇ ਮੇਰਰੀ ਕਹਾਣੀ 'ਮੁਕਤੀ' ਦੀ ਤਾਰੀਫ਼ ਮੈਨੂੰ

ਚਿੱਠੀਆਂ ਲਿਖ ਕੇ ਕੀਤੀ ਸੀ।....'ਮੁਕਤੀ' ਤੋਂ ਵਰ੍ਹਾ ਡੂਢ ਬਾਅਦ 'ਡੈੱਡ ਲਾਈਨ' ਸਿਰਜਣਾ' ਵਿਚ ਛਪੀ ਸੀ। ਜੀਹਦੀ ਮਾਰਕਸਵਾਦੀਆਂ ਨੇ ਨਿੰਦਿਆ ਕੀਤੀ ਸੀ। ਪਰ

ਦੂਜੇ ਪਾਸੇ ਇਹ ਸੁਖ ਦਾ ਅਹਿਸਾਸ ਸੀ ਕਿ ਗ਼ੈਰ-ਮਾਰਕਸਵਾਦੀ ਆਲੋਚਕਾਂ ਨੇ ਮੇਰੀਆਂ ਕਹਾਣੀਆਂ ਨੂੰ ਸਲਾਹੁੰਦਿਆਂ ਉਹਨਾਂ ਵਿਚੋਂ ਨਵੇਂ-ਨਵੇਂ ਗੁਣ ਲੱਭਣੇ ਸ਼ੁਰੂ ਕਰ ਦਿੱਤੇ ਸਨ। ਉਹਨਾਂ ਦੀ ਦੇਖਾ ਦੇਖੀ ਮਾਰਕਸਵਾਦੀ ਆਲੋਚਕਾਂ ਨੇ ਵੀ ਆਪਣਾ ਰੁਖ ਬਦਲਣਾ ਸ਼ੁਰੂ ਕਰ ਦਿੱਤਾ ਸੀ। ਸਮਾਂ ਪੈਣ 'ਤੇ ਮਾਰਕਸਵਾਦੀਆਂ ਦਾ ਦ੍ਰਿਸ਼ਟੀਕੋਣ ਜਿਥੇ ਸਾਹਿਤ ਬਾਰੇ ਖੁਲ੍ਹਦਿਲੀ ਵਾਲਾ ਹੋਣ ਲੱਗ ਪਿਆ ਸੀ।

ਹੌਲੀ ਹੌਲੀ 'ਦਸਤਾਵੇਜ਼' ਨੂੰ ਪਾਠਕ ਤੇ ਆਲੋਚਕ ਨਾਵਲ ਆਖਣ ਲੱਗ ਪਏ ਸਨ। ਮੈਂ ਵੀ ਇਹੋ ਸਮਝ ਲਿਆ ਸੀ। ਇਹਦੀ ਥੋੜ੍ਹੀ ਬਹੁਤੀ ਮਸ਼ਹੂਰੀ ਏਸ ਗੱਲ ਤੋਂ ਵੀ ਹੋਈ ਕਿ ਨਕਸਲੀ ਲਹਿਰ ਦੇ ਅਕਸਰ ਕਾਮਰੇਡ ਇਹਦੇ ਵਿਚੋਂ ਆਪਣੇ ਆਪ ਨੂੰ ਲੱਭਣ ਲੱਗ ਪੈਂਦੇ ਸਨ। ਉਹ ਕਹਿਣ ਲੱਗ ਪਏ ਸਨ ਕਿ ਇਹ ਪਾਤਰ ਅਮਰਜੀਤ ਚੰਦਨ ਏ, ਇਹ ਛੋਟੇ ਕੱਦ ਵਾਲਾ ਕਵੀ ਲਾਲ ਸਿੰਘ ਦਿਲ ਏ, ਇਹ ਲੁਧਿਅਹਣੇ ਵਾਲਾ ਹਲਵਾਰਵੀ ਏ ਤੇ ਇਹ ਖਾੜਕੂ ਜ਼ਨਾਨੀ ਕੇਵਲ ਕੌਰ ਏ ਤੇ ਇਹ ... ... ... ... ਏ। ਪਰ ਮੈਂ ਕੁਝ ਨਹੀਂ ਕਹਿੰਦਾ। ਕਿਉਂਕਿ ਕੋਈ ਵੀ ਪਾਤਰ ਕੋਈ ਜਿਊਂਦਾ ਬੰਦਾ ਨਹੀਂ ਹੁੰਦਾ। ਉਹ ਕਲਪਨਾ ਦਾ ਚਿਤਵਿਆ ਹੋਇਆ ਹੁੰਦਾ ਏ। ਪਾਠਕਾਂ ਨੂੰ ਭੁਲੇਖੇ ਪੈਂਦੇ ਨੇ, ਉਹ ਪੈਂਦੇ ਰਹਿਣੇ ਚਾਹੀਦੇ ਨੇ।


**ਸੰਪਰਕ-94632-20319**

---

*ਜਦੋਂ ਕੋਈ ਨਾਵਲਕਾਰ ਆਪਣੀ ਲਿਖਤ ਵਿਚ ਪੰਜਾਬ ਦੀ ਕਿਰਸਾਣੀ ਦਾ ਚਿਤਰ ਪੇਸ਼ ਕਰਦਾ ਹੈ ਤਾਂ ਉਸ ਦਾ ਵਿਸ਼ਾ ਉਪਜ ਦੇ ਵਸੀਲਿਆਂ ਨਾਲ ਕਿਰਸਾਣੀ ਦੇ ਰਿਸ਼ਤੇ ਵਿਚੋਂ ਪੈਦਾ ਹੋਏ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਦਾ ਮਨੋਵਿਗਿਆਨ ਹੈ। ਨਾਵਲਕਾਰ ਹਲਾਂ ਤੇ ਟਰੈਕਟਰਾਂ ਦੀ ਤਕਨੀਕ, ਬੀਜਾਂ ਦੀਆਂ ਕਿਸਮਾਂ, ਫਸਲਾਂ ਬੀਜਣ, ਪਾਣੀ ਲਾਉਣ, ਗੋਡੀ ਦੇਣ ਆਦਿ ਦੇ ਨਿਯਮ ਨਹੀਂ ਸਮਝਾਉਂਦਾ ਸਗੋਂ ਭੋਂ ਅਤੇ ਸੰਦ ਆਦਿ ਦੀ ਘੱਟ-ਵੱਧ ਮਾਲਕੀ ਕਾਰਨ ਲੋਕਾਂ ਦੇ ਜੀਵਨ-ਪੱਧਰ ਦੇ ਭੇਦਾਂ, ਉਨ੍ਹਾਂ ਦੇ ਆਪਸੀ ਰਿਸ਼ਤਿਆਂ, ਰਿਸ਼ਤਿਆਂ ਵਿਚੋਂ ਬਣੇ ਉਨ੍ਹਾਂ ਦੇ ਭਾਵਾਂ ਤੇ ਵਿਚਾਰਾਂ, ਅਤੇ ਉਪਜ ਦੇ ਵਾਧੇ ਅਤੇ ਵਾਜਬ ਵੰਡ ਵਿਚ ਮਨੁੱਖ ਦੇ ਪਾਸੇ ਤੋਂ ਪੈਣ ਵਾਲੀਆਂ ਰੁਕਾਵਟਾਂ ਦਾ ਚਿਤਰ ਪੇਸ਼ ਕਰਦਾ ਹੈ। ਇਸ ਚਿਤਰ ਨੂੰ ਵੇਖ ਕੇ ਸਾਨੂੰ ਸਮਝ ਪੈਂਦੀ ਹੈ ਕਿ ਸੰਸਕ੍ਰਿਤੀ ਦਾ ਕਿਹੜਾ ਭਾਗ ਇਨਸਾਨੀ ਪ੍ਰਗਤੀ ਦੇ ਰਾਹ ਦਾ ਰੋੜਾ ਬਣ ਗਿਆ ਹੈ, ਕਿਹੜੇ ਨਵੇਂ ਭਾਗ ਦੇ ਪੈਦਾ ਹੋਣ ਦੀ ਸੰਭਾਵਨਾ ਹੈ, ਅਤੇ ਉਹ ਕੌਣ ਹਨ ਜਿਨ੍ਹਾਂ ਦਾ ਹਿਤ ਨਵੀਨ ਸੰਭਾਵਨਾ ਮੂਰਤੀਮਾਨ ਕਰਨ ਦੇ ਉਲਟ ਜਾਂ ਹੱਕ ਵਿਚ ਜਾਂਦਾ ਹੈ। ਇਸ ਗੱਲ ਦਾ ਨਿਰਨਾ ਲੇਖਕ ਸਭਿਅਤਾ ਦੇ ਪ੍ਰਸੰਗ ਵਿਚ ਸੰਸਕ੍ਰਿਤੀ ਦੇ ਅੰਗਾਂ ਦਾ ਚਿਤਰ ਪੇਸ਼ ਕਰਕੇ ਹੀ ਦੇ ਸਕਦਾ ਹੈ। ਜਿਹੜੇ ਲੇਖਕ ਪਾਤਰਾਂ ਦੇ ਵਾਸਤਵਿਕ ਜਾਂ ਕਲਪਿਤ ਮਨੋਅਵਸਥਾ ਦੀਆਂ ਬਾਰੀਕੀਆਂ ਸਭਿਅਤਾ ਨਾਲੋਂ ਤੋੜ ਕੇ ਪੇਸ਼ ਕਰਦੇ ਹਨ ਜਾਂ ਸਭਿਅਤਾ ਨੂੰ ਨਿਪਟ ਪਿੱਠ-ਭੂਮੀ ਦੇ ਤੌਰ ਤੇ ਹੀ ਵਰਤਦੇ ਹਨ, ਉਨ੍ਹਾਂ ਦਾ ਪੇਸ਼ ਕੀਤਾ ਚਿੱਤਰ ਅਧੂਰਾ, ਗੈਰ-ਵਾਸਤਵਿਕ ਅਤੇ ਗੁਮਰਾਹ-ਕੁਨ ਹੁੰਦਾ ਹੈ। ਅਜਿਹਾ ਚਿਤਰ ਮਨੁੱਖੀ ਸ਼ਖ਼ਸੀਅਤ ਨੂੰ ਸੰਭਾਵਨਾ ਦੇ ਰਾਸ ਨਹੀਂ ਕਰ ਸਕਦਾ ਅਤੇ ਆਪਣੀ ਮੰਤਵ-ਪ੍ਰਾਪਤੀ ਵਿਚ ਅਸਫਲ ਰਹਿ ਜਾਂਦਾ ਹੈ।*

***-ਡਾ. ਟੀ. ਆਰ. ਵਿਨੋਦ***






# ਮੈਂ ਇਤਿਹਾਸਕ ਘਟਨਾਵਾਂ ਅਤੇ ਪਾਤਰਾਂ ਦੇ ਚ੍ਰਿਤਰ ਅਨੁਸਾਰ ਉਸ ਦਾ ਵਿਸਤਾਰ ਕਰਦਾ, ਪਰ ਇਤਿਹਾਸ ਨਾਲ ਖਿਲਵਾੜ ਨਹੀਂ

**- ਮਨਮੋਹਨ ਬਾਵਾ**

ਮੈਨੂੰ ਨਹੀਂ ਪਤਾ ਕਿ ਇਤਿਹਾਸਕ ਨਾਵਲ ਲਿਖਣ ਵਾਲੇ ਬਾਕੀ ਦੇ ਲੇਖਕ ਨਾਵਲ ਕਿਸ ਤਰ੍ਹਾਂ ਲਿਖਦੇ ਹਨ। ਜਿਥੋਂ ਤੱਕ ਮੇਰਾ ਸੰਬੰਧ ਹੈ, ਮੇਰੀ ਰਚਨਾ ਪ੍ਰਕਿਰਿਆ ਦਾ ਸਮਾਂ ਕਾਫ਼ੀ ਲੰਮਾ ਹੁੰਦਾ ਹੈ। ਕਦੋਂ ਅਤੇ ਕਿਵੇਂ ਮਨ-ਮਸਤਕ 'ਚ ਕਿਸੇ ਵਿਸ਼ੇ ਬਾਰੇ ਚਿਣਗ ਪੈਦਾ ਹੁੰਦੀ ਹੈ? ਆਪਣੇ ਨਾਵਲ **'ਕਾਲ ਕਥਾ'** ਦੇ ਸੰਦਰਭ 'ਚ ਇਹ ਕਿ ਉਹ ਸ਼ਾਇਦ 1953-54 ਦਾ ਸਾਲ ਸੀ ਜਦੋਂ ਮੈਂ ਗੁਜਰਾਤ 'ਚ ਸਮੁੰਦਰ ਕੰਡੇ ਉਸਰੇ ਟੁੱਟੇ ਹੋਏ ਸੋਮਨਾਥ ਮੰਦਰ ਨੂੰ ਵੇਖਿਆ। ਉਂਝ ਇਤਿਹਾਸ ਦੀਆਂ ਪੁਸਤਕਾਂ 'ਚ ਐਨਾ ਕੁ ਤਾਂ ਪੜ੍ਹਿਆ ਸੀ ਕਿ ਮਹਿਮੂਦ ਗਜ਼ਨਵੀ ਨੇ ਹਿੰਦੋਸਤਾਨ ਉੱਤੇ ਆਪਣਾ ਅਖ਼ੀਰਲਾ ਅਤੇ ਸਤਾਰਵਾਂ ਹਮਲਾ ਸੋਮਨਾਥ ਦੇ ਮੰਦਰ ਉੱਤੇ ਕੀਤਾ ਸੀ। ਮੰਦਰ ਨੂੰ ਤੋੜਿਆ ਅਤੇ ਮੰਦਰ 'ਚ ਸਦੀਆਂ ਤੋਂ ਜਮਾਂ ਹੋਈ ਅਥਾਹ ਦੌਲਤ ਊਠਾਂ 'ਤੇ ਲੱਦ ਕੇ ਲੈ ਗਿਆ। ਉਥੇ ਹੀ ਮੈਨੂੰ ਕੇ. ਐਮ. ਮੁਨਸ਼ੀ ਦਾ ਪ੍ਰਸਿੱਧ ਨਾਵਲ 'ਜੈ ਸੋਮਨਾਥ' ਪੜ੍ਹਨ ਲਈ ਮਿਲਿਆ। ਸੋਮਨਾਥ ਮੰਦਰ ਦੀ ਮੇਰੀ ਇਹ ਯਾਤਰਾ **'ਕਾਲ ਕਥਾ'** ਦਾ ਬੀਅ ਕਿਹਾ ਜਾ ਸਕਦਾ ਹੈ, ਚਾਹੇ ਉਸ ਵੇਲੇ ਮੇਰੇ ਮਨ 'ਚ ਇਹ ਬਿਲਕੁਲ ਹੀ ਨਹੀਂ ਆਇਆ ਕਿ ਮੈਂ ਕਦੀ ਮਹਿਮੂਦ ਗਜ਼ਨਵੀ ਤੇ ਅਧਾਰਿਤ ਕੋਈ ਨਾਵਲ ਲਿਖਾਂਗਾ।

'ਅਜਾਤ ਸੁੰਦਰੀ' ਕਹਾਣੀ ਸੰਗ੍ਰਹਿ (1996) ਵਾਲੀਆਂ ਕਹਾਣੀਆਂ ਲਿਖਣ ਤੋਂ ਬਾਅਦ ਜਦੋਂ ਇਤਿਹਾਸ ਉੱਤੇ ਅਧਾਰਿਤ ਨਾਵਲ ਲਿਖਣ ਬਾਰੇ ਸੋਚਣਾ ਸ਼ੁਰੂ ਕੀਤਾ ਤਾਂ ਮੈਂ ਇਸ ਨਤੀਜੇ ਤੇ ਪਹੁੰਚਿਆ ਕਿ ਹਿੰਦੋਸਤਾਨ-ਪੰਜਾਬ ਦੇ ਇਤਿਹਾਸ 'ਚ ਕੁਝ ਮਹੱਤਵਪੂਰਨ ਐਸਾ ਸਮਾਂ ਆਇਆ ਜਿਨ੍ਹਾਂ ਨੇ ਸਾਡੀ ਧਰਤੀ ਨੂੰ ਬਹੁਤ ਪਰਭਾਵਿਤ ਕੀਤਾ। ਇਨ੍ਹਾਂ ਚੋਂ ਇਕ ਸਮਾਂ ਸਿਕੰਦਰ ਦਾ ਪੰਜਾਬ ਉੱਤੇ ਹਮਲਾ ਸੀ। ਦੂਸਰਾ ਮਹਿਮੂਦ ਗਜ਼ਨਵੀ ਦੇ ਹਿੰਦੋਸਤਾਨ ਉੱਤੇ ਸਤਾਰਾਂ ਹਮਲੇ ਅਤੇ ਲੁੱਟ ਮਾਰ। ਇਹ ਵੀ ਪਤਾ ਲੱਗਿਆ ਕਿ ਉਸ ਦੇ ਪਹਿਲੇ ਛੇ ਸਤ ਹਮਲੇ ਪੰਜਾਬ ਤੇ ਹੀ ਹੋਏ ਸਨ।

ਇਸ ਨਾਵਲ **'ਕਾਲ ਕਥਾ'** ਦਾ ਤਾਣਾ-ਬਾਣਾ ਬੁਣਨ ਅਤੇ ਉਸ ਅਨੁਸਾਰ ਪਾਤਰਾਂ ਨੂੰ ਨਾਵਲ ਦਾ ਭਾਗ ਬਨਾਉਣ 'ਚ ਕਾਫ਼ੀ ਮੁਸ਼ਕਲ ਪੇਸ਼ ਆਉਂਦੀ ਰਹੀ। ਇਸ ਦੇ ਬਹੁਤੇ ਕਾਰਨਾ ਚੋਂ ਇਕ ਇਹ ਕਿ ਮਹਿਮੂਦ ਦੇ ਪੰਜਾਬ ਉੱਤੇ ਕੀਤੇ ਕਈ ਹਮਲਿਆਂ ਦੀ ਪਿਠ ਭੂਮੀ ਬਦਲਦੀ ਰਹੀ। ਕਦੀ (ਵੇਹਿੰਦ) ਪੇਸ਼ਾਵਰ ਕੋਲ), ਕਦੇ ਬਠਿੰਡਾ, ਕਦੇ ਨੰਦਨਾ, ਕਦੇ ਲਾਹੌਰ ਅਤੇ ਕਦੇ ਕਸ਼ਮੀਰ। ਉਨ੍ਹਾਂ ਸਮਿਆਂ 'ਚ ਇਤਿਹਾਸਕ ਪੱਧਰ ਤੇ ਲਾਹੌਰ ਐਨਾ ਮਹੱਤਵਪੂਰਨ ਨਹੀਂ ਸੀ ਜਿਨਾ ਕਿ ਬਠਿੰਡਾ ਜਾਂ ਮੁਲਤਾਨ। ਬਠਿੰਡਾ ਦੇ ਪ੍ਰਾਚੀਨ

ਨਾਮ ਬਾਰੇ ਇਤਿਹਾਸਕਾਰਾਂ 'ਚ ਕਾਫੀ ਮਤ ਭੇਦ ਹਨ। ਇਸ ਦਾ ਨਾਮ ਭੱਟਿਕਾ ਸੀ, ਉਦਭੰਡ ਸੀ ਜਾਂ ਕੁਝ ਹੋਰ? ਮਹਿਮੂਦ ਗਜ਼ਨਬੀ ਬਾਰੇ ਬਹੁਤ ਸਾਰੀਆ ਪੁਸਤਕਾਂ ਪੜ੍ਹਨ ਅਤੇ ਸਾਰੀਆਂ ਘਟਨਾਵਾਂ, ਸਥਿਤੀਆਂ ਦਾ ਜਾਇਜ਼ਾ ਲੈਂਦਿਆਂ ਮੈਂ ਮਹਿਸੂਸ ਕੀਤਾ ਕਿ ਬਠਿੰਡੇ ਨੂੰ ਆਪਣੇ ਨਾਵਲ ਦਾ ਕੇਂਦਰ ਬਣਾਉਣਾ ਲਾਭਦਾਇਕ ਰਹਿ ਸਕਦਾ ਹੈ।

ਆਪਣਾ ਪਹਿਲਾ ਨਾਵਲ **'ਯੁੱਧ ਨਾਦ'** ਲਿਖਦਿਆਂ ਇਹ ਮੁਸ਼ਕਲ ਆਈ ਸੀ ਕਿ ਉਸ ਸਮੇਂ ਦੀਆਂ ਇਤਿਹਾਸਕ ਪੁਸਤਕਾਂ 'ਚ ਚਾਹੇ ਯੂਨਾਨੀ ਪਾਤਰਾਂ ਦੇ ਸਾਰੇ ਨਾਮ ਮਿਲ ਜਾਂਦੇ ਹਨ ਪਰ ਹਿੰਦੋਸਤਾਨੀ - ਪੰਜਾਬੀ ਨਾਮ, ਰਾਜਾ ਪੋਰਸ ਚਾਣੱਕਿਆ ਜਾਂ ਚੰਦਰਗੁਪਤ ਤੋਂ ਇਲਾਵਾ ਕੋਈ ਨਾਮ ਨਹੀਂ ਮਿਲਦਾ, 'ਕਾਲ ਕਥਾ' ਦੇ ਸੰਦਰਭ 'ਚ ਮੁਸਲਮਾਨ ਪਾਤਰਾਂ ਦੇ ਸਾਰੇ ਨਾਮ ਅਤੇ ਪੰਜਾਬ ਦੇ ਹਿੰਦੂ ਪਾਤਰਾਂ ਦੇ ਵੀ ਕਾਫ਼ੀ ਨਾਮ ਪ੍ਰਾਪਤ ਹੋ ਜਾਂਦੇ ਹਨ। ਪਰ ਇਸਤਰੀ ਪਾਤਰਾਂ ਦੇ ਨਾਮ ਬਹੁਤ ਘੱਟ।

**'ਕਾਲ ਕਥਾ'** ਸਿਰਫ਼ ਮਹਿਮੂਦ ਗਜ਼ਨਵੀ ਦੇ ਹਿੰਦੋਸਤਾਨ ਉੱਤੇ ਹਮਲਿਆਂ, ਯੁੱਧਾਂ ਅਤੇ ਰਾਜੇ-ਰਾਣੀਆਂ ਦੀਆਂ ਪ੍ਰੇਮ ਕਥਾਵਾਂ ਦੀ ਕਹਾਣੀ ਹੀ ਨਹੀਂ ਹੈ ਬਲਕਿ 'ਯੁੱਧ ਨਾਦ' ਵਾਂਗ ਇਹ ਉਸ ਸਮੇਂ ਉਸ ਕਾਲ ਦਾ ਦ੍ਰਿਸ਼ ਪਾਠਕਾਂ ਸਾਹਮਣੇ ਪੇਸ਼ ਕਰਨ ਦਾ ਯਤਨ ਹੈ। ਉਂਝ ਉਸ ਸਮੇਂ ਦੇ ਇਤਿਹਾਸ 'ਚ ਪੰਜਾਬ ਦਾ ਰਾਜਾ ਜੈ ਪਾਲ ਉਸ ਦਾ ਪੁੱਤਰ ਰਾਜਾ ਆਨੰਦ ਪਾਲ, ਬਠਿੰਡਾ ਦਾ ਰਾਜਾ ਵਿਜੈ ਰਾਏ, ਕਸ਼ਮੀਰ ਦੀ ਰਾਣੀ 'ਦਿੱਦਾ', ਮੁਲਤਾਨ ਦਾ ਸੁਲਤਾਨ 'ਸ਼ੇਖ ਹਮੀਦ ਲਾਵੀ' ਆਦਿ ਕਾਫ਼ੀ ਮਸ਼ਹੂਰ ਨਾਮ ਹਨ। ਇਨ੍ਹਾਂ ਦੇ ਇਲਾਵਾ ਮੈਨੂੰ 'ਤਿਲਕ' ਨਾਮ ਦਾ ਪਾਤਰ ਬਹੁਤ ਦਿਲਚਸਪ ਲੱਗਿਆ, ਇਤਿਹਾਸਕ ਪੁਸਤਕਾਂ 'ਚ ਇਹ ਮਹਿਮੂਦ ਗਜ਼ਨਵੀ ਦਾ ਹਿੰਦੂ ਸਿਪਹ ਸਾਲਰ ਸੀ। ਇਕ 'ਕੱਟੜ' ਮੁਸਲਮਾਨ ਸੁਲਤਾਨ ਦਾ ਹਿੰਦੂ ਸੈਨਾਪਤੀ? ਮੇਰੇ ਨਾਵਲ 'ਚ ਇਹ ਆਦਮੀ ਇਕ ਦਲਿਤ ਵਰਗ ਦੇ ਪੱਥਰ ਘਾੜੇ ਦੇ ਤੌਰ ਤੇ ਪਰਵੇਸ਼ ਕਰਦਾ ਹੈ। ਇਸ ਦੇ ਜੀਵਨ ਦੇ ਪਹਿਲੇ ਭਾਗ ਨੂੰ ਮੈਂ ਆਪਣੇ ਇਕ ਜਾਣੇ ਪਛਾਣੇ 'ਵਜ਼ੀਰ' ਨਾਮ ਦੇ ਪੱਥਰ-ਘਾੜੇ ਦੇ ਜੀਵਨ ਤੇ ਉਸਾਰਿਆ ਹੈ। ਇਸ ਦੇ ਜੀਵਨ ਦੇ ਕੁਝ ਭਾਗ ਨੂੰ ਮੈਂ ਇਕ ਭਾਰਤੀ ਪ੍ਰਾਚੀਨ ਕਥਾ ਦੇ ਅਧਾਰ 'ਤੇ ਉਸਾਰਿਆ ਹੈ। ਕੁਝ ਅੱਗੇ ਜਾ ਕੇ ਇਹ ਰਾਜਾ ਆਨੰਦ ਪਾਲ ਦੇ ਸੰਪਰਕ 'ਚ ਆਉਂਦਾ, ਉਸ ਦਾ ਅੰਗਰੱਖਿਅਕ ਬਣਦਾ ਅਤੇ ਫੇਰ ਕੁਝ ਪ੍ਰਸਥਿਤੀਆਂ ਉਸ ਨੂੰ ਮਹਿਮੂਦ ਕੋਲ ਗਜ਼ਨੀ (ਗਜ਼ਨਾ) ਲੈ ਜਾਂਦੀਆਂ ਹਨ।

ਕਈ ਵਰ੍ਹੇ ਪਹਿਲਾਂ ਮੈਂ ਇਕ ਕਹਾਣੀ 'ਮੂਲਸਥਾਨ (ਮੂਲਤਾਨ) ਦੀ ਦੇਵਦਾਸੀ' ਲਿਖੀ ਸੀ। ਉਨ੍ਹਾਂ ਸਮਿਆਂ 'ਚ ਸਾਰੇ ਭਾਰਤ (ਅਤੇ ਪੰਜਾਬ) 'ਚ ਸੂਰਅ ਮੰਦਰ ਹੁੰਦੇ ਸਨ, ਜਿਥੇ ਸੈਕੜੇ ਦੀ ਗਿਣਤੀ 'ਚ ਦੇਵਦਾਸੀਆਂ ਰਹਿੰਦੀਆਂ ਸਨ। ਉਸ ਕਹਾਣੀ ਦੀ ਇਕ ਦੇਵਦਾਸੀ 'ਸੁਰਾਪ੍ਰਭਾ' ਮੇਰੇ ਇਸ ਨਾਵਲ ਵਿੱਚ ਬਠਿੰਡਾ ਦੇ ਮੰਦਰ ਦੀ ਦੇਵਦਾਸੀ ਅਤੇ ਲਾਹੌਰ ਦੇ ਰਾਜਾ ਆਨੰਦ ਪਾਲ ਦੀ ਪ੍ਰੇਮਕਾ ਦੇ ਤੌਰ ਤੇ ਪਰਵੇਸ਼ ਕਰਦੀ ਹੈ। ਵਿਡੰਬਨਾ ਇਹ ਕਿ ਮਹਿਮੂਦ ਗਜ਼ਨਵੀ ਵੀ ਜਦੋਂ ਹਾਲੇ ਉਹ ਸੁਲਤਾਨ ਨਹੀਂ ਸੀ, ਭੇਸ ਬਦਲ ਕੇ ਪੰਜਾਬ 'ਚ ਘੁੰਮਦਿਆਂ ਫਿਰਦਿਆਂ ਉਸ ਉੱਤੇ ਮੋਹਤ ਹੋ ਜਾਂਦਾ ਹੈ। ਆਪਣੇ ਇਕ ਮਿੱਤਰ 'ਹਸਨਕ' ਦੀ ਸਹਾਇਤਾ ਨਾਲ ਉਧਾਲ ਕੇ ਲੈ ਜਾਂਦਾ ਹੈ। ਸੁਰਾਪ੍ਰਭਾ ਦਾ ਹਸਨਕ ਦੀ ਗ੍ਰਿਫ਼ਤ ਚੋਂ ਬਚ ਕੇ ਨਿਕਲ ਜਾਣਾ ਕਈ ਵਰ੍ਹੇ ਲਾਪਤਾ ਰਹਿਣਾ, ਆਨੰਦਪਾਲ ਅਤੇ ਮਹਿਮੂਦ ਦੋਹਾਂ ਦੁਆਰਾ ਉਸ ਨੂੰ ਤਲਾਸ਼ ਕਰਦੇ ਰਹਿਣਾ ਨਾਵਲ ਨੂੰ ਦਿਲਚਸਪ ਬਣਾਉਂਦਾ ਅਤੇ ਪਰਬਤਾ ਵੱਲ ਲੈ ਜਾਂਦਾ ਹੈ। ਇਸ ਦੇ ਨਾਲ ਨਾਲ ਸੁਰਾਪ੍ਰਭਾ ਨਾਲ ਸੰਬੰਧਿਤ ਘਟਨਾਵਾਂ ਭਾਰਤੀ ਮੱਧ ਕਾਲ ਦੀਆਂ ਧਾਰਮਿਕ ਪ੍ਰਸਥਿਤੀਆਂ ਉੱਤੇ ਵੀ ਚਾਨਣਾ ਪਾਉਂਦੀਆਂ ਹਨ। ਉਂਝ ਦਲਿਤ ਵਰਗ ਦੀ ਸਥਿਤੀ ਗੁਲਾਮਾਂ ਤੋਂ ਘਟ ਨਹੀਂ ਸੀ, ਪਰ ਇਸ ਦੇ ਨਾਲ ਨਾਲ ਗੁਲਾਮਾਂ ਨੂੰ ਖਰੀਦਿਆ ਵੇਚਿਆ ਜਾਂਦਾ ਸੀ। ਸੁਰਾਪ੍ਰਭਾ ਕਿਵੇਂ ਦੇਵਦਾਸੀ ਬਣੀ? ਉਸ ਦੇ ਮਾਂ ਬਾਪ ਕੌਣ ਸਨ? ਇਸ ਦਾ ਸਾਰਾ ਵਰਣਨ ਉਸ ਸਮੇਂ ਦੀ ਦਾਸ ਪ੍ਰਥਾ ਉੱਤੇ ਚਾਨਣਾ ਪਾਉਂਦਾ ਹੈ।

ਉਸ ਸਮੇਂ ਦੇ ਹਿੰਦੂਸ਼ਾਹੀ ਖ਼ਾਨਦਾਨ ਦਾ ਰਾਜਾ ਆਨੰਦਪਾਲ ਇਸ ਨਾਵਲ ਦਾ ਮੁੱਖ ਅਤੇ ਕੇਂਦਰੀ ਪਾਤਰ ਹੈ। ਇਸ ਬਾਰੇ ਮੈਂ ਬਹੁਤ ਕੁਝ ਨਹੀਂ ਲਿਖ ਰਿਹਾ। ਸਵਾਏ ਇਸ ਦੇ ਕਿ ਇਹ ਇਕ ਉੱਚੇ ਕਿਰਦਾਰ ਦਾ



ਬਹਾਦੁਰ ਸੈਨਾਪਤੀ ਸੀ ਅਤੇ ਸੁਰਾਪ੍ਰਭਾ ਦਾ ਪ੍ਰੇਮੀ ਵੀ। ਇਹ ਪਾਤਰ ਆਰੰਭ ਤੋਂ ਅੰਤ ਤੱਕ ਨਾਵਲ ਦੀ ਕਥਾ 'ਚ ਮੌਜੂਦ ਰਹਿੰਦਾ ਹੈ। ਇਸ ਦੁਆਲੇ ਹੀ ਨਾਵਲ ਦੀਆਂ ਘਟਨਾਵਾਂ ਘੁੰਮਦੀਆਂ ਰਹਿੰਦੀਆਂ ਹਨ। ਇਹ ਇਕ ਆਦਰਸ਼ਕ ਰਾਜੇ ਦੀ ਤਰ੍ਹਾਂ ਮੇਰੇ ਇਸ ਨਾਵਲ 'ਚ ਪਰਵੇਸ਼ ਕਰਦਾ ਹੈ। ਇਸ ਦੀ ਸਿਫ਼ਤ ਇਸ ਦੇ ਦੁਸ਼ਮਣ ਮਹਿਮੂਦ ਗਜ਼ਨਬੀ ਨੇ ਵੀ ਕੀਤੀ ਹੈ। ਇਹ ਬਠਿੰਡਾ ਦੇ ਰਾਜਾ ਵਿਜੈ ਰਾਏ ਦਾ ਮਿੱਤਰ ਵੀ ਸੀ ਅਤੇ ਉਸ ਦੀ ਭੈਣ 'ਵਿਤਸਤਾ' ਦਾ ਪ੍ਰੇਮੀ ਵੀ। ਉਸ ਸਮੇਂ ਜਿਹਲਮ ਦਰਿਆ ਦਾ ਨਾਮ ਵੀ 'ਵਿਤਸਤਾ ਨਦੀ ਸੀ। ਵਿਤਸਤਾ ਦੇ ਬਾਪ ਅਤੇ ਆਨੰਦਪਾਲ ਦੇ ਬਾਪ ਰਾਜਾ ਜੈ ਪਾਲ ਵਿਚਕਾਰ ਕੁਝ ਰਾਜਨੀਤਿਕ ਗਲਤ ਫਹਿਮੀਆਂ ਕਾਰਨ ਉਸ ਦਾ ਵਿਆਹ ਅਧਖੜ ਆਯੂ ਦੇ ਖੋਖਰ ਰਾਜਾ ਨਾਲ ਹੋ ਜਾਂਦਾ ਹੈ। ਫੇਰ ਵਿਆਹ ਤੋਂ ਬਾਅਦ ਛੇਤੀ ਹੀ ਵਿਧਵਾ ਹੋ ਜਾਂਦੀ ਹੈ। ਆਪਣੇ ਪੁਰਾਣੇ ਪ੍ਰੇਮੀ ਰਾਜਾ ਆਨੰਦਪਾਲ ਨਾਲ ਉਸ ਦੇ ਕੀ ਸੰਬੰਧ ਰਹਿੰਦੇ ਹਨ, ਇਹ ਖੋਖਰ ਰਾਣੀ ਮਹਿਮੂਦ ਗਜ਼ਨਵੀ ਦੀ ਅਥਾਹ ਫ਼ੌਜ ਦਾ ਮੁਕਾਬਲਾ ਕਿਵੇਂ ਕਰਦੀ ਅਤੇ ਕਿਵੇਂ ਸ਼ਹੀਦੀ ਪ੍ਰਾਪਤ ਕਰਦੀ ਹੈ? ਇਸ ਦੀ ਜਨਮ ਗਾਥਾ ਹੋਰ ਵੀ ਦਿਲਚਸਪ ਹੈ। ਇਸ ਬਾਰੇ ਮੈਂ ਬਹੁਤ ਕੁਝ ਨਹੀਂ ਲਿਖਾ ਗਾਂ, ਸਵਾਏ ਇਸ ਦੇ ਕਿ ਕੁਝ ਵਿਸ਼ੇਸ਼ ਪ੍ਰਸਥਿਤੀਆਂ ਕਾਰਨ ਇਸ ਦਾ ਬਚਪਨ ਰਾਜ ਮਹੱਲ ਦੀ ਬਜਾਏ ਇਕ ਗੋਰਖ ਪੰਥੀ ਸਾਧੂ ਦੇ ਡੇਰੇ 'ਚ ਬਤੀਤ ਹੁੰਦਾ ਹੈ।

ਨਾਵਲ ਲਿਖਣ ਲੱਗਿਆ ਇਹ ਜ਼ਰੂਰੀ ਨਹੀਂ ਹੁੰਦਾ ਕਿ ਲੇਖਕ ਨਾਵਲ ਦੇ ਪਲਾਟ ਬਾਰੇ ਸਭ ਕੁਝ ਪਹਿਲਾਂ ਹੀ ਨਿਸ਼ਚਿਤ ਕਰ ਲੈਂਦਾ ਹੈ। ਬਹੁਤ ਕੁਝ ਲਿਖਦਿਆਂ ਲਿਖਦਿਆਂ ਹੀ ਪ੍ਰਸਥਿਤੀਆਂ ਦੀ ਮੰਗ ਅਨੁਸਾਰ ਆਪਣੇ ਆਪ ਲਿਖਿਆ ਜਾਂਦਾ ਹੈ। ਇਕ ਮਹੱਤਵਪੂਰਨ ਗੱਲ ਇਹ ਕਿ ਨਾਵਲ ਲਿਖਦਿਆਂ ਮੇਰੇ ਸਾਹਮਣੇ ਸਭ ਤੋਂ ਪਹਿਲਾਂ ਇਤਿਹਾਸਕ ਅਤੇ ਕਾਲ ਹੁੰਦਾ ਹੈ। ਮੈਂ ਇਤਿਹਾਸਕ ਘਟਨਾਵਾਂ ਅਤੇ ਪਾਤਰਾਂ ਦੇ ਚ੍ਰਿਤਰ ਅਨੁਸਾਰ ਉਸ ਦਾ ਵਿਸਤਾਰ ਕਰਦਾ ਹਾਂ। ਇਸ ਸੰਦਰਭ 'ਚ ਕੁਝ ਖੁੱਲ੍ਹਾਂ ਜ਼ਰੂਰ ਲੈਂਦਾ ਹਾਂ ਪਰ ਇਤਿਹਾਸ ਨਾਲ ਖਿਲਵਾੜ ਨਹੀਂ ਕਰਦਾ। ਇਹ ਕੁਝ ਕਰਦਿਆਂ ਮੈਂ ਆਪਣੇ ਸਾਹਮਣੇ ਪਈਆਂ ਇਤਿਹਾਸ ਦੀਆਂ ਪੁਸਤਕਾਂ ਨੂੰ ਫਰੋਲਦਾ ਅਤੇ ਖੋਜ ਪੜਤਾਲ ਕਰਦਾ ਹਾਂ। ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਪਾਤਰਾਂ ਦਾ ਵਿਹਾਰ ਉਨ੍ਹਾਂ ਦੇ ਚਰਿਤਰ, ਵਿਅਕਤੀਗਤ ਵਿਸ਼ੇਸ਼ਤਾਵਾਂ ਅਨੁਸਾਰ ਹੀ ਹੋਵੇ।

ਨਾਵਲ ਦੀ ਇਕ ਹੋਰ ਇਸਤਰੀ ਪਾਤਰ 'ਬਾਲ ਚੰਦ੍ਰਿਕਾ' ਹੈ। ਇਸ ਪਾਤਰ ਨੂੰ ਨਾਵਲ 'ਚ ਉਸਾਰਨ ਦੀ ਲੋੜ ਕਿਵੇਂ ਪਈ? ਮੈਨੂੰ ਯਾਦ ਨਹੀਂ। ਪਰ ਜਦੋਂ ਇਸ ਪਾਤਰ ਨੇ ਨਾਵਲ 'ਚ ਪਰਵੇਸ਼ ਕਰ ਹੀ ਲਿਆ ਤਾਂ ਮੇਰੇ ਲਈ ਇਹ ਜ਼ਰੂਰੀ ਬਣ ਗਿਆ ਕਿ ਇਸ ਦੀ ਉਸਾਰੀ ਵੀ ਸੁਚੱਜੇ ਢੰਗ ਨਾਲ ਹੋਵੇ। ਮੇਰੇ ਨਾਵਲ 'ਚ ਇਹ ਇਕ ਰਾਜਪੂਤ ਰਾਜੇ ਦੀ ਧੀ ਹੈ ਅਤੇ ਬਠਿੰਡੇ (ਭੱਟਿਕਾ) ਦੇ ਰਾਜੇ ਵਿਜੈ ਰਾਏ ਨਾਲ ਵਿਆਹੀ ਜਾਂਦੀ ਹੈ। ਪਰ ਵਿਆਹ ਵਾਲੀ ਰਾਤ ਵਿਜੈ ਰਾਏ ਦੇ ਕੁਝ ਕੋਹਝੇ ਕਾਰਨਾਮੇ ਵੇਖ ਕੇ ਉਸ ਦੀ ਅਣਖ ਜਾਗਦੀ ਅਤੇ ਉਹ ਵਿਜੈ ਰਾਏ ਦੇ ਰਾਜ ਮਹੱਲ 'ਚ ਰਾਤ ਗੁਜ਼ਾਰਨ ਦੀ ਬਜਾਏ ਆਪਣੇ 'ਘਰ' ਜਾਣ ਲਈ ਵਾਪਸ ਮੁੜ ਪੈਂਦੀ ਹੈ। ਪਰ ਕੁਝ ਪ੍ਰਸਥਿਤੀਆਂ ਐਸੀਆਂ ਉਤਪਨ ਹੁੰਦੀਆਂ ਹਨ ਕਿ ਨਾ ਉਹ ਆਪਣੇ ਮਾਪਿਆਂ ਦੇ ਘਰ ਵਾਪਸ ਜਾਂਦੀ ਹੈ ਨਾ ਵਿਜੈ ਰਾਏ ਕੋਲ। ਇਕ ਨਵੇਕਲੇ ਜਿਹੇ ਕਿਲ੍ਹੇ 'ਚ ਆਪਣੇ ਕੁਝ ਅੰਗ ਰੱਖਿਆਕਾਂ ਨਾਲ ਕਈ ਵਰ੍ਹੇ ਗੁਜ਼ਾਰਦੀ ਹੈ। ਆਖੀਰ 'ਚ ਕਿਵੇਂ ਵਿਜੈ ਰਾਏ ਅਤੇ ਆਨੰਦਪਾਲ ਉਸ ਨੂੰ ਮਨਾ ਕੇ ਲਿਆਉਂਦੇ ਹਨ? ਅਤੇ ਮਹਿਮੂਦ ਗਜ਼ਨਵੀ ਉਸ ਬਹਾਦਰ, ਸਾਹਸੀ ਇਸਤਰੀ ਨਾਲ ਕਿਵੇਂ ਵਰਤਾਓ ਕਰਦਾ ਹੈ? ਇਹ ਸਭ ਕੁਝ ਸਿਰਫ਼ ਨਾਵਲ ਨੂੰ ਪੜ੍ਹਨ ਯੋਗ ਹੀ ਨਹੀਂ ਬਣਾਉਂਦਾ ਬਲਕਿ ਕਥਾ ਬਿਰਤਾਂਤ ਦਾ ਇਕ ਮਹੱਤਵਪੂਰਨ ਵੀ ਭਾਗ ਬਣਦਾ ਹੈ।

ਕਸ਼ਮੀਰ ਦੀ ਰਾਣੀ 'ਦਿੱਦਾ' ਇਕ ਬਹੁਤ ਪ੍ਰਸਿੱਧ ਇਤਿਹਾਸਕ ਪਾਤਰ ਹੈ ਜਿਸ ਬਾਰੇ ਗਿਆਰਵੀ, ਬਾਰਵੀਂ ਸਦੀ ਦੇ ਇਤਿਹਾਸਕਾਰ 'ਕਲਹਣ' ਨੇ ਆਪਣੀ ਪੁਸਤਕ 'ਰਾਜਤਰੰਗਣੀ' 'ਚ ਕਾਫੀ ਵਿਸਥਾਰ ਨਾਲ ਲਿਖਿਆ ਹੈ। ਇਹ ਆਪਣੇ ਪਤੀ ਦੀ ਮੌਤ ਤੋਂ ਬਾਅਦ (ਇੰਦਰਾ ਗਾਂਧੀ ਵਾਂਗ) ਕਸ਼ਮੀਰ ਦੀ ਹਕੂਮਤ ਨੂੰ ਸੰਭਾਲਦੀ ਹੈ। ਇਸ ਦਾ ਵਿਅਕਤੀਤਵ ਵਿਵਾਦਪੂਰਨ ਵੀ ਹੈ ਅਤੇ ਰੰਗੀਨ ਵੀ। ਮਹਿਮੂਦ ਗਜ਼ਨਵੀ

ਨੇ ਪੰਜਾਬ ਉੱਤੇ ਕੀਤੇ ਛੇ ਸਤ ਹਮਲਿਆਂ ਦੇ ਇਲਾਵਾ ਦੋ ਹਮਲੇ ਕਸ਼ਮੀਰ ਉੱਤੇ ਵੀ ਕੀਤੇ ਸਨ। ਮਹੱਤਵਪੂਰਨ ਗੱਲ ਇਹ ਕਿ ਕਸ਼ਮੀਰੀਆਂ ਨੇ ਨਾ ਸਿਰਫ਼ ਮਹਿਮੂਦ ਨੂੰ ਕਸ਼ਮੀਰ ਘਾਟੀ 'ਚ ਵੜਨ ਤੋਂ ਰੋਕਿਆ ਬਲਕਿ ਐਸੀਆਂ ਹਾਰਾਂ ਦਿੱਤੀਆਂ ਕਿ ਮਹਿਮੂਦ ਦੀ ਤਿੰਨ ਚੌਥਾਈ ਸੈਨਿਕ ਸ਼ਕਤੀ ਨੂੰ ਤਬਾਹ ਕਰ ਦਿੱਤਾ।

ਮਹਿਮੂਦ ਬਾਰੇ ਨਾਵਲ ਲਿਖਣ ਤੋਂ ਪਹਿਲਾਂ ਅਤੇ ਇਤਿਹਾਸ ਦੇ ਸਾਹਿਤ 'ਚ ਦਿਲਚਸਪੀ ਰੱਖਣ ਵਾਲੇ ਦੋਸਤਾਂ ਨਾਲ ਗੱਲਾਂ ਕਰਦਿਆਂ ਕੁਝ ਲਾਹੇਵੰਦ ਸੁਝਾਅ ਪ੍ਰਾਪਤ ਹੁੰਦੇ ਰਹੇ। ਉਨ੍ਹਾਂ ਚੋਂ ਇਕ ਸੁਝਾਅ ਇਹ ਸੀ ਕਿ ਨਾਵਲਕਾਰ ਆਪਣੀ ਧਿਰ ਬਾਰੇ ਤਾਂ ਬਹੁਤ ਕੁਝ ਲਿਖਦੇ ਹਨ ਪਰ ਦੂਸਰੀ ਧਿਰ ਬਾਰੇ ਪਾਠਕਾਂ ਨੂੰ ਕੁਝ ਪਤਾ ਨਹੀਂ ਲਗਦਾ। ਉਸ ਦੇ ਇਸ ਸੁਝਾਅ ਤੇ ਅਮਲ ਕਰਦਿਆਂ ਮੈਂ ਮਹਿਮੂਦ ਗਜ਼ਨਵੀ ਬਾਰੇ ਲਿਖੀਆਂ ਪੁਸਤਕਾਂ ਤਾਂ ਇਕੱਠੀਆਂ ਕਰਨੀਆਂ ਹੀ ਸਨ, ਨਾਲ ਹੀ ਨਾਲ ਅਫ਼ਗਾਨਿਸਤਾਨ (ਗਜ਼ਨੀ ਆਦਿ) 'ਚ ਉਸ ਸਮੇਂ ਰਾਜਨੀਤਿਕ ਸਭਿਆਚਾਰਕ ਗਤੀਵਿਧੀਆਂ ਨੂੰ ਆਪਣੇ ਨਾਵਲ ਦਾ ਮੂਲ ਭਾਗ ਬਣਾਉਣ ਦੀ ਦਿਸ਼ਾ ਵਲ ਵੀ ਸੋਚਦਾ ਰਿਹਾ। ਇਸ ਤਰ੍ਹਾਂ ਕਰਦਿਆਂ ਕੁਝ ਹੈਰਤ ਅੰਗੇਜ਼ ਐਸੇ ਹੈਰਾਨ ਕਰਨ ਵਾਲੇ ਤੱਥਾਂ ਦਾ ਪਤਾ ਲੱਗਿਆ ਜੋ ਆਪਣੇ ਮੁਲਕ 'ਚ ਪ੍ਰਕਾਸ਼ਤ ਇਤਿਹਾਸ ਦੀਆਂ ਆਮ ਕਰਕੇ ਮਿਲਦੀਆਂ ਪੁਸਤਕਾਂ 'ਚ ਲਿਖਿਆ ਨਹੀਂ ਮਿਲਦਾ। ਉਨ੍ਹਾਂ ਚੋਂ ਇਕ ਇਹ ਵੀ ਸੀ ਕਿ ਜਿਵੇਂ ਹਿੰਦੋਸਤਾਨ 'ਚ ਸਾਰੇ ਹਿੰਦੂ ਮਨ ਦੇ ਅਨੁਆਈ ਹੁੰਦਿਆਂ ਹੋਇਆ ਵੀ ਸਭਿਆਚਾਰਕ ਪੱਧਰ ਤੇ ਕਾਫ਼ੀ ਵੱਖਰੇ ਹਨ, ਇਸੇ ਤਰ੍ਹਾਂ ਇਸਲਾਮ ਦੀ ਦੁਨੀਆਂ 'ਚ ਤੁਰਕਾਂ ਆਫ਼ਗਾਨਾ, ਅਰਬਾਂ ਦੀ ਮਾਨਸਿਕਤਾ ਬਹੁਤ ਵੱਖਰੀ ਹੈ।

ਮੇਰੇ ਨਾਵਲ ਨਾਲ ਸੰਬੰਧਿਤ ਇਕ ਪਾਤਰ 'ਅਲ ਰਾਸ਼ਿਦ' ਹੈ ਜਿਸ ਦੇ ਨਾਮ ਦੇ ਪਹਿਲਾਂ 'ਅਲ' ਹੋਵੇਗਾ, ਉਹ ਅਰਬ ਹੋਵੇਗਾ। ਜਿਵੇਂ ਅਲ-ਬੈਰੂਨੀ, ਅਲ-ਹਕੀਮ। ਇਸਲਾਮ ਦੀ ਸ਼ੁਰੂਆਤ ਅਰਬ ਦੇਸ਼ 'ਚ ਹੋਈ ਅਤੇ ਇਹ ਲੋਕ ਇਲਮ ਅਤੇ ਫਲਸਫ਼ੇ ਨੂੰ ਮੁੱਹਬਤ ਕਰਨ ਵਾਲੇ ਸਿੱਧ ਹੋਏ। ਜਿਵੇਂ ਮੇਰੇ ਨਾਵਲ ਦਾ ਇਕ ਪਾਤਰ 'ਤਿਲਕ' ਹਿੰਦੋਸਤਾਨ 'ਚ ਪੈਦਾ ਹੋ ਕੇ ਅਫ਼ਗਾਨਿਸਤਾਨ ਚਲਿਆ ਜਾਂਦਾ ਹੈ, ਇਸੇ ਤਰ੍ਹਾਂ 'ਅਲ-ਰਾਸ਼ਿਦ' ਦਾ ਮੰਤਵ ਮਹਿਮੂਦ ਦੀ ਫ਼ੌਜ 'ਚ ਸ਼ਾਮਿਲ ਹੋ ਕੇ ਹਿੰਦੋਸਤਾਨ ਆਉਣਾ ਅਤੇ ਇਥੋਂ ਦੀ ਤਹਿਜ਼ੀਬ ਦਾ ਅਧਿਐਨ ਕਰਨਾ ਹੈ। ਮੇਰੇ ਇਸ ਨਾਵਲ ਦੇ ਪ੍ਰਸੰਗ 'ਚ ਵਿਚਾਰਕ ਅਤੇ ਰਚਨਾਤਮਕ ਅਤੇ ਦਾਰਸ਼ਨਿਕ ਪੱਧਰ ਤੇ ਇਹ ਮਹੱਤਪੂਰਨ ਕੜੀ ਦੇ ਤੌਰ ਤੇ ਵਿਚਰਦਾ ਹੈ। ਮਹਿਮੂਦ ਅਤੇ ਖੋਖਰ ਰਾਣੀ ਵਿਤਸਤਾ ਵਿਚਕਾਰ ਹੋਏ ਯੁੱਧ ਦੇ ਦਰਮਿਆਨ ਜਦੋਂ ਵਿਤਸਤਾ ਆਪਣੀ ਜਾਨ ਬਚਾਉਣ ਦੀ ਖਾਤਰ ਭੱਜਦੀ ਜਾ ਰਹੀ ਹੈ ਤਾਂ ਅਲ-ਰਾਸ਼ਿਦ ਪਿੱਛਾ ਕਰਨ ਵਾਲੇ ਮਹਿਮੂਦ ਦੇ ਸਿਪਾਹੀ ਨੂੰ ਮਾਰ ਕੇ ਵਿਤਸਤਾ ਦੀ ਜਾਨ ਬਚਾਉਂਦਾ ਹੈ ਅਤੇ ਫੇਰ ਹਿੰਦੋਸਤਾਨ 'ਚ ਹੀ ਵਸ ਜਾਂਦਾ ਹੈ। ਰਚਨਾ ਪ੍ਰਕਿਰਿਆ ਦੇ ਸੰਬੰਧ 'ਚ ਜ਼ਿਕਰ ਕਰਨ ਵਾਲੀ ਦਿਲਚਸਪ ਗੱਲ ਇਹ ਕਿ ਇਸ ਯੁੱਧ ਦਾ ਦ੍ਰਿਸ਼ ਬਿਆਨ ਕਰਦਿਆਂ ਕਰਦਿਆਂ ਹੀ ਅਚਾਨਿਕ ਇਹ ਪਾਤਰ ਦਿਮਾਗ਼ 'ਚ ਇਕ ਫੁਰਨ ਵਾਂਗ ਆ ਗਿਆ ਅਤੇ ਮੇਰੇ ਨਾਵਲ 'ਚ ਇਸ ਨੇ ਇਕ ਅਰਬ ਦਾਰਸ਼ਨਿਕ ਦਾ ਰੂਪ ਧਾਰਨ ਕਰ ਲਿਆ।

'ਕਾਲ ਕਥਾ' ਦਾ ਮਹਿਮੂਦ ਗਜ਼ਨਵੀ ਵਿਅਕਤੀਗਤ ਪੱਧਰ ਤੇ ਕਈ ਰੂਪ ਲੈ ਕੇ ਮੇਰੇ ਨਾਵਲ 'ਚ ਵਿਚਰਦਾ ਹੈ। ਹਿੰਦੋਸਤਾਨ 'ਚ ਇਹ ਇਕ ਬਹੁਤ ਚਲਾਕ ਜ਼ਾਲਮ ਲੁਟੇਰਾ ਅਤੇ ਹਿੰਦੂ ਧਰਮ ਦੇ ਕੱਟੜ ਵਿਰੋਧੀ ਦੇ ਰੂਪ 'ਚ ਦਿਸਦਾ ਹੈ। ਆਪਣੇ ਅਫ਼ਗਾਨਿਸਤਾਨ 'ਚ ਇਹ ਉਸੇ ਤਰ੍ਹਾਂ ਚਲਾਕ ਹੈ, ਜ਼ਾਲਮ ਵੀ ਹੈ ਪਰ ਹਿੰਦੂ ਵਿਰੋਧੀ ਨਹੀਂ। ਉਸ ਦਾ ਮੱਤ ਹੈ ਕਿ ਅਫ਼ਗਾਨਿਸਤਾਨ 'ਚ ਉਸ ਦੇ ਅਧੀਨ ਵਸਦੇ ਹਿੰਦੂ ਬੋਧੀ, ਈਸਾਈ , ਯਹੂਦੀ, ਮੁਸਲਮਾਨ ਉਸ ਦੇ ਰਿਆਇਆ ਹਨ ਅਤੇ ਆਪਣੇ ਰਿਆਇਆ ਦੀ ਬਹਯੂਦੀ (ਸੁਖ ਦੁੱਖ) ਦਾ ਖਿਆਲ ਰੱਖਣਾ ਉਸ ਦਾ ਫਰਜ਼ ਹੈ। ਗਜ਼ਨੀ ਕੰਧਾਰ, ਕਾਬੁਲ 'ਚ ਮੰਦਰ, ਗਿਰਜਾ ਘਰ ਵੀ ਸਨ ਬੋਧ ਵਿਹਾਰ ਵੀ ਸਨ। ਹਰ ਕਿਸੇ ਨੂੰ ਆਪਣੇ ਵਿਸ਼ਵਾਸ਼ਾ ਅਨੁਸਾਰ ਪਾਠ-ਪੂਜਾ ਕਰਨ ਦੀ ਖੁੱਲ੍ਹ ਸੀ। ਤਿਲਕ ਦੇ ਇਲਾਵਾ ਸਾਮੰਤ ਰਾਏ ਨਾਮ ਦਾ ਇਕ ਹੋਰ ਹਿੰਦੂ ਸੈਨਾਪਤੀ ਵੀ ਸੀ। ਇਨ੍ਹਾਂ ਚੋਹਾਂ ਦੇ ਰਾਜਸੀ



ਅਖ਼ਤਿਆਰ ਅਤੇ ਸ਼ਾਨ-ਓ-ਸ਼ੌਕਤ ਮਹਿਮੂਦ ਦੇ ਮੁਸਲਮਾਨ ਸਿਪਹਸਾਲਾਰਾਂ ਤੋਂ ਵੱਧ ਸੀ।

ਜਿੱਥੋਂ ਤੱਕ ਮਹਿਮੂਦ ਦੇ ਇਕ ਨਿਰਦਈ ਸੁਲਤਾਨ ਹੋਣ ਦਾ ਸੰਬੰਧ ਹੈ ਇਹ ਉਨ੍ਹਾ ਹੀ ਨਿਰਦਈ ਆਪਣੇ ਅਫ਼ਗਾਨਿਸਤਾਨ ਜਾਂ ਇਸਲਾਮੀ ਦੁਸ਼ਮਣਾ ਦੇ ਸੰਬੰਧ ਵਿੱਚ ਵੀ ਸੀ। ਉਹ ਇਕ ਸੱਚਾ ਪ੍ਰੇਮੀ ਵੀ ਸੀ ਅਤੇ ਇਸ ਦੇ ਪ੍ਰੇਮ ਸੰਬੰਧ ਕੰਧਾਰ ਦੇ ਸੂਬੇਦਾਰ ਦੀ ਬੇਗ਼ਮ 'ਰੁਕੱਈਆ ਖ਼ਾਤੂਨ' ਨਾਲ ਸਨ। ਉਸ ਦੀ ਕੁੱਖੋਂ ਜਨਮੇ ਪੁੱਤਰ ਨੂੰ ਮਹਿਮੂਦ ਨੇ ਆਪਣੇ ਪੁੱਤਰ ਵਾਂਗ ਹੀ ਇਜ਼ੱਤ ਮਾਨ ਬਖ਼ਸ਼ਿਆ। ਮਹਿਮੂਦ ਦੇ ਇਤਿਹਾਸ 'ਚ ਕੁਝ ਐਸੇ ਪ੍ਰਸੰਗ ਵੀ ਆਉਂਦੇ ਹਨ ਜਦੋਂ ਇਹ ਇਕ ਰਹਿਮ ਦਿਲ ਇਨਸਾਨ ਦੇ ਤੌਰ ਤੇ ਪੇਸ਼ ਹੁੰਦਾ ਹੈ। ਇਸ ਤਰ੍ਹਾਂ ਦੇ ਕਈ ਵਿਰੋਧਾਭਾਸ ਸਾਨੂੰ ਮਹਿਮੂਦ ਦੇ ਵਿਅਕਤਿਤਵ 'ਚ ਮਿਲਦੇ ਦਿਸਦੇ ਹਨ ਜਿਨ੍ਹਾਂ ਨੂੰ ਮੈਂ ਆਪਣੇ ਨਾਵਲ ਦੀ ਰਚਨਾ ਪ੍ਰਕਿਰਿਆ 'ਚ ਸ਼ਾਮਲ ਕੀਤਾ ਹੈ।

ਮਹਿਮੂਦ ਦੇ ਸੰਦਰਭ 'ਚ ਮੈਂ ਇਹ ਵੀ ਜਾਣਿਆ ਕਿ 'ਅਫ਼ਗਾਨ ਕੌਮ' ਹਾਲੇ ਹੋਂਦ 'ਚ ਨਹੀਂ ਸੀ ਆਈ। ਅਫ਼ਗਾਨ ਕੌਮ ਅਫ਼ਗਾਨਿਸਤਾਨ ਦੇ ਬਾਹਰੋਂ ਆਈਆਂ ਕਈ ਕੌਮਾਂ ਦਾ ਮਿਸ਼ਰਨ ਹੈ। ਸਿਕੰਦਰ ਤੋਂ ਲੈ ਕੇ ਬਾਬਰ ਤੱਕ। ਇਨ੍ਹਾਂ ਕੌਮਾਂ 'ਚ ਯੂਨਾਨੀ, ਹੂਨ, ਗੁਜਰ, ਯਹੂਦੀ, ਤੁਰਕ ਅਤੇ ਕਈ ਹੋਰ ਮੱਧ ਏਸ਼ੀਆਂ ਦੇ ਕਬੀਲਿਆਂ, ਜਾਤੀਆਂ ਦਾ ਮਿਸ਼ਰਨ ਹੈ। ਮਹਿਮੂਦ ਗਜ਼ਨਵੀ ਆਪ ਤੁਰਕ ਕੌਮ ਨਾਲ ਸਬੰਧ ਰੱਖਦਾ ਸੀ।


ਮਹਿਮੂਦ ਗਜ਼ਨਵੀ ਦਾ ਇਕ ਭਰੋਸੇਮੰਦ ਦੋਸਤ ਅਤੇ ਸੁਲਾਹਕਾਰ 'ਹਸਨਕ' ਹੈ ਜੋ ਮੇਰੇ ਇਸ ਨਾਵਲ 'ਚ ਇਕ ਸੂਹੀਏ ਵਾਂਗ ਪਰਵੇਸ਼ ਕਰਦਾ ਹੈ। ਫੇਰ ਅਵਸਰ ਪਾ ਕੇ ਉਹ ਸੁਰਾਪ੍ਰਭਾ ਨੂੰ ਉਧਾਲ ਕੇ ਲੈ ਜਾਂਦਾ ਹੈ- ਮਹਿਮੂਦ ਦੇ ਲਈ। ਨਾਵਲ 'ਚ ਇਸ ਦੀ ਭੂਮਿਕਾ ਕੁਝ ਕੁਝ ਉਸ ਤਰ੍ਹਾਂ ਹੈ ਜਿਵੇਂ ਆਨੰਦਪਾਲ ਲਈ ਤਿਲਕ ਦੀ। ਆਪਣੇ ਬਾਪ ਸੁਬਕਤਗੀਨ ਦੀ ਮੌਤ ਤੋਂ ਬਾਅਦ ਜਦ ਮਹਿਮੂਦ, ਗਜ਼ਨੀ ਦਾ ਸੁਲਤਾਨ ਬਣਦਾ ਹੈ ਤਾਂ ਹਸਨਕ ਨੂੰ ਵਜ਼ੀਰ-ਏ-ਆਜ਼ਮ ਦਾ ਅਹੁਦਾ ਪ੍ਰਾਪਤ ਹੋ ਜਾਂਦਾ ਹੈ। ਬਹੁਤ ਵਰ੍ਹਿਆਂ ਤੱਕ ਹਸਨਕ ਵਜ਼ੀਰ-ਏ-ਆਜ਼ਮ ਦੇ ਤੌਰ ਤੇ ਐਸ਼-ਓ-ਆਰਾਮ ਦੀ ਜ਼ਿੰਦਗੀ ਬਿਤਾਉਂਦਾ ਹੈ। ਇਸ ਦਾ ਅੰਤ ਵੀ ਮਹਿਮੂਦ ਦੇ ਹੱਥੋਂ ਹੀ ਹੁੰਦਾ ਹੈ।

ਉਨ੍ਹਾਂ ਸਮਿਆਂ 'ਚ ਕਿਸੇ ਮੁਲਕ ਦੇ ਹਾਕਮ ਲਈ, ਇਸਲਾਮ ਦੀ ਦੁਨੀਆਂ 'ਚ ਬਾਦਸ਼ਾਹ' ਸ਼ਬਦ ਨਹੀਂ ਸੀ ਵਰਤਿਆ ਜਾਂਦਾ। 'ਸੁਲਤਾਨ' ਲਫ਼ਜ਼ ਦੀ ਵਰਤੋਂ ਵੀ ਬਹੁਤ ਬਾਅਦ 'ਚ। ਉਨ੍ਹਾਂ ਲਈ ਅਮੀਰ ਸ਼ਬਦ ਵਰਤਿਆ ਜਾਂਦਾ ਸੀ। ਇਸੇ ਤਰ੍ਹਾਂ ਦਾ 'ਸ਼ੇਖ ਲਾਵੀ' ਮੁਲਤਾਨ ਦਾ ਅਮੀਰ ਸੀ। ਇਸਲਾਮ 'ਚ ਵੀ ਕਈ ਫਿਰਕੇ ਹਨ ਜਿਨ੍ਹਾਂ 'ਚ ਸ਼ੀਆ ਅਤੇ ਸੁਨ੍ਹੀ ਜ਼ਿਆਦਾ ਪ੍ਰਸਿੱਧ ਹਨ। ਸ਼ੀਆਂ ਵਾਂਗ ਇਕ ਫਿਰਕਾ 'ਕਾਰਮਾਤੀ' ਨਾਮ ਨਾਲ ਜਾਣਿਆ ਜਾਂਦਾ ਹੈ। ਸ਼ੀਆ ਸੁਨੀਆਂ ਵਿਚਕਾਰ ਤਾਂ ਵਿਤਕਰਾ ਹੈ ਹੀ, ਪਰ ਸੁਨ੍ਹੀਆਂ ਦੀ ਸਭ ਤੋਂ ਵੱਧ ਦੁਸ਼ਮਣੀ ਕਾਰਮਾਤੀਆਂ ਨਾਲ ਸੀ (ਅਤੇ ਹੈ) ਸ਼ੇਖ ਲਾਵੀ ਸ਼ੀਆ ਜਾਂ ਕਾਰਮਾਤੀ ਫਿਰਕੇ ਨਾਲ ਸੰਬੰਧ ਰਖਦਾ ਸੀ। ਮਹਿਮੂਦ ਗਜ਼ਨਵੀ ਕੱਟੜ ਸੁਨੀ ਸੀ। ਇਸ ਲਈ ਸ਼ੇਖ ਲਾਵੀ ਉਸ ਦਾ ਜਨਮ ਜਾਤ ਵੈਰੀ ਸੀ। ਸਭ ਤੋਂ ਜ਼ਿਆਦਾ ਕਤਲ-ਏ-ਆਮ ਮਹਿਮੂਦ ਨੇ ਮੁਲਤਾਨ ਤੇ ਹਮਲਾ ਕਰਕੇ ਉਥੋਂ ਦੇ ਕਾਰਮਾਤੀ ਜਾਂ ਸੁੰਨ੍ਹੀ ਮੁਸਲਮਾਨਾਂ ਦਾ ਕੀਤਾ।

ਨਾਵਲ 'ਚ ਕੁੱਝ ਘੱਟ ਮਹੱਤਵਪੂਰਨ ਪਾਤਰ ਵੀ ਹਨ, ਜਿਵੇਂ ਵਰੁਨ, ਭੱਟ, ਹਾਜੀ, ਮਤੰਗ, ਰਾਣੀ ਮਹਾਂਮਾਇਆ ਆਦਿ। ਭੱਟ ਜਾਂ ਚਾਰਨ ਇਕ ਤਰ੍ਹਾਂ ਦੇ ਤੁਰਦੇ ਫਿਰਦੇ ਕਵੀ ਹੁੰਦੇ ਸਨ ਜੋ ਜ਼ਿਆਦਾ ਤਰ ਰਾਜਿਆਂ ਦੀ ਬਹਾਦਰੀ ਦੀਆਂ ਗਾਥਾਵਾਂ ਕਵਿਤਾ 'ਚ ਲਿਖਦੇ ਅਤੇ ਗਾਉਂਦੇ ਸਨ। ਹਾਜੀ ਮਤੰਗ ਆਨੰਦਪਾਲ ਦਾ ਜਸੂਸ ਹੈ। ਇਸ ਪਾਤਰ ਨੂੰ ਬਠਿੰਡਾ ਦੇ 'ਹਾਜੀ ਰਤਨ' ਤੋਂ ਪ੍ਰਾਪਤ ਕੀਤੀ ਹੈ।

ਸਾਰੇ ਨਾਵਲ 'ਚ ਤਕਰੀਬਨ ਤੀਹ ਵਿਸ਼ੇਸ਼ ਪਾਤਰ ਪੰਜਾਬ ਦੇ ਹਨ ਅਤੇ ਅਠਾਰਾਂ ਕੁ ਮੁਸਲਮਾਨ- ਆਫ਼ਗਾਨਿਸਤਾਨ ਦੇ ਸਾਰੇ ਪਾਤਰ ਨਾਵਲ ਦੀ ਪੇਸ਼ਕਾਰੀ ਅਤੇ ਲੋੜ ਅਨੁਸਾਰ ਨਾਵਲ ਦੇ ਬਿਰਤਾਂਤ 'ਚ ਪਰਵੇਸ਼ ਕਰਦੇ ਅਤੇ ਆਪਣਾ ਕਿਰਦਾਰ ਨਿਭਾਉਂਦੇ ਹਨ।

**ਸੰਪਰਕ**-081307-82551




## ਮੈਂ ਆਪਣੇ ਨਾਵਲਾਂ ਚ ਕਾਲ ਪਰਵਾਹ ਨੂੰ ਪੇਸ਼ ਕਰਦਾ ਹਾਂ ਤਾਂ ਕਿ ਭਿੰਨ ਭਿੰਨ ਕਾਲ ਦੇ ਭਾਈਚਾਰੇ ਦਾ ਬੋਧ ਵੀ ਹੋ ਸਕੇ

**- ਦਰਸ਼ਨ ਸਿੰਘ ਧੀਰ**

ਜਿਵੇਂ ਕਿਸੇ ਫਾਊਂਡਰੀ ਦਾ ਮਾਲਕ ਆਪਣੀ ਮਨਮਰਜ਼ੀ ਦੇ ਲੋਹੇ ਦੇ ਪੈਟਰਨਜ਼ ਤਿਆਰ ਕਰਵਾਉਣ ਲਈ ਕੱਚਾ ਲੋਹਾ ਖਾਨਾਂ ਚੋਂ ਜਾਂ ਇਧਰ ਉਧਰ ਦੇ ਯਾਰਡਾਂ ਚ ਪਏ ਲੋਹੇ ਦੇ ਵਾਧੂ-ਘਾਟੂ ਪੁਰਜ਼ੇ ਲਿਆ ਕੇ ਤੇ ਆਪਣੀ ਫਾਊਂਡਰੀ ਦੀ ਲੋਹਾ ਢਾਲ਼ਣਵਾਲੀ ਭੱਠੀ ਵਿਚ ਪੁਆ ਕੇ ਪਹਿਲਾਂ ਉਹਦੀ ਢਾਲ਼ ਤਿਆਰ ਕਰਵਾਉਂਦਾ ਹੈ। ਫਿਰ ਉਸ ਢਾਲ਼ ਦੇ ਆਪਣੀ ਜ਼ਰੂਰਤ ਅਨੁਸਾਰ ਕਾਰਾਂ, ਲਾਰੀਆਂ ਜਾਂ ਹਵਾਈ ਜਹਾਜ਼ਾਂ ਦੇ ਇੰਜਨ, ਗੇਅਰ ਬਕਸ ਜਾਂ ਲੁੜੀਂਦੇ ਹੋਰ ਕਲ-ਪੁਰਜ਼ੇ ਬਣਵਾਉਂਦਾ ਹੈ। ਐਨ ਉਸੇ ਤਰ੍ਹਾਂ ਹੀ ਇਕ ਨਾਵਲਕਾਰ ਦਾ ਸਿਰਜਣਾਤਮਿਕ ਅਮਲ ਹੁੰਦਾ ਹੈ। ਦੋਹਾਂ ਵਿਚ ਇਹ ਫਰਕ ਜ਼ਰੂਰ ਹੁੰਦਾ ਕਿ ਫਾਉਂਡਰੀ ਦਾ ਮਾਲਕ ਇਹ ਸਾਰਾ ਕੰਮ ਆਪਣੇ ਨੌਕਰਾਂ ਤੇ ਮਜ਼ਦੂਰਾਂ ਕੋਲੋਂ ਕਰਵਾਉਂਦਾ ਹੈ ਅਤੇ ਨਾਵਲਕਾਰ ਨੂੰ ਇਹ ਸਾਰੀ ਕਿਰਿਆ ਆਪ ਕਰਨੀ ਪੈਂਦੀ ਹੈ। ਆਪਣੀ ਲਿਖਤ ਲਈ ਕੱਚਾ ਮਾਲ ਤਾਂ ਨਾਵਲਕਾਰ ਆਪਣੇ ਭਾਈਚਾਰੇ ਕੋਲੋਂ ਹੀ ਲੈਂਦਾ ਹੈ, ਪਰ ਉਸ ਕੱਚੇ ਮਾਲ ਨੂੰ ਕਿਸੇ ਹੋਰ ਕੋਲੋਂ ਢਲ਼ਵਾਉਣ ਦੀ ਥਾਂ ਆਪਣੇ ਦਿਮਾ.ਗ ਦੀ ਭੱਠੀ ਵਿਚ ਗਰਮਾਉਂਦਾ, ਢਾਲ਼ਦਾ ਤੇ ਪਿਘਲਾਉਂਦਾ ਹੈ। ਜਿਸ ਤਰ੍ਹਾਂ ਲੋਹੇ ਦੀ ਢਾਲ਼ ਬਣਨ ਤੋਂ ਪਹਿਲਾਂ ਕੱਚੇ ਲੋਹੇ ਨੂੰ ਕਈ ਤਰ੍ਹਾਂ ਦੀਆਂ ਪ੍ਰਕਿਰਿਆਵਾਂ ਚੋਂ ਲੰਘਣਾ ਪੈਂਦਾ ਹੈ ਤੇ ਜਿੱਦਾਂ ਉਸ ਵਿਚੋਂ ਲੰਘਦਿਆਂ ਉਹਦੇ ਨਾਲੋਂ ਬਹੁਤ ਸਾਰੇ ਅਣ ਲੁੜੀਂਦੇ ਕੈਮੀਕਲ ਝੜ ਜਾਂਦੇ ਹਨ; ਐਨ ਉਸੇ ਤਰ੍ਹਾਂ ਹੀ ਜਦ ਨਾਵਲਕਾਰ ਸਮਾਜਕ ਯਥਾਰਥ ਨਾਂ ਦੀ ਸਮਗਰੀ ਦੀ ਪੁਨਰ ਉਸਾਰੀ ਕਰਨ ਲਈ ਉਹਨੂੰ ਆਪਣੇ ਦਿਮਾਗ ਦੀ ਭੱਠੀ ਵਿਚ ਢਾਲ਼ਦਾ ਹੈ ਤਾਂ ਉਹਦੀ ਗਲਪ ਦ੍ਰਿਸ਼ਟੀ ਉਸ ਸਮੱਗਰੀ ਨਾਲੋਂ ਬੜਾ ਕੁਝ ਵਾਧੂ ਝਾੜ ਦਿੰਦੀ ਹੈ ਤੇ ਬੜਾ ਕੁਝ ਉਸ ਵਿਚ ਨਵਾਂ ਪਾ ਦਿੰਦੀ ਹੈ। ਇਸ ਅਮਲ ਵਿਚੋਂ ਲੰਘਣ ਮਗਰੋਂ ਹੀ ਕੋਈ ਰਚਨਾ ਆਪਣਾ ਰੂਪ ਧਾਰਦੀ ਹੈ।

ਮੈਂ ਆਪਣੇ ਨਾਵਲਾਂ ਚ ਕਾਲ ਪਰਵਾਹ ਨੂੰ ਪੇਸ਼ ਕਰਦਾ ਹਾਂ ਤਾਂ ਕਿ ਪਾਠਕ ਨੂੰ ਭਿੰਨ ਭਿੰਨ ਕਾਲ ਦੇ ਭਾਈਚਾਰੇ ਦਾ ਬੋਧ ਵੀ ਹੋ ਸਕੇ, ਉਹਦੀ ਚਾਲ ਦੇ ਪਛਾਣ-ਚਿੰਨ੍ਹ ਵੀ ਦੇਖਸ ਕੇ ਤੇ ਇਹ ਜਾਣ ਸਕੇ ਕਿ ਸਮੇਂ ਦੀ ਚਾਲ ਕਿਸੇ ਭਾਈਚਾਰੇ ਦੇ ਸਭਿਆਚਾਰ ਦਾ ਕਿੱਦਾਂ ਰੂਪਾਂਤਰਣ ਕਰਦੀ ਹੈ। ਮੇਰਾ ਨਾ ਕਿਸੇ ਕਾਲ ਨਾਲ, ਨਾ ਕਿਸੇ ਵਿਅਕਤੀ ਨਾਲ ਮੋਹ ਜਾਂ ਘਿਰਣਾ ਹੈ। ਮੇਰਾ ਮੋਹ ਉਸ ਸਮੇਂ ਦੇ ਸੱਚ ਨਾਲ ਹੈ ਜਿਸਨੂੰ ਮੈਂ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਜੇ ਕਿਸੇ ਮਿੱਤਰ ਨੂੰ '**ਜੜ੍ਹ**' ਨਾਵਲ ਚੋਂ ਇਹ ਗੱਲ ਨਜ਼ਰ ਨਹੀਂ ਆਉਂਦੀ ਤਾਂ ਉਹਨੂੰ ਧਿਆਨ ਨਾਲ ਪੜ੍ਹਨ ਦੀ ਜ਼ਰੂਰਤ ਹੈ।





ਸਮੇਂ ਦੇ ਬਦਲਣ ਨਾਲ ਉਹਦੀਆਂ ਕਦਰਾਂ-ਕੀਮਤਾਂ ਵਿਚ ਕਿਸ ਤਰ੍ਹਾਂ ਦਾ ਬਦਲਾਅ ਆਉਂਦਾ, ਕਿੱਦਾਂ ਉਨ੍ਹਾਂ ਦੀ ਟੁੱਟ-ਭੱਜ ਹੁੰਦੀ ਤੇ ਕਿਹੋ ਜਿਹਾ ਉਹ ਰੂਪ ਧਾਰਦੀਆਂ ਹਨ। ਵਕਤ ਦਾ ਅਦਿਸ ਹੱਥ ਉਨ੍ਹਾਂ ਨਾਲੋਂ ਕੀ ਝਾੜ ਦਿੰਦਾ, ਕੀ ਨਵਾਂ ਜੋੜ ਦਿੰਦਾ ਹੈ। ਹਰ ਨਾਵਲ ਲੇਖਕ ਨੂੰ ਆਪਣੇ ਜੀਵਨ ਦੇ ਸਫ਼ਰ ਚ ਅਜਿਹੇ ਦਿਲਚਸਪ ਤੇ ਅਨੋਖੇ ਬੰਦੇ ਮਿਲ ਜਾਂਦੇ ਹਨ, ਜਿਨ੍ਹਾਂ ਨੂੰ ਮਾਡਲ ਬਣਾ ਕੇ ਨਾਵਲ ਦੇ ਪਾਤਰ ਸਿਰਜੇ ਜਾ ਸਕਦੇ ਹਨ। ਫਿਰ ਜਦ ਮੈਨੂੰ ਕੋਈ ਖਿਆਲ ਔੜਦਾ ਹੈ ਤਾਂ ਮੇਰੇ ਸਾਮ੍ਹਣੇ ਇਹ ਪ੍ਰਸ਼ਨ ਖੜਾ ਹੋ ਜਾਂਦਾ ਹੈ ਕਿ ਉਸ ਮਾਡਲ ਨੂੰ ਨਾਵਲ ਦਾ ਪਾਤਰ ਕਿੱਦਾਂ ਬਣਾਉਣਾ ਹੈ। ਇਥੇ ਆ ਕੇ ਮੈਨੂੰ ਵੀ ਹਰ ਨਾਵਲਕਾਰ ਵਾਂਗ ਨਾਵਲ ਦੇ ਵਿਸ਼ੇ ਬਾਰੇ ਖੋਜ ਕਰਨੀ ਪੈਂਦੀ ਹੈ ਜਾਂ ਉਸ ਸਮਗਰੀ ਨੂੰ ਦਿਮਾਗ ਦੀ ਭੱਠੀ ਵਿਚ ਪਿਘਲਾਉਣ ਪੈਂਦਾ ਹੈ। ਇਹ ਹੀ ਸਿਰਜਣ-ਪ੍ਰਕਿਰਿਆ ਹੁੰਦੀ ਹੈ। ਉਹਦੇ ਦਿਮਾਗ ਚ ਉਹਦੀਆਂ ਸ਼ਕਲਾਂ ਬਣਦੀਆਂ ਮਿਟਦੀਆਂ ਰਹਿੰਦੀਆਂ ਹਨ। ਇਸ ਸਿਰਜਣ-ਪ੍ਰਕਿਰਿਆ ਚੋਂ ਲੰਘਦਿਆਂ ਜਦ ਮੈਂ ਦੇਖਦਾ ਹਾਂ ਕਿ ਉਸ ਖਿਆਲ ਦਾ ਪ੍ਰਭਾਵਸ਼ਾਲੀ ਖਰੜਾ ਤਿਆਰ ਹੋ ਸਕਦਾ ਹੈ ਤਾਂ ਮੈਂ ਲਿਖਣਾ ਸ਼ੁਰੂ ਕਰ ਦਿੰਦਾ ਹਾਂ।


ਜਿਸ ਤਰ੍ਹਾਂ ਹਰ ਬੰਦੇ ਦਾ ਗੱਲ ਕਰਨ ਤੇ ਤੁਰਨ ਦਾ ਅੰਦਾਜ਼ ਦੂਜੇ ਨਾਲੋਂ ਵੱਖਰਾ ਹੁੰਦਾ ਹੈ, ਉਸੇ ਤਰ੍ਹਾਂ ਹੀ ਹਰ ਲੇਖਕ ਦਾ ਲਿਖਣ-ਢੰਗ ਵੀ ਦੂਜੇ ਲੇਖਕ ਨਾਲੋਂ ਵੱਖਰਾ ਹੁੰਦਾ ਹੈ ਜਾਂ ਲਿਖਣ ਸ਼ੈਲੀ ਵੱਖਰੀ ਹੁੰਦੀ ਹੈ ਜੋ ਲਿਖਤ ਵਿਚ ਵਰਤੇ ਸ਼ਬਦਾਂ ਦੀ ਚੋਣ, ਉਨ੍ਹਾਂ ਨੂੰ ਵਰਤਣ ਦੀ ਤਰਤੀਬ, ਵਾਕਾਂਸ਼ ਤੇ ਵਾਕਾਂ ਦੇ ਬਣਾਉਣ ਦੇ ਸੁਮੇਲ ਤੋਂ ਬਣਦੀ ਹੈ। ਜਦ ਤਕ ਕਿਸੇ ਲੇਖਕ ਦੀ ਭਾਸ਼ਾ-ਸ਼ੈਲੀ ਨਹੀਂ ਬਣਦੀ ਉਹ ਵਿਲੱਖਣ ਨਾਵਲਕਾਰ ਨਹੀਂ ਹੋ ਸਕਦਾ। ਇਹ ਰਾਹ ਬੜਾ ਲੰਮਾ ਤੇ ਔਖਾ ਹੈ ਪਰ ਹਰ ਲੇਖਕ ਨੂੰ ਆਪਣਾ ਰਾਹ ਆਪ ਬਣਾਉਣਾ ਪੈਂਦਾ ਹੈ। ਇਸ ਤੋਂ ਬਿਨਾਂ ਕਿਸੇ ਲੇਖਕ ਦੀ ਮੁਕਤੀ ਨਹੀਂ। ਹਰ ਲੇਖਕ ਆਪਣੀ ਰਚਨਾ ਲਈ ਖਿਆਲ ਤੇ ਪਾਤਰ ਤਾਂ ਆਪਣੇ ਸਮਾਜ ਵਿਚੋਂ ਹੀ ਲੈਂਦਾ ਹੈ। ਉਸਨੂੰ ਪੇਸ਼ ਕਰਨ ਦਾ ਉਹਦਾ ਢੰਗ ਹੀ ਆਪਣਾ ਹੁੰਦਾ, ਜੋ ਉਹਦੀ ਪ੍ਰਕਿਰਤੀ, ਪ੍ਰਤਿਭਾ, ਦ੍ਰਿਸ਼ਟੀ ਦੇ ਜਮ੍ਹਾ-ਜੋੜ ਤੋਂ ਰੂਪ ਧਾਰਦਾ ਹੈ। ਉਸ ਪਿੱਛੇ ਲੇਖਕ ਦੀ ਸਮਾਜ ਨੂੰ ਦੇਖਣ ਦੀ ਅੱਖ ਕੰਮ ਕਰਦੀ ਹੁੰਦੀ।


ਆਪਣੇ ਖਿਆਲਾਂ ਨੂੰ ਆਪਣੇ ਅੰਦਾਜ਼ ਵਿਚ ਪੇਸ਼ ਕਰਨ ਲਈ ਹਰ ਲੇਖਕ ਨੂੰ ਜੂਝਣਾ ਪੈਂਦਾ ਹੈ। ਉਸ ਜੂਝਣ ਵਿਚ ਹੀ ਸਹੀ ਸ਼ਬਦਾਂ ਨੂੰ ਸਹੀ ਥਾਂ ਵਰਤਣ ਤੇ ਉਨ੍ਹਾਂ ਦੀ ਸ਼ੇਡਜ਼ ਦਾ ਮਸਲਾ ਆ ਜਾਂਦਾ ਹੈ। ਉਹਦੇ ਵਿਚੇ ਲੈਅ ਦਾ ਪ੍ਰਸ਼ਨ ਵੀ ਸ਼ਾਮਲ ਹੋ ਜਾਂਦਾ ਹੈ ਜਿਹੜੀ ਵਾਕਾਂਸ਼ਾਂ ਤੇ ਵਾਕਾਂ ਦੇ ਤੋੜਨ ਅਤੇ ਉਨ੍ਹਾਂ ਨੂੰ ਮੁੜ ਮੁੜ ਜੋੜਨ ਦੇ ਅਮਲ ਤੋਂ ਬਣਦੀ ਹੈ। ਮੈਂ ਆਪਣੀ ਗੱਲ ਦੀ ਪੁਸ਼ਟੀ ਲਈ ਰਾਜਿੰਦਰ ਸਿੰਘ ਬੇਦੀ ਦੀ ਟਿੱਪਣੀ ਦਾ ਸਹਾਰਾ ਲੈਣਾ ਚਾਹਾਂਗਾ। ਉਹ ਆਪਣੇ 'ਕਹਾਣੀ ਅਨੁਭਵ ਦੀਆਂ ਰਚਨੇਈ ਸਮੱਸਿਆਵਾਂ ਵਾਲੇ ਲੇਖ ਵਿਚ ਲਿਖਦਾ ਹੈ: "ਕਹਾਣੀ ਤੇ ਸ਼ਿਅਰ ਵਿਚ ਕੋਈ ਲੰਮਾ-ਚੌੜਾ ਫ਼ਰਕ ਨਹੀਂ ਹੁੰਦਾ, ਜੇ ਹੁੰਦਾ ਵੀ ਹੈ ਤਾਂ ਕੇਵਲ ਇਹ ਕਿ ਸ਼ਿਅਰ ਦਾ ਛੰਦ ਛੋਟਾ ਹੁੰਦਾ ਹੈ ਤੇ ਕਹਾਣੀ ਦਾ ਆਦਿ ਤੋਂ ਅੰਤ ਤਕ ਚਲਦਾ ਹੈ।"

ਨਾਵਲ ਲਿਖਣ ਬਾਰੇ ਮੈਂ ਸਮੇਂ ਸਮੇਂ ਨੇਮ ਬਣਾਉਂਦਾ, ਢਾਹੁੰਦਾ ਤੇ ਉਨ੍ਹਾਂ ਦੀ ਥਾਂ ਨਵੇਂ ਬਣਾਉਂਦਾ ਰਹਿੰਦਾ ਹਾਂ; ਉਨ੍ਹਾਂ ਚੋਂ ਇਕ-ਦੋ ਪਾਠਕਾਂ ਨਾਲ ਸਾਂਝੇ ਕਰਨਾ ਚਾਹਾਂਗਾ। ਇਕ, ਮੈਂ ਕੋਈ ਪੱਕੀ-ਪੀਡੀ ਯੋਜਨਾ ਬਣਾ ਕੇ ਨਾਵਲ ਲਿਖਣਾ ਅਰੰਭ ਨਹੀਂ ਕਰਦਾ। ਮੈਨੂੰ ਸਿਰਫ਼ ਇੰਨਾ ਹੀ ਪਤਾ ਹੁੰਦਾ, ਮੈਂ ਕੀ ਕਹਿਣਾ ਤੇ ਮੇਰੇ ਨਾਵਲ ਦੇ ਮੁੱਖ ਪਾਤਰਾਂ ਨੇ ਕਿਥੋਂ ਤੁਰਨਾ, ਕਿਥੇ ਪਹੁੰਚਣਾ। ਉਨ੍ਹਾਂ ਦੇ ਕੀ ਸੁਪਨੇ, ਕੀ ਵਿਚਾਰ ਤੇ ਉਸ ਵੇਲੇ ਦਾ ਸਮਾਜਕ ਯਥਾਰਥ ਕੀ ਹੈ ਜਿਸ ਨਾਲ ਉਨ੍ਹਾਂ ਨੂੰ ਦੋ-ਚਾਰ ਹੋਣਾ ਪੈਣਾ। ਉਨ੍ਹਾਂ ਦੇ ਰਾਹ ਵਿਚ ਕੀ ਕੀ ਸਮੱਸਿਆਵਾਂ ਆ ਸਕਦੀਆਂ ਹਨ ਜਾਂ ਉਨ੍ਹਾਂ ਨੂੰ ਕਿਨ੍ਹਾਂ ਕਿਨ੍ਹਾਂ ਸਥਿਤੀਆਂ ਨਾਲ ਜੂਝਣਾ ਪੈ ਸਕਦਾ ਹੈ, ਉਨ੍ਹਾਂ ਦੀ ਹੋਣੀ ਕੀ ਹੋ ਸਕਦੀ ਹੈ। ਇਸ ਗੱਲ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਮੈਂ ਆਪਣੇ ਵਿਸ਼ੇ ਜਾਂ ਪਾਤਰਾਂ ਦੀ ਖੋਜ ਨਹੀਂ ਕਰਦਾ। ਖੋਜ ਵੀ ਕਰਦਾ ਹਾਂ, ਨੋਟਸ ਵੀ ਲੈਂਦਾ ਹਾਂ। ਨੋਟਸ




ਲੈ ਕੇ ਉਨ੍ਹਾਂ ਨੂੰ ਪਚਾਉਂਦਾ ਹਾਂ। ਪਚਾ ਚੁੱਕਣ ਮਗਰੋਂ ਉਹ ਜਾਣਕਾਰੀ ਆਪਣੇ ਨਾਵਲਾਂ ਵਿਚ ਵਰਤਦਾ ਹਾਂ। ਉਨ੍ਹਾਂ ਨੂੰ ਕਿਤਾਬਾਂ ਚੋਂ ਚੁੱਕ ਕੇ ਹੂ-ਬ-ਹੂ ਨਾਵਲ ਵਿਚ ਨਹੀਂ ਘਸੋੜ ਦਿੰਦਾ। ਮੈਂ ਆਪਣੇ ਪਾਤਰਾਂ ਦੇ ਨਾਂ, ਘਟਨਾ-ਸਥਲ, ਵਿਚਾਰ, ਪ੍ਰਕਿਰਤੀ ਤੇ ਸੁਪਨਿਆਂ ਬਾਰੇ ਮੋਟੀ ਮੋਟੀ ਜਾਣਕਾਰੀ ਲਿਖ ਕੇ ਆਪਣੇ ਸਾਮ੍ਹਣੇ ਕੰਪਿਊਟਰ ਤੇ ਰੱਖ ਲੈਂਦਾ ਹਾਂ ਤਾਂ ਕਿ ਉਨ੍ਹਾਂ ਦੇ ਨਾਂ, ਸੁਭਾ ਤੇ ਥਾਂ ਆਪਸ ਵਿਚ ਰਲ-ਗਡ ਨਾ ਹੋ ਜਾਣ।

ਦੋ, ਮੇਰੇ ਨਾਵਲ ਦੀ ਦੁਨੀਆਂ ਵਿਚ ਪਹਿਲਾਂ ਇਕ-ਦੋ ਮੁੱਖ ਪਾਤਰ ਪਰਵੇਸ਼ ਕਰਦੇ ਹਨ। ਸਹਿਜੇ ਸਹਿਜੇ ਉਨ੍ਹਾਂ ਨਾਲ ਹੋਰ ਪਾਤਰ ਤੇ ਘਟਨਾਵਾਂ ਜੁੜਦੀਆਂ ਰਹਿੰਦੀਆਂ ਹਨ। ਫਿਰ ਨਾਵਲ ਵਿਚਲੇ ਪਾਤਰਾਂ ਦੀਆਂ ਆਪਸ ਵਿਚ ਦੋਸਤੀਆਂ, ਦੁਸ਼ਮਣੀਆਂ ਬਣਨ ਲਗ ਪੈਂਦੀਆਂ ਹਨ ਤੇ ਉਨ੍ਹਾਂ ਚੋਂ ਕਈ ਰਿਸ਼ਤੇਦਾਰੀਆਂ ਵਿਚ ਵੀ ਬੱਝਣ ਲਗ ਪੈਂਦੇ ਹਨ। ਹੌਲੀ ਹੌਲੀ ਇਸ ਸੰਸਾਰ ਵਰਗਾ ਇਕ ਮਿੰਨੀ ਸੰਸਾਰ ਉਸਰ ਜਾਂਦਾ ਹੈ। ਉਹ ਸੰਸਾਰ ਇਸ ਦੁਨੀਆਂ ਨਾਲ ਰਲ਼ਦਾ ਮਿਲਦਾ ਵੀ ਹੁੰਦਾ ਤੇ ਇਹਦੇ ਨਾਲੋਂ ਵੱਖਰਾ ਵੀ। ਇਕ ਐਂਗਲ ਤੋਂ ਦੇਖਿਆਂ ਉਹ ਇਸ ਸੰਸਾਰ ਦੀ ਕਾਰਬਨ ਕਾਪੀ ਲਗਦਾ, ਦੂਜੇ ਤੋਂ ਦੇਖਿਆਂ ਜਾਪਦਾ ਕਿ ਉਹ ਇਸ ਦੁਨੀਆਂ ਦੀ ਨਕਲ ਨਹੀਂ ਜਾਪਦੀ। ਨਕਲ ਹੋ ਹੀ ਨਹੀਂ ਸਕਦੀ, ਕਿਉਂਕਿ ਸਮਾਜਕ ਯਥਾਰਥ ਦੀ ਪੁਨਰ ਉਸਾਰੀ ਕਰਨ ਸਮੇਂ ਉਹਦੇ ਵਿਚ ਮੇਰੀ ਗਲਪ-ਦ੍ਰਿਸ਼ਟੀ ਤੇ ਹੋਰ ਬੜਾ ਕੁਝ ਸ਼ਾਮਲ ਹੋ ਜਾਂਦਾ ਹੈ। ਨਾਵਲੀ ਸੰਸਾਰ ਦੇ ਪਾਤਰ ਇਸ ਦੁਨੀਆਂ ਦੇ ਮਨੁੱਖਾਂ ਨਾਲ ਮਿਲਦੇ ਵੀ ਹਨ ਤੇ ਇਨ੍ਹਾਂ ਨਾਲੋਂ ਵੱਖਰੀ ਵੀ ਹੁੰਦੇ ਹਨ। ਦੋਵੇਂ ਸੰਸਾਰ ਦੇਖਣ ਨੂੰ ਸਮਰੂਪ ਲਗਣ ਦੇ ਬਾਵਜੂਦ ਉਨ੍ਹਾਂ ਚ ਬੜੀ ਭਿੰਨਤਾ ਹੁੰਦੀ ਹੈ, ਕਿਉਂਕਿ ਇਕ ਪਾਸੇ ਕਲਪਿਤ ਸੰਸਾਰ ਹੁੰਦਾ ਤੇ ਦੂਜੇ ਪਾਸੇ ਅਸਲ ਸੰਸਾਰ। ਜੇ ਦੋਹਾਂ ਚ ਸਮਾਨਤਾ ਦਿਸਦੀ ਹੈ, ਉਹ ਗਲਪ ਨਹੀਂ ਹੋ ਸਕਦਾ, ਹੋਰ ਬੇਸ਼ੱਕ ਕੁਝ ਵੀ ਹੋਵੇ।

ਮੇਰੇ ਨਾਵਲ ਵਿਚਾਰ ਆਧਾਰਤ ਹੁੰਦੇ ਹਨ। ਕਿਸੇ ਉੱਤਮ ਖਿਆਲ ਤੋਂ ਬਿਨਾਂ ਮੈਂ ਨਾਵਲ ਲਿਖ ਹੀ ਨਹੀਂ ਸਕਦਾ। ਮੇਰੇ ਲਈ ਵਿਚਾਰ ਉਹ ਆਧਾਰ-ਸ਼ਿਲਾ ਹੁੰਦੀ ਹੈ ਜਿਸ ਉਪਰ ਨਾਵਲੀ ਮਹਿਲ ਨੇ ਉਸਰਨਾ ਹੁੰਦਾ ਤੇ ਜ਼ਿੰਦਗੀ ਚ ਵਿਚਰ ਰਹੇ ਬੰਦਿਆਂ ਨੇ ਪਾਤਰ ਬਣਨਾ ਹੁੰਦਾ ਹੈ। ਇਹ ਵਿਚਾਰ ਹੀ ਹੁੰਦਾ ਹੈ, ਜਿਹੜਾ ਬੰਦਿਆਂ ਨੂੰ ਪਾਤਰ ਬਣਾਉਂਦਾ ਤੇ ਉਨ੍ਹਾਂ ਕੋਲੋਂ ਵਿਅਕਤੀਆਂ ਨਾਲੋਂ ਕਿਤੇ ਵੱਡੇ ਕੰਮ ਕਰਾਉਂਦਾ ਹੈ। ਇਸ ਗੱਲ ਨੂੰ ਹੀ ਡਾ. ਗੁਰਪਾਲ ਸਿੰਘ ਸੰਧੂ 'ਮੇਰੀ ਨਾਵਲਕਾਰੀ ਦਾ ਮੁੱਖ ਗੁਣ ਸੰਕਲਪ ਆਧਰਤ ਨਾਵਲੀ ਵਸਤੂ ਨੂੰ ਰੂਪਮਾਨ ਕਰਨਾ ਕਹਿੰਦਾ ਹੈ ਜਾਂ ਵਿਚਾਰਾਤਮਕਤਾ ਦਾ ਨਾਂ ਦਿੰਦਾ ਹੈ ਤੇ ਡਾ. ਰਾਣਾ ਨੈਇਅਰ ਕਹਿੰਦਾ ਹੈ। ਘੱਟੋ ਘਟ ਮੇਰੇ ਲਈ ਤਾਂ ਸ੍ਰੇਸ਼ਟ ਵਿਚਾਰ ਦਾ ਹੋਣਾ ਅਤਿ ਜ਼ਰੂਰੀ ਹੈ। ਇਹ ਵਿਚਾਰ ਹੀ ਹੁੰਦਾ ਹੈ ਜਿਹੜਾ ਨਾਵਲ ਲਿਖਦਿਆਂ ਮੇਰੇ ਕੋਲੋਂ ਬੜਾ ਕੁਝ ਉਸ ਵਿਚ ਪੁਆਉਂਦਾ ਹੈ ਤੇ ਛੁਪਾਉਂਦਾ ਵੀ ਹੈ। ਇਹ ਹੀ ਨਾਵਲਕਾਰ ਨੂੰ ਘਟਨਾਵਾਂ ਭਰੇ ਇਸ ਸੰਸਾਰ ਚੋਂ ਕੀ ਚੁਣਨ, ਕੀ ਛੱਡਣ ਦੀ ਨਜ਼ਰ ਪ੍ਰਦਾਨ ਕਰਦਾ ਹੈ। ਉਂਜ ਤਾਂ ਦੁਨੀਆਂ ਚ ਇੰਨੀਆਂ ਘਟਨਾਵਾਂ ਹੁੰਦੀਆਂ ਹਨ ਕਿ ਕੋਈ ਨਾਵਲਕਾਰ ਭਾਵੇਂ ਲਿਖ ਲਿਖ ਕਾਗ਼ਜ਼ਾਂ ਦੇ ਟਰੱਕਾਂ ਦੇ ਟਰੱਕ ਭਰੀ ਜਾਵੇ। ਉਹ ਤਦ ਵੀ ਨਹੀਂ ਮੁੱਕ ਸਕਦੀਆਂ।



ਹੋਰ ਨਾਵਲਕਾਰਾਂ ਵਾਂਗ ਮੈਂ ਵੀ ਆਪਣੇ ਪਾਤਰ ਆਪਣੇ ਪਰਿਵਾਰ, ਰਿਸ਼ਤੇਦਾਰਾਂ ਤੇ ਆਲੇ ਦੁਆਲੇ ਦੀ ਦੇਖੀ-ਸੁਣੀ ਦੁਨੀਆਂ ਚੋਂ ਹੀ ਲੈਂਦਾ ਹਾਂ, ਪਰ ਉਹ ਪਾਤਰ ਨਹੀਂ, ਵਿਅਕਤੀ ਹੁੰਦੇ ਹਨ। ਉਨ੍ਹਾਂ ਨੂੰ ਪਾਤਰ ਉਹ ਵਿਚਾਰ ਹੀ ਬਣਾਉਂਦੀ ਹੈ, ਜਿਹੜਾ ਮੈਂ ਪੇਸ਼ ਕਰਨਾ ਚਾਹੁੰਦਾ ਹਾਂ। ਅਸਲ ਚ ਪਾਤਰ ਸਿਰਜਣ ਦਾ ਬੜਾ ਟੇਢਾ ਮਸਲਾ ਹੈ। ਉਹ ਅਜਿਹਾ ਕਿਉਂ ਹੈ? ਇਸ ਗੱਲ ਦੇ ਉੱਤਰ ਚ ਕਿਹਾ ਜਾ ਸਕਦਾ ਹੈ। ਕੀ ਨਾਵਲਕਾਰ ਨੇ ਕੇਵਲ ਪਾਤਰ ਹੀ ਚਿੱਤਰਨੇ ਹਨ ਜਾਂ ਉਨ੍ਹਾਂ ਨੂੰ ਕੋਈ ਵਿਸ਼ੇਸ਼ ਵਿਅਕਤੀਤਵ ਵੀ ਦੇਣਾ ਹੈ। ਮੇਰੇ ਖਿਆਲ ਚ ਜਿੰਨਾ ਚਿਰ ਕੋਈ ਨਾਵਲਕਾਰ ਆਪਣੇ ਪਾਤਰਾਂ ਨੂੰ ਵਿਸ਼ੇਸ਼ ਵਿਅਕਤੀਤਵ ਨਹੀਂ ਦਿੰਦਾ, ਓਨਾ ਚਿਰ ਉਹ ਮੌਲਿਕ, ਵਿਲੱਖਣ ਜਾਂ ਜਾਨਦਾਰ ਨਹੀਂ ਹੋ ਸਕਦੇ ਤੇ ਨਾ ਹੀ ਉਹ ਪਾਠਕਾਂ ਦੀਆਂ ਸਿਮਰਤੀਆਂ ਚ ਚਿਰ-ਸਥਾਈ ਜੀਂਦੇ ਰਹਿ ਸਕਦੇ। ਉਹ ਹਵਾ ਦੇ ਬੁੱਲੇ ਵਾਂਗ ਆਉਂਦੇ ਤੇ ਚਲੇ ਜਾਂਦੇ। ਇਹ ਪਾਤਰਾਂ ਦੀ ਮੌਲਕਤਾ ਹੀ ਹੁੰਦੀ ਜਿਹੜੀ ਉਨ੍ਹਾਂ ਨੂੰ ਯਾਦਗਾਰੀ ਬਣਾਉਂਦੀ ਤੇ ਪਾਠਕਾਂ ਦੇ ਮਨਾਂ ਤੇ ਚਿਰ-ਸਥਾਈ ਛਾਪ ਛੱਡਦੀ ਹੈ। ਨਾਵਲਕਾਰ ਨੂੰ ਇਹ ਗੱਲ ਵੀ ਦੇਖਣ ਦੀ ਲੋੜ ਹੁੰਦੀ ਹੈ ਕਿ ਉਸ ਵਕਤ ਸਮਾਜਿਕ, ਆਰਥਿਕ, ਰਾਜਨੀਤਕ ਹਾਲਾਤ ਕਿਹੋ ਜਿਹੇ ਹਨ, ਜਿਸ ਸਮੇਂ ਦੇ ਉਹ ਪਾਤਰ ਸਿਰਜ ਰਿਹਾ ਹੈ। ਸਮੇਂ ਅਨੁਸਾਰ ਹੀ ਪਾਤਰ ਸਿਰਜੇ ਜਾ ਸਕਦੇ ਹਨ। ਇਹ ਗੱਲ ਹੋ ਹੀ ਨਹੀਂ ਸਕਦੀ ਕਿ ਫਿਊਡਲ ਕਾਲ ਵਰਗੇ ਪਾਤਰ ਸਰਮਾਏਦਾਰੀ ਨਿਜ਼ਾਮ ਵਿਚ ਰਚੇ ਜਾ ਸਕਣ ਤੇ ਨਾ ਹੀ ਰਚਨੇ ਚਾਹੀਦੇ। ਇਹ ਸਥਿਤੀਆਂ ਜਾਂ ਨਾਵਲਕਾਰ ਦੀ ਦ੍ਰਿਸ਼ਟੀ ਹੀ ਹੁੰਦੀ, ਜਿਹੜੀ ਕਿਸੇ ਨਾਵਲਕਾਰ ਕੋਲੋਂ ਛੋਟੇ ਵੱਡੇ ਪਾਤਰਾਂ ਦੀ ਸਿਰਜਣਾ ਕਰਵਾਉਂਦੀ ਹੈ। ਉਹਦੇ ਕੋਲੋਂ ਉਨ੍ਹਾਂ ਨੂੰ ਹਵਾ ਦੇ ਰੁਖ ਚਲਣਵਾਲੇ ਜਾਂ ਹਵਾ ਦੇ ਉਲਟ ਉਡਾਨ ਭਰਨ ਵਾਲੇ ਕਿਰਦਾਰਾਂ ਦੀ ਰਚਨਾ ਕਰਵਾਉਂਦੀ ਹੈ। ਉਹ ਹੀ ਪਾਤਰਾਂ ਨੂੰ ਸਾਣ ਤੇ ਚਾੜ੍ਹਨ, ਤੇਜੀ ਲਿਆਉਣ, ਅੜਨ ਤੇ ਵੰਗਾਰ ਵਰਗੇ ਗੁਣ ਪ੍ਰਦਾਨ ਕਰਦੀ ਹੈ।

'ਜੜ੍ਹ' ਨਾਵਲ ਮੇਰਾ ਹੁਣ ਤਕ ਦਾ ਤੇਰਵਾਂ ਨਾਵਲ ਹੈ, ਪਰ ਵੱਡ ਆਕਾਰੀ ਨੌਂਵਾਂ। ਇਹ ਇਸੇ ਵਰ੍ਹੇ ਜੁਲਾਈ, 2016 ਚ ਪ੍ਰਕਾਸ਼ਤ ਹੋਇਆ ਹੈ। ਇਹਦੇ ਚ ਮੈਂ ਜੋ ਵਿਸ਼ਾ, ਸਮਾਂ ਤੇ ਸਥਾਨ ਲੈਣਾ ਚਾਹੁੰਦਾ ਸੀ ਉਹ ਕਈ ਸਾਲ ਤੋਂ ਮੇਰਾ ਪਿੱਛਾ ਕਰਦੇ ਆ ਰਹੇ ਸਨ। ਪਰ ਇਨ੍ਹਾਂ ਨੂੰ ਬੱਝਵੇਂ ਰੂਪ ਵਿਚ ਪੇਸ਼ ਕਰਨ ਲਈ ਮੈਨੂੰ ਕੋਈ ਢੰਗ ਨਹੀਂ ਸੀ ਲੱਭ ਰਿਹਾ। ਮੈਂ ਇਸ ਨਾਵਲ ਦੀ ਸਿਰਜਣ-ਪ੍ਰਕਿਰਿਆ ਨਾਲ ਜੁੜਦਾ, ਟੁੱਟਦਾ ਤੇ ਫਿਰ ਜੁੜਦਾ ਰਿਹਾ। ਪਰ ਉਹਦੀ ਅਭਿਵਿਕਤੀ ਦਾ ਕੋਈ ਸਾਰਥਕ ਢੰਗ ਮੇਰੀ ਪਕੜ ਵਿਚ ਨਹੀਂ ਸੀ ਆ ਰਿਹਾ। ਇਸ ਗੱਲ ਦਾ ਵੱਡਾ ਕਾਰਨ ਵੀ ਇਹ ਤਿੰਨੇ ਗੱਲਾਂ ਹੀ ਸਨ। ਅਸਲ ਚ ਮੈਂ ਇਹ ਨਾਵਲ ਉਸ ਸਮੇਂ ਤੋਂ ਸ਼ੁਰੂ ਕਰਨਾ ਚਾਹੁੰਦਾ ਸੀ ਜਦ ਮਨੁੱਖ ਕਬੀਲਿਆਂ ਚ ਰਹਿੰਦਾ, ਚਰਵਾਹਾ ਜੀਵਨ ਜੀਂਦਾ ਤੇ ਕੱਖਾਂ-ਕਾਨਾਂ ਦੀਆਂ ਕੁੱਲੀਆਂ ਚ ਆਪਣਾ ਜੀਵਨ ਬਤੀਤ ਕਰਦਾ ਸੀ। ਮੀਂਹਾਂ, ਝੱਖੜਾਂ ਤੇ ਹਨੇਰੀਆਂ ਦੀ ਕਰੋਪੀ ਨਾਲ ਉਨ੍ਹਾਂ ਦੀਆਂ ਬਣਾਈਆਂ ਕੁੱਲੀਆਂ ਕਈ ਵਾਰੀ ਉਡ-ਪੁੱਡ ਤੇ ਖਿਲਰ ਜਾਂਦੀਆਂ, ਜਿਹੜੀਆਂ ਉਹਨੂੰ ਵਾਰ ਵਾਰ ਬਣਾਉਣੀਆਂ ਪੈਂਦੀਆਂ ਸਨ। ਉਹ ਪਸ਼ੂ ਪਾਲ ਕੇ ਆਪਣਾ ਜੂਨ ਗੁਜ਼ਾਰਾ ਕਰਦਾ ਸੀ। ਉਨ੍ਹਾਂ ਦਾ ਦੁੱਧ ਪੀ, ਭੁੱਜਾ, ਅੱਧ ਭੁੱਜਾ ਮਾਸ ਖਾ ਕੇ ਆਪਣਾ ਤੇ ਆਪਣੇ ਟੱਬਰ ਦੇ ਜੀਆਂ ਦੀ ਜ਼ਿੰਦਗੀ ਦਾ ਤੋਰਾ ਤੋਰਦਾ ਸੀ ਅਤੇ ਅਚੇਤ ਹੀ ਆਪਣੀਆਂ ਵਾਰਿਸ ਪੀੜ੍ਹੀਆਂ ਪੈਦਾ ਕਰਕੇ ਮਾਨਵੀ ਕਰਤੱਵ ਪਾਲ ਰਿਹਾ ਸੀ।

ਫਿਰ ਸਹਿਜੇ ਸਹਿਜੇ ਕਹੀਆਂ ਵਰਗੇ ਲਕੜੀ ਦੇ ਵਿੰਗੇ ਟੇਢੇ ਗੁੱਡਣ ਲਈ ਸੰਦ ਬਣਾਉਣ, ਉਨ੍ਹਾਂ ਨਾਲ ਧਰਤੀ ਗੁੱਡਣ ਤੇ ਉਸ ਵਿਚ ਕਣਕ, ਮੱਕੀ ਆਦਿ ਦੇ ਦਾਣੇ ਸੁੱਟਣ ਲਗਾ। ਜਦ ਧਰਤੀ ਸੁੱਕਣ ਲਗਦੀ ਤਾਂ ਛੱਪੜਾਂ-ਟੋਇਆਂ ਚੋਂ ਭਾਂਡੇ ਭਰ ਕੇ ਪਾਣੀ ਦੇਣ ਲਗਾ। ਫਿਰ ਭਾਂਡਿਆਂ ਦੀ ਥਾਂ ਛੱਪੜਾਂ-ਟੋਬਿਆਂ ਚੋਂ ਡੱਲਾਂ ਨਾਲ ਪਾਣੀ ਝਟ ਝਟ ਫਸਲਾਂ ਪਾਲਣ ਲਗਾ। ਉਹ ਵੱਢ ਕੇ ਦਾਣੇ ਕਢਦਾ ਤੇ ਉਬਾਲ ਜਾਂ ਭੁੰਨ ਕੇ ਆਪਣਾ ਤੇ ਆਪਣੇ ਟੱਬਰਾਂ ਦਾ ਝੱਟ ਲੰਘਾਉਣ ਲਗਾ। ਉਸ ਵਕਤ ਉਹ ਕਬੀਲਿਆਂ ਚ ਰਹਿੰਦਾ ਸੀ। ਉਹਦੀ ਤੇ ਉਹਦੇ ਪਸ਼ੂਆਂ ਦੀ ਜ਼ਿੰਦਗੀ ਦਾ ਸਾਰਾ ਦਾਰੋਮਦਾਰ ਕੁਦਰਤ ਦੇ ਹੱਥ ਸੀ। ਜੇ ਮੀਂਹ

ਪੈਂਦਾ ਰਹਿੰਦਾ ਤੇ ਕੁਦਰਤੀ ਹੋਰ ਆਫ਼ਤਾਂ ਨਾ ਆਉਂਦੀਆਂ ਤਾਂ ਉਹ ਅਰਾਮ ਨਾਲ ਇਕ ਥਾਂ ਟਿਕਿਆ ਰਹਿੰਦਾ। ਜਦ ਕਈ ਕਈ ਸਾਲ ਮੀਂਹ ਨਾ ਪੈਂਦਾ, ਚਰਾਂਦਾਂ ਦਾ ਘਾਹ-ਫੂਸ ਸੁੱਕ, ਸੜ ਜਾਂਦਾ। ਮਜਬੂਰੀ ਵੱਸ ਉਸ ਕਬੀਲੇ ਨੂੰ ਉਹ ਥਾਂ ਛੱਡ ਕੇ ਕਿਸੇ ਹੋਰ ਹਰੇ ਭਰੇ ਖਿੱਤੇ ਦੀ ਭਾਲ 'ਚ ਇਧਰ ਉਧਰ ਭਟਕਣਾ ਪੈਂਦਾ। ਇਹ ਹੀ ਕੁਝ ਜੌਹਲ ਕਬੀਲੇ ਨਾਲ ਵਾਪਰਿਆ ਸੀ। ਬੇਵੱਸ ਹੋਏ ਕਬੀਲੇ ਦੇ ਮੁੱਖੀ ਗਜ ਜੌਹਲ ਨੂੰ ਆਪਣੇ ਕਬੀਲਾ ਨੂੰ ਭੁੱਖ-ਮਰੀ ਤੋਂ ਬਚਾਉਣ ਲਈ ਆਪਣਾ ਦੇਸ਼, ਸ਼ੱਕਸਥਾਨ ਛੱਡਣਾ ਪਿਆ। ਜੌਹਲ ਕਬੀਲਾ ਕਿਸੇ ਹਰੇ ਭਰੇ ਇਲਾਕੇ ਦੀ ਭਾਲ 'ਚ ਇਧਰ ਉਧਰ ਭਟਕਦਾ, ਰਾਹ 'ਚ ਆਉਂਦੇ ਜੰਗਲਾਂ ਵਿਚੀਂ ਲੰਘਦਾ। ਜੰਗਲਾਂ ਵਿਚੀਂ ਲੰਘਦਿਆਂ ਕਬੀਲੇ ਦੇ ਲੜਨਜੋਗ ਬੰਦਿਆਂ ਨੂੰ ਸ਼ੇਰਾਂ, ਬਗਿਆੜਾਂ, ਚੀਤਿਆਂ ਤੇ ਹੋਰ ਖ਼ਤਰਨਾਕ ਜਾਨਵਰਾਂ ਕੋਲੋਂ ਆਪਣੇ ਕਬੀਲੇ ਦੇ ਕਮਜੋਰ ਜੀਆਂ ਨੂੰ ਬਚਾਉਣ ਲਈ ਲੜਨਾ ਪੈਂਦਾ, ਉਸ ਲੜਾਈ 'ਚ ਉਨ੍ਹਾਂ ਨੂੰ ਮਾਰਦਿਆਂ ਕਈ ਵਾਰੀ ਕਬੀਲੇ ਨੂੰ ਆਪਣੇ ਬੰਦ ਵੀ ਗੁਆਉਣੇ ਪੈਂਦੇ। ਜਦ ਜੰਗਲ ਪਾਰ ਹੁੰਦੇ, ਕਈ ਵਾਰੀ ਕਬੀਲੇ ਨੂੰ ਹੋਰਨਾਂ ਕਬੀਲਿਆਂ ਦੇ ਆਕਰਮਣਕਾਰੀਆਂ ਕੋਲੋਂ ਆਪਣੀਆਂ ਔਰਤਾਂ ਤੇ ਬੱਚੇ ਬਚਾਉਣ ਲਈ ਉਨ੍ਹਾਂ ਨਾਲ ਟੱਕਰ ਲੈਣੀ ਪੈਂਦੀ। ਉਸ ਲੜਾਈ 'ਚ ਹੱਲਾਕਾਰੀ ਵੀ ਮਰਦੇ ਤੇ ਜੌਹਲ ਕਬੀਲੇ ਦੇ ਬੰਦੇ ਵੀ ਅਹੂਤੀ ਦਿੰਦੇ। ਅੰਤ ਰਸਤੇ 'ਚ ਆਉਣ ਵਾਲੀਆਂ ਮੁਸੀਬਤਾਂ ਨਾਲ ਲੜਦੇ ਮਰਦੇ ਉਹ ਹੁਣ ਵਾਲੇ ਅਫ਼ਗਾਨਸਤਾਨ ਦੇ ਹਰੇ ਭਰੇ ਤੇ ਲਹਿ ਲਹਿ ਕਰਦੇ ਘਾਹ ਵਾਲੇ ਖਿੱਤੇ 'ਚ ਆ ਵਸੇ। ਕਿਉਂਕਿ ਉਥੇ ਕਬੀਲੇ ਦੇ ਤੇ ਉਹਦੇ ਪਸੂਆਂ ਦੇ ਪੀਣ ਲਈ ਭਾਗਾਂ ਭਰੀ ਹਮਰਾਹੀ ਨਦੀ ਛੱਲਾਂ ਮਾਰਦੀ ਵਗ ਰਹੀ ਸੀ।

ਪਾਠਕ ਪ੍ਰਸ਼ਨ ਕਰ ਸਕਦੇ ਹਨ ਕਿ ਇਹਦੇ 'ਚ ਅਜਿਹੀ ਕਿਹੜੀ ਸਮੱਸਿਆ ਸੀ, ਜਿਸ ਮੈਨੂੰ ਇੰਨਾ ਚਿਰ ਉਲਝਾਈ ਰੱਖਿਆ। ਕਾਲ ਪਰਵਾਹ ਉਪਰ ਸੰਸਾਰ 'ਚ ਬਥੇਰੇ ਨਾਵਲ ਲਿਖੇ ਗਏ ਹਨ। ਇਹ ਸਹੀ ਹੈ, ਪਰ ਮੇਰੀ ਸਮੱਸਿਆ ਇਹ ਸੀ ਕਿ ਮੈਂ ਪੁਰਾਤਨ ਜ਼ਿੰਦਗੀ ਦੇ ਨਾਲ ਨਾਲ ਵਰਤਮਾਨ ਜੀਵਨ ਨੂੰ ਵੀ ਤੋਰਨਾ ਚਾਹੁੰਦਾ ਸੀ। ਉਹ ਵਰਤਮਾਨ ਜਿਸ ਵਿਚ ਬਰਤਾਨੀਆ ਦਾ ਪੁਰਾਣਾ ਜਨ-ਜੀਵਨ ਵੀ ਦਿਖਾਇਆ ਜਾ ਸਕੇ ਤੇ ਉਹਦਾ ਨਵਾਂ ਬਣ ਰਿਹਾ ਬਹੁ-ਸਭਿਆਚਾਰ ਸਰੂਪ ਵੀ ਦਿਖਾਇਆ ਜਾ ਸਕੇ। ਇਹ ਗੱਲ ਦਿਖਾਉਣ ਲਈ ਹੀ ਮੈਨੂੰ ਗੈਂਗ ਆਫ਼ ਫੋਰ ਦਾ ਸਿੰਬਲ ਸਿਰਜਣ ਦੀ ਲੋੜ ਪਈ ਸੀ। ਇਸ ਗੱਲ ਤੋਂ ਬਿਨਾਂ ਜੋ ਯਥਾਰਥ ਮੈਂ ਪੇਸ਼ ਕਰਨ ਜਾ ਰਿਹਾ ਸੀ, ਉਹ ਨਿਰੋਲ ਕਲਪਿਤ ਵਸਤੂ ਲਗ ਸਕਦੀ ਸੀ। ਇਸ ਗੱਲ ਦੇ ਨਾਲ ਹੀ ਮੈਂ ਅੰਤਰਾਸ਼ਟਰੀ ਸਿਆਸਤ ਦੀ ਕਹਾਣੀ ਵੀ ਦਿਖਾਉਣੀ ਚਾਹੁੰਦਾ ਸੀ। ਜਿਸ ਖੇਡ ਦਾ ਇਕ ਸਿਰਾ ਅਮਰੀਕੀ, ਬਰਤਾਨਵੀ ਤੇ ਨੈਟੋ ਦੇ ਮੈਂਬਰ ਦੇਸ਼ਾਂ ਦੇ ਸਾਮਰਾਜ ਦੀ ਸੱਤਾ ਪ੍ਰਾਪਤੀ ਦੀ ਭੱਖ ਨਾਲ ਸਬੰਧਤ ਸੀ ਤੇ ਦੂਜਾ ਸੋਵੀਅਤ ਸਾਮਰਾਜ ਦੇ ਭੋਖੜੇ ਨਾਲ। ਇਹ ਦੋਵੇਂ ਸਾਮਰਾਜ ਇਹ ਖੇਡ ਕਿਸ ਕਾਰਨ ਖੇਡ ਰਹੇ ਸਨ? ਅਮਰੀਕੀ ਸਾਮਰਾਜ ਸੋਵੀਅਤ ਸਾਮਰਾਜ ਨੂੰ ਅਫ਼ਗਾਨਸਤਾਨ ਵਿਚੋਂ ਕਿਉਂ ਕਢਣਾ ਤੇ ਉਹਦੇ ਪੱਖੀ ਸਰਕਾਰ ਨੂੰ ਖ਼ਤਮ ਕਰਕੇ ਆਪਣੇ ਪੱਖ ਦੀ ਸਰਕਾਰ ਕਿਉਂ ਸਥਾਪਿਤ ਕਰਨੀ ਚਾਹੁੰਦੀ ਸੀ? ਉਹ ਦਿਖਾਵਾ ਕੁਝ ਕਰ ਰਿਹਾ ਸੀ, ਉਸ ਪਿੱਛੇ ਉਹਦਾ ਮਨੋਰਥ ਕੁਝ ਹੋਰ ਸੀ। ਉਹ ਕਾਹਤੇ ਇੰਜ ਕਰ ਰਿਹਾ ਸੀ। ਉਹ ਆਪਣਾ ਉਦੇਸ਼ ਸਿੱਧਾ ਕਿਉਂ ਨਹੀ ਪ੍ਰਾਪਤ ਕਰਨਾ ਚਾਹੁੰਦਾ ਸੀ? ਉਸ ਤਾਲਿਬਾਨ ਵਰਗੀ ਦਹਿਸ਼ਤਵਾਦੀ ਸੰਸਥਾ ਸਥਾਪਿਤ ਕਰਨ ਦੀ ਕਿਉਂ ਜ਼ਰੂਰਤ ਸਮਝੀ? ਉਹ ਸਿੱਧਾ ਦਖ਼ਲ ਇਸ ਕਰਕੇ ਨਹੀਂ ਸੀ ਦੇਣਾ ਚਾਹੁੰਦਾ? ਕਿਉਂਕਿ ਉਹ ਇਹ ਗੱਲ ਬੜੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਹੁਣ ਸਿੱਧਾ ਦਖ਼ਲ ਦੇਣ ਦਾ ਜ਼ਮਾਨਾ ਨਹੀਂ ਰਿਹਾ। ਜੇ ਦੇਵੇਗਾ ਤਾਂ ਦੁਨੀਆਂ ਦੀ ਅਵਾਜ਼ ਉਹਦੇ ਵਿਰੁੱਧ ਉਠ ਪਵੇਗੀ। ਉਹ ਸਾਰੇ ਸੰਸਾਰ ਦੀ ਤੋਏ ਤੋਏ ਤੋਂ ਡਰਦਾ ਇਹ ਗੱਲ ਨਹੀਂ ਸੀ ਕਰਦਾ। ਇਸ ਤੋਂ ਬਿਨਾਂ ਸਿੱਧਾ ਦਖ਼ਲ ਦੇਣ ਨਾਲ ਬਾਜ਼ੀ ਪੁੱਠੀ ਵੀ ਪੈ ਸਕਦੀ ਸੀ। ਨਾਲੇ ਦੂਜੇ ਦੇ ਮੋਢੇ 'ਤੇ ਰਖ ਕੇ ਚਲਾਉਣ ਵਿਚ ਪੱਲਿਓਂ ਕੀ ਜਾਂਦਾ ਹੈ। ਇਸ ਗੱਲ ਦੇ ਨਾਲ ਹੀ ਅਮਰੀਕੀ ਸਾਮਰਾਜ ਦੀ ਅਰਬ ਕੰਟੀਨੈਂਟ ਦੇ ਮੁਲਕਾਂ ਬਾਰੇ ਕੀ ਰਾਜਨੀਤੀ ਸੀ ਤੇ ਉਹ ਉਹਨੂੰ ਕਿਸ ਤਰ੍ਹਾਂ ਖੇਡ ਰਿਹਾ ਸੀ। ਈਰਾਕ ਦੇ ਡਿਕਟੇਟਰ ਸਦਾਮ ਹੁਸੈਨ ਨੂੰ ਗੱਦਿਓਂ ਲਾਹੁਣਾ ਉਹਦਾ ਆਪਣੀ ਰਾਜਨੀਤੀ ਦੀ ਸ਼ੁਰੂਆਤ ਕਰਨਾ ਹੀ ਤਾਂ ਸੀ। ਉਹਨੂੰ ਲਾਹੁਣ ਲਈ ਉਸ ਕੀ ਕੀ ਹੱਥ-ਕੰਡੇ ਖੇਡੇ



ਸਨ। ਉਸਦੀ ਇਸੇ ਰਾਜਨੀਤੀ ਦਾ ਅਗਲਾ ਕਦਮ ਲੀਬੀਆ ਦੇ ਕਰਨਲ ਗਡਾਫ਼ੀ ਨੂੰ ਗੱਦਿਓਂ ਲਾਹੁਣਾ ਤੇ ਹੋਰ ਵੀ ਬੜਾ ਕੁਝ ਦਿਖਾਉਣਾ **'ਜੜ੍ਹ'** ਨਾਵਲ ਦਾ ਉਦੇਸ਼ ਸੀ। ਇਹਦੇ ਨਾਲ ਇਹ ਵੀ ਦਿਖਾਉਣ ਦਾ ਮਨੋਰਥ ਸੀ ਕਿ ਘਰੋਂ ਵਿਅਕਤੀ ਨੂੰ ਪਿਆਰ ਤੇ ਬਲ ਹੀ ਨਹੀਂ, ਉਹਦੀ ਡਾਵਾਂਡੋਲਤਾ ਨੂੰ ਅਡੋਲਤਾ ਵੀ ਮਿਲਦੀ ਹੈ।

ਮੈਂ ਇਹ ਸਭ ਕੁਝ ਇਕੋ ਅਨੁਭਵ ਦੀ ਲੜੀ 'ਚ ਪਰੋ ਕੇ ਪੇਸ਼ ਕਰਨਾ ਚਾਹੁੰਦਾ ਸੀ, ਜਿਹੜਾ ਲਕੀਰੀ ਬਿਰਤਾਂਤ ਵਿਚ ਪੇਸ਼ ਕਰਨਾ ਸੰਭਵ ਨਹੀਂ ਸੀ। ਜੇ ਕਰਦਾ ਵੀ ਤਾਂ ਰਾਜਿੰਦਰ ਸਿੰਘ ਬੇਦੀ ਦੇ ਸ਼ਬਦਾਂ 'ਚ ਚੀਂ ਚੀਂ ਦਾ ਮੁਰੱਬਾ ਹੋ ਨਿਬੜਨਾ ਸੀ। ਇਸ ਗੱਲ ਤੋਂ ਬਿਨਾਂ ਮੈਂ ਸੰਸਾਰ ਦੇ ਨਾਵਲ ਜਗਤ ਵਿਚ ਅਜਿਹਾ ਕੁਝ ਵਾਪਰਦਾ ਪੜ੍ਹਿਆ ਵੀ ਨਹੀਂ ਸੀ। ਇਹ ਠੀਕ ਹੈ ਕਿ ਦੁਨੀਆਂ 'ਚ ਕਾਲ ਪਰਵਾਹ 'ਤੇ ਬੜੇ ਮਹਾਨ ਨਾਵਲ ਲਿਖੇ ਗਏ ਹਨ, ਜਿਹੜੇ ਤਕਰੀਬਨ ਹਜ਼ਾਰ ਪੰਨੇ ਤੋਂ ਲੈ ਕੇ ਦੋ-ਢਾਈ ਹਜ਼ਾਰ ਪੰਨਿਆਂ ਤਕ ਫੈਲੇ ਹੋਏ ਹਨ। ਜਿਵੇਂ ਰੋਮਨ ਰੋਲਾ ਦਾ ਜੀਨ ਕ੍ਰਿਸਟੋਫ਼ਰ, ਟੋਲਸਟਾਏ ਦਾ ਵਾਰ ਐਂਡ ਪੀਸ, ਜਾਹਨ ਸਟੇਨਬੈਕ ਦਾ ਗਰੇਪਸ ਆਫ਼ ਰਾਥ ਆਦਿ...। ਉਹ ਸਾਰੇ ਨਾਵਲ ਇਕ ਨੁਕਤੇ ਤੋਂ ਤੁਰ ਕੇ ਦੂਜੇ ਨੁਕਤੇ ਤਕ ਜਾਂਦੇ ਹਨ। ਦੂਜੇ ਸ਼ਬਦਾਂ 'ਚ ਇਕੋ ਦੇਸ਼ ਦੀਆਂ ਹੱਦਾਂ ਤੇ ਸਮੇਂ ਦੀ ਲਗਾਤਾਰਤਾ 'ਚ ਵਧਦੇ, ਫੈਲਦੇ ਤੇ ਸੁੰਗੜਦੇ ਸਮਾਪਤ ਹੋ ਜਾਂਦੇ ਹਨ। ਪਰ ਜੜ੍ਹ ਨਾਵਲ ਦੀ ਸਮੱਸਿਆ ਅਨੇਕਾਂ ਮੁਲਖ ਦੇ ਸਪੇਸ ਨੂੰ ਲੈਣ ਦੀ ਹੀ ਨਹੀਂ ਸੀ, ਸਗੋਂ ਉਹਨੂੰ ਪੰਦਰਾਂ-ਸੋਲਾਂ ਸਦੀਆਂ ਦੀ ਜ਼ਿੰਦਗੀ ਤਕ ਫੈਲਾਉਣ ਦੀ ਵੀ ਸੀ। ਸੋ ਇਸ ਨਾਵਲ ਨੂੰ ਚੀਂ ਚੀਂ ਦਾ ਮੁਰੱਬਾ ਬਣਨ ਤੋਂ ਬਣਾਉਣ ਲਈ ਮੈਨੂੰ ਕਈ ਤਕਨੀਕਾਂ ਦੀ ਵਰਤੋਂ ਕਰਨ ਦੀ ਲੋੜ ਪਈ ਸੀ ਜਿਵੇਂ: ਇਕ, ਗੈਂਗ ਆਫ਼ ਫੋਰ ਦੀ ਸਿਰਜਣਾ। ਦੋ, ਚਲਦੇ ਨਾਵਲੀ ਬਿਰਤਾਂਤ ਵਿਚ ਹੋਰ ਬਿਰਤਾਂਤ ਪੇਸ਼ ਕਰਨਾ। ਤਿੰਨ, ਸਮੇ-ਸਪੇਸ ਨੂੰ ਸ਼ਤਰੰਗ ਦੇ ਮੋਹਰਿਆਂ ਵਾਂਗ ਖਿਡਾਉਣਾ। ਚਾਰ, ਸਿਰਜਣ ਵਿਸਿਰਜਣ ਜਾਂ ਕਲਾਈਮੈਕਸ ਐਂਟੀ ਕਲਾਈਮੈਕਸ ਦੀ ਤਕਨੀਕ ਦੀ ਵਰਤੋਂ ਕਰਨੀ।

'ਗੈਂਗ ਆਫ਼ ਫੋਰ' ਬਾਰੇ ਸੰਖੇਪ ਜਾਣਕਾਰੀ ਦੇਣੀ ਜ਼ਰੂਰੀ ਭਾਸਦੀ ਹੈ। ਇਹ ਚਾਰੇ ਮਿੱਤਰ ਇੰਗਲੈਂਡ ਦੇ ਵੈਸਟਵੁੱਡ ਨਾਂ ਦੇ ਸ਼ਹਿਰ ਦੀ ਬਲੈਕਬਰਨ ਬਸਤੀ ਦੇ ਰਹਿਣ ਵਾਲੇ ਤੇ ਇਸੇ ਬਸਤੀ ਦੇ ਹਾਇਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਹੋਣ ਦੇ ਨਾਲ ਨਾਲ ਉਹਦੀ ਫੁੱਟਬਾਲ ਦੀ ਟੀਮ ਦੇ ਚੰਗੇ ਖਿਡਾਰੀ ਹਨ। ਗੈਂਗ ਆਫ਼ ਫੋਰ ਦਾ ਅਰਥ ਚਹੁੰ ਧਰਮਾਂ ਦਾ ਮੇਲ ਹੈ। ਮਸਾਲ ਲਈ ਗਜਰਾਜ ਸਿੱਖ, ਰਕੇਸ਼ ਸੰਧੂ ਹਿੰਦੂ, ਅਸਗਰ ਭੱਟੀ ਮੁਸਲਮਾਨ ਤੇ ਸਟੂਅਰਡ ਡਿਲਨ ਈਸਾਈ ਧਰਮਾਂ ਦੀ ਪ੍ਰਤੀਨਿਧਤਾ ਹੀ ਨਹੀਂ ਕਰਦੇ ਆਪਣੇ ਆਪਣੇ ਮਜ਼ਬ੍ਹ ਤੋਂ ਉਪਰ ਉਠ ਕੇ ਸਰਬ ਸਾਂਝੇ ਮਾਨਵ ਧਰਮ, ਭਾਵ ਮਾਨਵ ਦੀ ਆਜ਼ਾਦੀ, ਖ਼ੁਸ਼ਹਾਲੀ, ਅਮਨ ਚੈਨ ਨਾਲ ਰਹਿਣ ਦੀ ਕਾਮਨਾ ਕਰਨੀ ਤੇ ਉਹਦੇ ਲਈ ਜੀਣ ਵਿਚ ਵਿਸ਼ਵਾਸ ਰਖਣ ਤੋਂ ਹੈ। ਉਹਦੀ ਨਜ਼ਰ 'ਚ ਕੋਈ ਧਰਮ ਛੋਟਾ ਨਹੀਂ, ਕੋਈ ਮਹਾਨ ਨਹੀਂ। ਹਰ ਧਰਮ ਦੀ ਸਿਰਜਣਾ ਮਨੁੱਖ ਦੇ ਭਲੇ ਲਈ ਹੋਈ ਸੀ। ਉਹ ਉਸ ਚੀਜ਼ ਦੀ ਜੜ੍ਹ ਪੁੱਟਣ ਦੀ ਕੋਸ਼ਿਸ਼ ਕਰਦੇ ਹਨ, ਜਿਹੜੇ ਆਪਣੇ ਨੂੰ ਮਹਾਨ ਤੇ ਦੂਜਿਆਂ ਦੇ ਮਜ਼ਬਾਂ ਨੂੰ ਛੋਟਾ ਦਸ ਕੇ ਆਪਣੀ ਲੀਡਰੀ ਲਈ ਭੋਲੀ-ਭਾਲੀ ਜਨਤਾ ਨੂੰ ਗੁੰਮਰਾਹ ਕਰਦੀ ਹੈ।

ਮੈਂ ਆਪਣੇ ਪਾਤਰਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਡਾ. ਗੁਰਪਾਲ ਸਿੰਘ ਸੰਧੂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਸ 'ਡਾਇਸਪੋਰਿਕ ਬਿਰਤਾਂਤ ਅਤੇ ਸਭਿਆਚਾਰਕ ਸਿਮਰਿਤੀਆਂ ਦੀ ਪੁਨਰ-ਰਚਨਾ : ਜੜ੍ਹ' ਉਪਰ ਵਿਸ਼ਲੇਸ਼ਣਾਤਮਿਕ ਆਰਟੀਕਲ ਲਿਖ ਕੇ ਉਹ ਗੱਲ ਕਹਿ ਦਿੱਤੀ, ਜਿਹੜੀ ਮੈਂ ਕਹਿਣਾ ਚਾਹੁੰਦਾ ਹੋਇਆ ਵੀ ਝਿਜਕ ਮਾਰਿਆ ਕਹਿ ਨਹੀਂ ਸੀ ਸਕਦਾ। ਉਹ ਲਿਖਦਾ ਹੈ:

"ਇਸ ਤਰ੍ਹਾਂ **'ਜੜ੍ਹ'** ਨਾਵਲ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਆਪਣੀ ਕਿਸਮ ਦੀ ਵੱਖਰੀ ਰਚਨਾ ਹੈ। ਪ੍ਰਾਚੀਨ ਦੱਖਣੀ ਏਸ਼ੀਆ ਤੋਂ ਲੈ ਕੇ ਭਾਰਤ ਅਤੇ ਅਜੋਕੇ ਬਰਤਾਨੀਆ ਤਕ ਸਫ਼ਰ ਕਰਦਾ ਇਸਦਾ ਬਿਰਤਾਂਤ ਸਿਰਫ਼ ਸਪੇਸ ਦੇ ਲਿਹਾਜ਼ ਨਾਲ ਹੀ ਵਿਸਤ੍ਰਿਤ ਖੇਤਰ ਤਕ ਨਹੀਂ ਫੈਲਿਆ ਹੋਇਆ। ਸਗੋਂ ਕਾਲ ਦੇ ਲਿਹਾਜ਼ ਨਾਲ ਵੀ ਇਹ ਲਗਭਗ ਚਾਰ ਹਜ਼ਾਰ ਸਾਲਾਂ ਦੇ ਸਮੇਂ ਦੀ ਯਾਤਰਾ ਕਰਦਾ ਹੈ। ਸਮੇਂ

ਅਤੇ ਸਥਾਨ ਦੇ ਭਿੰਨ ਭਿੰਨ ਖੰਡਾਂ ਤਕ ਪਸਰੇ ਹੋਏ ਇਸ ਨਾਵਲ ਦੇ ਬਹੁ-ਪਰਤੀ ਅਤੇ ਬਹੁ-ਪਾਸਾਰੀ ਬਿਰਤਾਂਤ ਵਿਚ ਮਨੁੱਖੀ ਸਭਿਅਤਾ ਦੇ ਭਿੰਨ ਭਿੰਨ ਮਸਲਿਆਂ ਦੀ ਪੇਸ਼ਕਾਰੀ ਸੰਭਵ ਹੋਈ ਹੈ। ਇਸਦੇ ਨਾਲ ਹੀ ਨਾਵਲੀ ਪਾਠ ਇਨ੍ਹਾਂ ਸਾਰੇ ਮਸਲਿਆਂ ਦੇ ਆਧਾਰ ਭੂਤ ਤੱਤ ਜਿਵੇਂ ਤਾਕਤ ਦੀ ਭੱਖ, ਉਸਦੀ ਪ੍ਰਾਪਤੀ ਲਈ ਜਦੋਜਹਿਦ, ਮਾਨਵਤਾ ਦੇ ਘਾਣ ਦੇ ਨਾਲ ਨਾਲ ਮਾਨਵੀ ਮੁੱਲਾਂ ਦੀ ਸਥਾਪਤੀ ਤੇ ਪੁਨਰ-ਸਥਾਪਤੀ ਦੇ ਯਤਨ ਆਦਿ ਉਹ ਮੂਲ ਪ੍ਰਸ਼ਨ ਹਨ, ਜੋ ਇਸ ਨਾਵਲ ਵਿਚ ਵਾਰ ਵਾਰ ਉਭਾਰੇ ਜਾਂਦੇ ਹਨ। ਜ਼ਾਹਿਰ ਹੈ ਕਿ ਇਨ੍ਹਾਂ ਮਸਲਿਆਂ ਤੇ ਬਿਰਤਾਂਤਕ ਸੰਦਰਭਾਂ ਦੀ ਇਤਨੇ ਵੱਡੇ ਕੈਨਵਸ ਤੇ ਪੇਸ਼ਕਾਰੀ ਪੰਜਾਬੀ ਨਾਵਲ ਲਈ ਗੌਰਵ ਦੀ ਗੱਲ ਹੈ ਤੇ '**ਜੜ੍ਹ**' ਨਾਵਲ ਦੀ ਇਸ ਵਿਲੱਖਣਤਾ ਨਾਲ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਨਵੇਂ ਅਧਿਆਇ ਦਾ ਆਗਾਜ਼ ਹੁੰਦਾ ਹੈ।"

ਮੇਰੇ ਨਾਵਲਾਂ ਦੇ ਕਈ ਪਾਤਰ ਜਾਨਦਾਰ, ਮੜਕ ਵਾਲੇ ਤੇ ਮਨੁੱਖ ਦੇ ਗੌਰਵ ਨੂੰ ਕਾਇਮ ਰਖਣਵਾਲੇ ਹਨ। ਜਿੱਦਾਂ '**ਸੰਘਰਸ਼**' ਦਾ ਰਾਜਪਾਲ, '**ਲਕੀਰਾਂ ਤੇ ਮਨੁੱਖ**' ਦਾ ਵਰਿਆਮ ਸਿੰਘ, '**ਇਹ ਲੋਕ**' ਦੀ ਗੁਰਪਾਲ ਕੌਰ, '**ਘਰ ਤੇ ਕਮਰੇ**' ਦਾ ਪ੍ਰੀਤਮ ਸਿੰਘ ਬੈਂਸ ਤੇ ਡਾ. ਜਸਪਾਲ ਬੈਂਸ, '**ਪੈੜਾਂ ਦੇ ਆਰ ਪਾਰ**' ਦੀ ਨਵਜੋਤ, '**ਅਜਨਬੀ ਚਿਹਰੇ**' ਦੀ ਮਨਪ੍ਰੀਤ, '**ਹਾਸ਼ੀਏ**' ਦਾ ਹਿਰਦੇਪਾਲ, '**ਵਹਿਣ**' ਦੀ ਜੇਨ ਚੈਸਟਰਫ਼ੀਲਡ ਤੇ ਮਹਿੰਦਰਪਾਲ, '**ਜੜ੍ਹ**' ਦਾ ਗਜ ਜੌਹਲ, ਸ਼ਤਰੂਘਨ ਤੇ ਗਜਰਾਜ ਆਦਿ। ਪਰ ਇਕੋ ਲੇਖ ਵਿਚ ਸਭ ਦਾ ਜ਼ਿਕਰ ਕਰਨਾ ਸੰਭਵ ਨਹੀਂ ਹੋ ਸਕਦਾ। ਜੇ ਕਦੀ ਫਿਰ ਮੌਕਾ ਬਣਿਆਂ ਤਾਂ ਉਨ੍ਹਾਂ ਬਾਰੇ ਵੀ ਜ਼ਰੂਰ ਗੱਲ ਕਰਾਂਗਾ। ਇਸ ਲੇਖ ਵਿਚ ਮੈਂ ਗਜ ਜੌਹਲ, ਹਿਰਦੇਪਾਲ ਤੇ ਗਜਰਾਜ ਦਾ ਜ਼ਿਕਰ ਹੀ ਕਰਾਂਗਾ। ਕਿਉਂਕਿ ਇਹ ਤਿੰਨੇ ਪਾਤਰ ਵੱਖ ਵੱਖ ਯੁੱਗਾਂ ਦੀ ਪ੍ਰਤੀਨਿਧਤਾ ਕਰਦੇ ਹਨ।

ਪਹਿਲਾ, ਗਜ ਜੌਹਲ ਪ੍ਰਾਚੀਨ ਕਾਲ ਦੀ ਪ੍ਰਤੀਨਿਧਤਾ ਕਰਦਾ ਹੈ। ਜਦ ਜੌਹਲ ਕਬੀਲਾ ਉਸ ਸਥਾਨ ਤੇ ਆ ਵਸਿਆ- ਜਿਸ ਜਗ੍ਹਾ ਨੂੰ ਬਾਅਦ ਵਿਚ ਗਜ਼ਨੀ ਦਾ ਨਾਂ ਦਿੱਤਾ ਗਿਆ ਸੀ, ਉਹ ਦੂਰ ਦੂਰ ਤਕ ਪ੍ਰਸਿੱਧ ਹੋਈ ਤੇ ਉਸ ਗਣਰਾਜ ਦੀ ਰਾਜਧਾਨੀ ਹੋਣ ਦਾ ਮਾਣ ਪ੍ਰਾਪਤ ਕੀਤਾ- ਤਾਂ ਗੁਆਂਢੀ ਤੇ ਉਸ ਖਿੱਤੇ ਦੇ ਵੱਡੇ ਰਾਜੇ ਰਣਬੀਰ ਸੰਧੂ ਦੇ ਉਸ ਪਾਸੇ ਦੇ ਸੈਨਾਪਤੀ ਨੇ ਜੌਹਲ ਕਬੀਲੇ ਨੂੰ ਉਥੋਂ ਉਜਾੜ ਦੇਣ ਵਿਚ ਹੀ ਭਲਾਈ ਸਮਝੀ ਸੀ, ਕਿਉਂਕਿ ਉਹ ਉਸ ਥਾਂ ਨੂੰ ਆਪਣੇ ਕਬੀਲੇ ਦੀ ਚਰਾਂਦ ਸਮਝਦਾ ਸੀ। ਸਿੱਟੇ ਵਜੋਂ ਸੰਧੂ ਕਬੀਲੇ ਤੇ ਜੌਹਲ ਕਬੀਲੇ ਚ ਬੜੀ ਭਿਆਨਕ ਲੜਾਈ ਹੋਈ। ਜਦ ਦੋਹਾਂ ਪਾਸਿਆਂ ਦੇ ਅਣਗਿਣਤ ਸੈਨਕ ਮਾਰੇ ਜਾਣ ਉਪਰੰਤ ਵੀ ਜੰਗ ਦਾ ਕੋਈ ਫੈਸਲਾ ਨਾ ਹੁੰਦਾ ਦਿਸਿਆ, ਗਜ ਜੌਹਲ ਨੇ ਆਪਣੇ ਸੈਨਾਪਤੀ ਸ਼ਤਰੂਘਨ ਕੋਲੋਂ ਰਾਜੇ ਸੰਧੂ ਨੂੰ ਰੁੱਕਾ ਲਿਖਵਾਇਆ ਜਿਸ ਵਿਚ ਲਿਖਵਾਇਆ: 'ਐ ਰਾਜਨ, ਬੇਗਾਨੇ ਪੁੱਤ ਅਜਾਈਂ ਮਰਵਾਉਣ ਦੀ ਥਾਂ ਆਓ ਆਪਾਂ ਦੋਵੇਂ ਲੜ ਕੇ ਨਿਰਣਾ ਕਰ ਲਈਏ। ਜੇ ਤੁਸੀਂ ਮੈਨੂੰ ਮਾਰ ਜਾਂ ਹਰਾ ਦਿਓ, ਤੁਹਾਡੀ ਜਿੱਤ ਹੋਵੇਗੀ ਤੇ ਜੇ ਮੈਂ ਤੁਹਾਨੂੰ ਮਾਰ ਜਾਂ ਹਰਾ ਦੇਵਾਂ ਤਾਂ ਸਾਡੀ। ਫਿਰ ਉਸ ਉਹ ਰੁੱਕਾ ਸ਼ਤਰੂਘਨ ਕੋਲੋਂ ਬਿਨ-ਮੁੱਖੇ ਤੀਰ ਨਾਲ ਬੰਨ੍ਹ ਕੇ ਛੱਡਵਾ ਦਿੱਤਾ। ਦੁਵੱਲੀ ਲੜਾਈ ਚ ਰਾਜੇ ਸੰਧੂ ਦੀ ਗਜ ਜੌਹਲ ਹੱਥੋਂ ਹਾਰ ਹੋ ਗਈ ਸੀ। ਪਰ ਰਾਜਾ ਜੌਹਲ ਉਹਦਾ ਰਾਜ ਹੜੱਪ ਕਰਨ ਜਾਂ ਜੇਤੂ ਰਾਜੇਵਾਲੀ ਕੋਈ ਹੋਰ ਘਟੀਆਂ ਹਰਕਤ ਕਰਨ ਦੀ ਥਾਂ ਉਹਨੂੰ ਆਪਣਾ ਮਿੱਤਰ ਬਣਾ ਲਿਆ। ਉਸ ਪਿੱਛੋਂ ਦੋਵੇਂ ਰਾਜੇ ਆਪਣੇ ਫੱਟੜ ਹੋਏ ਸੈਨਿਕਾਂ ਨੂੰ ਚੰਦਨਮਣੀ ਦੇ ਇਲਾਜ਼ ਘਰਾਂ ਚ ਪਹੁੰਚਾਉਣ ਅਤੇ ਸਦਾ ਲਈ ਵਿਛੜ ਚੁੱਕੇ ਸੈਨਿਕਾਂ ਦਾ ਦਾਹ-ਸਸਕਾਰ ਕਰਨ ਉਪਰੰਤ ਰਾਜੇ ਸੰਧੂ ਨਾਲ ਉਹਦੇ ਰਾਜ-ਮਹਿਲ ਚ ਆ ਗਏ। ਕੁਝ ਖਾ-ਪੀ ਕੇ ਗਜ ਜੌਹਲ ਨੇ ਉਹਦੇ ਨਾਲ ਗੱਲ ਕੀਤੀ ਕਿ ਜੇ ਇਸ ਇਲਾਕੇ ਦੇ ਉਹ ਦੋਵੇਂ ਤੇ ਤੀਜਾ ਵੱਡਾ ਰਾਜਾ ਅਰੁਣ ਭੱਟੀ ਰਲ਼ ਕੇ ਇਸ ਖਿੱਤੇ ਦੇ ਇੱਕੀ ਰਾਜਿਆਂ ਦਾ ਇਕ ਗਣਰਾਜ ਬਣਾ ਲੈਣ ਤਾਂ ਸਾਰੇ ਹੂਣਾਂ ਤੇ ਹੋਰ ਬਾਹਰਲੇ ਆਕਰਮਣਕਾਰੀਆਂ ਕੋਲੋਂ ਸੁਰੱਖਿਅਤ ਰਹਿ ਸਕਦੇ। ਉਸ ਰਾਜੇ ਜੌਹਲੀ ਦੀ ਇਸ ਯੋਜਨਾ ਨੂੰ ਖੁਸ਼ੀ ਨਾਲ ਸਵੀਕਾਰ ਕਰ ਲਿਆ। ਫਿਰ ਉਸ ਗਜ ਜੌਹਲ ਕੋਲੋਂ ਪੁੱਛਿਆ ਕਿ ਇਹ ਗੱਲ ਹੈਗੀ ਤਾਂ ਬੜੀ ਕਮਾਲ ਦੀ ਗੱਲ, ਪਰ ਇਹ ਸੰਭਵ ਕਿੰਜ ਹੋਵੇਗੀ? ਉਹਦੇ



ਸਫਲ ਹੋਣ ਲਈ ਗਜ ਜੌਹਲ ਨੇ ਵਿਧਾਨ ਦੇ ਉਹ ਨੁਕਤੇ ਦਸ ਦਿੱਤੇ ਜਿਹੜੇ ਉਸ ਸੋਚੇ ਹੋਏ ਸਨ। ਇਸਦੇ ਨਾਲ ਹੀ ਉਸ ਰਾਜੇ ਸੰਧੂ ਤੇ ਆਪਣੇ ਛੋਟੇ ਭਰਾ, ਸੈਨੀਪਤੀ ਸ਼ਤਰੂਘਣ ਨੂੰ ਸੁਝਾਓ ਦੇਣ ਲਈ ਕਿਹਾ। ਉਨ੍ਹਾਂ ਵਲੋਂ ਦੋ-ਤਿੰਨ ਦਸੇ ਨੁਕਤੇ ਨਾਲ ਜੋੜ ਕੇ ਉਸ ਵਿਧਾਨ ਦਾ ਕੱਚਾ ਖਰੜਾ ਤਿਆਰ ਲਈ ਰਾਜੇ ਸੰਧੂ ਕਿਹਾ। ਉਸ ਆਪਣੇ ਪ੍ਰਧਾਨ ਮੰਤਰੀ ਨੂੰ ਉਹਦੀਆਂ ਤਿੰਨ ਪਰਤੀਆਂ ਤਿਆਰ ਕਰਨ ਲਈ ਕਹਿ ਦਿੱਤਾ। ਉਹ ਮੰਤਰੀਆਂ ਦੀ ਮਦਦ ਨਾਲ ਤਿੰਨ ਪਰਤੀਆਂ ਤਿਆਰ ਕਰਕੇ ਛੇਤੀ ਹੀ ਲੈ ਆਇਆ। ਇਕ ਰਾਜੇ ਜੌਹਲ ਲਈ, ਇਕ ਰਾਜੇ ਸੰਧੂ ਲਈ ਤੇ ਇਕ ਰਾਜੇ ਭੱਟੀ ਲਈ ਜਿਹੜੀ ਸਵੇਰੇ ਰਾਜੇ ਸੰਧੂ ਨੇ ਆਪਣੇ ਰਾਜਦੂਤ ਕੋਲ ਪੱਤਰ ਨਾਲ ਭੇਜਣੀ ਸੀ ਜਿਸ ਵਿਚ ਉਹਦੇ ਨਾਲ ਸਲਾਹ ਕਰਨ ਬਾਰੇ ਲਿਖਿਆ ਜਾਣਾ ਸੀ।

ਸਵੇਰੇ ਰਾਜੇ ਜੌਹਲ ਨੇ ਛਾਹ-ਵੇਲਾ ਕਰਕੇ ਆਪਣੇ ਲਾਮ ਲਸ਼ਕਰ ਨਾਲ ਗਜ਼ਨੀ ਨੂੰ ਚਲੇ ਜਾਣਾ ਸੀ। ਉਹਦੇ ਜਾਣ ਤੋਂ ਪਹਿਲਾਂ ਜਦ ਰਾਜਾ ਸੰਧੂ ਆਪਣੇ ਸਭ ਨਾਲੋਂ ਕੀਮਤੀ ਹੀਰਿਆਂ ਦਾ ਉਹਨੂੰ ਉਪਹਾਰ ਦੇਣ ਲਗਾ ਤਾਂ ਰਾਜਾ ਜੌਹਲ ਦੁੱਖ ਭਰੇ ਅਫ਼ਸੋਸ ਨਾਲ ਕਹਿਣ ਲਗਾ, "ਰਾਜਨ, ਮੈਂ ਨਾ ਤੇਰਾ ਰਾਜ ਹੜੱਪ ਕਰਨ ਲਈ ਤੇ ਨਾ ਇਹ ਬੇਅਰਥ ਚੀਜ਼ਾਂ ਪ੍ਰਾਪਤ ਕਰਨ ਲਈ ਜੰਗ ਵਿੱਢੀ ਸੀ। ਮੈਂ ਸਿਰਫ਼ ਤੇਰੀ ਮਿੱਤਰਤਾ ਚਾਹੀ ਸੀ, ਪਰ ਤੂੰ ਮੈਨੂੰ ਆਪਣਾ ਵੱਡਾ ਭਰਾਤਾ ਬਣਾ ਕੇ ਉਹਦੇ ਨਾਲੋਂ ਕਿਤੇ ਅਮੋਲ ਉਪਹਾਰ ਮੇਰੀ ਝੋਲੀ ਚ ਪਾ ਦਿੱਤਾ। ਮੇਰੇ ਲਈ ਉਸ ਨਾਲੋਂ ਹੋਰ ਕੋਈ ਉਪਹਾਰ ਅਮੋਲ ਨਹੀਂ ਹੋ ਸਕਦੈ। ਕੀ ਤੂੰ ਚਾਹੁੰਦਾ ਏਂ ਕਿ ਮੈਂ ਵੀ ਜੇਤੂ ਰਾਜਿਆਂ ਵਾਲੀਆਂ ਟੋਇਆਂ ਚ ਸੁੱਟਣਯੋਗ ਰੀਤਾਂ ਨਿਭਾਉਣ ਲਗ ਪਵਾਂ? ਕਿਰਪਾ ਕਰਕੇ ਇਨ੍ਹਾਂ ਨੂੰ ਉਸੇ ਸਥਾਨ ਦਾ ਸ਼ਿੰਗਾਰ ਬਣਿਆ ਰਹਿਣ ਦਿਓ ਜਿਥੋਂ ਇਹ ਲਿਆਂਦੇ ਹਨ।"

ਸ਼ਾਇਦ ਇਹ ਰਾਜੇ ਜੌਹਲ ਦੀ ਕਰਨੀ ਦਾ ਫਲ ਹੀ ਸੀ ਕਿ ਜਦ ਉਹ ਆਪਣੇ ਲਾਮ ਲਸ਼ਕਰ ਨਾਲ ਗਜ਼ਨੀ ਲਈ ਤੁਰਿਆ ਤਾਂ ਚੰਦਨਮਣੀ ਦੇ ਘਰਾਂ ਚੋਂ ਰੋਣ-ਧੋਣ ਤੇ ਕੁਰਲਾਉਣ ਦੀ ਥਾਂ ਸ਼ੁਭ-ਵਿਦਾਇਗੀ ਦੀਆਂ ਖੁਸ਼ੀ ਭਰੀਆਂ ਅਵਾਜ਼ਾਂ ਆ ਰਹੀਆਂ ਸਨ।

ਰਾਜੇ ਅਰੁਣ ਭੱਟੀ ਨੇ ਗਣਰਾਜ ਦੇ ਬਣਾਉਣ ਤੇ ਉਹਦੇ ਵਿਧਾਨ ਤੇ ਵਿਚਾਰ ਕਰਨ ਦੇ ਸੁਝਾਓ ਨੂੰ ਖੁਸ਼ੀ ਨਾਲ ਸਵੀਕਾਰਿਆ ਹੀ ਨਾ, ਗਜ਼ਨੀ ਚ ਮਿਲ-ਬਹਿਣ ਦੇ ਸੱਦੇ ਦੀ ਸਵੀਕ੍ਰਿਤੀ ਵੀ ਭੇਜ ਦਿੱਤੀ। ਕਿਉਂਕਿ ਉਸ ਨਾਲ ਉਹ ਵੀ ਤੇ ਖਿੱਤੇ ਦੇ ਹੋਰ ਸਾਰੇ ਰਾਜੇ ਵੀ ਹੂਣਾਂ ਤੇ ਹੋਰ ਬਾਹਰਲੇ ਆਕਰਮਣਕਾਰੀਆਂ ਤੋਂ ਸੁਰੱਖਿਅਤ ਰਹਿ ਸਕਦੇ ਸਨ ਤੇ ਉਹ ਆਪ ਵੀ ਇਕ ਪਰਿਵਾਰ ਵਾਂਗ ਅਮਨ-ਚੈਨ ਨਾਲ ਰਹਿ ਸਕਦੇ ਸਨ। ਤੇਹਾਂ ਰਾਜਿਆਂ ਦੀ ਗਜ਼ਨੀ ਵਿਚ ਬੈਠਕ ਹੋਈ ਤੇ ਗਣਰਾਜ ਦਾ ਕੱਚਾ ਖਰੜਾ ਤਿਆਰ ਕਰ ਲਿਆ। ਉਹਦੇ ਵਿਚਾਰਨ ਵਾਲੇ ਨੁਕਤੇ ਵਿਚਾਰੇ ਗਏ। ਉਹਦੇ ਚ ਜਮ੍ਹਾਂ ਕਰਨ ਵਾਲੇ ਪਾਏ ਤੇ ਕਢਣ ਵਾਲੇ ਕੱਢੇ ਗਏ। ਫਿਰ ਵਿਧਾਨ ਦਾ ਪੱਕਾ ਖਰੜਾ ਤਿਆਰ ਕੀਤਾ ਗਿਆ। ਉਸ ਪਿੱਛੋਂ ਉਹਦੀਆਂ ਇੱਕੀ ਨਕਲਾਂ ਤਿਆਰ ਕੀਤੀਆਂ ਗਈਆਂ, ਜਿਨ੍ਹਾਂ ਚੋਂ ਤਿੰਨ ਉਨ੍ਹਾਂ ਨੇ ਆਪ ਰਖਣੀਆਂ ਸਨ ਤੇ ਬਾਕੀ ਅਠਾਰਾਂ ਉਸ ਖਿੱਤੇ ਦੇ ਰਾਜਿਆਂ ਨੂੰ ਸਵੇਰੇ ਰਾਜੇ ਜੌਹਲ ਨੇ ਆਪਣੇ ਰਾਜਦੂਤਾਂ ਰਾਹੀਂ ਭੇਜ ਦੇਣੀਆਂ ਸਨ। ਵਿਧਾਨ ਦੀ ਹਰ ਨਕਲ ਦੇ ਨਾਲ ਇਹ ਪੱਤਰ ਸੀ ਕਿ ਅਗਲੀ ਪੁੰਨਿਆਂ ਨੂੰ ਇਸ ਵਿਧਾਨ ਤੇ ਵਿਚਾਰ ਕਰਨ ਲਈ ਰਾਜੇ ਅਰੁਣ ਭੱਟੀ ਦੀ ਰਾਜਧਾਨੀ, ਅਮੀਰਗੜ੍ਹ ਚ ਅਸੀਂ ਤੇਹਾਂ ਨੇ ਸਭ ਰਾਜਿਆਂ ਦੀ ਬੈਠਕ ਕਰਨੀ ਨਿਸ਼ਚਿਤ ਕੀਤੀ ਹੈ। ਜਿਸ ਸੱਜਣ ਨੂੰ ਵੀ ਕਿਸੇ ਅਟੱਲ ਕਾਰਨ ਇਹ ਦਿਨ ਠੀਕ ਨਾ ਹੋਵੇ ਉਹ ਰਾਜੇ ਅਰੁਣ ਭੱਟੀ ਨੂੰ ਲਿਖ ਦੇਵੇ ਤਾਂ ਕਿ ਬੈਠਕ ਦਾ ਦਿਨ ਅੱਗੇ ਪਿੱਛੇ ਕਰ ਲਿਆ ਜਾਵੇ। ਪਰ ਕਿਸੇ ਰਾਜੇ ਨੂੰ ਵੀ ਇੰਨਾ ਜ਼ਰੂਰੀ ਕੰਮ ਨਹੀਂ ਸੀ ਜਿਸ ਲਈ ਦਿਨ ਬਦਲਣ ਦੀ ਆਵਸ਼ਕਤਾ ਹੁੰਦੀ।

ਨਿਸ਼ਚਿਤ ਦਿਨ ਤੇ ਬੈਠਕ ਹੋਈ। ਗਣਰਾਜ ਬਣਾਉਣ ਦੇ ਸੁਝਾਓ ਨਾਲ ਸਭ ਰਾਜੇ ਬੜੀ ਖੁਸ਼ੀ ਨਾਲ ਸਹਿਮਤ ਹੋ ਗਏ, ਪਰ ਵਿਧਾਨ ਦੇ ਕੁਝ ਨੁਕਤਿਆਂ ਤੇ ਥੋੜ੍ਹੀ ਬਹੁਤੀ ਨੁਕਤਾਚੀਨੀ ਵੀ ਹੋਈ ਸੀ। ਸਿੱਟੇ ਵਜੋਂ ਇਤਰਾਜ਼ਯੋਗ ਨੁਕਤੇ ਕਢ ਦਿੱਤੇ ਤੇ ਨਵੇਂ ਪਾ ਦਿੱਤੇ। ਅੰਤ ਵਿਧਾਨ ਪਾਸ ਹੋਣ ਉਪਰੰਤ ਰਾਜੇ ਜੌਹਲ

ਨੂੰ ਗਣਰਾਜ ਦਾ ਪਹਿਲਾ ਪ੍ਰਧਾਨ ਚੁਣਿਆਂ ਗਿਆ, ਕਿਉਂਕਿ ਗਣਰਾਜ ਬਣਾਉਣ ਦੀ ਯੋਜਨਾ ਉਹਦੀ ਕਾਢ ਹੀ ਸੀ। ਉਸ ਪਿੱਛੋਂ ਰਾਜੇ ਅਰੁਣ ਭੱਟੀ ਨੂੰ ਪ੍ਰਧਾਨ ਮੰਤਰੀ ਤੇ ਰਾਜੇ ਰਣਬੀਰ ਸੰਧੂ ਨੂੰ ਵਿਦੇਸ਼ ਮੰਤਰੀ ਚੁਣਿਆ। ਫਿਰ ਵਿੱਤ ਮੰਤਰੀ ਤੇ ਗ੍ਰਹਿ ਮੰਤਰੀ ਚੁਣੇ ਗਏ। ਅੰਤ ਵਿਚ ਸ਼ਤਰੂਘਣ ਨੂੰ ਗਣਰਾਜ ਦਾ ਸੈਨਾਪਤੀ ਚੁਣਿਆ ਗਿਆ। ਉਸ ਮਗਰੋਂ ਪ੍ਰਧਾਨ ਦੀ ਸਹਾਇਤਾ ਲਈ ਪ੍ਰਮੁੱਖ ਸਭਾ ਚੁਣੀ ਗਈ, ਜਿਸਦੇ ਅੱਠ ਮੈਂਬਰ ਹੋਣੇ ਸਨ। ਉਸ ਵਿਚ ਪ੍ਰਧਾਨ, ਚਾਰੇ ਮੰਤਰੀ, ਸੈਨਾਪਤੀ ਤੇ ਦੋ ਹੋਰ ਰਾਜੇ ਹੋਣੇ ਸਨ। ਪ੍ਰਧਾਨ ਨੇ ਇਸ ਕਮੇਟੀ ਦੀ ਸਲਾਹ ਨਾਲ ਨਿਰਣੇ ਲੈਣੇ ਸਨ। ਹਰ ਫੈਸਲਾ ਸਰਬ-ਸੰਮਤੀ ਨਾਲ ਹੋਣਾ ਸੀ। ਘੱਟੋ ਘਟ ਬਹੁ-ਗਿਣਤੀ ਨਾਲ ਹੋਣਾ ਅਤਿ ਆਵਸ਼ਕ ਸੀ। ਇਨ੍ਹਾਂ ਉਪਰ ਸਭ ਰਾਜਿਆਂ ਦੀ ਆਮ ਸਭਾ ਹੋਣੀ ਸੀ ਜਿਸ ਇਨ੍ਹਾਂ ਦੀ ਕਾਰਵਾਈ ਤੇ ਨਜ਼ਰ ਰਖਣੀ ਸੀ।

ਗਣਰਾਜ ਦਾ ਨਾਂ ਜੱਟਸਥਾਨ ਰਖਿਆ ਗਿਆ ਤੇ ਇਹਦੀ ਰਾਜਧਾਨੀ ਗਜ਼ਨੀ ਬਣਾਈ ਗਈ, ਕਿਉਂਕਿ ਗਜ਼ਨੀ ਤਕਰੀਬਨ ਸਭ ਰਾਜਾਂ ਦੇ ਕੇਂਦਰ ਵਿਚ ਵੀ ਤੇ ਸਰਹੱਦ ਤੋਂ ਦੂਰ ਵੀ ਸੀ। ਗਣਰਾਜ ਦਾ ਸਭ ਨਾਲੋਂ ਵੱਡਾ ਇਹ ਸਿਧਾਂਤ ਸੀ ਕਿ ਨਾ ਕਿਸੇ ਬਾਹਰਲੇ ਰਾਜ ਤੇ ਆਕਰਮਣ ਕਰਨਾ ਤੇ ਨਾ ਕਿਸੇ ਦਾ ਕੀਤਾ ਸਹਿਣਾ। ਦੂਜੇ ਸ਼ਬਦਾਂ ਚ ਉਹ ਆਪ ਵੀ ਅਮਨ ਚੈਨ ਨਾਲ ਜੀਣਾ ਚਾਹੁੰਦੇ ਸਨ ਤੇ ਇਹ ਹੀ ਹੱਕ ਦੂਜਿਆਂ ਨੂੰ ਦਿੰਦੇ ਸਨ। ਇਹ ਗਣਰਾਜ ਤਕਰੀਬਨ ਤਿੰਨ ਸਦੀਆਂ ਚਲਦਾ ਰਿਹਾ। ਇਸ ਦੌਰਾਨ ਉਸ ਤੇ ਇਕਵਾਰੀ ਹੂਣਾਂ ਦੇ ਸਮਰਾਟ ਨੇ ਆਕਰਮਣ ਕੀਤਾ ਸੀ। ਅੱਗੋਂ ਗਣਰਾਜ ਨੇ ਉਹਨੂੰ ਅਜਿਹਾ ਸਬਕ ਸਿਖਾਇਆ ਕਿ ਉਸ ਮਗਰੋਂ ਉਹਦੀ ਗਣਰਾਜ ਵਲ ਮੂੰਹ ਕਰਨ ਦੀ ਹਿੰਮਤ ਵੀ ਨਾ ਪਈ। ਦੂਜਾ, ਸਦੀ-ਡੇਢ ਸਦੀ ਮਗਰੋਂ ਰਾਜੇ ਜੈ ਪਾਲ ਨੇ ਹਮਲਾ ਕਰਨ ਦੀ ਮੂਰਖਤਾ ਕੀਤੀ ਤੇ ਗਣਰਾਜ ਕੋਲੋਂ ਇੰਨਾ ਝੁੱਗਾ ਚੌੜ ਕਰਵਾਇਆ ਕਿ ਉਹਨੂੰ ਜੱਟਸਥਾਨ ਦੀ ਅਧੀਨਗੀ ਸਵੀਕਾਰ ਲਈ ਉਹਦੇ ਦਰਬਾਰ ਆਉਣਾ ਪਿਆ। ਇਹ ਤਾਂ ਗਣਰਾਜ ਦੀ ਦਰਿਆ ਦਿਲੀ ਸੀ ਕਿ ਉਸ ਉਹਨੂੰ ਆਪਣਾ ਗੁਲਾਮ ਬਣਾਉਣ ਦੀ ਥਾਂ ਬਰਾਬਰ ਦਾ ਸਦੱਸ ਬਣਾ ਲਿਆ। ਜੱਟਸਥਾਨ ਦੀ ਸਭ ਨਾਲੋਂ ਵੱਡੀ ਵਡਿਆਈ ਇਹ ਸੀ ਕਿ ਉਸ ਆਪਣੇ ਉਪਰ ਹਮਲਾ ਕਰਨ ਵਾਲਿਆਂ ਨੂੰ ਪੂਰੀ ਤਰ੍ਹਾਂ ਤਬਾਹ ਕਰਕੇ ਵੀ ਉਨ੍ਹਾਂ ਦੇ ਰਾਜਾਂ ਨੂੰ ਆਪਣੇ ਰਾਜ ਵਿਚ ਨਹੀਂ ਸੀ ਮਿਲਾਇਆ।

ਦੂਜਾ ਪਾਤਰ, ਹਿਰਦੇਪਾਲ ਉਸ ਕਾਲ ਦੀ ਪ੍ਰਤੀਨਿੱਧਤਾ ਕਰਦਾ ਹੈ, ਜਿਸ ਜ਼ਮਾਨੇ ਚ ਕਣਕ-ਵੰਨੇ, ਅਫ਼ਰੋਕੈਰਬੀਅਨ ਤੇ ਚੀਨੀ ਨਸਲ ਦੇ ਪੜ੍ਹੇ-ਲਿਖੇ ਪਰਵਾਸੀ ਦਬਾ ਦਬ ਇੰਗਲੈਂਡ ਨੂੰ ਆਉਣ ਲਗੇ ਸਨ। ਜਦ ਉਹ ਬਰਤਾਨੀਆ ਚ ਕੁਝ ਕੁਝ ਪੈਰਾਂ ਭਾਰ ਹੋ ਗਏ, ਉਨ੍ਹਾਂ ਚੋਂ ਜਿਹੜੀ ਪੜ੍ਹੇ-ਲਿਖੇ ਤੇ ਸਿਆਸੀ ਤੌਰ ਤੇ ਚੇਤਨ ਹੋਣ ਕਰਕੇ ਆਪਣੇ ਅਧਿਕਾਰਾਂ ਤੋਂ ਜਾਣੂ ਸਨ। ਉਨ੍ਹਾਂ ਨੇ ਆਪਣੀਆਂ ਸੰਸਥਾਵਾਂ ਬਣਾ ਲਈਆਂ। ਭਾਰਤੀਆਂ ਨੇ ਭਾਰਤੀ ਮਜ਼ਦੂਰ ਸਭਾ, ਪਾਕਿਸਤਾਨੀਆਂ ਨੇ ਪਾਕਿਸਤਾਨੀ ਫੈਲਫਿਅਰ ਅਸੋਸਿਏਸ਼ਨ ਤੇ ਅਫ਼ਰੋਕੈਰਬੀਅਨ ਨੇ ਆਪਣੀ ਅਸੋਸੀਏਸ਼ਨ ਬਣਾ ਲਈ। ਇਨ੍ਹਾਂ ਦੇ ਲੀਡਰਾਂ ਨੇ ਲੇਬਰ, ਲਿਬਰਲ ਤੇ ਟੋਰੀ ਪਾਰਟੀ ਦੇ ਖੱਬੇ ਵਿੰਗ ਦੇ ਬੰਦਿਆਂ ਨੂੰ ਨਾਲ ਲੈ ਕੇ ਗੋਰਿਆਂ ਦੇ ਬਰਾਬਰ ਅਧਿਕਾਰ ਮੰਗਣੇ ਅਰੰਭ ਕਰ ਦਿੱਤੇ। ਉਹ ਜਾਣਦੇ ਸਨ ਕਿ ਕਾਮਨਵੈਲਥ ਦੇਸ਼ਾਂ ਦੇ ਸ਼ਹਿਰੀ ਹੋਣ ਕਰਕੇ ਉਨ੍ਹਾਂ ਦੇ ਹੱਕ ਵੀ ਤਕਰੀਬਨ ਗੋਰਿਆਂ ਦੇ ਬਰਾਬਰ ਸਨ। ਇਨ੍ਹਾਂ ਸੰਸਥਾਵਾਂ ਦੇ ਲੀਡਰ ਮਿਲ ਕੇ ਦਿਖਾਵੇ ਕਰਨ ਲਗੇ। ਹੌਲ਼ੀ ਹੌਲ਼ੀ ਮੁਜ਼ਾਹਰਿਆਂ ਦੀ ਗਿਣਤੀ ਵਧਦੀ ਗਈ। ਜਦ ਲੱਖਾਂ ਤਕ ਗਿਣਤੀ ਪਹੁੰਚਣ ਲਗੀ ਤਾਂ ਟੋਰੀ ਪਾਰਟੀ ਦੀ ਸਰਕਾਰ ਦੇ ਕੰਨਾਂ ਤੇ ਕੁਝ ਕੁਝ ਖਾਜ ਹੋਣ ਲਗੀ। ਫਿਰ ਇਨ੍ਹਾਂ ਸੰਸਥਾਵਾਂ ਨੇ ਲੇਬਰ, ਲਿਬਰਲ, ਟੋਰੀ ਪਾਰਟੀ ਦੇ ਲਿਬਰਲ ਵਿੰਗ, ਚਰਚ ਸੋਸਾਇਟੀਆਂ, ਇੰਟਰਨੈਸ਼ਨਲ ਸੋਸ਼ਲਿਸਟ ਗਰੁੱਪ ਅਤੇ ਮਨੁੱਖ-ਹਿਤੈਸ਼ੀ ਸੋਚਵਾਲੇ ਬੰਦਿਆਂ ਨੂੰ ਨਾਲ ਲੈ ਕੇ ਟੋਰੀ ਸਰਕਾਰ ਤੇ ਦਬਾਅ ਪਾਉਣ ਨਾਲ ਉਹਨੂੰ ਕੰਮਾਂ ਕਾਰਾਂ, ਘਰਾਂ ਤੇ ਇਮੀਗ੍ਰੇਸ਼ਨ ਵਿਚ ਪਰਵਾਸੀਆਂ ਨੂੰ ਵੀ ਗੋਰਿਆਂ ਦੇ ਬਰਾਬਰ ਅਧਿਕਾਰ ਦੇਣੇ ਪਏ।

ਜਦ ਕਾਨੂੰਨ ਬਣਨ ਨਾਲ ਵੀ ਅਧਿਕਾਰੀ ਵਿਤਕਰਾ ਕਰਨੋਂ ਬਾਜ਼ ਨਾ ਆਏ ਤਾਂ ਮੌਕੇ ਦੀ ਲੇਬਰ



ਸਰਕਾਰ ਨੇ ਪਹਿਲਾਂ ਕਮਿਊਨਿਟੀ ਰੇਸ ਰਿਲੇਸ਼ਨ ਨਾਂ ਦੀ ਸੰਸਥਾ ਦਾ ਨਿਰਮਾਣ ਕੀਤਾ। ਇਹ ਵੀ ਜਦ ਸੰਸਥਾ ਸਮੇਂ ਨਾਲੋਂ ਪੱਛੜ ਗਈ, ਸਰਕਾਰ ਨੇ ਇਸ ਸੰਸਥਾ ਨੂੰ ਵਧ ਹੱਕ ਦੇ ਕੇ ਸੀ.ਆਰ.ਈ. ਚ ਬਦਲ ਦਿੱਤਾ। ਸਰਕਾਰ ਨੇ ਰੰਗ, ਨਸਲ ਤੇ ਸੈਕਸ ਦੇ ਆਧਾਰ ਤੇ ਵਿਤਕਰਾ ਕਰਨਾ ਕਾਨੂੰਨ ਦੇ ਵਿਰੁੱਧ ਤਾਂ ਬਣਾਇਆ ਹੋਇਆ ਹੀ ਸੀ। ਭਾਵ, ਜਿਸ ਵਿਅਕਤੀ ਨਾਲ ਵੀ ਰੰਗ, ਨਸਲ ਤੇ ਸੈਕਸ ਕਾਰਨ ਵਿਤਕਰਾ ਹੋਵੇ, ਉਹ ਆਪਣੇ ਇੰਪਲਾਇਰ ਜਾਂ ਅਧਿਕਾਰੀ ਨੂੰ ਇੰਪਲਾਏਮੈਂਟ ਕੋਰਟ ਵਿਚ ਲਿਜਾ ਸਕਦਾ ਸੀ। ਮਾਲੀ ਹਾਲਤ ਮਾੜੀ ਹੋਣ ਕਰਕੇ ਜੇ ਉਹ ਮੁਕੱਦਮਾ ਨਾ ਕਰ ਸਕੇ, ਇਹ ਸੰਸਥਾ ਉਹਦੀ ਆਰਥਿਕ ਤੇ ਕਾਨੂੰਨੀ ਮਦਦ ਕਰਦੀ ਸੀ। ਜੇ ਸਾਬਤ ਹੋ ਜਾਵੇ ਕਿ ਉਸ ਨਾਲ ਰੰਗ, ਨਸਲ ਜਾਂ ਸੈਕਸ ਦੇ ਆਧਾਰ ਤੇ ਵਿਤਕਰਾ ਕੀਤਾ ਗਿਆ, ਕੋਰਟ ਇੰਪਲਾਇਰ ਜਾਂ ਅਧਿਕਾਰੀ ਨੂੰ ਜ਼ੁਰਮਾਨਾ ਕਰ ਸਕਦੀ ਸੀ। ਵਿਸ਼ੇਸ਼ ਹਾਲਤ ਵਿਚ ਸਜ਼ਾ ਵੀ ਕਰ ਸਕਦੀ ਸੀ। ਇਸ ਕਰਕੇ ਸਿੱਧਾ ਵਿਤਕਰਾ ਤਾਂ ਹੋਣੋਂ ਹਟ ਗਿਆ ਸੀ। ਕਿਉਂਕਿ ਉਹ ਜ਼ੁਰਮਾਨੇ ਤੇ ਸਜ਼ਾ ਤੋਂ ਡਰਨ ਲਗੇ ਸਨ। ਪਰ ਕਾਨੂੰਨ ਲੋਕਾਂ ਦੀ ਸਦੀਆਂ ਦੀ ਬਣੀ ਮਾਨਸਿਕਤਾ ਤਾਂ ਨਹੀਂ ਬਦਲ ਸਕਦਾ। ਉਹਦੇ ਬਦਲਣ ਲਈ ਵੀ ਸਮਾਂ ਚਾਹੀਦੀ। ਸਿੱਟੇ ਵਜੋਂ ਉਹ ਸਿੱਧੇ ਦੀ ਥਾਂ ਅਸਿੱਧਾ ਵਿਤਕਰਾ ਕਰਨ ਲਗ ਪਏ ਸਨ, ਜਿਹੜਾ ਅਦਾਲਤ ਵਿਚ ਸਾਬਤ ਕਰਨਾ ਜੇ ਅਸੰਭਵ ਨਹੀਂ ਤਾਂ ਔਖਾ ਬਹੁਤ ਸੀ।

ਹਿਰਦੇਪਾਲ ਦਾ ਬਾਪ ਅਵਤਾਰ ਸਿੰਘ ਢਿਲੋਂ ਕਮਿਊਨਿਸਟ ਪਾਰਟੀ ਦਾ ਮੈਂਬਰ ਹੋਣ ਕਰਕੇ ਭਾਰਤੀ ਮਜ਼ਦੂਰ ਸਭਾ ਦੀ ਸਰਗਰਮੀ ਚ ਬੜਾ ਸਰਗਰਮ ਸੀ। ਘਰ ਭਾਰਤੀ ਮਜ਼ਦੂਰ ਸਭਾ ਦੇ ਸਥਾਨਿਕ ਤੇ ਕੌਮੀ ਪੱਧਰ ਦੇ ਲੀਡਰ ਹੀ ਨਹੀਂ, ਕਮਿਊਨਿਸਟ ਪਾਰਟੀ ਦੇ ਕੌਮੀ ਤੇ ਇੰਟਰਨੈਸ਼ਨਲ ਪੱਧਰ ਦੇ ਲੀਡਰ ਵੀ ਆਉਂਦੇ ਰਹਿੰਦੇ ਸਨ ਅਤੇ ਘਰ ਚ ਬਰਤਾਨੀਆ ਚ ਰੰਗ, ਸੈਕਸ ਤੇ ਨਸਲੀ ਵਿਤਕਰੇ ਤੋਂ ਰਹਿਤ ਬਣ ਰਹੇ ਸਮਾਜ ਤੇ ਸਰਮਾਏਦਾਰ ਪ੍ਰਬੰਧ ਬਾਰੇ ਅਕਸਰ ਚਰਚਾ ਹੁੰਦੀ ਰਹਿੰਦੀ ਸੀ। ਅਜਿਹੇ ਵਾਤਾਵਰਨ ਵਿਚ ਹਿਰਦੇਪਾਲ ਜੰਮਿਆਂ, ਪੜ੍ਹਿਆ ਤੇ ਪਰਵਾਨ ਚੜ੍ਹਿਆ ਸੀ।

ਉਹਨੂੰ ਕੁਦਰਤ ਨੇ ਦਿਮਾਗ ਵੀ ਚੰਗਾ ਦਿੱਤਾ ਸੀ। ਮਿਹਨਤ ਕਰਨੀ ਤਾਂ ਵਿਰਸੇ ਚੋਂ ਹੀ ਮਿਲੀ ਸੀ। ਇਸਦੇ ਨਾਲ ਉਹ ਕੁਝ ਬਣਨ ਦੀ ਲਾਲਸਾ ਵੀ ਪਾਲਦਾ ਸੀ। ਉਹਨੂੰ ਉਹਦਾ ਇਹ ਫਲ ਮਿਲਿਆ ਕਿ ਉਹ ਹਾਇਰ ਸੈਕੰਡਰੀ ਸਕੂਲ ਚੋਂ ਫਸਟ ਆਇਆ। ਉਹ ਕਾਨੂੰਨਦਾਨ ਬਣਨਾ ਚਾਹੁੰਦਾ ਸੀ ਤੇ ਕਾਨੂੰਨ ਦੀ ਡਿਗਰੀ ਮਾਨਚੈਸਟਰ ਯੂਨੀਵਰਸਿਟੀ ਚੋਂ ਕਰਨੀ ਚਾਹੁੰਦਾ ਸੀ। ਯੂਨੀਵਰਸਿਟੀ ਨੇ ਉਹਦੇ ਕੋਲੋਂ ਦੋ ਏ ਤੇ ਇਕ ਬੀ ਗਰੇਡ ਮੰਗੇ ਸਨ ਜਿਹੜੇ ਉਹ ਲੈ ਗਿਆ। ਉਹ ਐਲ.ਐਲ.ਬੀ. ਚੋਂ ਵੀ ਫਸਟ ਕਲਾਸ ਡਿਗਰੀ ਲੈ ਗਿਆ। ਹੁਣ ਉਹਦੇ ਮੁਹਰੇ ਦੋ ਰਾਹ ਸਨ। ਉਹ ਸੁਲਿਸਟਰ ਬਣ ਸਕਦਾ ਸੀ ਜਾਂ ਬੈਰਿਸਟਰ। ਉਸ ਚੋਣ ਬਾਰੇ ਆਪਣੇ ਏਸ਼ੀਅਨ ਅਧਿਆਪਕ ਦੀ ਸਲਾਹ ਲਈ ਤਾਂ ਉਸ ਦਸਿਆ ਕਿ ਬਾਰ-ਕਲਬਾਂ ਚ ਵਿਤਕਰਾ ਬੜਾ ਹੈ। ਉਨ੍ਹਾਂ ਚ ਏਸ਼ੀਅਨ ਨਸਲ ਦੇ ਬੰਦਿਆਂ ਨੂੰ ਪਸੰਦ ਨਹੀਂ ਕੀਤਾ ਜਾਂਦਾ। ਅਜਿਹੀ ਹਾਲਤ ਵਿਚ ਉਹ ਕੀ ਸਿਖਾਉਣਗੇ ਤੇ ਕੀ ਸਿੱਖਿਆਰਥੀ ਉਨ੍ਹਾਂ ਕੋਲੋਂ ਸਿੱਖੇਗਾ। ਉਹ ਘਰ ਆਇਆ। ਸ਼ਨਿਚਰਵਾਰ ਸ਼ਾਮ ਦੀ ਚਾਹ ਪੀਂਦਿਆਂ ਉਸ ਇਸ ਗੱਲ ਬਾਰੇ ਬਾਪ ਦੀ ਸਲਾਹ ਜਾਣਨੀ ਚਾਹੀ। ਉਹਦੀ ਰਾਏ ਵੀ ਤਕਰੀਬਨ ਉਹਦੇ ਅਧਿਆਪਕ ਨਾਲ ਮਿਲਦੀ ਸੀ। ਉਸ ਅਜਿਹੀ ਮਾਨਸਿਕ ਸਥਿਤੀ ਚ ਆਸਟਨ ਯੂਨੀਵਰਸਿਟੀ ਚੋਂ ਸੁਲਿਸਟਰ ਦਾ ਕੋਰਸ ਕਰਨ ਲਈ ਬੇਨਤੀ-ਪੱਤਰ ਭੇਜ ਦਿੱਤਾ। ਯੂਨੀਵਰਸਿਟੀ ਨੇ ਹੱਸ ਕੇ ਉਹਨੂੰ ਥਾਂ ਦੇ ਦਿੱਤੀ। ਉਹ ਸੁਲਿਸਟਰ ਦੀ ਪਰੀਖਿਆ ਦੀ ਤਿਆਰੀ ਕਰ ਰਿਹਾ ਸੀ ਕਿ ਸੀ.ਪੀ.ਐਸ. ਡਿਪਾਰਟਮੈਂਟ ਦੇ ਬਰਮਿੰਘਮ ਡਿਵੀਜ਼ਨ ਦੇ ਮੈਨੇਜਰ, ਡੇਵਿਡ ਫੋਸਟਰ ਨੇ ਆਸਟਨ ਯੂਨੀਵਰਸਿਟੀ ਦੇ ਸਹਿਯੋਗ ਨਾਲ ਕਾਨਫਰੰਸ ਰਖ ਲਈ। ਉਹ ਟਾਈਮ ਕਢ ਕੇ ਸੀ.ਪੀ.ਐਸ. ਵਿਭਾਗ ਦੇ ਡਾਇਰੈਕਟਰ ਦਾ ਭਾਸ਼ਣ ਸੁਣਨ ਚਲਾ ਗਿਆ। ਪਰ ਡਾਇਰੈਕਟਰ ਕਿਸੇ ਵਿਸ਼ੇਸ਼ ਕਾਰਨ ਨਾ ਆ ਸਕਿਆ। ਉਹਦੀ ਥਾਂ ਡੇਵਿਡ ਫੋਸਟਰ ਭਾਸ਼ਣ ਦੇ ਰਿਹਾ ਸੀ। ਉਸ ਆਪਣੇ ਭਾਸ਼ਣ ਵਿਚ ਸਰਕਾਰ ਦੀ ਰੰਗ, ਨਸਲ ਤੇ ਸੈਕਸ ਬਾਰੇ

ਪਾਲਸੀ ਤੇ ਚਾਨਣ ਪਾਉਂਦਿਆਂ ਹਰ ਨਸਲ ਦੇ ਯੋਗ ਵਿਦਿਆਰਥੀਆਂ ਨੂੰ ਪ੍ਰਾਈਵੇਟ ਕੰਪਨੀਆਂ ਚ ਨੌਕਰੀ ਕਰਨ ਦੀ ਥਾਂ ਵਿਭਾਗ ਵਿਚ ਨੌਕਰੀ ਕਰਨ ਲਈ ਬੜੇ ਜ਼ੋਰਦਾਰ ਸ਼ਬਦਾਂ ਚ ਸੱਦਾ ਦਿੰਦਿਆਂ ਕਿਹਾ ਕਿ ਇੰਜ ਉਹ ਆਪਣੀ ਕੌਮ ਦੀ ਸੇਵਾ ਵੀ ਕਰ ਸਕਣਗੇ ਤੇ ਮਹਿਕਮੇ ਚ ਉੱਚੀ ਤੋਂ ਉੱਚੀ ਪਦਵੀ ਪ੍ਰਾਪਤ ਕਰਕੇ ਆਪਣਾ ਨਾਂ ਵੀ ਕਮਾ ਸਕਣਗੇ। ਉਹਦੇ ਭਾਸ਼ਣ ਤੋਂ ਪ੍ਰਭਾਵਿਤ ਹੋਏ ਹਿਰਦੇਪਾਲ ਨੇ ਪ੍ਰਾਈਵੇਟ ਕੰਪਨੀਆਂ ਚ ਸੁਲਿਸਟਰ ਦੀ ਨੌਕਰੀ ਕਰਨ ਦੀ ਥਾਂ ਸੀ.ਪੀ.ਐਸ. ਮਹਿਕਮੇ ਚ ਸਰਵਿਸ ਕਰਨ ਦਾ ਮਨ ਬਣਾ ਲਿਆ।

ਅਜੇ ਪਰੀਖਿਆ ਦੇ ਨਤੀਜੇ ਆਏ ਹੀ ਸਨ ਕਿ ਪੀ.ਸੀ.ਐਸ. ਵਿਭਾਗ ਦੇ ਬਰਮਿੰਘਮ ਡਿਵੀਜ਼ਨ ਵਿਚ ਤਿੰਨ ਕਰਾਊਨ ਪਰੋਸੀਕਿਊਟਰਾਂ ਦੀਆਂ ਥਾਂਵਾਂ ਨਿਕਲ ਆਈਆਂ। ਉਸ ਤੇ ਉਹਦੇ ਦੋ ਸਹਿਪਾਠੀ ਗੋਰਿਆਂ ਨੇ ਦਰਖ਼ਾਸਤਾਂ ਭੇਜ ਦਿੱਤੀਆਂ। ਉਹ ਤਿੰਨੇ ਰਖ ਲਏ। ਪਰ ਦੋਵੇਂ ਗੋਰੇ ਹੈਡ ਆਫ਼ਿਸ ਵਿਚ ਤੇ ਉਹਨੂੰ ਬਰਮਿੰਘਮ ਡਿਵੀਜ਼ਨ ਦੀ ਸਟੋਕ-ਓਨ-ਟ੍ਰੈਂਟ ਬ੍ਰਾਂਚ ਵਿਚ ਭੇਜ ਦਿੱਤਾ। ਉਸ ਬਾਪ ਕੋਲੋਂ ਇਸ ਗੱਲ ਬਾਰੇ ਡੇਵਿਡ ਫੋਸਟਰ ਨੂੰ ਮਿਲਣ ਦੀ ਸਲਾਹ ਪੁੱਛੀ ਤਾਂ ਉਹ ਕਹਿਣ ਲਗਾ, "ਮੈਂ ਸੋਚਨਾਂ, ਉਹਦੇ ਨਾਲ ਤੇਰਾ ਫ਼ਾਇਦਾ ਹੋਣ ਦੀ ਥਾਂ ਕਿਤੇ ਨੁਕਸਾਨ ਨਾ ਹੋ ਜਾਵੇ।"

"ਉਹ ਕਿੱਦਾਂ ਡੈਡ?" ਹਿਰਦੇਪਾਲ ਨੇ ਬੜੀ ਅਸਚਰਜਤਾ ਨਾਲ ਬਾਪ ਦੇ ਚਿਹਰੇ ਵਲ ਦੇਖਦਿਆਂ ਪੁੱਛਿਆ।

"ਏਦਾਂ ਉਹ ਤੈਨੂੰ ਟ੍ਰਬਲ ਮੇਕਰ ਸਮਝ ਸਕਦੇ। ਮੇਰੇ ਖਿਆਲ ਚ ਸ਼ਿਕਾਇਤ ਕਰਨ ਦੀ ਥਾਂ ਤੈਨੂੰ ਸਟੋਕ-ਓਨ-ਟ੍ਰੈਂਟ ਬ੍ਰਾਂਚ ਵਿਚ ਸਰਵਿਸ ਜੋਆਇਨ ਕਰ ਲੈਣੀ ਚਾਹੀਦੀ। ਜਦ ਮਿਹਨਤ ਨਾਲ ਆਪਣੀ ਕਾਬਲਿਅਤ ਦਾ ਸਬੂਤ ਦੇ ਦੇਏਂਗਾ ਤਾਂ ਫੋਸਟਰ ਨੇ ਆਪੇ ਤੈਨੂੰ ਹੈਡ ਆਫ਼ਿਸ ਵਿਚ ਲੈ ਜਾਣਾ, ਕਿਉਂਕਿ ਬ੍ਰਾਂਚ ਨਾਲੋਂ ਹੈਡ-ਆਫ਼ਿਸ ਵਿਚ ਕਾਬਲ ਬੰਦਿਆਂ ਦੀ ਕਿਤੇ ਵਧ ਜ਼ਰੂਰਤ ਹੁੰਦੀ।"

ਐਡਵਰਡ ਰੀਵਜ਼ ਨੇ ਹਿਰਦੇਪਾਲ ਦੇ ਸਟੋਕ-ਓਨ-ਟ੍ਰੈਂਟ ਆਉਣ ਦਾ ਨਿੱਘਾ ਸਵਾਗਤ ਕੀਤਾ ਤੇ ਸਟਾਫ਼ ਦੇ ਸਾਮ੍ਹਣੇ ਇਹ ਕਹਿਣ ਦਾ ਦਿਖਾਵਾ ਵੀ ਕੀਤਾ ਕਿ ਮਿਸਟਰ ਡਿਲਨ ਵਰਗੇ ਇੰਟੈਲੀਜੈਂਟ ਪਰੋਸੀਕਿਊਟਰ ਦੇ ਆਉਣ ਨਾਲ ਬ੍ਰਾਂਚ ਦਾ ਨਾਂ ਹੋਰ ਵੀ ਚਮਕ ਉਠੇਗਾ। ਪਰ ਕੁਝ ਚਿਰ ਮਗਰੋਂ ਜਦ ਉਹਨੂੰ ਆਪਣੀ ਉਮੀਦ ਨੂੰ ਬੂਰ ਨਾ ਪੈਂਦਾ ਦਿਸਿਆ ਤਾਂ ਉਸ ਉਹਨੂੰ ਬੰਦਾ ਬਣਾਉਣ ਦਾ ਮਨ ਬਣਾ ਲਿਆ। ਦਰਅਸਲ ਉਹ ਤੇ ਉਹਦਾ ਹੈਡ ਡੇਵਿਡ ਫੋਸਟਰ ਉਸ ਮਿੱਟੀ ਦੇ ਬਣੇ ਹੋਏ ਸਨ, ਜਿਹੜੀ ਇਸ ਗੱਲ ਚ ਵਿਸ਼ਵਾਸ ਰਖਦੀ ਸੀ ਕਿ ਅਧਿਕਾਰੀ ਨੂੰ ਆਪਣੇ ਅਧੀਨ ਕੰਮ ਕਰਨ ਵਾਲਿਆਂ, ਵਿਸ਼ੇਸ਼ ਕਰਕੇ ਕਾਲ਼ਿਆਂ ਦੀ ਰੀੜ੍ਹ ਦੀ ਹੱਡੀ ਕਢ ਦੇਣੀ ਚਾਹੀਦੀ ਹੈ। ਨਹੀਂ ਤਾਂ ਉਹ ਉਹਦੀ ਕਢ ਦੇਣਗੇ। ਪਰ ਹਿਰਦੇਪਾਲ ਰੀੜ੍ਹ ਦੀ ਹੱਡੀ ਰਖਣ ਵਾਲੀ ਮਿੱਟੀ ਦਾ ਬਣਿਆ ਹੋਇਆ ਸੀ। ਉਹ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਕੰਮ ਕਰਕੇ ਮਨ-ਇੱਛਤ ਫਲ ਪਾਉਣ ਵਿਚ ਭਰੋਸਾ ਰਖਦਾ ਸੀ। ਐਡਵਰਡ ਕੁਝ ਚਿਰ ਤਾਂ ਸੋਚਦਾ ਰਿਹਾ ਕਿ ਉਹ ਆਪੇ ਰਾਹ ਸਿਰ ਆ ਜਾਵੇਗਾ। ਭਾਵ, ਸਵੇਰੇ ਕੰਮ ਤੇ ਲਗਣ ਤੋਂ ਪਹਿਲਾਂ ਉਹਦੀ ਕੈਬਨ ਵਿਚ ਆ ਕੇ ਗੁੱਡ ਮੌਰਨਿੰਗ ਬੁਲਾਉਣ ਆਇਆ ਕਰੇਗਾ ਤੇ ਸ਼ਾਮ ਨੂੰ ਘਰ ਜਾਣ ਤੋਂ ਪਹਿਲਾਂ ਗੁੱਡ ਨਾਈਟ ਕਹਿ ਕੇ ਜਾਇਆ ਕਰੇਗਾ। ਜਦ ਉਹਨੂੰ ਆਪਣੀ ਉਮੀਦ ਪੂਰੀ ਨਾ ਹੁੰਦੀ ਦਿਸੀ, ਉਸ ਉਹਨੂੰ ਕੋਰਟ ਵਿਚ ਭੁਗਤਾਉਣ ਲਈ ਔਖੇ ਮੁਕੱਦਮੇ ਦੇਣੇ ਸ਼ੁਰੂ ਕਰ ਦਿੱਤੇ ਤਾਂ ਕਿ ਉਹ ਨੌਕਰੀ ਛੱਡ ਕੇ ਭੱਜ ਜਾਵੇ। ਪਰ ਹਿਰਦੇਪਾਲ ਨੇ ਉਹਨੂੰ ਚੈਲਿੰਜ ਦੇ ਤੌਰ ਤੇ ਲਿਆ ਤੇ ਵੰਗਾਰ ਨੂੰ ਅੱਖਾਂ ਦਿਖਾਉਣੀਆਂ ਉਹਦਾ ਸੁਭਾ ਸੀ। ਉਹ ਹਿਰਦੇਪਾਲ ਨੂੰ ਹੋਰ ਔਖੇ ਮੁਕੱਦਮੇ ਦੇਣ ਲਗਾ ਤੇ ਇਹ ਉਨ੍ਹਾਂ ਨੂੰ ਸਵੀਕਾਰ ਕਰਦਾ ਰਿਹਾ। ਅਜਿਹੀ ਹਾਲਤ ਵਿਚ ਵੀ ਉਸ ਆਪਣੀ ਸਫਲਤਾ ਦਾ ਅੱਸੀ ਪ੍ਰਤੀਸ਼ਤ ਰਿਕਾਰਡ ਬਣਾ ਲਿਆ। ਕੁਝ ਚਿਰ ਮਗਰੋਂ ਬ੍ਰਾਂਚ ਦਾ ਇਕ ਸੀਨੀਅਰ ਪਰੋਸੀਕਿਊਟਰ ਰਿਟਾਇਰ ਹੋ ਗਿਆ। ਉਸ ਉਸ ਥਾਂ ਲਈ ਬੇਨਤੀ-ਪੱਤਰ ਦੇ ਦਿੱਤਾ। ਰੀਵਜ਼ ਨੇ ਐਂਡਰੀਊ ਸਮਿੱਥ ਕੋਲੋ ਵੀ ਅਪਲਾਈ ਕਰਾ ਦਿੱਤਾ। ਦੋਹਾਂ ਦੀ ਇੰਟਰਵਿਊ ਹੋਈ।



ਐਂਡਰੀਊ ਸਪਾਈਨਲੈਸ ਹੋਣ ਕਰਕੇ ਸੀਨੀਅਰ ਪਰੋਸੀਕਿਊਟਰ ਬਣ ਗਿਆ ਤੇ ਹਿਰਦੇਪਾਲ ਰੀੜ੍ਹ ਦੀ ਹੱਡੀ ਰਖਣ ਕਰਕੇ ਰਹਿ ਗਿਆ। ਓਦਾਂ ਤਾਂ ਉਹ ਹਿਰਦੇਪਾਲ ਨਾਲੋਂ ਯੂਨੀਅਰ ਵੀ ਸੀ ਤੇ ਪਰੋਸੀਕਿਊਟਰ ਵੀ ਠੀਕ-ਠਾਕ ਹੀ ਸੀ।

ਸਿੱਟੇ ਵਜੋਂ ਬ੍ਰਾਂਚ ਵਿਚ ਬੜਾ ਤਣਾਅ ਰਹਿਣ ਲਗਾ। ਇਸ ਸਮੱਸਿਆ ਨੂੰ ਹੱਲ ਕਰਨ ਲਈ ਫੋਸਟਰ ਹਿਰਦੇਪਾਲ ਨੂੰ ਇਹ ਕਹਿ ਕੇ ਆਪਣੇ ਕੋਲ ਲੈ ਗਿਆ ਕਿ ਉਹ ਖਿਆਲ ਰਖੇਗਾ। ਜਦ ਤਿੰਨ ਸਾਲ ਲਾਰਿਆਂ ਚ ਲੰਘ ਗਏ ਤੇ ਹਿਰਦੇਪਾਲ ਨੂੰ ਯਕੀਨ ਹੋ ਗਿਆ ਕਿ ਉਸ ਉਹਨੂੰ ਸੀਨੀਅਰ ਪਰੋਸੀਕਿਊਟਰ ਨਹੀਂ ਬਣਾਉਣਾ ਤਾਂ ਉਹ ਸੀ.ਆਰ.ਈ. ਦੀ ਸਹਾਇਤਾ ਨਾਲ ਰੰਗ ਦੇ ਆਧਾਰ ਵਿਤਕਰਾ ਹੋਣ ਦਾ ਕੇਸ ਇੰਪਲਾਏਮੈਂਟ ਕੋਰਟ ਵਿਚ ਲੈ ਗਿਆ। ਦੋ ਦਿਨ ਤਾਂ ਹਿਰਦੇਪਾਲ ਦਾ ਵਕੀਲ ਛਾਇਆ ਰਿਹਾ ਤੇ ਜੱਜ ਵੀ ਹਾਂ ਚ ਸਿਰ ਹਿਲਾਉਂਦਾ ਰਿਹਾ, ਪਰ ਤੀਜੇ ਦਿਨ ਉਹ ਲੜਖੜਾਉਣ ਲਗ ਪਿਆ। ਹਿਰਦੇਪਾਲ ਸਮਝ ਤਾਂ ਗਿਆ ਸੀ ਕਿ ਸਥਾਪਨਾ ਦਾ ਜਾਦੂ ਚਲ ਗਿਆ, ਪਰ ਹੁਣ ਹੋ ਕੁਝ ਨਹੀਂ ਸੀ ਸਕਦਾ। ਚਲਦੇ ਮੁਕੱਦਮੇ ਚ ਵਕੀਲ ਵੀ ਨਹੀਂ ਸੀ ਬਦਲਿਆ ਜਾ ਸਕਦਾ। ਕੋਰਟ ਬਦਲਣੀ ਤਾਂ ਭਲਾ ਸੰਭਵ ਹੀ ਨਹੀਂ ਸੀ ਹੋ ਸਕਦੀ।

ਜਿਸ ਦਿਨ ਇੰਪਲਾਏਮੈਂਟ ਕੋਰਟ ਦੇ ਜੱਜ, ਕੈਨ ਰੀਸ ਨੇ ਹਿਰਦੇਪਾਲ ਦੇ ਮੁਕੱਦਮੇ ਦਾ ਫੈਸਲਾ ਸੁਣਾਉਣਾ ਸੀ, ਉਸ ਦਿਨ ਉਹ ਵੀ ਕੋਰਟ ਵਿਚ ਆਇਆ ਹੋਇਆ ਸੀ। ਡੇਵਿਡ ਫੋਸਟਰ ਵੀ ਆਪਣੇ ਲਾਣੇ ਨਾਲ ਪੁੱਜਾ ਹੋਇਆ ਸੀ। ਹਿਰਦੇਪਾਲ ਨੇ ਨਿਰਣੇ ਦਾ ਅੰਦਾਜ਼ਾ ਲਾਉਣ ਲਈ ਫੋਸਟਰ ਦੇ ਚਿਹਰੇ ਵਲ ਦੇਖਿਆ। ਉਹਨੂੰ ਉਹਦੇ ਚਿਹਰੇ ਤੇ ਖੁਸ਼ੀ ਮੰਡਰਾ ਰਹੀ ਲੱਗੀ। ਉਹਨੂੰ ਉਹ ਗੱਲ ਹੀ ਹੁੰਦੀ ਲੱਗੀ ਜਿਸਦਾ ਡਰ ਸੀ। ਪਰ ਜਦ ਉਸ ਰਤਾ ਗਹੁ ਨਾਲ ਦੇਖਿਆ ਤਾਂ ਉਹਦੇ ਚਿਹਰੇ ਤੇ ਖੁਸ਼ੀ ਦੀ ਥਾਂ ਉਦਾਸੀ ਝੁਰਮਟ ਪਾਈ ਬੈਠੀ ਜਾਪੀ। ਲਗਾ ਉਹਦੇ ਦਿਲ ਦੀ ਮੁਰਾਦ ਪੂਰੀ ਨਾ ਹੋਈ ਹੋਵੇ। ਫੋਸਟਰ ਨੇ ਹਿਰਦੇਪਾਲ ਨੂੰ ਘੂਰਦਿਆਂ ਦੇਖਿਆ ਤਾਂ ਉਹ ਚਿਹਰੇ ਤੇ ਮੀਸਣਾਪਣ ਪੋਚ ਕੇ ਮੁਸਕਰਾ ਪਿਆ। ਹਿਰਦੇਪਾਲ ਨੇ ਵੀ ਉਸੇ ਅੰਦਾਜ਼ ਵਿਚ ਉਹਦੇ ਵਲ ਦੇਖਿਆ ਤੇ ਮੁਸਕਰਾ ਪਿਆ। ਉਹ ਪਲ ਕੁ ਇਕ ਦੂਜੇ ਦੇ ਚਿਹਰਿਆਂ ਦੀ ਫੋਲਾਫੋਲੀ ਕਰਦੇ ਰਹੇ ਤੇ ਇਕ ਦੂਜੇ ਦੇ ਦਿਲ ਦੀ ਥਾਣੀ ਪੜ੍ਹਨ ਦੀ ਕੋਸ਼ਿਸ਼ ਕਰਦੇ ਰਹੇ। ਫਿਰ ਫੋਸਟਰ ਉਹਦੇ ਚਿਹਰੇ ਵਲ ਵਿਅੰਗ ਨਾਲ ਦੇਖ ਕੇ ਮੁਸਕਰਾਇਆ। ਹਿਰਦੇਪਾਲ ਵੀ ਉਸੇ ਅੰਦਾਜ਼ ਵਿਚ ਮੁਸਕਰਾਇਆ। ਤਦ ਨੂੰ ਜੱਜ ਨੇ ਫੈਸਲਾ ਸੁਣਾਉਣ ਲਈ ਮੇਜ਼ ਤੇ ਠੱਕ ਠੱਕ ਕਰ ਦਿੱਤੀ। ਉਸ ਆਪਣੇ ਨਿਰਣੇ ਵਿਚ ਦਸਿਆ, ਮਿਸਟਰ ਡਿਲਨ ਦਾ ਕੇਸ ਇਹ ਗੱਲ ਸਾਬਤ ਨਹੀਂ ਕਰਦਾ ਕਿ ਉਹਦੇ ਨਾਲ ਰੰਗ ਦੇ ਆਧਾਰ ਤੇ ਵਿਤਕਰਾ ਹੋਇਆ, ਪਰ ਉਸ ਉਹਨੂੰ ਵਿਭਾਗ ਵਿਚੋਂ ਕਢਣ ਦੀ ਸਿਫ਼ਾਰਸ਼ ਨਹੀਂ ਸੀ ਕੀਤੀ।

ਗਜ ਜੌਹਲ ਬਾਰੇ ਤਾਂ ਪਾਠਕ ਪੜ੍ਹ ਹੀ ਚੁੱਕੇ ਹਨ ਕਿ ਉਹ ਕਿੱਦਾਂ ਦੇ ਅਮਲ ਕਰਕੇ ਵਿਅਕਤੀ ਤੋਂ ਪਾਤਰ ਬਣਦਾ ਹੈ। ਆਓ, ਹੁਣ ਹਿਰਦੇਪਾਲ ਦੀਆਂ ਉਹ ਗੱਲਾਂ ਸੁਣੀਏਂ ਜਿਹੜੀਆਂ ਉਹਨੂੰ ਪਾਤਰ ਬਣਾਉਂਦੀਆਂ ਹਨ। ਇਸ ਤੋਂ ਅੱਗੇ ਚਲ ਕੇ ਦੇਖੀਏ ਕਿ ਗਜਰਾਜ ਉਹ ਕਿਹੜਾ ਕਾਰਜ ਕਰਦਾ, ਜਿਹੜਾ ਉਹਨੂੰ ਵਿਅਕਤੀ ਤੋਂ ਕਿਰਦਾਰ ਬਣਾਉਂਦਾ। ਨਾਲ ਹੀ ਇਹ ਵੀ ਅੰਦਾਜ਼ਾ ਲਾਈਏ ਕਿ ਉਹ ਕਿਹੜੀ ਸ਼ਕਤੀ ਹੈ, ਜੋ ਉਨ੍ਹਾਂ ਕੋਲੋਂ ਵਿਅਕਤੀਆਂ ਨਾਲੋਂ ਕਿਤੇ ਵੱਡੇ ਕੰਮ ਕਰਵਾਉਂਦੀ ਤੇ ਉਹ ਬੰਦਿਆਂ ਦੀ ਥਾਂ ਪਾਤਰ ਬਣਦੇ ਹਨ। ਪਹਿਲਾਂ ਹਿਰਦੇਪਾਲ ਨੂੰ ਸੁਣਦੇ ਹਾਂ। ਉਹ ਮੁਕੱਦਮਾ ਹਾਰ ਜਾਣ ਪਿੱਛੋਂ ਸਥਾਪਨਾ ਬਨਾਮ ਡੇਵਿਡ ਫੋਸਟਰ ਨੂੰ ਕਹਿੰਦਾ ਹੈ:

"ਮਿਸਟਰ ਫੋਸਟਰ, ਮੈਂ ਤੈਨੂੰ ਜਿੱਤ ਦੀ ਵਧਾਈ ਦਿੰਦਾ ਹਾਂ। ਤੇਰੀ ਸ਼ਾਤਰ ਬੁੱਧੀ ਦੀ ਦਾਦ ਵੀ ਦਿੰਦਾ ਹਾਂ। ਤੇਰੀਆਂ ਲੰਮੀਆਂ ਬਾਹਾਂ, ਦੋਗਲੀ ਨੀਤੀ ਤੇ ਲੋਕਾਂ ਨੂੰ ਵਰਤ ਸਕਣ ਦੀ ਚਲਾਕੀ ਦੀ ਕਦਰ ਵੀ ਕਰਦਾ ਹਾਂ। ਤੇਰੀ ਮਕਾਰੀ ਨੂੰ ਵੀ ਮੰਨਦਾ ਹਾਂ। ਤੇਰੀਆਂ ਇਨ੍ਹਾਂ ਗੱਲਾਂ ਕਰਕੇ ਮੈਂ ਤੈਨੂੰ ਦੋਸ਼ੀ ਵੀ ਨਹੀਂ ਠਹਿਰਾਉਂਦਾਂ। ਤੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਸਲਤਨਤ ਕਾਇਮ ਰਖਣੀ ਏ। ਮੇਰੀ ਤੇਰੀ ਲੜਾਈ

ਜਾਤੀ ਹਿੱਤਾਂ ਦੀ ਨਹੀਂ, ਉਹਦੇ ਨਾਲੋਂ ਕਿਤੇ ਵੱਡੀ ਏ। ਤੂੰ ਆਪਣੇ ਹਿੱਤਾਂ ਲਈ ਲੜ ਰਿਹਾ ਏਂ, ਮੈਂ ਆਪਣਿਆਂ ਲਈ। ਫਿਰ ਗਿਲਾ-ਸ਼ਿਕਵਾ ਕਾਹਦਾ ਤੇ ਕਿਸ ਗੱਲ ਦਾ? ਤੂੰ ਮੈਥੋਂ ਤਾਕਤਵਰ, ਲੰਮੀਆਂ ਬਾਹਾਂਵਾਲਾ ਤੇ ਚਲਾਕ ਸੀ, ਜਿੱਤ ਗਿਆਂ। ਪਰ ਹੁਣ ਦੇਖਣਾ ਇਹ ਹੈ ਕਿ ਤੂੰ ਕਦ ਤਕ ਜਿੱਤਦਾ ਰਹੇਂਗਾ ਤੇ ਮੈਂ ਹਾਰਦਾ। ਸਾਡੀ ਇਹ ਜੰਗ ਤਦ ਤਕ ਜਾਰੀ ਰਹਿਣੀ ਏ ਜਦ ਤਕ ਮੈਂ ਜਿੱਤਦਾ ਨਹੀਂ ਜਾਂ ਟੁੱਟ ਕੇ ਬਿਖਰ ਨਹੀਂ ਜਾਂਦਾ।"

ਤੀਜਾ, ਗਜਰਾਜ ਵਰਤਮਾਨ ਕਾਲ ਦੀ ਨੁਮਾਇੰਦਗੀ ਕਰਦਾ ਹੈ। ਗੈਂਗ ਆਫ਼ ਫੋਰ ਨੂੰ ਆਪਣੀਆਂ ਜੜ੍ਹਾਂ ਦੇਖਣ ਦੀ ਪ੍ਰੇਰਨਾ ਤਾਂ ਘਰੋਂ ਹੀ ਮਲਦੀ ਹੈ। ਪਰ ਜਦ ਉਹ ਆਪਣੀਆਂ ਜੜ੍ਹਾਂ ਦੇਖਣ ਲਈ ਮਾਪਿਆਂ ਨੂੰ ਬਰਤਾਨਵੀ ਸੈਨਾ 'ਚ ਭਰਦੀ ਹੋਣ ਲਈ ਕਹਿੰਦੇ ਹਨ ਤਾਂ ਉਨ੍ਹਾਂ ਦੇ ਪੱਲੇ ਮਨਾਹੀ ਪੈਂਦੀ ਹੈ। ਉਹ ਦੇਖਦੇ ਹਨ ਕਿ ਅਫ਼ਗਾਨਸਤਾਨ ਦੇ ਹਾਲਾਤ ਖ਼ਤਰਨਾਕ ਹੋਣ ਕਰਕੇ ਘਰਦਿਆਂ ਨੇ ਭਰਤੀ ਨਹੀਂ ਹੋਣ ਦੇਣਾ ਤੇ ਓਦਾਂ ਜਾਣਾ ਸੰਭਵ ਨਹੀਂ ਤਾਂ ਉਹ ਘਰਦਿਆਂ ਤੋਂ ਚੋਰੀ ਬਰਤਾਨਵੀਂ ਫੌਜ ਵਿਚ ਭਰਤੀ ਹੋ ਜਾਂਦੇ ਹਨ। ਫ਼ੌਜੀ ਟ੍ਰੇਨਿੰਗ ਪੂਰੀ ਹੋਣ ਉਪਰੰਤ ਉਨ੍ਹਾਂ ਦੀ ਪਲਟਨ ਨੂੰ ਅਫ਼ਗਾਨਸਤਾਨ ਜਾਣ ਦਾ ਹੁਕਮ ਮਿਲ ਜਾਂਦਾ ਹੈ। ਉਹ ਚਾਈਂ ਚਾਈਂ ਆਪਣੀਆਂ ਜੜ੍ਹਾਂ ਦੇਖਣ ਜਾਂਦੇ ਹਨ। ਪਰ ਉਥੇ ਮੌਤ ਦੇ ਪਰਛਾਵੇਂ ਹੇਠ ਕੈਦੀਆਂ ਵਰਗੀ ਘੁਟਨ ਭਰੀ ਸਥਿਤੀ 'ਚ ਸਾਲ ਕੁ ਗੁਜ਼ਾਰਨ ਮਗਰੋਂ ਜਗਰਾਜ ਗੈਂਗ ਆਫ਼ ਫੋਰ ਨਾਲ ਘਰ ਛੁੱਟੀ ਕੱਟਣ ਆ ਜਾਂਦਾ ਹੈ। ਜਦ ਉਹਦਾ ਹਵਾਈ ਜਹਾਜ਼ ਬਰਮਿੰਘਮ ਏਅਰਪੋਰਟ 'ਤੇ ਉਤਰਦਾ ਹੈ ਤੇ ਉਹ ਸਾਮਾਨ ਲੈ ਕੇ ਉਡੀਕ ਹਾਲ 'ਚ ਆਉਂਦਾ ਹੈ, ਜਿਥੇ ਉਹਦੇ ਮਾਪੇ ਤੇ ਵੱਡਾ ਭਰਾ ਬਲਵਿੰਦਰ ਉਡੀਕ ਕਰ ਰਹੇ ਹੁੰਦੇ। ਉਹ ਉਨ੍ਹਾਂ ਦੇ ਸਾਮ੍ਹਣੇ ਆਪਣੇ ਵਲੋਂ ਖ਼ੁਸ਼ ਹੋਣ ਦਾ ਹਰ ਸੰਭਵ ਦਿਖਾਵਾ ਕਰਦਾ ਹੈ। ਪਰ ਦਿਖਾਵਾ ਤਾਂ ਦਿਖਾਵਾ ਹੀ ਹੁੰਦਾ ਹੈ। ਬਾਪ ਤੇ ਭਰਾ ਤਾੜ ਜਾਂਦੇ ਕਿ ਉਹ ਉਸ ਸੈਨਿਕ ਜੀਵਨ ਤੋਂ ਖ਼ੁਸ਼ ਨਹੀਂ। ਮਾਂ-ਬਾਪ ਤੇ ਭਰਾ ਦਿਲ ਖੋਲ੍ਹ ਕੇ ਉਹਨੂੰ ਜੀ ਆਇਆਂ ਨੂੰ ਹੀ ਨਹੀਂ ਕਹਿੰਦੇ, ਰਜਵਾਂ ਪਿਆਰ ਵੀ ਦਿੰਦੇ। ਸੁਤੰਤਰਤਾ ਤੇ ਡਰ-ਭੌਂਹ ਤੋਂ ਬਿਨਾਂ ਆਪਣੀ ਮਰਜ਼ੀ ਨਾਲ ਜਿਥੇ ਦਿਲ ਕਰੇ ਜਾਣ ਆਉਣ ਦੀ ਖੁੱਲ੍ਹ ਨੇ ਉਹਦੇ 'ਤੇ ਛਾਇਆ ਮੌਤ ਦਾ ਪਰਛਾਵਾਂ ਸਹਿਜੇ ਸਹਿਜੇ ਲਾਹ ਦਿੱਤਾ। ਭਾਵ, ਅਫ਼ਗਾਨਸਤਾਨ ਤੋਂ ਡਰੇ ਸਹਿਮੇ ਆਏ ਗਜਰਾਜ ਹੇਠੋਂ ਕੁਝ ਦਿਨਾਂ 'ਚ ਹੀ ਫਿਰ ਕਿਸੇ ਹੱਦ ਤਕ ਪਹਿਲਾਂਵਾਲੇ ਖ਼ੁਸ਼ੀ ਨਾਲ ਡੁੱਲ੍ਹ ਡੁੱਲ੍ਹ ਕਰਦੇ ਗਜਰਾਜ ਦੀ ਝਲਕ ਪੈਣ ਲਗੀ ਸੀ। ਜੇ ਗਹੁ ਨਾਲ ਦੇਖਿਆਂ ਤਾਂ ਉਹਦੇ ਹੇਠੋਂ ਅਜੇ ਵੀ ਕਦੀ ਕਦੀ ਅਫ਼ਗਾਨਸਤਾਨੋਂ ਆਏ ਗਜਰਾਜ ਦਾ ਪਰਛਾਵਾਂ ਦਿਸ ਪੈਂਦਾ ਸੀ। ਪਰ ਉਹ ਉਹਦਾ ਮਸੀਂ ਤੀਜਾ ਕੁ ਹਿੱਸਾ ਹੁੰਦਾ ਸੀ। ਇਸੇ ਸਥਿਤੀ 'ਚ ਹੀ ਉਹਦੀ ਛੁੱਟੀ ਦੇ ਮੁੱਕਣ ਦਾ ਇਸ ਹਫ਼ਤਾ-ਅੰਤ ਤੋਂ ਅੰਤਲਾ ਹਫ਼ਤਾ ਹੀ ਰਹਿ ਜਾਣਾ ਸੀ। ਉਹ ਇਕ ਹਫ਼ਤਾ-ਅੰਤ ਆਪਣੇ ਭਰਾ ਕੋਲ- ਜਿਹੜਾ ਨੌਟਿੰਘਮ ਯੂਨੀਵਰਸਟੀ 'ਚ ਐਮ.ਬੀ.ਬੀ.ਐਸ. ਦੇ ਅੰਤਲੇ ਸਾਲ ਵਿਚ ਪੜ੍ਹਦਾ ਸੀ- ਗੁਜ਼ਾਰਨਾ ਚਾਹੁੰਦਾ ਸੀ। ਸੋ ਉਸ ਇਹ ਹਫ਼ਤਾ-ਅੰਤ 'ਤੇ ਮਾਪਿਆਂ ਨਾਲ ਲੈਂਡਲਿਡਲੋ 'ਚ ਬਿਤਾਉਣ ਦਾ ਪ੍ਰੋਗਰਾਮ ਬਣਾ ਲਿਆ। ਉਹ ਤਿਆਰ ਹੋ ਕੇ ਸੁਵੱਖਤੇ ਹੀ ਘਰੋਂ ਤੁਰ ਪਏ। ਬਾਪ ਕਾਰ ਚਲਾ ਰਿਹਾ ਹੈ, ਉਹ ਪੈਸੈਂਜਰ ਸੀਟ 'ਤੇ ਅਤੇ ਮਾਂ ਪਿਛਲੀ ਸੀਟ 'ਤੇ ਬੈਠੀ ਸੀ। ਜਦ ਪਹਾੜ ਨੂੰ ਚੀਰ ਕੇ ਬਣਾਏ ਇਕ ਕਾਰ ਦੇ ਲੰਘਣ ਜੋਗੇ ਰਾਹ ਦੇ 'ਹੋਰਸ-ਸ਼ੂ' ਨਾਂ ਦੇ ਮੋੜ 'ਤੋਂ ਕਾਰ ਲੰਘਣ ਲਗੀ- ਜਿਹਦੇ ਦੋਹੀਂ ਪਾਸੀਂ ਪਤਾਲ ਜਿੰਨੀਆਂ ਡੂੰਘੀਆਂ ਖੱਡਾਂ ਬੰਦੇ ਨੂੰ ਘੜੱਪ ਕਰਕੇ ਅੰਦਰ ਸੁੱਟਣ ਲਈ ਮੂੰਹ ਅੱਡੀ ਖੜੀਆਂ ਹਨ- ਤਾਂ ਉਸ ਆਪਣੇ ਪਾਸੇ ਦੀ ਬਾਰੀ ਦਾ ਸ਼ੀਸ਼ਾ ਥੱਲੇ ਕਰਕੇ ਉਨ੍ਹਾਂ ਵਲ ਦੇਖਿਆ। ਉਹਨੂੰ ਖੱਡਾਂ ਦੇ ਖ਼ਤਰੇ ਦਾ ਅਹਿਸਾਸ ਤਾਂ ਜ਼ਰੂਰ ਹੁੰਦਾ ਹੈ, ਪਰ ਉਹ ਡਰਿਆ ਬਿਲਕੁਲ ਨਹੀਂ ਸੀ।

ਜਦ ਉਹ ਦਸਾਂ-ਗਿਆਰਾਂ ਸਾਲਾਂ ਦਾ ਸੀ ਤਦ ਉਹ ਵੀ ਮਾਪਿਆਂ ਤੇ ਵੱਡੇ ਭਰਾ ਨਾਲ ਇਸੇ ਰਸਤੇ ਹਫ਼ਤਾ-ਅੰਤ ਲੈਂਡਲਿਡਲੋ 'ਚ ਛੁੱਟੀਆਂ ਕੱਟਣ ਗਿਆ ਸੀ। ਓਦੋਂ ਵੀ ਬਾਪ ਕਾਰ ਚਲਾ ਰਿਹਾ ਸੀ ਤੇ ਮਾਂ ਉਹਦੇ ਨਾਲਦੀ ਪੈਸੈਂਜਰ ਸੀਟ 'ਤੇ ਬੈਠੀ ਸੀ। ਉਹ ਤੇ ਬਲਵਿੰਦਰ ਪਿਛਲੀਆਂ ਸੀਟਾਂ ਮੱਲੀ ਬੈਠੇ ਸਨ। ਜਦ



ਕਾਰ ਇਹ ਮੋੜ ਮੁੜਨ ਲਗੀ ਤਾਂ ਉਸ ਆਪਣੇ ਪਾਸੇ ਦਾ ਸ਼ੀਸ਼ਾ ਹੇਠਾਂ ਕਰਕੇ ਉਨ੍ਹਾਂ ਖੱਡਾਂ ਵਲ ਦੇਖਿਆ। ਡਰ ਨਾਲ ਉਹਦੇ ਮੂੰਹੋਂ ਚੀਕ ਨਿਕਲਣ ਲਗੀ ਸੀ, ਪਰ ਬਲਵਿੰਦਰ ਨੇ ਅੱਖ-ਪਲਕਾਰੇ 'ਚ ਉਹਦੇ ਮੂੰਹ ਮੁਹਰੇ ਹੱਥ ਰਖ ਦਿੱਤਾ ਤਾਂ ਕਿ ਉਹਦੀ ਚੀਕ ਨਾਲ ਬਾਪ ਕੋਲੋਂ ਸਟੇਅਰਿੰਗ ਦੇ ਹਿੱਲਣ ਨਾਲ ਕਾਰ ਖੱਡ ਵਿਚ ਡਿੱਗ ਸਕਦੀ ਸੀ। ਹੁਣ ਉਹਨੂੰ ਉਨ੍ਹਾਂ ਕੋਲੋਂ ਡਰ ਕਿਉਂ ਨਹੀਂ ਸੀ ਆਇਆ? ਉੱਤਰ 'ਚ ਉਹਦੇ ਅੰਦਰੋਂ ਕੋਈ ਬੋਲਿਆ- ਓਦੋਂ ਤੂੰ ਬੱਚਾ ਸੀ ਤੇ ਹੁਣ ਬਰਤਾਨਵੀ ਸੈਨਾ ਦਾ ਗਭਰੂ ਏਂ। ਗਭਰੂ ਸੈਨਿਕ ਨੂੰ ਡਰਦਿਆਂ ਸ਼ਰਮ ਨਾ ਆਊ?

ਇਸ ਅਹਿਸਾਸ ਨਾਲ ਡਰ ਦਾ ਜਿਹੜਾ ਤੀਜਾ ਕੁ ਹਿੱਸਾ ਉਹ ਅਜੇ ਵੀ ਆਪਣੇ ਨਾਲ ਲਈ ਫਿਰਦਾ ਸੀ, ਉਸ ਵਿਚੋਂ ਕੁਝ ਹੋਰਸ-ਸ਼ੂ ਦੇ ਮੋੜ ਨੇ ਲੈ ਲਿਆ; ਕੁਝ ਗੜਗੜਾਉਂਦੇ, ਬੁੜਕਦੇ ਤੇ ਖੌਰੂ ਪਾਉਂਦੇ ਸਮੁੰਦਰ ਅਤੇ ਗਰਜਦੇ ਬੱਦਲਾਂ, ਕੜਕਦੀ ਬਿਜਲੀ ਦੀ ਛਾਂ ਹੇਠ ਦੁੜੰਗੇ ਮਾਰਦਿਆਂ ਤੇ ਖ਼ੁਸ਼ੀ 'ਚ ਕਿਲਕਾਰੀਆਂ ਮਾਰਦੇ ਕੋਲੋਂ ਲੈਂਡਲਿਡਲੋ ਟਾਊਨ ਨੇ ਲੈ ਕੇ ਮੀਂਹ ਦੇ ਪਾਣੀ ਨਾਲ ਸਮੁੰਦਰ 'ਚ ਰੋੜ੍ਹ ਦਿੱਤਾ ਸੀ। ਥੋੜ੍ਹਾ-ਬਾਹਲਾ ਜਿਹੜਾ ਅਜੇ ਵੀ ਉਹਦੇ ਨਾਲ ਡਰ ਚਿੰਬੜਿਆ ਹੋਇਆ ਸੀ, ਜਦ ਉਹ ਬਲਵਿੰਦਰ ਨੂੰ ਮਿਲਣ ਆਇਆ ਸੀ ਤਾਂ ਉਸ ਉਹਦੇ ਨਾਲੋਂ ਲਾਹ ਕੇ ਕਮਰੇ ਨਾਲ ਵਗਦੀ ਸੜਕ 'ਚ ਵਗਾਹ ਮਾਰਿਆ ਸੀ। ਦਰਅਸਲ ਗਜਰਾਜ ਸ਼ਾਮ ਨੂੰ ਠੰਢਾ ਪੀਣ ਮਗਰੋਂ ਬਲਵਿੰਦਰ ਦੀ ਸਹੇਲੀ ਤੇ ਕਲਾਸ-ਫੈਲੋ ਮਿਸ ਰਾਠੌੜ ਨੇ ਜਦ ਉਹਦੇ ਨਾਲ ਦੋ-ਚਾਰ ਰਸਮੀ ਗੱਲਾਂ ਕਰਕੇ ਆਮ ਅਫ਼ਗਾਨੀਆਂ ਦੀ ਸਮਾਜਿਕ ਤੇ ਘਰੇਲੂ ਜ਼ਿੰਦਗੀ ਬਾਰੇ ਪੁੱਛਿਆ ਤਾਂ ਉਸ ਤਾਲਿਬਾਨਾਂ ਦੇ ਅਤਿਆਚਾਰ ਤੇ ਉਨ੍ਹਾਂ ਦੇ ਮਰਦ-ਔਰਤਾਂ ਨੂੰ ਦਿੱਤੇ ਫਰਮਾਨ, ਵਿਸ਼ੇਸ਼ ਤੌਰ 'ਤੇ ਔਰਤਾਂ ਦੀ ਜ਼ਿੰਦਗੀ ਨਾਲ ਸਬੰਧਤ ਫਰਮਾਨ ਦਸ ਦਿੱਤੇ। ਅਸਲ 'ਚ ਮਿਸ ਰਾਠੌੜ ਤੇ ਬਲਵਿੰਦਰ ਉਹਨੂੰ ਉਸ ਮਾਨਸਿਕ ਸਥਿਤੀ 'ਚੋਂ ਕਢਣਾ ਚਾਹੁੰਦੇ ਸਨ, ਜਿਸ ਵਿਚ ਉਹ ਅਫ਼ਗਾਨਸਤਾਨ 'ਤੋਂ ਆਇਆ ਸੀ। ਲੰਮੀ ਗੱਲਬਾਤ ਤੋਂ ਮਗਰੋਂ ਬਲਵਿੰਦਰ ਸਮਝ ਗਿਆ ਕਿ ਇਹ ਹੁਣ ਉਸ ਮਾਨਸਿਕ ਅਵਸਥਾ 'ਚ ਤਾਂ ਬਿਲਕੁਲ ਨਹੀਂ ਰਿਹਾ, ਜਿਸ ਵਿਚ ਆਇਆ ਸੀ। ਪਰ ਉਹਦਾ ਥੋੜ੍ਹਾ ਬਹੁਤ ਪ੍ਰਭਾਵ ਜ਼ਰੂਰ ਸਾਂਭੀ ਬੈਠਾ ਸੀ। ਰਾਤ ਦੀ ਰੋਟੀ ਖਾ ਕੇ ਮਿਸ ਰਾਠੌੜ ਚਲੀ ਗਈ ਤਾਂ ਦੋਵੇਂ ਭਰਾ ਬੜੀ ਦੇਰ ਤਕ ਅਫ਼ਗਾਨਸਤਾਨ ਵਿਚ ਬਰਤਾਨਵੀ ਸੈਨਿਕਾਂ ਦੀ, ਵਿਸ਼ੇਸ਼ ਕਰਕੇ ਉਹਦੀ ਤੇ ਗੈਂਗ ਆਫ਼ ਫੋਰ ਦੀ ਜ਼ਿੰਦਗੀ ਬਾਰੇ ਗੱਲਾਂ ਕਰਦੇ ਰਹੇ। ਅੰਤ ਬਲਵਿੰਦਰ ਨੇ ਉਹਨੂੰ ਆਪਣੇ ਤਰਕ ਦੇ ਜੋਰ ਨਾਲ ਕਾਇਲ ਕਰ ਲਿਆ ਕਿ ਜੇ ਉਸ ਇਹ ਰਾਹ ਮਰਜ਼ੀ ਨਾਲ ਚੁਣਿਆਂ ਸੀ ਤਾਂ ਉਹਦੇ 'ਚ ਆਉਣ ਵਾਲੇ ਖ਼ਤਰਿਆਂ ਕੋਲੋਂ ਡਰਨ ਦੀ ਥਾਂ ਉਨ੍ਹਾਂ ਦਾ ਮਰਦ ਬਣ ਕੇ ਸਾਮ੍ਹਣਾ ਕਰਨਾ ਚਾਹੀਦਾ। ਖ਼ਤਰਿਆਂ ਕੋਲੋਂ ਮਰਦ ਨਹੀਂ, ਨਮਰਦ ਦਾ ਡਰਦੇ ਹੁੰਦੇ। ਡਰਪੋਕ ਬਣਿਆਂ ਤਾਂ ਉਹ ਬੰਦੇ 'ਤੇ ਹੋਰ ਵੀ ਮਜ਼ਬੂਤ ਕਾਠੀ ਪਾ ਲੈਂਦੇ ਹਨ। ਉਹ ਇਹ ਗੱਲ ਕਦੀ ਸਹਿਣ ਨਹੀਂ ਕਰ ਸਕੇਗਾ ਕਿ ਉਹਦਾ ਜਾਨ ਨਾਲੋਂ ਵੀ ਵਧ ਪਿਆਰਾ ਭਰਾ ਨਮਰਦਾਂ ਦੀ ਲਿਸਟ ਵਿਚ ਗਿਣਿਆਂ ਜਾਵੇ। ਉਹਨੂੰ ਇਸ ਗੱਲ ਦੀ ਪੂਰੀ ਆਸ ਹੈ ਕਿ ਉਹ ਆਪਣਾ ਨਾਂ ਕਦੀ ਉਸ ਫ਼ਰਿਸਤ ਵਿਚ ਨਹੀਂ ਆਉਣ ਦੇਵੇਗਾ। ਬਲਵਿੰਦਰ ਉਹਨੂੰ ਆਪਣੀਆਂ ਤਰਕ ਭਰੀਆਂ ਦਲੀਲਾਂ ਨਾਲ ਆਪ ਸਹੇੜੇ ਇਸ ਖ਼ਤਰੇ ਦਾ ਸਾਮ੍ਹਣਾ ਕਰਨ ਲਈ ਤਿਆਰ ਕਰ ਲੈਂਦਾ ਹੈ। ਹੌਲ਼ੀ ਹੌਲ਼ੀ ਗਜਰਾਜ ਨੂੰ ਲਗਦਾ ਉਹਦੀ ਕਾਇਆ ਕਲਪ ਹੋ ਗਈ ਹੋਵੇ। ਉਹ ਭਰਾ ਦਾ ਦਿਲੋਂ ਧੰਨਵਾਦ ਹੀ ਨਹੀਂ ਕਰਦਾ, ਉਹਦੀ ਸਿੱਖਿਆ ਨੂੰ ਸਦਾ ਦਿਲ ਨਾਲ ਲਾ ਕੇ ਰਖਣ ਦਾ ਵਾਇਦਾ ਵੀ ਕਰਦਾ ਹੈ। ਦੂਜੇ ਦਿਨ ਸਵੇਰੇ ਉਹ ਨਵਾਂ ਗਜਰਾਜ ਬਣਿਆਂ ਵਾਪਸ ਬੈਸਟਵੁੱਡ ਨੂੰ ਆ ਜਾਂਦਾ ਹੈ।

ਉਹ ਘਰ ਛੁੱਟੀਆਂ ਕੱਟ ਕੇ ਤੇ ਆਪਣਾ ਨਵਾਂ ਰੂਪ ਲੈ ਕੇ ਗੈਂਗ ਆਫ਼ ਫੋਰ ਦੇ ਬਾਕੀ ਮੈਂਬਰਾਂ ਨਾਲ ਵਾਪਸ ਅਫ਼ਗਾਨਸਤਾਨ ਆ ਜਾਂਦਾ ਹੈ। ਇਨ੍ਹਾਂ ਦੇ ਬਰਤਾਨਵੀ ਛਾਉਣ ਵਿਚ ਵਾਪਸ ਆਇਆਂ ਨੂੰ ਅਜੇ ਕੁਝ ਦਿਨ ਹੀ ਹੋਏ ਸਨ ਕਿ ਇਲਾਹੀ ਬਖ਼ਸ਼ ਨੇ ਆਪਣੇ ਡਿਪਟੀ ਪ੍ਰਧਾਨ ਤੇ ਕਮਾਂਡਰ ਮਸੂਦ ਨਾਲ ਸਲਾਹ ਕਰਕੇ ਬਰਤਾਨਵੀ ਛਾਉਣੀ ਨੂੰ ਉਡਾਉਣ ਦਾ ਮਨ ਬਣਾ ਲਿਆ ਸੀ। ਉਧਰ ਬਰਤਾਨਵੀ ਕਮਾਂਡਰ





ਆਰਥਰ ਨੂੰ ਵੀ ਉਹਦੀ ਸੀ.ਆਈ.ਡੀ. ਨੇ ਉਨ੍ਹਾਂ ਦੇ ਹਮਲਾ ਕਰਨ ਦੀ ਪੂਰੀ ਜਾਣਕਾਰੀ ਦਿੱਤੀ ਹੋਈ ਸੀ। ਇਥੋਂ ਕਿ ਜੰਗੀ ਗੱਡੀਆਂ- ਜਿਹੜੀਆਂ ਲੜਾਈ ਚ ਵਰਤੀਆਂ ਜਾਣੀਆਂ ਸਨ- ਦੀ ਵੀ ਪੂਰੀ ਗਿਣਤੀ ਦਿੱਤੀ ਹੋਈ ਸੀ। ਕਮਾਂਡਰ ਦੀ ਸੂਚਨਾ ਅਨੁਸਾਰ ਜਦ ਦੁਸ਼ਮਣ ਦੀਆਂ ਗੱਡੀਆਂ ਦੀ ਗਿਣਤੀ ਤਬਾਹ ਹੋ ਗਈ। ਉਸ ਮੋਰਚਾ ਫਤਿਹ ਹੋਇਆ ਸਮਝ ਕੇ ਕਮਾਂਡ ਆਪਣੇ ਸਹਾਇਕ ਨੂੰ ਸੰਭਾਲੀ ਤੇ ਆਪ ਆਪਣੇ ਦਫ਼ਤਰ ਆ ਗਿਆ ਤਾਂ ਕਿ ਜਦ ਇਲਾਹੀ ਬਖ਼ਸ਼, ਅਹਿਮਦ ਮੁਹੰਮਦ ਤੇ ਅਹਿਮਦ ਮਸੂਦ ਦੀ ਤ੍ਰਿਕੜੀ ਪਿੰਡੋਂ ਨਿਕਲੇ ਤਾਂ ਡਰੋਨ ਬੰਬ ਸੁੱਟ ਕੇ ਉਨ੍ਹਾਂ ਦੀ ਇਹ ਖੇਡ ਖਤਮ ਕੀਤੀ ਜਾਵੇ।

ਉਹਦੇ ਜਾਣ ਮਗਰੋਂ ਮੋਰਚੇ ਦਾ ਨਵਾਂ ਕਮਾਂਡਰ ਵੀ ਮੋਰਚਾ ਫਤਿਹ ਹੋਇਆ ਸਮਝ ਕੇ ਚਾਹ ਪੀਣ ਲਗ ਪਿਆ ਤੇ ਸੈਨਿਕ ਵੀ। ਉਹ ਚਾਹ ਪੀਂਦੇ ਆਪਣੀ ਬਹਾਦਰੀ ਦੀਆਂ ਫੜ੍ਹਾਂ ਮਾਰ ਹੀ ਰਹੇ ਸਨ ਕਿ ਅਹਿਮਦ ਮਸੂਦ ਦੇ ਸਹਾਇਕ ਕਮਾਂਡਰ, ਰਹਿਮਾਨ ਨੇ ਉਹਦੇ ਹੁਕਮ ਮੁਤਾਬਕ ਜਦ ਉਨ੍ਹਾਂ ਦੇ ਘਰੋਂ ਗਿਆਂ ਨੂੰ ਪੰਦਰਾਂ ਮਿੰਟ ਹੋ ਗਏ ਤਾਂ ਉਸ ਦਸ ਦੀਆਂ ਦਸ ਉਹ ਗੱਡੀਆਂ ਹਮਲੇ ਚ ਝੋਕ ਦਿੱਤੀਆਂ, ਜੋ ਅਹਿਮਦ ਮਸੂਦ ਨੇ ਸਿੱਧੀਆਂ ਏਜੰਟਾਂ ਕੋਲੋਂ ਖਰੀਦ ਕੇ ਆਪਣੀ ਇਸ ਵੇਲੀ ਚ ਲਿਆਂਦੀਆਂ ਸਨ- ਜਿਨ੍ਹਾਂ ਦਾ ਬਰਤਾਨਵੀ ਕਮਾਂਡਰ ਦੀ ਸੀ.ਆਈ.ਡੀ. ਨੂੰ ਪਤਾ ਨਹੀਂ ਸੀ ਲਗਾ ਤੇ ਜਿਨ੍ਹਾਂ ਚ ਸਭ ਤੋਂ ਵਧ ਭਿਆਨਕ ਬੰਬ ਸਨ। ਉਨ੍ਹਾਂ ਚੋਂ ਨੌਂਹ ਗੱਡੀਆਂ ਤਾਂ ਤੋਪਾਂ ਦੇ ਗੋਲ਼ਿਆਂ ਨੇ ਫੂੰਡ ਦਿੱਤੀਆਂ, ਪਰ ਦਸਵੀਂ ਕਿਸੇ ਤਰ੍ਹਾਂ ਬਚ ਨਿਕਲੀ। ਉਹ ਭੂਤਰੇ ਦੇਅ ਵਾਂਗ ਛਾਉਣੀ ਦੇ ਗੇਟ ਵਲ ਧਾਹੀ ਆ ਰਹੀ ਸੀ। ਉਸ ਗੱਡੀ ਨੂੰ ਉਸ ਸਮੇਂ- ਜਿਸ ਉਪਰ ਘੁੰਮਣ ਵਾਲੀ ਛੋਟੀ ਤੋਪ ਬੀੜ੍ਹੀ ਹੋਈ ਸੀ- ਅਸਗਰ ਭੱਟੀ ਚਲਾ ਰਿਹਾ, ਸਟੂਅਰਡ ਡਿਲਨ ਕੋ-ਡਰਾਈਵਰ ਵਜੋਂ ਬੈਠਾ ਸੀ, ਰਕੇਸ਼ ਸੰਧੂ ਦੀ ਤੋਪ ਚ ਗੋਲੇ ਪਾਉਣ ਤੇ ਗਜਰਾਜ ਦੀ ਨਿਸ਼ਾਨਾ ਬੰਨ੍ਹ ਕੇ ਗੋਲੇ ਦਾਗਣ ਦੀ ਡਿਊਟੀ ਸੀ। ਜਦ ਗਜਰਾਜ ਨੇ ਤੁਫਾਨ ਵਾਂਗ ਘੌਰੂ ਪਾਉਂਦੀ ਆ ਰਹੀ ਉਸ ਗੱਡੀ ਨੂੰ ਦੇਖਿਆ, ਉਸ ਜੋਰ ਦੀ ਉਹਦੀ ਛੱਤ ਤੇ ਧੱਫ਼ਾ ਮਾਰਿਆ। ਅਸਗਰ ਭੱਟੀ ਨੇ ਸੰਕੇਤ ਸਮਝਦਿਆਂ ਹੀ ਐਮਰਜੈਂਸੀ ਬਰੇਕ ਮਾਰ ਕੇ ਗੱਡੀ ਰੋਕ ਲਈ, ਗੱਡੀ ਦੇ ਰੁਕਦਿਆਂ ਹੀ ਗਜਰਾਜ ਨੇ ਅੱਖ ਪਲਕਾਰੇ ਤੋਂ ਵੀ ਪਹਿਲਾਂ ਤਾਲਿਬਾਨਾਂ ਦੀ ਤੁਫਾਨ ਵਾਂਗ ਆਉਂਦੀ ਗੱਡੀ ਦਾ ਨਿਸ਼ਾਨਾ ਬੰਨ੍ਹ ਕੇ ਗੋਲ਼ਾ ਦਾਗ ਦਿੱਤਾ। ਨਾਲ ਹੀ ਤਾਲਿਬਾਨਾਂ ਨੇ ਪਿਚਕਾਰੀ ਬੰਬ ਛੱਡ ਦਿੱਤਾ। ਉਨ੍ਹਾਂ ਦੀ ਗੱਡੀ ਦੇ ਫੂਸੜੇ ਉਡ ਹੀ ਰਹੇ ਸਨ ਕਿ ਉਨ੍ਹਾਂ ਵਲੋਂ ਛੱਡਿਆ ਪਿਚਕਾਰੀ ਬੰਬ ਧੱਪ ਦੇਣੀ ਇਨ੍ਹਾਂ ਦੀ ਗੱਡੀ ਚ ਆ ਵੱਜਾ। ਉਹਦੇ ਵਜਦਿਆਂ ਹੀ ਇਨ੍ਹਾਂ ਦੀ ਗੱਡੀ ਦੇ ਫੂਸੜੇ ਉਡ ਗਏ। ਨਾਲ ਹੀ ਸਾਰੀ ਗੈਂਗ ਭੁੜਕ ਕੇ ਚੌਹੀਂ ਕੂਟੀਂ ਜਾ ਪਈ। ਦੂਜੇ ਦਿਨ ਪ੍ਰਭਾਤ ਨੇ ਅਜੇ ਮੁਸਕਰਾ ਕੇ ਮਾਤ-ਲੋਕ ਨੂੰ ਸ਼ੁਭ-ਸਵੇਰ ਕਹੀ ਹੀ ਸੀ ਕਿ ਅਫ਼ਗਾਨਸਤਾਨ ਦੇ ਰਾਸ਼ਟਰਪਤੀ ਦੇ ਮਹਿਲ ਦੇ ਮੱਥੇ ਮੁਹਰੇ ਅਮਨ ਦੀ ਜਿੱਤ ਦਾ ਝੰਡਾ ਫਰਫਰਾਉਣ ਲਗਾ ਸੀ। ਨਾਲ ਹੀ ਬਰਤਾਨਵੀ ਛਾਉਣੀ ਦਾ ਝੰਡਾ ਵੀ ਮਿੰਨ੍ਹਾ ਮਿੰਨ੍ਹਾ ਮੁਸਕਰਾ ਰਿਹਾ ਸੀ ਤੇ ਦੂਰ ਦੂਰ ਤਕ ਫੈਲਿਆ ਹਲਕਾ ਨੀਲਾ ਅੰਬਰ ਖੁਸ਼ੀ ਚ ਝੂਮਦਾ ਸੀਟੀਆਂ ਮਾਰ ਰਿਹਾ ਸੀ। ਭਾਵ, ਗੈਂਗ ਆਫ਼ ਫੋਰ ਜਿਸ ਸੁਨੇਹੇ ਦੀ ਨੁਮਾਇੰਦਗੀ ਕਰਦੀ ਹੈ, ਉਹ ਸੰਸਾਰ ਦੀਆਂ ਚੌਹੀਂ ਕੂਟੀਂ ਪੁੱਜ ਗਿਆ ਸੀ।

**ਸੰਪਰਕ**-00-44-1902-258772, **e-mail:darshandhir@hotmail.co.uk.**














# ਮੈਂ ਕਦੇ ਵੀ ਬੇਲੋੜੇ ਵੇਰਵੇ ਨਾਵਲ ਵਿਚ ਸ਼ਾਮਲ ਨਹੀਂ ਕਰਦਾ

## -ਬਲਦੇਵ ਸਿੰਘ

ਆਲੋਚਨਾ ਦੀ ਭਾਸ਼ਾ ਵਿਚ ਮੈਨੂੰ ਨਾਵਲ ਦੇ ਸਿਧਾਤਾਂ, ਪ੍ਰੀਭਾਸ਼ਾ ਜਾਂ ਪ੍ਰਬਿਰਤੀਆਂ ਬਾਰੇ ਕੋਈ ਠੋਸ ਗਿਆਨ ਨਹੀਂ ਹੈ। ਪਰ ਨਾਵਲ ਲਿਖਣ ਸਮੇਂ ਜਾਂ ਲਿਖਣ ਤੋਂ ਪਹਿਲਾਂ ਮੇਰੀ ਇਹ ਚਿੰਤਾ ਜ਼ਰੂਰ ਰਹਿੰਦੀ ਹੈ ਮੇਰੇ ਕੋਲ ਅਜਿਹਾ ਕੁਝ ਨਵਾਂ ਹੋਵੇ, ਜਿਹੜਾ ਪਹਿਲਾਂ ਕਿਸੇ ਲੇਖਕ ਨੇ ਨਾ ਲਿਖਿਆ ਹੋਵੇ। ਮੇਰੀ ਦੂਸਰੀ ਚਿੰਤਾ ਵਿਸ਼ਾ-ਵਸਤੂ ਦੀ ਚੋਣ ਹੁੰਦੀ ਹੈ। ਜੇ ਨਾਵਲ ਇਤਿਹਾਸਕ ਹੈ ਤਾਂ ਉਸ ਬਾਰ ਉਪਲਬਧ ਸਮੱਗਰੀ ਇਕੱਠੀ ਕਰਨ ਦੀ ਚਿੰਤਾ ਹੁਦੀ ਹੈ, ਉਹ ਥਾਵਾਂ ਵੇਖਣ ਦੀ ਇੱਛਾ ਹੁੰਦੀ ਹੈ, ਜਿਥੇ ਇਹ ਘਟਨਾਵਾਂ ਵਾਪਰੀਆਂ ਹੁੰਦੀਆਂ ਹਨ। ਮੈਂ ਕਦੇ ਵੀ ਰਚਨਾ ਦੀ ਫਾਰਮ ਜਾਂ ਰੂਪ-ਵਿਧਾਨ ਬਾਰੇ ਬਹੁਤਾ ਫ਼ਿਕਰਮੰਦ ਨਹੀਂ ਹੁੰਦਾ। ਵਿਸ਼ਾ-ਖ਼ੁਦ ਹੀ ਫਾਰਮ ਗ੍ਰਹਿਣ ਕਰਦਾ ਚਲਿਆ ਜਾਂਦਾ ਹੈ।


ਮੈਨੂੰ ਯਾਦ ਆ ਰਿਹਾ ਹੈ, ਕਾਲਜ ਵਿਚ ਪੜ੍ਹਦਿਆਂ ਮੈਂ ਇਕ ਕਹਾਣੀ ਲਿਖੀ ਤਾਂ ਪੰਜਾਬੀ ਦੇ ਪ੍ਰੋਫ਼ੈਸਰ ਕਿਰਪਾਲ ਸਾਗਰ ਨੇ ਪੁੱਛਿਆ-'ਇਹ ਕਹਾਣੀ ਕਿਉਂ ਲਿਖੀ ਹੈ?' ਮੈਨੂੰ ਉਦੋਂ ਜਵਾਬ ਨਹੀਂ ਸੀ ਆਇਆ। ਉਹਨਾਂ ਨੇ ਸਮਝਾਇਆ ਸੀ, ਲੇਖਕ ਨੂੰ ਏਹ ਸਮਝ ਹੋਣੀ ਚਾਹੀਦੀ ਹੈ, ਉਸਨੇ ਕਹਾਣੀ ਕਿਉਂ ਲਿਖੀ ਹੈ? ਕਹਾਣੀ ਵਿਚ ਕੀ ਕਹਿਣਾ ਚਾਹਿਆ ਹੈ? ਲੇਖਕ ਨੂੰ ਸਦਾ ਆਪਣੇ ਆਪ ਨੂੰ ਸਵਾਲ ਕਰਦੇ ਰਹਿਣੇ ਚਾਹੀਦਾ ਹੈ, ਇਤਿਹਾਸ ਨੂੰ, ਸਮਾਜ ਨੂੰ, ਲੋਕ ਕਥਾਵਾਂ ਨੂੰ, ਇਥੋਂ ਤੱਕ ਕਿ ਕੁਦਰਤ ਅਤੇ ਰੱਬ ਨੂੰ ਵੀ ਸਵਾਲ ਕਰਨੇ ਚਾਹੀਦੇ ਨੇ।' ਉਨ੍ਹਾਂ ਦੀਆਂ ਇਹ ਗੱਲਾਂ ਅਜੇ ਤੱਕ ਮੈਂ ਪੱਲੇ ਬੰਨ੍ਹੀਆਂ ਹੋਈਆਂ ਹਨ।

ਨਾਵਲ ਲਿਖਦਿਆਂ ਮੇਰਾ ਧਿਆਨ ਨਾਵਲ ਦੇ ਮਕਸਦ ਦੀ ਪੂਰਤੀ ਅਤੇ ਪਾਠਕ ਦੀ ਰੌਚਿਕਤਾ ਬਣਾਈ ਰੱਖਣ ਵਿਚ ਹੁੰਦੀ ਹੈ। ਜੋ ਨਾਵਲ ਰਚਿਕ ਨਹੀਂ ਤਾਂ ਪਾਠਕ 10-15 ਜਾਂ ਹੱਦ 20 ਪੰਨੇ ਔਖਾ ਸੌਖਾ ਪੜ੍ਹੇਗਾ। ਉਸਦੀ ਕੋਈ ਮਜਬੂਰੀ ਨਹੀਂ, ਉਹ ਰਚਨਾ ਨੂੰ ਜਾਂ ਨੀਰਸ਼ ਰਚਨਾ ਨੂੰ ਅੰਤ ਤੱਤ ਪੜ੍ਹੇ। ਮੈਂ ਆਪਣੇ ਨਾਵਲ 'ਅੰਨਦਾਤਾ' ਦੀ ਮਿਸਾਲ ਦੇਣੀ ਚਾਹਾਂਗਾ। ਇਸ ਨਾਵਲ ਵਿਚ ਭੂਪੀ ਦਾ ਪਾਤਰ ਜਿਥੇ ਕਿਸਾਨ ਦੀ ਗੁਆਚ ਗਈ ਅਣਖ, ਇਜ਼ਤ ਤੇ ਗੌਰਵ ਦਾ ਪ੍ਰਤੀਕ ਹੈ, ਉਥੇ ਇਹ ਪਾਤਰ ਪਾਠਕ ਦੀ ਜਗਿਆਸਾ ਬਣਾਈ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਪਾਠਕ ਗੁਮ ਹੋਈ 'ਭੂਪੀ' ਨੂੰ ਲੱਭਦਾ ਪੜ੍ਹਦਾ ਤੁਰਿਆ ਜਾਂਦਾ ਹੈ ਮੈਨੂੰ ਅਨੇਕਾਂ ਪਾਠਕਾਂ ਨੇ ਪੁੱਛਿਆ, 'ਕੀ ਭੂਪੀ ਲੱਭ ਜਾਏਗੀ?' ਅੰਨਦਾਤਾ ਦਾ ਦੂਸਰਾ ਭਾਗ ਵੀ ਲਿਖਣਾ ਹੈ?

ਨਾਵਲ ਲਿਖਦੇ ਸਮੇਂ, ਮੁੱਖ ਪਲਾਟ ਦੇ ਨਾਲ, ਮੈਂ ਕਈ ਸਹਾਇਕ ਪਲਾਟ ਵੀ, ਸਿਰਜਦਾ ਹਾਂ। ਮੈਂ ਏਸ ਗੱਲੋਂ ਸੁਚੇਤ ਰਹਿੰਦਾ ਹਾਂ ਕਿ ਸਹਾਇਕ ਪਲਾਟਾਂ ਦੇ ਵੇਰਵੇ ਪਾਠਕ ਦਾ ਧਿਆਨ ਮੁੱਖ ਪਲਾਟ ਜਾਂ ਮਕਸਦ










ਤੋਂ ਲਾਂਭੇ ਨਾ ਕਰ ਦੇਣ। ਮੈਂ ਕਦੇ ਵੀ ਬੇਲੋੜੇ ਵੇਰਵੇ ਨਾਵਲ ਵਿਚ ਸ਼ਾਮਲ ਨਹੀਂ ਕਰਦਾ। ਕਿਸੇ ਆਲੋਚਕ ਦੀ ਇਹ ਰਾਇ ਹੋ ਸਕਦੀ ਹੈ, ਕੁੱਝ ਵੇਰਵਿਆਂ ਤੋਂ ਬਚਿਆ ਜਾ ਸਕਦਾ ਸੀ ਪਰ ਮੇਰੇ ਲਈ ਇਹ ਵੇਰਵੇ ਬੜੇ ਮਹੱਤਵਪੂਰਨ ਹੁੰਦੇ ਹਨ। ਇਹ ਵੇਰਵੇ ਪਾਤਰਾਂ ਦੇ ਸੁਭਾਅ, ਘਟਨਾਵਾਂ ਜਾਂ ਪ੍ਰਸਥਿਤੀਆਂ ਨੂੰ ਸ਼ਿੱਦਤ ਨਾਲ ਪੇਸ਼ ਕਰਨ ਲਈ ਮਦਦਗਾਰ ਸਾਬਤ ਹੁੰਦੇ ਹਨ।

ਉਂਜ ਤਾਂ ਕਿਹਾ ਜਾਂਦਾ ਹੈ, ਸ਼ੈਲੀ ਹੀ ਲੇਖਕ ਦੀ ਪਛਾਣ ਹੈ। ਸਾਹਿਤ ਸਿਰਜਣਾ ਦਾ ਕੋਈ ਠੋਸ ਸਿਧਾਂਤ ਨਹੀਂ ਹੁੰਦਾ ਹਰ ਲੇਖਕ ਆਪਣੇ ਢੰਗ ਅਤੇ ਸਮਰੱਥਾ ਅਨੁਸਾਰ ਸਿਰਜਣਾ ਕਰਦਾ ਹੈ। ਕੋਈ ਲੇਖਕ ਜਿੰਨਾ ਖ਼ੁਦ ਉਲਝਿਆ ਹੁੰਦਾ ਹੈ, ਉਸਦੀ ਰਚਨਾ ਵੀ ਉਨੀ ਹੀ ਉਲਝੀ ਹੋਈ ਅਤੇ ਅਸਪਸ਼ਟ ਹੁੰਦੀ ਹੈ। ਸਾਡੇ ਪੰਜਾਬੀ ਦੇ ਕੁਝ ਲੇਖਕ ਰਚਨਾ ਨੂੰ ਬਾਰ ਬਾਰ ਲਿਖਦੇ ਹਨ। ਕੁਝ ਲੇਖਕ ਆਪਣੇ ਲਿਖੇ ਨੂੰ ਦੁਬਾਰਾ ਨਹੀਂ ਪੜ੍ਹਦੇ। ਕੁਝ ਲੇਖਕ ਇਕ ਹਫ਼ਤੇ ਜਾਂ ਪੰਦਰਾਂ ਦਿਨਾਂ 'ਚ ਨਾਵਲ ਲਿਖ ਲੈਂਦੇ ਹਨ ਤੇ ਕੁਝ ਅਜਿਹੇ ਲੇਖਕ ਵੀ ਹਨ ਜਿਹਨਾਂ ਨੂੰ ਇਕ ਰਚਨਾ ਲਿਖਣ ਲਈ 10-15 ਜਾਂ ਵੀਹ ਸਾਲ ਵੀ ਲੱਗ ਜਾਂਦੇ ਹਨ।

ਮੈਂ ਧੱਕੇ ਨਾਲ ਕਦੇ ਕੋਈ ਰਚਨਾ ਨਹੀਂ ਕੀਤੀ। ਮੁੱਢਲੇ ਨਾਵਲ **'ਦੂਸਰਾ ਹੀਰੋਸ਼ੀਮਾ'**, **'ਕੱਲਰੀ ਧਰਤੀ'**, **'ਕੱਚੀਆਂ ਕੰਧਾਂ'** ਲਿਖਣ ਵੇਲੇ ਪਾਠਕਾਂ ਲਈ ਮੈਂ ਨਵਾਂ ਲੇਖਕ ਸਾਂ। ਫਿਰ ਵੀ ਪਾਠਕਾਂ ਵਲੋਂ ਇਹ ਪੜ੍ਹੇ ਗਏ, ਸਰਾਹੇ ਗਏ। ਦਰਅਸਲ ਪਾਠਕਾਂ ਦਾ ਨਿਰੰਤਰ ਹੁੰਗਾਰਾ ਹੀ ਮੈਨੂੰ ਲਿਖਦੇ ਰਹਿਣ ਲਈ ਉਤਸਾਹਿਤ ਕਰਦਾ ਰਿਹਾ। ਨਾਵਲ **'ਲਾਲ ਬੱਤੀ'** ਨੂੰ ਇਕ ਨਾਵਲਕਾਰ ਵਜੋਂ ਮੈਨੂੰ ਮਾਣਤਾ ਦੁਆਈ। ਇਸ ਤਰ੍ਹਾਂ ਖੋਜ ਕਰਕੇ ਕਿਸੇ ਵਿਸ਼ੇ ਨੂੰ ਸਮਝਣ ਲਈ, ਜਾਨਣ ਲਈ 6-7 ਸਾਲਾਂ ਦੀ ਮਿਹਨਤ ਕਰਕੇ ਰਚਨਾ ਕਰਨ ਦਾ ਰੁਝਾਨ ਪਜਾਬੀ ਸਾਹਿਤ ਖੇਤਰ ਵਿਚ ਪਹਿਲ ਨਹੀਂ ਸੀ। ਜੇ ਸੀ ਤਾਂ ਅੰਸ਼ਕ-ਰੂਪ ਵਿਚ ਸੀ। ਵੇਸਵਾਵਾਂ ਦਾ ਧੰਦਾ ਕਰਦੀਆਂ ਤੇ ਗਾਹਕਾਂ ਨੂੰ ਉਂਗਲੀਆਂ 'ਤੇ ਨਚਾਉਣ ਵਾਲੀਆਂ ਇਹਨਾਂ ਲੜਕੀਆਂ ਦੀ, ਪਰਦੇ ਪਿੱਛੇ ਨਿੱਜੀ ਜ਼ਿੰਦਗੀ ਏਨੀ ਕਰੁਣਾ ਮਈ ਹੈ, ਪਾਠਕ ਸੁਨ ਹੋ ਜਾਂਦਾ ਹੈ। ਇਸ ਨਾਵਲ ਦੇ ਹੁਣ ਤੱਕ ਸੱਤ ਐਡੀਸ਼ਨ ਛਪ ਚੁੱਕੇ ਹਨ ਤੇ ਇਹ ਹਿੰਦੀ ਤੇ ਸ਼ਾਹਮੁਖੀ ਵਿਚ ਅਨੁਵਾਦ ਹੋ ਚੁੱਕਿਆ ਹੈ।

**'ਅੰਨਦਾਤਾ'** ਨਾਵਲ ਪੰਜਾਬੀ ਦੀ ਨਿਘਰ ਰਹੀ ਕਿਸਾਨੀ ਨਾਲ ਸਬੰਧਤ ਹੈ, ਇਹ ਨਾਵਲ ਪੰਜਾਬੀ ਐਮ. ਏ. ਦੇ ਸਿਲੇਬਸ ਲਈ ਚੁਣਿਆ ਗਿਆ। ਗਿਆਨਪੀਠ ਸੰਸਥਾ ਨੇ ਇਸਨੂੰ ਹਿੰਦੀ ਵਿਚ ਅਨੁਵਾਦ ਕਰਵਾਇਆ ਤੇ ਪੰਜਾਬੀ ਯੂਨੀਵਰਸਿਠੀ ਪਟਿਆਲਾ ਨੇ ਇਸਨੂੰ ਅੰਗਰੇਜ਼ੀ ਵਿਚ ਛਾਪਿਆ। ਇਹ ਇਸ ਨਾਵਲ ਦੀ ਲੋਕ-ਪ੍ਰੀਯਤਾ ਦਾ ਪ੍ਰਮਾਣ ਹੈ। ਨਾਵਲ ਲਿਖਦਿਆਂ, ਮੈਂ ਕਦੇ ਵੀ ਕੋਈ ਨਵੀਂ ਵਿਧਾ ਜਾਂ ਜੁਗਤ ਅਪਨਾਉਣ ਦੇ ਯਤਨ ਨਹੀਂ ਕਰਦਾ। ਉਂਜ ਮੈਂ ਸਮਝਦਾ ਹਾਂ, ਲੇਖਕ ਚਾਹੇ ਤੇ ਆਪਣੀ ਸਮਰੱਥਾ। ਨਾਲ ਕਿਸੇ ਨਵੀਂ ਵਿਧਾ ਨੂੰ ਜਨਮ ਦੇ ਸਕਦਾ ਹੈ। ਨਾਵਲ 'ਲਾਲ ਬੱਤੀ' ਲਿਖਦਿਆਂ ਮੈਂ ਬੜੀ ਦੁਬਿਧਾ ਵਿਚ ਸੀ ਜਿਥੋਂ ਦਾ ਸਭਿਆਚਾਰ ਤੇ ਵਿਵਹਾਰ ਕਪੜੇ ਉਤਾਰਨ ਤੋਂ ਸ਼ੁਰੂ ਹੁੰਦਾ ਹੈ, ਇਹਨ ਨੂੰ ਸ਼ਬਦ ਦਾ ਪਹਿਰਨ ਕਿਵੇਂ ਦੇ ਸਕਾਂਗਾ। ਮੇਰੇ ਕੋਲ ਨਿੱਜੀ ਅਨੁਭਵਾਂ ਦੀ ਭਰਪੂਰ ਜਾਣਕਾਰੀ ਸੀ। ਜਦ ਮੈਂ ਲਿਖਣਾ ਸ਼ੁਰੂ ਕੀਤਾ, ਸਭ ਕੁਝ ਆਪਣੇ ਆਪ ਹੁੰਦਾ ਚਲਿਆ ਗਿਆ। 'ਸੜਕਨਾਮਾਂ' ਬਾਰੇ ਗੱਲ ਕਰਾਂ ਤਾਂ ਉਹ ਸਾਹਿਤ



ਦੀ ਅਜੇਹੀ ਨਿਵੇਕਲੀ ਵੰਨਗੀ ਹੈ, ਜਿਸ 'ਤੇ ਕਿਸੇ ਇਕ ਵਿਧਾ ਦਾ ਲੇਬਲ ਨਹੀਂ ਲੱਗ ਸਕਦਾ। ਉਸ ਵਿਚ ਨਾਟਕੀ ਅੰਸ਼ ਵੀ ਹਨ , ਸਵੈ ਜੀਵਨੀ, ਵੀ ਵਾਰਤਕ ਵੀ ਹੈ, ਕਹਾਣੀ ਰਸ ਵੀ ਹੈ, ਹਾਸ ਅਤੇ ਵਿਅੰਗ ਵੀ ਹੈ।

ਇਤਿਹਾਸਕ ਨਾਵਲ ਲਿਖਦਿਆਂ ਮੈਂ ਵੱਖਰਾ ਹੀ ਅਨੰਦ ਮਹਿਸੂਸ ਕੀਤਾ ਹੈ। ਅਣਗੌਲੇ ਨਾਇਕਾਂ ਤੇ ਇਤਿਹਾਸਕ ਨਾਇਕਾਂ ਦੀਆਂ ਮਹਾਨ ਕਥਾਵਾਂ ਜਾਂ ਘਟਨਾਵਾਂ ਬਾਰੇ ਅਸੀਂ ਬੜਾ ਕੁਝ ਸੁਣ ਰੱਖਿਆ ਹੁੰਦਾ ਹੈ। ਫਿਰ ਵੀ ਅਸੀਂ ਇਹਨਾਂ ਨੂੰ ਵਾਰ ਵਾਰ ਪੜ੍ਹਨਾ ਚਾਹੁੰਦੇ ਹਾਂ। ਸਾਨੂੰ ਕਥਾ ਦੇ ਅੰਤ ਦਾ ਪਤਾ ਹੁੰਦਾ ਹੈ। ਕਿਸੇ ਨੇ ਮਰਨਾ ਹੈ, ਕਿਸ ਨੇ ਸ਼ਹੀਦ ਹੋਣਾ ਹੈ, ਕਿਸ ਨੇ ਤਸੀਹੇ ਝੱਲਣੇ ਹਨ, ਕਿਸ ਦਾ ਪਿਆਰ ਪ੍ਰਵਾਨ ਚੜ੍ਹਨਾ ਹੈ। ਫਿਰ ਵੀ ਅਸੀਂ ਇਹਨਾਂ ਨੂੰ ਇਉਂ ਪੜ੍ਹਦੇ ਹਾਂ, ਜਿਵੇਂ ਸਾਨੂੰ ਪਤਾ ਨਾ ਹੋਵੇ। ਭਗਤ ਸਿੰਘ ਬਾਰੇ **'ਸਤਲੁਜ ਵਹਿੰਦਾ ਰਿਹਾ'**, ਦੁੱਲਾ ਭੱਟੀ ਬਾਰੇ **'ਢਾਹਵਾਂ ਦਿੱਲੀ ਦੇ ਕਿੰਗਰੇ'**, ਬਾਬਾ ਬੰਦਾ ਸਿੰਘ ਬਹਾਦਰ ਬਾਰੇ, **'ਮਹਾਂਬਲੀ ਸੂਰਾ'**, 'ਭਾਈ ਜੈਤਾ ਬਾਰੇ, **'ਪੰਜਵਾਂ ਸਾਹਿਬਜਾਦਾ'** ਤੇ ਹੁਣ ਛਪ ਰਹੇ ਨਾਵਲ ਰਣਜੀਤ ਸਿੰਘ ਮਹਾਰਾਜਾ ਬਾਰੇ **'ਸੂਰਜ ਦੀ ਅੱਖ'** ਲਿਖਦਿਆਂ ਮੈਂ ਅਜਿਹੇ ਅਹਿਸਾਸਾਂ ਵਿਚੋਂ ਗੁਜ਼ਰਿਆਂ ਹਾਂ। ਇਹਨਾਂ ਇਤਿਹਾਸਕ ਨਾਵਲਾਂ ਨੇ ਇਕ ਨਾਵਲਕਾਰ ਵਜੋਂ ਮੇਰੀ ਪਛਾਣ ਹੋਰ ਗੂਹੜੀ ਕੀਤੀ ਹੈ। ਭਾਈ ਜੈਤਾ ਉਰਫ਼ ਬਾਬਾ ਜੀਵਨ ਸਿੰਘ ਬਾਰੇ ਨਾਵਲ **'ਪੰਜਵਾਂ ਸਾਹਿਬਜਾਦਾ'** ਇਸ ਤਰ੍ਹਾਂ ਪੜ੍ਹਿਆ ਅਤੇ ਵਿਚਾਰਿਆ ਜਾਵੇਗਾ, ਇਸ ਨੇ ਮੈਨੂੰ ਬਹੁਤ ਹੈਰਾਨ ਕੀਤਾ। ਮੈਂ ਸਮਝਦਾ ਹਾਂ, ਇਤਿਹਾਸ ਨੂੰ ਇਸ ਤਰ੍ਹਾਂ ਵੀ ਰੌਚਿਕ ਢੰਗ ਨਾਲ ਪੜ੍ਹਾਇਆ ਜਾ ਸਕਦਾ ਹੈ।


ਇਤਿਹਾਸਕ ਨਾਵਲਾਂ ਨੂੰ ਸਿਰਜਣ ਦਾ ਮੇਰਾ ਆਪਣਾ ਢੰਗ ਹੈ। ਪੰਜਵਾਂ ਸਾਹਿਬ ਜਾਦਾ ਲਿਖਣ ਵੇਲੇ ਮੈਂ ਚਾਂਦਨੀ ਚੌਂਕ ਤੋਂ ਅਨੰਦਪੁਰ ਸਾਹਿਬ ਤੱਕ ਦਾ ਰਸਤਾ ਸਰਵੇ ਕੀਤਾ। ਦੁੱਲਾ ਭੱਟੀ ਦਾ ਪਿੰਡ 'ਪਿੰਡੀ ਭੱਟੀਆਂ' ਵੇਖਣ ਪਾਕਿਸਤਾਨ ਗਿਆ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਲਿਖਣ ਵੇਲੇ ਨਾਂਦੇੜ ਅਤੇ ਰਿਆਸਤੀ ਦੀਆਂ ਭੂਗੋਲਿਕ ਥਾਵਾਂ ਦੇਖੀਆਂ। ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖਣ ਲਈ, ਲਾਹਰ ਦੇ ਕਿਲ੍ਹਾ, ਗੋਬਿੰਦਗੜ੍ਹ ਕਿਲ੍ਹਾ ਤੇ ਬਰਾਂਦਰੀ ਥਾਵਾਂ ਤੇ ਘੁੰਮਿਆ। ਜਿੰਨਾ ਚਿਰ ਮੈਂ ਤਮਾਮ ਜਾਣਕਾਰੀਆਂ ਹਾਸ਼ਲ ਨਹੀਂ ਕਰ ਲੈਂਦਾ, ਮੈਂ ਰਚਨਾ ਆਰੰਭ ਨਹੀਂ ਕਰਦਾ।


ਮੇਰਾ ਨਾਵਲ **'ਅਫਲਾਤੂ'** ਪੰਜਾਬੀ ਨਾਵਲ ਵਿਚ ਖਲਨਾਇਕ ਨੂੰ ਫਿਰ ਤੋਂ ਸਥਾਪਿਤ ਕਰਦਾ ਹੈ। ਇਹ ਨਾਵਲ ਵਿਸ਼ਵੀਕਰਣ ਦੌਰ ਵਿਚ ਮਨੁੱਖ ਨੂੰ ਪ੍ਰਭਾਵਿਤ ਕਰਦਾ ਹੈ। ਅਫ਼ਲਾਤੂ ਦਾ ਬਿਧੀ ਚੰਦ ਸਿਰਜਣ ਲਈ ਮੇਰੇ ਕੋਲ 30-35 ਮਨੁੱਖਾਂ ਦੇ ਅਜਿਹੇ ਕਿਰਦਾਰਾਂ ਦਾ ਭੰਡਾਰ ਸੀ, ਜਿਹਨਾਂ ਅੰਦਰ ਕੋਈ ਨਾ ਕੋਈ ਅਫ਼ਲਾਤੂ ਬੈਠਾ ਹੋਇਆ ਸੀ। ਇਸ ਨਾਵਲ ਦਾ ਦਾਰਸ਼ਨਿਕ ਅਧਾਰ ਹੈ,

ਹਰ ਆਦਮੀ ਮੇਂ ਹੋਤੇ ਹੈ ਦਸ ਬੰਰਾ ਆਦਮੀ,
ਜਬ ਭੀ ਕਿਸੀ ਕੋ ਦੇਖਨਾ ਕਈ ਬਾਰ ਦੇਖਨਾ।

ਨਾਵਲ **'ਗੰਧਲੇ ਪਾਣੀ'** ਦੀ ਸਿਰਜਣਾ ਲਈ ਮੈਂ ਪਹਲਾਂ ਪੰਜਾਬ ਦੇ ਗਿਆਰਾਂ ਜਿਲ੍ਹੇ ਸਰਵੇ ਕੀਤੇ, ਫਿਰ ਇਸ ਵਿਸ਼ੇ ਨੂੰ ਹੱਥ ਪਾਇਆ। ਇਸ ਧੰਦੇ 'ਚ ਗ੍ਰਸਤ ਉਹਨਾਂ ਲੜਕੀਆਂ ਨਾਲ ਸੰਵਾਦ ਕਰਦਿਆਂ ਮੈਂ ਜਾਣਿਆਂ, ਵਿਸ਼ਵੀਕਰਣ ਦੀ ਚਕਾਚੌਂਧ ਵਿਚ ਸੈਕਸ ਉਦਯੋਗ ਨੇ ਉਦਾਰਵਾਦੀ ਆਰਥਿਕ ਸਿਧਾਂਤਾਂ ਨਾਲ ਸੁਖਾਵਾਂ ਤੇ ਮੁਨਾਫ਼ੇ ਵਾਲਾ ਰਿਸ਼ਤਾ ਜੋੜ ਲਿਆ ਹੈ। ਇਸ ਦੌਰ ਵਿਚ ਹਰ ਚੀਜ਼ ਦੀ ਇਕ ਕੀਮਤ ਹੈ ਤੇ ਮੁਕਤ ਬਾਜ਼ਾਰ ਇਹ ਕੀਮਤ ਤੈਅ ਕਰਦਾ ਹੈ, ਵੇਸਵਾਗਿਰੀ ਇਕ ਅਜਿਹਾ ਰੁਜ਼ਗਾਰ ਹੈ, ਜਿਸ ਨੂੰ ਗਰੀਬ ਲੋਕ ਆਸਾਨੀ ਨਾਲ ਆਪਣਾ ਸਕਦੇ ਹਨ। ਇਸ ਰੁਜ਼ਗਾਰ ਲਈ ਇਕੋ ਇਕ ਯੋਗਤਾ ਹੈ, ਮੂੰਹ-ਮੱਥੇ ਲਗਦੇ ਨੈਣ ਨਕਸ ਤੇ ਤੰਦਰੁਸਤ ਜਿਸਮ। ਨਾਵਲ 'ਗੰਧਲੇ ਪਾਣੀ' ਬਿਆਨ ਕਰਦਾ ਹੈ, ਮਨੁੱਖਤਾ ਦਾ ਕਿੰਨਾ ਪਤਨ ਹੋ ਗਿਆ ਹੈ। ਇਸ ਨਾਵਲ ਤੋਂ ਨੈਤਿਕਤਾ ਦਾ ਉਪਦੇਸ਼ ਦੇਣ ਵਾਲੇ ਸਮਾਜ ਦੇ ਪਾਖੰਡ ਦਾ ਅੰਦਾਜ਼ਾ ਵੀ ਲਗਾਇਆ ਜਾ ਸਕਦਾ ਹੈ।

ਕੋਈ ਵੀ ਰਚਨਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਕਾਫ਼ੀ ਦੁਬਿਧਾ ਵਿਚ ਹੁੰਦਾ ਹਾਂ। ਆਪਣੇ ਆਪ ਨੂੰ ਕੀਤੇ




ਸੁਆਲਾਂ ਕਾਰਨ ਪਰੇਸ਼ਾਨ ਵੀ ਰਹਿੰਦਾ ਹਾਂ। ਤੂੰ ਇਹ ਕਿਉਂ ਲਿਖਣ ਜਾ ਰਿਹੈ? ਹਰ ਸਮੇਂ ਜਿਹਨ ਵਿਚ ਪਲਾਟ ਅਤੇ ਪਾਤਰ ਬੇਚੈਨ ਕਰਦੇ ਰਹਿੰਦੇ ਹਨ। ਉਹਨਾਂ ਦੇ ਚਿਹਰੇ, ਸੁਭਾਅ ਬਣਦੇ ਵਿਗੜਦੇ ਰਹਿੰਦੇ ਹਨ। ਆਰੰਭ ਦੇ ਕੁਝ ਸਫ਼ੇ ਜਾਂ ਪਹਿਰੇ ਮੇਰੇ ਲਈ ਬੇਹੱਦ ਮਹੱਤਵ-ਪੂਰਨ ਹੁੰਦੇ ਹਨ। ਇਥੋਂ ਹੀ ਪਾਠਕ ਦੀ ਜਗਿਆਸਾ ਪੈਦਾ ਹੋਣੀ ਹੁੰਦੀ ਹੈ। ਨਾਪੋਲੀਅਨ ਨੇ ਇਕ ਥਾਂ ਕਿਹਾ ਸੀ, "ਜੰਗ ਦੀ ਤਜ਼ਵੀਜ਼ ਕਰਨ ਵੇਲੇ ਮੈਂ ਡਰਿਆ ਅਤੇ ਘਬਰਾਇਆ ਹੁੰਦਾ ਹਾਂ। ਮੇਰੇ ਅੰਦਰ ਹੱਦ ਦਰਜ਼ੇ ਦੀ ਖ਼ਲਬਲੀ ਹੁੰਦੀ ਹੈ। ਪਰ ਜਦ ਮੇਰਾ ਇਰਾਦਾ ਜੰਗ ਕਾਰਨ ਲਈ ਪੱਕ ਜਾਏ, ਫਿਰ ਮੇਰੇ ਅੰਦਰ ਇਕ ਅਜਿਹੀ ਅੱਗ ਪੈਦਾ ਹੁੰਦੀ ਹੈ ਕਿ ਮੈਂ ਕਿਵੇਂ ਨਾ ਕਿਵੇਂ ਇਹ ਜੰਗ ਫਤੇਹ ਕਰਨੀ ਹੈ।' ਨਾਵਲ ਸ਼ੁਰੂ ਕਰਨ ਤੋਂ ਪਹਿਲਾਂ ਮੇਰੇ ਨਾਲ ਵੀ ਕੁਝ ਅਜਿਹਾ ਹੀ ਵਾਪਰਦਾ ਹੈ।

ਮੇਰੀ ਕੋਸ਼ਿਸ਼ ਰਹਿੰਦੀ ਹੈ, ਨਾਵਲ ਦਾ ਬਿਰਤਾਂਤ ਸਹਿਜ ਰੂਪ ਗ੍ਰਹਿਣ ਕਰੇ। ਸਭ ਤੋਂ ਮਹੱਤਵਪੂਰਨ ਗੱਲ ਯਥਾਰਥ ਦੇ ਨੇੜੇ-ਤੇੜੇ ਰਹੇ। ਪਾਠਕ ਨੂੰ ਜਾਪੇ, ਇਹ ਗੱਲਾਂ, ਸੰਵਾਦ, ਘਟਨਾਵਾਂ ਸੰਭਵ ਹੋ ਸਕਦੀਆਂ ਨੇ। ਪਾਠਕ ਨਾਵਲ ਦੇ ਵਹਾ ਵਿਚ ਇਸ ਤਰ੍ਹਾਂ ਵਹਿ ਤੁਰੇ ਜਿਵੇਂ ਢਲਾਣਾਂ ਤੋਂ ਪਾਣੀ ਹੇਠਾਂ ਵੱਲ ਆਪ ਮੁਹਾਰੇ ਵਹਿ ਤੁਰਦਾ ਹੈ। ਨਾਵਲ ਪੜ੍ਹਦਿਆਂ ਪਾਠਕ ਇਸ ਤਰ੍ਹਾਂ ਮਹਿਸੂਸ ਨਾ ਕਰੇ ਜਿਵੇਂ ਟਿੱਬਿਆਂ ਉੱਪਰ ਪਾਣੀ ਚੜ੍ਹਾਇਆ ਜਾ ਰਿਹਾ ਹੋਵੇ।

ਸਾਹਿਤ ਸਿਰਜਣਾ ਇਕ ਤਪੱਸਿਆ ਹੈ। ਮੈਂ ਇਸ ਤਪੱਸਿਆ ਦਾ ਫ਼ਲ ਚੱਖਿਆ ਹੈ। ਅਕਾਦਮਿਕ ਅਦਾਰਿਆਂ ਤੋਂ ਬਾਹਰ ਦਾ ਬੰਦਾ, ਟਰਾਂਸਪੋਰਟ ਵਰਗੇ ਰੁੱਖੇ ਕਿੱਤੇ ਨਾਲ ਜੁੜਿਆ ਹੋਇਆ, ਕਿਵੇਂ ਪੁਸਤਕਾਂ ਨਾਲ ਜੁੜਿਆ, ਤੇ ਫਿਰ ਸਿਰਜਣਾ ਵੱਲ ਰੁਚਿਤ ਹੋਇਆ। **'ਢਾਹਵਾਂ ਦਿੱਲੀ ਦੇ ਕਿੰਗਰੇ'** ਨਾਵਲ ਨੂੰ 2011 ਵਿਚ ਭਾਰਤੀ ਸਾਹਿਤ ਅਕਾਦਮੀ ਦਿੱਲੀ ਨੇ ਸਨਮਾਨ ਲਈ ਚੁਣਿਆ। ਭਾਸ਼ਾ ਵਿਭਾਗ ਪੰਜਾਬ 2013 ਵਿਚ ਸਮੁੱਚੀ ਸਾਹਿਤ ਘਾਲਣਾ ਲਈ 'ਸ਼੍ਰੋਮਣੀ ਸਾਹਿਤਕਾਰ' ਦਾ ਪੁਰਸਕਾਰ ਦਿੱਤਾ। ਬਾਲ ਨਾਵਲ 'ਮੋਠੂ ਦੇ ਘੁੰਗਰੂ' ਨੂੰ ਸਰਵੋਤਮ ਬਾਲ ਪੁਸਤਕ ਦਾ ਪੁਰਸਕਾਰ ਮਿਲਿਆ।

ਮੈਂ ਸਮਝਦਾ ਹਾਂ, ਨਾਵਲ ਲਿਖਣਾ ਜਾਂ ਸਾਹਿਤ ਸਿਰਜਣਾ ਕੋਈ ਬੱਚਿਆਂ ਦਾ ਖੇਲ ਨਹੀਂ ਹੈ। ਸਾਹਿਤ ਮਿੱਟੀ ਅਤੇ ਜੀਵਨ ਵਿਚੋਂ ਉਪਜਦਾ ਹੈ। ਆਪਣੀ ਹਰ ਰਚਨਾ ਮੁਕੰਮਲ ਕਰਨ ਤੋਂ ਬਾਅਦ, ਮੈਨੂੰ ਇਹ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਮੈਂ ਜੋ ਕੁਝ ਕਹਿਣਾ ਸੀ, ਲਿਖਣਾ ਚਾਹੁੰਦਾ ਸੀ, ਅਜੇ ਗੱਲ ਨਹੀਂ ਬਣੀ। ਸ਼ਾਇਦ ਇਹੀ ਅਸੰਤੁਸ਼ਟਤਾ ਮੈਨੂੰ ਲਗਾਤਾਰ ਲਿਖਦੇ ਰਹਿਣ ਲਈ ਉਕਸਾਉਂਦੀ ਰਹਿੰਦੀ ਹੈ। ਸ਼ਾਇਦ ਇਸ ਕਰਕੇ ਹੀ ਮੇਰੇ ਕੋਲ ਸ਼ਬਦਾਂ ਦਾ ਜੋ ਅਣਲਿਖਿਆ ਭੰਡਾਰ ਹੈ, ਉਹ ਮੈਨੂੰ ਲਿਖੇ ਹੋਏ ਨਾਲੋਂ ਵਧੇਰੇ ਮਹੱਤਵਪੂਰਨ ਜਾਪਦਾ ਰਹਿੰਦਾ ਹੈ।


**ਸੰਪਰਕ-98147-83069**

---

ਸਾਰੇ ਨਾਵਲ ਜਿਨ੍ਹਾਂ ਨੂੰ ਕਿ ਸਫਲ ਕਲਾਤਮਕ ਰਚਨਾਵਾਂ ਕਿਹਾ ਜਾ ਸਕਦਾ ਹੈ, ਵਿਚ ਦੋ ਤੱਤ ਹੁੰਦੇ ਹਨ-ਜੀਵਨ ਅਤੇ ਢਾਂਚਾ।"

**-ਆਰਨਲਡ ਕੈਟਲ**















# 'ਬੁਰਕੇ ਵਾਲੇ ਲੁਟੇਰੇ' ਨਾਵਲ ਨਕਸਲੀ ਲਹਿਰ ਦੀ ਨਵੀਨੀਕਰਨ ਪਾਲਿਸੀ ਤੋਂ ਬਾਅਦ ਲਿਖਿਆ

**-ਕਰਮਜੀਤ ਸਿੰਘ ਕੁੱਸਾ**

ਬਚਪਨ ਵਿਚ ਹੀ ਮੇਰਾ ਸੁਭਾਅ ਕੁਝ ਅਜਿਹਾ ਸੀ ਕਿ ਮੈਂ ਆਪਣੇ ਬਾਕੀ ਭੈਣ-ਭਰਾਵਾਂ ਦੀ ਨਿਸਬਤ ਜਟਕੇ-ਤਕਾਜ਼ੇ ਵਿਚ ਢਿੱਲਾ ਸਮਝਿਆ ਜਾਂਦਾ ਸੀ। ਕਿਉਂਕਿ ਇਸ ਕਿੱਤੇ ਵਿਚ ਜੇ ਮੁੰਡਾ ਛੈਣੀ ਵਰਗਾ ਨਾ ਹੋਵੇ, ਲੋਕ ਆਖਦੇ ਹਨ, ਗੁੜ ਵੰਡਿਆ ਐਵੇਂ ਹੀ ਗਿਆ। ਦਰਅਸਲ ਮੇਰੇ ਚੁੱਪ ਰਹਿਣ ਦਾ ਕਾਰਨ ਇਹ ਸੀ ਕਿ ਮੈਂ ਸੁਰਤ ਸੰਭਾਲਦਿਆਂ ਹੀ ਇਹ ਖਿਆਲ ਮਨ ਵਿਚ ਰੱਖਦਾ ਸਾਂ ਕਿ ਮੈਂ ਕੋਈ ਅਜਿਹਾ ਕੰਮ ਕਰਾਂ, ਜਿਸ ਨਾਲ ਮੇਰੀ ਦੁੱਖ ਕੁਝ ਦੂਸਰਿਆਂ ਨਾਲੋਂ ਵੱਖਰੀ ਹੋਵੇ। ਹੁਣ ਕਈ ਵਾਰ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਇਕ ਦਫਾ ਮੈਂ ਸੰਤ ਬਣਨ ਬਾਰੇ ਸੋਚਿਆ। ਇਧਰੋਂ ਉਧਰੋਂ ਸੰਤਾਂ ਦੇ ਵਿਸ਼ੇਸ਼ ਲੱਛਣ ਵੀ ਮੈਂ ਇਕੱਠੇ ਕਰ ਲਏ ਪਰ ਗੱਲ ਪਤਾ ਨਹੀਂ ਕਿਵੇਂ ਚਿੱਤ ਵਿਚੋਂ ਨਿਕਲ ਗਈ। ਕੁਝ ਕਰਨ ਦੀ ਲਾਲਸਾ ਹੇਠ ਮੈਂ ਆਮ ਦੁਨਿਆਵੀ ਕੰਮਾਂ ਵਿਚ ਵੀ ਵਧੇਰੇ ਦਿਲਚਸਪੀ ਲੈਂਦਾ ਸਾਂ, ਪਰ ਇਸ ਨਾਲ ਮੇਰੀ ਤ੍ਰਿਪਤੀ ਨਹੀਂ ਹੁੰਦੀ ਸੀ। ਦੂਸਰਾ ਇਸ ਦੇ ਨਾਲ ਹੀ ਛੋਟੀ ਕਿਸਾਨੀ ਦਾ ਜੰਮ-ਪਲ ਹੋਣ ਕਰ ਕੇ, ਮੈਨੂੰ ਜਟਕੇ-ਤਬਕੇ ਵਿਚ ਦੂਹਰਾ ਤੀਹਰਾ ਅਨੁਭਵ ਹੋਇਆ। ਪਿੰਡ ਵਿਚ ਆਮ ਜੱਟ ਆਸ ਤੋਂ ਥੋੜ੍ਹੀ ਜ਼ਮੀਨ ਵਾਲਿਆਂ ਨੂੰ ਗੱਲੀਂ-ਬਾਤੀਂ ਛੋਟਾ ਦਿਖਾ ਕੇ ਛੁਟਿਆਉਂਦੇ। ਭਾਵੇਂ ਸਮਾਜਕ ਦਰਜੇ ਵਿਚ ਉਨ੍ਹਾਂ ਦੀ ਮਾੜੀ-ਮੋਟੀ ਹੋਂਦ ਨਾ ਦੇ ਬਰਾਬਰ ਸੀ ਪਰ ਜ਼ਮੀਨ ਨਾਲ ਇੰਨੇ ਜੁੜੇ ਹੋਏ ਸਨ, ਥੋੜ੍ਹੀ ਜ਼ਮੀਨ ਜਾਂ ਬਿਨਾਂ ਜ਼ਮੀਨ ਵਾਲੇ ਉਨ੍ਹਾਂ ਦੀਆਂ ਨਜ਼ਰਾਂ ਵਿਚ, ਉਨ੍ਹਾਂ ਦੇ ਪੈਮਾਨੇ ਮੁਤਾਬਕ ਬੰਦੇ ਹੀ ਨਹੀਂ ਹੁੰਦੇ ਸਨ। ਇਸ ਤਰ੍ਹਾਂ ਦਾ ਅਨੁਭਵ ਸ਼ਾਇਦ ਬਹੁਤਿਆਂ ਨੂੰ ਹੁੰਦਾ ਹੋਵੇ ਪਰ ਮੈਂ ਇਸ ਪੀੜ ਨੂੰ ਜਰਨ ਦਾ ਬਲ ਨਹੀਂ ਰੱਖਦਾ ਸਾਂ। ਇਸ ਦੇ ਇਹਨਾਂ ਦਲਿੱਦਰ ਨਾਲ ਭਰੇ, ਨਾ ਸ਼ੁਕਰੇ ਅਤੇ ਸੜੇ-ਬੁਸੇ ਜੱਟਾਂ ਤੋਂ ਬਦਲਾ ਲੈਣ ਬਾਰੇ ਕਿਆਸ ਕਰ ਕੇ ਅੰਦਰੇ ਅੰਦਰ ਖੁਸ਼ੀ ਦੇ ਲੱਡੂ ਭੋਰਦਾ ਰਹਿੰਦਾ।

ਪਰ ਇਹ ਸਥਿਤੀ ਬਹੁਤਾ ਸਮਾਂ ਨਾ ਰਹੀ, ਕਾਲਿਜ ਵਿਚ ਜਾਂਦਿਆਂ ਹੀ, ਜਦੋਂ ਸਾਹਿਤ ਨਾਲ ਵਾਹ ਪਿਆ, ਮੈਨੂੰ ਜ਼ਿੰਦਗੀ ਦੇ ਅਰਥਾਂ ਦੀ ਸਮਝ ਪੈਣ ਲੱਗੀ। ਇਹੀ ਲੋਕ ਜਿਨ੍ਹਾਂ ਨਾਲ ਮੈਨੂੰ ਚਿੜ੍ਹ ਸੀ, ਮੈਨੂੰ ਹੀਣੇਂ, ਬੇਵੱਸ, ਜ਼ਿੰਦਗੀ ਤੋਂ ਦੂਰ ਅਤੇ ਨਰਕਾਂ ਦੇ ਜੀਵ-ਜੰਤੂ ਪ੍ਰਤੀਤ ਹੋਣ ਲੱਗ ਗਏ। ਇਹੀ ਉਹ ਸਮਾਂ ਸੀ ਜਦੋਂ ਨਕਸਲੀਏ ਬਾਹਰ ਆ ਕੇ ਐਕਸ਼ਨ ਵਾਲੀ ਲਾਈਨ ਤਿਆਗ, ਲੋਕ-ਸ਼ਕਤੀ ਨੂੰ ਜਥੇਬੰਦ ਕਰਨ ਦੀ ਹੋੜ ਵਿਚ ਸਨ। ਚੜ੍ਹਦੀ ਉਮਰ ਦੇ ਜੋਸ਼ ਵਿਚ ਇਨ੍ਹਾਂ ਦੇ ਸੰਪਰਕ'ਚ ਆਉਣ ਸਦਕਾ ਮੈਨੂੰ ਇਕ ਹੋਰ ਪਾਸਿਉਂ ਚਾਨਣ ਹੋਇਆ, ਜਿਸ ਨਾਲ ਮੈਨੂੰ ਸਾਹਿਤ ਨਿੱਜ ਨਾਲੋਂ ਸਮੂਹ ਲਈ ਪ੍ਰੇਰਨਾ ਦਾ ਸੋਮਾ ਮਹਿਸੂਸ ਹੋਇਆ। ਉਂਜ ਮੈਂ ਇਹ ਗੱਲ ਹੁਣ ਵੀ ਮੰਨਦਾ ਹਾਂ ਕਿ ਸਾਹਿਤ ਲੇਖਕ ਦੇ ਨਿੱਜ 'ਚੋਂ ਨਿੱਜ ਲਈ ਜਨਮ




ਲੈਂਦਾ ਹੈ, ਪਰ ਜਿਹੜਾ ਲੇਖਕ ਇਸ ਨੂੰ ਸਮੂਹ ਦੀ ਪੀੜ ਨਾਲ ਜੋੜ ਲੈਂਦਾ ਹੈ, ਉਸ ਦੀ ਰਚਨਾ ਉਸ ਤੋਂ ਪਰ੍ਹਾਂ ਹੋ ਕੇ ਸਮੁੱਚੇ ਸੰਸਾਰ ਲਈ ਸੰਜੀਵਨੀ ਬਣ ਜਾਂਦੀ ਹੈ, ਇਥੋਂ ਹੀ ਮੈਂ ਸਾਹਿਤ ਨੂੰ ਮਨੁੱਖੀ ਲੋੜ ਸਮਝਿਆ। ਹੌਲੀ ਹੌਲੀ ਮੈਂ ਆਪਣੇ ਆਲੇ-ਦੁਆਲੇ ਦੀ ਜ਼ਿੰਦਗੀ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਸਮਝਣਾ ਸ਼ੁਰੂ ਕਰ ਦਿੱਤਾ। ਸਮਾਂ ਪੈ ਕੇ ਇਹੀ ਲੋਕ, ਮੇਰੇ ਨਾਵਲਾਂ ਵਿਚ ਪਾਤਰ ਬਣ ਕੇ ਉਭਰੇ।

ਮੈਂ ਸਾਹਿਤ ਦੇ ਕਿਸੇ ਹੋਰ ਰੂਪ ਨੂੰ ਅਪਨਾਉਣ ਦੀ ਥਾਂ ਨਾਵਲ ਨੂੰ ਕਿਉਂ ਚੁਣਿਆਂ? ਅਕਸਰ ਹੀ ਇਹ ਪ੍ਰਸ਼ਨ ਮੈਨੂੰ ਕਈ ਵਾਰ ਪੁੱਛਿਆ ਜਾਂਦਾ ਹੈ। ਇਸ ਦਾ ਸ਼ਾਇਦ ਮੈਨੂੰ ਵੀ ਨਹੀਂ ਪਤਾ, ਮੈਂ ਨਾਵਲ ਕਿਉਂ ਚੁਣਿਆਂ। ਕਹਾਣੀ ਮੈਂ ਬਹੁਤ ਘੱਟ ਲਿਖੀ ਹੈ। ਕਹਾਣੀ ਲਿਖਣ ਵਿਚ ਮੇਰੀ ਕੋਈ ਰੁਚੀ ਨਹੀਂ ਸੀ। ਨਾ ਹੈ। ਜਿਥੋਂ ਤੱਕ ਮੈਨੂੰ ਯਾਦ ਹੈ, ਅਚੇਤ-ਸੁਚੇਤ ਮੈਂ ਇਹ ਖਿਆਲ ਕਰਦਾ ਸਾਂ ਕਿ ਨਾਵਲ ਹੀ ਇਕ ਅਜਿਹੀ ਵਿਧਾ ਹੈ, ਜਿਸ ਰਾਹੀਂ ਮੈਂ ਆਪਣੀ ਮਾਨਸਿਕ ਪੀੜ ਅਤੇ ਆਪਣੇ ਚੌਗਿਰਦੇ ਦੀ ਜ਼ਿੰਦਗੀ ਪੇਸ਼ ਕਰਨ ਦੇ ਸਮਰੱਥ ਹੋ ਸਕਦਾ ਹਾਂ।

ਹੁਣ ਤੱਕ ਮੇਰੇ ਛਪੇ ਅਣਛਪੇ ਸੱਤ ਨਾਵਲ ਹਨ। ਪਹਿਲੇ ਤਿੰਨ ਨਾਵਲ ਮੈਂ ਛਾਪੇ ਨਹੀਂ, ਸ਼ਾਇਦ ਉਦੋਂ ਛਪਾਉਣ ਦੀ ਲੋਚਾ ਵੀ ਨਹੀਂ ਸੀ। ਅਸਲ ਵਿਚ 'ਬੁਰਕੇ ਵਾਲੇ ਲੁਟੇਰੇ' ਰਾਹੀ ਮੇਰਾ ਸਾਹਿਤਕ ਸਫ਼ਰ ਪਾਠਕਾਂ ਸਾਹਮਣੇ ਪੇਸ਼ ਹੁੰਦਾ ਹੈ। ਇਹ ਨਾਵਲ ਨਕਸਲੀ ਲਹਿਰ ਦੀ ਨਵੀਨੀਕਰਨ ਪਾਲਿਸੀ ਤੋਂ ਬਾਅਦ ਲਿਖਿਆ ਸੀ। ਹਰੇ ਇਨਕਲਾਬ ਦੀ ਸ਼ੁਰੂਆਤ ਦੇ ਨਾਲ ਹੀ ਇਸ ਵਿਚ ਵਿਗਾੜ ਪੈਦਾ ਹੋ ਗਏ ਸਨ। ਨਾਵਲ ਲਿਖਣ ਸਮੇਂ ਮੇਰੇ ਮਨ ਵਿਚ ਇਹ ਵਿਚਾਰ ਕੰਮ ਕਰ ਰਿਹਾ ਸੀ ਕਿ ਛੋਟੀ ਕਿਸਾਨੀ ਵੱਡੀ ਕਿਸਾਨੀ ਦੀ ਰੀਸੇ ਕਰਜ਼ੇ ਤਕਾਵੀਆਂ ਲੈ ਕੇ ਉਨ੍ਹਾਂ ਨਾਲ ਰਲਣ ਦੀ ਦੌੜ ਵਿਚ ਲੱਗੀ ਹੋਈ ਸੀ, ਦੂਸਰਾ ਖਿਆਲ ਇਹ ਸੀ ਕਿ ਹਾਕਮ ਜਮਾਤ ਜਦੋਂ ਕੋਈ ਕਾਨੂੰਨ ਘੜਦੀ ਹੈ, ਉਹ ਆਪਣੇ ਹਿਤਾਂ ਦਾ ਬਹੁਤਾ, ਲੋਕਾਂ ਦਾ ਘੱਟ ਧਿਆਨ ਰੱਖਦੀ ਹੈ। ਨਾਵਲ ਦਾ ਖਰੜਾ ਲੈ ਕੇ ਮੈਂ ਸ. ਜਸਵੰਤ ਸਿੰਘ ਕੰਵਲ ਕੋਲ ਚਲਾ ਗਿਆ। ਉਹ ਸੁਣ ਕੇ ਇੰਨੇ ਖੁਸ਼ ਹੋਏ ਤੇ ਉੱਠ ਕੇ ਖੜ੍ਹੇ ਹੋ ਗਏ। ਉਨ੍ਹਾਂ ਹੀ ਇਹ ਨਾਵਲ ਅੰਮ੍ਰਿਤਸਰ ਦੇ ਇਕ ਪਬਲਿਸ਼ਰ ਨੂੰ ਛਾਪਣ ਲਈ ਦੇ ਦਿੱਤਾ। ਪਬਲਿਸ਼ਰ ਨੇ ਆਪਣੀ ਵਪਾਰੀ ਤਰਜ਼ ਨੂੰ ਕਾਇਮ ਰੱਖਦਿਆਂ ਨਾਂਹ ਤਾਂ ਕੀਤੀ ਨਾ, ਪਰ ਦੇਰ ਕਰ ਦਿੱਤੀ। ਕੰਵਲ ਜੀ ਨੇ ਇਕ ਵਾਰ ਉਨ੍ਹਾਂ ਨੂੰ ਆਖਿਆ, 'ਕੀ ਗੱਲ ਬਈ, ਤੁਸੀਂ ਮੁੰਡੇ ਦਾ ਨਾਵਲ ਕਿਉਂ ਨਹੀਂ ਛਾਪਦੇ?"

ਪਬਲਿਸ਼ਰ ਹੱਸ ਕੇ ਬੋਲਿਆ, "ਛਾਪਾਂਗੇ ਜੀ, ਤੁਸੀਂ ਬੇਫਿਕਰ ਹੋ ਜਾਵੋ।"

"ਦੇਖ ਲਉ, ਅੱਜ ਤੁਸੀਂ ਇਹਦਾ ਨਾਵਲ ਛਾਪਣ ਲਈ ਬਹਾਨੇਬਾਜ਼ੀ ਕਰਦੇ ਓ ਇਹਦੀ ਗੁੱਡੀ ਚੜ੍ਹ ਜਾਣੀ ਐ। ਤੁਸੀਂ ਫੇਰ ਇਹਦੇ ਮਗਰ ਫਿਰਨਾ ਏ, ਇਹਨੇ ਤੁਹਾਨੂੰ ਨਾਵਲ ਨਹੀਂ ਦਿਆ ਕਰਨਾ।"

**'ਰਾਤ ਦੇ ਰਾਹੀ'** ਲਿਖਣ ਤੋਂ ਪਹਿਲਾਂ ਮੈਂ ਕਾਫੀ ਬਾਹਰਲਾ ਸਾਹਿਤ ਪੜ੍ਹ ਲਿਆ ਸੀ, ਮੈਨੂੰ ਜ਼ਿੰਦਗੀ ਅਤੇ ਸਾਹਿਤ ਵਿਚਕਾਰ ਅਟੁੱਟਵੇਂ ਸਬੰਧ ਦੀ ਨਿੱਗਰ ਜਾਣਕਾਰੀ ਪ੍ਰਾਪਤ ਹੋ ਗਈ ਸੀ। ਬੀ. ਏ. ਕਰ ਕੇ ਮੈਂ ਘਰ ਬੈਠ ਕੇ ਐਮ. ਏ. ਪੰਜਾਬੀ ਦੀ ਤਿਆਰੀ ਕਰਦਾ, ਨਾਲ ਦੀ ਨਾਲ ਨਾਵਲ ਲਿਖਦਾ। ਸਰਦੀਆਂ ਵਿਚ ਜਦੋਂ ਸਾਰਾ ਟੱਬਰ ਆਪੋ-ਆਪਣੇ ਕੰਮ ਧੰਦੇ ਵਿਚ ਉਲਝ ਜਾਂਦਾ ਤਾਂ ਮੈਂ ਧੁੱਪੇ ਬੈਠ ਕੇ ਪਾਤਰਾਂ ਨਾਲ ਦੋ ਚਾਰ ਹੁੰਦਾ ਰਹਿੰਦਾ, ਇਹ ਨਾਵਲ ਲਿਖਦਿਆਂ, ਮੇਰੇ ਮਨ ਵਿਚ ਹੋਰ ਗੱਲਾਂ ਨਾਲੋਂ ਬਹੁਤਾ ਇਹ ਗੱਲ ਦਾ ਧਿਆਨ ਸੀ ਕਿ ਮੈਂ ਨਾਵਲ ਨਹੀਂ, ਸਗੋਂ ਉਸ ਸਮੇਂ ਦੀ ਜ਼ਿੰਦਗੀ ਨੂੰ ਸ਼ਬਦਾਂ ਵਿਚ ਉਤਾਰਨਾ ਹੈ। ਜਦੋਂ ਅਸਲੀ ਜੀਵਨ ਵਿਚ ਇਨ੍ਹਾਂ ਪਾਤਰਾਂ ਦੇ ਮੈਨੂੰ ਨੇੜੇ ਹੋ ਕੇ ਵਿਚਰਨ ਦਾ ਮੌਕਾ ਮਿਲਿਆ, ਤਾਂ ਮੈਨੂੰ ਅਜ਼ੀਬੋ-ਗਰੀਬ ਤਜ਼ਰਬਾ ਹੋਇਆ। ਦੂਰੋਂ ਇਨ੍ਹਾਂ ਦੀ ਜ਼ਿੰਦਗੀ ਬੇਰਸ, ਔਖੀ, ਮੁਸ਼ਕਲਾਂ ਨਾਲ ਗ੍ਰਸੀ ਹੋਈ ਜਾਪਦੀ ਸੀ, ਪਰ ਨਜ਼ਦੀਕ ਜਾ ਕੇ ਮੈਂ ਵੇਖਿਆ, ਉਨ੍ਹਾਂ ਦੀ ਜ਼ਿੰਦਗੀ ਵਿਚ ਅਨੰਦ ਸੀ। ਸਭ ਕੁਝ ਤੋਂ



ਅਣਜਾਣ ਉਹ ਇਹਨੂੰ ਲੁਤਫ਼ ਬਣਾ ਕੇ ਜਿਉਂ ਰਹੇ ਸਨ। ਇਥੋਂ ਹੀ ਮੈਨੂੰ ਇਲਮ ਹੋਇਆ ਕਿ ਜੀਵਨ 'ਚ ਗਤੀ ਹੈ। ਇਸ ਵਿਚ ਨਾ ਮਰਨ ਵਰਗੀ ਕੋਈ ਸ਼ੈ ਹੈ, ਜਿਹੜੀ ਬੰਦਿਆਂ ਨੂੰ ਆਪਣੇ ਵਿਚ ਉਲਝਾਈ ਰੱਖਦੀ ਹੈ। ਨਾਵਲ ਪੂਰਾ ਕਰ ਕੇ ਮੈਂ ਪੰਜਾਬੀ ਦੇ ਦੋ ਨਾਵਲਕਾਰਾਂ ਅਤੇ ਇਕ ਆਲੋਚਕ ਵਿਦਵਾਨ ਡਾ. ਟੀ. ਆਰ. ਵਿਨੋਦ ਹੋਰਾਂ ਨੂੰ ਪੜ੍ਹਾਇਆ। ਵਿਨੋਦ ਜੀ ਨੇ ਮੈਨੂੰ ਵਧਾਈ ਦਿੱਤੀ, "ਇਹ ਪੰਜਾਬੀ ਦਾ ਬੇਹਤਰੀਨ ਨਾਵਲ ਹੈ।" ਇਸ ਤੋਂ ਬਾਅਦ ਮੈਂ ਆਪਣੇ ਅੰਦਰ ਬੈਠੀ ਮਾੜੀ ਮੋਟੀ ਝਿਜਕ ਦੂਰ ਕਰ ਦਿੱਤੀ ਤੇ ਮੈਨੂੰ ਵਿਸ਼ਵਾਸ ਹੋ ਗਿਆ, ਜਿਹੜਾ ਪਹਿਲਾ ਭੁਲਾਂਦਰਾ ਸੀ, ਮੈਂ ਕੁਝ ਕਰ ਸਕਦਾ ਹਾਂ। ਤੇ ਮੈਂ ਆਪਣੇ ਰਾਹ ਨਿਰਸੰਕੋਚ ਹੋ ਕੇ ਤੁਰ ਪਿਆ। ਨਾਵਲ ਛਪਣ 'ਤੇ ਡਾ. ਵਿਨੋਦ ਦਾ ਕਥਨ ਸੱਚ ਹੋ ਨਿਬੜਿਆ, ਨਾਵਲ ਨੂੰ ਪੰਜਾਬੀ ਦੇ ਨਾਵਲ ਇਤਿਹਾਸ ਵਿਚ ਮਾਣਯੋਗ ਸਥਾਨ ਪ੍ਰਾਪਤ ਹੋ ਗਿਆ।

**'ਰੋਹੀ ਬੀਆਬਾਨ'** ਇਕ ਵੱਖਰੇ ਹੀ ਢੰਗ ਨਾਲ ਮੇਰੇ ਜ਼ਿਹਨ 'ਚ ਉਤਰਿਆ। ਐਮ. ਏ. ਕਰ ਕੇ ਘਰ ਵਿਹਲਾ ਸਾਂ। ਸਰਵਿਸ ਕੋਈ ਮਿਲੀ ਨਹੀਂ ਸੀ। ਪਟਿਆਲੇ ਜ਼ਿਲੇ ਦੇ ਇਕ ਅਕਾਲੀ ਲੀਡਰ ਦੇ ਲਾਰੇ ਪਿੱਛੇ ਮੈਂ ਦਾਹੜੀ ਵਧਾ ਕੇ ਪੰਜਾਬ ਐਂਡ ਸਿੰਧ ਬੈਂਕ ਵਿਚ ਭਰਤੀ ਹੋਣ ਦਾ ਸੁਪਨਾ ਪਾਲ ਰਿਹਾ ਸਾਂ। ਲੋਕ ਮੇਰੀ ਵਿਚਾਰਧਾਰਾ 'ਤੇ ਸ਼ੱਕ ਕਰਨ ਲਗ ਪਏ। ਵਿਹਲੇ ਸਮੇਂ ਵਿਚ ਮੈਂ ਬਹੁਤਾ ਸਾਰਾ ਰੂਸੀ ਸਾਹਿਤ ਜਿਹੜਾ ਦੂਸਰੀ ਸੰਸਾਰ ਜੰਗ ਬਾਰੇ ਸੀ, ਪੜ੍ਹਿਆ। ਜਿਸ ਵਿਚੋਂ ਉਸ ਦੌਰ ਦੇ ਬੱਚਿਆਂ ਦੀ ਮਾਨਸਿਕ ਅਵਸਥਾ 'ਤੇ ਪਏ ਮਾਰੂ ਅਸਰ ਦਾ ਬੜਾ ਗਹਿਰਾ ਚਿੱਤਰ ਸੀ। ਇਹ ਖਿਆਲ ਇੰਨਾ ਘਰ ਕਰ ਗਿਆ ਕਿ ਮੈਨੂੰ ਕਿਸਾਨੀ ਵਿਚ ਉਸ ਦੇ ਬਚਪਨ ਦੀ ਹੋ ਰਹੀ ਧੂਹ ਘੜੀਸ ਨੇ ਜਕੜ ਲਿਆ। ਹੌਲੀ ਹੌਲੀ ਨਾਵਲ ਹੋਂਦ ਵਿਚ ਆਉਣ ਲੱਗਾ, ਅਜੇ ਚਾਰ-ਪੰਜ ਹੀ ਚੈਪਟਰ ਲਿਖੇ ਸਨ, ਮੇਰੇ ਇਕ ਪਾਠਕ ਵਜੋਂ ਜਾਣੇ ਜਾਂਦੇ ਬੈਂਕ ਮੈਨੇਜਰ ਨੇ ਮੈਨੂੰ ਛੋਟਾ ਜਿਹਾ ਪੋਲਟਰੀ ਫਾਰਮ ਚਲਾਉਣ ਲਈ ਕਰਜ਼ਾ ਦੇ ਦਿੱਤਾ। ਨਾਵਲ ਮੇਰੇ ਮਨੋਂ ਉਤਰ ਗਿਆ। ਮੈਂ ਦਿਨ ਰਾਤ ਮੁਰਗੀਆਂ ਦੀ ਕੈਂ ਕੈਂ ਵਿਚ ਗੁਜ਼ਾਰਨ ਲੱਗਾ। ਨਾਵਲ ਬਾਰੇ ਤਾਂ ਕੀ ਸੋਚਣਾ ਸੀ, ਮੈਨੂੰ ਆਪਣੀ ਸੁੱਧ ਬੁੱਧ ਭੁੱਲ ਗਈ। ਇਕ ਦਿਨ ਮੋਗੇ ਦੇ ਚੌੜੇ ਬਜ਼ਾਰ ਵਿਚ, ਬੋਰੀਆਂ ਦਾ ਗੱਠਾ ਲਈ ਮੁਰਗੀਆਂ ਦੀ ਖੁਰਾਕ ਲੈਣ ਜਾ ਰਿਹਾ ਸਾਂ, ਤਾਂ ਕੰਵਲ ਸਾਹਿਬ ਮਿਲ ਪਏ। ਹੋਟਲ 'ਚ ਚਾਹ ਪੀਂਦਿਆਂ ਗੱਲਾਂ ਕਰਦਿਆਂ, ਜਦੋਂ ਉਨ੍ਹਾਂ ਨੂੰ ਇਸ ਨਵੇਂ ਧੰਦੇ ਬਾਰੇ ਪਤਾ ਲਗਿਆ, ਗੰਭੀਰ ਹੋ ਕੇ ਆਖਣ ਲੱਗੇ,

"ਮੈਨੂੰ ਲਗਦਾ ਏ, ਤੂੰ ਸਾਰੀ ਸਾਹਿਤਕਾਰੀ ਵਿੱਠਾਂ ਵਿਚ ਮਿੱਧ ਦੇਣੀ ਐ।"

ਘਰ ਜਾ ਕੇ ਜਦੋਂ ਬਹਿ ਕੇ ਸੋਚਿਆ, ਮੈਨੂੰ ਗੱਲ ਸੱਚ ਹੁੰਦੀ ਮਹਿਸੂਸ ਹੋਈ। ਵਕਤ ਵਿਚਾਰ ਕੇ, ਖਰੜਾ ਮੁੜ ਅਲਮਾਰੀ ਵਿਚੋਂ ਕੱਢ ਲਿਆ। ਕੁਝ ਦਿਨ ਮਨ ਸਾਂਵਾਂ ਕਰ ਕੇ ਤੜਕੇ ਸਾਝਰੇ ਤਿੰਨ ਵਜੇ ਮਾਂ ਦੀ ਡਿਊਟੀ ਜਗਾਉਣ ਦੀ ਲਾ ਕੇ, ਦੁਬਾਰਾ ਲਿਖਣਾ ਸ਼ੁਰੂ ਕਰ ਦਿੱਤਾ। ਨਾਵਲ ਅੱਧਾ ਕੁ ਹੀ ਲਿਖਆ ਸੀ, ਮੈਨੂੰ ਅਧਿਆਪਕੀ ਕੋਰਸ ਵਿਚ ਦਾਖਲਾ ਮਿਲ ਗਿਆ। ਮੈਂ ਖਰੜਾ ਮੁੜ ਅਲਮਾਰੀ ਵਿਚ ਸਾਂਭਿਆ, ਟਰੇਨਿੰਗ ਕਰਨ ਚਲਾ ਗਿਆ। ਕੋਰਸ ਤੋਂ ਬਾਅਦ ਨਾਵਲ ਪੂਰਾ ਕੀਤਾ, ਪਰ ਇਹ ਛਪਿਆ ਫੇਰ ਅਟਕ ਕੇ। ਕਿਉਂਕਿ ਜਿਵੇਂ ਮੇਰੀ ਲਿਖਣ ਦੀ ਚਾਲ ਹੈ, ਇਹੀ ਰਵੱਈਆ ਛਪਵਾਈ ਬਾਰੇ ਵੀ ਹੈ।

ਨਾਵਲ ਪ੍ਰੈਸ ਨੂੰ ਦੇ ਕੇ ਮੈਂ ਕਾਫ਼ੀ ਸਮਾਂ ਚੁੱਪ ਵੱਟ ਲੈਂਦਾ ਹਾਂ। ਕੁਝ ਲਿਖਣ ਨੂੰ ਜੀਅ ਨਹੀਂ ਕਰਦਾ। ਸਾਹਿਤਕਾਰਾਂ ਨਾਲ ਜਾਂ ਸਾਹਿਤਕਾਰ ਸਮਾਗਮਾਂ ਦੀ ਥਾਂ ਮੈਂ ਆਮ ਲੋਕਾਂ ਨਾਲ ਜ਼ਿਆਦਾ ਘੁੰਮਦਾ-ਫਿਰਦਾ ਸਾਂ। ਸਾਹਿਤਕ ਸਮਾਗਮਾਂ ਤੋਂ ਚੁਗਲੀਆਂ ਤੋਂ ਬਿਨਾਂ ਹੋਰ ਚੀਜ਼ ਘਰ ਲੈ ਕੇ ਨਹੀਂ ਪਰਤਦਾ। ਇਸ ਲਈ ਇਥੋਂ ਕੰਨੀ ਕਤਰਾਉਣ ਦਾ ਹੀ ਯਤਨ ਕਰਦਾ ਹਾਂ। ਮੈਂ ਉਥੇ ਹੀ ਜਾਂਦਾ ਹਾਂ, ਜਿਥੋਂ ਮੈਨੂੰ ਖੁਸ਼ੀ ਮਿਲਦੀ ਹੈ। ਇਹ ਆਮ ਜੀਵਨ ਵਿਚ ਥਾਂ ਪਰ ਥਾਂ ਪਈ ਹੈ। ਅਜਿਹੇ ਥਾਵਾਂ ਤੋਂ ਜਦੋਂ ਮੈਂ ਮੁੜਦਾ ਹਾਂ, ਤਾਂ ਮੈਂ ਜ਼ਿੰਦਗੀ ਨਾਲ ਭਰਿਆ ਹੁੰਦਾ ਹਾਂ। ਇਸ ਦੇ ਉਲਟ ਜਦੋਂ ਕਿਸੇ ਸਾਹਿਤਕ ਸਮਾਗਮ ਤੋਂ ਮੁੜਾਂ, ਤਾਂ ਮੇਰਾ ਸਰੀਰ ਥੱਕਿਆ ਤੇ ਬੇਸੁਰਾ ਹੁੰਦਾ ਹੈ, ਸਿਰ ਪੀੜ ਨਾਲ ਬੋਝਲ ਹੋਇਆ ਹੁੰਦਾ ਹੈ। ਆ ਕੇ ਕੰਨ ਮਰੋੜਦਾ ਹਾਂ, ਹੁਣ ਨਹੀਂ ਜਾਣਾ। ਪਰ ਫੇਰ ਕਦੇ ਕਦੇ ਚਲਾ ਜਾਂਦਾ ਹਾਂ।

**'ਅੱਗ ਦਾ ਗੀਤ'** ਉਨ੍ਹਾਂ ਦਿਨਾਂ ਵਿਚ ਮੇਰੇ ਦਿਮਾਗ਼ ਵਿਚ ਆਇਆ, ਜਦੋਂ ਮੈਂ ਖੰਨੇ ਲਾਗੇ ਇਕ ਸਰਕਾਰੀ ਹਾਈ ਸਕੂਲ ਵਿਚ ਪੜ੍ਹਾ ਰਿਹਾ ਸੀ। ਆਮ ਹੀ ਅਖ਼ਬਾਰਾਂ ਵਿਚ ਇਕ ਖ਼ਬਰ ਬਾਰ ਬਾਰ ਛਪਦੀ ਕਿ ਫਲਾਂ ਔਰਤ ਇੰਨੇ ਬੱਚਿਆਂ ਦੇ ਹੁੰਦੇ ਹੋਇਆਂ, ਆਪਣਾ ਘਰ ਛੱਡ ਕੇ ਚਲੀ ਗਈ। ਵਿਚਾਰ ਚਰਚਾ ਸਮੇਂ ਪੜ੍ਹੇ-ਲਿਖੇ (ਅਧਿਆਪਕ ਵਰਗ) ਵੀ ਹਾਲਾਤ ਨੂੰ ਨਾ ਸਮਝ ਸਕਦੇ, ਮੌਜੂਦਾ ਪ੍ਰਧਾਨ ਸਦਾਚਾਰ ਦੀ ਓਪਰੀ ਦਖ਼ ਵਿਚ ਉਲਝ ਜਾਂਦੇ, ਹਮੇਸ਼ਾ ਹੀ ਲੋਕ ਕਾਰਨਾਂ ਨੂੰ ਅਣਗਉਲਿਦਆਂ (ਜਾਂ ਬੇਸਮਝੀ ਕਾਰਨ) ਮਾੜੀ ਧਿਰ ਦਾ ਪੱਖ ਲੈਣ ਦੀ ਬਜਾਇ ਕੁਦਰਤੀ ਹੀ ਤਕੜੀ ਧਿਰ ਦੇ ਹਾਮੀ ਬਣ ਬੈਠਦੇ। ਕਈ ਸਾਲ ਪਹਿਲਾਂ ਇਕ ਅਜਿਹੀ ਘਟਨਾ ਸਾਡੇ ਪਿੰਡ ਵੀ ਵਾਪਰ ਗਈ ਸੀ। ਇਸ ਵਿਚਾਰ ਨੇ ਹੌਲੀ ਹੌਲੀ ਪਲਰਦਿਆਂ ਮੇਰੇ ਅੰਦਰ ਪਲਟਾ ਖਾਧਾ ਤੇ ਮੈਂ ਇਕਹਿਰੇ ਪਲਾਟ ਦਾ ਇਕ ਨਾਵਲ ਲਿਖਣ ਲਈ ਤਿਆਰ ਹੋ ਗਿਆ। ਪਹਿਲਾਂ ਮੈਂ ਸਿਰਫ਼ ਭੋਂ-ਹੀਣ ਪਰਿਵਾਰ ਦੀ ਔਰਤ ਦੇ ਦੁਖਾਂਤ ਨੂੰ ਦਰਸਾਉਣਾ ਚਾਹੁੰਦਾ ਸੀ। ਪਰ ਜਦੋਂ ਸਮੁੱਚੇ ਪ੍ਰਬੰਧ ਵਿਚ ਔਰਤ ਦੀ ਹੋਂਦ ਨੂੰ ਵਿਚਾਰਿਆ ਤਾਂ ਸਮੁੱਚੇ ਪੇਂਡੂ ਪ੍ਰਬੰਧ ਵਿਚ ਵਿਚਰ ਰਹੀ ਔਰਤ ਦੀ ਸਥਿਤੀ ਨੂੰ ਹੀ ਮੈਂ ਆਪਣੇ ਨਾਵਲ ਦਾ ਵਿਸ਼ਾ ਬਣਾ ਲਿਆ। ਇਸ ਤਰ੍ਹਾਂ **'ਅੱਗ ਦਾ ਗੀਤ'** ਵੱਖ-ਵੱਖ ਪਰਤਾਂ ਵਿਚ ਨਾਵਲੀ ਰੂਪ ਲੈ ਕੇ ਪ੍ਰਗਟ ਹੋਇਆ। ਬਾਕੀ ਆਪਣੇ ਆਪ ਸ਼ਾਮਿਲ ਹੋ ਗਿਆ।



**'ਅੱਗ ਦਾ ਗੀਤ'** ਦੇ ਛਪਣ ਤੱਕ ਪੰਜਾਬ ਦੀ ਉਪਰੋਂ ਰਾਜਸੀ ਦਿਸਦੀ ਹਾਲਤ ਕਈ ਕਰਵਟਾਂ ਲੈ ਚੁੱਕੀ ਸੀ। ਬਲਿਊ ਸਟਾਰ ਓਪਰੇਸ਼ਨ ਹੋ ਚੁੱਕਾ ਸੀ ਤੇ ਲੋਕ ਭਾਵੁਕਤਾ ਵੱਸ ਆਪੋ ਆਪਣੇ ਮੋਰਚਿਆਂ ਵਿਚੋਂ ਬੋਲ ਰਹੇ ਸਨ। ਦੂਸਰਾ ਮੈਂ ਇਸ ਨੂੰ ਧਰਮ ਨਾਲ ਸਬੰਧਿਤ ਲੋਕਾਂ ਅਤੇ ਹਾਕਮ ਜਮਾਤਾਂ ਦਾ ਰਾਜਸੀ ਮਦਾਰੀਪੁਣਾ ਹੀ ਸਮਝਦਾ ਸਾਂ। ਬਹੁਤ ਸਾਰੇ ਯਾਰ-ਮਿੱਤਰ ਕਹਿੰਦੇ, ਇਹਦੇ ਬਾਰੇ ਕੁਝ ਲਿਖ। ਮੈਂ ਹੱਸ ਛੱਡਦਾ, ਮੈਨੂੰ ਇਹ ਕੋਈ ਗੱਲ ਨਹੀਂ ਲਗਦੀ ਸੀ, ਸਿਰਫ਼ ਵਕਤੀ ਉਬਾਲ ਹੈ, ਜਿਹੜਾ ਕੁਝ ਸਮੇਂ ਬਾਅਦ ਧੂੜ ਵਾਂਗ ਦੱਬ ਜਾਏਗਾ। ਜਸਵੰਤ ਸਿੰਘ ਕੰਵਲ ਨੇ ਇਕ ਦਿਨ ਆਪਣੇ ਘਰ ਬੈਠਿਆਂ ਮੈਨੂੰ ਕੁਝ ਕਰਨ ਲਈ ਕਿਹਾ। ਮੈਂ ਉਹ ਹੀ ਜਵਾਬ ਦੇ ਦਿੱਤਾ ਕਿ ਇਹ ਕੋਈ ਗੱਲ ਨਹੀਂ। ਇਸ ਬਾਰੇ ਕੀ ਲਿਖਿਆ ਜਾ ਸਸਦਾ ਹੈ। ਉਹ ਮੈਨੂੰ ਚੋਭ੍ਹਾਂ ਜਿਹੀਆਂ ਲਾਉਂਦੇ ਰਹੇ ਕਿ "ਜਿਹੜੇ ਆਪਣੇ ਲੋਕਾਂ ਲਈ ਕੁਝ ਨਹੀਂ ਕਰ ਸਕਦੇ, ਉਹ ਲੋਕਾਂ ਦੇ ਦੇਣਦਾਰ ਹੁੰਦੇ ਐ। ਤੂੰ ਚੁੱਪ ਬੈਠਾ ਏਂ, ਏਸ ਤਰ੍ਹਾਂ ਤੂੰ ਲੋਕਾਂ ਦਾ ਹੱਕ ਮਾਰ ਰਿਹਾ ਆਂ।"

ਮੈਂ ਉਨ੍ਹਾਂ ਨੂੰ ਕੀ ਆਖਣਾ ਸੀ। ਚੁੱਪ ਕਰ ਰਿਹਾ। ਇਹਨਾਂ ਦਿਨਾਂ ਵਿਚ ਲੁਧਿਆਣੇ ਐਕਸਟੈਨਸ਼ਨ ਲਾਇਬਰੇਰੀ 'ਚ ਜਾਂਦਾ ਹੁੰਦਾ ਸਾਂ। ਉਥੋਂ ਮੈਨੂੰ ਯੂਰਪ ਦੇ ਮੱਧ ਯੁੱਗ ਬਾਰੇ ਕੁਝ ਕਿਤਾਬਾਂ ਮਿਲੀਆਂ, ਜਿਨ੍ਹਾਂ ਵਿਚ ਉਸ ਸਮੇਂ ਦੀ ਚੱਲੀ ਧਾਰਮਿਕ ਲਹਿਰ ਬਾਰੇ ਜ਼ਿਕਰ ਸੀ, ਜੋ ਅਸਲ ਵਿਚ ਕਿਸਾਨੀ ਨੇ ਆਪਣੇ ਹੱਕਾਂ ਬਾਰੇ ਲੜੀ ਸੀ। ਅਚਾਨਕ ਮੈਂ ਮੌਜੂਦਾ ਲਹਿਰ ਨੂੰ ਓਸ ਲਹਿਰ ਨਾਲ ਜੋੜ ਕੇ ਜਦੋਂ ਵੇਖਿਆ, ਤਾਂ ਮੈਨੂੰ ਇਹ ਲਹਿਰ ਨਿਰੀ ਪੁਰੀ ਧਾਰਮਿਕ ਲਹਿਰ ਨਾ ਦਿਸੀ, ਇਹਦੇ ਹੇਠ ਬਹੁਤ ਕੁਝ ਸੁਲਗਦਾ ਲੱਗਿਆ। ਉਸ ਦਿਨ ਤੋਂ ਮੈਂ ਇਸ ਲਹਿਰ ਨੂੰ ਇਸ ਦੇ ਅਸਲੀ ਰੂਪ ਵਿਚ ਸਮਝਣ ਦਾ ਯਤਨ ਕਰਨਾ ਸ਼ੁਰੂ ਕਰ ਦਿੱਤਾ। ਕੁਝ ਕੁ ਸਮਾਂ ਲੰਘਿਆ ਮੇਰੇ ਅੰਦਰ ਇਕ ਹੋਰ ਨਾਵਲ ਨੇ ਅੰਗੜਾਈ ਲਈ। ਪਾਤਰ ਉੱਠੇ ਤੇ ਆਪਣੇ ਚਿਹਰੇ ਮੁਹਰੇ ਦਿਖਾਉਣ ਲੱਗੇ।

ਬਸ, ਇਸ ਤਰ੍ਹਾਂ ਮੇਰਾ ਲਿਖਣ ਕਾਰਜ ਰੋਕ-ਬੇਰੋਕ ਚਲ ਰਿਹਾ ਹੈ। ਕਦੇ ਕਦੇ ਮਨ ਅੱਕ ਵੀ ਜਾਂਦਾ ਹੈ, ਕੀ ਲੈਣਾ ਹੈ, ਇਸ ਕੰਮ ਤੋਂ? ਕੀ ਮਿਲਦਾ? ਪਰ ਜਦੋਂ ਜੀਵਨ ਨਾਲ ਜੁੜਦਾ ਹਾਂ, ਤਾਂ ਉਸ ਵਿਚਲੀ ਅਨੰਦਮਈ ਸਰੋਦੀ ਧੁਨ ਫਿਰ ਹੱਲਾਸ਼ੇਰੀ ਦਿੰਦੀ ਹੈ। ਇਉਂ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਜੀਵਨ ਤਾਂ ਅਮਰ ਹੈ ਜੇ ਮਨੁੱਖ ਨੂੰ ਇਸ ਦਾ ਕਿਆਸ ਹੋ ਜਾਵੇ, ਇਸ ਦੀ ਰੰਗੀਨੀ ਹੋਰ ਸੁਹਾਵਣੀ ਹੋ ਜਾਵੇਗੀ। ਬਸ ਇਸ ਕਿਆਸ ਦੇ ਅਹਿਸਾਸ ਨੂੰ ਦੂਸਰਿਆਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਹੁਣ ਤਾਂ ਇਹ ਹੀ ਅਹਿਸਾਸ ਲਿਖਣ ਲਈ ਅਗਵਾਈ ਕਰਦਾ ਹੈ।






## ਮੇਰੇ ਨਾਵਲਾਂ ਵਿਚ ਕੋਈ ਮੁਰਦਾ ਪਾਤਰ ਹੈ ਹੀ ਨਹੀਂ, ਸਭ ਜਾਨਦਾਰ ਪਾਤਰ ਹਨ

***-ਜਰਨੈਲ ਸਿੰਘ ਸੇਖਾ***

ਹਰ ਇਨਸਾਨ ਦੇ ਅੰਦਰ ਇਕ ਲੇਖਕ ਛੁਪਿਆ ਹੁੰਦਾ ਹੈ। ਜਦੋਂ ਪ੍ਰਸਥਿਤੀਆਂ ਮਾਹੌਲ ਸਾਜ਼ਗਰ ਬਣਾ ਦੇਣ ਤਾਂ ਸੰਵੇਦਨਸ਼ੀਲ ਇਨਸਾਨ ਅੰਦਰਲਾ ਲੇਖਕ ਜਾਗ ਪੈਂਦਾ ਹੈ ਤੇ ਉਹ ਕਲਮ ਚੁੱਕ ਲੈਂਦਾ ਹੈ। ਅਭਿਆਸ ਤੇ ਅਧਿਅਨ ਉਸ ਨੂੰ ਚੰਗਾ ਲੇਖਕ ਬਣਾਉਣ ਵਿਚ ਸਹਾਈ ਹੁੰਦੇ ਹਨ। ਪਰ ਨਾਵਲ ਦੀ ਸਿਰਜਣਾ ਲਈ ਲੇਖਕ ਕੋਲ ਸਮਾਂ, ਸ੍ਰਿੜ, ਦ੍ਰਿੜਤਾ ਤੇ ਤਹੱਮਲ ਦਾ ਹੋਣਾ ਵੀ ਜ਼ਰੂਰੀ ਹੈ। ਇਸ ਦੇ ਨਾਲ ਨਾਵਲਕਾਰ ਦਾ ਨਿਰੰਤਰ ਅਧਿਐਨ ਕਰਦੇ ਰਹਿਣਾ ਵੀ ਉਸ ਦੀ ਨਾਵਲਕਾਰੀ ਵਿਚ ਮਦਦਗਾਰ ਹੁੰਦਾ ਹੈ। ਪ੍ਰਸਥਿਤੀਆਂ ਤੇ ਸਾਜ਼ਗਾਰ ਮਾਹੌਲ ਨੇ ਹੀ ਮੈਨੂੰ ਨਾਵਲਕਾਰ ਬਣਾਇਆ।

ਗੱਲ ਇਸ ਤਰ੍ਹਾਂ ਹੋਈ ਕਿ ਸੰਨ 1994 ਵਿਚ ਮੈਨੂੰ ਕਨੇਡਾ ਪਰਵਾਸ ਕਰਨਾ ਪਿਆ। ਏਥੇ ਆ ਕੇ ਕੰਮ ਕਰਨਾ ਮੇਰੀ ਲੋੜ ਸੀ। ਮੈਨੂੰ ਕਿਤੇ ਕੋਈ ਹੋਰ ਕੰਮ ਨਾ ਮਿਲਿਆ ਤਾਂ ਮੈਂ ਇਕ ਸੀਜ਼ਨ ਬੇਰੀਆਂ, ਜਿਨ੍ਹਾਂ ਨੂੰ ਸਾਡੇ ਲੋਕ ਬੇਰੀਆਂ ਕਹਿੰਦੇ ਹਨ, ਤੋੜੀਆਂ। ਇਥੋਂ ਦੇ ਖੇਤ ਮਜ਼ਦੂਰਾਂ ਦੀ ਦਸ਼ਾ ਪੰਜਾਬ ਦੇ ਖੇਤ ਮਜ਼ਦੂਰਾਂ ਤੋਂ ਕੋਈ ਵੱਖਰੀ ਨਹੀਂ ਸੀ। ਵੱਖਰੀ ਦਸ਼ਾ ਇਹ ਸੀ ਕਿ ਮੇਰੇ ਨਾਲ ਬੇਰੀਆਂ ਤੋੜਨ ਵਾਲੇ ਕਾਮੇ ਪੰਜਾਬ ਵਿਚੋਂ ਆਏ ਭੂਮੀਏ ਸਨ ਜਾਂ ਓਧਰੋਂ ਚੰਗੀਆਂ ਨੌਕਰੀਆਂ ਕਰਦੇ ਆਏ ਚਿਟ ਕਪੜੀਏ ਅਧਿਕਾਰੀ। ਉਹਨਾਂ ਵਿਚ ਉਥੋਂ ਦੀ ਚੌਧਰ ਦਾ ਹੰਕਾਰ ਵੀ ਸੀ ਤੇ ਇਥੇ ਆ ਕੇ ਮਜ਼ਦੂਰ ਬਣਨ ਦੀ ਹੀਣ ਭਾਵਨਾ ਦਾ ਅਹਿਸਾਸ ਵੀ। ਮੇਰੇ ਨਾਲ ਕਰਨੈਲ ਸਿੰਘ ਪਾਰਸ ਦਾ ਚਚੇਰਾ ਭਰਾ, ਗੁਰਨਾਮ ਸਿੰਘ ਗਿੱਲ ਰਾਮੂਵਾਲੀਆ ਵੀ ਬੇਰੀ ਤੋੜਨ ਜਾਂਦਾ ਸੀ। ਖੇਤ ਮਾਲਕਾਂ ਤੋਂ ਖੇਤ ਮਜ਼ਦੂਰ ਬਣਿਆਂ ਦੀ ਮਾਨਸਿਕਤਾ ਵਿਚ ਆਈ ਤਬਦੀਲੀ ਬਾਰੇ ਸਾਡੀਆਂ ਗੱਲਾਂ ਹੁੰਦੀਆਂ। ਸਾਡੇ ਨਾਲ ਬੇਰੀ ਤੋੜਦੀਆਂ ਪ੍ਰੌੜ ਇਸਤਰੀਆਂ, ਜਿਨ੍ਹਾਂ ਆਪਣੇ ਘਰ ਡੱਕਾ ਤੋੜ ਕੇ ਦੂਹਰਾ ਨਹੀਂ ਸੀ ਕੀਤਾ, ਏਥੇ ਜਿਦ ਜਿਦ ਬੇਰੀ ਤੋੜਦੀਆਂ ਸਨ, ਬਾਰੇ ਵੀ ਗੱਲਾਂ ਹੁੰਦੀਆਂ। ਰਾਮੂਵਾਲੀਏ ਨੇ ਮੇਰੀਆਂ ਕੁਝ ਕਹਾਣੀਆਂ ਪੜ੍ਹੀਆਂ ਹੋਈਆਂ ਸਨ, ਉਹਨੇ ਮੈਨੂੰ ਖੇਤ ਕਾਮਿਆਂ ਉਪਰ ਨਾਵਲ ਲਿਖਣ ਦਾ ਸੁਝਾ ਦਿੱਤਾ। ਮੈਂ ਆਪਣੇ ਹੱਡੀਂ ਹੰਢਾਏ ਅਨੁਭਵ 'ਤੇ ਅਧਾਰਤ, ਕਨੇਡੀਅਨ ਖੇਤ ਮਜ਼ਦੂਰਾਂ ਬਾਰੇ ਕੁਝ ਕਹਾਣੀਆਂ ਲਿਖ ਵੀ ਲਈਆਂ ਸਨ। ਜਦੋਂ ਮੈਂ ਲੇਖਕ ਮੰਚ ਵੈਨਕੂਵਰ ਦੀ ਇਕੱਤ੍ਰਤਾ ਵਿਚ ਆਪਣੀ ਕਹਾਣੀ 'ਦੀਵਾਲੀ ਵਾਲੀ ਰਾਤ' ਸੁਣਾਈ ਤਾਂ ਉਸ ਦੀ ਭਰਪੂਰ ਸਲਾਹੁਣਾ ਹੋਈ। ਜਦੋਂ ਮੈਂ ਕਿਹਾ ਕਿ ਬੈਰੀ ਫਾਰਮਾਂ 'ਤੇ ਮੈਂ ਕੁਝ ਹੋਰ ਕਹਾਣੀਆਂ ਵੀ ਲਿਖੀਆਂ ਹਨ ਤਾਂ ਗੁਰਚਰਨ ਰਾਮਪੁਰੀ ਨੇ ਕਿਹਾ ਕਿ ਇਸ ਵਿਸ਼ੇ ਉਪਰ ਤਾਂ ਨਾਵਲ ਵੀ ਲਿਖਿਆ ਜਾ ਸਕਦਾ ਹੈ। ਉਸ ਸਮੇਂ ਹੀ ਮੈਂ ਨਾਵਲ ਲਿਖਣ ਦਾ ਫੈਸਲਾ ਕਰ ਲਿਆ। ਮੈਂ ਪਹਿਲਾਂ ਕ੍ਰਿਸ਼ਨ ਚੰਦਰ ਦਾ ਨਾਵਲ 'ਬੌਰਬਨ ਕਲੱਬ' ਅਤੇ ਕਿਸੇ ਅੰਗ੍ਰੇਜ਼ੀ ਲੇਖਕਾ, ਨਾਮ ਯਾਦ ਨਹੀਂ, ਦਾ ਨਾਵਲ 'ਸਾਰੇ ਮਰਦ, ਮੇਰੇ ਪ੍ਰੇਮੀ' ਪੜ੍ਹੇ ਸੀ ਜਿਨ੍ਹਾਂ ਦਾ ਹਰ ਕਾਂਡ ਮੁਕੰਮਲ ਕਹਾਣੀ ਸੀ ਤੇ ਸਾਰੀਆਂ ਕਹਾਣੀਆਂ ਮਿਲ ਕੇ ਨਾਵਲ ਦਾ ਰੂਪ ਧਾਰਨ ਕਰਦੀਆਂ ਸਨ। ਮੈਂ ਵੀ ਇਸੇ ਵਿਧੀ ਅਨੁਸਾਰ ਨਾਵਲ ਲਿਖਣ ਦਾ ਮਨ ਬਣਾ ਲਿਆ।

ਨਾਵਲੀ ਸਿਰਜਣ ਪ੍ਰਕਿਰਿਆ, ਨਾਵਲ ਲਿਖਣਾ ਸ਼ੁਰੂ ਕਰਨ ਨਾਲ ਹੀ ਅਰੰਭ ਨਹੀਂ ਹੋ ਜਾਂਦੀ। ਸਿਰਜਣਾ ਦਾ ਅਮਲ ਤਾਂ ਲੇਖਕ ਦੇ ਜ਼ਿਹਨ ਵਿਚ ਉਸ ਸਮੇਂ ਹੀ ਅਰੰਭ ਹੋ ਜਾਂਦਾ ਹੈ ਜਦੋਂ ਉਸ ਨੇ ਨਾਵਲ ਲਿਖਣਾ ਚਿਤਵਿਆ ਹੀ ਹੁੰਦਾ ਹੈ। ਨਾਵਲ ਦਾ ਪਲਾਟ, ਬਣਤਰ, ਬੁਣਤਰ ਤੇ ਪਾਤਰ ਉਸ ਦੇ ਅੰਗ ਸੰਗ ਰਹਿੰਦੇ ਹਨ ਅਤੇ ਉਹ ਸਦਾ ਉਹਨਾਂ ਦੀ ਭੰਨ ਘੜ ਕਰਦਾ ਰਹਿੰਦਾ ਹੈ। ਉਸ ਦੀ ਸੋਚ ਦਾ ਦਾਇਰਾ ਨਾਵਲ ਦੇ ਦੁਆਲੇ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਇਹ ਅਵਸਥਾ ਉਦੋਂ ਤਕ ਬਣੀ ਰਹਿੰਦੀ ਹੈ, ਜਦੋਂ ਤਕ ਨਾਵਲ ਦਾ ਅੰਤਲਾ ਵਾਕ ਨਹੀਂ ਲਿਖਿਆ ਜਾਂਦਾ ਤੇ ਲੇਖਕ ਦੀ ਸੰਤੁਸ਼ਟੀ ਨਹੀਂ ਹੋ ਜਾਂਦੀ। ਹਰ ਨਾਵਲ ਲਿਖਣ ਤੋਂ ਪਹਿਲਾਂ ਮੇਰੀ ਸਥਿਤੀ ਵੀ ਕੁਝ ਅਜੇਹੀ ਹੀ ਬਣ ਜਾਂਦੀ ਰਹੀ ਹੈ।

ਮੈਂ ਆਪਣੀ ਰਚਨਾ ਲਈ ਜਿਸ ਵਿਸ਼ੇ-ਵਸਤੂ ਦੀ ਚੋਣ ਕਰਨੀ ਹੋਵੇ, ਪਹਿਲਾਂ ਉਸ ਵਿਸ਼ੇ ਬਾਰੇ ਮੁਕੰਮਲ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰਦਾ ਹਾਂ। ਆਪਣੇ ਪਹਿਲਾ ਨਾਵਲ **'ਦੁਨੀਆ ਕੈਸੀ ਹੋਈ'** ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਬੀ. ਸੀ. ਸੂਬੇ ਦਾ ਭਗੋਲ, ਇਥੋਂ ਦੇ ਮੌਸਮ, ਇਥੋਂ ਦੀਆਂ ਫ਼ਸਲਾਂ, ਬੈਰੀਆਂ ਦੀਆਂ ਕਿਸਮਾਂ, ਸੰਚਾਈ ਦੇ ਸਾਧਨ, ਗੱਲ ਕੀ ! ਇਥੋਂ ਦੀ ਰਾਜਨੀਤਕ ਤੇ ਸ਼ਮਾਜਕ ਸਥਿਤੀ ਅਤੇ ਇਥੋਂ ਦੀ ਆਰਥਿਕਤਾ ਨਾਲ ਸਬੰਧਤ ਹਰ ਪੱਖ ਦਾ ਅਧਿਅਨ ਕੀਤਾ ਭਾਵੇਂ ਕਿ ਇਸ ਨਾਵਲ ਦਾ ਵਿਸ਼ਾ ਮੇਰੇ ਹੱਡੀਂ ਹੰਢਾਏ ਸੱਚ 'ਤੇ ਅਧਾਰਤ ਸੀ।

ਨਾਵਲ **'ਭਗੌੜਾ'** ਦਾ ਵਿਸ਼ਾ ਗੈਰ-ਕਾਨੂੰਨੀ ਪਰਵਾਸੀਆਂ ਦੀ ਕਹਾਣੀ ਬਿਆਨ ਕਰਦਾ ਹੈ। ਇਸ ਦਾ ਮੁਖ ਪਾਤਰ, ਸੁਖਬੀਰ, ਭਾਵੇਂ ਮੇਰਾ ਸਹਿ-ਕਰਮੀ ਸੀ ਤੇ ਸਾਰੀ ਕਹਾਣੀ ਉਸ ਨੇ ਹੀ ਸੁਣਾਈ ਸੀ ਪਰ ਨਾਵਲ ਲਿਖਣ ਲਈ ਮੈਨੂੰ ਪਰਵਾਸ ਨਾਲ ਸਬੰਧਤ ਬਹੁਤ ਸਾਰੀਆਂ ਪੁਸਤਕਾਂ ਪੜ੍ਹਨੀਆਂ ਪਈਆਂ। ਇੰਗਲੈਂਡ ਦੀ ਭਗੋਲਕ ਤੇ ਰਾਜਨੀਤਕ ਸਥਿਤੀ ਬਾਰੇ ਪੁਸਤਕਾਂ ਰਾਹੀਂ ਜਾਣਿਆ। ਇੰਗਲੈਂਡ ਜਾਣ ਦਾ ਕਈ ਵਾਰ ਮੌਕਾ ਮਿਲਿਆ ਤੇ ਮੈਂ ਉਹ ਇਲਾਕਾ ਅੱਖੀਂ ਦੇਖਿਆ ਜਿੱਥੇ ਸੁਖਬੀਰ ਕੁਝ ਸਮਾਂ ਰਿਹਾ ਸੀ। ਜਰਮਨੀ ਬਾਰੇ ਵੀ ਪੁਸਤਕਾਂ ਰਾਹੀਂ ਜਾਣਕਾਰੀ ਪ੍ਰਾਪਤ ਕੀਤੀ। ਚੈਕੋ-ਸਲੋਵਾਕੀਆ ਦੇ ਬਾਰੇ ਕਿਸੇ ਪਾਸਿਉਂ ਬਹੁਤੀ ਜਾਣਕਾਰੀ ਨਹੀਂ ਸੀ ਮਿਲ ਰਹੀ, ਸਿਰਫ ਮੁਖ-ਪਾਤਰ ਦੀ ਵਾਰਤਾਲਾਪ ਵਿਚੋਂ ਮਿਲੀ ਤੁੱਛ ਜਾਣਕਾਰੀ ਸੀ। ਮੇਰੇ ਮਿੱਤਰ ਡਾ. ਦਰਸ਼ਨ ਗਿੱਲ (ਮਰਹੂਮ) ਨੇ ਉਥੋਂ ਦੀ ਭਗੋਲਕ, ਆਰਥਿਕ ਤੇ ਰਾਜਨੀਤਕ ਜਾਣਕਾਰੀ ਦੇ 200 ਵਰਕੇ ਇੰਟਰਨੈਟ ਤੋਂ ਉਪਲਬਦ ਕਰਵਾਏ।

ਨਾਵਲ **'ਵਿਗੋਚਾ'** ਨਸ਼ਾ-ਤਸਕਰੀ ਤੇ ਤਸਕਰ-ਜੁੰਡਲੀਆਂ ਦੀਆਂਹਿੰਸਕ ਵਾਰਦਾਤਾਂ ਨਾਲ ਸਬੰਧਤ ਸੀ, ਜਿਹੜਾ ਲਿਖਣ ਸਮੇਂ ਪੰਜਾਬੀ ਪਰਵਾਸੀਆਂ ਦੇ ਕਨੇਡਾ ਵਿਚਲੇ ਸੌ ਸਾਲਾ ਸੰਘਰਸ਼ ਨਾਲ ਵੀ ਜੁੜ ਗਿਆ। ਇਸ ਨਾਵਲ ਨੂੰ ਲਿਖਣ ਤੋਂ ਪਹਿਲਾਂ ਜਿੱਥੇ ਨਸ਼ਾ ਤਸਕਰੀ ਨਾਲ ਸਬੰਧਤ ਕਈ ਫਿਲਮਾਂ ਦੇਖੀਆਂ, ਉਥੇ ਇਸ ਵਿਸ਼ੇ ਨਾਲ ਸਬੰਧਤ,ਜਾਨ ਜੋਖੋਂ ਵਿਚ ਪਾ ਕੇ, ਬਹੁਤ ਸਾਰੇ ਤਸਕਰ ਜੁੰਡਲੀ ਦੇ ਮੈਂਬਰਾਂ ਨੂੰ ਵੀ ਮਿਲਿਆ। ਪਹਿਲਾ ਕਾਂਡ ਲਿਖਣ ਸਮੇਂ ਮਾਂ ਵਲੋਂ ਆਪਣੇ ਪੁਤਰ ਨੂੰ ਕਹੇ ਇਕ ਵਾਕ, "ਬੌਬੀ, ਸਾਡੇ ਵੱਡ ਵਡੇਰਿਆਂ ਨੇ ਏਥੇ, ਬਦੇਸ਼ਾਂ ਵਿਚ, ਕੁਰਬਾਨੀਆਂ ਕਰ ਕੇ ਆਪਣੀ ਥਾਂ ਬਣਾਈ ਸੀ, ਜਿਨ੍ਹਾਂ ਵਿਚ ਤੇਰੇ ਦਾਦਾ, ਪੜਦਾਦਾ ਵੀ ਸਨ, ਏਸੇ ਕਰਕੇ ਅੱਜ ਅਸੀਂ ਸਿਰ ਉੱਚਾ ਕਰ ਕੇ ਤੁਰੇ ਫਿਰਦੇ ਹਾਂ ਪਰ ਤੇਰੀਆਂ ਸੋਆਂ ਮੈਨੂੰ ਚੰਗੀਆਂ ਨਹੀਂ ਆ ਰਹੀਆਂ, ਮੈਨੂੰ ਲਗਦੈ ਤੇਰੇ ਕਰਕੇ ਉਨ੍ਹਾਂ ਦੇ ਨਾਂ ਦਾਗੀ ਹੋ ਰਹੇ ਨੇ। ਜੇ ਤੂੰ ਆਪਣੇ ਦਾਦੇ ਪੜਦਾਦੇ ਦੀ ਕਹਾਣੀ ਸੁਣੇਂ ਤਾਂ ਤੈਨੂੰ ਪਤਾ ਲੱਗੇ।" ਨੇ ਨਾਵਲ ਦੀ ਰੂਪ-ਰੇਖਾ ਹੀ ਬਦਲ ਦਿੱਤੀ ਤੇ ਮੈਂ ਸੌ ਸਾਲ ਪਹਿਲਾਂ ਕਨੇਡਾ ਆਏ ਸਾਡੇ ਵੱਡ ਵਡੇਰਿਆਂ ਦੀ ਜਦੋ ਜਹਿਦ ਦਾ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਕਈ ਇਤਿਹਾਸਕ ਪੁਸਤਕਾਂ ਪੜ੍ਹੀਆਂ, ਪੁਰਾਣੇ ਅਖਬਾਰਾਂ ਨੂੰ ਘੋਖਿਆ, ਵੈਨਕੂਵਰ ਤੇ ਸਰ੍ਹੀ ਦਾ ਇਤਿਹਾਸ ਪੜ੍ਹਿਆ ਅਤੇ ਬਹੁਤ ਪਹਿਲਾਂ ਏਥੇ ਆਏ ਵਿਅਕਤੀਆਂ ਨਾਲ ਮੁਲਾਕਾਤਾਂ ਕੀਤੀਆਂ, ਫਿਰ ਦੁਬਾਰਾ ਨਾਵਲ ਲਿਖਣਾ ਸ਼ੁਰੂ ਕੀਤਾ।

ਨਾਵਲ **'ਬੇਗਾਨੇ'** ਰਿਸ਼ਤਿਆਂ ਦੀ ਟੁੱਟ ਭੱਜ ਨੂੰ ਦਰਸਾਉਂਦਾ ਹੈ। ਇਸ ਨੂੰ ਲਿਖਣ ਤੋਂ ਪਹਿਲਾਂ ਮੈਂ ਕਨੇਡਾ ਵਿਚ ਬਾਲ ਕਲਿਆਣ ਨਾਲ ਸਬੰਧਤ ਕਾਨੂਨਾਂ ਬਾਰੇ ਜਾਣਕਾਰੀ ਹਾਸਲ ਕੀਤੀ। ਸਮਾਜ ਸੇਵਕਾਵਾਂ, ਪਾਲਕ ਮਾਵਾਂ, ਬਾਲ ਸੰਭਾਲ ਕੇਂਦਰ, ਬਾਲ ਸੁਧਾਰ ਘਰ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰਨ ਮਗਰੋਂ ਹੀ



ਨਾਵਲ ਦੀ ਕਹਾਣੀ ਨੂੰ ਛੋਹਿਆ।

ਜਦੋਂ ਨਾਵਲ ਦੀ ਕਹਾਣੀ ਦਾ ਖਾਕਾ ਜ਼ਿਹਨ ਵਿਚ ਚਿਤਰਿਆ ਜਾਂਦਾ ਹੈ ਤਾਂ ਕਹਾਣੀ ਦੀ ਬੁਣਤਰ/ ਗੋਂਦ 'ਤੇ ਧਿਆਨ ਕੇਂਦਰਤ ਕਰਦਾ ਹੋਇਆ ਪਹਿਲਾ ਕਾਂਡ ਸ਼ੁਰੂ ਕਰ ਦਿੰਦਾ ਹਾਂ। ਪਹਿਲਾ ਕਾਂਡ ਕਹਾਣੀ ਦੇ ਵਿਚਕਾਰਲਾ ਭਾਗ ਵੀ ਹੋ ਸਕਦਾ ਹੈ ਜਾਂ ਪਿਛਲ਼ ਝਾਤ ਰਾਹੀਂ ਕਹਾਣੀ ਨੂੰ ਕਿਤੋਂ ਵੀ ਅਰੰਭ ਕਰ ਸਕਦਾ ਹਾਂ। ਲਿਖਣ ਸਮੇਂ ਮੇਰਾ ਪੂਰਾ ਧਿਆਨ ਲਿਖੇ ਜਾ ਰਹੇ ਕਾਂਡ ਦੇ ਪ੍ਰਸੰਗ ਉਪਰ ਹੀ ਕੇਂਦਰਤ ਹੁੰਦਾ ਹੈ, ਬਾਕੀ ਨਾਵਲ ਦੀ ਕਹਾਣੀ ਤੋਂ ਬੇਧਿਆਨਾ ਹੋ ਜਾਂਦਾ ਹਾਂ। ਕਾਂਡ ਮੁਕੰਮਲ ਹੋਣ ਮਗਰੋਂ ਉਸ ਨੂੰ ਅਲੋਚਨਾਤਮਿਕ ਨਜ਼ਰੀਏ ਨਾਲ ਵਾਚਦਾ ਹਾਂ। ਅਪ੍ਰਸੰਗਕ ਸ਼ਬਦ, ਵਾਕ ਜਾਂ ਵਿਚਾਰ ਦੀ ਕਾਂਟ ਛਾਂਟ ਕਰਦਾ ਹਾਂ। ਜਦੋਂ ਮੇਰੀ ਆਪਣੀ ਤਸੱਲੀ ਹੋ ਜਾਂਦੀ ਹੈ ਫਿਰ ਅਗਲਾ ਕਾਂਡ ਲਿਖਣਾ ਆਰੰਭ ਕਰਦਾ ਹਾਂ। **'ਬੇਗਾਨੇ'** ਨਾਵਲ ਦਾ ਤਕਰੀਬਨ ਸੌ ਸਫ਼ਾ ਲਿਖਣ ਮਗਰੋਂ ਨਾ ਪਸੰਦ ਆਉਣ 'ਤੇ ਦੁਬਾਰਾ ਨਵੇਂ ਸਿਰੇ ਤੋਂ ਲਿਖਿਆ ਸੀ ਕਿਉਂਕਿ ਉਸ ਦੀ ਬੁਣਤਰ ਮੈਨੂੰ ਠੀਕ ਨਹੀਂ ਸੀ ਲੱਗੀ। ਨਾਵਲ ਨੂੰ ਮੈਂ ਇਸ ਵਿਧੀ ਰਾਹੀਂ ਲਿਖਦਾ ਹਾਂ ਜਿਵੇਂ ਕਹਾਣੀਆਂ ਲਿਖ ਰਿਹਾ ਹੋਵਾਂ। **'ਭਗੌੜਾ'** ਨਾਵਲ ਤੋਂ ਬਿਨਾਂ ਬਾਕੀ ਨਾਵਲਾਂ ਦੇ ਕਾਂਡ ਕਹਾਣਆਂ ਦੇ ਸਿਰਲੇਖਾਂ ਵਾਂਗ ਹੀ ਸਿਰਲੇਖ ਦਿੱਤੇ ਹਨ। ਮੇਰੇ ਪਹਿਲੇ ਨਾਵਲ **'ਦੁਨੀਆ ਕੈਸੀ ਹੋਈ'** ਦੀ ਬੁਣਤਰ ਕੁਝ ਵੱਖਰੀ ਹੈ। ਉਸ ਵਿਚ ਬੀ. ਸੀ. ਦੀ ਭਗੋਲਕ ਸਥਿਤੀ ਤੇ ਬੇਰੀਆਂ ਬਾਰੇ ਜਾਣਕਾਰੀ ਦਾ ਇਕ ਕਾਂਡ ਤੇ ਇਕ ਕਾਂਡ ਫਾਰਮਰ, ਠੇਕੇਦਾਰ ਅਤੇ ਕਾਮੇ' ਦਾ ਹੈ। ਫਿਰ ਆਦਿਕਾ ਤੋਂ ਆਰੰਭ ਹੋ ਕੇ ਅੰਤਕਾ ਤੇ ਨਾਵਲ ਖਤਮ ਹੁੰਦਾ ਹੈ। ਇਸ ਨਾਵਲ ਦਾ ਹਰ ਕਾਂਡ ਮੁਕੰਮਲ ਕਹਾਣੀ ਹੈ।

ਵਿਸ਼ਾ-ਵਸਤੂ ਨਾਵਲ ਦਾ ਮਹੱਤਵਪੂਰਣ ਅੰਗ ਹੁੰਦਾ ਹੈ ਪਰ ਜੇ ਕਹਾਣੀ ਵਿਚ ਰੋਚਿਕਤਾ ਨਾਂ ਹੋਵੇ ਤਾਂ ਵਿਸ਼ਾ-ਵਸਤੂ ਦੀ ਨੀਰਸਤਾ ਪਾਠਕ ਸਹਿਣ ਨਹੀਂ ਕਰ ਸਕੇਗਾ ਤੇ ਉਹ ਕੁਝ ਵਰਕੇ ਪੜ੍ਹ ਕੇ ਨਾਵਲ ਨੂੰ ਪਾਸੇ ਰੱਖ ਦੇਵੇਗਾ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਬ੍ਰਿਤਾਂਤ ਤੇ ਸੰਵਾਦ ਰਾਹੀਂ ਕਹਾਣੀ ਵਿਚ ਕਥਾ ਰਸ ਪੈਦਾ ਕਰਨ ਦੇ ਨਾਲ ਨਾਲ ਪਾਠਕ ਦੀ ਉਤਸੁਕਤਾ ਵੀ ਬਣਾਈ ਰੱਖਣ ਲਈ ਕੁਝ ਨਾਵਲੀ ਜੁਗਤਾਂ ਦਾ ਆਸਰਾ ਲੈ ਲੈਂਦਾ ਹਾਂ।

ਨਾਵਲ ਦੀ ਕਹਾਣੀ ਵਿਚ ਪਾਤਰਾਂ ਦੀ ਸਭ ਤੋਂ ਵਧ ਮਹੱਤਵ ਪੂਰਣ ਭੂਮਿਕਾ ਹੁੰਦੀ ਹੈ। ਪਾਤਰਹੀਣ ਕਹਾਣੀ, ਕਹਾਣੀ ਨਹੀਂ ਹੁੰਦੀ। ਲੇਖਕ ਨੇ ਜਿਨ੍ਹਾਂ ਨੂੰ ਆਪਣੇ ਨਾਵਲ ਦੇ ਪਾਤਰ ਬਣਾਉਣਾ ਹੁੰਦਾ ਹੈ ਉਹ ਉਸ ਦੇ ਆਲੇ ਦੁਆਲੇ ਹੀ ਵਿਚਰਦੇ ਹੁੰਦੇ ਹਨ। ਇਹ ਲੇਖਕ ਨੇ ਦੇਖਣਾ ਹੁੰਦਾ ਹੈ ਕਿ ਜਿਹੜਾ ਪਾਤਰ ਉਸ ਦੇ ਨਾਲ ਵਿਚਰ ਰਿਹਾ ਹੈ, ਕੀ ਉਹ ਆਪਣੇ ਅਸਲੀ ਰੂਪ ਵਿਚ ਕਹਾਣੀ ਦੇ ਅਨਕੂਲ ਹੈ? ਜੇ ਅਨਕੂਲ ਹੈ ਤਾਂ ਲੇਖਕ ਨੂੰ ਆਪਣੀਆਂ ਕੁਝ ਕਲਾਤਮਿਕ ਛੋਹਾਂ ਦੇ ਕੇ ਉਸ ਨੂੰ ਅਸਲੀ ਰੂਪ ਵਿਚ ਚਿਤ੍ਰਣ ਵਿਚ ਕੋਈ ਹਰਜ ਨਹੀਂ ਹੋਣਾ ਚਾਹੀਦਾ। ਲੇਖਕ ਨੇ ਇਹ ਦੇਖਣਾ ਹੁੰਦਾ ਹੈ ਕਿ ਉਸ ਦਾ ਪਾਤਰ ਅਸਲੀ ਜ਼ਿੰਦਗੀ ਵਿਚ ਜੋ ਹੈ, ਸੋ ਹੈ ਪਰ ਉਸ ਨੂੰ ਕਹਾਣੀ ਦੇ ਢਾਂਚੇ ਅਨੁਸਾਰ ਕਿਹੋ ਜਿਹਾ ਹੋਣਾ ਚਾਹੀਦਾ ਸੀ। ਲੇਖਕ ਨੂੰ ਕਹਾਣੀ ਦੇ ਢਾਂਚੇ ਅਨੁਸਾਰ ਪਾਤਰ ਦੇ ਸੁਭਾ ਤੇ ਕਿਰਦਾਰ ਵਿਚ ਤਬਦੀਲੀ ਕਰ ਲੈਣੀ ਚਾਹੀਦੀ ਹੈ। ਮੇਰੇ ਕਈ ਪਾਤਰ ਤਾਂ ਕਈ ਕਈ ਪਾਤਰਾਂ ਦਾ ਮਿਲਗੋਭਾ ਹੁੰਦੇ ਹਨ। **'ਭਗੌੜਾ'** ਨਾਵਲ ਦਾ ਸੁਖਬੀਰ ਅਸਲ ਜ਼ਿੰਦਗੀ ਵਿਚ ਮਾਹਲਪੁਰ ਕਾਲਜ ਵਿਚੋਂ ਭੱਜ ਕੇ ਗੈਰ-ਕਾਨੂਨੀ ਪਰਵਾਸ ਧਾਰਨ ਕਰਦਾ ਹੈ। ਰੇਖਾ ਨਾਮ ਦੀ ਕੁੜੀ ਅਸਲ ਵਿਚ ਉਸ ਦੀ ਪ੍ਰੇਮਕਾ ਨਹੀਂ ਸੀ। ਉਹ ਇਕ ਵੱਖਰੀ ਕਹਾਣੀ ਹੈ, ਜੋ ਪੰਜਾਬੀ ਯੂਨੀਵਰਸਿਟੀ ਵਿਚ ਪੜ੍ਹਦੇ ਮੇਰੇ ਇਕ ਸ਼ਾਗਿਰਦ ਵਿਦਿਆਰਥੀ ਨਾਲ ਵਾਪਰੀ ਸੀ। ਨਾਵਲ ਦੀ ਕਹਾਣੀ ਨੂੰ ਧਿਆਨ ਵਿਚ ਰਖਦਿਆਂ, ਉਸ ਸ਼ਾਗਿਰਦ ਨੂੰ ਸੁਖਬੀਰ ਦੇ ਕਿਰਦਾਰ ਵਿਚ ਸੁਮਿਲਤ ਕਰ ਦਿੱਤਾ। ਇਸ ਤਰ੍ਹਾਂ ਉਹ ਦੋ ਪਾਤਰਾਂ ਦਾ ਇਕ ਪਾਤਰ ਬਣ ਗਿਆ। **'ਦੁਨੀਆ ਕੈਸੀ ਹੋਈ'** ਤੇ **'ਭਗੌੜਾ'** ਦਾ ਪਾਤਰ 'ਜਗਤਾਰ ਸਿੰਘ' ਅਸਲ ਜ਼ਿੰਦਗੀ ਵਿਚ ਮੈਂ ਆਪ ਹਾਂ ਪਰ ਉਸ ਪਾਤਰ ਵਿਚ ਵੀ ਕਈ ਪਾਤਰ ਰਲਗਡ ਹਨ। ਇਸੇ ਤਰ੍ਹਾਂ 'ਵਿਗੋਚਾ' ਦੇ ਬੌਬੀ, ਪੰਮ, ਸਰਬੀ। 'ਬੇਗਾਨੇ'ਦੇ ਹੈਰੀ, ਨਸੀਬ ਤੇ ਕਈ ਹੋਰ ਪਾਤਰ ਅਸਲ ਜ਼ਿੰਦਗੀ ਵਿਚ ਕੁਝ ਹੋਰ ਹਨ ਤੇ ਨਾਵਲਾਂ ਵਿਚ ਕੁਝ ਹੋਰ। ਜੇ ਪਾਤਰ ਦੇ ਅਸਲੀ ਰੂਪ ਵਿਚ ਹੀ ਕਹਾਣੀ ਵਿਚ ਫਿੱਟ ਕਰ ਦਿੱਤਾ ਜਾਵੇ ਤਾਂ ਉਹ ਫੋਟੋਗਰਾਫੀ ਚਿਤ੍ਰਣ ਹੋ ਜਾਏਗਾ। ਲੇਖਕ ਨੂੰ ਹੱਕ ਬਣਦਾ ਹੈ ਕਿ ਉਹ ਪਾਤਰ ਨੂੰ

ਆਪਣੀ ਇੱਛਾ ਅਨੁਸਾਰ ਚਿਤਰੇ ਪਰ ਉਸ ਨੂੰ ਇਹ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਪਾਤਰ ਵਿਚੋਂ ਯਥਾਰਥਕਤਾ ਦਾ ਝਲਕਾਰਾ ਗੁੰਮ ਨਾ ਹੋ ਜਾਵੇ।ਉਂਝ ਕਈ ਵਾਰ ਪਾਤਰ ਇੰਨੇ ਮੂੰਹ-ਜੋਰ ਹੋ ਜਾਂਦੇ ਹਨ ਕਿ ਕਹਾਣੀ ਦੀ ਦਿਸ਼ਾ ਹੀ ਬਦਲ ਦਿੰਦੇ ਹਨ।**'ਵਿਗੋਚਾ'** ਨਾਵਲ ਲਿਖਨ ਸਮੇਂ ਮੈਂ ਇਹ ਸੋਚਿਆ ਹੀ ਨਹੀਂ ਸੀ ਕਿ ਇਸ ਵਿਚ ਕਨੇਡੀਅਨ ਪੰਜਾਬੀਆਂ ਦੀ ਸੌ ਸਾਲਾ ਜਦੋਂ ਜਹਿਦ ਦਾ ਇਤਿਹਾਸਕ ਪੱਖ ਵੀ ਦ੍ਰਿਸ਼ਟੀਗੋਚਰ ਹੋ ਜਾਵੇਗਾ।ਇਹ ਤਾਂ ਬੌਬੀ ਦੀ ਮਾਂ, ਸਰਬਜੀਤ ਦੇ ਇਕ ਵਾਕ ਨੇ ਨਾਵਲ ਦਾ ਢਾਂਚਾ ਹੀ ਬਦਲ ਦਿੱਤਾ। ਹਾਲਾਂਕਿ ਮੈਂ ਸਰਬਜੀਤ ਕੋਲੋਂ ਉਹ ਵਾਕ ਅਖਵਾਉਣ ਬਾਰੇ ਪਹਿਲਾਂ ਸੋਚਿਆ ਹੀ ਨਹੀਂ ਸੀ। ਜਦੋਂ ਨਾਵਲਕਾਰ ਕਹਾਣੀ ਨਾਲ ਇਕ ਮਿਕ ਹੋ ਜਾਂਦਾ ਹੈ ਤਾਂ ਉਸ ਦੇ ਜ਼ਿਹਨ ਵਿਚੋਂ ਸ਼ਬਦ ਤੇ ਵਾਕ ਆਪਣੇ ਆਪ ਉਤਰਦੇ ਆਉਂਦੇ ਹਨ।ਲਿਖਦੇ ਸਮੇਂ ਮੇਰੀ ਦ੍ਰਿਸ਼ਟੀ ਇਹ ਹੁੰਦੀ ਹੈ ਕਿ ਕਹਾਣੀ ਅਨੁਸਾਰ ਪਾਤਰ ਦਾ ਕਿਰਦਾਰ ਸਹੀ ਉਲੀਕਿਆ ਜਾ ਸਕੇ।

ਨਾਵਲ ਲਿਖਣ ਸਮੇਂ ਨਾਵਲਕਾਰ ਦੀ ਆਪਣੀਦ੍ਰਿਸ਼ਟੀ ਵੀ ਹੁੰਦੀ ਹੈ ਤੇ ਆਪਣਾ ਇਕ ਦ੍ਰਿਸ਼ਟੀਕੋਣ ਵੀ।ਉਸ ਨੇ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਵਿਸ਼ੇ-ਵਸਤੂ ਦੀ ਚੋਣ ਕਰਨੀ ਹੁੰਦੀ ਹੈ।ਪਰਵਾਸ ਹੰਢਾਉਂਦਿਆਂ ਪਰਵਾਸੀਆਂ ਦੀਆਂ ਜੋ ਸਮੱਸਿਆਵਾਂ ਹਨ,ਜਿਵੇਂ; ਇਥੋਂ ਦੀਆਂ ਵੱਖਰੀਆਂ ਕਦਰਾਂ ਕੀਮਤਾਂ, ਨਸਲਵਾਦੀ ਤੇ ਫਿਰਕੂ ਹਿੰਸਕ ਵਰਤਾਰਾ, ਅਜੋਕੇ ਮਨੁੱਖ ਦੀ ਬਣਾਈ ਜਾ ਰਹੀ ਮੰਡੀ ਮਾਨਸਿਕਤਾ, ਨਿੱਜਵਾਦ, ਪੂੰਜੀਵਾਦੀ ਆਰਥਿਕ ਵਰਤਾਰਾ, ਰਿਸ਼ਤਿਆਂ ਦੀ ਟੁੱਟ-ਭੱਜ, ਪੀੜ੍ਹੀ ਪਾੜਾ ਤੇ ਸਭਿਆਚਾਰਕ ਤਨਾਉ ਆਦਿ।ਮੈਂ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਇਨ੍ਹਾਂ ਨੂੰ ਕਲਮਬੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।ਲੇਖਕ ਆਪਣੀ ਦ੍ਰਿਸ਼ਟੀ ਅਨੁਸਾਰ ਕੁਝ ਗੱਲਾਂ ਛਡਦਾ ਵੀ ਹੈ ਤੇ ਕੁਝ ਗੱਲਾਂ ਨੂੰ ਕਹਾਣੀ ਤੋਂ ਬਾਹਰੀਆਂ ਵੀ ਅਪਣਾ ਲੈਂਦਾ ਹੈ।ਜਿਵੇਂ; **'ਦੁਨੀਆ ਕੈਸੀ ਹੋਈ'** ਨਾਵਲ ਦੇ ਕਾਂਡ 'ਕਿਸੇ ਨੂੰ ਮਾਂਹ ਮਾਫਕ' ਵਿਚ ਡਰਾਈਵਰ ਚਾਚਾ 'ਦੁਨੀਆਂ ਵਿਚ ਬਲੀ ਤੋਂ ਬਲੀ ਮਨੁੱਖਾਂ' ਵਾਲੀ ਬਾਤ ਸੁਣਾਉਂਦਾ ਹੈ।

ਮੇਰੀ ਸੋਚ ਅਨੁਸਾਰ ਮੇਰੇ ਨਾਵਲਾਂ ਵਿਚ ਕੋਈ ਮੁਰਦਾ ਪਾਤਰ ਹੈ ਹੀ ਨਹੀਂ, ਸਭ ਜਾਨਦਾਰ ਪਾਤਰ ਹਨ ਅਤੇ ਆਪਣੀ ਆਪਣੀ ਥਾਂ ਮਹੱਤਵਪੂਰਣ ਵੀ ਹਨ।ਹਾਂ ! ਸਾਰੇ ਪਾਤਰ ਅਸਲ ਜ਼ਿੰਦਗੀ ਵਿਚੋਂ ਲਏ ਗਏ ਹਨ ਤੇ ਅਸਲ ਜ਼ਿੰਦਗੀ ਵਿਚ ਸਭ ਸਧਾਰਨ ਹੀ ਹਨ।ਨਾਵਲ ਵਿਚ ਆ ਕੇ ਆਪਣੇ ਕਿਰਦਾਰ ਦੇ ਸਿਰ 'ਤੇ ਉਹ ਜਾਨਦਾਰ ਬਣ ਜਾਂਦੇ ਹਨ।'ਦੁਨੀਆ ਕੈਸੀ ਹੋਈ' ਦਾ ਡਰਾਈਵਰ ਚਾਚਾ ਤੇ ਜਗਤਾਰ ਸਿੰਘ।**'ਭਗੌੜਾ'** ਦਾ ਸੁਖਬੀਰ, ਸੁਰੇਖਾ, ਤੇ ਦੇਵ ਸਧਾਰਨ ਪਾਤਰ ਹਨ ਪਰ ਸਭ ਜਿੰਦ ਜਾਨ ਵਾਲੇ ਹਨ। ਭਗੌੜਾ ਵਿਚ ਇਕ ਮਾਂ ਦਾ ਪਾਤਰ ਹੈ।ਉਸ ਦਾ ਬਹੁਤ ਥੋੜਾ ਬ੍ਰਿਤਾਂਤ ਆਉਂਦਾ ਹੈ ਪਰ ਉਸ ਨੂੰ ਲਿਖਣ ਲੱਗਿਆਂ ਮੈਂ ਆਪਣੇ ਹੰਝੂ ਨਹੀਂ ਸੀ ਰੋਕ ਸਕਿਆ।**'ਵਿਗੋਚਾ'** ਦੇ ਬੌਬੀ, ਬੌਬੀ ਦੀ ਮਾਂ, ਅਨੂਪ, ਪੰਮ ਆਦਿ ਸਧਾਰਨ ਪਤਾਰਾਂ ਤੋਂ ਹੀ ਜਾਨਦਾਰ ਬਣੇ ਹਨ।ਇਸੇ ਤਰ੍ਹਾਂ 'ਬੇਗਾਨੇ' ਦੇ ਹਰਚਰਨ, ਹੈਰੀ, ਨਸੀਬ, ਆਂਟੀ, ਬੰਤ, ਬੱਲ਼ੀ, ਸਿੰਮੀ, ਭੂਰੀ ਆਦਿ ਸਭ ਸਧਾਰਨ ਪਾਤਰਾਂ ਤੋਂ ਵਿਸ਼ੇਸ਼ ਬਣੇ ਹਨ।

ਨਾਵਲ ਲਈ ਜਿੰਨੀ ਵੀ ਸਮਗਰੀ ਹੁੰਦੀ ਹੈ, ਉਹ ਮੈਂ ਅਸਲ ਜ਼ਿੰਦਗੀ ਵਿਚੋਂ ਹੀ ਲੈਂਦਾ ਹਾਂ।ਮੈਂ ਆਪਣੇ ਨਾਵਲਾਂ ਵਿਚ ਸਮਾਜ ਦੀ ਯਥਾਰਥ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹਾਂ।ਨਾਵਲਾਂ ਵਿਚ ਆਏ ਦ੍ਰਿਸ਼ ਵੀ ਯਥਾਰਥ ਅਧਾਰਤ ਹਨ।'ਵਿਗੋਚਾ' ਨਾਵਲ ਵਿਚ ਵੀਹਵੀਂ ਸਦੀ ਦੇ ਅਰੰਭ ਦਾ ਜ਼ਿਕਰ ਆਉਂਦਾ ਹੈ।ਉਸ ਸਮੇਂ ਪੰਜਾਬ ਦੀ ਭਗੋਲਕ ਹਾਲਤ ਦਾ ਅਧਿਅਨ ਕਰਨ ਮਗਰੋਂ ਹੀ ਜੰਗਲਾਂ ਤੇ ਰਕੜਾਂ ਦਾ ਦ੍ਰਿਸ਼ ਵਰਨਣ ਕੀਤਾ ਹੈ।ਸਰਹੰਦ ਨਹਿਰ ਤੇ ਸੂਏ ਕੱਸੀਆਂ ਦੇ ਦ੍ਰਿਸ਼ ਵੀ ਸਮੇਂ ਤੇ ਸਥਾਨ ਨੂੰ ਧਿਆਨ ਵਿਚ ਰੱਖ ਕੇ ਬਿਆਨ ਕੀਤੇ ਹਨ।'ਦੁਨੀਆ ਕੈਸੀ ਹੋਈ' ਵਿਚ ਸ਼ਹਿਰਾਂ ਤੇ ਫਾਰਮਾਂ ਦਾ ਜ਼ਿਕਰ ਆਇਆ ਹੈ, ਉਹ ਸਾਰੇ ਸਹੀ ਹਨ।ਖੇਤ ਕਾਮਿਆਂ ਨੂੰ ਲੈ ਜਾ ਰਹੀ ਵੈਨ ਵਿਚ ਬੈਠਿਆਂ ਵਰਨਣ ਕੀਤੇ ਦ੍ਰਿਸ਼ ਵੀ ਯਥਾਰਥ ਹਨ।ਇਸੇ ਤਰ੍ਹਾਂ **'ਭਗੌੜਾ'**, **'ਵਿਗੋਚਾ'** ਤੇ **'ਬੇਗਾਨੇ'** ਵਿਚ ਸਰ੍ਹੀ ਸ਼ਹਿਰ ਦੀਆਂ ਸੜਕਾਂ ਤੇ ਹੋਰ ਜਿੰਨਾ ਵੀ ਦ੍ਰਿਸ਼ ਵਰਨਣ ਹੈ ਸਭ ਅਸਲੀਅਤ ਅਧਾਰਤ ਹੈ।ਹਾਂ ! ਹਰ ਇਕ ਦ੍ਰਿਸ਼ ਨੂੰ ਕਲਪਨਾ ਦੀ ਪੁੱਠ ਦੇ ਕੇ ਜ਼ਰੂਰ ਉਸਾਰਿਆ ਗਿਆ ਹੈ।ਪਰ ਇਹ ਖਿਆਲ ਜ਼ਰੂਰ ਰੱਖਿਆ ਹੈ ਕਿ ਲਿਖਤ ਕਿਤੇ ਯਥਾਰਥ ਤੋਂ ਦੂਰੀ ਨਾ ਬਣਾ ਲਵੇ। ਨਾਵਲ ਲਿਖਣਾ ਇਕ ਸਾਧਨਾ ਹੈ jsekha@hotmail.com, 778 246 1







# ਨਾਵਲਾਂ ਦੇ ਤਕੜੇ ਪਾਤਰ ਵੀ ਸਾਡੇ ਸਮਾਜ ਵਿੱਚ ਮਿਲਣ ਵਾਲੇ ਉਨ੍ਹਾਂ ਪ੍ਰਭਾਵਸ਼ਾਲੀ ਮਨੁੱਖਾਂ ਵਾਂਗ ਹੀ ਹੁੰਦੇ ਹਨ/ - ਪਰਗਟ ਸਿੰਘ ਸਿੱਧੂ

ਕਿਸੇ ਵੀ ਰਚਨਾ ਨੂੰ ਕਾਲਜੀਵੀ ਬਣਾਉਣ ਵਿੱਚ ਪਾਤਰਾਂ ਦਾ ਪ੍ਰਮੁੱਖ ਸਥਾਨ ਹੈ।ਕੋਈ ਲੇਖਕ ਕਿੰਨਾ ਵੱਡਾ ਹੈ।ਇਸ ਦਾ ਪ੍ਰਭਾਵ ਵੀ ਪਾਤਰ ਹੀ ਪ੍ਰਸਤੁਤ ਕਰਦੇ ਸਨ।ਲੇਖਕ ਦੀ ਕਲਮ ਕਿੰਨੀ ਤਾਕਤਵਰ ਹੈ, ਇਸ ਦਾ ਪਤਾ ਵੀ ਰਚਨਾ ਵਿਚਲੇ ਪਾਤਰਾਂ ਤੋਂ ਹੀ ਲਗਦਾ ਹੈ।ਜੋ ਵੀ ਸੰਸਾਰ ਪ੍ਰਸਿੱਧ ਰਚਨਾਵਾਂ ਹਨ। ਉਹ ਵੀ ਆਪਣੇ ਪਾਤਰਾਂ ਕਾਰਨ ਹੀ ਹੁੰਦੀਆਂ ਹਨ। ਤਕੜੇ ਤੇ ਸਜੀਵ ਪਾਤਰਾਂ ਤੋਂ ਬਿਨਾਂ ਕਿਸੇ ਤਾਕਤਵਾਰ ਰਚਨਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।ਜਿਹੜੇ ਪਾਤਰ ਸਾਡੇ ਦਿਲ ਵਿੱਚ ਵਸ ਜਾਂਦੇ ਹਨ। ਇਕ ਵਾਰ ਮਿਲਣ ਪਿੱਛੋਂ ਅਸੀਂ ਉਨ੍ਹਾਂ ਨੂੰ ਭੁਲਾ ਨਹੀਂ ਸਕਦੇ। ਅਜਿਹੇ ਪਾਤਰਾਂ ਦੀ ਸਿਰਜਣਾ ਬਹੁਤ ਕਠਿਨ ਕਾਰਜ ਹੈ।ਜਦ ਅਜਿਹੇ ਪਾਤਰ ਸਿਰਜ ਲਏ ਜਾਂਦੇ ਹਨ ਫਿਰ ਹੌਲੀ ਰਚਨਾ ਦਾ ਆਕਾਰ ਬਣਨ ਲਗਦਾ ਹੈ।ਜਿਵੇਂ ਚਿੱਤਰਕਾਰ ਦੇ ਬੁਰਸ਼ ਨਾਲ ਚਿੱਤਰ ਉਘੜਨ ਲਗਦਾ ਹੈ।ਇਵੇਂ ਹੀ ਲੇਖਕ ਦੀ ਕਲਮ ਨਾਲ ਵੀ ਇਕ ਨਿੱਕੀ ਜਿਹੀ ਦੁਨੀਆਂ ਦੀ ਸਿਰਜਣਾ ਹੋਣ ਲੱਗਦੀ ਹੈ ਤੇ ਕਲਮ ਨਾਲ ਸਿਰਜੀ ਇਹ ਦੁਨੀਆਂ ਕੁਦਰਤ ਦੀ ਸਿਰਜੀ ਹੋਈ ਦੁਨੀਆਂ ਦੀ ਨਕਲ ਨਹੀਂ।ਇਹ ਪਾਤਰਾਂ ਦੀ ਕਰਮ-ਭੂਮੀ ਹੈ, ਤੇ ਇਹ ਕੁਦਰਤ ਦੀ ਦੁਨੀਆਂ ਵਾਂਗ ਸਜੀਵ ਤੇ ਆਕਰਸ਼ਕ ਹੈ। ਲੇਖਕ ਦੀ ਕਲਮ ਨਾਲ ਸਿਰਜੀ ਇਹ ਦੁਨੀਆਂ, ਸਾਡੀ ਦਿਸਦੀ ਵਸਦੀ ਦੁਨੀਆਂ ਦੇ ਸਮਾਨਅੰਤਰ ਇਕ ਹੋਰ ਦੁਨੀਆਂ ਹੈ।

ਭਾਵੇਂ ਕਈ ਤਕੜੀਆਂ ਕਹਾਣੀਆਂ ਵਿੱਚ ਵੀ ਸਜੀਵ ਪਾਤਰ ਦੇਖੇ ਜਾ ਸਕਦੇ ਹਨ।ਪਰ ਨਾਵਲ ਦਾ ਕੈਨਵਸ ਵੱਡਾ ਹੋਣ ਕਾਰਨ ਉਹ ਵਧੇਰੇ ਸਜੀਵ ਤੇ ਤਾਕਤਵਰ ਹੋ ਸਕਦੇ ਹਨ, ਕਿਉਂਕਿ ਵਧੇਰੇ ਪ੍ਰਸਥਿਤੀਆਂ ਤੇ ਘਟਨਾਵਾਂ ਵਿੱਚੋਂ ਗੁਜ਼ਰਨ ਕਾਰਨ ਲੰਮੇ ਸਮੇਂ ਤਕ ਕਾਰਜਸ਼ੀਲ ਰਹਿੰਦੇ ਹਨ।ਜਿਸ ਕਾਰਨ ਉਨ੍ਹਾਂ ਦੀ ਸ਼ਖ਼ਸੀਅਤ ਦੇ ਕਿੰਨ ਹੀ ਰੰਗ ਉਘੜਦੇ ਅਸੀਂ ਦੇਖ ਸਕਦੇ ਹਾਂ।ਮੇਰੇ ਕਈ ਪਾਤਰਾਂ ਕਾਰਨ ਹੀ ਨਾਵਲਾਂ ਦੀ ਪ੍ਰਸਿੱਧੀ ਹੋਈ।

**'ਪ੍ਰੀਤੋ'** ਨਾਵਲਿਟ ਪਾਤਰ ਪ੍ਰਧਾਨ ਹੈ।ਜਦੋਂ ਇਹ 'ਦ੍ਰਿਸ਼ਟੀ' ਵਿੱਚ ਛਪਿਆ ਤੇ ਇਸ ਨੇ ਜ਼ਿੰਦਗੀ ਦੇ ਇਕ ਕਰੂਰ ਸੱਚ ਨੂੰ **'ਪ੍ਰੀਤੋ'** ਦੇ ਮਾਧਿਅਮ ਰਾਹੀਂ ਪ੍ਰਤੀਪਾਦਿਤ ਕੀਤਾ ਤਾਂ ਅੱਜ ਤੋਂ ਪੰਜਾਹ ਵਰ੍ਹੇ ਪਹਿਲਾਂ ਇਹ ਪੰਜਾਬੀ ਦੇ ਪਾਠਕ ਨੂੰ ਝੰਜੋੜਨ ਵਾਲਾ ਸੀ।ਉਸ ਸਮੇਂ ਏਡੇ ਤਕੜੇ ਤੇ ਕਠੋਰ ਸੱਚ ਦਾ ਸਾਹਮਣਾ ਕਰਨਾ ਪੰਜਾਬੀ ਦੇ ਪਾਠਕ ਲਈ ਬੇਹੱਦ ਕਠਿਨ ਸੀ।

ਪਰ 'ਪ੍ਰੀਤੋ' ਦੇ ਸਹਿਜ ਤੇ ਸਰਲ ਸੁਭਾਅ ਕਾਰਨ ਉਸ ਦੇ ਅੰਦਰ ਘਟਣ ਵਾਲੀ ਕਹਾਣੀ ਨੂੰ ਕਿਸੇ ਤਰਕ ਨਾਲ ਨਕਾਰਿਆ ਨਹੀਂ ਸੀ ਜਾ ਸਕਦਾ।ਪ੍ਰੀਤੋ ਦੀ ਲੜਾਈ ਆਪਣੇ-ਆਪ ਨਾਲ ਸੀ।ਇਹ ਲੜਾਈ ਇਕ ਪ੍ਰਾਕ੍ਰਿਤਕ ਔਰਤ ਤੇ ਸਮਾਜਿਕ ਔਰਤ ਵਿਚਕਾਰ ਸੀ।ਇਸ ਨਾਵਲਿਟ ਨੂੰ ਪੜ੍ਹਨ ਵਾਲੇ ਪਾਠਕ ਦੁਬਿਧਾ ਵਿੱਚ ਸਨ, ਕਿਉਂਕਿ ਉਹ ਪ੍ਰੀਤੋ ਨੂੰ ਨਕਾਰ ਵੀ ਨਹੀਂ ਸਕਦੇ ਸਨ ਤੇ ਆਪਣੇ ਸੰਸਕਾਰਾਂ ਕਾਰਨ ਸਵੀਕਾਰ ਵੀ ਨਹੀਂ ਕਰ ਸਕਦੇ ਸਨ।

ਜ਼ਿਆਦਾਤਰ ਪਾਠਕਾਂ ਨੇ ਉਸ ਸਮੇਂ ਇਸ ਨਾਵਲਿਟ ਨੂੰ ਅਸਲੀ ਕਿਹਾ। ਪ੍ਰੀਤੋ ਦੇ ਦੇਹ ਦਾ ਸੱਚ ਭਾਵੇਂ ਇਕ ਕਠੋਰ ਸੱਚ ਸੀ ਜਿਹੜਾ ਸਾਡੀਆਂ ਸਦਾਚਾਰਕ ਕੀਮਤਾਂ ਨੂੰ ਚੁਣੌਤੀ ਦਿੰਦਾ ਸੀ। ਪਰ ਇਸ ਦੀ ਤਾਕਤ ਕਾਰਨ ਇਸ ਸੱਚਾਈ ਨੂੰ ਰੱਦ ਕਰਨਾ ਅਸੰਭਵ ਸੀ।

ਇਸ ਦਵੰਦ ਕਾਰਨ ਇਹ ਨਾਵਲਿਟ ਬੇਹੱਦ ਚਰਚਿਤ ਰਿਹਾ। ਇਸ ਲਈ ਜਦ ਕੋਈ ਲੇਖਕ ਮਿੱਤਰ ਦੂਜੇ ਲੇਖਕ ਨਾਲ ਮੈਨੂੰ ਮਿਲਾਉਂਦਾ ਤਾਂ ਕਹਿੰਦਾ ਇਹ ਨੇ 'ਪ੍ਰੀਤੋ' ਵਾਲੇ ਪਰਗਟ ਸਿੰਘ ਸਿੱਧੂ। ਅੱਜ ਪ੍ਰੀਤੋ ਨੂੰ ਅਸ਼ਲੀਲ ਰਚਨਾ ਨਹੀਂ ਮੰਨਿਆ ਜਾਂਦਾ। ਸਗੋਂ ਹੁਣ ਤਾਂ ਪਾਠਕਾਂ ਵੱਲੋਂ ਮੇਰੇ 'ਤੇ ਇਕ ਹੀ ਗਿਲਾ ਕੀਤਾ ਜਾਂਦਾ ਹੈ ਕਿ ਪ੍ਰੀਤੋ ਮਾਰਨੀ ਨਹੀਂ ਚਾਹੀਦੀ। ਜਿਹੜਾ ਵੀ ਪਾਠਕ 'ਪ੍ਰੀਤੋ' ਪੜ੍ਹਦਾ ਇਕ ਵਾਰ ਨਾਵਲ ਪੜ੍ਹਨ ਪਿੱਛੋਂ ਉਹ ਪ੍ਰੀਤੋ ਨੂੰ ਭੁਲਾ ਨਹੀਂ ਸਕਦਾ। ਪ੍ਰੀਤੋ ਪੰਜਾਬੀ ਸਾਹਿਤ ਦੀ ਅਮਰ ਪਾਤਰ ਹੈ।

**'ਰੇਗਿਸਤਾਨ ਦਾ ਸਫ਼ਰ'** ਦਾ ਦੇਬਾ ਤੇ ਨਾਵਲ **'ਆਪਣੀ ਮਿੱਟੀ ਦੀ ਸਾਜ਼ਿਸ਼'** ਦਾ ਸੁਖਜੀਤ ਤੇ ਨੀਤੀ, **'ਅਲਵਿਦਾ ਅਮੀਰਪੁਰ'** ਦਾ ਪਾਤਰ ਬਚਨਾ ਵੈਲੀ, ਕੈਲੋ ਜਿਊਣ ਤੇ ਸਾਉਣ ਆਦਿ ਅਜਿਹੇ ਪਾਤਰ ਨੇ ਜਿਹੜੇ ਇਕ ਵਾਰ ਮਿਲਣ ਪਿੱਛੋਂ ਪਾਠਕਾਂ ਦੇ ਚੇਤਿਆਂ ਵਿੱਚ ਵਸ ਜਾਂਦੇ ਹਨ।

ਪਰ ਇਨ੍ਹਾਂ ਸਾਰਿਆਂ ਤੋਂ ਤਾਕਤਵਾਰ ਪਾਤਰ ਮੇਰੇ ਉਪਨਿਆਸ **'ਬੱਤਖ ਦੇ ਖੰਭਾਂ ਜਿਹੇ ਸਫ਼ੈਦ ਦਿਨ'** ਦੀ ਮੁੱਖ ਪਾਤਰ ਸੰਤੋਸ਼ ਹੈ। ਪ੍ਰੀਤੋ ਤੋਂ ਬਾਅਦ ਜਿਹੜੀ ਪੰਜਾਬੀ ਸਾਹਿਤ ਦੀ ਅਮਰ ਪਾਤਰ ਹੈ। ਭਾਵੇਂ ਉਹ ਸੱਚਮੁਚ ਹੀ ਮੇਰੀ ਜ਼ਿੰਦਗੀ ਵਿੱਚ ਆਈ ਤੇ ਮੇਰੇ ਨਾਲ ਇਕ ਨਿੱਕਾ ਜਿਹਾ ਸਫ਼ਰ ਤਹਿ ਕਰਨ ਪਿੱਛੋਂ ਹਮੇਸ਼ਾ ਲਈ ਚਲੀ ਗਈ, ਸ਼ਾਇਦ ਇਹ ਮੇਰਾ ਸਭ ਤੋਂ ਪ੍ਰਸਿੱਧ ਨਾਵਲ ਹੈ। ਜਿਹੜਾ ਪੰਜਾਬੀ, ਹਿੰਦੀ ਤੇ ਗੁਜਰਾਤੀ ਦੇ ਵਿਸ਼ਾਲ ਪਾਠਕਾਂ ਤੱਕ ਪੁੱਜਿਆ। ਜਿਹੜਾ ਵੀ ਪਾਠਕ ਇਸ ਨਾਵਲ ਨੂੰ ਪੜ੍ਹ ਲੈਂਦਾ ਹੈ ਫਿਰ ਉਹ ਜ਼ਿੰਦਗੀ ਭਰ ਇਸ ਨੂੰ ਭੁਲਾ ਨਹੀਂ ਸਕਦਾ। ਅੱਜ ਕੱਲ੍ਹ ਇਹ ਨਾਵਲ 'ਗੁਰੂ ਕਾਂਸ਼ੀ ਯੂਨੀਵਰਸਿਟੀ, ਸਾਬੋ ਕੀ ਤਲਵੰਡੀ ਵਿਖੇ ਬੀ. ਏ. ਪਾਰਟ-2 ਦੇ ਕੋਰਸ ਵਿਚ ਲੱਗਿਆ ਹੋਇਆ ਹੈ।

ਜਿਹੜਾ ਵੀ ਪਾਠਕ ਇਸ ਨਾਵਲ ਨੂੰ ਪੜ੍ਹਦਾ ਹੈ ਉਹ ਸੰਤੋਸ਼ ਨੂੰ ਪਿਆਰ ਕਰਨ ਲਗਦਾ ਹੈ।


ਨਾਵਲ ਪੜ੍ਹਨ ਪਿੱਛੋਂ ਪਾਠਕ ਪੁੱਛਦੇ ਹਨ, 'ਹੁਣ ਸੰਤੋਸ਼ ਕਿੱਥੇ ਹੈ?' ਤੁਹਾਡੀ ਭੋਪਾਲ ਤੋਂ ਟਰਾਂਸਫਰ ਹੋਣ ਪਿੱਛੋਂ ਕੀ ਤੁਸੀਂ ਦੁਬਾਰਾ ਸੰਤੋਸ਼ ਨੂੰ ਮਿਲੇ ਹੋ? ਜਾਂ ਕੀ ਤੁਸੀਂ ਦੁਬਾਰਾ ਉਸ ਕਾਲਜ ਵਿੱਚ ਗਏ ਹੋ ਜਿੱਥੇ ਸੰਤੋਸ਼ ਤੁਹਾਡੇ ਨਾਲ ਪੜ੍ਹਦੀ ਸੀ ਤੇ ਹੋਰ ਵੀ ਬਹੁਤ ਕੁਝ ਉਸ ਬਾਰੇ ਜਾਣਨਾ ਚਾਹੁੰਦੇ ਹਨ ਕਿਉਂਕਿ ਇਸ ਨਾਵਲ ਦੀ ਕਹਾਣੀ ਸੱਚੀ ਹੈ।


ਅੰਗਰੇਜ਼ੀ ਦੇ ਇਕ ਪ੍ਰਸਿੱਧ ਲੇਖਕ ਆਰ. ਕੇ. ਨਾਰਾਇਣ ਨੇ ਆਪਣੇ ਉਪਨਿਆਸਾਂ ਵਿੱਚ ਇਕ ਕਲਪਿਤ ਸ਼ਹਿਰ ਮਾਲਗੁਡੀ ਦੀ ਸਿਰਜਣਾ ਕੀਤੀ ਹੈ। ਇਸ ਸ਼ਹਿਰ ਦਾ ਏਨਾ ਸੰਜੀਵ ਤੇ ਆਕਰਸ਼ਿਕ ਚਿਤਰਣ ਉਹ ਆਪਣੇ ਉਪਨਿਆਸਾਂ ਵਿੱਚ ਕਰਦਾ ਹੈ ਕਿ ਅਣਗਿਣਤ ਪਾਠਕ ਇਸ ਸ਼ਹਿਰ ਨੂੰ ਦੇਖਣ ਜਾਂਦੇ ਹਨ। ਇਸ ਕਲਪਿਤ ਸ਼ਹਿਰ ਦੇ ਆਸ ਪਾਸ ਦਾ ਲੇਖਕ ਨੇ ਬੇਹੱਦ ਬਾਰੀਕੀ ਨਾਲ ਚਿਤਰਣ ਕੀਤਾ ਹੈ। ਉਸ ਸ਼ਹਿਰ ਦਾ ਆਲਾ ਦੁਆਲਾ ਕਿਸੇ ਮਹਾਨ ਪੇਂਟਿੰਗ ਵਾਂਗ ਸਾਕਾਰ ਹੋ ਉੱਠਦਾ ਹੈ।


ਆਰ. ਕੇ. ਨਾਰਾਇਣ ਇਕ ਵੱਡਾ ਲੇਖਕ ਹੈ। ਮੈਂ ਉਸਦੀਆਂ ਰਚਨਾਵਾਂ ਨਾਲ ਆਪਣੇ ਨਾਵਲ **'ਬੱਤਖ ਦੇ ਸਫ਼ੈਦ ਖੰਭਾਂ ਜਿਹੇ ਦਿਨ'** ਦੀ ਤੁਲਨਾ ਨਹੀਂ ਕਰ ਰਿਹਾ। ਪਰ ਇਹ ਨਾਵਲ ਪੜ੍ਹਨ ਪਿੱਛੋਂ ਕਿੰਨੇ ਹੀ ਪਾਠਕਾਂ ਨੇ ਭੁਪਾਲ ਦੇ ਇਸ ਗਵਰਨਮੈਂਟ ਆਫ ਐਜੂਕੇਸ਼ਨ (ਭੁਪਾਲ) ਨੂੰ ਦੇਖਣ ਦੀ ਇੱਛਾ ਜ਼ਾਹਿਰ ਕੀਤੀ ਹੈ। ਇਹ ਨਾਵਲ ਹਿੰਦੀ ਤੇ ਗੁਜਰਾਤੀ ਵਿੱਚ ਵੀ ਉਪਲਬਧ ਹੈ।

ਹਿੰਦੀ ਦੀ ਪ੍ਰਸਿੱਧ ਪ੍ਰੱਤਿਕਾ 'ਆਧਾਰਸ਼ਿਲਾ' ਦੇ ਸੰਪਾਦਕ ਦਿਵਾਕਰ ਭੱਟ ਨੇ ਇਹ ਨਾਵਲ ਪੜ੍ਹਨ ਪਿੱਛੋਂ ਮੈਨੂੰ ਦੱਸਿਆ ਕਿ ਪਿੱਛੇ ਜਿਹੇ ਮੈਂ ਭੁਪਾਲ ਗਿਆ ਸਾਂ, ਤਾਂ ਮੈਂ ਉਹ ਕਾਲਜ ਦੇਖ ਕੇ ਆਇਆ ਜਿੱਥੇ ਤੁਸੀਂ ਤੇ ਸੰਤੋਸ਼ ਪੜ੍ਹਦੇ ਸੀ, ਪਰ ਅਫਸੋਸ ਮੈਂ ਸੰਤੋਸ਼ ਨੂੰ ਨਹੀਂ ਮਿਲ ਸਕਿਆ ਕਿਉਂਕਿ ਮੈਨੂੰ ਨਹੀਂ ਪਤਾ ਉਹ ਕਿੱਥੇ ਸੀ? ਸੋ ਨਾਵਲਾਂ ਦੇ ਤਕੜੇ ਪਾਤਰ ਵੀ ਸਾਡੇ ਸਮਾਜ ਵਿੱਚ ਮਿਲਣ ਵਾਲੇ ਉਨ੍ਹਾਂ ਪ੍ਰਭਾਵਸ਼ਾਲੀ ਮਨੁੱਖਾਂ ਵਾਂਗ ਹੀ ਹੁੰਦੇ ਹਨ ਜਿਨ੍ਹਾਂ ਨੂੰ ਇਕ ਵਾਰ ਮਿਲਣ ਪਿੱਛੋਂ ਅਸੀਂ ਕਦੀ ਨਹੀਂ ਭੁਲਾ ਸਕਦੇ। **ਸੰਪਰਕ-99885-10366**












## ਨਰੰਜਣ ਮਸ਼ਾਲਚੀ ਮੇਰਾ ਹੱਡੀਂ ਹੰਢਾਇਆ ਅਨੁਭਵ ਸੀ ਉਥੇ 'ਖੇੜੇ ਸੁੱਖ ਵਿਹੜੇ ਸੁੱਖ' ਸਾਰਾ ਮੰਗਵਾਂ ਯਥਾਰਥ / - ਅਵਤਾਰ ਸਿੰਘ ਬਿਲਿੰਗ

ਨਰੰਜਣ ਮਸ਼ਾਲਚੀ, ਖੇੜੇ ਸੁੱਖ ਵਿਹੜੇ ਸੁੱਖ, ਇਹਨਾਂ ਰਾਹਾਂ ਉੱਤੇ, ਪੱਤ ਕੁਮਲਾ ਗਏ, ਦੀਵੇ ਜਗਦੇ ਰਹਿਣਗੇ, ਖ਼ਾਲੀ ਖੂਹਾਂ ਦੀ ਕਥਾ-ਇਹ ਹਨ ਮੇਰੇ ਛੇ ਨਾਵਲ ਜਿਹੜੇ ਹੁਣ ਤੱਕ ਪ੍ਰਕਾਸ਼ਤ ਹੋਏ ਹਨ। ਸੱਤਵਾਂ-'ਗੁਲਾਬੀ ਨਗ ਵਾਲੀ ਮੁੰਦਰੀ' ਜਲਦੀ ਛਪ ਰਿਹਾ ਹੈ। ਇਹਨਾਂ ਤੋਂ ਪਹਿਲਾਂ ਮੇਰੇ ਚਾਰ ਕਹਾਣੀ ਸੰਗ੍ਰਹਿ ਵੀ ਛਪੇ। ਨਾਵਲ ਸਿਰਜਣਾ ਕਿਵੇਂ ਆਰੰਭ ਹੋਈ-ਏਹੀ ਵੱਡਾ ਪ੍ਰਸ਼ਨ ਆਮ ਪੁੱਛਿਆ ਜਾਂਦਾ ਹੈ।

ਨੱਬੇਵਿਆਂ ਵਿਚ ਜਦੋਂ ਮੇਰੀਆਂ ਕਹਾਣੀਆਂ ਲਗਭਗ ਸਾਰੇ ਰਸਾਲਿਆਂ, ਅਖ਼ਬਾਰਾਂ ਵਿਚ ਛਪਣ ਲੱਗੀਆਂ ਤਾਂ ਮੇਰੇ ਮਨ ਵਿਚ ਨਾਵਲ ਲਿਖਣ ਦਾ ਖਿਆਲ ਆਇਆ। ਮੇਰੇ ਕੋਲ ਮੇਰੇ ਜੀਵਨ ਦਾ ਬੜਾ ਤਲਖ਼ ਤਜਰਬਾ ਸੀ। ਮੈਂ ਪਹਿਲਾਂ ਆਤਮ ਕਥਾ ਲ਼ਿਖਣ ਬਾਰੇ ਸੋਚਿਆ। ਪਰ ਉਮਰ ਥੋੜ੍ਹੀ ਸੀ। ਛੋਟੀ ਆਯੂ ਵਾਲੇ ਨੂੰ ਸਵੈ ਜੀਵਨੀ ਲਿਖਣੀ ਸੋਂਹਦੀ ਨਹੀਂ। ਸੋ ਨਾਵਲ ਰਚਨਾ ਦਾ ਵਿਚਾਰ ਪਨਪਿਆ। ਪਰ ਨਿੱਜੀ ਅਨੁਭਵ ਨੂੰ ਕਿਵੇਂ ਪਰਗਟ ਕੀਤਾ ਜਾਵੇ ਕਿ ਉਹ ਪਾਠਕਾਂ ਦਾ ਆਪਣਾ ਅਨੁਭਵ ਬਣ ਜਾਵੇ। ਅੰਗਰੇਜ਼ੀ ਸਾਹਿਤ ਦੀ ਐਮ.ਏ. ਕਰਦਿਆਂ ਜਿਥੇ ਮੈਂ ਬਹੁਤ ਸਾਰਾ ਸਾਹਿਤ ਪੜ੍ਹਿਆ ਸੀ ਉਥੇ ਸਰਕਾਰੀ ਕਾਲਜ ਲੁਧਿਆਣਾ ਵਿਖੇ ਸਾਨੂੰ ਅਮਰੀਕਨ ਸਾਹਿਤ ਪੜ੍ਹਾਉਂਦੇ ਨਾਵਲਕਾਰ ਪ੍ਰੋਫੈਸਰ ਸੁਰਿੰਦਰ ਸਿੰਘ ਨਰੂਲਾ ਆਪਣੇ ਪੰਜਾਬੀ ਵਿਚ ਲਿਖੇ ਪਹਿਲੇ ਨਾਵਲ 'ਪਿਉ ਪੁੱਤਰ' ਦੀ ਵਾਰਤਾ ਸੁਣਾਉਂਦੇ, ਉਸਦਾ ਬੜਾ ਗੁਣ ਗਾਇਨ ਕਰਦੇ। ਜਦੋਂਕਿ ਪੰਜਾਬੀ ਵਿਭਾਗ ਵਾਲੇ ਉਸਨੂੰ ਨਖਿੱਧ ਨਾਵਲ ਦੱਸਦੇ। ਮੈਂ ਉਹ ਨਾਵਲ ਦੋ ਵਾਰੀ ਪੜ੍ਹਿਆ ਹੋਇਆ ਸੀ। ਨਰੂਲਾ ਸਾਹਿਬ ਦੀ ਅੰਮ੍ਰਿਤਸਰ ਵਿਖੇ ਬਿਤਾਈ ਮੁਢਲੀ ਜ਼ਿੰਦਗੀ ਸੀ। ਇਸੇ ਤਰਾਂ ਦਾ ਚਾਰਲਸ ਡਿਕਨਜ਼ ਦਾ ਆਤਮਕਥਾਈ ਨਾਵਲ **'ਡੇਵਿਡ ਕੌਪਰਫੀਲਡ'** ਮੈਂ ਐਮ.ਏ. ਕਰਦਿਆਂ ਪੜ੍ਹਿਆ ਸੀ। ਹੁਣ ਮੌਜੂਦਾ ਪੰਜਾਬੀ ਮੁੱਖਧਾਰਾ ਨੂੰ ਸਮਝਣ ਲਈ ਮੈਂ ਉਹਨਾਂ ਸਮਿਆਂ ਦੇ ਚਰਚਿਤ ਨਾਵਲ-ਕੋਠੇ ਖੜਕ ਸਿੰਘ(ਰਾਮ ਸਰੂਪ ਅਣਖੀ), ਪਰਸਾ(ਗੁਰਦਿਆਲ ਸਿੰਘ), ਅੱਗ ਦਾ ਗੀਤ, ਰੋਹੀ ਬੀਆਬਾਨ,(ਕਰਮਜੀਤ ਕੁੱਸਾ) ਅਤੇ ਗਵਾਚੇ ਅਰਥ (ਪ੍ਰੋ.ਨਰੰਜਣ ਤਸਨੀਮ) ਪੜ੍ਹੇ। ਮੈਨੂੰ ਪਿਉ-ਪੁੱਤਰ ਤੇ ਡੇਵਿਡ ਕੌਪਰਫੀਲਡ ਵਾਲੀ ਉਤਮ ਪੁਰਖੀ ਤਕਨੀਕ ( ਆਪਣੀ ਕਹਾਣੀ ਆਪ ਸੁਣਾਉਣੀ) ਰਾਸ ਆਈ। ਸੋ ਮੇਰੀ ਪਲੇਠੀ ਰਚਨਾ **'ਨਰੰਜਣ ਮਸ਼ਾਲਚੀ'** ਦਾ ਜਨਮ ਹੋਇਆ ਜਿਸਨੂੰ ਖਰੜਾ ਰੂਪ ਵਿਚ ਡਾ. ਰਘਬੀਰ ਸਿੰਘ ਸਿਰਜਣਾ, ਪ੍ਰੋ. ਜਸਵੰਤ ਸਿੰਘ ਵਿਰਦੀ ਤੇ ਮੇਰੇ ਅਧਿਆਪਕ ਮਹਿੰਦਰ ਸਿੰਘ ਮਾਨੂੰਪੁਰੀ ਹੋਰਾਂ ਬੜਾ ਸਰਾਹਿਆ। ਡਾਕਟਰ ਰਘਬੀਰ ਸਿੰਘ ਹੋਰਾਂ ਇਸਦਾ ਮੁੱਖ ਬੰਦ ਲਿਖਿਆ। ਤੇ ਇਹ ਰਚਨਾ ਪਾਠਕਾਂ ਆਲੋਚਕਾਂ ਵੱਲੋਂ ਬੇਹੱਦ ਸਰਾਹੀ ਗਈ।

ਇਸਦਾ ਕੀ ਕਾਰਨ ਸੀ। ਇਸ ਵਿਚਲੀ ਕਹਾਣੀ ਮੇਰੀ ਨਿੱਜੀ ਕਥਾ ਸੀ।-ਮੇਰੇ ਮਾਪਿਆਂ ਦੀ







ਸਿਰ ਨਰੜ ਦੰਪਤੀ ਦਾ ਧੂਹ-ਘੜੀਸ ਵਾਲਾ ਗ੍ਰਹਿਸਤੀ ਜੀਵਨ ਅਤੇ ਆਖ਼ਰੀ ਦੁਖਾਂਤ। ਆਪੋ ਆਪਣੀ ਥਾਂ ਦੋਵੇਂ ਬੜੇ ਸੂਝਵਾਨ, ਪਰਿਵਾਰ ਲਈ ਵਫ਼ਾਦਾਰ, ਆਦਰਸ਼ ਮਾਤਾ ਪਿਤਾ ਸਾਬਿਤ ਹੋਏ ਸਨ। ਪਰ ਨੁਕਸਛਾਂਟੂ ਪਤੀ ਪਤਨੀ ਸਨ। ਪਿਤਾ ਮੇਰੀ ਮਾਂ ਦੇ ਸਰੀਰ ਵਿਚ ਨੁਕਸ ਕੱਢਦਾ। ਮੇਰੀ ਮਾਤਾ ਦੇ ਪੇਕਿਆਂ ਨੂੰ ਨਜਾਇਜ਼ ਮੰਦਾ ਬੋਲਦਾ। ਮਾਂ ਨੂੰ ਦਿੱਤੇ ਮਾਮੂਲੀ ਦਾਜ ਦਹੇਜ ਨੂੰ ਨਿੰਦਦਾ। ਮਾਂ ਵੀ ਬਹੁਤ ਨੁਕਸ ਛਾਂਟੂ ਸੀ। ਪਿਤਾ ਦੇ ਹਰੇਕ ਕਾਰਜ ਤੋਂ ਅਸੰਤੁਸ਼ਟ। ਮੈਂ ਇਸ ਨਾਵਲ ਦੀ ਸਿਰਜਣਾ ਮੌਕੇ ਇਸ ਅਜੋੜ ਜੋੜੀ ਦੇ ਮੁਕਾਬਲੇ ਤਿੰਨ ਹੋਰ ਜੋੜੀਆਂ ਵੀ ਤੁਲਨਾ ਵਜੋਂ ਪੇਸ਼ ਕੀਤੀਆਂ ਜੋ ਨਿੱਜੀ ਜਾਂ ਚਰਿੱਤਰੀ ਖਾਮੀਆਂ ਦੇ ਬਾਵਜੂਦ ਸਫ਼ਲ ਦੰਪਤੀ ਜੀਵਨ ਬਤੀਤ ਕਰਦੀਆਂ। ਮੈਂ ਪਾਤਰ ਅਰਥਾਤ ਕਸ਼ਮੀਰੇ ਦੇ ਮਾਸੀ ਮਾਸੜ ਦੀ ਦੁਨਿਆਵੀ ਜ਼ਿੰਦਗੀ ਨੂੰ ਪਰਨਾਈ ਸਫ਼ਲ ਜੋੜੀ। ਤਾਇਆ ਜੈਮਲ ਤੇ ਚੁਲਬੁਲੀ ਤਾਈ ਚੰਦ ਕੌਰ ਦੀ ਜੋੜੀ। ਜਥੇਦਾਰ ਜਾਗਰ ਸਿੰਘ ਤੇ ਉਸਦੀ ਪਤਨੀ ਦੀ ਸੰਯੋਗ ਦੰਪਤੀ। ਤੁਲਨਾ ਕਰਨ ਤੋਂ ਮੇਰਾ ਮਤਲਬ ਸੀ ਕਿ ਨਰੰਜਣ ਮਸ਼ਾਲਚੀ ਤੇ ਗੁਰਮੀਤ ਦਾ ਦੁਖਾਂਤ ਉਹਨਾਂ ਦੇ ਗਲਤ ਜਗਾ ਫਿੱਟ ਹੋਣ ਕਾਰਨ ਸੀ ਨਾਂ ਕਿ ਉਹਨਾਂ ਦੇ ਕਿਸੇ ਕਿਰਦਾਰੀ ਨੁਕਸ ਕਾਰਨ। ਜੇ ਗੁਰਮੀਤ ਕੌਰ ਨੂੰ ਜਥੇਦਾਰ ਜਾਗਰ ਸਿੰਘ ਵਰਗਾ ਪਤੀ ਮਿਲਿਆ ਹੁੰਦਾ ਤਾਂ ਉਸਨੇ ਆਦਰਸ਼ ਪਤਨੀ ਸਾਬਿਤ ਹੋਣਾ ਸੀ। ਜੇ ਨਰੰਜਣ ਮਸ਼ਾਲਚੀ ਨੂੰ ਚੰਦ ਕੌਰ ਵਰਗੀ ਚੰਟ ਤੇ ਚੁਲਬੁਲੀ ਪਤਨੀ ਜਾਂ ਮੈਂ ਪਾਤਰ ਦੀ ਮਾਸੀ ਵਰਗੀ ਠਰ੍ਹੰਮੇਂ ਵਾਲੀ ਜੀਵਨ ਸਾਥਣ ਨਸੀਬ ਹੋ ਜਾਂਦੀ ਤਾਂ ਨਾਵਲੀ ਦੁਖਾਂਤ ਨਾ ਵਾਪਰਦਾ। ਇਹ ਨਾਵਲ ਸਿਰਫ ਘਰੇਲੂ ਕਹਾਣੀ ਨਹੀਂ। ਇਸ ਵਿਚ ਸਾਰਾ ਬਿਰਤਾਂਤ ਸਮਾਜਿਕ, ਸਭਿਆਚਾਰਕ ਰੰਗਤ ਵਿਚ ਰੰਗ ਕੇ ਪੇਸ਼ ਕਰਨਾ ਮੇਰੀ ਪ੍ਰਾਪਤੀ ਸੀ।

ਜਿਥੇ ਨਰੰਜਣ ਮਸ਼ਾਲਚੀ ਮੇਰਾ ਹੱਡੀਂ ਹੰਢਾਇਆ ਅਨੁਭਵ ਸੀ ਉਥੇ 'ਖੇੜੇ ਸੁੱਖ ਵਿਹੜੇ ਸੁੱਖ' ਸਾਰਾ ਮੰਗਵਾਂ ਯਥਾਰਥ। ਇਹ ਨਾਵਲ 1910 ਦੇ ਲਗਭਗ ਸ਼ੁਰੂ ਹੁੰਦਾ ਹੈ ਅਤੇ 1952 ਵਿਚ ਖਤਮ ਹੋ ਜਾਂਦਾ ਹੈ। ਮੇਰੇ ਜਨਮ ਤੋਂ ਪੰਜਾਹ-ਸੱਠ ਸਾਲ ਪਹਿਲਾਂ ਦਾ ਸਾਂਝੇ ਪੰਜਾਬ ਦਾ ਜੀਵਨ ਯਥਾਰਥ ਪੇਸ਼ ਕੀਤਾ ਗਿਆ ਹੈ। ਇਹ ਸਾਰਾ ਸਟਰੱਕਚਰ ਉਸ ਸਮੇਂ ਜਿਉਂਦੇ, ਵਡੇਰੀ ਉਮਰ ਹੰਢਾ ਚੁੱਕੇ ਕੁਝ ਬੰਦਿਆਂ ਦੇ ਤਜਰਬਿਆਂ ਅਤੇ ਜੀਵਨ ਬਿਰਤਾਂਤ ਦੇ ਸਹਾਰੇ ਉਸਾਰਿਆ ਗਿਆ। ਉਹਨਾਂ ਵਿਚ ਮੇਰਾ 90 ਸਾਲਾ ਤਾਇਆ ਸੀ ਜੋ ਜਗਤੇ ਦੇ ਰੂਪ ਵਿਚ ਚਿੱਤਰਿਆ ਗਿਆ। ਅਸਲ ਵਿਚ ਇਸ ਰਚਨਾ ਵਿਚ ਮੇਰੀ ਮਨਸ਼ਾ ਮੇਰੇ ਪਿੰਡ ਰਾਹੀਂ ਪੰਜਾਬ ਦੇ ਪੁਰਾਣੇ ਪਿੰਡ ਨੂੰ ਚਿਤਰਨ ਦੀ ਸੀ। ਇਸ ਲਈ ਇਸਦੇ ਤਿੰਨ ਭਾਗ ਬਣਾਏ ਗਏ-ਮੂਰਤਾਂ ਰੰਗ ਬਿਰੰਗੀਆਂ, ਟੇਢੇ ਰਾਹਾਂ ਦੀ ਦਾਸਤਾਨ, ਨਵੇਂ ਰਾਹ ਨਵੇਂ ਖੇਤ। ਪਹਿਲੇ ਭਾਗ ਵਿਚ ਸਿਰਫ ਇਕ ਪਿੰਡ ਉਭਰਦਾ ਹੈ-ਦਾਦੂ ਖਾਂਹ ਦੀ ਸੇਹ। ਕਿੰਨੀਆਂ ਸਦੀਆਂ ਤੋਂ ਖੜੋਤ ਵਿਚ ਖੜ੍ਹਾ ਪਿੰਡ। ਦੂਜੇ ਹਿੱਸੇ ਟੇਢੇ ਰਾਹਾਂ ਦੀ ਕਥਾ ਵਿਚ ਪਿੰਡ ਦੇ ਕਈ ਟੱਬਰਾਂ ਦੀ ਹਰਕਤ ਤੇ ਟੱਕਰ ਸ਼ੁਰੂ ਹੁੰਦੀ ਹੈ ਅਤੇ ਲਗਭਗ ਸਾਰਾ ਪਿੰਡ ਉਸ ਦੁੱਖ ਨੂੰ ਹੰਢਾਉਂਦਾ ਹੈ। ਇਸ ਵਿਚੋਂ ਜਗਤਾ ਨਾਇਕ ਵਜੋਂ ਨਿਕਲਦਾ ਹੈ ਜੋ ਨਵੇਂ ਰਾਹ ਨਵੇਂ ਖੇਤ ਵਿਚ ਪਿੰਡ ਦੀ ਖੜੋਤ ਨੂੰ ਤੋੜਦਾ, ਨਵੀਂ ਤਬਦੀਲੀ ਦਾ ਸੂਚਕ ਬਣ ਜਾਂਦਾ ਹੈ। ਇਸ ਵੱਡ ਆਕਾਰੀ ਨਾਵਲ ਦੀ ਰਚਨਾ ਕਰਨ ਦੇ ਸੱਤ-ਅੱਠ ਸਾਲਾਂ ਦੌਰਾਨ ਮੈਂ ਗੈਬਰੀਅਲ ਗਾਰਸ਼ੀਆ ਦਾ '**ਸੌ ਸਾਲ ਦਾ ਇਕਲਾਪਾ**', ਕ੍ਰਿਸ਼ਨਾ ਸੋਬਤੀ ਦਾ '**ਅੱਗ ਦਾ ਦਰਿਆ**', ਇਕ ਹਿੰਦੀ ਨਾਵਲ '**ਭੁੱਲੇ ਵਿਸਰੇ ਚਿਹਰੇ**' ਅਤੇ ਰੂਸੀ ਨਾਵਲ '**ਡਾਨ ਵਹਿੰਦਾ ਰਿਹਾ**'ਤੋਂ ਇਲਾਵਾ ਕੁਝ ਵਾਰਤਕ ਪੁਸਤਕਾਂ-ਮੈਲਕਮ ਡਾਰਲਿੰਗ ਦੀ ਕਿਤਾਬ 'ਪੰਜਾਬ ਪੈਜ਼ੈਂਟ ਇਨ ਡੈੱਟ ਐਂਡ ਪਰੌਸਪੈਰਿਟੀ', ਅਕਾਲੀ ਮੋਰਚਿਆਂ ਦਾ



ਇਤਿਹਾਸ, ਨਾਮਧਾਰੀ ਲਹਿਰ,ਚੌਧਰੀ ਛੋਟੂ ਰਾਮ ਦੀ ਕਿਸਾਨ ਪੱਖੀ ਲਹਿਰ ਤੇ ਫਿਲਾਸਫੀ ਬਾਰੇ ਪੁਸਤਕਾਂ ,ਭਾਰਤੀ ਆਜ਼ਾਦੀ ਪ੍ਰਾਪਤੀ ਬਾਰੇ ਅੰਗਰੇਜ਼ ਲਿਖਾਰੀਆਂ ਵੱਲੋਂ ਇਕ ਪ੍ਰਸਿੱਧ ਪੁਸਤਕ ਤੇ ਲਾਹੌਰ ਸ਼ਹਿਰ ਦੀਆਂ ਇਮਾਰਤਾਂ ਬਾਰੇ ਇਕ ਕਿਤਾਬ ਵੀ ਪੜ੍ਹੀ ਸੀ ਅਤੇ ਪੰਜਾਬ ਆਰਕਾਈਬਜ਼ ਪਟਿਆਲਾ ਤੋਂ ਵੀ ਕੁਝ ਸਮੱਗਰੀ ਵਾਚੀ ਸੀ। ਇਸ ਤਰਾਂ ਇਹ ਬਹੁਪਾਤਰੀ ਨਾਵਲ ਹੋਂਦ ਵਿਚ ਆਇਆ ਜਿਸਦੀ ਉਪਮਾ ਕਰਦਿਆਂ ਮੇਰੇ ਟੀਚਰ ਡਾ. ਤੇਜਵੰਤ ਸਿੰਘ ਗਿੱਲ ਹੋਰਾਂ ਇਸਦਾ ਮੁੱਖ ਬੰਦ-'ਨਾਵਲ ਦੇ ਨਾਲ ਇਕ ਦਸਤਾਵੇਜ਼ ਵੀ' ਲਿਖਿਆ। ਮੈਂ ਇਸ ਨਾਵਲ ਨੂੰ ਆਪਣੀ ਸਭਤੋਂ ਵੱਡੀ ਪ੍ਰਾਪਤੀ ਮੰਨਦਾ ਹਾਂ ਕਿਉਂਕਿ ਉਸ ਕਾਲ ਖੰਡ ਬਾਰੇ ਅਜਿਹਾ ਕੋਈ ਹੋਰ ਨਾਵਲ ਪੰਜਾਬੀ ਸਾਹਿਤ ਵਿਚ ਮੇਰੀ ਨਜ਼ਰੇ ਨਹੀਂ ਚੜ੍ਹਿਆ।

'ਇਹਨਾਂ ਰਾਹਾਂ ਉੱਤੇ' ਦੀ ਕਹਾਣੀ ਮੈਨੂੰ ਜੀਵਨ ਵਿਚੋਂ ਮਿਲ ਗਈ ਸੀ ਜੋ ਬੜੇ ਸਰਲ ਰੂਪ ਵਿਚ ਚਲ ਰਹੀ ਸੀ। ਪਰ ਮੈਂ ਇਸਨੂੰ ਨਾਵਲੀ ਯਥਾਰਥ ਵਿਚ ਬਦਲ ਕੇ ਪੇਸ਼ ਕੀਤਾ। ਸੱਚ ਇਹ ਸੀ ਕਿ ਦੋ ਭਰਾ ਹਨ। ਛੋਟਾ ਐਕਸੀਡੈਂਟ ਵਿਚ ਮਾਰਿਆ ਜਾਂਦਾ ਹੈ ਜਿਸਦੀ ਭਰ ਜੁਆਨ ਵਿਧਵਾ ਨੂੰ ਮ੍ਰਿਤਕ ਚਾਚੇ ਦੇ ਅਲ੍ਹੂੰਏਂ ਭਤੀਜੇ ਦੇ ਸਿਰ ਧਰ ਦਿੱਤਾ ਜਾਂਦਾ ਹੈ ਤਾਂਕਿ ਵਿਰਾਸਤੀ ਜਾਇਦਾਦ ਘਰ ਵਿਚ ਹੀ ਰਹਿ ਜਾਵੇ। ਸਭ ਕੁਝ ਬਗੈਰ ਕਿਸੇ ਉਲਝਣ ਦੇ ਠੀਕ ਨਿਭ ਰਿਹਾ ਹੈ। ਇਹ ਸਾਰਾ ਜਗੀਰੂ ਸਭਿਆਚਾਰ ਕਾਰਨ ਹੋਇਆ । ਪਰ ਮੈਂ ਨਾਵਲ ਵਿਚ ਜਗੀਰੂ ਸਭਿਆਚਾਰ ਦੀ ਇਸ ਪ੍ਰਾਪਤੀ ਨੂੰ ਸਾਡੇ ਮੌਜੂਦਾ ਸਮਾਜ ਲਈ ਅਨਫਿੱਟ ਸਾਬਿਤ ਕਰਨਾ ਸੀ। ਨਾਵਲ ਵਿਚ ਦੁਖਾਂਤ ਤੋਂ ਮਗਰੋਂ ਜਿਹੜਾ ਗੱਠਜੋੜ ਚਾਚੀ ਤੇ ਭਤੀਜੇ ਦਾ ਲਾਣੇਦਾਰਨੀ ਲਾਭ ਕੌਰ ਕਰ ਦਿੰਦੀ ਹੈ, ਉਸ ਕਾਰਨ ਸੁੱਖੇ ਤੇ ਸਰਬੋ ਦਾ ਜੀਵਨ ਨਰਕ ਬਣ ਜਾਂਦਾ ਹੈ। ਨਾਵਲੀ ਸੁਝਾਅ ਇਹ ਸਮਝ ਵਿਚ ਆਉਂਦਾ ਹੈ ਕਿ ਜੇ ਜਗੀਰੂ ਕਦਰਾਂ ਕੀਮਤਾਂ ਨੂੰ ਪਰਨਾ ਕੇ, ਇਹਨਾਂ ਰਾਹਾਂ ਉੱਤੇ ਚਲਦਿਆਂ ਅਸੀਂ ਅੱਜ ਵੀ ਜਾਇਦਾਦ ਦੇ ਚੱਕਰ ਵਿਚ ਫਸਾਂਗੇ ਤਾਂ ਨਿੱਜੀ ਸੁੱਖ ਜਾਂ ਪਰਿਵਾਰਕ ਸੁੱਖ ਦੀ ਥਾਂ ਕਲੇਸ਼ ਹੀ ਪੱਲੇ ਪਵੇਗਾ।

'**ਪੱਤ ਕੁਮਲਾ ਗਏ**' ਵਿਚ ਜ਼ਮੀਨ ਦੀ ਟੁਕੜੇ ਵੰਡ, ਪੜ੍ਹਿਆਂ ਲਿਖਿਆਂ ਦੀ ਬੇਰੁਜ਼ਗਾਰੀ,ਜ਼ਾਤ ਆਧਾਰਿਤ ਰਾਖਵੇਂਕਰਨ ਦੇ ਚੰਗੇ ਮੰਦੇ ਪ੍ਰਭਾਵ ,ਖੇਤੀ ਵਿਚ ਲੱਗੀ ਕਿਰਸਾਣੀ ਦੇ ਕੁਪ੍ਰਬੰਧ ਕਾਰਨ ਉਪਜੇ ਦੁਖਾਂਤ ਨੂੰ ਪੇਸ਼ ਕੀਤਾ ਗਿਆ ਹੈ। ਜੇ ਜ਼ਾਤ ਦੀ ਥਾਂ ਜਮਾਤ ਅਰਥਾਤ ਸਾਰੀਆਂ ਜਾਤਾਂ ਦੇ ਸਾਧਨਹੀਣਾਂ ਦੀ ਆਮਦਨ ਦੇਖ ਕੇ ਰਾਖਵਾਂਕਰਨ ਦਿੱਤਾ ਗਿਆ ਹੁੰਦਾ ਤਾਂ ਜ਼ਾਤ ਦਾ ਜ਼ਿਕਰ ਨਾ ਹੋਣ ਕਾਰਨ ਜਾਤਪਾਤ ਵੀ ਖਤਮ ਹੋ ਜਾਂਦੀ ਅਤੇ ਸੱਚਮੁਚ ਗਰੀਬ ਵਰਗ ਦੀ ਬੇਹਤਰੀ ਹੋਣੀ ਸੀ। ਹੁਣ ਵਾਂਗ ਜਨਰਲ ਕੈਟੇਗਰੀ, ਕਰੀਮੀ ਲੇਅਰ,ਹਰ ਜ਼ਾਤ ਲਈ ਰਾਖਵਾਂਕਰਨ ਵਾਲੇ ਝੰਜਟਾਂ ਤੋਂ ਭਾਰਤੀ ਸਮਾਜ ਬਚ ਗਿਆ ਹੁੰਦਾ। ਇਸ ਨਾਵਲ ਵਿਚ ਥੋੜ ਜ਼ਮੀਨੇ ਜੱਟ ਜੈਬੇ ਤੇ ਉਸਦੇ ਸੀਰੀ ਰਹੇ ਰੁਲਦੇ ਫਰੌਂਟੀਏ ਦੀ ਕਹਾਣੀ ਦੁਆਰਾ ਇਹ ਯਥਾਰਥ ਪੇਸ਼ ਹੋਇਆ ਹੈ ਜ਼ੈਬਾ ਤੇ ਉਹਦਾ ਪਰਿਵਾਰ, ਥੋੜੀ ਜ਼ਮੀਨ, ਪੁੱਤਰਾਂ ਦੀ ਅਕਾਂਖਿਆ, ਬੇਰੁਜ਼ਗਾਰੀ, ਵਿਹਲੜਪੁਣੇ, ਮਿੱਸ ਮੈਨੇਜਮੈਂਟ ਦਾ ਸ਼ਿਕਾਰ ਹੋ ਜਾਂਦਾ ਹੈ ਜਦੋਂਕਿ ਰੁਲਦੇ ਦੇ ਪੁੱਤਰ ਬੇਸ਼ੱਕ ਰਾਖਵੇਂਕਰਨ ਰਾਹੀਂ ਚੰਗਾ ਰੁਤਬਾ ਹਾਸਿਲ ਕਰ ਲੈਂਦੇ ਹਨ ਪਰ ਰੱਜ ਕੇ ਵੀ ਭੁੱਖੇ ਹਨ। ਰੁਲਦੇ ਦੇ ਸਕਿਆਂ ਵਿਚੋਂ ਲੱਗਦਾ ਪੋਤਾ ਜੋ ਐਮ. ਏ. ਪਾਸ ਹੋ ਕੇ ਰਾਖਵੇਂਕਰਨ ਦੇ ਬਾਵਜੂਦ ਬੇਰੁਜ਼ਗਾਰ ਹੈ,ਸੜ ਕੇ ਆਤਮਹੱਤਿਆ ਕਰ ਲੈਂਦਾ ਹੈ ਕਿਉਂਕਿ ਉਹਨਾਂ ਦੀ ਜ਼ਾਤ ਨੂੰ ਮਿਲਦੇ ਰਾਖਵੇਂਕਰਨ ਦੀਆਂ ਵੀ ਅੱਗੇ ਵੰਡੀਆਂ ਪੈ ਗਈਆਂ ਹਨ ਜਿਸਦਾ ਲਾਹਾ ਸਿਰਫ ਪਹਿਲੀ ਪੀੜ੍ਹੀ ਤਾਂ ਲੈ ਗਈ ਪਰ ਅਗਲਿਆਂ ਦੀ ਹਾਲਤ ਤਰਸਯੋਗ ਹੈ। ਇਸ ਨਾਵਲ ਦੀ ਕਥਾ ਵੀ ਮੈਨੂੰ ਮੇਰੇ ਪਿੰਡ ਵਿਚੋਂ ਮਿਲੀ ਸੀ। ਇਹ ਮੇਰੇ ਇਕ ਦਲਿਤ ਜਮਾਤੀ ਜਿਹਨਾਂ ਦੇ ਘਰ ਮੈਂ ਨਿਆਣਾ ਹੁੰਦਾ ਖੇਡਦਾ ਰਿਹਾ ਸਾਂ , ਦੇ ਮਾਤਾ ਪਿਤਾ ਤੇ ਪਰਿਵਾਰ ਦੀ ਕਹਾਣੀ ਹੈ ਜਿਸਨੂੰ ਨਾਵਲੀ ਯਥਾਰਥ ਬਣਾਕੇ ਪੇਸ਼ ਕੀਤਾ ਗਿਆ ਹੈ। ਬੇਸ਼ੱਕ ,'**ਇਹਨਾਂ ਰਾਹਾਂ ਉੱਤੇ**' ਦੀ ਕਹਾਣੀ ਜਿੰਨਾ ਹੇਰ ਫੇਰ ਇਸ ਵਿਚ ਨਹੀਂ ਕਰਨਾ ਪਿਆ।

'**ਦੀਵੇ ਜਗਦੇ ਰਹਿਣਗੇ**' ਇੰਜ ਹੋਂਦ ਵਿਚ ਆਇਆ। ਮੇਰੇ ਪਿੰਡ ਦੇ ਇਕ ਖੱਬੀਖਾਨ ਜੱਟ ਦੇ ਛੇ

ਮੁੰਡੇ ਸਨ। ਉਸਨੇ ਸਾਰੀ ਉਮਰ ਦੀ ਮਿਹਨਤ ਜਾਂ ਕੁਝ ਕੂਟਨੀਤੀ ਵਰਤ ਕੇ ਛੇਆਂ ਸੱਤਾਂ ਏਕੜਾਂ ਤੋਂ 25-26 ਕਿੱਲੇ ਜ਼ਮੀਨ ਜਾਇਦਾਦ ਬਣਾ ਲਈ ਸੀ। ਪਰ ਹੁਣ ਮੁੰਡਿਆਂ ਵਿਚਕਾਰ ਕਲੇਸ ਚਲਦਾ। ਇਕ ਦਿਨ ਉਸ ਪੁਰਾਣੇ ਮੈਟਰਿਕ ਪਾਸ ਸੂਝਵਾਨ ਬੰਦੇ ਨੇ ਮੈਨੂੰ ਗਲੀ ਵਿਚ ਟੱਕਰੇ ਨੂੰ ਰੋਕ ਕੇ ਆਖਿਆ,' ਅਵਤਾਰ ਸਿਆਂ,ਸੁਣਿਐਂ;ਤੂੰ ਲਿਖਾਰੀ ਹੈਂ। ਮੇਰੇ ਬਾਰੇ ਨਾਵਲ ਲਿਖ।ਦੇਖ, ਮੇਰੇ ਨਾਲਾਇਕ ਪੁੱਤਰਾਂ ਨੇ ਮੈਨੂੰ ਕਿਵੇਂ ਅਰਸ਼ ਤੋਂ ਫਰਸ਼ 'ਤੇ ਪਟਕਾ ਮਾਰਿਆ ਹੈ।' ਮੈਂ ਉਸਨੂੰ ਕਿਹਾ,'ਥੋਡੇ ਪੁੱਤਰ ਉਸ ਨਾਵਲ ਨੂੰ ਪੜ੍ਹ ਕੇ ਮੇਰੀ ਗਿੱਦੜਕੁੱਟ ਨਹੀਂ ਕਰ ਦੇਣਗੇ?'

'ਨਹੀਂ, ਨਹੀਂ। ਤੈਂ ਤਾਂ ਸੱਚੋ ਸੱਚ ਲਿਖਣਾ,ਯਾਰ।ਕੁੱਟਣ ਮਾਰਨ ਜੋਗੇ ਹੁਣ ਉਹ ਰਹੇ ਕਿੱਥੇ ਨੇ।' ਸੋ ਬਜ਼ੁਰਗ ਦੀ ਇਹ ਗੱਲ ਮੈਨੂੰ ਜੱਚ ਗਈ । ਮੈਂ ਉਸ ਸੱਜਣ ਕੋਲੋਂ ਉਸਦੀ ਕਹਾਣੀ ਸੁਣਕੇ ਲਿਖਣ ਲੱਗ ਪਿਆ।ਦਸ ਕੁ ਚੈਪਟਰ ਮਸਾਂ ਲਿਖੇ ਚਿਤਵੇ ਸਨ। ਜਦੋਂ ਮੈਂ ਉਸਨੂੰ ਅੰਦਰੋਂ ਟਟੋਲਣ ਲੱਗਿਆ ਤਾਂ ਉਹ ਭੱਜ ਗਿਆ।ਸੱਚ ਦੱਸਣੋਂ ਜਰਕ ਗਿਆ। ਮੇਰਾ ਸਹਿਯੋਗ ਦੇਣ ਤੋਂ ਜਵਾਬ ਦੇ ਗਿਆ। ਸੋ ਸਾਰਾ ਆਰੰਭਿਆ ਗਿਆ ਨਾਵਲ ਮੇਰੀ ਕਲਪਣਾ, ਸਮਾਜਿਕ ਅਨੁਭਵ ਅਤੇ ਆਪਣੀ ਦ੍ਰਿਸ਼ਟੀ ਦੇ ਆਧਾਰ 'ਤੇ ਹੀ ਨੇਪਰੇ ਚਾੜ੍ਹਨਾ ਪਿਆ ਜਿਸ ਵਿਚ ਮੇਰੇ ਪਿੰਡ ਦਾ ਉਹੀ ਪਾਤਰ ਦਿਆਲੇ ਦੇ ਰੂਪ ਵਿਚ ਬੜੇ ਨਿੱਗਰ ਪਾਤਰ ਵਜੋਂ ਪੇਸ਼ ਹੋਇਆ ਜੋ ਪੰਜਾਬੀ ਕਿਰਸਾਣੀ ਦਾ ਅਸਲ ਰੂਪ ਹੈ।

**'ਖ਼ਾਲੀ ਖੂਹਾਂ ਦੀ ਕਥਾ'** ਬੀਜ ਰੂਪ ਵਿਚ ਤਾਂ ਇਕ ਨਿੱਕੀ ਜਿਹੀ ਘਟਨਾ ਸੁਣਕੇ ਮੇਰੇ ਮਨ ਵਿਚ ਵਿਰਾਟ ਬ੍ਰਿਛ ਦਾ ਰੂਪ ਅਖ਼ਤਿਆਰ ਕਰਨ ਦੀ ਕਹਾਣੀ ਹੈ।ਮੇਰੀ ਪਤਨੀ ਸੁਖਦੇਵ ਮੇਰੇ ਕੋਲ ਕਦੇ ਕਦਾਈਂ ਆਪਣੀ ਕਿਸੇ ਸਹੇਲੀ ਦਾ ਜ਼ਿਕਰ ਕਰਦੀ ਜਿਹੜੀ ਮਾਪਿਆਂ ਦੀ ਇਕਲੌਤੀ ਧੀ,ਉਸ ਨਾਲ ਦਸਵੀਂ ਤਕ ਪੜ੍ਹਦੀ ਰਹੀ ਸੀ ਤੇ ਪਿਉ ਨੇ ਉਸਨੂੰ ਜਾਇਦਾਦ ਨਹੀਂ ਸੀ ਦਿੱਤੀ ਪਰ ਸਹੁਰਾ ਪਰਿਵਾਰ ਅਤੇ ਵਰ ਘਰ ਵੱਡੀ ਜਾਇਦਾਦ ਵਾਲਾ ਲੱਭਿਆ ਸੀ। ਇਸਦੇ ਬਾਵਜੂਦ ਉਹ ਕੁੜੀ ਨਰਕ ਹੰਢਾਉਂਦੀ ਰਹੀ।ਬੱਸ। ਇਥੋਂ ਹੀ ਮੇਰੇ ਮਨ ਵਿਚ ਧਨੀ ਕਿਸਾਨੀ ਦੀ ਦਸ਼ਾ ਨੂੰ ਬਿਆਨਦੀ ਵੱਡੀ ਕਥਾ ਪਤਾ ਨਹੀਂ ਕਿਵੇਂ ਉਸਰ ਗਈ ਜਿਹੜੀ ਵੱਡੇ ਨਾਵਲ ਦਾ ਰੂਪ ਧਾਰ ਗਈ। ਇਸਨੂੰ ਕਲਪਨਾ ਦਾ ਕ੍ਰਿਸ਼ਮਾ ਹੀ ਆਖ ਸਕਦੇ ਹਾਂ। ਇਹ ਨਾਵਲ ਪਿਛਲੇ ਅੱਸੀ ਸਾਲਾਂ ਦੇ ਪੰਜਬੀ ਸਮਾਜ ਤੇ ਸਭਿਆਚਾਰ ਨੂੰ ਪੇਸ਼ ਕਰਦਾ ਹੈ। 'ਖੇੜੇ ਸੁੱਖ ਵਿਹੜੇ ਸੁੱਖ' ਦਾ ਆਪਸੀ ਭਾਈਚਾਰੇ ਤੇ ਸਾਂਝੀਵਾਲਤਾ,ਭਰੱਪਣ ਨੂੰ ਪਰਨਾਇਆ ਗਰੀਬੀ, ਜਹਿਮਤ,ਗੁਲਾਮੀ,ਸਹੂਲਤਾਂ ਰਹਿਤ ਜੀਵਨ ਜਿਉਂਦਾ ਨਿਰਧਨ ਪਰ ਭਰਿਆ ਭੁਕੰਨਾ ,ਸਿਹਤਮੰਦ ਸਮਾਜ ਇਕ ਸਦੀ ਦੌਰਾਨ ਕਿਵੇਂ 'ਖ਼ਾਲੀ ਖੂਹਾਂ ਦੀ ਕਥਾ' ਤੱਕ ਪਹੁੰਚਦਾ ਭਾਈਚਾਰਕ ਪੱਖ ਤੋਂ,ਜਿਨਸੀ ਪੱਖ ਤੋਂ ਖ਼ਾਲੀ ਤੇ ਖੋਖਲਾ ਬਣ ਜਾਂਦਾ ਹੈ। ਇਸਦੀ ਕਹਾਣੀ ਇਸੇ ਨਿਘਾਰ ਨੂੰ ਦਰਸਾਉਂਦੀ ਹੈ।

ਮੇਰੇ ਨਾਵਲਾਂ ਦੇ ਪਾਤਰ ਬੇਸ਼ੱਕ ਜੀਵਨ ਵਿਚੋਂ ਹੀ ਲਏ,ਦੇਖੇ ਪਰਖੇ ਇਨਸਾਨ ਹੁੰਦੇ ਹਨ ਪਰ ਨਾਵਲੀ ਯਥਾਰਥ ਲਈ ਉਹਨਾਂ ਵਿਚ ਰੰਗ ਭਰ ਕੇ ਉਹਨਾਂ ਨੂੰ ਰੰਗਦਾਰ ਅਤੇ ਨਾਵਲੀ ਦ੍ਰਿਸ਼ਟੀ ਅਨੁਸਾਰ ਘੜਿਆ ਜਾਂਦਾ ਹੈ। ਨਾਵਲ ਦੀ ਥੀਮ ਨੇ ਉਹਨਾਂ ਦੇ ਕਿਰਦਾਰ ਅਤੇ ਵਾਰਤਾਲਾਪ ਰਾਹੀਂ ਹੀ ਤਾਂ ਪ੍ਰਗਟ ਹੋਣਾ ਹੁੰਦਾ ਹੈ। ਨਾਵਲ ਦੀ ਕਹਾਣੀ ਬੇਸ਼ੱਕ ਸਮਾਜ ਵਿਚੋਂ ਬਣੇ ਬਣਾਏ ਮਕਾਨ ਵਾਂਗ ਮਿਲ ਜਾਵੇ ਪਰ ਉਸ ਇਮਾਰਤ ਨੂੰ ਢਾਹ ਕੇ ਉਸੇ ਮਲਬੇ ਵਿਚੋਂ ਨਾਵਲਕਾਰ ਨੇ ਇਕ ਨਵੀਂ ਇਮਾਰਤ ਆਪਣੀ ਮਰਜ਼ੀ ਅਨੁਸਾਰ ਉਸਾਰਨੀ ਹੁੰਦੀ ਹੈ ਜਿਸ ਵਿਚੋਂ ਝਾਕਦੀਆਂ ਕੁਝ ਇੱਟਾਂ ਜਾਂ ਪੁਰਾਣੇ ਫਿੱਟ ਕੀਤੇ ਦਰਵਾਜ਼ੇ-ਟਾਕੀਆਂ ਦੀ ਪਛਾਣ ਤਾਂ ਹੋ ਸਕਦੀ ਹੈ ਪਰ ਉਹ ਇੰਨ ਬਿੰਨ ਪੁਰਾਣੀ ਇਮਾਰਤ ਨਹੀਂ ਹੁੰਦੇ।

ਨਰੰਜਣ ਮਸ਼ਾਲਚੀ, ਗੁਰਮੀਤ ਕੌਰ, ਮਾਸਟਰ ਕਰਤਾਰ ਚੰਦ, ਖੜਕ ਸਿੰਘ, ਜਗਤਾ , ਬਿਸ਼ਨਾ, ਲਾਣੇਦਾਰਨੀ ਲਾਭ ਕੌਰ, ਸਰਬੋ, ਸੁੱਖਾ, ਜੈਬਾ, ਰੁਲਦਾ ਫਰੌਟੀਆ, ਦਿਆਲਾ, ਚਰਨ ਸਿੰਘ, ਬਚਨ ਸਿੰਘ, ਕਾਲੂ ਬਾਹਮਣ, ਮਿੱਠੀ ਨਾਨੀ ਸਮੇਤ ਮੇਰੇ ਛੇਆਂ ਨਾਵਲਾਂ ਵਿਚ ਅਨੇਕ ਪਾਤਰ ਹਨ ਜਿਹਨਾਂ ਨੂੰ ਆਮ ਜੀਵਨ ਵਿਚੋਂ ਲੈ ਕੇ ਨਾਵਲੀ ਯਥਾਰਥ ਤੇ ਦ੍ਰਿਸ਼ਟੀ ਅਨੁਸਾਰ ਢਾਲਿਆ ਸੁਆਰਿਆ, ਘੜਿਆ



ਗਿਆ ਹੈ।

ਹਰੇਕ ਨਾਵਲ ਦੀ ਇਕ ਥੀਮ ਜਾਂ ਕੇਂਦਰੀ ਵਿਸ਼ਾ ਹੁੰਦਾ ਹੈ ਜਿਸ ਤੋਂ ਬਿਨਾਂ ਨਾਵਲ ਬੇਜਾਨ ਰਚਨਾ ਬਣ ਕੇ ਰਹਿ ਜਾਂਦੀ ਹੈ। ਉਹ ਵਿਸ਼ਾ ਨਾਵਲਕਾਰ ਦੀ ਦ੍ਰਿਸ਼ਟੀ ਮੁਤਾਬਿਕ ਪੇਸ਼ ਕੀਤਾ ਜਾਂਦਾ ਹੈ। ਜੇ ਨਾਵਲਕਾਰ ' ਸਤਿਅਮ, ਸ਼ਿਵਮ, ਸੁੰਦਰਮ' ਦੇ ਕਲਿਆਣਕਾਰੀ ਆਸ਼ੇ ਨੂੰ ਪਰਨਾਇਆ ਹੋਇਆ, ਸਮਾਜ ਨੂੰ ਉਸਾਰੂ ਸੇਧ ਦੇਣੀ ਚਾਹੁੰਦਾ ਹੈ ਤਾਂ ਉਸਦੀ ਦ੍ਰਿਸ਼ਟੀ ਕਲਿਆਣਕਾਰੀ, ਮਾਨਵਵਾਦੀ ਹੋਵੇਗੀ। ਜੇ ਉਹ ਸਮਾਜ ਵਿਚ ਬਦ ਅਮਨੀ, ਕੁੜੱਤਣ ਜਾਂ ਫਿਰਕਾ ਪ੍ਰਸਤੀ, ਜ਼ਾਤਪਾਤ ਫੈਲਾਉਣ ਵਾਲੀ ਤੰਗ ਦ੍ਰਿਸ਼ਟੀ ਦਾ ਮਾਲਕ ਹੈ ਤਾਂ ਅਜਿਹੀ ਸੰਕੀਰਣ ਸੋਚ ਉਸਦੀ ਰਚਨਾ ਵਿਚੋਂ ਬੋਲੇਗੀ।

ਮੈਂ ਆਪਣੇ ਨਾਵਲਾਂ ਵਿਚ ਮਾਨਵਵਾਦੀ ਨਜ਼ਰੀਏ ਨੂੰ ਅਪਣਾਇਆ ਹੈ। ਮੈਂ ਕਿਸੇ ਵਿਸ਼ੇਸ਼ ਜ਼ਾਤ, ਧਰਮ ਜਾਂ ਪਾਰਟੀ ਨੂੰ ਪਰਨਾਇਆ ਵਿਅਕਤੀ ਨਹੀਂ ਹਾਂ। ਮੇਰਾ ਮਕਸਦ ਸਮਾਜ ਨੂੰ ਇੰਨ ਬਿੰਨ ਚਿਤੱਰਦਿਆਂ ਸਹੀ ਸੇਧ ਨੂੰ ਸੁਝਾਉਣਾ ਹੈ ਨਾਂਕਿ ਕਿਸੇ ਵਿਸ਼ੇਸ਼ ਵਿਚਾਰਧਾਰਾ ਦਾ ਪ੍ਰਚਾਰ ਕਰਨਾ। ਸਿੱਧਾ ਸੁਨੇਹਾ ਤਾਂ ਬੜਾ ਢਾਹੂ ਅਸਰ ਰੱਖਦਾ ਹੈ ਜਿਵੇਂ ਕਿਸੇ ਵਿਦਵਾਨ ਨੇ ਆਖਿਆ ਸੀ; 'To describe a thing is to destroy a thing.To suggest a thing is to create a thing.' ਉਸ ਵਿਚ ਜਾਨ ਪਾਉਣਾ ਹੈ। ਨਾਵਲਕਾਰ ਆਪਣੇ ਵਰਤਮਾਨ ਨਾਲ ਸੰਤੁਸ਼ਟ ਨਹੀਂ ਹੁੰਦਾ। ਇਸ ਲਈ ਸਮਾਜ ਨੂੰ ਸੁਧਰੇ ਰੂਪ ਵਿਚ ਦੇਖਣਾ ਹੀ ਉਸਦਾ ਅਸਲ ਮਨੋਰਥ ਹੁੰਦਾ ਹੈ।

avtarsinghbilling@gmail.com



## 'ਕਹਾਣੀ ਧਾਰਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਭਗਵੰਤ ਰਸੂਲਪੁਰੀ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਭਗਵੰਤ ਰਸੂਲਪੁਰੀ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 10 ਫਰਵਰੀ, 2017 — ਦਸਤਖਤ

ਭਗਵੰਤ ਰਸੂਲਪੁਰੀ, ਪ੍ਰਕਾਸ਼ਕ






# ਪਾਤਰ ਜਦੋਂ ਆਪਣੇ ਆਪ ਨੂੰ ਸਿਰਜਣ ਲੱਗ ਪੈਣ

**-ਕੁਲਦੀਪ ਸਿੰਘ ਬੇਦੀ**

ਜਦੋਂ ਮੈਂ ਪਹਿਲੀ ਕਹਾਣੀ ਲਿਖੀ ਤਾਂ ਮੇਰੇ ਪਿਤਾ ਜੀ ਨੇ ਪੜ੍ਹੀ ਤਾਂ ਕਹਿਣ ਲਗੇ, "ਭਾਵੇਂ ਕਹਾਣੀ ਹੀ ਹੈ, ਪਰ ਕਹਾਣੀ ਨਿਰਾ ਸੱਚ ਨਹੀਂ ਹੁੰਦੀ।" ਇਸ ਗੱਲ ਦੀ ਸੂਝ ਆਈ ਕਿ ਨਿਰਾ ਸੱਚ, ਖ਼ਬਰ ਤੋਂ ਵਧ ਕੁਝ ਨਹੀਂ ਹੁੰਦਾ ਆਖਰ ਫਿਕਸ਼ਨ (Ficion) ਵੀ ਕੋਈ ਚੀਜ਼ ਹੈ। ਬਸ ਇਸੇ ਫਿਕਸ਼ਨ ਦੇ ਅਰਥ ਲੱਭਣ 'ਚ ਲੱਗਾ ਹੋਇਆ ਹਾਂ।

ਜਦੋਂ ਮੈਂ ਪਹਿਲਾ ਨਾਵਲ **'ਦਾਅ ਪੇਚ'** ਲਿਖਿਆ ਤਾਂ ਇਹ ਨਾਵਲ ਉਸ ਘਟਨਾ ਚੱਕਰ 'ਤੇ ਅਧਾਰਿਤ ਸੀ, ਜੋ ਮੇਰੀ ਜ਼ਿੰਦਗੀ 'ਚ ਨਾਵਲ ਲਿਖਣ ਤੋਂ 15 ਵਰ੍ਹੇ ਪਹਿਲਾਂ ਵਾਪਰਿਆ ਸੀ। ਇਹ ਨਾਵਲ ਇਕ ਫੈਕਟਰੀ 'ਚ ਹੋਈ ਹੜਤਾਲ 'ਚ ਸ਼ਾਮਲ ਮਜ਼ਦੂਰਾਂ ਅਤੇ ਸਿਆਸਤਦਾਨਾਂ ਤੇ ਅਧਾਰਿਤ ਸੀ। ਮਜ਼ਦੂਰ ਨਿਰਛਲ, ਕਿਰਤੀ ਯੋਧੇ, ਈਮਾਨਦਾਰੀ ਨਾਲ ਹੜਤਾਲ ਲੜ ਰਹੇ ਸਨ। ਸਿਆਸਤਦਾਨ, ਕਾਰਖਾਨੇ ਦੇ ਮਾਲਕ ਅਤੇ ਪ੍ਰਸ਼ਾਸਨ ਨਾਲ ਰਲ ਕੇ ਦਾਅ ਪੇਚ ਖੇਡ ਰਹੇ ਸਨ। ਇਸ ਨਾਵਲ ਦਾ ਕਥਾਨਕ ਮੇਰੇ ਅੰਦਰ 15 ਵਰ੍ਹੇ ਉੱਸਲਵੱਟੇ ਲੈਂਦਾ ਰਿਹਾ। ਮੈਂ ਇਸ ਕਥਾਨਕ ਨੂੰ ਕਈ ਵਾਰ ਰਿੜਕਿਆ। ਕੁਝ ਪਾਤਰ ਬੜੇ ਸ਼ਕਤੀਸ਼ਾਲੀ ਰੂਪ 'ਚ ਮੇਰੇ ਅੱਗੇ ਖੜ੍ਹੇ ਹੋ ਜਾਂਦੇ ਤੇ ਮੈਨੂੰ ਹੁਕਮ ਕਰਦੇ ਕਿ ਸਾਡੇ ਬਾਰੇ ਲਿਖ। ਕਾਰਖਾਨੇ ਦੇ ਮਾਲਕ ਦਾ ਪਾਤਰ ਬੜਾ ਸ਼ਕਤੀਸ਼ਾਲੀ ਸੀ ਜੋ ਹੜਤਾਲ ਹੋਣ ਦੇ ਬਾਵਜੂਦ, ਹੜਤਾਲ ਨੂੰ ਨਹੀਂ ਸੀ ਮੰਨਦਾ। ਹੈਂਕੜਬਾਜ ਸੀ, ਮੀਂਹ ਪੈਂਦਾ ਹੋਵੇ ਤਾਂ ਦਾਤਣ ਕਰਨ ਪਿਛੋਂ ਮੀਂਹ ਦੇ ਖੜ੍ਹੇ ਪਾਣੀ ਨਾਲ ਚੂਲੀ ਕਰ ਲੈਂਦਾ ਸੀ। ਇਸੇ ਤਰ੍ਹਾਂ ਦਾ ਇਕ ਪਾਤਰ ਮਜ਼ਦੂਰਾਂ ਦੀ ਹੜਤਾਲ ਨੂੰ ਚਲਾਉਂਣ ਵਾਲਾ ਟਰੇਡ ਯੂਨੀਅਨ ਦਾ ਜਨਰਲ ਸਕੱਤਰ ਸੀ, ਜੋ ਮਜ਼ਦੂਰਾਂ ਨਾਲੋਂ ਪਾਰਟੀ ਦੇ ਹਿੱਤ ਵਧੇਰੇ ਪੂਰਦਾ ਸੀ। ਪਾਰਟੀ ਦਾ ਇਕ ਨੇਤਾ ਸੀ ਜੋ ਉਪਰੋਂ ਮਜ਼ਦੂਰਾਂ ਨਾਲ ਸੀ ਅੰਦਰੋਂ ਮੁਕ ਮੰਤਰੀ ਨਾਲ ਸੀ। ਸੋ ਪਾਤਰ ਜਦੋਂ ਬਹੁਤੇ ਕਾਹਲੇ ਪੈ ਗਏ ਤਾਂ ਮੈਂ ਕਲਮ ਚੁੱਕ ਲਈ ਨਾਵਲ ਲਿਖਣ ਲਈ। ਦੂਜਾ ਪੱਖ ਇਸ ਨਾਵਲ ਦਾ ਵੀ ਮਹੱਤਵਪੂਰਨ ਹੈ, ਉਨ੍ਹਾਂ ਹੜਤਾਲ ਦੇ ਦਿਨਾਂ 'ਚ ਮੇਰਾ ਨਿੱਜੀ ਸੰਘਰਸ਼ ਚਲ ਰਿਹਾ ਸੀ। ਪਰਿਵਾਰ ਮੇਰੇ ਮੂੰਹ ਵਲ ਦੇਖਦਾ ਸੀ ਅਤੇ ਮੈਂ ਹੜਤਾਲੀ ਮਜ਼ਦੂਰਾਂ ਨਾਲ ਖੜ੍ਹਾ ਸਾਂ। ਇਸ ਤਪਦੇ ਮੌਸਮ 'ਚ ਕਿਧਰੇ ਹਵਾ ਦਾ ਬੁੱਲਾ ਲੈ ਕੇ ਆਉਂਦੀ ਹੁੰਦੀ ਸੀ ਆਸ਼ਾ। ਮਜ਼ਦੂਰਾਂ ਦੇ ਹਮੇਸ਼ਾ ਵਾਂਗ ਫੇਲ ਹੋ ਜਾਣ ਵਾਂਗ ਇਹ ਹੜਤਾਲ ਵੀ ਮਜ਼ਦੂਰ ਹਾਰ ਗਏ ਸਨ। ਸਿਆਸਤਦਾਨ ਅਤੇ ਕਾਰਖਾਨੇਦਾਰ ਜਿੱਤ ਗਏ ਸਨ।

ਜਦੋਂ ਮੈਂ **'ਕਾਸ਼'** ਨਾਵਲ ਲਿਖਣ ਦਾ ਮਨ ਬਣਾਇਆ ਤਾਂ ਉਦੋਂ ਮੇਰੀ ਜਾਣ ਪਛਾਣ ਹਰਪਿੰਦਰ ਰਾਣਾ ਨਾਂ ਦੀ ਇਕ ਉਭਰ ਰਹੀ ਲੇਖਿਕਾ ਨਾਲ ਹੋਈ। ਹਰਪਿੰਦਰ ਮੇਰੇ ਨਾਲ ਘੰਟਿਆਂ ਬੱਧੀ ਫੋਨ ਤੇ ਗੱਲਾਂ ਕਰਦੀ ਅਤੇ ਆਪਣੀ ਅੰਗਹੀਣਤਾ ਦੀ ਕਹਾਣੀ ਸੁਣਾਉਂਦੀ। ਉਹ ਤੁਰ ਨਹੀਂ ਸਕਦੀ, ਖੜ੍ਹੀ ਨਹੀਂ ਹੋ ਸਕਦੀ।



ਉਸਨੇ ਆਪਣੇ ਸੰਘਰਸ਼ ਦੀ ਦਾਸਤਾਨ ਮੈਨੂੰ ਸੁਣਾਈ। ਮੈਨੂੰ ਲੱਗਿਆ ਕਿ ਅੰਗਹੀਣਤਾ ਇਕ ਬਹੁਤ ਵੱਡਾ ਸਰਾਪ ਹੈ। ਬੇਸ਼ਕ ਉਹ ਮੁਟਿਆਰ ਅੰਗਹੀਣ ਹੈ ਪਰ ਉਸਦੇ ਵਿਚਾਰ ਅੰਗ ਹੀਨ ਨਹੀਂ ਹਨ, ਉਸਦਾ ਦਿਲ ਸਬੂਤਾ ਹੈ, ਅਰਮਾਨ ਅਤੇ ਖਾਹਿਸ਼ਾਂ ਇਕ ਆਮ ਜਵਾਨ ਔਰਤ ਵਰਗੀਆਂ ਹਨ। ਸੀਨੇ 'ਚ ਨਿਤਾਣਿਆਂ ਨਿਮਾਣਿਆਂ ਲਈ ਦਰਦ, ਇਕ ਮੁਕੰਮਲ ਇਨਸਾਨ ਨਾਲੋਂ ਵੀ ਵਧੇਰੇ ਹੈ। ਮੈਂ ਉਸਨੂੰ ਮਿਲਣ ਲਈ ਪਹੁੰਚ ਗਿਆ, ਪਹਿਲਾਂ ਉਸਦੇ ਸਕੂਲ ਅਤੇ ਫਿਰ ਉਸਦੇ ਘਰ। ਉਸਦੇ ਮਾਂ ਪਿਓ ਨੂੰ ਮਿਲਿਆ। ਵਾਪਸੀ ਤੇ ਮੇਰੇ ਦਿਮਾਗ਼ ਅੰਦਰ ਨਾਵਲ ਦਾ ਖਾਕਾ ਬਣਦਾ ਨਜ਼ਰ ਆਇਆ। ਮੈਂ ਉਸ ਵਰਗੀਆਂ ਦੋ ਹੋਰ ਅੰਗਹੀਣ ਮੁਟਿਆਰਾਂ -ਔਰਤਾਂ ਨੂੰ ਮਿਲਿਆ। ਫਿਰ ਫਿਕਸ਼ਨ ਬਣਨੀ ਸ਼ੁਰੂ ਹੋਈ। ਮੈਂ ਇਨ੍ਹਾਂ ਪਾਤਰਾਂ ਅੰਦਰ ਮੁਹੱਬਤ ਲਈ ਚਿਣਗ ਦੇਖੀ। ਬਹੁਤ ਸਾਰੇ ਹੋਰ ਪਾਤਰਾਂ ਦੀ ਉਸਾਰੀ ਕੀਤੀ। ਮੈਨੂੰ ਇਹ ਲੱਗਿਆ ਕਿ ਇਹ ਲੋਕ ਸਰੀਰਕ ਪਖੋਂ ਹੀ ਨਿਤਾਣੇ ਹਨ ਪਰ ਇਨ੍ਹਾਂ ਅੰਦਰ ਜੀਣ-ਥੀਣ ਦੀ ਚਿਣਗ ਆਮ ਲੋਕਾਂ ਨਾਲੋਂ ਵੀ ਵਧੇਰੇ ਹੈ। ਕਦੇ ਕਦੇ ਇਹ ਲੋਕ ਸੋਚਦੇ ਕਿ ਕਾਸ਼ ਉਨ੍ਹਾਂ ਦਾ ਸਰੀਰ ਵੀ ਉਨ੍ਹਾਂ ਦੇ ਮਨ ਦਾ ਸਾਥ ਦੇ ਸਕਦਾ। ਮੈਨੂੰ ਇਹ ਲੋਕ ਰਿਸ਼ਟ-ਮੁਸ਼ਟ ਲੋਕਾਂ ਨਾਲੋਂ ਵੀ ਵਧੇਰੇ ਸ਼ਕਤੀਸ਼ਾਲੀ ਜਾਪੇ ਅਤੇ ਇਸ ਨਾਵਲ ਨੂੰ ਮੈਂ ਇਕ ਮਹੀਨੇ ਦੇ ਅੰਦਰ ਅੰਦਰ ਲਿਖ ਲਿਆ। ਇਸ ਦਾ ਅੰਗਰੇਜ਼ੀ ਰੂਪ ਵੀ ਡਾਇਮੰਡ ਪਾਕਟ ਬੁਕਸ ਦਿੱਲੀ 'Her Hight to the love nest ਵਲੋਂ ਨਾਂ ਹੇਠ ਪ੍ਰਕਾਸ਼ਿਤ ਹੋਇਆ।

ਮੇਰਾ ਇਕ ਹੋਰ ਨਾਵਲ **'ਰੰਗ ਤਮਾਸ਼ਾ'** ਹੈ, ਜੋ ਸਫ਼ਰਨਾਮੇ ਦੇ ਰੂਪ ਵਿਚ ਚਿਤਵਿਆ ਗਿਆ ਪਰ ਨਾਵਲ ਦਾ ਰੂਪ ਲੈ ਗਿਆ। ਇਸਨੂੰ ਮੈਂ Travelogical Novel ਦਾ ਨਾਂ ਦਿੱਤਾ। ਮੈਂ 2004 ਵਿਚ ਅਮੇਰਿਕਾ ਗੌਰਮਿੰਟ ਦੇ ਸੱਦੇ ਤੇ, ਉਥੋਂ ਦੇ ਤਿੰਨ ਵੱਡੇ ਸ਼ਹਿਰਾਂ 'ਚ ਸੈਰ ਵਾਸਤੇ ਗਿਆ। ਇਹ ਤਿੰਨ ਸ਼ਹਿਰ ਵਾਸ਼ਿੰਗਟਨ, ਫਿਲਾਡੇਲਫੀਆ ਅਤੇ ਅਟਲਾਂਟਾ ਸਨ। ਸਾਡੇ ਤਿੰਨ ਭਾਰਤੀ ਪੱਤਰਕਾਰਾਂ ਨਾਲ ਤਿੰਨ ਪੱਤਰਕਾਰ ਪਾਕਿਸਤਾਨ ਤੋਂ ਸਨ। ਅਸੀਂ 6 ਜਣੇ 20 ਦਿਨ ਇਕੱਠੇ ਰਹੇ। ਪਾਕਿਸਤਾਨ ਦੇ ਪੱਤਰਕਾਰਾਂ ਨੇ ਆਪਣੇ ਬਾਪ ਦਾਦਿਆਂ ਤੋਂ ਸਿੱਖਾਂ ਹਿੰਦੂਆਂ ਦੀਆਂ ਕਹਾਣੀਆਂ ਸੁਣੀਆਂ ਹੋਈਆਂ ਸਨ। ਅਸੀਂ ਵੀ ਬਹੁਤ ਕੁਝ ਸੁਣਿਆ ਹੋਇਆ ਸੀ। ਕੁਝ ਅਮਰੀਕੀ ਲੋਕਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਇਹ ਵੀ ਜਾਨਣ ਦਾ ਮੌਕਾ ਮਿਲਿਆ ਕਿ ਪਾਕਿਸਤਾਨ ਤੇ ਭਾਰਤ ਆਪਸ 'ਚ ਲੜਦੇ ਹਨ ਪਰ ਅਮਰੀਕਾ 'ਚ ਰਹਿੰਦੇ ਪਾਕਿਸਤਾਨੀ ਤੇ ਭਾਰਤੀ ਦੋਵੇਂ ਰਲ ਕੇ ਹੱਕਾਂ ਲਈ ਲੜ ਰਹੇ ਸਨ। ਪਰਤ ਕੇ ਸਫ਼ਰਨਾਮਾ ਲਿਖਣ ਦਾ ਮਨ ਬਣਿਆ, ਪਰ ਫਿਰ ਸੋਚਿਆ ਕਿ ਕੀ ਜੋ ਆਪਾਂ ਇਨ੍ਹਾਂ ਦੋਵਾਂ ਦੇਸ਼ਾਂ ਬਾਰੇ ਕਹਿਣਾ ਚਾਹੁੰਦੇ ਹਾਂ ਉਹ ਸਫਰਨਾਮੇ 'ਚ ਕਿਹਾ ਜਾ ਸਕੇਗਾ? ਫਿਰ ਮੈਂ ਉਹ ਛੇ ਪਾਤਰ ਸਿਰਜ ਲਏ, ਜੋ ਨਾਲ ਨਾਲ ਸਫ਼ਰ ਕਰਦੇ ਰਹੇ ਸਨ। ਇਨ੍ਹਾਂ ਵਿਚ ਪਾਕਿਸਤਾਨ ਦੀ ਇਕ ਪੱਤਰਕਾਰਾ ਵੀ ਸੀ ਜੋ ਇਸ ਨਾਵਲ ਦੀ ਇਕ ਸ਼ਕਤੀਸ਼ਾਲੀ ਪਾਤਰ ਬਣ ਗਈ। ਇਸ ਨਾਵਲ ਦੀ ਬੁਣਤੀ ਕੁਝ ਇਸ ਤਰ੍ਹਾਂ ਬੁਣੀ ਗਈ ਕਿ ਸਫ਼ਰਨਾਮੇ ਦੌਰਾਨ, ਜੋ ਕੁਝ ਵੀ ਅਸੀਂ ਦੇਖਿਆ ਸੀ, ਉਸ ਨੂੰ ਵੀ ਪਾਤਰਾਂ ਦੇ ਮੂੰਹੋਂ ਆਖਵਾਇਆ ਗਿਆ ਤੇ ਉਹ ਮਸਲੇ ਜੋ ਗਵਾਂਢੀ ਮੁਲਕ ਹੋਣ ਨਾਤੇ ਪਾਕਿਸਤਾਨ ਨਾਲ ਸਨ, ਉਸ ਬਾਰੇ ਵੀ ਵੇਰਵੇ ਆਉਂਦੇ ਗਏ। ਇਕ ਪ੍ਰੇਮ ਕਹਾਣੀ ਦਾ ਸਫ਼ਰ ਇਸ ਸਮੁੱਚੇ ਵਰਤਾਰੇ ਨੂੰ ਆਪਣੇ ਨਾਲ ਲੈ ਕੇ ਤੁਰਦਾ ਰਿਹਾ। ਇਹ ਨਾਵਲ 'Across the Border' ਨਾਂ ਹੇਠ ਅੰਗਰੇਜ਼ੀ 'ਚ ਵੀ ਪ੍ਰਕਾਸ਼ਿਤ ਹੋਇਆ।

ਇਕ ਹੋਰ ਨਾਵਲ ਦਾ ਵਰਨਣ ਕਰਨਾ ਚਾਹਾਂਗਾ। ਪੰਜਾਬੀ ਵਿਚ ਬਹੁਤ ਸਾਰੇ ਨਾਵਲ ਲਿਖੇ ਗਏ ਹਨ। ਇਨ੍ਹਾਂ 'ਚ ਵਧੇਰੇ ਨਾਵਲ ਉਹ ਹਨ ਜੋ ਸਾਡੇ ਪੇਂਡੂ ਸਭਿਆਚਾਰ ਅਤੇ ਉਨ੍ਹਾਂ ਲੋਕਾਂ ਦੇ ਸੁਭਾਅ, ਦੁਖ ਤਕਲੀਫ਼ਾਂ ਨੂੰ ਪੇਸ਼ ਕਰਦੇ ਹਨ। ਕੁਝ ਨਾਵਲ ਹਨ ਜੋ ਛੋਟੇ ਸ਼ਹਿਰਾਂ 'ਚ ਰਹਿੰਦੇ ਲੋਕਾਂ ਬਾਰੇ ਲਿਖੇ ਗਏ ਹਨ, ਪੰਜਾਬੀ ਵਿਚ ਮਹਾਨਗਰਾਂ 'ਚ ਰਹਿੰਦੇ ਲੋਕਾਂ ਬਾਰੇ ਕਹਾਣੀਆਂ ਤਾਂ ਬਹੁਤ ਮਿਲ ਜਾਣਗੀਆਂ ਪਰ ਮਹਾਨਗਰਾਂ ਦੇ ਸਭਿਆਚਾਰ ਨੂੰ ਪ੍ਰਗਟਾਉਣ ਵਾਲੇ ਨਾਵਲ ਆਟੇ 'ਚ ਲੂਣ ਦੇ ਬਰਾਬਰ ਹਨ। ਮਹਾਂਨਗਰ ਵਿਚ ਵਿਚਰਦੇ ਲੋਕਾਂ ਬਾਰੇ ਨਾਵਲ ਲਿਖਣ ਤੋਂ ਪਹਿਲਾਂ ਮੇਰੇ ਕੋਲ ਕੁਝ ਪਾਤਰ ਸਨ ਜਿਨ੍ਹਾਂ ਨੂੰ ਮੈਂ

ਬਿਲਕੁਲ ਨੇੜਿਓਂ ਤੱਕਿਆ ਸੀ। ਇਨ੍ਹਾਂ ਵਿਚ ਇਕ ਪਾਤਰ ਤਾਂ ਮੇਰਾ ਕਰੀਬੀ ਦੋਸਤ ਸੀ, ਜਿਸਨੂੰ ਮੈਂ ਪਹਿਲਾਂ ਪੰਜਾਬ 'ਚ ਸੰਘਰਸ਼ ਕਰਦਿਆਂ ਦੇਖਿਆ ਅਤੇ ਫਿਰ ਮੁੰਬਾਈ ਵਰਗੇ ਵੱਡੇ ਸ਼ਹਿਰ 'ਚ। ਉਹ ਮੁੰਬਈ ਦੀ ਫਿਲਮੀ ਦੁਨੀਆਂ 'ਚ ਜਾ ਵੜਿਆ, ਜਿਥੇ ਇਕ ਬਹੁਤ ਵੱਡੀ ਆਪਣੀ ਕਿਸਮ ਦੀ ਦੁਨੀਆਂ ਵੱਸੀ ਹੋਈ ਹੈ, ਇਸ ਦੁਨੀਆਂ ਦੇ ਲੋਕ ਇਕ ਦੂਜੇ ਦੇ ਪੈਰ ਮਿੱਧ ਕੇ, ਇਕ ਦੂਜੇ ਦੇ ਉੱਤੇ ਚੜ੍ਹ ਕੇ, ਪੌੜੀ ਬਣਾ ਕੇ, ਇਸ਼ਕ ਦਾ ਰਸਤਾ ਆਪਣਾ ਕੇ ਸਫ਼ਲਤਾ ਦੀ ਟੀਸੀ ਤਕ ਪਹੁੰਚਣਾ ਚਾਹੁੰਦੇ ਹਨ। ਫਿਰ ਇਸ ਪਾਤਰ ਦੇ ਨਾਲ ਇਕ ਹੋਰ ਪਾਤਰ ਸਿਰਜਿਆ ਗਿਆ ਜੋ ਇਸ ਪਾਤਰ ਨੂੰ ਪੌੜੀ ਬਣਾ ਕੇ ਫਿਲਮ ਇੰਡਸਟਰੀ 'ਚ ਜਾ ਪਹੁੰਚਦੀ ਹੈ ਤੇ ਪਿਛੋਂ ਸਾਡੇ ਮੁਖ ਪਾਤਰ ਨਾਲੋਂ ਕਿਨਾਰਾ ਕਰ ਲੈਂਦੀ ਹੈ। ਇਸ ਨਾਵਲ ਦਾ ਨਾਂ ਹੈ 'ਸੰਗਲ ਨਾ ਫੜ੍ਹ'


ਇਸ ਨਾਵਲ 'ਚ ਇਹ ਦਸਣ ਦਾ ਯਤਨ ਕੀਤਾ ਗਿਆ ਹੈ ਕਿ ਜਦੋਂ ਮਨੁੱਖ ਇਕ ਪਿੰਡ 'ਚ ਛੋਟੇ ਸ਼ਹਿਰ 'ਚ ਰਹਿੰਦਾ ਹੈ ਤਾਂ ਉਸਦੀਆਂ ਕਦਰਾਂ ਕੀਮਤਾਂ, ਉਸਦਾ ਵਰਤਾਰਾ ਕਿਹੋ ਜਿਹਾ ਹੁੰਦਾ ਹੈ ਪਰ ਜਦੋਂ ਇਹੀ ਮਨੁੱਖ ਮਹਾਂਨਗਰ ਵਿਚ ਰਹਿੰਦਾ ਹੈ ਤਾਂ ਉਸਦੇ ਜੀਵਨ-ਮੁੱਲ ਕਿਵੇਂ ਤਿੜਕਦੇ ਹਨ। ਸਾਡੇ ਪੰਜਾਬੀਆਂ ਕੋਲ ਪ੍ਰਾਹੁਣਚਾਰੀ, ਹਲੀਮੀ, ਦਇਆ ਵਰਗੀਆਂ ਕਈ ਗੱਲਾਂ ਹੁੰਦੀਆਂ ਹਨ ਪਰ ਜਦੋਂ ਇਹੀ ਲੋਕ ਮਹਾਨਗਰ 'ਚ ਜਾਂਦੇ ਹਨ ਤਾਂ ਸਭ ਕੁਝ ਤਿੜਕ ਜਾਂਦਾ ਹੈ। ਮੈਂ ਇਹ ਸਭ ਕੁਝ ਤਿੜਕਦਾ ਹੋਇਆ ਦੇਖਿਆ ਹੈ। ਉਸ ਨਾਵਲ ਦੀ ਇਕ ਹੋਰ ਪਾਤਰ ਨੂੰ ਮੈਂ ਪਹਿਲੀ ਵਾਰ ਉਦੋਂ ਮਿਲਿਆ ਸਾਂ ਜਦੋਂ ਉਹ ਹੀਰੋਇਨ ਬਣਨ ਲਈ ਓਥੇ ਗਈ ਸੀ। ਪੰਦਰਾਂ ਵੀਹਾਂ ਵਰ੍ਹਿਆਂ 'ਚ ਉਸਨੇ ਹੀਰੋਇਨ ਤਾਂ ਕੀ ਬਣਨਾ ਸੀ, ਹੋਰ ਕਈ ਕੁਝ ਬਣ ਗਈ। ਇਨ੍ਹਾਂ ਸਾਰੇ ਪਾਤਰਾਂ ਨੂੰ ਜੋੜ ਕੇ ਫਿਕਸ਼ਨ ਲਿਖੀ ਗਈ।

ਮੈਂ ਆਪਣੇ ਪਾਤਰਾਂ ਦੀ ਚੋਣ, ਸਧਾਰਨ, ਬੰਦਿਆਂ 'ਚ ਕਰਦਾ ਹਾਂ। 'ਸੰਗਲ ਨਾ ਫੜ੍ਹ' ਦੇ ਮੁਖ ਪਾਤਰ ਨੇ ਮੈਨੂੰ ਆਪ ਕਿਹਾ ਕਿ ਮੈਂ ਉਸ 'ਤੇ ਨਾਵਲ ਲਿਖਾਂ। ਮੈਂ ਉਸਨੂੰ ਕਿਹਾ ਕਿ ਤੂੰ ਨਾਇਕ ਨਹੀਂ ਖਲਨਾਇਕ ਏਂ। ਉਸਨੇ ਕਿਹਾ ਕਿ ਕੀ ਖਲਨਾਇਕ ਨਾਇਕ ਨਹੀਂ ਬਣ ਸਕਦਾ। ਮੈਂ ਕਿਹਾ ਕਿ ਇਸ ਵਿਚ ਮੇਰਾ ਕੋਈ ਵੱਸ ਨਹੀਂ। ਸਿਰਜਣ ਪ੍ਰਕਿਰਿਆ 'ਚ ਨਿਕਲ ਕੇ ਇਹ ਖਲਨਾਇਕ, ਖਲਨਾਇਕ ਹੀ ਰਹਿੰਦਾ ਹੈ ਜਾਂ ਫਿਰ ਨਾਇਕ ਬਣ ਜਾਂਦਾ ਹੈ, ਇਹ ਨਾਵਲ ਦੀ ਸੰਪੂਰਨਤਾ ਤੇ ਹੀ ਪਤਾ ਲਗੇਗਾ। ਸੱਚਮੁਚ 'ਸੰਗਲ ਨਾ ਫੜ' ਪੜ੍ਹਨ ਵਾਲੇ ਪਾਠਕਾਂ ਦੀ ਹਮਦਰਦੀ ਇਸ ਖਲਨਾਇਕ ਨਾਲ ਜੁੜ ਗਈ ਤੇ ਉਹ ਨਾਇਕ ਬਣ ਕੇ ਉਭਰਿਆ। ਪਰ ਇਸ ਨਾਵਲ ਦੀ ਇਕ ਪਾਤਰ ਜਿਸਨੂੰ ਮੈਂ ਖਲਨਾਇਕ ਹੋਣ ਦੇ ਬਾਵਜੂਦ, ਨਾਇਕਾ ਵਜੋਂ ਉਭਾਰਨ ਦਾ ਯਤਨ ਕੀਤਾ, ਉਹ ਨਾਇਕਾ ਨਹੀਂ ਬਣ ਸਕੀ। ਮੈਂ ਉਸਨੂੰ ਇਕ ਦਲੇਰ ਔਰਤ ਵਜੋਂ ਚਿਤਰਿਆ ਇਹ ਵੀ ਧਿਆਨ ਕੀਤਾ ਕਿ ਉਸਨੇ ਦੋ ਵਿਆਹ ਕਰਵਾਏ, ਦੋਵੇਂ ਸਫ਼ਲ ਨਹੀਂ ਹੋ ਸਕੇ। ਉਹ ਸਿੰਗਲ ਪੇਰੈਂਟ ਵਜੋਂ ਮਹਾਂਨਗਰ 'ਚ ਆਪਣੇ ਬੱਚਿਆਂ ਨੂੰ ਪਾਲ ਰਹੀ ਹੈ। ਉਹ ਦ੍ਰਿੜ ਇਰਾਦੇ ਵਾਲੀ ਔਰਤ ਹੈ, ਇਸਦੇ ਬਾਵਜੂਦ ਉਸਦਾ ਪਾਤਰ, ਨਾਵਲ ਦੇ ਖਲਨਾਇਕ ਨਾਲੋਂ ਵੱਧ ਨਹੀਂ ਉਭਰ ਸਕਿਆ। ਲੇਖਕ ਕਈ ਵਾਰ ਕੁਝ ਹੋਰ ਸਿਰਜਣਾ ਚਾਹੁੰਦਾ ਹੈ, ਪਰ ਜਦੋਂ ਪਾਤਰ ਉਸਦੇ ਹਥੋਂ ਨਿਕਲ ਕੇ ਆਪਣੇ ਆਪ ਨੂੰ ਆਪ ਹੀ ਸਿਰਜਣ ਲਗ ਪੈਣ ਤਾਂ ਲੇਖਕ ਬੇਵੱਸ ਹੋ ਜਾਂਦਾ ਹੈ। ਪਾਤਰ ਲੇਖਕ ਨੂੰ ਉਂਗਲ ਲਾ ਕੇ ਮਗਰ ਤੋਰ ਲੈਂਦੇ ਹਨ।

ਪਿਛਲੇ ਦੋ ਸਾਲਾਂ ਤੋਂ ਮੇਰੀ ਸਿਰਜਣ ਪ੍ਰਕਿਰਿਆ 'ਚ ਇਕ ਖੜੋਤ ਜਿਹੀ ਆਈ ਹੋਈ ਹੈ। ਸ਼ਾਇਦ ਹਰ ਲੇਖਕ ਨਾਲ ਕਦੇ ਨਾ ਕਦੇ ਇਹ ਗੱਲ ਵਾਪਰਦੀ ਹੈ। ਜਦੋਂ ਵੀ ਕੋਈ ਜ਼ੋਰਦਾਰ ਕਥਾਨਕ ਜਾਂ ਪਾਤਰ ਨਾਲ ਸਾਹਮਣੇ ਹੋਇਆ ਤਾਂ ਨਵੀਂ ਰਚਨਾ ਦੀ ਸਿਰਜਣ ਪ੍ਰਕਿਰਿਆ ਆਰੰਭ ਹੋ ਜਾਏਗੀ, ਇਸਦਾ ਮੈਨੂੰ ਵਿਸ਼ਵਾਸ ਹੈ।

**ਸੰਪਰਕ**-98760-95392






## ਨਾਵਲ ਮਹਿਜ਼ ਕਥਾ ਕਹਾਣੀ ਤੇ ਘਟਨਾਵਾਂ-ਬੰਦਿਆ ਦਾ ਬਿਰਤਾਂਤ ਨਹੀਂ ਹੁੰਦਾ / - ਮਨਮੋਹਨ

**'ਨਿਰਵਾਣ'** ਮੇਰਾ ਪਹਿਲਾ ਨਾਵਲ ਹੈ । ਮੈਂ ਜੋ ਪਿਛਲੇ ਕੁਝ ਵਰ੍ਹਿਆਂ 'ਚ ਜੀਵਿਆ, ਪੜ੍ਹਿਆ ਤੇ ਹੰਢਾਇਆ ਓਹੀ ਯਥਾਰਥ, ਗਲਪੀ ਬਿਰਤਾਂਤ ਰਾਹੀਂ 'ਨਿਰਵਾਣ' ਦੇ ਪਾਠ ਰੂਪ 'ਚ ਪਾਠਕਾਂ ਦੇ ਸਾਹਮਣੇ ਆਇਆ । ਯਥਾਰਥ ਤੇ ਗਲਪ ਵਿਚਲਾ ਫ਼ਰਕ ਉਵੇਂ ਹੀ ਹੁੰਦੈ ਜਿਵੇਂ ਸ਼ੀਸ਼ੇ ਵਿਚਲਾ ਬਿੰਬ । ਬਿੰਬ ਸ਼ੀਸ਼ੇ ਮੂਹਰੇ ਖੜ੍ਹੀ ਹੋਂਦ ਨਹੀਂ ਭਾਵੇਂ ਕਿ ਬਿੰਬ ਤੇ ਹੋਂਦ ਇਕੋ ਜਿਹੇ ਨੇ ਪਰ ਦੋਹਾਂ 'ਚ ਅੰਤਰ ਹੈ । ਇਹ ਅੰਤਰ ਹੈ ਜੀਵੰਤਤਾ ਤੇ ਦੇਸ਼-ਕਾਲ ਦਾ ।

ਸਿਰਜਣ ਪ੍ਰਕਿਰਿਆ ਨੂੰ ਪਰਿਭਾਸ਼ਿਤ ਕਰਨਾ ਤੇ ਵਿਆਖਿਆਉਣਾ ਔਖੈ । ਇਹ ਅਜਿਹਾ ਸਹਿਜਬੋਧ ਹੈ ਜੋ ਭਾਸ਼ਾ ਤੋਂ ਪਰ੍ਹੇ ਹੈ ਪਰ ਕਮਾਲ ਹੈ ਕਿ ਇਹ ਭਾਸ਼ਾ ਰਾਹੀਂ ਹੀ ਪ੍ਰਗਟ ਹੁੰਦੈ । ਹੈਨਰੀ ਬਰਗਸਾਂ ਕਹਿੰਦੈ ਕਿ ਸਹਿਜਬੋਧ ਸਿਮਰਤੀ ਹੈ, ਪ੍ਰਤੱਖਣ ਨਹੀਂ । ਬੰਦੇ ਨੇ ਜੋ ਜੀਵਿਆ, ਪੜ੍ਹਿਆ, ਸਮਝਿਆ ਤੇ ਹੰਢਾਇਆ ਹੁੰਦੈ ਓਹੀ ਕਾਲਿਕ-ਮਿਆਦ 'ਚ ਉਸਦਾ ਵਿਹਾਰ ਬਣਦਾ । ਸਿਰਜਣਾ, ਇਸ ਵਿਹਾਰ ਦਾ ਪ੍ਰਗਟਾਵਾ ਹੈ।

ਦੋਸਤੋਵਸਕੀ ਨੇ ਇਕ ਵਾਰ ਵਾਰਵਾਰਾ ਨੂੰ ਕਿਹਾ ਕਿ ਮੇਰੀ ਇਕ ਗੱਲ ਯਾਦ ਰੱਖੀਂ । ਕਹਾਣੀਆਂ ਤੇ ਪਲਾਟ ਮਨੋਂ ਨਾ ਘੜ੍ਹੀਂ । ਉਹ ਕੁਝ ਲਿਖੀਂ ਜੋ ਜ਼ਿੰਦਗੀ ਦਿੰਦੀ ਹੈ । ਜੋ ਜੀਵੰਤ ਹੈ । ਜ਼ਿੰਦਗੀ ਸਾਰੀਆਂ ਕਲਪਨਾਵਾਂ ਤੋਂ ਕਿਤੇ ਵੱਧ ਅਮੀਰ ਹੈ । ਆਮ ਸਧਾਰਣ ਬੰਦਿਆਂ ਦੀ ਜ਼ਿੰਦਗੀ ਜੋ ਸਾਨੂੰ ਦਿੰਦੀ ਹੈ, ਕੋਈ ਵੀ ਕਲਪਣਾ ਅਜਿਹਾ ਕੁਝ ਈਜਾਦ ਨਹੀਂ ਕਰ ਸਕਦੀ । ਜ਼ਿੰਦਗੀ ਦਾ ਸਤਿਕਾਰ ਕਰੀਂ ।

ਪਰ ਇਸਦਾ ਇਹ ਭਾਵ ਨਹੀਂ ਕਿ ਸਾਹਿਤ ਸੁਧਾ ਸੱਚ ਹੁੰਦਾ ਹੈ । ਸਾਹਿਤ ਗਲਪ ਹੁੰਦਾ ਜੋ ਸਾਨੂੰ ਸੱਚ ਨੂੰ ਪਛਾਨਣ ਦੇ ਕਾਬਿਲ ਬਣਾਉਂਦੈ । ਘੱਟੋ ਘੱਟ ਅਜਿਹਾ ਸੱਚ ਜੋ ਪਾਠਕ ਨੂੰ ਸਮਝਣ ਲਈ ਦਿੱਤਾ ਜਾਂਦੈ । ਲੇਖਕ ਨੂੰ ਅਵੱਸ਼ ਹੀ ਉਨ੍ਹਾਂ ਤਰੀਕਿਆਂ ਤੇ ਸਮਝ ਦਾ ਪਤਾ ਹੋਣਾ ਚਾਹੀਦਾ ਜੋ ਉਸਦੀਆਂ ਗਲਪ ਰਚਨਾਵਾਂ ਦੀ ਸੱਚਾਈ ਨੂੰ ਪਾਠਕ ਨੂੰ ਕਾਇਲ ਕਰਨ ਦੇ ਯੋਗ ਬਣਾਉਣ ।

ਮੂਲ ਰੂਪ 'ਚ ਮੈਂ ਕਵੀ ਹਾਂ । ਮੇਰੇ ਲਈ ਕਾਵਿਕਾਰੀ ਦਾ ਭਾਵ ਏ, ਸ਼ਬਦ ਦੀ ਪੂਰਣਤਾ ਨੂੰ ਪਾਉਣਾ। ਦਿੱਸਦਾ ਸ਼ਬਦ ਪੂਰਣ ਨਹੀਂ। ਸ਼ਬਦ ਦੀ ਪੂਰਣਤਾ, ਸ਼ਬਦ ਦੇ ਪਾਰ ਹੈ। ਅਦਿੱਖ । ਕਈ ਵਾਰ ਓਸ ਤੋਂ ਵੀ

ਪਰ੍ਹਾਂ ।ਸ਼ਬਦਾਂ ਤੋਂ ਪਾਰ ਦੇ ਅਧਿਆਤਮ ਨੂੰ ਪ੍ਰਾਪਤ/ਦਿੱਸਦੀ ਸ਼ਬਦ-ਸਮਰੱਥਾ ਤੋਂ ਪਰ੍ਹਾਂ ਜਾ ਕੇ ਫੜ੍ਹਨਾ, ਕਵਿਤਾ ਹੈ।ਏਸ ਅਧਿਆਤਮ 'ਚ ਸਵੈ ਤੋਂ ਲੈ ਕੇ ਪਰ ਤਕ ਦੇ ਸਾਰੇ ਵਰਤਾਰੇ ਸ਼ਾਮਿਲ ਹੁੰਦੇ ਨੇ।

ਕਾਵਿਕਾਰੀ, ਕਿਸੇ ਪਰਦਾਦਾਰੀ ਜਾਂ ਪਰਹੇਜ਼ਗਾਰੀ ਦੀ ਕਾਇਲ ਨਹੀਂ। ਵਿਚਾਰ, ਵਿਚਾਰਧਾਰਾ ਨਹੀਂ ਹੁੰਦਾ।ਵਿਚਾਰ ਬਹੁਤ ਪਰ੍ਹਾਂ ਦਾ ਵਰਤਾਰਾ ਹੈ ਪਰ ਕਾਵਿਕਾਰੀ ਨੂੰ ਕੋਈ ਝਿਜਕ ਨਹੀਂ ਕਿ ਕਿਹੜਾ ਵਿਚਾਰ, ਵਿਹਾਰ ਜਾਂ ਵਸਤੂ ਜਾਇਜ਼ ਹੈ, ਸੀਮਤ ਜਾਂ ਦੂਸ਼ਿਤ।ਇਸਨੂੰ 'ਜੋ' ਭਾਉਂਦਾ, ਜੱਚਦਾ ਬੇਖਟਕ ਇਸਦੇ ਕੋਲ ਆ ਜਾਂਦੈ।ਇਸ 'ਜੋ' ਨੂੰ ਪਰਿਭਾਸ਼ਿਤ ਕਰਨਾ ਔਖੈ।ਇਸਦਾ ਕੋਈ ਰੂਪ, ਅਕਾਰ ਤੇ ਵਜੂਦ ਨਹੀਂ ਹੁੰਦਾ।ਇਹ ਆਪਣੇ ਅਮੂਰਤਨ ਦੇ ਬਾਵਜੂਦ ਵੀ ਸਮਝ ਆਉਂਦੈ ਜਿਵੇਂ ਮਾਦੇ ਅੰਦਰਲੇ ਆਤਮ ਨੂੰ ਪ੍ਰਤੱਖਿਆ ਭਾਸਿਆ ਜਾ ਸਕਦੈ ਕਿਉਂ ਕਿ ਇਹ 'ਜੋ' ਆਪਣੀ ਕਾਵਿ-ਭਾਸ਼ਾ, ਸ਼ਿਲਪ, ਸ਼ੈਲੀ, ਵਿਧੀ ਤੇ ਸ਼ਬਦਕਾਰੀ ਆਪਣੇ ਨਾਲ ਹੀ ਲੈ ਕੇ ਆਉਂਦੈ।ਨਿਰਉਚੇਚ।ਸਹਿਜ ਭਾਵ।

ਸਹਿਜ ਹੀ ਸਿਰਜਣਾ ਏ।ਏਸ ਸਿਰਜਣ 'ਚ ਹੀ ਜਿਊਣ ਹੈ।ਇਹ ਹੀ ਜੀਵਨ-ਮਰਨ!

ਮੇਰੀ ਕਵਿਤਾ ਤੋਂ ਨਾਵਲ ਦੀ ਯਾਤਰਾ ਬਾਰੇ ਮੈਂ 'ਨਿਰਵਾਣ' ਦੀ ਭੂਮਿਕਾ 'ਚ ਹੀ ਲਿਖਿਆ ਹੈ; 'ਭਾਸ਼ਾ ਦੀ ਕੁਦਾਲ ਨਾਲ ਕਿਸੇ ਨੇ ਧਰਤੀ ਪੁੱਟਣੀ ਸ਼ੁਰੂ ਕੀਤੀ ਤਾਂ ਵਿਚੋਂ ਇਕ ਹੋਰ ਕੁਦਾਲ ਨਿਕਲ ਆਈ ।ਇਹੋ ਉਹੋ ਕੁਦਾਲ ਸੀ ਜਿਸ ਨਾਲ ਕਿਸੇ ਨੇ ਭਾਸ਼ਾ ਦੀ ਕੁਦਾਲ ਲੱਭੀ ਸੀ । ਮੇਰੀ ਕਵਿਤਾ ਤੋਂ ਨਾਵਲ ਵੱਲ ਦੀ ਭਾਲ ਵੀ ਕੁਝ ਇਹੋ ਜਿਹੀ ਰਹੀ..!' ।

ਮੈਂ ਆਪਣੀ ਨੌਕਰੀ ਦੇ ਸਿਲਸਿਲੇ 'ਚ ਜਿਨ੍ਹਾਂ ਇਲਾਕਿਆਂ, ਸਮਾਜਾਂ 'ਚ ਵਿਚਰਿਆਂ ਓਥੇ ਮੈਂ ਬੁੱਧ ਧਰਮ ਤੇ ਫ਼ਲਸਫ਼ੇ ਨੂੰ ਕੋਲੋਂ ਡਿੱਠਾ ਤੇ ਪੜ੍ਹਿਆ ਵੀ ।ਬੁੱਧ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਤੇ ਅਮਲੀ ਰੂਪ 'ਚ ਜਿਉਣ ਦਾ ਯਤਨ ਵੀ ਕੀਤਾ ।ਬੋਧ ਗਯਾ, ਜਿੱਥੇ ਬੁੱਧ ਨੂੰ ਨਿਰਵਾਣ ਪ੍ਰਾਪਤ ਹੋਇਆ ਓਥੇ ਮੈਂ ਆਪਣੀ ਨੌਕਰੀ ਦੇ ਸਬੰਧ 'ਚ ਮਾਓਵਾਦੀ ਲਹਿਰ ਨੂੰ ਲਾਗਿਓਂ ਤੱਕਿਆ ।ਮਾਰਕਸੀ ਵਿਚਾਰਧਾਰਾ ਤੇ ਮਾਓ ਦੇ ਅਮਲਾਂ ਬਾਰੇ ਮੈਂ ਨਿੱਠ ਕੇ ਅਧਿਐਨ ਕੀਤਾ ਤੇ ਸਮਝਣ ਦੀ ਕੋਸ਼ਿਸ਼ ਵੀ ਕੀਤੀ ।ਮਾਓਵਾਦੀ ਲਹਿਰ ਦੇ ਲੋਕ ਵਿਹਾਰ ਤੇ ਸਿਧਾਂਤਕਤਾ ਵਿਚਲੇ ਖੱਪੇ ਨੂੰ ਮਹਿਸੂਸ ਕੀਤਾ ।ਜਦੋਂ ਕਦੀ ਨਕਸਲੀ ਜਾਂ ਰਣਬੀਰ ਸੈਨਾ ਦੀ ਹਿੰਸਾ-ਪ੍ਰਤੀਹਿੰਸਾ ਦੀਆਂ ਘਟਨਾਵਾਂ ਦੇ ਮੌਕੇ ਦੀ ਜਾਂਚ ਕਰਕੇ ਪਰਤਦਾ ਤਾਂ ਰਾਹ 'ਚ ਪੈਂਦੇ ਬੋਧ ਗਯਾ ਮੱਠ ਕੋਲ ਰੁਕ ਜਾਂਦਾ ।ਬੋਧੀ ਬਿਰਖ ਹੇਠ ਬੈਠ ਇਸ ਮਾਨਵੀ ਹੋਣੀ ਤੇ ਵਿਡੰਭਨਾ 'ਤੇ ਮਨਨ ਕਰਦਾ ।ਕੁਝ ਵਰ੍ਹਿਆਂ ਬਾਅਦ ਮੇਰੀ ਬਦਲੀ ਲੇਹ ਹੋ ਗਈ ਜੋ ਬੁੱਧ ਦੇ ਪੈਰੋਕਾਰਾਂ ਦੀ ਧਰਤੀ ਹੈ । ਇਥੇ ਮੈਂ ਬੋਧੀ ਮੱਠਾਂ 'ਚ ਅਕਸਰ ਜਾਂਦਾ ।ਬੋਧੀ ਭਿਖਸ਼ੂਆਂ ਦੀ ਸੰਗਤ 'ਚ ਵਿਚਰਦਾ ।ਬੁੱਧ ਦਰਸ਼ਨ ਤੇ ਵਿਚਾਰਾਂ 'ਤੇ ਗੋਸ਼ਟਿ ਹੁੰਦਾ ।

ਬੁੱਧ ਦੇ ਫ਼ਲਸਫ਼ੇ ਦੇ ਨਾਲ ਨਾਲ ਭਾਰਤੀ ਦਰਸ਼ਨ ਤੇ ਗਿਆਨ ਸ਼ਾਸਤਰ ਨੂੰ ਮੈਂ ਆਪਣੇ ਅੰਦਰਲੀਆਂ ਜਿਗਿਆਸਾਵਾਂ ਦੇ ਜਵਾਬ ਲੱਭਣ ਲਈ ਪੜ੍ਹਦਾ ।ਵੇਦਾਂਤ 'ਚ ਉਪਨਿਸ਼ਦਾਂ ਤੇ ਪੁਰਾਣਾਂ ਦਾ ਅਧਿਐਨ ਕਰਦਾ । ਮਿਥਿਹਾਸ ਇਤਿਹਾਸ ਨੂੰ ਫਰੋਲਦਾ ।ਮੈਂ ਹੋਰ ਪੜ੍ਹਦਾ ।ਧਾਰਨਾਵਾਂ ਧਿਆਉਂਦਾ ।ਸਮਾਧੀ ਲਾਉਂਦਾ ।ਧਿਆਨ ਯੋਗ ਦੀ ਭਾਲ ਕਰਦਾ ।ਹੋਰ ਭਟਕਦਾ ।ਫਿਰ ਧਿਆਨ ਦੀ ਸ਼ਰਣ ਲੈਂਦਾ ।ਫਿਰ ਭਟਕਦਾ ।ਇਸ ਭਟਕਣ ਨਾਲ 'ਨਿਰਵਾਣ' ਦਾ ਸਿਰਜਣ ਹੋਰ ਤੀਬਰ ਹੁੰਦਾ ।

ਇਸਦੇ ਨਾਲ ਨਾਲ ਆਪਣੀ ਨੌਕਰੀ ਦੀਆਂ ਜ਼ਰੂਰਤਾਵਾਂ ਦੀ ਪੂਰਤੀ ਲਈ ਦੇਸ਼ ਦੀਆਂ ਰਾਜਨੀਤਕ ਤੇ ਸੱਤਾ ਸੰਰਚਨਾਵਾਂ ਦੇ ਸੂਖ਼ਮ ਪਾਸਾਰਾਂ ਨੂੰ ਪਛਾਨਣ ਦੀ ਕੋਸ਼ਿਸ਼ ਕਰਦਾ ।ਇਸ ਪ੍ਰਕਿਰਿਆ 'ਚ ਮੇਰੀ ਇਹ ਸਮਝ ਪੈਦਾ ਹੋਈ ਕਿ ਵੇਦਾਂਤ ਤੇ ਉਸਦੇ ਬ੍ਰਾਹਮਣੀ ਸੰਕਲਪਾਂ ਨੇ ਬੁੱਧ ਮੱਤ ਤੇ ਹੋਰ ਭਾਰਤੀ ਗਿਆਨ ਪਰੰਪਰਾਵਾਂ ਭਾਵ (ਪਦਾਰਥਕ, ਪ੍ਰਕਿਰਤਕ ਤੇ ਸ਼ੂੰਨਯਵਾਦੀ) ਨੂੰ ਆਪਣੀ ਸੱਤਾ ਨੂੰ ਬਣਾਏ ਰੱਖਣ ਲਈ ਮਾਇਆ ਤੇ ਬ੍ਰਹਮ ਦੀ ਖੇਡ ਨਾਲ ਮੂਲੋਂ ਹੀ ਜੜੋਂ ਉਖਾੜ ਦਿੱਤਾ ਤੇ ਲੋਕਾਈ ਨੂੰ ਆਪਣੇ ਮਗਰ ਲਾ ਲਿਆ ।ਸਾਰਾ ਭਾਰਤ ਵੇਦਾਂਤਮਈ ਹੋ ਗਿਆ ।ਸ਼ੰਕਰਾਚਾਰਯ ਦੀ ਇਸ 'ਚ ਮੁੱਖ ਭੂਮਿਕਾ ਸੀ ।ਇਸਦੇ ਨਾਲ



ਨਾਲ ਵਰਤਮਾਨ ਦੌਰ 'ਚ ਰਾਜਨੀਤਕ ਸੱਤਾ ਕੋਲ ਲੋਕਤੰਤਰ ਇਕ ਅਜਿਹਾ ਸੰਦ ਹੈ ਜਿਸ ਨਾਲ ਉਹ ਆਪਣੇ ਆਪ ਨੂੰ ਬਣਾਏ ਰੱਖਣ ਲਈ ਹਰ ਖੇਡ ਖੇਲਦੀ ਹੈ ।ਮੈਨੂੰ ਭਾਰਤੀ ਇਤਿਹਾਸ ਤੇ ਗਿਆਨ ਦੇ ਪਰਿਪੇਖ ਨੇ ਕਾਲਾਂਤਰ 'ਚ ਪਏ ਇਨ੍ਹਾਂ ਦੋਹਾਂ ਦੌਰਾਂ 'ਚ ਸਮਾਨਾਂਤਰਤਾ ਦਿਸੀ ।ਇਸੇ ਸਮਾਨਾਂਤਰਤਾ ਨੂੰ ਮੈਂ ਇਕ ਹਜ਼ਾਰ ਸਾਲ ਦੇ ਅੰਤਰਾਲ 'ਚ ਦੋ ਪਾਤਰਾਂ ਆਨੰਦ ਤੇ ਮਿਲਿੰਦ ਦੇ ਬਿਰਤਾਂਤ ਰਾਹੀਂ ਪੇਸ਼ ਕੀਤਾ । ਮਿਲਿੰਦ ਬੁੱਧ ਦੇ ਨਾਲ ਨਾਲ ਭਾਰਤੀ ਗਿਆਨ ਸ਼ਾਸਤਰ ਦਾ ਵਿਦਿਆਰਥੀ ਹੈ ।ਆਨੰਦ ਮਾਓਵਾਦੀ ਦਾ ਕਾਰਕੁੰਨ ਜੋ ਆਪਣੇ ਆਦਰਸ਼ਾਂ 'ਚ ਬੱਝਾ ਹੈ ।ਦੋਵੇਂ ਹੀ ਆਪਣੇ ਜੀਵਨ ਦੇ ਤਣਾਵਾਂ ਦੀ ਸ਼ਰਣ ਪ੍ਰੇਮ 'ਚੋਂ ਤਲਾਸ਼ਦੇ ਹੋਏ ਲੰਮੀਆਂ ਯਾਤਰਾਵਾਂ ਦੀ ਉੱਭ ਤੋਂ ਬਾਅਦ ਆਪਣੀਆਂ ਜੜ੍ਹਾਂ (ਰੋਟਸ) ਵੱਲ ਮੁੜਦੇ ਨੇ । ਵਰਜਣਾਵਾਂ ਤੋੜ ਕੇ ਮੁਕਤ ਹੋਣਾ ਲੋਚਦੇ ਨੇ ।ਦੋਹਾਂ ਨੂੰ ਮੁਕਤੀ ਦੀ ਟੋਹ ਪ੍ਰੇਮ 'ਚੋਂ ਮਿਲਦੀ ਹੈ ।ਦੋਵੇਂ ਪ੍ਰੇਮਮਈ ਹੋ ਆਪਣੇ ਪ੍ਰੇਮ ਦੀ ਸੰਪੂਰਣਤਾ ਸਿਰਜਣਾ ਦੀ ਟੇਕ 'ਚੋਂ ਭਾਲਦੇ ਨੇ । ਮਿਲਿੰਦ ਦੀ ਕਮਲਾ ਬੁੱਧ ਦੀਆਂ ਧਾਰਣਾਵਾਂ ਨੂੰ ਪ੍ਰਚਾਰ ਕੇ ਤੇ ਆਨੰਦ ਦੀ ਪੰਕਜਾ ਕਵਿਤਾ ਦੀ ਸਿਰਜਣਾ ਕਰਕੇ ।ਆਨੰਦ ਤੇ ਮਿਲਿੰਦ ਉਨ੍ਹਾਂ ਦੀ ਸਿਰਜਣਾ ਦੇ ਨਾਲ ਨਾਲ ਖਲੋਂਦੇ ਹਨ ।'ਨਿਰਵਾਣ' ਦਾ ਪੋਸਟ ਸਕਰਿਪਟ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭਿਖਸ਼ੂ ਮਿਲਿੰਦ ਤੇ ਕਮਲਾ ਦੀ ਅਣਸ ਕਾਲਾਂਤਰ 'ਚ ਕਿਸੇ ਨਾ ਕਿਸੇ ਸਿਰਜਣਾਤਮਕ ਵਿਹਾਰ ਨਾਲ ਜੁੜੀ ਰਹੀ ।ਕੋਈ ਗਿਆਨ ਦੇ ਰਾਹ ਪਿਆ ਤੇ ਕੋਈ ਧਿਆਨ ਦੇ । ਜਿਗਿਆਸਾਵਾਂ ਤੇ ਨਿਵਰਿਤੀਆਂ ਦਾ ਸਿਲਸਿਲਾ ਜਾਰੀ ਰਿਹਾ ।ਅੰਤ ਆਨੰਦ ਤੇ ਪੰਕਜਾ ਵੀ ਆਪਣਾ ਉਦੇਸ਼ ਸਿਰਜਣ ਤੇ ਸਮਰਪਣ ਨੂੰ ਮਿੱਥਦੇ ਹਨ ।ਇਸ ਉਦੇਸ਼ ਲਈ ਸਮਰਪਿਤ ਸੰਘਰਸ਼ ਜਾਰੀ ਹੈ ।ਇਸੇ ਕਰਕੇ 'ਨਿਰਵਾਣ' ਦੇ ਅਖ਼ੀਰ 'ਚ ਆਉਂਦੈ; 'ਇਹ ਅੰਤ ਨਹੀਂ' ।

ਨਿੱਜੀ ਜੀਵਨ 'ਚ ਕਈ ਅਜਿਹੇ ਪ੍ਰੇਮ ਅਨੁਭਵਾਂ, ਹੋਏ-ਅਣਹੋਏ ਪਰਕੀਆ ਸਬੰਧਾਂ ਨੇ ਮੇਰੀ ਜ਼ਿੰਦਗੀ ਦੇ ਵੱਡੇ ਦੌਰ ਨੂੰ ਪ੍ਰਭਾਵਿਤ ਕੀਤਾ ।ਹਜ਼ਾਰੀ ਪ੍ਰਸਾਦ ਦਿਵੇਦੀ ਨੇ 'ਅਨਾਮ ਦਾਸ ਕਾ ਪੋਥਾ' 'ਚ ਲਿਖਿਆ ਕਿ ਇਸਤਰੀ ਵੱਲ ਆਕਰਸ਼ਿਤ ਹੋਣਾ ਕਾਮ ਹੈ ਪਰ ਉਸ ਉਪਰ ਆਪਣਾ ਆਪ ਨਿਛਾਵਰ ਕਰ ਦੇਣਾ ਪ੍ਰੇਮ ਹੈ ।ਕਾਮ ਅਧਿਆਤਮਕ ਵਿਕਾਸ ਦਾ ਬਾਧਕ ਹੈ ਜਦੋਂ ਕਿ ਪ੍ਰੇਮ ਉਸਦਾ ਉਨਨਾਯਕ ਹੈ ।ਇਸਤਰੀ ਪੁਰਸ਼ ਸਬੰਧ ਤਿੰਨ ਪ੍ਰਕਾਰ ਦੇ ਹੁੰਦੇ ਨੇ ।ਇਕ ਹੈ ਕਾਮ ਤੋਂ ਪੈਦਾ ਸਬੰਧ ਜੋ ਧਰਮ ਸੰਗਤ ਨਹੀਂ ।ਦੂਸਰਾ ਜੋ ਧਰਮ ਸੰਗਤ ਹੈ, ਇਸਨੂੰ ਇਹ ਸ਼ਾਸਤਰਾਂ 'ਚ ਵਿਆਹ ਕਹਿੰਦੇ ਨੇ ।ਤੀਸਰਾ ਹੈ ਉਦਵਾਹ ।ਇਸ 'ਚ ਪਤੀ ਪਤਨੀ ਨੂੰ ਅਤੇ ਪਤਨੀ ਪਤੀ ਨੂੰ ਉਮਰ ਭਰ ਵਹਨ ਕਰਦੀ ਹੈ ਅਰਥਾਤ ਪ੍ਰਸਪਰ ਦੀ ਅਧਿਆਤਮਕ ਚੇਤਨਾ ਨੂੰ ਨਿਖਾਰਦੀ ਹੈ ।ਵਿਆਹ 'ਚ ਪਨਿਗ੍ਰਹਿਣ ਦਾ ਵਿਧਾਨ ਹੈ ਜਦੋਂ ਕਿ ਉਦਵਾਹ 'ਚ ਉਪੋਦਗ੍ਰਹਿਣ ਹੁੰਦਾ ਹੈ ।ਇਹ ਗ੍ਰਹਿਣ ਪਨਿ ਦਾ ਨਹੀਂ ਮੁਖ ਤੇ ਮਨ ਦਾ ਹੁੰਦੈ ।ਮਾਨਸਿਕ ਹੁੰਦਾ ।ਭਾਵਨਾਵਾਂ ਦਾ ਹੁੰਦਾ ।ਮਿਲਿੰਦ ਤੇ ਕਮਲਾ ਅਤੇ ਆਨੰਦ ਤੇ ਪੰਕਜਾ ਦਾ ਪ੍ਰੇਮ ਵਿਹਾਰ ਕੁਝ ਇਸੇ ਨੌਈਅਤ ਦਾ ਹੈ ਜੋ ਕਿ 'ਨਿਰਵਾਣ' ਦੇ ਪਾਠ 'ਚ ਆਰ ਪਾਰ ਫ਼ੈਲਿਆ ਹੈ ।

ਉਪਰੋਕਤ ਦਾਰਸ਼ਨਿਕ ਮੀਮਾਂਸਾ, ਇਤਿਹਾਸ 'ਚ ਪਈ ਰਾਜਨੀਤਕ-ਧਾਰਮਿਕ ਸੱਤਾ ਦੇ ਸ਼ੋਸ਼ਣੀ ਵਰਤਾਰੇ ਤੇ ਨਿੱਜੀ ਜੀਵਨ 'ਚ ਵਾਪਰੇ ਪ੍ਰੇਮ ਅਨੁਭਵਾਂ ਤੇ ਦੇਹਿਕ ਸੰਵੇਦਨਾਵਾਂ ਗਾਹੇ ਬਗਾਹੇ ਮੇਰੀ ਕਵਿਤਾ 'ਚ ਵਿਅਕਤ ਵੀ ਹੋਏ/ਹੋਈਆਂ ।ਇਸਦੇ ਨਾਲ ਨਾਲ ਮੇਰੇ ਸੰਸਕਾਰਾਂ ਤੇ ਮੇਰੇ ਜਾਤੀਗਤ ਪਿੱਠਭੂਮਨ ਨੇ ਵੀ ਵੱਡੀ ਭੂਮਿਕਾ ਨਿਭਾਈ ।ਮੇਰਾ ਮੰਨਣਾ ਹੈ ਕਿ ਭਾਰਤੀ ਸੰਸਕ੍ਰਿਤੀ ਤੇ ਸਮਾਜਿਕਤਾ 'ਚ ਇਨ੍ਹਾਂ ਤੋਂ ਮੁਨਕਰ ਨਹੀ ਹੋਇਆ ਜਾ ਸਕਦਾ ।ਜਾਤ ਤੇ ਵਰਣ ਅਜਿਹਾ ਵਰਤਾਰਾ ਹੈ ਕਿ ਜਿੰਨੇ ਮਰਜ਼ੀ ਸੁੰਦਰ ਭੇਸ਼ਣ ਪਹਿਨ ਲਵੋ ਇਹ ਕੋਹੜ ਛੁਪਾਇਆਂ ਵੀ ਨਹੀਂ ਛੁਪਦਾ ।ਮੈਂ ਦਲਿਤ ਗਿਆਨ ਸ਼ਾਸਤਰ ਨੂੰ ਵੀ ਪੜ੍ਹਿਆ ।ਜੋਤਿਬਾ ਫੂਲੇ ਦੇ ਵਿਚਾਰਾਂ ਨੇ ਮੈਨੂੰ ਪ੍ਰਭਾਵਿਤ ਕੀਤਾ ਕਿ ਲੋਕਾਈ ਦਾ ਭਲਾ ਗਿਆਨਵਾਨ ਹੋਣ 'ਚ ਹੀ ਹੈ ।

ਪਰ ਮੈਨੂੰ ਮਹਿਸੂਸ ਹੁੰਦਾ ਸੀ ਕਿ ਮੈਂ ਇਨ੍ਹਾਂ ਮੀਮਾਸਾਵਾਂ ਤੇ ਅਨੁਭਵਾਂ ਦੇ ਸੂਖ਼ਮ ਤੇ ਉਦਾਤ ਪੱਖਾਂ ਨੂੰ ਤਾਂ

ਕਵਿਤਾ 'ਚ ਪ੍ਰਗਟ ਕਰ ਪਾ ਰਿਹਾ । ਇਨ੍ਹਾਂ ਦੀ ਬਹੁਵੰਦਤਾ/ਬਹੁਧੁਨੀ ਤੇ ਵਨਸੁਵੰਨਤਾ ਕਵਿਤਾ 'ਚ ਵਿਅਕਤ ਨਹੀਂ ਹੋ ਰਹੀ । ਰੂਸੀ ਵਿਦਵਾਨ ਮਿਖੇਲ ਬਾਖ਼ਤਿਨ ਇਸਨੂੰ ਹੈਟਰੋਗਲੌਸੀਆ ਤੇ ਪੋਲੀਫੋਨੀ ਕਹਿੰਦਾ ਹੈ । ਉਸਦਾ ਵਿਚਾਰ ਹੈ ਕਿ ਨਾਵਲ ਦੀ ਵਿਧਾ ਲਈ ਇਨ੍ਹਾਂ ਤੱਤਾਂ ਦਾ ਗਲਪ ਸਿਰਜਣ ਪ੍ਰਕਿਰਿਆ 'ਚ ਹੋਣਾ ਜ਼ਰੂਰੀ ਹੈ । ਇਸ ਤੋਂ ਇਲਾਵਾ ਬਾਖ਼ਤਿਨ ਦੇ ਸੰਵਾਦ ਦੇ ਸੰਕਲਪ, ਮਾਰਤਿਨ ਬੂਬਰ ਦੇ ਦੂਜੇ/ਦਾਓ , ਇਮੈਨੂਅਲ ਲੈਵੀਨਾਸ ਦੇ ਪਰਤਾ ਅਤੇ ਹੈਨਰੀ ਬਰਗਸਾਂ ਦੇ ਸਹਿਜਬੋਧ ਤੇ ਨੈਤਿਕਤਾ ਦੇ ਸੰਕਲਪਾਂ ਨੇ ਵੀ ਮੇਰੀ ਸਮਝ ਨੂੰ ਨਿਖਾਰਿਆ ਕਿ ਦੂਜੇ/ਹੋਰ ਦੀ ਹੋਂਦ ਨੂੰ ਸਮਝਣਾ ਆਪਣੇ ਆਪ ਨੂੰ ਤਲਾਸ਼ਣ ਲਈ ਜ਼ਰੂਰੀ ਹੈ । ਇਸ ਸਿਧਾਂਤਕਤਾ ਦੇ ਪਿਠਭੂਮਨ 'ਚ ਮੈਂ 'ਨਿਰਵਾਣ' ਦਾ ਗਲਪੀ ਬਿਰਤਾਂਤ ਸਿਰਜਣ ਦੀ ਚੇਸ਼ਟਾ ਕੀਤੀ ਪਰ ਭਾਸ਼ਾ ਦੀ ਖ਼ੂਬਸੂਰਤੀ ਦੇਖੋ ਕਿ ਕਵਿਤਾ ਫਿਰ ਵੀ ਮੇਰੇ ਨਾਲ ਨਾਲ ਹੀ ਰਹੀ । ਮੈਂ ਆਪ ਹੈਰਾਨ ਹਾਂ । ਭਾਸ਼ਾ ਦੀ ਅਦਭੁਤਤਾ ਬਾਰੇ ਜਲਾਲੂਦੀਨ ਰੂਮੀ ਲਿਖਦਾ ਹੈ ਕਿ ਇਹ ਹਮੇਸ਼ਾ ਹੁੰਦਾ ਹੈ , ਜਦੋਂ ਮੈਂ ਕਵਿਤਾ ਲਿਖ ਕੇ ਹੱਟਦਾ ਹਾਂ ਤਾਂ ਇਕ ਮਹਾਨ ਚੁੱਪ ਮੈਨੂੰ ਘੇਰ ਲੈਂਦੀ ਹੈ ਤੇ ਮੈਂ ਹੈਰਾਨ ਹੁੰਦਾ ਹਾਂ ਕਿ ਕਿਉਂ ਮੈਂ ਭਾਸ਼ਾ ਦੀ ਵਰਤੋਂ ਬਾਰੇ ਸੋਚਿਆ ।

ਆਪਣੀ ਦੇਹ, ਮਨ ਤੇ ਮਸਤਿਕ 'ਤੇ ਹੰਢਾਏ ਇਨ੍ਹਾਂ ਸਾਰੇ ਸੱਚਾਂ/ਮਿੱਥਕਾਂ ਨੂੰ ਪ੍ਰਗਟਾਉਣ ਲਈ ਮੈਨੂੰ ਨਾਵਲ ਵਿਧਾ ਮਾਫ਼ਕ ਲਗੀ । ਮੈਂ ਲਿਖਦਾ ਬਹੁਤ ਘੱਟ ਹਾਂ । ਪੜ੍ਹਨ ਵੱਲ ਵੱਧ ਧਿਆਨ ਦਿੰਦਾਂ । ਕਿਉਂ ਕਿ ਟਾਲਸਟਾਏ ਦੀ ਇਕ ਗੱਲ ਮੇਰੇ ਮਨ 'ਚ ਬੈਠੀ ਹੋਈ ਹੈ । ਟਾਲਸਟਾਏ ਕਹਿੰਦਾ ਹੈ ਕਿ ਜੇਕਰ ਮੈਂ ਦੱਸ ਸਾਲ ਨਾ ਲਿਖਾਂ ਤਾਂ ਮੈਨੂੰ ਕੋਈ ਪਾਪ ਬੋਧ ਨਹੀਂ ਹੁੰਦਾ ਪਰ ਪੜ੍ਹਨਾ ਮੇਰੇ ਲਈ ਹਰ ਰਾਤ ਜ਼ਰੂਰੀ ਹੈ ।

'ਨਿਰਵਾਣ' ਮੈਂ ਦੱਸ ਸਾਲ ਪਹਿਲਾਂ ਲਿਖਣਾ ਸ਼ੁਰੂ ਕੀਤਾ । ਇਸ ਸਦੀ ਦੇ ਸ਼ੁਰੂਆਤੀ ਦਿਨਾਂ 'ਚ । ਮੇਰਾ ਮੰਨਣਾ ਹੈ ਕਿ ਸਿਰਜਣਾ ਦੌਰਾਨ ਲਿਖਣਾ ਓਨਾਂ ਮਹੱਤਵਪੂਰਣ ਨਹੀਂ ਹੁੰਦਾ ਜਿੰਨਾ ਨਾ-ਲਿਖਣਾ । ਬੰਗਾਲੀ ਨਾਵਲਕਾਰ ਸ਼ਰਤ ਚੰਦਰ ਚੈਟਰਜੀ ਨੇ ਇਕ ਵਾਰ ਦੂਜੇ ਬੰਗਾਲੀ ਨਾਵਲਕਾਰ ਨੂੰ ਦਲੀਪ ਕੁਮਾਰ ਰਾਏ ਨੂੰ ਕਿਹਾ ਸੀ ਕਿ ਤੂੰ ਲਿਖਣਾ ਤਾਂ ਜਾਣਦੈਂ ਪਰ ਨਾ-ਲਿਖਣਾ ਨਹੀਂ । ਇਸ ਲਈ ਲਿਖਣ ਨਾਲੋਂ ਵੱਧ ਮੈਂ ਪੜ੍ਹਦਾ ਜ਼ਿਆਦਾ । ਮਨਨ ਵੱਧ ਕਰਦਾਂ । ਕਈ ਪ੍ਰਸ਼ਨ ਤੇ ਜਿਗਿਆਸਵਾਂ ਮਨ 'ਚ ਉੱਠਦੀਆਂ ਤੇ ਮੈਂ ਉਨ੍ਹਾਂ ਦੇ ਜਵਾਬ ਲੱਭਣ ਲਈ ਅਧਿਐਨ ਦਾ ਸਹਾਰਾ ਲੈਂਦਾ ।

ਮੇਰੇ ਮਨ 'ਚ ਨਾਵਲੀ ਵਿਧਾ ਤੇ ਸਿਧਾਂਤ ਬਾਰੇ ਇਕ ਗੱਲ ਬੈਠੀ ਸੀ ਕਿ ਨਾਵਲ ਮਹਿਜ਼ ਕਥਾ ਕਹਾਣੀ ਤੇ ਘਟਨਾਵਾਂ-ਬੰਦਿਆ ਦਾ ਬਿਰਤਾਂਤ ਨਹੀਂ ਹੁੰਦਾ । ਨਾਵਲ ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਕੁੱਝ ਹੁੰਦਾ । ਰੂਜ਼ਵੈਲਟ ਨੇ ਇਕ ਵਾਰ ਕਿਹਾ ਸੀ ਕਿ ਉੱਚੀ ਸੋਚ ਵਾਲੇ ਵਿਚਾਰਾਂ ਦੀ ਗੱਲ ਕਰਦੇ ਨੇ, ਔਸਤ ਸੋਚ ਵਾਲੇ ਘਟਨਾਵਾਂ ਦੀ ਤੇ ਨੀਵੀਂ ਸੋਚ ਵਾਲੇ ਬੰਦਿਆਂ ਦੀ ।

ਨਾਵਲ ਦੀ ਵਿਧਾ ਬਾਰੇ ਮੇਰਾ ਮੰਨਣਾ ਹੈ ਕਿ ਇਸਦੀ ਬਣਤਰ ਬਹੁਵੰਦੀ, ਵਨਸੁਵੰਨੀ ਤੇ ਸੁਰ ਬਹੁਧੁਨੀ ਹੁੰਦੀ ਹੈ । ਪੰਜਾਬੀ ਨਾਵਲ ਦੀ ਸਾਰੀ ਪਰੰਪਰਾ ਮੇਰੇ ਸਾਹਮਣੇ ਸੀ ਜੋ ਬਹੁਤੀ ਸ਼ਬਦ-ਸੱਭਿਆਚਾਰ ਵੱਲ ਰੁਚਿਤ ਰਹੀ ਹੈ । ਦੈਰੀਦਾ ਇਸਨੂੰ ਲੋਗੋਸੈਂਟਰਿਕ ਕਹਿੰਦਾ ਹੈ । ਹੁਣ ਮੇਰੀ ਚੋਣ ਸੀ ਕਿ ਮੈਂ ਲਕੀਰ ਦਾ ਫ਼ਕੀਰ ਬਣ ਗਾਡੀਰਾਹ ਅਪਨਾਵਾਂ ਜਾਂ ਵਿਚਾਰ, ਵਿਚਾਰਧਾਰਾ, ਕੱਥ, ਕਥਾਨਕ, ਭਾਸ਼ਾ ਤੇ ਸ਼ਿਲਪ ਦੀ ਪੱਧਰ 'ਤੇ ਕੋਈ ਨਵਾਂ ਪ੍ਰਯੋਗ ਕਰਾਂ । 'ਨਿਰਵਾਣ' ਨੂੰ ਲਿਖਣ ਲਈ ਮੈਂ ਔਖਾ ਪੰਧ ਅਖਤਿਆਰ ਕੀਤਾ ।

ਇਸ ਨਿਰਵਾਣੀ ਪੰਧ ਦਾ ਪਾਠ ਰੂਪ ਹੁਣ ਪਾਠਕਾਂ ਦੇ ਸਾਹਮਣੇ ਹੈ । ਮੇਰਾ ਮੰਨਣਾ ਹੈ ਕਿ ਰਚਨਾ ਲਿਖੇ ਜਾਣ ਤੋਂ ਬਾਅਦ, ਰਚਨਾਕਾਰ ਦਾ ਉਸ ਨਾਲ ਕੋਈ ਬਹੁਤਾ ਵਾਸਤਾ ਨਹੀਂ ਰਹਿੰਦਾ। ਕਿਉਂ ਕਿ ਰਚਨਾਕਾਰ ਦੀ ਭੂਮਿਕਾ ਆਪਣਾ ਆਪ ਹੰਢਾਅ ਚੁੱਕੀ ਹੁੰਦੀ ਹੈ। ਲਿਖੇ ਜਾਣ ਬਾਅਦ ਰਚਨਾ ਆਪ ਖ਼ੁਦਮੁਖ਼ਤਾਰ ਹੈ। ਉਸ ਨੂੰ ਕਿਸੇ ਦੀ ਟੇਕ ਨਹੀਂ। ਜੇ ਟੇਕ ਦੀ ਲੋੜ ਹੀ ਪੈ ਗਈ ਤਾਂ ਫਿਰ ਰਚਨਾ ਦੀ ਆਪਣੀ ਹੋਂਦ ਕੀ ਹੋਈ?

**ਸੰਪਰਕ-98682-52946**










# ਇਤਿਹਾਸਿਕ ਨਾਵਲ ਸਿਰਫ਼ ਇਤਿਹਾਸ ਨਹੀਂ ਇਤਿਹਾਸ ਦੀ ਮਾਨਸਿਕਤਾ ਹੁੰਦਾ ਹੈ / - ਜਸਬੀਰ ਮੰਡ

ਸ਼ਿਵਾਲਿਕ ਦੀਆਂ ਪਹਾੜੀਆਂ ਥੱਲੇ ਸ਼ਹਿਰ ਤੋਂ ਦੂਰ ਪਿੰਡ ਹਿਰਦਾਪੁਰ ਮੇਰੀ ਜਨਮ ਭੂਮੀ ਹੈ। ਪੁਆਧ ਵਿੱਚ ਇਸ ਇਲਾਕੇ ਨੂੰ 'ਘਾੜ' ਕਿਹਾ ਜਾਂਦਾ ਹੈ। ਇਸ ਇਲਾਕੇ ਦਾ ਸਾਹਿਤ ਨਾਲ ਕੋਈ ਨੇੜੇ ਤੇੜੇ ਦਾ ਵੀ ਰਿਸ਼ਤਾ ਨਹੀਂ ਰਿਹਾ। ਪਾਣੀ ਦੀ ਘਾਟ ਨਾਲ ਜੁੜੇ ਸਾਰੇ ਦੁੱਖ ਕਲੇਸ਼ ਇਸ ਇਲਾਕੇ ਦੀ ਕਿਸਾਨੀ ਨੂੰ ਝੱਲਣੇ ਪੈਂਦੇ ਸਨ। ਨਦੀਆਂ ,ਚੋਇਆਂ ਨਾਲ ਭਰੇ ਇਸ ਇਲਾਕੇ ਵਿੱਚ ਕਿਸੇ ਸਾਹਿਤਕ ਚੇਹਰੇ ਨੂੰ ਵੇਖਣ ਸਮਝਣ ਦਾ ਕੋਈ ਅਨੁਭਵ ਨਹੀਂ ਸੀ। ਕਾਲਜ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਜਦੋਂ ਮੈਂ ਪਹਿਲੀ ਵਾਰ ਨੌਕਰੀ ਨਾ ਕਰਨ ਤੇ ਸਿਰਫ ਲਿਖਣ ਪੜ੍ਹਣ ਦੀ ਗੱਲ ਕੀਤੀ ਤਾਂ ਇਹ ਮੇਰੇ ਘਰ ਤੇ ਮੇਰੇ ਪਿੰਡ ਲਈ ਅਨੋਖੀ ਗੱਲ ਸੀ। ਇਹ ਭਾਵੁਕ ਫੈਸਲਾ ਜਿੰਨਾ ਕਹਿਣਾ ਸੌਖਾ ਸੀ;ਉਨਾਂ ਹੀ ਨਿਭਾਉਣਾ ਔਖਾ ਸੀ। ਇਹ ਆਪਣੇ ਆਪਨੂੰ ਅਲੱਗ ਥਲੱਗ ਕਰਨ ਦੀ ਆਪਣੇ ਆਪ ਕੀਤੀ ਕੋਸ਼ਿਸ਼ ਵਾਂਗ ਸੀ। ਪਰ ਅਚਾਨਕ ਸਭ ਕੁਝ ਬਦਲ ਗਿਆ ਸੀ। ਕਿਸਾਨੀ ਵਿੱਚ ਜਦੋਂ ਇਹ ਪਤਾ ਲੱਗ ਜਾਵੇ ਕਿ ਇਹ ਹੁਣ ਇਥੋਂ ਜੋਗਾ ਹੀ ਰਹਿ ਗਿਆ;ਫਿਰ ਉਹ ਸਭ ਕੁਝ ਆਪਣੇ ਵਰਗਾ ਹੀ ਵੇਖਣਾ ਚਾਹੁੰਦੀ ਹੈ। ਆਧੁਨਿਕ ਪੀੜ੍ਹੀ ਲਈ ਇਹ ਸਭ ਤੋਂ ਵੱਡੀ ਪੀੜ੍ਹਾ ਸੀ। ਇਹ ਦੋ ਪੀੜ੍ਹੀਆਂ ਦੇ ਸੁਭਾਅ ਦਾ ਟਕਰਾਅ ਸੀ। ਜੋ ਮੈਂ ਸੌਖਾ ਸਮਝਕੇ ਚੁਣਿਆ ਸੀ;ਖੇਤੀ ਕਰਾਗਾਂ..ਪੜ੍ਹਾਗਾਂ, ਲਿਖਾਗਾਂ..ਉਹ ਉਲਟਾ ਤਣਾਅ ਦਾ ਹੁੰਭ ਬਣਕੇ ਮੇਰੇ ਆਲੇ ਦੁਆਲੇ ਲਿਪਟ ਗਿਆ ਸੀ। ਪਰ ਮੇਰਾ ਫੈਸਲਾ ਅਟੱਲ ਸੀ।

ਇਸ ਤੋਂ ਅਗਲੇ ਦੱਸ ਸਾਲ ਮੈਂ ਪਿੰਡ ਦੇ ਬਾਹਰ ਆਪਣੇ ਖੇਤਾਂ ਵਿੱਚ ਝੌਂਪੜੀ ਪਾ ਕੇ ਗੁਜਾਰੇ। ਪੜ੍ਹਿਆ, ਲਿਖਿਆ ਤੇ ਦੱਬ ਕੇ ਖੇਤੀ ਕੀਤੀ। ਇਨ੍ਹਾਂ ਸਾਲਾਂ ਵਿੱਚ ਬਹੁਤ ਹੀ ਛੋਟੀ ਉਮਰੇ ਮੈਨੂੰ ਆਪਣੇ ਆਪ ਨਾਲ ਸੰਵਾਦ ਕਰਨ ਦਾ ਮੌਕਾ ਮਿਲਿਆ। ਆਪਣੀ ਹੀ ਹਜੂਰੀ ਵਿੱਚ ਬੈਠਣ ਦਾ ਅਨੰਦ ਲੈਣਾ ਵੀ ਸਿੱਖਿਆ। ਜੋ ਕਿ ਬਾਅਦ ਵਿੱਚ 'ਬੋਲ ਮਰਦਾਨਿਆ' ਲਿਖਣ ਵੇਲੇ ਕੰਮ ਆਇਆ। ਪਰ ਇਸ ਤਰ੍ਹਾਂ ਦੇ ਅਨੁਭਵਾਂ ਨੂੰ ਤੁਸੀਂ ਜੀਵਨ ਵਿੱਚ ਲਗਾਤਾਰ ਲੈਅ ਵਿੱਚ ਨਹੀਂ ਰੱਖ ਸਕਦੇ। ਇਹ ਬੜੇ ਸੰਵੇਦਨਾਂ ਵਾਲੇ ਪਲ਼ ਹੁੰਦੇ ਨੇ। ਇੱਕ ਪਲ਼ ਜਾਗਣਾ ਤੇ ਦੂਜੇ ਹੀ ਪਲ਼ ਯਥਾਰਥ ਦੀ ਪਕੜ ਵਿੱਚ ਆ ਜਾਣਾ। ਇਸ ਵਿੱਥ ਦੇ ਵਿਚਾਲੇ ਹੀ ਕਿਤੇ ਸਭ ਤੋਂ ਸੂਖਮ ਸਿਰਜਣਾ ਦੇ ਪਲ਼ ਪਏ ਹੁੰਦੇ ਨੇ। ਕਿਸਾਨੀ ਦੇ ਅੜ੍ਹਬ ਸੁਭਾਅ ਵਿੱਚ ਆਪਣੀ ਇਹ ਸੰਵੇਦਨਾ ਬਚਾ ਕੇ ਰੱਖਣੀ ਮੇਰੇ ਲਈ ਸਭ ਤੋਂ ਔਖਾ ਕੰਮ ਸੀ; ਖਾਸ ਕਰਕੇ ਉਦੋਂ ਜਦੋਂ ਤੁਸੀਂ ਉਹਦੇ ਵਿੱਚ ਵਿਚਰ ਰਹੇ ਹੋ। ਠੀਕ ਇਸੇ ਸਮੇ ਮੈਂ **'ਔੜ ਦੇ ਬੀਜ'** ਲਿਖਣਾ ਸ਼ੁਰੂ ਕੀਤਾ। ਇਸ ਨਾਵਲ ਦੀ ਕਹਾਣੀ ਤੋਰਨ ਲਈ ਮੈਨੂੰ ਕਦੀ ਰੁਕ ਕੇ ਸੋਚਣ ਦੀ ਲੋੜ ਨਹੀਂ ਪਈ। ਇਹ ਸਭ ਕੁਝ ਮੇਰੇ ਆਲੇ ਦੁਆਲੇ ਵਾਪਰ ਹੀ ਰਿਹਾ ਸੀ। ਇਹ ਸਾਰਾ ਨਾਵਲ ਹੀ ਮੇਰੇ ਨਿੱਜੀ ਅਨੁਭਵਾਂ ਦੇ ਨੇੜੇ ਸੀ। ਇਹ ਮੇਰੀ ਤੇ ਮੇਰੇ ਪਿੰਡ

ਦੀ ਸਵੈ-ਜੀਵਨੀ ਸੀ। ਮੁਸ਼ਕਲ ਇਹ ਆ ਰਹੀ ਸੀ ਕਿ ਇਨ੍ਹਾਂ ਹਾਲਤਾਂ ਵਿੱਚੋਂ ਨਿਕਲ ਕੇ ਮੈਂ ਲਿਖਣ ਦਾ ਸਮਾਂ ਕਿਵੇਂ ਕੱਢਾਂ? ਕਈ ਕਈ ਮਹੀਨਿਆਂ ਬਾਅਦ ਇਹ ਅਹਿਸਾਸ ਹੁੰਦਾ ਕਿ ਜੋ ਮੇਰੇ ਆਲੇ ਦੁਆਲੇ ਵਾਪਰ ਰਿਹਾ, ਉਹਦੇ ਬਾਰੇ ਲਿਖਣਾ ਵੀ ਹੈ। ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਵੱਧ ਸੰਵੇਦਨਸ਼ੀਲ ਦਿਨ ਸਨ, ਜਦੋਂ ਕਿਤਾਬਾਂ ਨਹੀਂ ਘਟਨਾਵਾਂ ਮੈਨੂੰ ਪੜ੍ਹਾ ਰਹੀਆਂ ਸਨ। ਇਹੋ ਕਾਰਨ ਸੀ ਕਿ ਇਹ ਨਾਵਲ ਪੂਰੇ ਛੇ ਸਾਲਾਂ ਵਿੱਚ ਲਿਖ ਸਕਿਆ।

**'ਔੜ ਦੇ ਬੀਜ'** ਵਿੱਚ ਕਈ ਕਾਂਡ ਅਜਿਹੇ ਹਨ ਜੋ ਵਾਪਰਦੇ ਵਕਤ ਹੀ ਲਿਖੇ ਗਏ। ਬਾਪੂ ਨਾਲ ਗੱਲ ਤਾਂ ਮੈਂ ਅਨੁਭਵ ਵਧਾਉਣ ਲਈ ਸ਼ੁਰੂ ਕੀਤੀ ਸੀ ਜੋ ਝਗੜਾ ਬਣ ਗਈ ਤੇ ਇਹ ਭੁੱਲ ਹੀ ਗਿਆ ਕਿ ਗੱਲ ਦਾ ਮਕਸਦ ਕੀ ਸੀ। ਅਜਿਹੇ ਪਲ਼ ਤੁਹਾਨੂੰ ਸਵੈ-ਪੜਚੋਲ ਵੇਲੇ ਝੰਜੋੜ ਕੇ ਰੱਖ ਦੇਂਦੇ ਨੇ। ਮੇਰੇ ਨਾਲ ਇਹ ਵਾਰ-ਵਾਰ ਵਾਪਰ ਰਿਹਾ ਸੀ। ਜੋ ਕਿ ਮਾਨਸਿਕ ਸੇਹਤ ਲਈ ਹੋਰ ਵੀ ਕਰੁਣਾ-ਮਈ ਸੀ। ਅਸਲ ਵਿੱਚ ਇਹ ਕਿਸਾਨੀ ਦਾ ਉਹ ਦੌਰ ਸੀ, ਜਦੋਂ ਸਭ ਤੋਂ ਆਖਰੀ ਪ੍ਰੰਪਰਾਗਤ ਬਾਪੂ ਕਿਸੇ ਅਤਿ ਆਧੁਨਿਕ ਪੁੱਤ ਨਾਲ ਟਕਰਾਇਆ ਸੀ। ਇਹ ਕਿਸਾਨੀ ਦੀ ਚੋਟੀ ਦੀ ਟੱਕਰ ਸੀ। ਜਦੋਂ ਇੱਕ ਪਾਸੇ ਮਸ਼ੀਨ ਤੋਂ ਬਿਨਾਂ ਕਿਸਾਨੀ ਨਹੀਂ ਸੀ ਚਲ ਰਹੀ ਤੇ ਦੂਜੇ ਪਾਸੇ ਪੁਰਾਣੀ ਪੀੜ੍ਹੀ ਇਹਦਾ ਬਦਲਿਆ ਰੂਪ ਨਹੀਂ ਸੀ ਸਹਾਰ ਸਕਦੀ। ਇਹ ਪੀੜ੍ਹੀਆਂ ਦੇ ਟਕਰਾਅ ਦਾ ਸਿਖਰਲਾ ਪੜਾਅ ਸੀ। ਇੱਕ ਨਾਵਲਕਾਰ ਨੇ ਜਿਥੇ ਇਹਨੂੰ ਵੇਖਣਾ, ਸਮਝਣਾ ਤੇ ਲਿਖਣਾ ਸੀ, ਉਥੇ ਇਨ੍ਹਾਂ ਸਾਰੀਆਂ ਪ੍ਰਸਥਿਤੀਆਂ ਤੋਂ ਸਖਸੀ ਤੌਰ ਤੇ ਨਿਰਲੇਪ ਵੀ ਰਹਿਣਾ ਸੀ। ਅਜਿਹੀ ਨਿਰਲੇਪਤਾ ਲਈ ਮੈਂ ਹਮੇਸ਼ਾਂ ਆਪਣੇ ਆਪ ਨਾਲ ਜੂਝਦਾ ਰਿਹਾ ਹਾਂ।

**'ਔੜ ਦੇ ਬੀਜ'** ਲਿਖਣ ਤੱਕ ਮੈਂ ਕਿਸੇ ਲੇਖਕ ਨੂੰ ਨਹੀਂ ਸੀ ਮਿਲਿਆ। ਯਥਾਰਥ ਤੇ ਮੇਰੇ ਵਿਚਲੇ ਸਾਰੇ ਅਨੁਭਵ ਤਾਜੇ ਸਨ। ਕਿਤਾਬਾਂ ਦੀ ਚੋਣ ਮੈਂ ਨਿੱਜੀ ਅਨੁਭਵਾਂ ਨਾਲ ਸਿਖੀ। ਅਗਲੇ ਕਈ ਸਾਲਾਂ ਤੱਕ ਇਸ ਨਾਵਲ ਦੀ ਚਰਚਾ ਬਾਰੇ ਮੈਨੂੰ ਕੋਈ ਖ਼ਬਰ ਨਹੀਂ ਸੀ। ਡਾ. ਜੋਗਿੰਦਰ ਸਿੰਘ ਰਾਹੀ ਇਸ ਨਾਵਲ ਨੂੰ ਪੰਜਾਬੀ ਦੇ ਪਹਿਲੇ ਛੇ ਨਾਵਲਾਂ ਵਿੱਚ ਗਿਣਦੇ ਸਨ; ਇਹ ਵੀ ਮੈਨੂੰ 2013 ਵਿੱਚ ਪਤਾ ਲੱਗਿਆ। ਇਸ ਤਰ੍ਹਾਂ ਦੀ ਘੱਟ ਚਰਚਾ ਨਾਲ ਮੇਰਾ ਸਿਖਣ ਤੇ ਜਾਨਣ ਦਾ ਸਿਦਕ ਹਮੇਸ਼ਾਂ ਮਜਬੂਤ ਹੁੰਦਾ ਰਿਹਾ। ਤੇ ਯਥਾਰਥ ਨੂੰ ਸਮਝਣ ਦੀ ਮੇਰੀ ਤਾਜਗੀ ਆਪਣੇ ਨਿੱਜੀ ਅਨੁਭਵਾਂ ਦੀ ਖੁੱਲ੍ਹ ਵਿੱਚ ਜੀਵੀ। ਕਿਸੇ ਨਾਵਲਕਾਰ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਉਹਨੂੰ ਚੀਜਾਂ ਕਿਵੇਂ ਦਿਸਦੀਆਂ ਨੇ। ਇਸ ਦਿਸਣ ਵਿੱਚ ਬਹੁਤ ਕੁਝ ਛੁਪਿਆ ਹੈ। ਪੰਜਾਬੀ ਨਾਵਲ ਦੇ ਪੁਰਖਿਆਂ ਤੇ ਮੈਨੂੰ ਹਮੇਸ਼ਾਂ ਰੋਸ ਰਿਹਾ; ਕਿਸੇ ਵੀ ਵੱਡੇ ਨਾਵਲਕਾਰ ਨੇ ਜ਼ਿੰਦਗੀ ਦੇ ਸਮੁੱਚੇ ਅਨੁਭਵ ਨੂੰ ਆਖਰੀ ਵੇਲੇ ਨਹੀਂ ਵਰਤਿਆ। ਜਦੋਂ ਕਿ ਨਾਵਲ ਵਿੱਚ ਇਹਦੀ ਵੱਡੀ ਸੰਭਾਵਨਾ ਹੁੰਦੀ ਹੈ। ਉਹ ਭਾਵੇਂ ਨਾਨਕ ਸਿੰਘ, ਗੁਰਦਿਆਲ, ਜਸਵੰਤ ਸਿੰਘ ਕੰਵਲ ਤੇ ਹੁਣ ਤੱਕ ਦੇ ਸਾਰੇ ਨਾਵਲਕਾਰ ਆਉਂਦੇ ਨੇ। ਪੰਜਾਬੀ ਨਾਵਲਕਾਰ ਦਾ ਪਿੱਛਾ ਹਮੇਸਾਂ ਮਾੜਾ ਰਿਹਾ ਹੈ। ਇਹ ਸਾਇਦ ਪੰਜਾਬੀ ਸਭਿਆਚਾਰ ਵਿੱਚ ਠਰੰਮੇ ਦੀ ਘਾਟ ਤੇ ਕਾਹਲ ਦੀ ਵਿਰਾਸਤ ਕਾਰਨ ਹੈ। ਇਸ ਤਰ੍ਹਾਂ ਦੀ ਮਿੱਥ ਨੂੰ ਤੋੜਨ ਲਈ ਮੈਂ ਬੀਤੀ ਜ਼ਿੰਦਗੀ ਦੀਆਂ ਤਲਖ਼ੀਆਂ ਨੂੰ ਸਾਦਗੀ ਨਾਲ ਨੇੜੇ ਰਹਿਣ ਲਈ ਸੱਦਦਾ ਹਾਂ। ਹਾਲੇ ਬਹੁਤ ਸਮਾਂ ਪਿਆ; ਏਨੀ ਦੇਰ ਰੱਖ ਸਕਾਂਗਾ? ਇਹ ਇੱਕ ਅਨੋਖਾ ਅਨੁਭਵ ਹੈ।

ਇਹ ਕਿਸਾਨੀ ਦੇ ਉਸ ਸਮੇਂ ਦੀ ਗੱਲ ਹੈ ਜਦੋਂ ਟਰੈਕਟਰ ਖੇਤੀ ਕਮਾਈ ਦੀ ਨਾਲ ਕਿਸਤ ਨਹੀਂ ਸੀ ਤਾਰ ਸਕਦਾ। ਕਿਰਾਇਆ ਹੀ ਇੱਕੋ ਇੱਕ ਵਸੀਲਾ ਸੀ। ਇਹਦੇ ਲਈ ਮੈਨੂੰ ਵੀ ਪਿੰਡ ਛੱਡਣਾ ਪਿਆ। ਮੇਰੇ ਲਈ ਇਹ ਦੋਹਰੀ ਮਾਰ ਸੀ। ਇੱਕ ਤਾਂ ਪਿੰਡ ਮੇਰੇ ਲਈ ਇੱਕੋ ਇੱਕ ਸਹਾਰਾ ਸੀ, ਦੂਜਾ ਮੇਰਾ ਇੱਕਲਾ ਰਹਿਣ ਦਾ ਸੁਭਾਅ ਸੀ। ਤੀਜਾ ਜਿਸ ਪਿੰਡ ਮੈਂ ਜਾ ਕੇ ਰਹਿਣਾ ਸੀ;ਉਹ ਪਹਿਲਾਂ ਹੀ ਉਥਲ ਪੁਥਲ ਦਾ ਕੇਂਦਰ ਸੀ। ਇਹ ਸੀ ਘਨੌਲੀ ਪਿੰਡ, ਜਿਥੇ ਥਰਮਲ ਪਲਾਂਟ ਬਣ ਰਿਹਾ ਸੀ। ਇੱਕ ਅਜਿਹਾ ਪਿੰਡ ਜਿਸ ਦੀ ਜ਼ਮੀਨ ਖੋਹ ਲਈ ਸੀ ਪਰ ਪਿੰਡ ਜਿਉਂ ਦਾ ਤਿਉਂ ਸੀ। ਪਰ ਮੇਰੇ ਲਈ ਇਹ ਆਮ ਪਿੰਡ ਨਹੀਂ ਸੀ। **'ਆਖਰੀ ਪਿੰਡ ਦੀ ਕਥਾ'** ਅਜਿਹੇ ਪਿੰਡ ਦੀ ਕਹਾਣੀ ਹੈ ਜਿਸ ਕੋਲੋਂ ਅਚਾਨਕ ਜ਼ਮੀਨ ਖੋਹ ਲਈ ਜਾਵੇ; ਫਿਰ ਕੀ



ਹੋਵੇਗਾ? ਇਸ ਕੀ ਦੁਆਲੇ ਹੀ ਇਸ ਨਾਵਲ ਦੀ ਕਹਾਣੀ ਘੁੰਮਦੀ ਹੈ। ਪਿੰਡ ਦਾ ਵਿਗੜਿਆ ਰੂਪ ਕੀ ਹੋ ਸਕਦਾ, ਘਨੌਲੀ ਇਹਦੀ ਜਿਉਂਦੀ ਜਾਗਦੀ ਤਸਵੀਰ ਸੀ। ਪਰ ਇੱਕ ਲੇਖਕ ਯਥਾਰਥ ਦੀ ਕਰੂਪਤਾ ਲਗਾਤਾਰ ਕਿੰਨੀ ਦੇਰ ਝੱਲ ਸਕਦਾ;ਕਿਥੇ ਕਿਸ ਜਗਾ ਉਹਨੇ ਆਪਣੇ ਆਪਨੂੰ ਵੱਖ ਕਰਨਾ ਹੈ;ਅਜਿਹੇ ਅਨੁਭਵ ਅਜਿਹੇ ਸਮੇ ਸਾਂਭ ਕੇ ਰਖਣੇ ਬੜੇ ਕਸ਼ਟਮਈ ਹੁੰਦੇ ਨੇ। ਅਜਿਹੇ ਅਨੁਭਵਾਂ ਨੇ ਮੈਨੂੰ ਥਕਾ ਦਿੱਤਾ ਸੀ। ਇਸ ਥਕਾਵਟ ਵਿੱਚ ਹੀ ਮੈਨੂੰ ਪ੍ਰਵਾਸ ਦਾ ਸੱਦਾ ਆ ਗਿਆ।

ਜਪਾਨ ਵਿੱਚ ਰਹਿਣ ਦਾ ਬਿਲਕੁਲ ਵੱਖਰਾ ਅਨੁਭਵ ਸੀ। ਇੱਕ ਛੋਟੇ ਜਹੇ ਪਿੰਡ ਦੀ ਇੱਕਲਤਾ ਛੱਡ ਕੇ ਟੋਕੀਓ, ਓਸਾਕਾ ਵਰਗੇ ਸ਼ਹਿਰਾਂ ਵਿੱਚ ਵਿਚਰਨਾਂ, ਨਵੇਂ ਅਨੁਭਵਾਂ ਦੀ ਸ਼ੁਰੂਆਤ ਬਣਿਆ। ਇਥੇ ਆ ਕੇ ਪਹਿਲੀ ਵਾਰ ਮੈਂ ਕਿਸਾਨੀ ਨੂੰ ਇੱਕ ਵਿੱਥ ਤੋਂ ਤੱਕਿਆ। ਇਸ ਵਿੱਥ ਨੇ ਮੈਨੂੰ ਯਥਾਰਥ ਦੇ ਹੋਰ ਨੇੜੇ ਕੀਤਾ। ਕੁਝ ਦੂਰੀ ਤੋਂ ਯਾਦਾਂ ਦੇ ਨਵੇਂ ਸਰੂਪ ਦਿਸੇ। ਇਹ ਚੀਜ਼ਾਂ ਨੂੰ ਵੇਖਣ, ਸਮਝਣ ਤੇ ਜਾਨਣ ਦੀ ਇੱਕ ਵੱਖਰੀ ਵਿਧੀ ਸੀ। ਇਹਦੇ ਵਿੱਚ ਅਨੁਭਵ ਨਾਲ 'ਕਰੁਣਾ' ਵੀ ਆ ਜੁੜੀ ਸੀ। ਅਜਿਹੇ ਵੇਲੇ ਮੈਂ 'ਖਾਜ' ਲਿਖਣਾ ਸ਼ੁਰੂ ਕੀਤਾ। ਪੰਜਾਬੀ ਸਭਿਆਚਾਰ ਵਿੱਚ ਹਿੰਸਾ ਦੇ ਉਹ ਕਿਹੜੇ ਪਲ਼ ਨੇ ਜਦੋਂ ਉਹ ਹਿੰਸਾ ਨਹੀਂ ਰਹਿੰਦੀ। ਹਿੰਸਾ ਦੇ ਇਨ੍ਹਾਂ ਪਲਾਂ, ਛਿਣਾਂ ਨੂੰ ਮੈਂ ਪਕੜਨ ਦੀ ਕੋਸ਼ਿਸ਼ ਕੀਤੀ ਹੈ। ਹਿੰਸਾ ਦੀਆਂ ਗਹਿਰਾਈਆਂ ਵਿੱਚ ਇੱਕ ਬਾਰੀਕ ਧਾਰਾ ਚਲਦੀ ਰਹਿੰਦੀ ਹੈ;ਇਹ ਪੰਜਾਬੀ ਸਭਿਆਚਾਰ ਦੀ ਤਾਸ਼ੀਰ ਦਾ ਵੀ ਹਿੱਸਾ ਹੈ।

ਨਾਵਲ **'ਬੋਲ ਮਰਦਾਨਿਆ'** ਦੀ ਤਿਆਰੀ ਮੈਂ 2005 ਵਿੱਚ ਸ਼ੁਰੂ ਕੀਤੀ। ਮੈਂ ਇਤਿਹਾਸ ਵੱਲ ਕਿਉਂ ਮੁੜਿਆ? ਮੇਰਾ ਸਿੱਧਾ ਸੰਬੰਧ ਕਿਸਾਨੀ ਨਾਲ ਰਿਹਾ; ਤੇ ਮੈਂ ਲਿਖਿਆ ਵੀ ਸਿਰਫ ਕਿਸਾਨੀ ਬਾਰੇ ਹੀ ਹੈ। ਪਰ ਜਦੋਂ ਤੁਸੀਂ ਜੀਵਨ ਦੇ ਯਥਾਰਥ ਨਾਲ ਲਗਾਤਾਰ ਮਾਨਸਿਕ ਸੰਪਰਕ ਤੋਂ ਉਭ ਜਾਂਦੇ ਹੋ ਤਾਂ ਤੁਸੀਂ ਅਜਿਹੇ ਲੋਕਾਂ ਨਾਲ ਸੰਵਾਦ ਕਰਨਾ ਚਾਹੁੰਦੇ ਹੋ ਜੋ ਤੁਹਾਡੇ ਅੰਦਰਲੇ ਵਿਕਸਤ ਹੋਏ ਬੰਦੇ ਦੇ ਹਾਣ ਦੇ ਹੋਣ ਜਾਂ ਤੁਹਾਤੋਂ ਵੱਡੇ ਹੋਣ। **'ਬੋਲ ਮਰਦਾਨਿਆ'** ਅਜਿਹੇ ਹੀ ਬੰਦੇ ਦੀ ਲੋੜ ਵਿੱਚੋਂ ਨਿਕਲਿਆ ਹੈ। ਉਂਝ ਇਹ ਪਾਤਰ ਹਮੇਸ਼ਾਂ ਹੀ ਮੇਰੇ ਬਚਪਨ ਤੋਂ ਮੇਰਾ ਮਨ ਭਾਉਂਦਾ ਚੇਹਰਾ ਰਿਹਾ ਹੈ। ਪਰ ਸਮੱਸਿਆ ਉਦੋਂ ਖੜ੍ਹੀ ਹੁੰਦੀ ਹੈ, ਜਦੋਂ ਤੁਸੀਂ ਆਪਣੀ ਚੋਣ ਨੂੰ ਸਾਹਿਤਕ ਰੰਗ ਵਿੱਚ ਸੋਚਣ ਲੱਗ ਪੈਂਦੇ ਹੋ। ਅਜਿਹੇ ਵੇਲੇ ਸਭ ਤੋਂ ਪਹਿਲਾਂ ਤੁਹਾਡੀਆਂ ਉਨਾਂ ਕਲਪਨਾਵਾਂ ਨੂੰ ਝਟਕਾ ਲੱਗਦਾ ਹੈ ਜੋ ਤੁਸੀਂ ਸਿਰਫ਼ ਮਾਨਸਿਕ ਠਰੰਮੇ ਲਈ ਹੀ ਸੋਚੀਆਂ ਹੁੰਦੀਆਂ ਨੇ। ਇਹ ਭਾਵੇਂ ਇਤਿਹਾਸ, ਮਿਥਿਹਾਸ ਦਾ ਹਿੱਸਾ ਵੀ ਹੋਵੇ, ਪਰ ਇਨ੍ਹਾਂ ਨੇ ਸਾਹਿਤ ਦਾ ਉਸ ਤਰ੍ਹਾਂ ਹਿੱਸਾ ਨਹੀਂ ਬਣਨਾ ਹੁੰਦਾ।

ਇਸ ਨਾਵਲ ਵਿੱਚ ਆਪ ਦਾਰਸ਼ਨਿਕ ਬਣਨ ਦੇ ਬੜੇ ਖਤਰੇ ਸਨ। ਇਹਦੇ ਨਾਲ ਜੀਵਨ ਦੇ ਜੀਵਤ ਪਲ਼ ਧੁੰਦਲੇ ਪੈ ਸਕਦੇ ਸਨ। ਫਿਰ ਇਤਿਹਾਸ ਤੇ ਦਾਰਸ਼ਨਿਕਤਾ ਦੇ ਅਨੁਭਵੀ ਪਲ਼ ਵੀ ਆਉਂਦੇ ਨੇ। ਇਥੇ ਵੀ ਉਹ ਆਪਣੀ ਦਾਰਸ਼ਨਿਕਤਾ ਨਾਲ ਪਾਤਰਾਂ ਕੋਲੋਂ ਉਨ੍ਹਾਂ ਦੇ ਬੋਲਣ ਦੇ ਅਧਿਕਾਰ ਖੋਹ ਸਕਦਾ ਹੈ। "ਇੱਕ ਨਾਵਲਕਾਰ,ਦਾਰਸ਼ਨਿਕ ਦੀ ਆਕਾਰਾਂ 'ਤੇ ਪੈ ਰਹੀ ਉਸ ਨਜ਼ਰ ਵਿਚਕਾਰ ਖੜ੍ਹਦਾ ਹੈ; ਜਿਸ ਤੋਂ ਬਾਅਦ ਉਹ ਦਿਸਣ ਦੇ ਦਾਰਸ਼ਨਿਕ ਅਰਥ ਬਦਲਦਾ ਹੈ। ਇਹ ਬੜੀ ਅਸੁੱਰਖਿਅਤ ਜਗ੍ਹਾ ਹੈ। ਇਥੇ ਹੀ 'ਜੀਵਨ' ਤੇ ਦਾਰਸ਼ਨਿਕਤਾ ਦੇ ਕਾਂਬੇ ਇੱਕੋ ਸਮੇਂ ਝੇਲਣੇ ਹੁੰਦੇ ਨੇ। ਮੈਂ ਇਹਨੂੰ ਆਪਣੀ ਸਿਰਜਣਾ ਦੀ ਰਣ ਭੂਮੀ ਦਾ ਅਖਾੜਾ ਸਮਝਦਾ ਹਾਂ"।

ਇਤਿਹਾਸਿਕ ਨਾਵਲ ਦੀ ਪਹਿਲੀ ਚਣੌਤੀ ਹੀ ਇਹ ਹੁੰਦੀ ਹੈ ਕਿ ਉਹ ਸਿੱਧਾ ਤੁਹਾਡਾ ਅਨੁਭਵ ਨਹੀਂ ਹੁੰਦਾ। ਤੁਹਾਡੇ ਕੋਲ ਉਸ ਕਾਲ ਦੀ ਜਾਣਕਾਰੀ ਤੇ ਵਿਆਖਿਆ ਹੀ ਹੁੰਦੀ ਹੈ। ਨਾਵਲਕਾਰ ਨੇ ਇਨ੍ਹਾਂ ਦੋਵਾਂ ਤੋਂ ਪਾਰ ਜਾਣਾ ਹੁੰਦਾ ਹੈ ਤੇ ਇੱਕ ਮਾਨਸਿਕ ਇਤਿਹਾਸ ਸਿਰਜਣਾ ਹੁੰਦਾ ਹੈ; ਤਾਂ ਜੋ ਇਤਿਹਾਸ ਇੱਕ ਜੀਵਤ ਸੰਸਾਰ ਵਿੱਚ ਤੁਰਦਾ ਫਿਰਦਾ ਦਿੱਸੇ। ਪਰ ਇਸ ਵਿਸ਼ੇ ਦੀ ਸਭ ਤੋਂ ਵੱਡੀ ਸਮੱਸਿਆ ਇਹ ਵੀ ਸੀ ਕਿ ਇਹ ਜਨਮ-ਸਾਖੀਆਂ ਦੇ ਰੂਪ ਵਿੱਚ ਪਹਿਲਾਂ ਹੀ ਲੋਕਾਂ ਕੋਲ ਪੁੱਜ ਚੁੱਕਾ ਸੀ। ਇਸ ਜਾਣਕਾਰੀ ਨੇ ਲੋਕ ਰੰਗ ਦਾ ਰੂਪ ਲੈ ਲਿਆ ਸੀ। ਕੁਝ ਵੀ ਦੱਸਣਾ ਦੁਹਰਾਅ ਸੀ। ਮੈਂ ਇਨ੍ਹਾਂ

ਜਾਣਕਾਰੀਆਂ ਦੇ ਸਮਾਨਅੰਤਰ ਕੁਝ ਹੋਰ ਉਸਾਰਨ ਦੀ ਕੋਸ਼ਿਸ਼ ਵਿੱਚ ਸਾਂ ਤਾਂ ਜੋ ਇਹ ਪੜ੍ਹਕੇ ਇਤਿਹਾਸ ਯਾਦ ਆਵੇ। ਮੈਂ ਇਸ ਵਿੱਥ ਨੂੰ ਇਤਿਹਾਸ ਦੀਆਂ ਮਾਨਸਿਕ ਯਾਦਾਂ ਦਾ ਸੰਵਾਦ ਬਣਾਉਣਾ ਚਾਹੁੰਦਾ ਸੀ। ਕਿਸੇ ਇਤਿਹਾਸਿਕ ਨਾਵਲ ਵਿੱਚ ਇਸ ਜਗ੍ਹਾ ਖੜਕੇ ਬੋਲਣਾ ਸ਼ਾਇਦ ਸਭ ਤੋਂ ਔਖਾ ਹੁੰਦਾ ਹੈ। ਇਸ ਜਗ੍ਹਾ ਨਾਵਲਕਾਰ ਨੇ ਆਪਣੇ ਅਨੁਭਵਾਂ ਨਾਲ ਇਤਿਹਾਸਿਕ ਸਮੇਂ ਨੂੰ ਵੀ ਸਾਂਭਣਾ ਹੁੰਦਾ ਹੈ। ਇਥੇ ਨਾਵਲਕਾਰ ਦਾ ਕਾਲਪਨਿਕ ਮਿਆਰ ਦਿਸਦਾ ਹੈ ਕਿ ਉਹ ਇਤਿਹਾਸ ਦੀ ਮਾਨਸਿਕਤਾ ਦੇ ਘੇਰਿਆਂ ਨੂੰ ਕਿਨ੍ਹਾਂ ਉਚਾਈਆਂ ਤੋਂ ਵੇਖਦਾ ਹੈ। ਇਥੇ ਹੀ ਨਾਵਲ ਨੇ ਇਤਿਹਾਸਿਕ ਜਾਣਕਾਰੀ ਤੇ ਵਿਆਖਿਆ ਤੋਂ ਬਾਹਰ ਨਿਕਲਕੇ ਇਤਿਹਾਸ ਨੂੰ ਜੀਵਤ ਰੰਗ ਵਿੱਚ ਰੰਗਣਾ ਹੁੰਦਾ ਹੈ।

ਇੱਕ ਨਾਵਲ ਦੇ ਰੂਪ ਵਿੱਚ ਬਾਬੇ ਦੇ ਪਾਤਰ ਨੂੰ ਚਿਤਰਨਾ ਸਭ ਤੋਂ ਔਖਾ ਕੰਮ ਸੀ। ਬਾਬੇ ਦੇ ਜੀਵਨ ਵਿੱਚ ਜੰਗ, ਹਿੰਸਾ ਤੇ ਜਵਾਬੀ ਹਮਲੇ ਨਹੀਂ ਸਨ;ਜੋ ਮਨ ਨੂੰ ਰੌਚਕ ਲੱਗਣ; ਜਿਵੇਂ ਰਾਮ, ਕ੍ਰਿਸਨ ਦੇ ਜੀਵਨ ਵਿੱਚ ਵਾਪਰਿਆ। ਜੋ ਮਨ ਨੂੰ ਰੌਚਕ ਲੱਗੇ ਅਜਿਹਾ ਬਾਬੇ ਦੇ ਜੀਵਨ ਵਿੱਚ ਬਹੁਤ ਘੱਟ ਹੈ। ਬਾਬਾ ਸਹਿਜਤਾ ਦੀ ਬੌਧਿਕ ਧੁਨੀ ਵਾਲਾ ਚਿਹਰਾ ਹੈ। ਨਾਵਲ ਵਿੱਚ ਬਾਬੇ ਨੂੰ ਰੌਚਕ ਬਣਾਉਣਾ ਖਤਰੇ ਤੋਂ ਖਾਲੀ ਨਹੀ ਸੀ। (ਇਥੇ ਮੈਂ ਬਾਬੇ ਦੇ ਉੱਚੇ ਕੱਦ ਵੱਲ ਇਸ਼ਾਰਾ ਕਰ ਰਿਹਾ ਹਾਂ) ਦੂਜਾ: ਬਾਬੇ ਨੂੰ ਵਾਰਤਿਕ ਵਿੱਚ ਲਿਖਣਾ ਹੋਰ ਵੀ ਔਖਾ ਸੀ। ਕਿਉਂਕਿ ਬਾਬੇ ਦੀ ਜੀਵਨ ਸ਼ੈਲੀ ਕਾਵਿਕ ਹੈ..ਰਿਦਮ ਵਿੱਚ ਹੈ..। ਬਾਬੇ ਦਾ ਪੂਰਾ ਜੀਵਨ ਸਹਿਜ ਤੋਂ ਮਹਾਂ ਸਹਿਜਤਾ ਵੱਲ ਤੁਰਦਾ ਹੈ;ਜਿਸਨੂੰ ਵਾਰਤਿਕ ਰਾਹੀਂ ਸੁਣਾਉਣਾ ਬੜਾ ਔਖਾ ਸੀ। ਨਾਵਲ ਲਿਖਣ ਵੇਲੇ ਇਹ ਸਭ ਚਣੌਤੀਆਂ ਮੇਰੇ ਨਾਲ ਨਾਲ ਚਲਦੀਆਂ ਰਹੀਆਂ। ਤੀਜਾ: ਜਿਸ ਤਰ੍ਹਾਂ ਬਾਬਾ ਸਾਡੇ ਅੰਦਰ ਸਮਾਇਆ ਹੈ,ਉਹ ਹੈ ਬਾਬੇ ਦਾ 'ਹੋਣਾ'। ਸਾਡੇ ਸੁਭਾਅ ਵਿੱਚ ਬੋਲਣ ਤੇ ਕਹਿਣ ਨਾਲੋਂ ਬਾਬੇ ਦਾ 'ਹੋਣਾ' ਬਹੁਤ ਗਹਿਰਾਈ ਵਿੱਚ ਬੈਠਾ ਹੈ। ਨਾਵਲ ਵਿੱਚ ਮੇਰੀ ਕੋਸ਼ਿਸ਼ ਰਹੀ ਹੈ ਕਿ ਬਾਬੇ ਦੇ ਹੋਣ ਦੀ ਖੂਬਸੂਰਤੀ ਵਿਖਾ ਸਕਾਂ। ਚੌਥਾ: ਅਸੀਂ ਵੱਡੇ ਬੰਦਿਆਂ ਦੇ ਸੱਚ ਨੂੰ ਬਹੁਤ ਭੈਅ ਮਈ ਬਣਾ ਲੈਂਦੇ ਹਾਂ। ਸਾਰਾ ਝੁਕਾਅ ਦੈਵੀ ਸ਼ਕਤੀ ਵੱਲ ਝੁਕ ਜਾਂਦਾ ਹੈ। ਅਸੀਂ ਯੁੱਗ ਪੁਰਸ਼ਾਂ ਨੂੰ ਜਨ ਸਧਾਰਨ ਵਿੱਚ ਵਿਚਰਨ ਦੀ ਕਲਪਨਾ ਛੱਡ ਦਿੱਤੀ ਹੈ। ਇਹਦਾ ਸਭ ਤੋਂ ਵੱਡਾ ਨੁਕਸਾਨ ਉਨ੍ਹਾਂ ਦੇ 'ਮੌਲਿਕ' ਸਰੂਪ ਦਾ ਹੋਇਆ ਹੈ। ਤੇ ਇਸ ਤੋਂ ਬਾਅਦ ਅਸੀਂ ਬਾਬੇ ਦੀ ਸਭ ਤੋਂ ਸੌਖੀ ਸਿਫ਼ਤ ਕਰਨ ਲੱਗ ਜਾਂਦੇ ਹਾਂ। ਜਦੋਂ ਬਾਬੇ ਨੂੰ ਸਿਰਫ ਇੱਕ ਸਮਾਜ ਸੁਧਾਰਕ ਵਜੋਂ ਵਿਚਾਰਨ ਲੱਗਦੇ ਹਾਂ। ਅਸੀਂ ਸੱਚ ਦੇ 'ਪ੍ਰਕਾਸ਼' ਨੂੰ ਕਿਤੇ ਦੂਰ ਛੱਡ ਜਾਂਦੇ ਹਾਂ। ਇਹਦੇ ਨਾਲ ਪਹਿਲਾਂ 'ਆਪਣੇ ਆਪ ਨੂੰ ਬਦਲਣ' ਦੀਆਂ ਬੁਨਿਆਦੀ ਕੰਬਣੀਆਂ ਜੜ੍ਹ ਹੋ ਜਾਂਦੀਆਂ ਨੇ; ਜੋ ਕਿ ਬਾਬੇ ਦਾ ਮੂਲ ਮੰਤਰ ਵੀ ਹੈ।

ਇਸ ਨਾਵਲ ਦੀ ਆਖਰੀ ਤਿਆਰੀ ਵੇਲੇ ਮੇਰਾ ਕੰਮ ਬਾਬੇ ਦੀ ਬਾਣੀ ਨੂੰ ਸਮਝਣਾ ਸੀ। ਬਾਬੇ ਦੀ ਬਾਣੀ ਰਾਹੀਂ ਮੈਨੂੰ ਉਸ ਚੇਹਰੇ ਦੀ ਕਲਪਨਾ ਉਤਰੀ ਜਿਸ ਵਿੱਚ ਬਾਬੇ ਦਾ ਉੱਠਣਾ , ਬੈਠਣਾ ਤੇ ਸੰਵਾਦ ਦੀਆਂ ਨੁਹਾਰਾਂ ਛੁਪੀਆਂ ਸਨ। ਇਸ ਨਾਵਲ ਦੀ ਇਹ ਵੀ ਅਜੀਬ ਗੱਲ ਸੀ ਕਿ ਜਿਸ ਬਾਰੇ ਲਿਖਣਾ ਸੀ,ਉਹਦਾ ਜੀਵਨ ਉਹਦੇ ਸਾਥੀ ਨਾਲ ਜੁੜਿਆ ਸੀ। ਦੋਵਾਂ ਨੇ ਦੋਵਾਂ ਨਾਲ ਸੰਵਾਦ ਕਰਨਾ ਸੀ। ਇਸੇ ਕਰਕੇ ਇੱਕ ਬਾਰੇ ਜਾਣਕਾਰੀ ਦੀ ਕਮੀ ਦੂਸਰੇ ਤੇ ਅਸਰ ਕਰਦੀ ਸੀ। ਅੰਤ ਵਿੱਚ ਇਹ ਨਾਵਲ ਦੀ ਇਸ ਵਿਧੀ ਤੋਂ ਸ਼ੁਰੂ ਹੋਇਆ ਕਿ ਮਰਦਾਨੇ ਨੇ ਬਾਬੇ ਨੂੰ ਕਿਵੇਂ ਵੇਖਿਆ? ਦਿਸਣ ਦੀ ਇਸ ਵਿਧੀ ਨਾਲ ਮਰਦਾਨੇ ਦਾ ਰੁਤਬਾ ਵੀ ਤੈਅ ਹੋਣਾ ਸੀ। ਤੇ ਇਹ ਵੀ ਤੈਅ ਹੋਣਾ ਸੀ ਕਿ ਬਾਬੇ ਦਾ ਹੋਣਾ ਕਿੰਨਾ ਖੂਬਸੂਰਤ ਸੀ। ਵੱਡੇ ਬੰਦਿਆਂ ਦੀ ਹਾਜ਼ਰੀ ਨਾਲ ਆਲਾ ਦੁਆਲਾ ਕਿਵੇਂ ਖਿੜ ਉੱਠਦਾ ਹੈ। ਆਪਸੀ ਸੰਵਾਦਾਂ ਨਾਲ ਵਿਚਾਰਾਂ ਦੀ ਗਹਿਰਾਈ ਕਿਵੇਂ ਨਵੀਂ ਨਰੋਈ ਹੋਈ ਹੋਵੇਗੀ। ਫਿਰ ਵੀ ਕਿਸੇ ਰੂਹਾਨੀ ਸੂਰਤ ਦੇ ਬੋਲ ਉਹਦੇ ਹਾਣ ਦੇ ਸਿਰਜਣ ਦੀ ਉਮੰਗ ਹਮੇਸ਼ਾਂ ਚਣੌਤੀ ਦੇ ਰੂਪ ਵਿੱਚ ਹੀ ਰਹੀ। ਇਹ ਵੀ ਸਥਿਤੀ ਦਾ ਵਿਅੰਗ ਹੀ ਸੀ ਕਿ ਕਲਪਣਾ ਮਨ ਨਾਲ ਤੇ ਸਿਰਜਣਾ ਰੂਹਾਨੀ ਸੂਰਤ ਦੀ ਸੋਚਦਾ ਸਾਂ। ਇਨ੍ਹਾਂ ਅਨੁਭਵਾਂ ਵਿੱਚੋਂ ਹੀ ਬਾਬੇ ਦਾ ਮਾਂ ਅੱਗੇ ਬੈਠਣਾ, ਮਰਦਾਨੇ ਦੀ ਅੰਮੀ ਅੱਗੇ ਝੁਕਣਾ, ਪੀਰਾਂ, ਫ਼ਕੀਰਾਂ ਨਾਲ ਸੰਵਾਦ ਵੇਲੇ ਸ਼ਬਦਾਂ ਦਾ



ਸੰਜਮ ਨਾਲ ਨਾਲ ਚਲਦਾ ਰਿਹਾ। ਪੂਰੇ ਨਾਵਲ ਵਿੱਚ ਮਰਦਾਨੇ ਦੀ ਜਗਿਆਸਾ ਨਾਲ ਨਾਲ ਤੁਰਦੀ ਰਹੀ ਹੈ। ਉਹ ਜਿਥੇ ਸਫ਼ਰੀ ਅਨੁਭਵਾਂ ਨਾਲ ਬਾਬੇ ਦੇ ਸੰਗ ਵਿਕਾਸ ਕਰਦਾ ਹੈ, ਉਥੇ ਅਲੱਗ ਅਲੱਗ ਜਗ੍ਹਾ ਅਨੁਭਵੀ ਬੰਦਿਆਂ ਦੇ ਸੰਵਾਦ ਵੀ ਸੁਣਦਾ ਹੈ। ਇਹ ਹਜਾਰਾਂ ਮੀਲਾਂ ਦਾ ਸਫ਼ਰ ਮੇਰੇ ਲਈ ਵੀ ਜੀਵਤ ਸੁਆਸਾਂ ਵਾਂਗ ਹੀ ਸੀ।

ਇਤਿਹਾਸਿਕ ਪਾਤਰ ਉਸਾਰੀ ਵਿੱਚ ਮੈਂ ਸੰਸਕਾਰਾਂ ਦੀ 'ਸਾਦਗੀ' ਨੂੰ ਛੇੜਨ ਦਾ ਹਾਮੀ ਨਹੀਂ ਹਾਂ। ਹਾਂ... ਨਵੇਂ ਅਰਥ ਦੇਣ ਵਿੱਚ ਵਿਸ਼ਵਾਸ ਰੱਖਦਾ ਹਾਂ। ਮੈਂ ਸੰਸਕਾਰਾਂ ਵਿੱਚ ਫਸੇ ਦੁੱਖਾਂ ਨੂੰ ਵਿਰਾਗ ਚੜਾਉਂਦਾ ਹਾਂ। ਅੱਗੇ ਵਿਰਾਗਾਂ ਦੇ ਅਨੰਤ ਹਾਂ ਪੱਖੀ ਦੁਆਰ ਹੁੰਦੇ ਨੇ। ਰੂਹਾਨੀ ਪਾਤਰਾਂ ਦੇ ਆਲੇ ਦੁਆਲੇ ਬੜੇ ਮਿਥਹਾਸਿਕ ਘੇਰੇ ਹੁੰਦੇ ਨੇ। ਇਨ੍ਹਾਂ ਘੇਰਿਆਂ ਵਿੱਚ ਕਿਥੇ 'ਰੂਹਾਨੀਅਤ' ਹੈ, ਕਿਥੇ 'ਮਿੱਥ' ਹੈ? ਇਹਦੀ ਨਿਸ਼ਾਨਦੇਹੀ ਵਿੱਚ ਹੀ ਤੁਹਾਡੀ ਰੂਹਾਨੀਅਤ ਦੀ ਸੋਝੀ ਦਾ ਵੀ ਪਤਾ ਲੱਗਦਾ ਹੈ। ਕਿਸੇ ਰੂਹਾਨੀ ਪਾਤਰ ਨੂੰ ਚਿਤਰਦੇ, ਸਭ ਤੋਂ ਪਹਿਲਾਂ ਨਾਵਲਕਾਰ ਦੀ ਸੋਝੀ ਦੀ ਪੋਲ਼ ਖੁੱਲਣੀ ਹੁੰਦੀ ਹੈ। 'ਬੋਲ ਮਰਦਾਨਿਆ' ਵਿੱਚ ਮੈਂ ਇਤਿਹਾਸ ਦੀਆਂ ਖਾਲੀ ਥਾਂਵਾਂ ਤੇ ਖੜਾ ਹਾਂ। ਮੇਰੀ ਕੋਸ਼ਿਸ਼ ਸੀ ਕਿ ਪੜ੍ਹਣ ਵੇਲੇ ਤੁਹਾਨੂੰ ਉਹ ਕੁਝ ਯਾਦ ਆਵੇ ਜੋ ਤੁਸੀਂ ਜਾਣਦੇ ਹੋ... ਜੋ ਕੁਝ ਤੁਸੀਂ ਜਾਣਦੇ ਹੋ 'ਉਹ ਮੈਂ ਨਹੀਂ ਲਿਖਿਆ'। ਇੱਕ ਨਾਵਲਕਾਰ ਕਈ ਸਭ ਤੋਂ ਵੱਧ ਜੋ ਮੈਂ ਜ਼ਰੂਰੀ ਸਮਝਦਾ ਹਾਂ: ਉਹ ਹੈ ਕਿ ਤੁਹਾਨੂੰ ਚੀਜਾਂ ਕਿਵੇਂ ਦਿਸਦੀਆਂ ਨੇ। ਇਸ ਦਿਸਣ ਵਿੱਚ ਬਹੁਤ ਗਹਿਰਾਈਆਂ ਛੁਪੀਆਂ ਨੇ;ਪਲਟ ਕੇ ਵੇਖਣ ਦੀਆਂ..। ਇਸ ਤਰ੍ਹਾਂ ਅਸੀਂ ਸਿਰਫ ਅਨੁਭਵਾਂ ਦੇ ਦਬਾਅ ਹੇਠ ਨਹੀਂ ਆਉਂਦੇ। ਸਗੋਂ ਹੁਣ ਤੇ ਅਗਲੇ ਪਲਾਂ ਦੀ ਵਿੱਥ 'ਤੇ ਇੱਕੋ ਸਮੇਂ ਨਜ਼ਰ ਰੱਖ ਸਕਦੇ ਹਾਂ।

ਜੀਵਨ ਨੂੰ ਵੇਖਣਾ ਤੇ ਇਤਿਹਾਸ ਨੂੰ ਜੀਵਨ ਦੇਣਾ ;ਦੋਵੇਂ ਅਲੱਗ ਅਲੱਗ ਅਨੁਭਵ ਨੇ। ਇੱਕ ਨਾਵਲਕਾਰ ਨੇ ਸਭ ਤੋਂ ਪਹਿਲਾਂ ਲਗਾਤਾਰ ਯਥਾਰਥ ਉਪਰ ਟਿੱਕੀ ਆਪਣੀ ਨਜ਼ਰ ਦੀ ਆਦਤ ਨੂੰ ਵਰਜਣਾ ਹੁੰਦਾ ਹੈ; ਤਾਂ ਜੋ ਉਹ ਆਪਣੇ ਅਨੁਭਵਾਂ ਨੂੰ ਕਾਲ ਮੁਕਤ ਕਰ ਸਕੇ। ਨਾਵਲਕਾਰ ਅਕਸਰ ਅੱਖਾਂ ਅੱਗੇ ਦੇ ਅਨੁਭਵ ਨਾਲ ਬਹੁਤ ਜੁੜਿਆ ਹੁੰਦਾ ਹੈ। ਇਤਿਹਾਸ ਉਹਦੇ ਲਈ ਇੱਕ ਰੁੱਕ ਚੁਕਾ ਜੀਵਨ ਹੁੰਦਾ ਹੈ। ਨਾਵਲਕਾਰ ਨੇ ਪਹਿਲਾਂ ਉਹਨੂੰ ਗਤੀ ਦੇਣੀ ਹੁੰਦੀ ਹੈ, ਤਾਂ ਜੋ ਉਹ ਜੀਵਨ ਲੱਗੇ। ਫਿਰ ਉਸ ਤੋਰ ਨਾਲ ਆਪਣੇ ਕਦਮ ਮਿਲਾਉਣੇ ਹੁੰਦੇ ਨੇ, ਤਾਂ ਜੋ ਤੁਸੀਂ ਤੇ ਇਤਿਹਾਸ ਦੋਵੇਂ ਅਲੱਗ ਅਲੱਗ ਨਾ ਦਿਸਣ। ਇਤਿਹਾਸਿਕ ਨਾਵਲ ਸਿਰਫ ਇਤਿਹਾਸ ਨਹੀਂ ਇਤਿਹਾਸ ਦੀ ਮਾਨਸਿਕਤਾ ਹੁੰਦਾ ਹੈ। ਜਾਣਕਾਰੀ ਦੱਸਣ ਦੀ ਹੋੜ ਵਿੱਚ ਕਈ ਵਾਰ ਨਾਵਲਕਾਰ ਮਾਨਸਿਕ ਜਗਤ ਨੂੰ ਮੌਕਾ ਹੀ ਨਹੀਂ ਦੇਂਦਾ। ਇਤਿਹਾਸ ਦੇ ਕੁਝ ਹਿੱਸੇ ਸਿਰਫ ਇਤਿਹਾਸ ਲਈ ਹੀ ਰਾਖਵੇਂ ਹੁੰਦੇ ਨੇ। (ਜਿਵੇਂ ਬਾਬੇ ਦਾ ਜਨਮ 1469 ਨੂੰ ਹੋਇਆ) ਇਸ ਇਤਿਹਾਸਿਕ ਮਹੱਤਤਾ ਨੂੰ ਨਾਵਲ ਨੇ ਪਲਾਂ ਵਿੱਚ ਜੀਵਤ ਕਰਨਾ ਹੁੰਦਾ ਹੈ। ਤੱਥਾਂ ਨੂੰ ਜੜ੍ਹ ਨਹੀਂ ਹੋਣ ਦੇਣਾ ਹੁੰਦਾ।

ਮਰਦਾਨੇ ਦੀ ਗਵਾਹੀ ਮੇਰੇ ਲਈ ਬਹੁਤ ਹੀ ਭਾਵਪੂਰਨ ਰਹੀ ਹੈ। ਮੈਂ ਮਰਦਾਨੇ ਵਿੱਚ ਸਮਾਂ ਸਕਦਾ ਸਾਂ; ਆਪਣੀ ਗੱਲ ਕਹਿ ਸਕਦਾ ਸਾਂ। ਬਾਬੇ ਦੇ ਬਿਲਕੁਲ ਨਜ਼ਦੀਕ ਜਾਣ ਦਾ ਦਾਅਵਾ ਜਾਂ ਕੋਸ਼ਿਸ਼ ਹੋਛੀ ਪੈ ਸਕਦੀ ਸੀ। ਮਰਦਾਨੇ ਦੇ ਵੇਖਣ ਵਿੱਚ ਬਾਬੇ ਦਾ ਹੋਣਾ ਹੈ। ਇਸੇ 'ਹੋਣੇ' ਵਿੱਚੋਂ ਹੀ ਮੈਂ ਆਪਣੇ ਸੰਵਾਦ ਦਾ ਰੂਪ ਕਲਪਿਆ ਹੈ। ਇਸੇ ਲਈ ਮਰਦਾਨਾ ਇਸ ਨਾਵਲ ਵਿੱਚ ਮੇਰਾ ਦਿਲਾਸਾ ਹੈ, ਮੇਰਾ ਸਹਾਰਾ ਹੈ। ਮਰਦਾਨਾ ਇਸ ਨਾਵਲ ਵਿੱਚ ਛੋਟੇ ਛੋਟੇ ਵਿਦਰੋਹਾਂ ਵਾਲਾ ਚੇਹਰਾ ਨਹੀ ਹੈ। ਉਹ ਅੰਤਿਮ ਸੱਚ ਦੇ ਵਿਦਰੋਹ ਨਾਲ ਘੁੰਮ ਰਿਹਾ ਸੀ। ਕਈ ਵਾਰੀ ਪਾਠਕਾਂ ਨੇ ਉਹਨੂੰ ਸਧਾਰਨ ਜਹੇ ਦਲਿਤ ਪਾਤਰਾਂ ਦੀ ਤੜਫ ਵਾਂਗ ਸੋਚਿਆ। ਜਦ ਕਿ ਮਰਦਾਨਾ ਦਾਰਸ਼ਨਿਕ ਜਿੱਤਾਂ ਵਿੱਚ ਝੂੰਮਦਾ ਫਿਰ ਰਿਹਾ ਸੀ। (ਕਈ ਵਾਰੀ ਪਾਠਕ ਆਪਣਾ ਰੋਂਦੂ-ਪਣਾ ਯੁੱਗ ਪੁਰਸ਼ਾਂ ਵਿੱਚ ਵੀ ਵੇਖਣ ਲੱਗ ਪੈਂਦਾ ਹੈ। ਅਸਲ ਵਿੱਚ ਇਹ ਉਹਦੀ ਪਛਾਣ ਹੁੰਦੀ ਹੈ ਨਾ ਯੁੱਗ ਪੁਰਸ਼ ਦੀ) ਇਥੇ ਮੈਂ ਨਾਵਲ 'ਚੋਂ ਇੱਕ ਉਦਾਹਰਣ ਦੇਣੀ ਚਾਹੁੰਦਾ ਹਾਂ;ਜਿਥੇ ਉਹ ਬਾਬੇ

ਨੂੰ ਆਪਣੀ ਪ੍ਰਤੀਬੱਧਤਾ ਕੁਝ ਇਸ ਤਰ੍ਹਾਂ ਦਰਸਾਉਂਦਾ ਹੈ। ਪਹਿਲਾਂ ਬਾਬੇ ਦੀ ਆਵਾਜ਼ ਹੈ:

"ਉਸ ਜਗਾ ਨਾ ਰੁਕ ਜਿਥੋਂ ਗੁਰੁ ਤੇ ਚੇਲੇ ਨੇ ਵੱਖ ਹੋਣਾ ਹੁੰਦਾ ਏ..। ਇਥੋਂ ਸੁਰਤ ਦੀ ਸਵਾਰੀ ਸ਼ੁਰੂ ਹੁੰਦੀ ਹੈ।

"ਮੈਨੂੰ ਪੁੱਛਣ ਦੀ ਜਗਿਆਸਾ ਵਿੱਚ ਰੱਖ। ਜੇ ਇਸ ਤੋਂ ਅੱਗੇ ਵਿਛੋੜਾ ਹੈ; 'ਤਾਂ ਮੈਂ ਹਾਂ ਤਲਵੰਡੀ ਦਾ ਡੂਮ"। ਇਹ ਸੀ ਮਰਦਾਨੇ ਦਾ ਉਤਰ। ਵੱਡੇ ਬੰਦਿਆਂ ਦੇ ਵੱਡੇ ਵਿਦਰੋਹ ਹੁੰਦੇ ਨੇ।

ਜਦੋਂ ਅਸੀਂ ਯੁੱਗ ਪੁਰਸ਼ਾਂ ਨੂੰ ਸਾਹਿਤ ਦੇ ਰੂਪ ਵਿੱਚ ਵਿੱਚ ਚਿਤਰਦੇ ਹਾਂ ਤਾਂ ਸਭ ਤੋਂ ਪਹਿਲੀ ਪਰਖ ਹੀ ਇਹ ਹੁੰਦੀ ਹੈ ਕਿ 'ਤੁਸੀਂ ਆਪਣੇ ਆਪ ਦੇ ਕਿੰਨੇ ਨੇੜੇ ਹੋ'? ਆਪਣੇ ਆਪ ਦੀ ਨੇੜਤਾ ਨੇ ਹੀ ਅੱਗੇ ਤੱਕ ਪਹੁੰਚਣਾ ਹੁੰਦਾ ਹੈ; ਜਿਸਨੂੰ ਤੁਸੀਂ ਚਿਤਰਨਾ ਚਾਹੁੰਦੇ ਹੋ। ਤੁਸੀਂ ਆਪਣੀ 'ਨੇੜਤਾ' ਨੂੰ ਕਿਸੇ ਦੀ ਚੇਤਨਾ ਤੱਕ ਪਹੁੰਚਣ ਦੀ ਵਿਧੀ ਬਣਾਉਂਦੇ ਹੋ। ਇਸੇ ਲਈ ਸਭ ਤੋਂ ਪਹਿਲਾਂ ਇਹ 'ਮੇਰਾ ਨਾਨਕ ਹੈ'। ਜੋ ਵੀ ਅਗਲਾ ਨਾਵਲ ਲਿਖੇਗਾ, ਪਹਿਲਾਂ ਉਹ 'ਉਸਦਾ ਨਾਨਕ ਹੋਵੇਗਾ'। ਸਹਿਤ ਵਿੱਚ ਯੁੱਗ ਪੁਰਸ਼ਾਂ ਦੀ ਹਾਜ਼ਰੀ ਸ਼ਾਇਦ ਇਸੇ ਲਈ ਵਾਰ ਵਾਰ ਲੱਗਦੀ ਹੈ।

ਅਜਿਹੇ ਵਿਸ਼ੇ ਉਸਰੀ ਰਚਨਾ ਤੋਂ ਬਾਅਦ ਵੀ ਲੇਖਕ ਉੱਤੇ ਬਹੁਤ ਡੂੰਘਾ ਅਸਰ ਪਾਉਂਦੇ ਨੇ **'ਬੋਲ ਮਰਦਾਨਿਆ'** ਲਿਖਦਿਆਂ ਜਦੋਂ ਮੈਨੂੰ ਕੁਝ ਮਹੀਨੇ ਹੋ ਗਏ ਸਨ ਤਾਂ ਮੈਂ ਵੇਖਿਆ ਕਿ ਮੇਰੇ ਬੱਚਿਆਂ ਦਾ ਮੇਰੇ ਨਾਲ ਵਿਵਹਾਰ ਬਦਲ ਗਿਆ ਸੀ। ਇੱਕ ਵਾਰ ਮੈਂ ਉਨ੍ਹਾਂ ਨੂੰ ਕੋਲ ਬਿਠਾਕੇ ਇਹਦਾ ਕਾਰਣ ਪੁੱਛਿਆ, ਤਾਂ ਉਹ ਦੋਵੇਂ ਸਾਹਸ ਨਾਲ ਬੋਲੇ; "ਪਾਪਾ ਸਾਨੂੰ ਤੈਥੋਂ ਡਰ ਲੱਗਣੋ ਹੱਟ ਗਿਆ"। ਉਸ ਦਿਨ ਦੀ ਅੱਖਾਂ ਵਿੱਚਲੀ ਸਿਲ਼ ਮੈਨੂੰ ਹਮੇਸ਼ਾਂ ਅਨੰਦਿਤ ਕਰਦੀ ਹੈ। ਮੈਂ ਇਸ ਨਵੇਂ ਸਾਹਸ ਨਾਲ ਹਮੇਸ਼ਾਂ ਤਾਜ਼ੇ ਦਮ ਹੋ ਜਾਂਦਾ ਹਾਂ।


**ਫੋਨ:8968834726**

---

ਜ਼ਿੰਦਗੀ ਦਾ ਅਨੁਭਵ ਮਨੁੱਖ ਦੋ ਰੂਪਾਂ ਵਿਚ ਪ੍ਰਾਪਤ ਕਰਦਾ ਹੈ। ਇਕ ਤੱਥਾਂ, ਸੰਕਲਪਾਂ ਅਤੇ ਭਾਵਾਂ ਦੇ ਰੂਪ ਵਿਚ ਪ੍ਰਾਪਤ ਕੀਤਾ ਜ਼ਿੰਦਗੀ ਦਾ ਸਾਮਾਨੀਕ੍ਰਿਤ (ਜਨਰਲਾਈਜ਼ਡ) ਅਨੁਭਵ ਹੈ, ਦੂਸਰਾ ਹਾਲਾਤ ਨਾਲ ਉਲਝੇ ਮਨੁੱਖ ਉੱਤੇ ਉਸਦੀ ਆਪਣੀ ਸਮਝ ਅਤੇ ਹੈਸੀਅਤ ਮੁਤਾਬਕ, ਜਿਵੇਂ ਵਰਤਦੀ ਹੈ, ਦਾ ਅਨੁਭਵ ਹੈ। ਨਾਵਲ ਦੀ ਵਸਤੂ ਦੂਸਰੀ ਭਾਂਤ ਦਾ ਹੀ ਅਨੁਭਵ ਹੈ। ਤੱਥਾਂ, ਸੰਕਲਪਾਂ ਅਤੇ ਭਾਵਾਂ ਦੇ ਰੂਪ ਵਿਚ ਪੇਸ਼ ਕੀਤਾ ਅਨੁਭਵ ਸਮਾਜ ਵਿਗਿਆਨ ਦਾ ਤਾਂ ਕੋਈ ਅੰਗ ਹੋ ਸਕਦਾ ਹੈ, ਸਾਹਿਤ ਨਹੀਂ। ਕਿਸੇ ਪਾਤਰ ਦੇ ਮੂੰਹੋਂ ਅਖਵਾਏ ਸਿਧਾਂਤ, ਕੋਈ ਪਰਿਸਥਿਤੀ ਪੈਦਾ ਕਰਕੇ, ਉਸ ਅਨੁਸਾਰ ਦਿੱਤੇ ਭਾਸ਼ਨ ਜਾਂ ਪਾਤਰਾਂ ਦੀਆਂ ਆਪਸੀ ਬਹਿਸਾਂ, ਕਿਸੇ ਗੱਲ ਤੇ ਪ੍ਰਕਾਸ਼ ਪਾਉਣ, ਲਈ ਖੁਲ੍ਹਵਾਈ ਗਈ ਕਥਾ ਜਾਂ ਰਖਵਾਇਆ ਗਿਆ ਪਾਠ ਸਾਹਿਤ ਨਹੀਂ, ਸਿਧਾਂਤਕ ਤੌਰ ਤੇ ਉਹ ਭਾਵੇਂ ਕਿਨਾ ਵੀ ਸਹੀ ਅਤੇ ਡੂੰਘਾ ਕਿਉਂ ਨਾ ਹੋਵੇ। ਇਹ ਨਾਵਲਕਾਰ ਦੇ ਆਪਣੇ ਅਨੁਭਵ ਵਿਚੋਂ ਕੱਢੇ ਸਿੱਟੇ ਹਨ। ਕੋਈ ਜ਼ਰੂਰੀ ਨਹੀਂ ਕਿ ਇਹ ਸਿੱਟੇ ਉਸਦੇ ਪੇਸ਼ ਕੀਤੇ ਚਿਤਰ ਨਾਲ ਮੇਲ ਖਾਂਦੇ ਹੀ ਹੋਣ। ਨਾਵਲਕਾਰ ਦੀ ਕਲਾ ਲਈ ਇਨ੍ਹਾਂ ਸਿੱਟਿਆਂ ਦਾ ਅਰਥ, ਵੱਧ ਤੋਂ ਵੱਧ, ਇਹ ਹੋ ਸਕਦਾ ਹੈ ਕਿ ਅਸੀਂ ਚਿਤਰ ਬਾਬਤ ਨਾਵਲਕਾਰ ਦੀ ਸਮਝ ਦਾ ਅੰਦਾਜ਼ਾ ਲਾ ਸਕੀਏ। ਉਂਜ ਕਲਾ ਦੇ ਤੌਰ ਤੇ ਨਾਵਲ ਵਿਚਲੇ ਸਿੱਟੇ ਵੀ ਪੇਸ਼ ਅਨੁਭਵ ਦੇ ਚਿੱਤਰ ਵਿਚੋਂ ਹੀ ਨਿਕਲਦੇ ਹਨ ਅਤੇ ਲੇਖਕ ਦੀ ਸਮਝ ਅਤੇ ਰੁਚੀ ਦਾ ਥਹੁਪਤਾ ਦੱਸ ਜਾਂਦੇ ਹਨ।

**-ਡਾ. ਟੀ. ਆਰ. ਵਿਨੋਦ**






# ਨਾਵਲਕਾਰ ਕੋਲ ਉਪਲਬਧ ਸਮੱਗਰੀ ਦੇ ਨੰਗੇ ਸੱਚ ਨੂੰ ਢੁੱਕਵੀ ਭਾਸ਼ਾ ਦੀ ਫੁੱਲਕਾਰੀ ਨਾਲ ਢਕਣ ਦੀ ਕਲਾ ਵੱਡਾ ਮਸਲਾ ਹੈ

**- ਡਾ. ਰਾਜਿੰਦਰ ਸਿੰਘ**

ਨਾਵਲ ਦੀ ਰਚਨਾਕਾਰੀ ਦਾ ਢੰਗ ਨਾਵਲ ਦੇ ਆਪਣੇ ਸਮੇਂ ਦੇ ਵਰਤਾਰੇ ਨਾਲ ਸੰਬੰਧਿਤ ਹੁੰਦਾ ਹੈ ਤੇ ਲੇਖਕ ਦੀ ਕੋਸ਼ਿਸ਼ ਹੁੰਦੀ ਹੈ ਕਿ ਉਸੇ ਸਮੇਂ ਦੇ ਵਾਤਾਵਰਣ, ਭਾਸ਼ਾ, ਸਭਿਆਚਾਰ, ਵਿਚਾਰਧਾਰਾ, ਧਾਰਨਾਵਾਂ, ਬੰਦਸ਼ਾਂ ਜਾਂ ਖੁੱਲ੍ਹਾਂ, ਘਟਨਾਂ ਦਾ ਪਿੰਡ ਵਿਚ ਵਾਪਰਨਾ ਜਾਂ ਸ਼ਹਿਰ ਵਿਚ, ਆਦਿ ਨੂੰ ਧਿਆਨ ਵਿਚ ਰੱਖੇ। ਇਸ ਲਈ ਹਰ ਨਾਵਲ ਦੇ ਲਿਖਣ ਢੰਗ ਨੂੰ ਵੱਖ ਵੱਖ ਕਰਕੇ ਦੇਖਿਆਂ ਹੀ ਠੀਕ ਜਾਂਚ ਹੋ ਸਕਦੀ ਹੈ। ਮੇਰੇ ਕਈ ਨਾਵਲ ਪੰਜਾਬੀ, ਇੰਗਲਿਸ਼ ਅਤੇ ਹਿੰਦੀ ਵਿਚ ਛਪ ਚੁੱਕੇ ਹਨ। ਹਰ ਇਕ ਨਾਵਲ ਦੀ ਪਿੱਠ ਭੂਮੀ ਵੱਖਰੀ ਹੈ। ਨਾਵਲ **'ਜ਼ਖ਼ਮ'** ਦੇਸ਼ ਦੀ ਵੰਡ ਤੋਂ ਕੁਝ ਸਾਲ ਪਹਿਲਾਂ ਅਤੇ ਕੁਝ ਸਾਲ ਮਗਰੋਂ ਦੀ ਕਥਾ ਹੈ। ਪੂਰੇ ਦਾ ਪੂਰਾ ਨਾਵਲ ਸ਼ਹਿਰੀ ਜੀਵਨ ਦਾ ਹੀ ਬਿਰਤਾਂਤ ਹੈ। ਨਾਵਲ **'ਮਾਵਾਂ ਧੀਆਂ**, ਦਰਸਾਉਂਦਾ ਹੈ ਸ਼ਹਿਰੀ ਅਤੇ ਕਾਲਜ ਦੇ ਜੀਵਨ ਅਤੇ ਇਕ ਪ੍ਰੋਫ਼ੈਸਰ ਦਾ ਆਪਣੀ ਹੀ ਸਟੂਡੈਂਟ ਨਾਲ ਸਰੀਰਕ ਸੰਬੰਧ ਜਿਸਨੂੰ ਵਿਦਿਆਰਥਣ ਤਾਂ ਬਹੁਤ ਗੰਭੀਰਤਾ ਨਾਲ ਲੈਂਦੀ ਹੋਈ ਸੰਬੰਧ ਪੱਕੇ ਕਰਨਾ, ਭਾਵ ਸਮਾਜਿਕ ਮਾਨਤਾ ਪ੍ਰਾਪਤ ਕਰਨੀ ਲੋਚਦੀ ਹੈ ਪਰ ਉਸਦਾ 'ਸਰ' ਇਸਨੂੰ ਕੇਵਲ ਠਰਕ ਪੂਰਤੀ ਹੀ ਸਮਝਦਾ ਹੈ। ਇਸਦਾ ਘਟਨਾ ਸਥਲ ਬਹੁਤ ਵਿਸ਼ਾਲ ਹੈ-ਥੋੜ੍ਹਾ ਜਿਹਾ ਹੀ ਪਿੰਡ ਵਿਚ ਤੇ ਕਾਫ਼ੀ, ਦਿੱਲੀ ਵਿਚ, ਬਹੁਤ ਕਾਫ਼ੀ ਇੰਗਲੈਂਡ ਵਿਚ ਅਤੇ ਵਧੇਰੇ ਕਰਕੇ ਆਸਾਮ-ਸ਼ਿਲਾਂਗ ਵਿਚ। ਇਸ ਲਈ ਇਸਦਾ ਢੰਗ ਤਰੀਕਾ ਪਹਿਲੇ ਨਾਵਲ ਨਾਲੋਂ ਬਹੁਤ ਹੀ ਵੱਖਰਾ ਹੈ, ਖੁੱਲ੍ਹਾ ਵੀ ਹੈ ਤੇ ਡੁੱਲ੍ਹਾ ਵੀ। ਲੇਖਕ 1979 ਵਿਚ ਇੰਗਲੈਂਡ ਦੇ ਸਟੱਡੀ ਟੂਰ ਤੇ ਕੋਈ ਢਾਈ ਕੁ ਮਹੀਨੇ ਲਈ ਗਿਆ ਸੀ। ਵੱਖ-ਵੱਖ ਸ਼ਹਿਰਾਂ ਅਤੇ ਸੰਸਥਾਨਾਂ, ਇਤਿਹਾਸਕ ਥਾਵਾਂ, ਆਦਿ ਚੰਗੀ ਤਰ੍ਹਾਂ ਘੁੰਮ ਫਿਰ ਕੇ ਦੇਖੀਆਂ ਸਨ ਤੇ ਵਧੇਰੇ ਕਰਕੇ ਪ੍ਰਵਾਸੀ ਭਾਰਤੀਆਂ ਦੀਆਂ ਦੂਸਰੀ ਪੀੜ੍ਹੀ ਵਿਚ ਵਧੀਆਂ ਮੁਸ਼ਕਿਲਾਂ ਦਾ ਗਹਿਰਾ ਅਧਿਐਨ ਕੀਤਾ ਸੀ। ਦੂਸਰੀ ਪੀੜ੍ਹੀ ਮਾਪਿਆਂ ਦੇ ਵਿਚਾਰ ਵਿਚ ਬਗ਼ਾਵਤ 'ਤੇ ਤੁਲੀ ਬੈਠੀ ਸੀ। ਇਹ ਸਾਰਾ ਕੁਝ ਨਾਵਲ ਦੀ ਕੈਨਵਸ ਉਪਰ ਚਿਤਰਿਆ ਗਿਆ ਸੀ। ਪਹਿਲੀ ਅਤੇ ਦੂਸਰੀ ਪੀੜ੍ਹੀ ਦੁਆਰਾ ਬੋਲੀ ਜਾਂਦੀ ਭਾਸ਼ਾ ਵੀ ਅਸਲ ਦੇ ਨੇੜੇ ਤੇੜੇ ਹੀ ਰੱਖੀ ਗਈ ਸੀ। ਮਾਪਿਆਂ ਦੀ ਮੁਹਾਵਰੇਦਾਰ ਬੋਲੀ ਸਿਆਣੇ ਹੋ ਰਹੇ ਬੱਚਿਆਂ ਦੇ ਪੱਲੇ ਘੱਟ ਪੈਂਦੀ ਸੀ।

ਨਾਵਲ **'ਧਰਤੀ ਦਾ ਹੇਠਲਾ ਪਾਸਾ'** ਲਗਭਗ ਸਾਰੇ ਦਾ ਸਾਰਾ ਹੀ ਆਸਟਰੇਲੀਆ ਵਿਚਲਾ ਬਿਰਤਾਂਤ ਹੈ, ਭਾਵੇਂ ਆਰੰਭ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਹੀ ਹੁੰਦਾ ਹੈ। ਢੰਗ ਤਰੀਕਾ ਭਾਵ ਸ਼ੈਲੀ ਵੀ ਵੱਖਰੀ ਹੀ ਹੈ। ਸਾਰੇ ਦਾ ਸਾਰਾ ਖੁੱਲ੍ਹਾਂ ਹੀ ਖੁੱਲ੍ਹਾਂ ਹਨ, ਕੋਈ ਸੰਕੋਚ ਨਹੀਂ ਹੈ। ਨੰਗੇਜ ਕੀ ਸਮਝਿਆ ਜਾਂਦਾ ਹੈ ਤਾਂ ਅਸਲ ਵਿਚ ਕੀ ਹੁੰਦਾ ਹੈ, ਉਹ ਵੀ ਵਾਰਤਾਲਾਪੀ ਢੰਗ ਨਾਲ ਦਰਸਾਇਆ ਗਿਆ ਹੈ। ਉਸਦੇ

ਨਵੇਂ ਅਰਥ ਕੀਤੇ ਗਏ ਹਨ। ਮਾਨਵ ਸੰਬੰਧ, ਵਿਸ਼ੇਸ਼ ਕਰ ਨਰ-ਨਾਰੀ ਸੰਬੰਧਾਂ ਦਾ ਅਯੋਗ ਜਾਂ ਯੋਗ ਹੋਣ ਵਿਚ ਲਕੀਰ ਕਿੱਥੇ ਵਾਹੀ ਜਾ ਸਕਦੀ ਹੈ ਜਾਂ ਲਕੀਰ ਵਾਹੁਣੀ ਬੇਲੋੜੀ ਜਿਹੀ ਗੱਲ ਹੈ। ਇਕੋ ਸਮੇਂ ਇਕ ਤੋਂ ਵੱਧ ਸੰਬੰਧ ਵੀ ਹੋ ਸਕਦੇ ਹਨ ਇਹ ਵੀ ਆਮ ਵਰਤਾਰਾ ਗਿਣਿਆ ਜਾ ਸਕਦਾ ਹੈ। ਵਿਆਹ ਜਿਹੀ ਸੰਸਥਾ ਬੇਲੋੜੀ ਹੋ ਗਈ ਲੱਗਦੀ ਹੈ। ਇਕ ਦੋ ਵਾਰ ਤਲਾਕ ਨਾ ਹੋਣਾ, ਇਕ ਪੁਰਾਣੀ ਅਤੇ ਪੱਛੜੀ ਸੋਚ ਦਾ ਪ੍ਰਤੀਕ ਦਿਸਦਾ ਹੈ। ਛੜੀ ਮਾਂ ਹੋਣਾ ਜਾਂ ਛੜਾ ਪਿਉ ਹੋਣਾ ਸਮਾਜ ਅਤੇ ਕਾਨੂੰਨ ਪ੍ਰਵਾਨਿਤ ਵਰਤਾਰਾ ਹੈ। ਇਹ ਸਾਰਾ ਨਾਵਲ ਇੱਕ ਬਹੁਤ ਲੰਮੇ ਸਾਰੇ ਸਮੇਂ ਨੂੰ ਬਿਆਨ ਨਹੀਂ ਕਰਦਾ। ਲੇਖਕ ਨੂੰ ਕੋਲੰਬੂ ਪਲੈਨ ਦੇ ਅੰਤਰਗਤ ਅਸਟ੍ਰੇਲੀਆ ਦੇ ਸਿਡਨੀ ਸਥਿਤ ਇੰਟਰਨੈਸ਼ਨਲ ਮੈਨੇਜਮੈਂਟ ਇੰਸਟੀਚਿਊਟ ਵਿਚ ਫੈਲੋਸ਼ਿਪ ਮਿਲੀ ਸੀ। ਤਿੰਨ ਕੁ ਮਹੀਨੇ ਦੀ ਲੇਖਕ ਦੀ ਹੱਡ ਬੀਤੀ ਹੈ ਭਾਵੇਂ ਪਿੱਛਲ ਝਾਤਾਂ ਅਤੇ ਹੋਰਨਾਂ ਦੀਆਂ ਹੱਡ ਬੀਤੀਆਂ ਭਰਪੂਰ ਹਨ ਜੋ ਬੀਤ ਚੁੱਕੇ ਲੰਮੇ ਸਮੇਂ ਦਾ ਦਰਸ਼ਨ ਕਰਾਉਂਦੀਆਂ ਹਨ। ਉਥੋਂ ਸਰਕਾਰ ਨੇ ਹਰ ਵੱਡੇ ਸ਼ਹਿਰ, ਕਸਬੇ ਅਤੇ ਪ੍ਰਸਿੱਧ ਪਿੰਡਾਂ ਦੀ ਸੈਰ ਕਰਾਈ ਸੀ। ਲੇਖਕ ਨੇ ਸਾਰੀ ਫੈਕਲਟੀ ਦੇ ਮਰਦ-ਇਸਤਰੀਆਂ ਨਾਲ ਭੇਟ ਵਾਰਤਾਵਾਂ ਕੀਤੀਆਂ, ਉੱਘੀਆਂ ਹਸਤੀਆਂ ਨੂੰ ਮਿਲਿਆ, ਨਾਰੀ ਮੁਕਤੀ ਅੰਦੋਲਨ ਦੀ ਪੂਰੀ ਅਤੇ ਅੱਖੀਂ ਡਿੱਠੀ ਮੁਕਤੀਆਂ ਦੇ ਮੂੰਹੋਂ ਜਾਣਕਾਰੀ ਪ੍ਰਾਪਤ ਕੀਤੀ। ਰਾਹ ਜਾਂਦੇ ਰਾਹੀਆਂ ਨੂੰ ਰੋਕ ਕੇ ਉਹਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਸੀ। ਸ਼ਰਾਬੀਆਂ ਅਤੇ ਹੋਰ ਕੁਰਾਹੇ ਪੈ ਗਏ ਅਤੇ ਪੈ ਗਈਆਂ ਨੂੰ ਵੀ ਨੇੜਿਓਂ ਦੇਖਿਆ। ਇੰਸਟੀਚਿਊਟ ਦੀ ਬਹੁਤ ਵੱਡੀ ਲਾਇਬਰੇਰੀ ਅਤੇ ਸੁਣੱਖੀ ਲਾਇਬਰੇਰੀਅਨ ਨਾਲ ਵੀ ਬਹੁਤ ਲੰਬੀ ਅਤੇ ਵਚਿੱਤਰ ਮੁਲਾਕਾਤ ਕੀਤੀ ਸੀ। ਆਦਿਵਾਸੀ ਲੋਕਾਂ ਨਾਲ ਵੀ ਸੰਪਰਕ ਕੀਤਾ ਸੀ। ਇਕ ਚੰਗੇ ਦਾਨਿਸ਼ਵਰ ਨਾਲ ਇੰਞ ਗੱਲ ਹੋਈ ਸੀ – 'ਫ਼ਰਾਇਡ ਅਤੇ ਮਾਰਕਸ ਬਾਰੇ ਤੁਹਾਡਾ ਕੀ ਵਿਚਾਰ ਹੈ?' ਉੱਤਰ, 'ਇਕ ਫ਼ੇਲ ਹੋ ਗਿਆ ਹੈ ਤੇ ਦੂਸਰੇ ਦੇ ਫ਼ੇਲ ਹੋ ਜਾਣ ਵਿਚ ਮੈਨੂੰ ਕੋਈ ਸ਼ੱਕ ਨਹੀਂ ਹੈ। ਉਸਦੇ ਤਾਣੇ ਬਾਣੇ ਤੇ ਬਣੇ ਰਾਜਤੰਤਰ ਢੇਰੀ ਹੋ ਜਾਣਗੇ। ਮਨੁੱਖੀ ਮਨ ਐਨਾ ਵਿਸ਼ਾਲ ਹੈ ਅਤੇ ਛਲਾਂਗਾ ਮਾਰਨ ਦਾ ਆਦੀ ਹੈ ਕਿ ਇਹ ਕਿਸੇ ਚੌਖਟੇ ਵਿਚ ਬੰਨ੍ਹ ਕੇ ਨਹੀਂ ਰਖਿਆ ਜਾ ਸਕਦਾ।' ਆਸਟ੍ਰੇਲੀਆ ਦੀ ਸਰਕਾਰ ਨੇ ਭਾਰਤ ਸਰਕਾਰ ਨੂੰ ਲੇਖਕ ਬਾਰੇ ਲਿਖਿਆ ਸੀ – 'ਇਸਨੇ ਕਲਾਸ ਰੂਮ ਦੇ ਅਲਾਵਾ ਆਸਟ੍ਰੇਲੀਆ ਬਾਰੇ ਬਾਹਰੋਂ ਬਹੁਤ ਕੁੱਛ ਸਿੱਖਿਆ ਹੈ ਅਤੇ ਸੋਲਾਂ ਦੇਸ਼ਾਂ ਤੋਂ ਆਏ ਅੱਸੀ ਫੈਲੋਜ਼ ਵਿਚੋਂ ਇਸਨੂੰ ਸਰਵ ਉੱਚ ਗਿਣਿਆ ਗਿਆ ਹੈ।' ਇਹ ਸਾਰਾ ਕੁਝ ਇਸ ਨਾਵਲ ਦਾ ਆਧਾਰ ਬਣਿਆ।

ਹਰ ਲੇਖਕ ਆਪਣੀ ਰਚਨਾ ਵਿਚ, ਜਿਵੇਂ ਕਾਦਰ ਆਪਣੀ ਕੁਦਰਤ ਵਿਚ ਆਪ ਬੈਠਾ ਹੁੰਦਾ ਹੈ, ਆਪਣੇ ਨਿੱਜੀ ਅਨੁਭਵ ਨੂੰ ਹੀ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਨਾ ਕਿਸੇ ਤੇ ਘਟਾ ਕੇ ਬਿਆਨ ਕਰਦਾ ਹੈ। ਇਸ ਸਿਲਸਿਲੇ ਵਿਚ ਹੋਰ ਵਿਸਥਾਰ ਵਿਚ ਨਾ ਜਾਂਦਿਆ, ਇਕੋ ਨਾਵਲ **'ਪਰਾਤੜੇ 'ਚ ਗੰਗਾ'** ਦੀ ਰਚਨਾਕਾਰੀ 'ਤੇ ਹੀ ਸੀਮਿਤ ਰਹਿੰਦਾ ਹਾਂ। ਇਸ ਨਾਵਲ ਬਾਰੇ ਪੰਜਾਬੀ ਸਾਹਿਤ ਦੀ ਸਿਰਮੌਰ ਲੇਖਿਕਾ ਡਾ. ਦਲੀਪ ਕੌਰ ਟਿਵਾਣਾ ਨੇ ਲਿਖਿਆ ਸੀ ਕਿ ਇਸ ਨਾਵਲ ਜਿਹਾ ਨਾਵਲ ਪੰਜਾਬੀ ਸਾਹਿਤ ਵਿਚ ਪਹਿਲਾਂ ਕਦੇ ਨਹੀ ਲਿਖਿਆ ਗਿਆ, ਜੋ ਟਾਲਸਟਾਏ ਅਤੇ ਦੋਸਤੋਵਸਕੀ ਦੀ ਯਾਦ ਤਾਜ਼ਾ ਕਰਾਉਂਦਾ ਹੈ। ਬਹੁਤ ਸਾਰੀਆਂ ਨਾਵਲ ਗੋਸ਼ਟੀਆਂ ਵੀ ਹੋਈਆਂ ਸਨ, ਜਲੰਧਰ ਅਤੇ ਦਿੱਲੀ ਵਿਚ। ਰਿਵਿਊ ਵੀ ਬਹੁਤ ਚੰਗੇ ਹੋਏ ਸਨ। ਲੇਖਕ ਨੇ ਇਹ ਜੀਵਨੀ ਮੂਲਕ ਇੰਗਲਿਸ਼ ਨਾਵਲ ਲਿਖਣ ਵਾਸਤੇ ਆਪਣੀਆਂ ਡਾਇਰੀਆਂ ਵਿਚ ਬਹੁਤ ਲੰਮਾ ਸਮਾਂ, ਵਿਸ਼ੇਸ਼ ਕਰ ਉਸ ਸਮੇਂ ਦੇ ਬਹੁਤ ਹੀ ਲੰਮੇ ਰੇਲਵੇ ਸਫ਼ਰਾਂ ਦੌਰਾਨ ਝਰੀਟਾਂ ਮਾਰੀਆਂ ਹੋਈਆਂ ਸਨ। ਕੋਸ਼ਿਸ਼ ਇਹੀ ਸੀ ਕਿ ਜਦ ਵੀ ਲਿਖਿਆ ਜਾਏ ਯਥਾਰਥਕ ਹੀ ਹੋਵੇ, ਕਲਪਨਾ ਅਤੇ ਪ੍ਰਵਾਨਗੀ ਦਾ ਆਸਰਾ ਓਨਾ ਕੁ ਹੋਵੇ ਜਿਸ ਬਿਨਾ ਸਰਦਾ ਨਾ ਹੋਵੇ। ਸ਼ਬਦਾਵਲੀ, ਭਾਸ਼ਾਈ ਵਰਤੋਂ ਵੀ ਸਹਿਜ ਅਤੇ ਸਮੇਂ ਅਨੁਕੂਲ ਹੋਵੇ ਜਿਸਨੂੰ ਇੰਗਲਿਸ਼ ਦੇ ਸੱਚੇ ਵਿਚ ਢਾਲਣ ਹਿਤ ਪੂਰਾ ਪੂਰਾ ਯਤਨ ਕੀਤਾ ਜਾਵੇ। ਇਹ ਬਹੁਤ ਚਿਰ ਰਿੜਕ ਹੁੰਦਾ ਰਿਹਾ ਉਸਦੇ ਮਨ ਦੀ ਚਾਟੀ ਵਿਚ ਫਿਰਦੀ ਉਸਦੀ ਸੋਚ ਦੀ ਮਧਾਣੀ ਨਾਲ। ਪਰ ਇੰਗਲਿਸ਼ ਵਿਚ ਪ੍ਰਗਟ ਹੋਣ ਤੋਂ ਪਹਿਲਾਂ ਮਾਤ-ਭਾਸ਼ਾ



ਵਿਚ ਪ੍ਰਗਟ ਹੋ ਗਿਆ। ਜਿੱਥੇ ਲੇਖਕ ਨੇ ਜੋ ਕੁਝ ਲਿਖਣਾ ਸੀ ਉਸਦੇ ਰੂਪ ਰੇਖਾ ਮਨ ਵਿਚ ਵਾਹੀ ਹੋਈ ਸੀ ਉਥੇ ਨਾਵਲ ਦੀ ਮੁੱਖ ਪਾਤਰ ਦੇ ਅਸਲੀ ਵਰਤੇ ਗਏ ਸ਼ਬਦ ਵੀ ਉਹਦੇ ਕੰਨੀ ਗੂੰਜਾਂ ਮਾਰਦੇ ਰਹਿੰਦੇ ਸਨ। ਉਹਨਾਂ ਨੂੰ ਪੰਜਾਬੀ ਰੂਪ ਵਿਚ ਉਸੇ ਤਰ੍ਹਾਂ ਪ੍ਰਗਟਾਉਣਾ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਸੀ। ਉਹਨਾਂ ਵਿਚ ਕਈ ਸ਼ਬਦ, ਵਾਕ ਜਾਂ ਅਖਾਣ, ਐਸੇ ਸਨ ਜਿਹੜੇ ਅੱਜ ਦੀ ਪ੍ਰਵਾਨਗੀ ਦੀ ਲਕੀਰ ਤੋਂ ਬਾਹਰਵਾਰ ਜਾਂਦੇ ਸਮਝੇ ਜਾਂਦੇ ਸਨ। ਪ੍ਰਵਾਨਗੀ ਹਿਤ ਸੰਕੋਚ, ਇਸ਼ਾਰੇ ਮਾਤਰ, ਜਾਂ ਕੁਝ ਅਣਕਿਹਾ ਹੀ ਛੱਡ ਦੇਣਾ ਹੀ ਸਮੇਂ ਦੀ ਮੰਗ ਸੀ।

ਇਹ ਜੀਵਨੀ ਮੂਲਕ ਰਚਨਾ ਹੋਣ ਕਰਕੇ ਇਸਦੇ ਘਟਨਾ ਕ੍ਰਮ ਦਾ ਸਮਾਂ ਬਹੁਤ ਲੰਬਾ ਹੈ-ਵੀਹਵੀਂ ਸਦੀ ਦੇ ਪਹਿਲੇ ਸਾਲ ਤੋਂ ਲੈ ਕੇ ਸਦੀ ਦੇ ਅੱਠਵੇਂ ਦਹਾਕੇ ਦੇ ਅੰਤ ਤਕ ਦਾ ਹੈ। ਨਾਵਲ ਦੀ ਮੁੱਖ ਪਾਤਰਾ ਅੱਛਰੀ ਹੈ ਜਿਸਦੀ ਮਾਂ ਦੀਆਂ ਜਨਣ ਪੀੜਾਂ ਅਤੇ ਅੱਛਰੀ (ਜਿਸਦਾ ਪੇਕਿਆਂ ਦਾ ਨਾਂ ਜੀਵੀ ਸੀ) ਦੇ ਜਨਮ ਤੋਂ ਸ਼ੁਰੂ ਕਰਕੇ ਉਸਦੇ ਅੰਤਲੇ ਸਾਹਾਂ ਤਕ ਦਾ ਵਿਵਰਣ ਹੈ। ਇਸ ਵਿਚ ਅੱਧਾ ਕੁ ਸਮਾਂ ਲੇਖਕ ਦੀ ਆਪਣੀ ਜੀਵਨੀ ਵੀ ਸਮੋ ਹੋ ਜਾਂਦੀ ਹੈ। ਐਨਾ ਕੁ ਸਮਝੋ ਕਿ ਸਵੈ-ਜੀਵਨੀ ਵਰਗਾ ਹੀ ਹੈ।

ਉਹ ਇਕ ਐਸਾ ਸਮਾਂ ਸੀ ਜਦ ਮਰਦ ਹਰ ਗੱਲ ਮਾਂ ਭੈਣ ਦੀ ਗਾਲ਼ ਨਾਲ ਸ਼ੁਰੂ ਕਰਦੇ ਸਨ ਜਾਂ ਇਹੋ ਗਾਲ਼ਾਂ ਹਰ ਗੱਲ ਖ਼ਤਮ ਕਰਕੇ ਕੱਢ ਦਿੰਦੇ ਸਨ, ਆਪਣੇ ਆਪ ਨੂੰ ਵੀ। ਇਸੇ ਤਰ੍ਹਾਂ ਤ੍ਰੀਮਤਾਂ ਵੀ ਖੁੱਲ੍ਹ ਕੇ ਗੱਲ ਕਰਦੀਆਂ ਸਨ ਤੇ ਆਪਣੇ ਢੰਗ ਦੀਆਂ ਗਾਲ਼ਾਂ ਦੀ ਵਰਤੋਂ ਕਰਦੀਆਂ ਸਨ ਜੋ ਆਮ ਵਰਤਾਰਾ ਸਮਝਿਆ ਜਾਂਦਾ ਸੀ। 'ਖ਼ਸਮ ਨੂੰ ਖਾਣੀ, ਉੱਧਲ ਜਾਣੀ, ਯਾਰਾਂ ਪਿੱਟੀ, ਟੰਗਾਂ ਮਰਾਉਣੀ, ਰੰਡੀ, ਮੋਈ ਮਰਜਾਣੀ', ਆਮ ਗਾਲ਼ਾਂ ਕੱਢ ਦਿੰਦੀਆਂ ਸਨ।

ਕੁੜੀਆਂ ਦੀ ਪੜ੍ਹਾਈ ਓਦੋਂ ਹੁੰਦੀ ਨਹੀਂ ਸੀ ਤੇ ਕੰਨਿਆ ਦਾਨ ਹੀ ਮੁੱਖ ਧਰਮ ਹੁੰਦਾ ਸੀ ਮਾਪਿਆਂ ਦਾ, ਜਦ ਕੰਨਿਆਂ ਸਹੀ ਅਰਥਾਂ ਵਿਚ ਕੰਨਿਆ ਹੋਵੇ, ਰੱਜੋ ਦਰਸ਼ਨ ਤੋਂ ਪਹਿਲਾਂ ਹੀ, ਭਾਵ ਬਾਲ ਵਿਵਾਹ ਹੁੰਦੇ। ਵਿਆਂਧੜ ਦੀ ਉਮਰ ਕਈ ਵੇਰ ਕੁੜੀ ਤੋਂ ਵੀ ਥੋੜ੍ਹੀ ਛੋਟੀ ਹੁੰਦੀ ਸੀ ਤਾਂ ਜੋ ਪਤੀ ਦੇ ਹੱਥਾਂ ਵਿਚ ਹੀ ਮਰੇ, ਜਿਵੇਂ ਮੌਤ ਕੋਈ ਸੀਨਿਉਰਿਟੀ ਨਾਲ ਆਉਂਦੀ ਹੋਵੇ। ਵਿਧਵਾ ਹੋਣਾਂ ਇਕ ਮਹਾਨ ਕਲੰਕਿਤ ਅਵਸਥਾ ਗਿਣੀ ਜਾਂਦੀ ਸੀ ਤੇ ਵਿਧਵਾ ਕੋਲੋਂ ਇਨਸਾਨ ਹੋਣ ਦਾ ਹੱਕ ਖੋਹ ਲਿਆ ਜਾਂਦਾ ਸੀ। ਉਹ ਚੱਲਦੀ ਫਿਰਦੀ ਲਾਸ਼ ਹੀ ਜਾਣੀ ਜਾਂਦੀ ਸੀ। ਜਿਸ ਨੂੰ ਸਦਾ ਪਰ੍ਹੇ ਰੱਖਣ ਦਾ ਹੀ ਜਤਨ ਹੁੰਦਾ ਸੀ।

ਜਿੱਥੋ ਤਕ ਲੇਖਕ ਦਾ ਸਮੇਂ ਦੀ ਅਨੁਕੂਲਤਾ ਵੱਲ ਧਿਆਨ ਹੁੰਦਾ ਹੈ, ਉਹ ਉਪਰੋਕਤ ਸਥਿਤੀਆਂ ਨੂੰ ਯੋਗ ਸ਼ਬਦਾਂ ਵਿਚ ਢਾਲ ਲੈਂਦਾ ਹੈ। ਇਸਦੇ ਅਲਾਵਾ ਲੇਖਕ ਦਾ ਆਪਣਾ ਸਿੱਖਿਆ ਸਤਰ, ਉਸਦੀ ਆਪਣੇ ਆਪ ਕੀਤੀ ਪੜ੍ਹਾਈ, ਉਸਦਾ ਸੰਸਾਰ ਭਰ ਦੇ ਸਾਹਿਤ ਦਾ ਗਿਆਨ, ਉਸਦੀ ਅਨੁਭਵੀ ਵਾਟ, ਇਹ ਸਭ ਕੁਛ ਰਚਨਾਕਾਰੀ ਵਿਚ ਝਲਕਾਂ ਮਾਰਦਾ ਹੈ।

**'ਪਰਾਤੜੇ 'ਚ ਗੰਗਾ'** ਦੇ ਲੇਖਕ ਨੇ ਕੋਈ ਪੱਚੀ ਤੀਹ ਵਰ੍ਹੇ ਇਕ ਗੰਭੀਰ ਪਾਠਕ ਦੇ ਤੌਰ 'ਤੇ ਬਿਤਾਏ ਸਨ। ਅੱਜ ਪ੍ਰਸਿੱਧ ਸਾਹਿਤਕਾਰ ਸਤਿਕਾਰਯੋਗ ਜੰਗ ਬਹਾਦਰ ਗੋਇਲ ਸਾਹਿਬ ਸੰਸਾਰ ਪੱਧਰ ਦੀਆ 60 ਪੁਸਤਕਾਂ ਬਾਰੇ ਆਪਣੀਆਂ ਚਾਰ ਪੰਜਾਬੀ ਕਿਤਾਬਾਂ ਵਿਚ ਲਿਖ ਚੁੱਕੇ ਸਨ। ਇਹਨਾਂ ਵਿਚੋਂ ਲੱਗ ਭਗ 45 ਕਿਤਾਬਾਂ **'ਪਰਾਤੜੇ 'ਚ ਗੰਗਾ'** ਦੇ ਲੇਖਕ ਨੇ ਪ੍ਰਕਾਸ਼ਤ ਹੋਣ ਲੱਗੀ ਕਲਮਕਾਰੀ ਤੋਂ ਪਹਿਲਾਂ ਹੀ, ਬਹੁਤੀਆਂ ਮੌਲਿਕ ਇੰਗਲਿਸ਼, ਬਾਕੀ ਦੀਆਂ ਰੂਸੀ, ਫ਼ਰਾਂਸਿਸੀ, ਜਰਮਨ ਅਤੇ ਇਟਾਲਵੀ ਭਾਸ਼ਾਵਾਂ ਦੇ ਇੰਗਲਿਸ਼ ਅਨੁਵਾਦ ਦੁਆਰਾ ਪੜ੍ਹ ਲਈਆਂ ਹੋਈਆਂ ਸਨ। ਸਾਹਿਤਕਾਰੀ ਲਈ ਲਿਖਣੋਂ ਪਹਿਲਾਂ ਬਹੁਤ ਅਧਿਐਨ ਸਮੁੱਚੀ ਰਚਨਾਕਾਰੀ ਕਰਨ ਵਾਲੀ ਗੱਲ ਪੂਰੀ ਨਿਭਾਈ ਸੀ। ਗੁਰਬਾਣੀ ਨਾਲ ਤਾਂ ਉਸਦਾ ਬਚਪਨ ਤੋਂ ਹੀ ਪਿਆਰ ਸੀ, ਨਿਤਨੇਮੀ ਸੀ, ਗੁਰਬਾਣੀ ਦੇ ਟੀਕੇ, ਦਸਮ ਗ੍ਰੰਥ ਦੇ ਟੀਕੇ, ਸਭ ਪੜ੍ਹੇ ਸਨ ਤੇ ਅਨਗਿਣਤ ਪੁਸਤਕਾਂ ਪੜ੍ਹੀਆਂ ਸਨ, ਕਥਾਵਾਂ ਸੁਣੀਆਂ ਸਨ।

ਗੱਲ ਹੋਈ ਸੀ ਰਚਨਾਕਾਰ ਕੋਲ ਉਪਲਬਧ ਸਮੱਗਰੀ ਦੇ ਨੰਗੇ ਸੱਚ ਨੂੰ ਢੁੱਕਦੀ ਭਾਸ਼ਾ ਦੀ ਫੁਲਕਾਰੀ ਨਾਲ ਢੱਕਣ ਦੀ। ਇਹ ਇਕ ਵੱਡਾ ਮਸਲਾ ਹੈ ਜੋ ਸੰਸਾਰ ਭਰ ਵਿਚ ਹਰ ਸਾਹਿਤਕਾਰ ਦੇ ਸਾਹਮਣੇ ਆਇਆ ਹੈ। ਡੀ. ਐਚ. ਲੈਰੈਂਸ ਨੂੰ ਹਰ ਪ੍ਰਕਾਸ਼ਕ ਰੱਦਦਾ ਹੀ ਨਹੀਂ ਰਿਹਾ ਸਗੋਂ ਭੰਡਦਾ ਵੀ ਰਿਹਾ ਤੇ ਜੇ ਕਿਤੇ ਕੁਝ ਪ੍ਰਕਾਸ਼ ਵਿਚ ਆਇਆ ਵੀ ਤਾਂ ਅਸ਼ਲੀਲ ਕਰਾਰ ਦੇ ਕੇ ਜ਼ਬਤ ਕਰ ਲਿਆ ਗਿਆ। ਪ੍ਰਕਾਸ਼ਨ 'ਤੇ ਪਾਬੰਦੀ ਲੱਗ ਗਈ। ਓਹੀ ਸਾਹਿਤਕਾਰ ਅਨੁਕੂਲ ਸਮਾਂ ਆਉਣ 'ਤੇ ਜਗਤ ਪ੍ਰਸਿੱਧ ਅਤੇ ਕਲਾਸਿਕ ਰਚਨਾਕਾਰੀ ਦਾ ਪ੍ਰਤੀਕ ਬਣ ਗਿਆ। ਹੋਰ ਤਾਂ ਹੋਰ ਜਗਤ ਪ੍ਰਸਿੱਧ ਨਾਵਲਕਾਰ ਹਾਰਡੀ ਵੀ ਇਸੇ ਗੱਲ ਦਾ ਸ਼ਿਕਾਰ ਹੋਇਆ ਸੀ। ਕਾਰਨ ਇਹੀ ਸੀ ਕਿ ਉਹ ਆਪਣੇ ਸਮੇਂ ਵਿਚ ਆਉਣ ਵਾਲੇ ਸਮੇਂ ਦਾ ਲਿਖਣ ਢੰਗ ਦਰਸਾ ਰਹੇ ਸਨ ਪਰ ਹਾਲਾਤ ਐਨੇ ਉਦਾਰਵਾਦੀ ਹੋਣ ਦੇ ਅਨੁਕੂਲ ਨਹੀਂ ਸਨ।

**'ਪਰਾਤੜੇ 'ਚ ਗੰਗਾ'** ਨੂੰ ਪ੍ਰਕਾਸ਼ਿਤ ਕਰਨ ਦੀ ਜ਼ਿੰਮੇਵਾਰੀ, ਉੱਚੀ ਪੱਧਰ 'ਤੇ ਘੋਖ ਕਰਨ ਮਗਰੋਂ, ਚੋਟੀ ਦੇ ਸਾਹਿਤਕਾਰਾਂ ਦੀ ਇਕ ਸੰਸਥਾ ਨੇ ਲਈ ਸੀ, ਜੋ ਹਰ ਵਰ੍ਹੇ ਪੁਸਤਕਾਂ ਦਾ ਇਕ ਸੈਟ ਪ੍ਰਕਾਸ਼ਿਤ ਕਰਦੀ ਸੀ ਤੇ ਮੈਂਬਰਾਂ ਵਿਚ, ਵਾਜਿਬ ਕੀਮਤ ਵਸੂਲ ਕਰਕੇ ਵੰਡਦੀ ਸੀ। ਇਸਤੋਂ ਪਹਿਲਾਂ ਐਸਾ ਕਾਰਜ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਦਿੱਲੀ ਵੀ ਕਰ ਚੁੱਕੀ ਸੀ ਜਿਸਨੇ ਇਸ ਲੇਖਕ ਦਾ ਨਾਵਲ **'ਕੰਧਾਂ'**, ਪ੍ਰਕਾਸ਼ਿਤ ਕੀਤਾ ਸੀ, ਜਿਸਦਾ ਦੂਸਰਾ ਐਡੀਸ਼ਨ **'ਜ਼ਖ਼ਮ'** ਨਾਂ ਦੇ ਰੂਪ ਵਿਚ ਛਪਿਆ ਸੀ। ਪਰ ਉਹ ਚੋਟੀ ਦੇ ਸਾਹਿਤਕਾਰਾਂ ਦੀ ਐਡੀ ਵੱਡੀ ਸੰਸਥਾ, ਆਪਸੀ ਮਤ ਭੇਦ ਕਾਰਨ, ਢਹਿ ਢੇਰੀ ਹੋ ਗਈ ਤੇ ਪ੍ਰਕਾਸ਼ਕਾਂ ਕੋਲ ਪਏ ਨਾਵਲ ਉਥੇ ਦੇ ਉਥੇ ਰਹਿ ਗਏ। ਉਹਨਾਂ ਵਿਚ **'ਪਰਾਤੜੇ 'ਚ ਗੰਗਾ'** ਵੀ ਸੀ। ਹੁਣ ਇਹ ਕੇਵਲ ਪ੍ਰਕਾਸ਼ਕ ਦੇ ਹੱਥ ਵੱਸ ਸੀ। ਪ੍ਰਕਾਸ਼ਕ ਨੇ ਇਕ ਕਾਂਡ ਤੇ ਪੂਰੀ ਤਰ੍ਹਾਂ ਹਟਾ ਦਿੱਤਾ, ਭਾਵੇਂ ਲੇਖਕ ਨੂੰ ਦੱਸ ਕੇ । ਕੁਝ ਹੋਰ 'ਸੁਧਾਈਆਂ' ਮਗਰੋਂ ਇਹ ਪ੍ਰਕਾਸ਼ ਵਿਚ ਆ ਗਿਆ। ਇਸਦੇ ਇੰਗਲਿਸ਼ ਰੂਪ ਵਿਚ, ਜੋ ਪ੍ਰਕਾਸ਼ਿਤ ਹੋ ਚੁੱਕਾ ਹੈ, ਪਹਿਲਾਂ ਕੀਤੀਆਂ ਹੋਈਆਂ ਝਰੀਟਾਂ ਦਾ ਪੂਰਾ ਖ਼ਿਆਲ ਰੱਖਣ ਦਾ ਜਤਨ ਕੀਤਾ ਗਿਆ। ਜੋ ਕਾਂਡ ਪੰਜਾਬੀ ਪ੍ਰਕਾਸ਼ਨ ਵਿਚੋਂ ਹਟਿਆ ਸੀ ਉਹ ਮਗਰੋਂ 'ਅੰਸ਼' ਜਾਂ ਕਹਿ ਲਉ ਕਹਾਣੀ ਦੇ ਰੂਪ ਵਿਚ ਇਕ ਪ੍ਰਮੁੱਖ ਰਸਾਲੇ ਵਿਚ 'ਜਦੋਂ ਬੱਦਲ ਫਟਿਆ' ਦੇ ਸਿਰਲੇਖ ਹੇਠ ਛਪ ਗਿਆ। ਪਸੰਦ ਵੀ ਕੀਤਾ ਗਿਆ ਤੇ ਲਕੀਰੋਂ ਬਾਹਰ ਹੁੰਦੀ ਗੱਲ ਵੀ ਪ੍ਰਵਾਨ ਹੋ ਗਈ।

ਗੱਲ ਹੋਈ ਸੀ ਐਸੇ ਸ਼ਬਦ, ਮੁਹਾਵਰੇ, ਆਦਿ, ਜੋ ਪ੍ਰਵਾਨ ਹੋਣੇ ਸਹਿਜ ਨਹੀਂ ਲੱਗਦੇ ਸਨ ਅਤੇ ਅਨੁਵਾਦ ਹੋਣੇ ਵੀ ਸਹਿਜਤਾ ਤੋਂ ਤਕਰੀਬਨ ਬਾਹਰ, ਲੇਖਕ ਦੇ ਮਨ ਵਿਚ ਗੂੰਜਦੇ ਰਹਿੰਦੇ ਸਨ ਭਾਵੇਂ ਇਸ ਸਭ ਕੁਝ ਜਿੰਨਾ ਹੋ ਸਕਦਾ ਸੀ ਪ੍ਰਕਾਸ਼ਿਤ ਰਚਨਾ ਵਿਚ ਕਿਤੇ ਸਾਫ਼-ਸਾਫ਼ ਤੇ ਕਿਤੇ ਇਸ਼ਾਰੇ ਮਾਤ੍ਰ ਸਮੇਟ ਲਿਆ ਗਿਆ ਸੀ।

ਉੱਨੀ ਵਰ੍ਹਿਆ ਦੀ ਉਮਰੇ ਹੋਈ ਵਿਧਵਾ ਨੇ ਸਮਾਜ ਦੀ ਕੋਝੀ ਸੋਚ ਦਾ ਸਾਹਮਣਾ ਵੀ ਕੀਤਾ ਤੇ ਮਗਰੋਂ ਜਾ ਕੇ ਮੁਕਾਬਲਾ ਵੀ ਕੀਤਾ ਤੇ ਡਟ ਕੇ ਕੀਤਾ। ਇਕ ਨਿਆਸਰੀ ਅਤੇ ਬੇਬਸ ਬਣੀ ਰਹਿਣ ਨਾਲੋਂ ਇਕ ਧੜੱਲੇਦਾਰ ਸ਼ਖ਼ਸੀਅਤ ਵਿਚ ਤਬਦੀਲ ਹੋ ਗਈ। ਹੁਣ ਉਹ ਗੱਲ ਵੀ ਬੇਝਿਜ਼ਕ ਹੋ ਕੇ ਕਰਨ ਲੱਗ ਪਈ ਅਤੇ ਸਮੇਂ ਦੇ ਗੇੜ ਦੀ ਅਸਹਿ ਵਿਪਤਾ ਨੂੰ ਵੀ ਪਰ੍ਹੇ ਸੁੱਟਦਿਆਂ ਇਕ ਗੌਰਵਪੂਰਨ ਹੋਂਦ ਅਖ਼ਤਿਆਰ ਕਰ ਲਈ। ਉਹ ਮਸ਼ੀਨ ਡਾਹ ਕੇ ਕੱਪੜੇ ਸੀਉਂਦੀ, ਜਿਸ ਨਾਲ ਉਸਦਾ ਅਤੇ ਉਸਦੇ ਸੱਸ ਸਹੁਰੇ ਦਾ ਪੇਟ ਪਾਲ ਹੁੰਦਾ ਅਤੇ ਹੋਰ ਪਰਿਵਾਰਕ ਜਿੰਮੇਵਾਰੀਆਂ ਵੀ ਨਿਭਦੀਆਂ। ਆਲੇ ਦੁਆਲੇ ਬੈਠੀਆਂ ਹਰ ਉਮਰ ਦੀਆਂ ਗਵਾਂਢਣਾ ਜੋ ਅਕਸਰ ਕਿਰਾਏਦਾਰਨੀਆਂ ਹੀ ਹੁੰਦੀਆਂ ਸਨ। ਮਾਲਕ ਮਕਾਨਣਾ ਉਸਦੇ ਕੋਲ ਬੈਠਣਾ ਆਪਣੇ ਸਮਾਜਿਕ ਦਰਜੇ ਦੇ ਅਨੁਕੂਲ ਨਹੀਂ ਸਮਝਦੀਆਂ ਸਨ। ਨਾਲ ਹਾਸਾ ਮਜ਼ਾਕ ਵੀ ਬਿਨਾ ਸੰਕੋਚ ਕਰ ਲੈਂਦੀ। ਕਈਆਂ ਨੂੰ ਸੇਜ-ਸਾਂਝ ਦਾ ਵਧੇਰੇ ਰਸ ਮਾਣਨ ਦੇ ਨੁਸਖ਼ੇ ਵੀ ਦੱਸ ਦਿੰਦੀ। ਕਈ ਗੁਪਤ ਰੋਗਾਂ ਨੂੰ ਸਹਿਜੇ ਹਟਾਉਣ ਦੇ ਢੰਗ ਵੀ ਸਮਝਾ ਦਿੰਦੀ। ਇਹ ਇਕ ਖੁੱਲ੍ਹੀ ਜਿਹੀ ਇਸਤਰੀ ਸਭਾ ਬਣ ਜਾਂਦੀ ਸੀ ਜਿਸ ਵਿਚ ਹਰ ਪ੍ਰਕਾਰ ਦਾ ਬਚਨ-ਬਿਲਾਸ ਹੋਣ ਲੱਗ ਪਿਆ ਸੀ। ਆਪਣੇ ਅਨੁਭਵ ਸਾਂਝੇ



ਕਰਨਾਂ ਇਕ ਸ਼ੁਗਲ ਬਣ ਗਿਆ ਸੀ। ਸੇਜ ਸਾਂਝ ਵਿਚ ਆਉਂਦੀਆਂ ਮੁਸ਼ਕਿਲਾਂ ਵੀ ਬੇਝਿਜਕ ਬਿਆਨ ਹੋਣ ਲੱਗ ਪਈਆਂ ਸਨ। ਕਦੇ ਕੋਈ ਭਾਬੀ ਅੱਛਰੀ ਤੋਂ ਉਹਦੇ ਆਪਣੇ ਸਮੇਂ ਦੇ ਹੋਏ ਅਨੁਭਵ ਬਾਰੇ ਪੁੱਛਣ ਦਾ ਜਤਨ ਵੀ ਕਰ ਲੈਂਦੀ ਸੀ ਪਰ ਉਹ ਮੁਸਕਰਾ ਕੇ 'ਕੀ ਲੈਣਾ ਤੂੰ ਜਾਣਕੇ?' ਕਹਿ ਟਾਲ ਮਟੋਲ ਕਰ ਦਿੰਦੀ ਸੀ। ਇਕ ਦਿਨ ਜਦ ਇਸ ਬਾਰੇ 'ਕੁਝ ਤਾਂ ਦਸਿਆ ਜਾਵੇ' ਦੀ ਮੰਗ ਐਨੀ ਭਾਰੀ ਹੋ ਗਈ, ਛੋਟੀ ਉਮਰ ਦੀਆਂ ਦੀ ਵੀ ਅਤੇ ਨਾਲ ਹੀ ਵਡੇਰੀਆਂ ਦੀ ਵੀ, ਤਾਂ ਉਸਨੇ ਵੀ ਆਪਣੇ ਮਨ ਵਿਚ ਉਬਲਦੀ ਰਹਿੰਦੀ ਪਤੀਲੀ ਦਾ ਢੱਕਣਾ ਸਾਰੇ ਦਾ ਸਾਰਾ ਲਾਹ ਦਿੱਤਾ। ਸੁਣਨ ਵਾਲੀਆਂ ਦੇ ਕੰਨ ਖੜ੍ਹੇ ਹੋ ਗਏ। ਭਾਫ਼ ਨਿੱਕਲੀ, ਫੈਲ ਗਈ -

'ਸਾਡਾ ਵਿਆਹ ਕਾਹਦਾ ਵਿਆਹ ਸੀ। ਐਵੇਂ ਨਾਂ ਗਣਾਵਾਂ ਹੀ ਸੀ. . . ਜਦ ਕਦੇ ਢਿੱਲੜ ਜਿਹਾ ਮਾੜਚੂ ਨਾਲ ਲੱਗਣ ਦੀ ਹਿੰਮਤ ਕਰ ਬੈਠਦਾ ਤਾਂ ਕਈ ਦਿਨ ਪਛਾੜੀ ਅੱਡ ਕੇ ਮੂਧੇ ਮੂੰਹ ਪਿਆ ਰਹਿੰਦਾ। ਮਾਂ ਦਿਨ ਵਿਚ ਦੋ ਵਾਰ ਸੋਨੇ-ਚਾਂਦੀ ਦੇ ਵਰਕਾਂ ਵਿਚ ਮੁਰੱਬੇ ਲਪੇਟ ਕੇ ਖੁਆਉਂਦੀ ਰਹਿੰਦੀ ਨਾਲ ਦੁੱਧ ਦਾ ਗਲਾਸ ਫੜਾਉਂਦੀ ਤਾਂ ਜੋ ਰਾਤੀਂ ਹੋਈ ਕਮਜ਼ੋਰੀ ਦੂਰ ਹੋ ਜਾਵੇ। ਪਰ ਉਸਨੂੰ ਕੁਝ ਵੀ ਰਾਸ ਨਾ ਆਉਂਦਾ . . . . ਸਾਡਾ ਤਾਂ ਸਰੀਰ ਵੀ ਚੱਜ ਨਾਲ ਨਾ ਖੁੱਲਿਆ। ਬਲੂੰਗੜਿਆਂ ਵਰਗੇ ਕੱਚੇ ਪਿੱਲੇ ਤਿੰਨ ਨਿਆਣੇ ਹੋਏ - ਬਚਿਆ ਇਕੋ ਹੀ ਪਰ ਕਿਸੇ ਨੇ ਵੀ ਭਰੀਆ ਭਗੁੱਤੀਆਂ ਛਾਤੀਆਂ ਨਾ ਚੁੰਘੀਆਂ। ' ਸੁਣਨ ਵਾਲੀਆਂ ਕੁਝ ਹੈਰਾਨ ਹੋਈਆਂ ਤੇ ਕੁਝ ਨੇ 'ਦੱਸ ਆਖ਼ਰਾਂ ਦੀ ਜਵਾਨੀ ਰੁਲ ਗਈ' ਕਹਿ ਕੇ ਹਮਦਰਦੀ ਪ੍ਰਗਟ ਕੀਤੀ। ਇਹ ਗੱਲ ਬਾਤ ਲੀਕ ਦੇ ਅੰਦਰ, ਤੇ ਸ਼ਾਇਦ ਕੁਝ ਬਾਹਰ ਦੀ ਸੀ। ਇਸ ਪ੍ਰਕਾਰ ਦਾ ਪ੍ਰਗਟਾਉਣ ਲਈ ਸੀ ਤਾਂ ਬਹੁਤ ਕੁਛ ਜੋ ਅਣਕਿਹਾ ਹੀ ਰਿਹਾ।

ਜੋ ਸ਼ਬਦ ਅਕਾਸ਼ ਵਿਚ ਗੂੰਜਦੇ ਰਹਿੰਦੇ ਸਨ ਅਤੇ ਜਿਹਨਾਂ ਨੂੰ ਲੇਖਕ ਦਾ ਮਨ ਰੂਪੀ ਰੇਡੀਓ ਆਪਣੀ ਪਕੜ ਵਿਚ ਲਿਆਈ ਰੱਖਦਾ ਸੀ, ਉਹ ਕੁਝ ਐਸੇ ਸਨ ਜਿਹਨਾਂ ਦੇ ਅਰਥ ਤਾਂ ਸੌਖੇ ਸਨ ਪਰ ਭਾਵਨਾ ਦੀ ਡੂੰਘਾਣ ਬਹੁਤ ਵੱਧ ਸੀ, ਥਾਹ ਪਾਉਣੋਂ ਬਾਹਰੀ। ਬੱਸ ਘਾਇਲ ਕੀ ਗਤਿ ਘਾਇਲ ਜਾਣੇ ਵਰਗੇ ਸਨ। ਕੁਛ ਕੁ ਇਸ ਪ੍ਰਕਾਰ ਸਨ-

'ਜੇ ਥੇਹ ਹੋਣਿਆਂ ਦੇ ਬੇੜੀ ਵਿੱਚ ਵੱਟੇ ਨਾ ਪਏ ਹੁੰਦੇ ਤਾਂ ਮੈਂ ਵੀ ਰਾਜ ਕਰਦੀ। ਹੁਕਮ ਚਲਾਉਂਦੀ। ਖੱਖਰੀ ਖੁਆਰੀ ਨਾ ਹੁੰਦੀ ਮੇਰੇ ਨਾ। ਘੱਟੇ ਵਿਚ ਘੱਟਾ ਨਾ ਬਣ ਜਾਂਦੀ।'

'ਅੰਦਰ ਤਾਂ ਮੇਰੇ ਅੱਗ ਲੱਗੀ ਹੋਈ ਆ। ਭਾਂਬੜ ਮਚਿਆ ਰਹਿੰਦਾ। '

'ਅੰਧਕਾਰ ਕੋਲੇ ਹੋਇਆ ਪਿਆ। ਐਸੀ ਉਬੱਲਦੀ ਦੇਗ ਵਿਚ ਕੋਈ ਉਂਗਲੀ ਪਾ ਕਿਉਂ ਹੱਥ ਸਾੜੂਗਾ?'

'ਕਦੀ ਜੀ ਕਰਦਾ ਚਾਕੂ ਲੈ ਕੇ ਅੰਦਰ ਵੱਢ ਸੁੱਟਾਂ, ਫਾਹਾ ਮੁਕਾ ਦਿਆਂ ਐਸੀ ਦੋਜ਼ਕ ਜਾਣੀ ਜ਼ਿੰਦਗੀ ਦਾ। '

'ਸੁਫ਼ਨੇ ਵੀ ਚੰਦਰੇ ਐਸੇ ਆਉਣ ਲੱਗ ਪਏ ਜੋ ਨਹੀਂ ਆਉਣੇ ਚਾਹੀਦੇ। ਜਿਹਨਾਂ ਬਾਰੇ ਸੋਚ ਕੇ ਵੀ ਪਾਪ ਲੱਗਦਾ ਪਰ ਆਉਣੋ ਹਟਦੇ ਨਹੀਂ। ਬੰਦਾ ਮਨ ਤੇ ਕਾਬੂ ਪਾ ਲਏ, ਸਰੀਰ ਨੂੰ ਵੀ ਸਾਂਭ ਸੰਭਾਲ ਕੇ ਬਚਾਈ ਰੱਖੇ ਪਰ ਸੁਫ਼ਨਿਆਂ ਦਾ ਕੀ ਕਰੇ? ਸੁਫ਼ਨੇ ਕੋਈ ਲੈਂਦਾ ਹੈ? ਨਹੀਂ ਆ ਹੀ ਜਾਂਦੇ ਆ। '

ਫੇਰ ਪੂਰਨਮਾਸ਼ੀ ਦੀ ਰਾਤ ਨੂੰ ਵਾਪਰਿਆ ਪ੍ਰਤੱਖ ਭਾਣਾ ਲੇਖਕ ਦੀਆਂ ਅੱਖਾਂ ਵਿਚ ਪੱਕਾ ਘਰ ਉਸਾਰ ਕੇ ਬੈਠ ਗਿਆ ਸੀ। ਸਿਨਮੇ ਦੀ ਰਾਲ ਵਾਂਗ ਅੱਖਾਂ ਮੂਹਰਿਓਂ ਲੰਘਦਾ ਰਹਿੰਦਾ ਸੀ।'

ਪਹਿਲਾਂ ਹੋਏ ਲੇਖਕਾਂ, ਜਿਵੇਂ ਲਾਅਰੈਂਸ, ਮੋਪਾਸਾਂ ਜਾਂ ਮੋਰੇਵੀਆ ਦਾ ਤਾਂ ਕੀ ਕਹਿਣਾ, ਹੁਣ ਦੀ ਪ੍ਰਸਿੱਧ ਲੇਖਕਾ, ਅਰੁਨਧੰਤੀ ਰਾਏ ਨੇ ਜੋ ਕੁਝ ਅਤੇ ਜਿਸ ਢੰਗ ਨਾਲ 'ਦੀ ਗਾਡ ਆਫ਼ ਸਮਾਲ ਥਿੰਗਜ਼' ਵਿਚ ਲਿਖਿਆ ਹੈ ਓਹੋ ਜਿਹਾ ਪੰਜਾਬੀ, ਹਿੰਦੀ ਜਾਂ ਉਰਦੂ ਦੀ ਕਲਮ ਹੇਠੋਂ ਅਜੇ ਤੀਕ ਨਹੀਂ ਨਿਕਲਿਆ।

ਇਸ ਪ੍ਰਕਾਰ ਇਸ ਵਡ-ਆਕਾਰੀ ਨਾਵਲ ਵਿਚ ਇਸ ਪ੍ਰਕਾਰ ਦੇ ਸਾਰੇ ਝਲਕਾਰੇ ਬਹੁਤੇ ਤੇ ਪ੍ਰਤੱਖ ਦਿੱਸਦੇ ਹਨ ਤੇ ਕੁਝ ਕੁ ਅਪ੍ਰਤੱਖ ਵੀ ਜੋ ਪਾਠਕਾ ਕੋਲੋਂ ਉਸਦੀ ਆਪਣੀ ਸੋਚ ਅਤੇ ਸੂਝ ਦੀ ਮੰਗ ਕਰਦੇ ਹਨ। ਸਧਾਰਨ ਪਾਠਕ ਲਈ ਇਹ ਇਕ ਰੌਚਕ ਕਥਾ ਸਿੱਧ ਹੋਇਆ। ਅਕਾਦਮਿਕ ਹਲਕਿਆਂ ਵਿਚ ਇਹ


ਬਹੁਤ ਸਲਾਹਿਆ ਗਿਆ। ਯੂਨੀਵਰਸਿਟੀ ਦੇ ਸਿਲੇਬਸ ਦਾ ਹਿੱਸਾ ਬਣਨਾ ਵੀ ਐਲਾਨਿਆ ਗਿਆ। ਅੱਛਰੀ ਦੀ ਮਨੋਦਸ਼ਾ ਦਾ ਇਕ ਪ੍ਰਕਾਰ ਨਾਲ ਮਨੋ-ਵਿਸ਼ਲੇਸ਼ਣ ਕੀਤਾ ਗਿਆ ਅਤੇ ਇਕ ਸਿਹਤਮੰਦ ਨਾਰੀ ਦੇ ਇਕੱਲੇਪਨ, ਮਨੋਵੇਗ, ਉਮੰਗਾਂ, ਤਰੰਗਾਂ, ਅਪੂਰਨ ਆਸ਼ਾਵਾਂ ਆਦਿ ਦਾ ਕਾਫ਼ੀ ਜ਼ਿਕਰ ਅ-ਜ਼ਿਕਾਰ ਹੋਇਆ। ਇੰਗਲਿਸ਼ ਰੂਪ ਕਿਉਂਕਿ ਯਥਾਰਥ ਦੇ ਵਧੇਰੇ ਨੇੜੇ ਜਾਪਜਾ ਸੀ, ਵੱਡੇ ਵੱਡੇ ਲੇਖਕਾਂ ਦੁਆਰਾ ਕਾਫ਼ੀ ਪਸੰਦ ਕੀਤਾ ਗਿਆ।

ਪਹਿਲਾਂ ਜ਼ਿਕਰ ਹੋਇਆ ਹੈ ਗੁਰਬਾਣੀ ਨਾਲ ਸਾਂਝ ਦਾ। ਗੁਰਬਾਣੀ ਵਿਚੋਂ ਮਿਲੀਆਂ ਸਿੱਖਿਆਵਾਂ ਦਾ ਸਾਰੇ ਹੀ ਨਾਵਲਾਂ ਵਿਚ ਸਾਂਝੀਵਾਲਤਾ ਅਤੇ ਕੱਟੜਪੁਣੇ, ਵਾਧੂ ਦੇ ਕਰਮਕਾਂਡ, ਨਫ਼ਰਤ ਅਤੇ ਖ਼ੁਦਗਰਜ਼ੀ ਤੋਂ ਪਰ੍ਹੇ ਹੋਣ ਦੇ ਦਰਸਾਏ ਵਰਤਾਰੇ ਤੋਂ ਪਤਾ ਲੱਗਦਾ ਹੈ। ਫੇਰ ਗੱਲ ਬਣੀ ਇਕ ਬਹੁਤ ਹੀ ਅਦਭੁਤ ਰਚਨਾਕਾਰੀ ਦੀ। ਲੇਖਕ ਨੇ ਭਗਤ ਜੈਦੇਵ, ਜਿਸਦੇ ਕੇਵਲ ਦੋ ਸ਼ਬਦ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਬਹੁਤ ਹੀ ਔਖੀ ਸੰਸਕ੍ਰਿਤ ਵਰਗੀ ਭਾਸ਼ਾ ਵਿਚ, ਸੰਸਕ੍ਰਿਤ, ਦੀ ਮਹਾਨ ਰਚਨਾ 'ਗੀਤ ਗੋਵਿੰਦ' ਪੜ੍ਹੀ ਜਿਸਦਾ ਜ਼ਿਕਰ ਤੇ ਗੁਰਬਾਣੀ ਵਿਚ ਆਉਂਦਾ ਹੈ ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਜੋ ਕੇਵਲ ਪਰਮਾਤਮਾ ਦੀ ਭਗਤੀ ਦਾ ਉਪਦੇਸ਼ ਦਿੰਦਾ ਹੈ, ਕਿਸੇ ਅਵਤਾਰ ਭਗਤੀ ਦਾ ਨਹੀਂ, ਇਹ ਦਰਜ ਨਾ ਕੀਤੀ ਗਈ। ਪਰ ਜਦ ਲੇਖਕ ਨੇ ਇਸਦਾ ਡੂੰਘਾ ਅਧਿਐਨ ਕੀਤਾ ਤਾਂ ਉਸਨੂੰ ਲੱਗਾ ਕਿ ਇਹ ਸਾਰਾ ਕੁਝ, ਜਿਸਨੂੰ ਅਸ਼ਲੀਲ ਹੀ ਗਿਣਿਆ ਜਾ ਸਕਦਾ ਹੈ ਅੱਜ ਦੇ ਸੰਦਰਭ ਵਿਚ, ਗੁਰੂ ਨਾਨਕ ਸਾਹਿਬ ਨੇ ਬੜੇ ਸਹਿਜ ਸ਼ੀਲ ਢੰਗ ਨਾਲ ਆਪਣੀ ਬਾਣੀ ਵਿਚ ਉਚਾਰਿਆ ਹੈ। ਜਿਵੇਂ ਜਿਵੇਂ ਲੇਖਕ ਇਹ ਰਚਨਾ, ਜੋ ਭਗਵਾਨ ਕ੍ਰਿਸ਼ਨ ਦੀ ਰਾਧਾ ਅਤੇ ਗੋਪੀਆਂ ਨਾਲ ਨਿਸੰਗ ਅਤੇ ਬਿਨਾ ਕਿਸੇ ਸੰਕੋਚ ਦੇ ਰਾਸ ਲੀਲਾ ਹੈ, ਉਸਨੂੰ ਲੱਗਾ ਕਿ ਸਾਰੇ ਦੇ ਸਾਰਾ ਭਾਵ ਗੁਰੂ ਨਾਨਕ ਸਾਹਿਬ ਨੇ ਵੀ ਪ੍ਰਗਟ ਕੀਤੇ ਹਨ। ਬਚਪਨ ਤੋਂ ਮਿਲਿਆ ਗੁਰਬਾਣੀ ਚਾਨਣ ਲੇਖਕ ਦੇ ਕੰਮ ਆਇਆ। ਦੋਹਾਂ ਰਚਨਾਵਾਂ ਦੇ ਆਪਸੀ ਸੰਬੰਧ ਜੋੜਨਾ ਇਕ ਬਹੁਤ ਨਾਜ਼ੁਕ ਮਸਲਾ ਸੀ, ਧਾਰਮਿਕ ਪੱਖ ਤੋਂ। ਆਮ ਕਰਕੇ ਐਸੇ ਸੁਮੇਲ ਕਰਨ ਦੇ ਜਤਨ ਚੰਗੇ ਨਹੀਂ ਸਮਝੇ ਜਾਂਦੇ ਸਨ। ਵਿਰੋਧ ਝੱਟ ਹੋ ਉੱਠਦਾ ਹੈ। ਲੇਖਕ ਨੇ ਇਸ ਸੁਮੇਲ ਨੂੰ ਨਾਵਲੀ ਢੰਗ ਦਿੱਤਾ ਜਿਸ ਨਾਲ ਇਹ ਧਾਰਮਿਕ ਪਰ ਰੁਮਾਂਟਿਕ ਨਾਵਲ ਬਣ ਗਿਆ। ਫਿਰ ਵੀ ਇਸਦੀ ਸਵੀਕ੍ਰਿਤੀ ਬਾਰੇ ਲੇਖਕ ਤੇ ਮਨ ਵਿਚ ਤੌਖਲਾ ਹੀ ਰਿਹਾ। ਉਸਨੂੰ ਐਸੇ ਅਗਾਂਹ ਵਧੂ ਉੱਚ ਕੋਟੀ ਦੇ ਵਿਦਵਾਨ, ਸਾਹਿਤਕਾਰ, ਧਾਰਮਿਕ ਤੌਰ 'ਤੇ ਗਿਆਨਵਾਨ, ਵਿਆਕਤਿਤਵ ਦੀ ਲੋੜ ਭਾਸੀ ਜੋ ਇਸ ਯਤਨ ਦਾ ਸਹੀ ਮੁਲਾਂਕਣ ਕਰ ਸਕੇ। ਕੁਝ ਝਿਜਕ ਨਾਲ ਹੀ ਉਸਨੇ ਇਹ ਖਰੜਾ ਡਾ. ਜਸਵੰਤ ਸਿੰਘ ਨੇਕੀ, ਜੋ ਪੀ.ਜੀ.ਆਈ ਦੇ ਸਾਬਕ ਡਾਇਰੈਕਟਰ ਸਨ, ਦਿੱਲੀ ਦੀ ਆਲ ਇੰਡੀਆ ਮੈਡੀਕਲ ਇੰਸਟੀਟਿਚਿਊਟ ਦੇ ਬਹੁਤ ਉੱਚ ਅਧਿਕਾਰੀ,ਜਗਤ ਪ੍ਰਸਿੱਧ ਮਨੋ ਵਿਗਿਆਨੀ, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, ਦੇ ਕਰਤਾ ਧਰਤਾ, ਵੱਡੇ ਤੋਂ ਵੱਡੇ ਸਾਹਿਤਕ ਪੁਰਸਕਾਰਾਂ ਨਾਲ ਸਨਮਾਨ ਪ੍ਰਾਪਤ ਹਸਤੀ ਨਾਲ ਸੰਪਰਕ ਹੋਇਆ। ਉਨ੍ਹਾਂ ਨੇ ਬਹੁਤ ਹੀ ਥੋੜ੍ਹੇ ਸਮੇਂ ਵਿਚ ਰਚਨਾ ਦੀ ਘੋਖ ਕਰਕੇ ਐਸਾ ਮੁੱਖ ਬੰਦ ਲਿਖਿਆ ਕਿ ਲੇਖਕ ਦੇ ਸਿਰ ਸ਼ਰਧਾ ਨਾਲ ਝੁਕ ਗਿਆ। ਕਹਾਣੀ, ਜੋ ਧਾਰਮਿਕ ਅਤੇ ਅਧਿਆਤਮਿਕ ਹੁੰਦੀ ਹੋਈ ਵੀ ਸੰਸਾਰੀ ਪ੍ਰੇਮ ਇਸ ਨਾਲੋਂ ਨਹੀਂ ਨਿਖੇੜਦੀ। ਜਿਨ ਪ੍ਰੇਮ ਕੀਓ . . .. ਦੀ ਗੱਲ ਨੂੰ ਸਰਵ ਵਿਆਪਕਤਾ ਪ੍ਰਦਾਨ ਕਰਦੀ ਸੀ। ਪ੍ਰੇਮ ਦੇ ਸਾਰੇ ਰੂਪ ਸਾਹਮਣੇ ਲਿਆਉਂਦੀ ਸੀ। ਦੋ ਜੀਵ ਪੂਰੀ ਤਰ੍ਹਾਂ ਅਧਿਆਤਮਕ ਰੰਗ ਵਿਚ ਰੰਗੇ ਹੋਏ ਹੋਣ ਦੇ ਬਾਵਜੂਦ ਵੀ ਸੰਸਾਰੀ ਪ੍ਰੇਮ ਨੂੰ ਵੀ ਰੱਬ ਦੀ ਦਾਤ ਹੀ ਸਮਝਣ ਲੱਗੇ ਪਏ ਸਨ ਤੇ 'ਧਨ ਪਿਰ' ਦੀ ਸੰਸਾਰੀ ਲੀਕ ਤੇ ਵੀ ਤੁਰ ਪਏ ਸਨ। ਖ਼ੈਰ ਰਚਨਾ ਪ੍ਰਕਾਸ਼ਿਤ ਹੋ ਗਈ। ਉਸਦੀ ਬਲਕ ਪ੍ਰਚੇਜ਼ ਹੋਈ ਤੇ ਲਗ ਭਗ ਸਾਰੀਆਂ ਪ੍ਰਤੀਆਂ ਹੀ ਵਿਕ ਗਈਆਂ। ਲੇਖਕ ਬਹੁਤ ਉਤਸਾਹਿਤ ਹੋਇਆ। ਇਸਦਾ ਇੰਗਲਿਸ਼ ਰੂਪ ਵੀ ਪ੍ਰਕਾਸ਼ਨ ਅਧੀਨ ਹੈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਦੁਆਰਾ ਲਿਖੀ ਭੂਮਿਕਾ ਨਾਲ।

**ਸੰਪਰਕ**-09357215560











## ਕਿੰਨੇ ਸਾਲਾਂ ਤੋਂ ਸ਼ਹਿਰ ਵਿਚ ਰਹਿਣ ਤੇ ਵੀ ਮੈਨੂੰ ਸ਼ਹਿਰ ਦੇ ਸਭਿਆਚਾਰ ਅਤੇ ਕਲਚਰ ਦਾ ਅਨੁਭਵ ਨਹੀਂ

### -ਜਸਦੇਵ ਸਿੰਘ ਧਾਲੀਵਾਲ

ਓਪਰੀ ਨਜ਼ਰੇ ਇਹ ਸਵਾਲ ਸਾਧਾਰਣ ਜਿਹਾ ਲਗਦਾ ਹੈ। ਪਰ ਉਸ ਦਾ ਉਤਰ ਬਹੁ ਪਰਤੀ ਅਤੇ ਗੁੰਝਲਦਾਰ ਹੈ। ਕਿਸੇ ਵੀ ਰਚਨਾ ਦੇ ਪਿਛੋਕੜ ਵਿਚ ਲੇਖਕ ਦਾ ਅਨੁਭਵ, ਉਸ ਸਮੇਂ ਦਾ ਇਤਿਹਾਸ, ਮਿਥਹਾਸ, ਸਭਿਆਚਾਰ ਅਤੇ ਜ਼ਿੰਦਗੀ ਦੇ ਹੋਰ ਅਨੇਕਾਂ ਤੱਥ ਸੁਭਾਵਿਕ ਹੀ ਲਿਖਤ ਦਾ ਹਿੱਸਾ ਬਣ ਜਾਂਦੇ ਹਨ।

ਮੇਰਾ ਪਹਿਲਾ ਨਾਵਲ **'ਪਿਆਰ ਬੇਵਫਾ ਨਹੀਂ'** 1969 ਦੀਆਂ ਗਰਮੀਆਂ ਵਿਚ 15-20 ਦਿਨਾਂ ਵਿਚ 500 ਸਫ਼ੇ ਤੱਕ ਫੈਲ ਗਿਆ ਸੀ। ਅਤਿ ਦੀ ਗਰਮੀ ਵਿਚ ਲੈਂਪ ਦੇ ਚਾਨਣ ਵਿਚ ਇਕ ਦੋ ਕਾਂਡ ਲਿਖਦੇ ਹੀ ਸੌਂ ਸਕਦਾ ਸੀ। ਸੁੱਤਿਆ ਵੀ ਇਸਦੀ ਕਹਾਣੀ ਫ਼ਿਲਮ ਵਾਂਗ ਮਨ ਵਿਚ ਘੁੰਮਦੀ ਰਹਿੰਦੀ ਸੀ। ਅਗਲੀ ਰਾਤ, ਫੇਰ ਇਸ ਕਹਾਣੀ ਦੇ ਪਾਤਰ, ਮੇਰੇ ਸਾਹਮਣੇ ਮਨੁੱਖ ਆ ਖੜ੍ਹਦੇ। ਲਿਖਣ ਲਈ ਮਜ਼ਬੂਰ ਕਰਦੇ। ਨਾਂ ਗਰਮੀ ਦਾ ਅਹਿਸਾਸ , ਨਾ ਖਾਣ ਪੀਣ ਦੀ ਸੁੱਧ ਬੁੱਧ ਰਹਿੰਦੀ। ਜਿਸ ਨੀਮ ਪਹਾੜੀ ਇਲਾਕੇ ਦੀ ਇਹ ਕਹਾਣੀ ਹੈ। ਉਥੇ ਰੋਜ਼ੀ ਰੋਟੀ ਲਈ ਮੈਨੂੰ ਕੁਝ ਮਹੀਨਿਆਂ ਲਈ ਜਾਣਾ ਪਿਆ ਸੀ। ਉਥੇ ਰਹਿੰਦਿਆਂ ਇਸ ਨਾਵਲ ਦੀ ਕਹਾਣੀ ਦਾ ਬੀਜ਼ ਮੇਰੇ ਮਨ ਮਸਤਕ ਦੀ ਧਰਾਤਲ ਵਿਚ ਪਿਆ ਰਿਹਾ। ਜਿਵੇਂ ਬੀਜਾਂ ਨੂੰ ਪੁੰਗਰਣ ਲਈ, ਠੀਕ ਸਿੱਲ੍ਹ ਮਸਮ ਅਤੇ ਰੁੱਤ ਦੀ ਲੋੜ ਹੁੰਦੀ ਹੈ। ਇਵੇਂ ਇਸ ਕਹਾਣੀ ਦੇ ਬੀਜ਼ ਨੂੰ ਫੁੱਟਣ ਦਾ ਸਮਾਂ ਉਦੋਂ ਆਇਆ ਜਦੋਂ ਮੈਂ ਉਥੋਂ ਹਮੇਸ਼ਾ ਲਈ ਆ ਗਿਆ ਸੀ। ਮੁੜ ਉਥੇ ਨਾ ਜਾ ਸਕਣ ਦਾ ਹੇਰਵਾ। ਇਸਦੇ ਮੁਖ ਪਾਤਰ ਰਾਜ ਦੀ ਹੋਣੀ ਅਤੇ ਸੁਖਬੀਰ ਦੇ ਭਵਿੱਖ ਬਾਰੇ ਮੈਂ ਬਹੁਤ ਫ਼ਿਕਰਮੰਦ ਸੀ। ਇਸਨੂੰ ਲਿਖਣ ਮਗਰੋ, ਦੀ ਮੇਰੇ ਮਨ ਨੂੰ ਸਕੂਨ ਮਿਲਿਆ। ਇਹ ਕਈ ਸਾਲ ਲੇਟ ਛਪਿਆ। ਇਸਦੇ ਖਰੜੇ ਵਿਚ ਕਾਫੀ ਕਾਂਟ ਛਾਂਟ ਕਰਨੀ ਪਈ ਸੀ। ਇਸ ਨਾਵਲ ਦੇ ਹੁਣ ਤੱਕ ਕਈ ਐਡੀਸ਼ਨ ਛਪ ਚੁੱਕੇ ਹਨ। ਅੱਜ ਵੀ ਇਹ ਪਾਠਕਾਂ ਵਲੋਂ ਪੜ੍ਹਿਆ ਜਾ ਰਿਹਾ ਹੈ।

1966 ਵਿਚ ਮੁਕਾਬਲੇ ਦਾ ਇਮਤਿਹਾਨ ਵਿਚ ਮੈਨੂੰ ਵਿਕਾਸ ਵਿਭਾਗ ਵਿਚ ਬੀ ਡੀ ਓ ਦੀ ਨੌਕਰੀ ਮਿਲ ਗਈ। ਮੇਰਾ ਵਾਬਸਤਾ ਸਿੱਧੇ ਤੌਰ ਤੇ ਪਿੰਡਾਂ ਨਾਲ ਸੀ। ਜੇਹੜੇ ਲੋਕਾਂ ਕੋਲ ਮੇਰੇ ਨਾਲ ਗੱਲ ਕਰਨ ਦਾ ਸਮਾਂ ਨਹੀਂ ਸੀ ਉਹ ਮੈਨੂੰ ਸਤਿਕਾਰ ਨਾਲ ਮਿਲਣ ਲੱਗੇ। ਹਰ ਰੋਜ਼ ਮੇਰਾ ਕਿੰਨੇ ਹੀ ਲੋਕਾਂ ਨਾਲ ਵਾਸਤਾ ਪੈਂਦਾ ਸੀ। ਸ਼ੁਰੂ ਵਿਚ ਨਵੀਂ ਨੌਕਰੀ ਦਾ ਨਸ਼ਾ ਸੀ, ਜੋ ਹੌਲੀ ਹੌਲੀ ਮੁਸ਼ਕਫੂਰ ਵਾਂਗ ਉਡਦਾ ਗਿਆ। ਮੈਂ ਆਪਣੇ ਆਪ ਨੂੰ ਖਾਲੀ ਅਤੇ ਖਲਾਅ ਵਿਚ ਮਹਿਸੂਸ ਕਰਨ ਲੱਗਿਆ। ਇਕ ਦਿਨ ਸਿਖਰ ਦੁਪਿਹਰ

ਅਚਾਨਕ ਹੀ ਜ਼ਿੰਦਗੀ ਵਿਚ ਇਕ ਮੋੜ ਆਇਆ, ਸੁੱਤੇ ਜਜ਼ਬੇ ਜਾਗ ਪਏ। ਮੇਰੀ ਸੋਚਾਂ ਉਕਾਬ ਵਾਂਗ ਆਕਾਸ਼ ਵਿਚ ਪਰਵਾਜ਼ ਭਰਵ ਲੱਗੀਆਂ ਪਰ ਮੇਰੇ ਖੰਭ ਪਹਿਲਾਂ ਹੀ ਕੁੱਤਰੇ ਹੋਏ ਸਨ। ਪੈਰ੍ਹਾਂ ਵਿਚ ਪਾਈਆਂ ਬੇੜੀਆਂ ਨੂੰ ਕਿਸੇ 'ਨਾਵਲੀ ਰਸ ਵਾਂਗ ਤੋੜਨਾ ਏਨਾਂ ਆਸਾਨ ਨਹੀਂ ਸੀ। ਕਦੇ ਕੁਝ ਪਾ ਲੈਣ ਦਾ ਅਹਿਸਾਸ ਕਦੇ ਕੁਝ ਖੋ ਲੈਣ ਦਾ ਅਹਿਸਾਸ, ਮਨ ਵਿਚ ਅਜੀਬ ਉਲਝਣ ਤੇ ਕਸ਼ਮਕਸ਼ ਸੀ। ਇਸ ਕਸ਼ਮਕਸ਼ ਵਿਚੋਂ ਨਵੇਂ ਨਾਵਲ 'ਦਿਲ ਦਾ ਕੌਲ ਫੁੱਲ' ਦਾ ਜਨਮ ਹੋਇਆ। ਇਸ ਨਾਵਲ ਵਿਚ ਮੈਂ ਜ਼ਿੰਦਗੀ ਦੇ ਉਸ ਕਰੂਰ ਸੱਚ ਦਾ ਬਿਆਨ ਕਰਨ ਦਾ ਯਤਨ ਕੀਤਾ ਜਿਸਦਾ ਅਸਲ ਜ਼ਿੰਦਗੀ ਵਿਚ ਕੋਈ ਹਲ ਨਹੀਂ ਸੀ। ਇਹ ਨਾਵਲ ਲਿਖਣ ਮਗਰੋਂ, ਮਨ ਦੀ ਹਾਲਤ, ਸਮੁੰਦਰ ਵਿਚ ਆਏ, ਤੂਫ਼ਾਨ ਮਗਰੋਂ ਵਰਗੀ ਹੋ ਗਈ ਸੀ। ਕੁਝ ਸਮੇਂ ਲਈ ਝੱਖੜ ਹਨੇਰੀਆਂ ਲੰਘ ਗਈਆਂ ਲਗੀਆਂ।

ਇਸ ਭਰਮ ਨੂੰ ਟੁੱਟਣ ਵਿਚ ਬਹੁਤਾ ਸਮਾਂ ਨਹੀਂ ਲਗਿਆ। ਇਕ ਦਿਨ ਇਕ ਨੇੜੇ ਦੀ ਰਿਸ਼ਤੇਦਾਰੀ ਵਿਚੋਂ ਇਕ ਕੁੜੀ ਮੈਨੂੰ ਮਿਲਣ ਆਈ, ਉਸਦੇ ਨਸੇੜੀ ਪਿਓ ਨੇ, ਉਸਨੂੰ ਇਕ ਸੱਠ ਕੁ ਸਾਲ ਦੇ ਬੁੱਢੇ ਨਿਪੁਸ਼ਕ ਆਦਮੀ ਨਾਲ ਵਿਆਹ ਦਿੱਤਾ ਸੀ। ਅਸਲ ਵਿਚ ਇਹ ਵਿਆਹ ਨਹੀਂ ਸੀ, ਉਹ ਕੁਝ ਛਿਲੜਾ ਬਦਲੇ ਉਸ ਆਦਮੀ ਦੀ ਝੌਲੀ ਪਤਨੀ ਬਣ ਗਈ ਸੀ। ਉਸਨੇ ਮੈਨੂੰ ਇਕ ਸਵਾਲ ਪਾਇਆ-ਤੂੰ ਲੇਖਕ ਹੈਂ, ਬਾਕੀ ਸਭ ਕੁਝ ਤਾਂ ਮੈਂ ਭਾਣਾਂ ਮੰਨ ਲਿਆ ਹੈ, ਕੀ ਤੂੰ ਮੇਰੀ ਜਵਾਨੀਂ ਦੇ ਗੁਆਚੇ ਵਰ੍ਹੇ ਮੋੜਕੇ ਲਿਆ ਸਕਦਾ ਹੈ? ਉਸਦੇ ਇਸ ਸਵਾਲ ਨਾਲ ਮੇਰਾ ਮਨ ਪੱਛਿਆ ਗਿਆ। ਇਸ ਵਰਤਾਰੇ ਲਈ ਕੌਣ ਜਿੰਮੇਵਾਰ ਸੀ? ਜਿਸ ਧਰਤੀ ਤੇ ਮੇਰਾ ਬਚਪਨ ਉਸ ਨਾਲ ਬੀਤਿਆਂ ਸੀ, ਉਥੇ ਕੇਸੂ ਦੇ ਫੁੱਲ, ਢੱਕ. ਵਣ, ਪੀਲ੍ਹਾਂ ਅਤੇ ਕਰੀਰ ਹੁੰਦੇ ਸਨ। ਬੜਾ ਸ਼ਾਂਤ ਮਈ ਅਤੇ ਖੁਸ਼ਬੂਆ ਭਰਿਆ ਮਾਹੌਲ ਸੀ। ਮਾੜੀ ਆਰਥਕਤਾ ਨੇ ਮਾਸੂਮ, ਅੱਲ੍ਹੜ ਕੁੜੀ ਨੂੰ ਸੂਲੀ ਤੇ ਚੜ੍ਹਨ ਲਈ ਮਜ਼ਬੂਰ ਕਰ ਦਿੱਤਾ ਸੀ। ਉਸਦਾ ਸੰਤਾਪ ਮੇਰੇ ਲਈ ਅਸਿਹ ਹੋ ਗਿਆ। 'ਕਾਲੇ ਦਿਨ' ਨਾਵਲ ਲਿਖਣ ਮਗਰੋਂ ਮੈਨੂੰ ਲਗਿਆ ਜਿਵੇਂ ਮੈਂ 'ਕਰਜਾ ਮੁਕਤ' ਹੋ ਗਿਆ ਹੋਵਾਂ।

**'ਕਾਲੇ ਦਿਨ'** ਛਪਣ ਮਗਰੋਂ, ਅਗਲਾ ਨਾਵਲ ਲਿਖਣ ਦੀ ਕੋਈ ਉਮੀਦ ਨਹੀਂ ਸੀ। ਕਹਾਣੀਆਂ ਲਿਖਣ ਨਾਲ ਮਨ ਨੂੰ ਧਰਵਾਸ ਮਿਲੀ ਜਾਂਦੀ ਸੀ। ਖਾੜਕੂਵਾਦ ਦਾ ਦੌਰ ਸ਼ੁਰੂ ਹੋਣ ਮਗਰੋ, ਪੰਜਾਬ ਦੇ ਪਾਣੀਆਂ ਨੂੰ ਅੱਗ ਲਗ ਗਈ ਸੀ। ਆਪਣੇ, ਆਪਣਿਆਂ ਨੂੰ ਹੀ ਗਾਜ਼ਰ ਮੂਲੀਆਂ ਵਾਂਗ ਵੱਢਣ ਲਗੇ ਸਨ। ਕੋਈ ਗਿਣਤੀ ਨਹੀਂ, ਧਰਤੀ ਲਹੂ ਲੁਹਾਣ ਸੀ। ਸਰਕਾਰੀ ਤੰਤਰ ਦਾ ਹਿੱਸਾ ਹੋਣ ਕਰਕੇ, ਮੈਨੂੰ ਬਹੁਤ ਸਾਰੀਆਂ ਅੰਦਰਲੀਆਂ ਗੱਲਾਂ ਦਾ ਪਤਾ ਸੀ। ਸਰਕਾਰੀ ਦਹਿਸ਼ਤਵਾਦ ਤੋਂ ਡਰਦੇ, ਵੱਡੇ ਸਿਵਲ ਅਫ਼ਸਰ, ਜਾਸੂਸ ਗੁਜਾਰਾ ਕਰ ਰਹੇ ਸਨ।

ਪੁਲਿਸ ਦੇ ਦੋਨਾਂ ਹੱਥਾਂ ਵਿਚ ਲੱਡੂ ਸੀ। ਲੋਕ ਅੰਗਰੇਜ਼ਾਂ ਵੇਲੇ ਕੀਤੇ ਜ਼ੁਲਮਾਂ ਨੂੰ ਭੁੱਲ ਗਏ ਸਨ। ਕਿਤੇ ਅਪੀਲ ਨਹੀਂ, ਕੋਈ ਦਲੀਲ ਨਹੀਂ। ਮੇਰਾ ਘਰ ਬਿਨਾਂ ਕਿਸੇ ਫ਼ੌਜ ਦੇ ਸਰਕਾਰੀ ਦਹਿਸ਼ਤਵਾਦ ਦੀਆਂ ਯਾਦਾਂ ਦੀ ਲਪੇਟ ਵਿਚ ਆ ਗਿਆ ਸੀ। ਜ਼ਿਲ੍ਹੇ ਦਾ ਸਾਰਾ ਸਿਵਲ ਪ੍ਰਸ਼ਾਸ਼ਨ, ਮੇਰੇ ਨਾਲ ਹਮਦਰਦੀ ਰੱਖਣ ਤੇ ਵੀ ਬੇਵਸ ਅਤੇ ਮਜ਼ਬੂਰ ਸੀ। ਅਜਿਹਾ ਸਿਰਫ ਮੇਰੇ ਨਾਲ ਨਹੀਂ, ਹਜ਼ਾਰਾਂ ਬੇਕਸੂਰਾਂ ਨਾਲ ਹੋਇਆ ਸੀ, ਹੋ ਰਿਹਾ ਸੀ। ਇਸ ਧਰਤੀ ਤੇ ਅਜੇ ਵੀ ਕੁਝ ਅਜਿਹੇ ਲੋਕ ਮੌਜੂਦ ਸਨ ਜੋ ਮਨੋ ਸੱਚ ਲਈ ਲੜਨ ਮਰਨ ਤੋਂ ਨਹੀਂ ਡਰਦੇ ਸਨ। ਇਸੇ ਮਾਹੌਲ ਵਿਚੋਂ ਮੇਰਾ ਵਡ ਆਕਾਰੀ ਨਾਵਲ 'ਚੰਗੇ ਦਿਨਾਂ ਦੀ ਉਡੀਕ' ਉਪਜਿਆ ਜੋ ਮਗਰੋਂ ਹਿੰਦੀ ਵਿਚ 'ਜਲਤੇ ਪੰਨੋਂ ਕਾ ਇਤਿਹਾਸ' ਸਿਰਲੇਖ ਹੇਠ ਛਪਿਆ ਸੀ। ਜੂਨ, 84 ਮਗਰੋਂ ਕੁਝ ਸਿੱਖ ਫ਼ੌਜੀ ਰੋਸ ਵਜੋਂ ਬੈਰਕਾਂ ਛੱਡ ਗਏ ਸਨ। ਉਹਨਾਂ ਨੂੰ 'ਧਰਮੀ ਫ਼ੌਜੀ' ਕਿਹਾ ਜਾਂਦਾ ਸੀ। ਸਮੇਂ ਦੀ ਸਰਕਾਰਾਂ ਨੇ, ਉਹਨਾਂ ਦੇ ਹੱਕਾਂ ਦੀ ਰਾਖੀ ਲਈ ਲਾਲ ਨੀਲੇ ਕਾਰਡ ਬਣਾ ਕੇ ਅਸੀ ਮੱਦਦ ਕਰਨ ਦੇ ਕਈ ਐਲਾਨ ਕੀਤੇ ਤਾਂ ਜੋ ਉਹਨਾਂ ਦਾ ਵੋਟ ਬੈਂਕ' ਪੱਕਾ ਕਰਕੇ ਨਾਲ ਜੋੜਿਆ ਜਾ ਸਕੇ। ਜੋ ਕੁਝ ਉਹਨਾਂ ਨਾਲ ਹੋਇਆ ਮੈਂ ਆਪਣੀਆਂ ਅੱਖਾਂ ਨਾਲ ਸਰਕਾਰੀ ਦਫ਼ਤਰਾਂ ਵਿਚ ਹੁੰਦਾ ਦੇਖਿਆ, ਸੁਣਿਆ ਸੀ। ਇਸ ਨਾਵਲ ਵਿਚ ਹਰਮੇਸ਼ ਵਰਗੇ ਵੀ ਵਿਅਕਤੀ ਸਨ ਜੋ ਬਿਨਾਂ ਕਿਸੇ ਸਿਆਸੀ ਛੱਤਰੀ ਦੇ ਹੱਕ ਸੱਚ ਲਈ ਲੜਦੇ ਹਨ। ਜ਼ੁਲਮ ਕੋਈ ਵੀ ਧਿਰ ਕਰੇ, ਉਸਦਾ ਵਿਰੋਧ ਕਰਦੇ ਹਨ ਇਹੋ ਸਿੱਖੀ ਦਾ ਸਿਧਾਂਤ ਹੈ। ਅਜਿਹੇ



ਮਨੁੱਖਾਂ ਨੂੰ ਲੋਕਾਂ ਜੇ ਜਾਏ, ਜ਼ਿੰਦਗੀ ਦੇ ਵਾਰਸ ਜਾਂ ਹੀਰੋ ਕਿਹਾ ਜਾ ਸਕਦਾ ਹੈ। ਇਸ ਦਾ ਜ਼ਿਕਰ ਮੇਰੇ ਨਾਵਲ 'ਅੱਧੀ ਰਾਤ ਤੋਂ ਬਾਅਦ' ਵਿਚ ਹੋਇਆ। ਇਸਨੂੰ ਲਿਖਣ ਮਗਰੋਂ ਮੈਨੂੰ ਤਸੱਲੀ ਸੀ ਹਰਮੇਲ ਵਰਗਾ ਪਾਤਰ, ਮੇਰੀ ਸੋਚ ਨਾਲੋਂ ਕਿਤੇ ਵਡੇਰਾ ਇਨਸਾਨ ਬਣਿਆ ਜੋ ਹਾਰ ਕੇ ਵੀ ਹਾਰਿਆ ਨਹੀਂ, ਜਿੱਤ ਕੇ ਸਿਆਸੀ ਬੰਦਿਆਂ ਵਾਂਗ ਆਫਰਿਆ ਨਹੀਂ। ਸਰੀਰਕ ਤੌਰ ਤੇ ਜ਼ਖ਼ਮੀ ਹੋਣ ਤੇ ਵੀ, ਉਸਦੇ ਸੁਫ਼ਨੇ ਜ਼ਖ਼ਮੀ ਨਾ ਹੋਏ। ਵਧੀਆ ਹੋਣ ਤੇ ਵੀ ਇਹਨਾਂ ਪਾਤਰਾਂ ਵਿੱਚ ਸਾਧਾਰਣ ਵਿਅਕਤੀਆਂ ਵਾਲੇ ਗੁਣ ਔਗਣ ਮਜੂਦ ਹਨ।


**'ਅੰਨ੍ਹੀ ਗਲੀ ਦੇ ਰਾਹੀ'** ਨਾਵਲ ਦਾ ਜਨਮ ਬੜੀ ਸਹਿਜਤਾ ਨਾਲ ਹੋਇਆ। ਕਾਫੀ ਕੁਝ ਲਿਖਣ ਮਗਰੋਂ ਵੀ ਮਨ ਵਿਚ ਕੁਝ ਗਿੱਲੇ ਗੋਹੇ ਵਾਂਗ ਧੁਖਣ ਲਗਿਆ ਸੀ। ਨਾ ਅੱਗ ਮੱਚਦੀ ਸੀ, ਨਾਂ ਧੂੰਆਂ ਮੁਕਦਾ ਸੀ। ਮੇਰੇ ਬਚਪਨ ਅਤੇ ਜਵਾਨੀ ਦੇ ਦਿਨਾਂ ਨੂੰ ਗ੍ਰਹਿਣ ਕੀਹਨੇ ਲਾਇਆ? ਹੱਥ ਆਇਆ ਵੇਲਾ, ਕਿਵੇਂ ਖੁੰਝ ਗਿਆ? ਲੰਘ ਗਏ ਦਿਨ ਮੁੜ ਮੁੜ ਯਾਦ ਆਉਣ ਲਗੇ, ਕਰੇਦਣ ਲੱਗੇ। ਸਮਾਜ ਵਿਚ ਮੇਰੇ ਵਰਗੇ ਬੇਅੰਤ ਰਾਹੀ ਹਨ। ਜਿਹਨਾਂ ਅੱਗੇ ਬਹੁਤ ਸਾਰੇ ਰਾਹ ਅੰਨ੍ਹੀ ਗਲੀ ਵਾਂਗ ਬੰਦ ਹੋ ਜਾਂਦੇ ਹਨ ਤਾਂ ਵੀ ਉਹ ਚੁਰਾਹੇ ਨੂੰ ਆ ਕੇ, ਨਵੇਂ ਰਾਹ ਦੀ ਤਲਾਸ਼ ਵਿਚ ਰਹਿੰਦੇ ਹਨ। ਇਹੋ ਹੀ ਇਸ ਕਹਾਣੀ ਦਾ ਸੰਖੇਪ ਸਾਰ ਅੰਸ਼ ਹੈ।

ਆਪਣੇ ਪਿੰਡ ਦਸੌਧਾ ਸਿੰਘ ਵਾਲਾ ਦਾ ਇਤਿਹਾਸ ਲਿਖਣ ਮਗਰੋਂ ਮੇਰੇ ਮਨ ਵਿਚ ਇਸ ਨਵੇਂ ਨਾਵਲ ਦਾ ਬੀਜ਼ ਪੁੰਗਰਣ ਲਗਿਆ। ਮੈਂ ਇਕ ਰਿਸ਼ਤੇਦਾਰ ਪਰਿਵਾਰ ਵਿਚ ਪੈਦਾ ਹੋਇਆ। ਨਿੱਕੀ ਇੱਟ ਦੀ ਪੁਰਾਣੀ ਤਿੰਨ ਮੰਜ਼ਲੀ ਹਵੇਲੀ ਵਿਚ, ਮੇਰਾ ਪਾਲਣ ਪੋਸ਼ਣ ਅਤੇ ਬਚਪਨ ਉਸਰਿਆ। ਮੈਨੂੰ ਜਾਗੀਰਦਾਰੀ ਸਿਸਟਮ ਦੇ ਅੰਗਰਲੇ ਰਿਸ਼ਤਿਆਂ ਦੀ ਟੁੱਟ ਭੱਜ ਦਾ ਤਜ਼ਰਬਾ ਅਤੇ ਅਨੁਭਵ ਸੀ। ਜਿੰਨੇ ਕੁ ਨਾਵਲ ਮੈਂ ਪੜ੍ਹੇ ਸਨ, ਬਹੁਤਿਆਂ ਵਿਚ ਗਰੀਬਾਂ ਅਮੀਰਾਂ ਦੀ ਲੜਾਈ ਦਿਖਾ ਕੇ ਅੰਤ ਵਿਚ ਗਰੀਬਾਂ ਦੀ ਜਿੱਤ ਹੁੰਦੀ ਦਿਖਾਈ ਗਈ ਸੀ। ਜਿਵੇਂ ਸਿੱਧੀ ਲਕੀਰ ਤੇ ਖੜ੍ਹਕੇ ਦੋ ਧਿਰਾਂ ਲੜ ਰਹੀਆਂ ਹਨ। ਦਰ ਅਸਲ ਇਹ ਅੰਦਰਲਾ ਸੱਚ ਨਹੀਂ ਹੈ। ਝੂਠਾ ਸੱਚ ਹੈ। ਮੈਂ ਦੋਨਾਂ ਧਿਰਾਂ ਦਾ ਮਨੋਵਿਗਿਅਨਕ ਵਿਸ਼ਲੇਸ਼ਣ ਕਰਕੇ, ਆਪਣੇ ਨਾਵਲ 'ਅਧੂਰੇ ਰਿਸ਼ਤੇ' ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ, ਇਸਦੇ ਬਹੁਤੇ ਪਾਤਰ ਮੇਰੇ ਅਨੁਭਵ ਦਾ ਹਿੱਸਾ ਹਨ।

ਬਹੁਤ ਸਾਲ ਪਹਿਲਾਂ ਮੈਂ **'ਦਿਲ ਦਾ ਕੌਲ ਫੁੱਲ'** ਨਾਵਲ ਲਿਖਿਆ ਸੀ ਜਿਸਦੀ ਨਾਇਕਾ ਨਾਲ ਮੇਰੇ ਗੂੜ੍ਹੇ ਸੰਬੰਧ ਰਹੇ ਸਨ। ਮੇਰੀ ਜ਼ਿੰਦਗੀ ਦਾ ਹਿੱਸਾ ਨਾ ਬਣਨ ਤੇ ਵੀ ਉਹ ਮੇਰੇ ਅੰਗ ਸੰਗ ਰਹਿੰਦੀ ਸੀ। ਅਸੀਂ ਆਪੋ ਆਪਣੇ 'ਔਰਲਿਟ' ਵਿਚੋਂ ਬਾਹਰ ਨਿਕਲ ਕੇ ਚਕਨਾਚੂਰ ਨਹੀਂ ਹੋਣਾ ਚਾਹਿਆ। ਕਿਸੇ ਨੇ ਵੀ ਲਛਮਣ ਰੇਖਾ' ਨੂੰ ਉਲੰਘਣ ਦੀ ਗਲਤੀ ਨਹੀਂ ਕੀਤੀ। ਇਸਨੂੰ ਤੋੜਣ ਦੇ ਲਤੀਜ਼ਿਆਂ ਤੋਂ ਅਸੀਂ ਦੋਨੋਂ ਚੰਗੀ ਤਰ੍ਹਾਂ ਵਾਕਿਫ਼ ਸੀ। ਉਸਦੇ ਖ਼ਤ ਮੈਂ ਕੀਮਤੀ ਅਮਾਨਤ ਵਾਂਗ ਸਾਂਭੇ ਹੋਏ ਸਨ। ਪਿਆਰ ਵਫ਼ਾ ਮੰਗਦਾ ਹੈ। ਇਉਂ ਦੋ ਢਾਈ ਦਹਾਕੇ ਲੰਘ ਗਏ, ਅਚਾਨਿਕ ਉਜ ਨਾਲ ਮੁਲਾਕਾਤ ਹੋ ਗਈ, ਵਕਤ ਕਿੰਨਾ ਜੋਰਾਵਰ ਅਤੇ ਕਰੂਰ ਹੁੰਦਾ ਹੈ, ਇਥੋਂ ਹੀ ਨਵੇਂ ਨਾਵਲ ਉਹ 'ਉਹ ਕੁੜੀ ਕਿੱਥੇ ਗਈ' ਦੇ ਲਿਖਣ ਦਾ ਸਬੱਬ ਬਣਿਆ।

ਸਰਕਾਰੀ ਨੌਕਰੀ ਦੌਰਾਨ, ਕਈ ਏਅਰਫੋਰਸ ਅਫ਼ਸਰਾਂ ਕੋਲ, ਮੇਰਾ ਜਾਣ ਆਉਣ ਸੀ। ਉਹਨਾਂ ਦੀ ਚਮਕ ਦੀ ਧੜਕਦੀ ਜ਼ਿੰਦਗੀ ਤੋਂ ਲੋਕ ਵਾਕਫ਼ ਹਨ, ਉਹਨਾਂ ਦੀ ਅਸਲੀ ਜ਼ਿੰਦਗੀ ਦਾ ਅੰਦਰਲਾ ਸੱਚ ਕਈ ਵੇਰ ਬਹੁਤ ਕਰੂਰ ਅਤੇ ਕੌੜਾ ਹੁੰਦਾ ਹੈ। ਭੌਤਕ ਸਹੂਲਤਾਂ ਹੋਣ ਤੇ ਵੀ ਅੰਦਰਲੀ ਜ਼ਿੰਦਗੀ ਕਿੰਨੀ ਦੁਖਾਂਤਿਕ ਹੁੰਦੀ ਹੈ। ਪਰਿਵਾਰ ਟੁੱਟਦੇ ਭੱਜਦੇ ਰਹਿੰਦੇ ਹਨ। ਫੇਰ ਵੀ ਮਨੁੱਖਤਾ ਦੀ ਕਣੀਂ ਮਰਦੀ ਨਹੀਂ। 'ਪਤਝੜ ਤੋਂ ਬਾਅਦ' ਨਾਵਲ ਦੀ ਕਹਾਣੀ ਇਸ ਤੇ ਹੀ ਅਧਾਰਤ ਹੈ। ਇਹੋ ਜਿਹਾ ਈ ਇਸ ਕਹਾਣੀ ਦਾ ਸਾਰ ਹੈ।

ਮੈਂ ਜਦੋਂ ਲਿਖਦਾ ਹਾਂ, ਤਕਰੀਬਨ ਬਿਨਾਂ ਨਾਗਾ ਲਿਖਦਾ ਹਾਂ। ਬਹੁਤੇ ਨਾਵਲ ਮੈਂ ਰਾਤਾਂ ਨੂੰ ਹੀ ਲਿਖੇ




ਹਨ। ਪਹਿਲਾਂ ਖਰੜਾ ਲਾਈਨਦਾਰ ਮੋਟੀ ਕਾਪੀ ਜਿਸਤੇ ਪੰਨਿਆਂ ਦੇ ਨੰਬਰ ਛਪੇ ਹੁੰਦੇ ਹਨ ਤੇ ਲਿਖਦਾ ਹਾਂ। ਕਈ ਵੇਰਾ ਖਰੜਾ ਕਈ ਮਹੀਨੇ ਪਿਆ ਰਹਿੰਦਾ ਹੈ। ਫੇਰ ਲਾਲ ਪੈੱਨ ਨਾਲ ਕਾਂਟ ਛਾਂਟ ਘਾਟ ਵਾਧ ਕਰਨ ਮਗਰੋਂ ਇਸਨੂੰ ਕਈ ਵੇਰ ਪੜ੍ਹਦਾ ਹਾਂ। ਕਾਂਡ ਦੇ ਅੰਤ ਵਿਚ ਸੋਧਣ ਦੀ ਤਰੀਕ ਪਾ ਦਿੰਦਾ ਹਾਂ। ਨਵੇਂ ਸਿਰਿਓਂ ਲਿਖਣ ਮਗਰੋਂ ਈ ਪ੍ਰੈੱਸ ਨੂੰ ਦਿੰਦਾ ਹਾਂ।

ਲਿਖਣ ਪ੍ਰਕ੍ਰਿਆ, ਮੇਰੇ ਲਈ ਮੱਛੀ ਦੇ ਪਾਣੀ ਵਿਚ ਤੈਰਨ ਵਾਂਗ ਸਹਿਜ਼ ਨਹੀਂ। ਕਈ ਲੇਖਕ ਇਹ ਕਲੇਮ ਕਰਦੇ ਹਨ। ਲਿਖਣ ਸਮੇਂ ਆਪਣਾ ਆਪ ਰੂੰਅ ਵਾਂਗ ਝੰਬਿਆ ਪਿੰਜਿਆ ਜਾਂਦਾ ਹੈ, ਜਿਵੇਂ ਸਿਆਹੀ ਦੀ ਥਾਂ ਲਹੂ ਨਾਲ ਲਿਖ ਰਿਹਾ ਹੋਵਾਂ। ਕਈ ਲੇਖਕ ਕਹਿੰਦੇ ਹਨ, ਉਹ ਨਸ਼ਾ ਕਰਕੇ, ਕਿਸੇ ਵਕਤ ਕਿਸੇ ਵੀ ਥਾਂ ਤੇ ਬੈਠਕੇ ਲਿਖ ਸਕਦੇ ਹਨ। ਮੇਰੇ ਲਈ ਅਜਿਹਾ ਸੰਭਵ ਨਹੀਂ ਹੈ, ਕਦੇ ਕਦੇ ਸਫ਼ਰ ਸਮੇਂ ਜਾਂ ਹੋਰ ਸਮੇਂ ਕੋਈ ਖਿਆਲ ਨੋਟ ਬੁੱਕ ਵਿਚ ਦਰਜ਼ ਕਰ ਲੈਂਦਾ ਹਾਂ। ਵੈਸੇ ਮੈਂ ਇਕਾਂਤ ਵਾਤਾਵਰਣ ਅਤੇ ਸ਼ਾਂਤ ਮਾਹੌਲ ਭਾਲਦਾ ਹਾਂ। ਲਿਖਣ ਸਮੇਂ ਧੀਮੀ ਸੁਰ ਵਾਲਾ, ਸੰਗੀਤ ਮੈਨੂੰ ਚੰਗਾ ਲਗਦਾ ਹੈ, ਇਸੇ ਕਰਕੇ, ਰੇਡੀਉ ਮੇਰਾ ਪੁਰਾਣਾਂ ਸਾਥੀ ਹੈ। ਲਿਖਣ ਸਮੇਂ ਜੇ ਦੋ ਕੁ ਘੰਟੇ ਦੇ ਵਕਫੇ ਮਗਰੋਂ ਵਧੀਆਂ ਚਾਹ ਦਾ ਕੱਪ ਲੈਣ ਮਗਰੋਂ ਮੈਂ ਫੁੱਲਾਂ ਵਾਂਗ ਤਾਜਗੀ ਮਹਿਸੂਸ ਕਰਦਾ ਹਾਂ। ਲਗਾਤਾਰ ਤਿੰਨ ਚਾਰ ਘੰਟੇ ਲਿਖ ਸਕਦਾ ਹਾਂ, ਹੱਥ ਜ਼ਰੂਰ ਥੱਕ ਜਾਂਦਾ ਹੈ, ਮਨ ਹੌਲਾ ਫੁੱਲ ਹੋ ਗਿਆ ਮਹਿਸੂਸ ਕਰਦਾ ਹੈ। ਜਿਵੇਂ ਮਨ ਤੇ ਪਿਆ ਬੋਝ ਲਹਿ ਗਿਆ ਹੋਵੇ। ਕਿੰਨੇ ਸਾਲਾਂ ਤੋਂ ਸ਼ਹਿਰ ਵਿਚ ਰਹਿਣ ਤੇ ਵੀ ਮੈਨੂੰ ਸ਼ਹਿਰ ਦੇ ਸਭਿਆਚਾਰ ਅਤੇ ਕਲਚਰ ਦਾ ਅਨੁਭਵ ਨਹੀਂ। ਮੁਸਲਮਾਨਾ ਦੀ ਬਹੁ ਆਬਾਦੀ ਵਾਲੇ ਸ਼ਹਿਰ ਵਿਚ ਰਹਿਣ ਤੇ ਵੀ ਮੈਨੂੰ ਉਹਨਾਂ ਦੇ ਸਭਿਆਚਾਰ ਦੀ ਬਹੁਤੀ ਸਮਝ ਨਹੀਂ ਹੈ। ਇਸੇ ਲਈ ਮੈਂ ਬਹੁਤਾ ਪਿੰਡਾਂ ਬਾਰੇ ਹੀ ਲਿਖਦਾ ਹਾਂ।

**ਮੁਬਾਇਲ**-94177-41788

---

ਨਾਵਲ ਨੂੰ ਮੈਂ ਸੱਭਿਆਚਾਰਕ ਟੈਕਸਟ ਸਮਝਦਾ ਹਾਂ ਜਿਸ ਦਾ ਕੋਈ ਬਾਹਰਮੁਖੀ ਪ੍ਰਸੰਗ ਹੁੰਦਾ ਹੈ। ਨਾਵਲੀ ਪਾਠ ਦਾ ਦਰੁਸਤ ਅਧਿਐਨ ਵਿਸ਼ਲੇਸ਼ਣ ਉਸ ਬਾਹਰਮੁਖੀ ਪ੍ਰਸੰਗ ਵਿਚ ਹੀ ਸੰਭਵ ਹੈ। ਅੱਗੋਂ ਪਾਠ ਅਤੇ ਪ੍ਰਸੰਗ ਦੇ ਸੰਬੰਧਾਂ ਨੂੰ ਵੇਖਣ ਪਰਖਣ ਦੇ ਵੀ ਕਈ ਜ਼ਾਵੀਏ ਹੋ ਸਕਦੇ ਹਨ ਜਿਵੇਂ ਸੁਧਾਰਵਾਦੀ-ਸਦਾਚਾਰਕ, ਅਸਤਿਤਵਵਾਦੀ ਮਨੋਵਿਸ਼ਲੇਸ਼ਣਵਾਦੀ ਜਾਂ ਪ੍ਰਗਤੀਵਾਦੀ-ਮਾਰਕਸਵਾਦੀ। ਮੈਂ ਅਖੀਰਲੇ ਪੈਂਤੜੇ ਦਾ ਪੈਰੋਕਾਰ ਹਾਂ।

**- ਡਾ. ਟੀ. ਆਰ ਵਿਨੋਦ**






# ਮੈਂ ਆਪਣੇ ਨਾਵਲ 'ਚ ਪੰਜ ਪਰਿਵਾਰਾਂ ਦੀ ਕਹਾਣੀ ਨੂੰ ਪੂਰਾ ਪੰਜਾਬ ਮੰਨ ਕੇ ਲਿਖਿਆ- ਦਰਸ਼ਨ ਸਿੰਘ ਗੁਰੂ

ਮੈਂ ਇਹ ਨਾਵਲ ਲਿਖਣ ਤੋਂ ਪਹਿਲਾਂ ਕਹਾਣੀਆਂ ਹੀ ਲਿਖਦਾ ਸੀ। ਇਕ ਦਿਨ ਮੈਂ ਨਾਵਲ 'ਬੁਰਜਾਂ ਦੇ ਖੰਡਰ' ਲਿਖਣ ਬਾਰੇ ਸੋਚਿਆ। ਇਹ ਗੱਲਾਂ ਮੈਂ ਕਹਾਣੀ ਵਿਚ ਲਿਖ ਨਹੀਂ ਸੀ ਸਕਦਾ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪਿੰਡਾਂ ਵਿੱਚ ਰੱਬ ਵਸਦਾ ਹੈ, ਪ੍ਰੰਤੂ ਮੈਨੂੰ ਪਿੰਡਾਂ ਵਿੱਚ ਕਦੇ ਵੀ ਰੱਬ ਨਜ਼ਰ ਨਹੀਂ ਆਇਆ। ਇੱਕ ਤਾਂ ਉਹ ਪਿੰਡ ਹੁੰਦਾ ਹੈ, ਜਿਹੜਾ ਸਾਨੂੰ ਬਾਹਰੋਂ ਦਿਖਾਈ ਦਿੰਦਾ ਹੈ, ਇਹ ਹੋਰ ਹੁੰਦਾ ਹੈ। ਜਿਹੜਾ ਮੈਂ ਆਪਣੀ ਅੰਦਰਲੀ ਅੱਖ ਨਾਲ ਵੇਖਿਆ, ਉਹ ਪਿੰਡ ਹੋਰ ਹੈ। ਪਿੰਡਾਂ ਦੇ ਅੰਦਰ ਇੱਕ ਹੋਰ ਪਿੰਡ ਵਸਦਾ ਹੈ, ਜਿਸ ਦੀ ਗੱਲ ਮੈਂ ਆਪਣੇ ਨਾਵਲ ਵਿੱਚ ਕੀਤੀ ਹੈ।

ਨਾਵਲ ਦੇ ਸਾਰੇ ਪਾਤਰ ਮੇਰੇ ਆਲੇ-ਦੁਆਲੇ ਵਿਚਰਦੇ ਹਨ। ਮੈਂ ਹਮੇਸ਼ਾਂ ਉਨ੍ਹਾਂ ਨਾਲ ਰਹਿੰਦਾ ਹਾਂ। ਉਨ੍ਹਾਂ ਨਾਲ ਹੀ ਮੇਰਾ ਵਾਹ ਵਾਸਤਾ ਹੈ। ਉਨ੍ਹਾਂ ਦੇ ਦੁੱਖਾਂ-ਸੁੱਖਾਂ ਵਿੱਚ ਮੈਂ ਸ਼ਾਮਲ ਹੁੰਦਾ ਰਹਿੰਦਾ ਹਾਂ। ਉਨ੍ਹਾਂ ਦੀਆਂ ਦੁੱਖ ਤਕਲੀਫ਼ਾਂ ਮੁਸ਼ਕਿਲਾਂ ਹੀ ਮੇਰੀ ਰੋਜੀ ਰੋਟੀ ਹੈ। ਪਿੰਡਾਂ ਵਿੱਚ ਇੱਕ ਉਹ ਲੋਕ ਵਸਦੇ ਹਨ, ਜਿਨ੍ਹਾਂ ਨੂੰ ਆਪਣੇ ਢਿੱਡ ਦੀ ਭੁੱਖ ਤੋਂ ਬਗ਼ੈਰ ਹੋਰ ਕੁਝ ਨਹੀਂ ਪਤਾ। ਉਨ੍ਹਾਂ ਕੋਲ ਕੋਈ ਰਾਜਨੀਤੀ ਨਹੀਂ, ਕੋਈ ਜੀਵਨ ਨਹੀਂ, ਸਿਰਫ਼ ਦਿਨ ਕਟੀ ਕਰਦੇ ਹਨ। ਉਨ੍ਹਾਂ ਦਾ ਸ਼ੋਸ਼ਣ ਵਧੇਰੇ ਹੁੰਦਾ ਹੈ। ਉਹ ਕਿਰਤੀ ਹਨ। ਮਜ਼ਦੂਰ ਹਨ। ਸ਼ੀਰੀ ਸਾਂਝੀ ਹਨ। ਖੇਤ ਮਜ਼ਦੂਰ ਹਨ। ਦੂਸਰੀ ਕਿਸਮ ਦੇ ਲੋਕ ਉਹ ਹਨ, ਜਿਨ੍ਹਾਂ ਕੋਲ ਗੁਜਾਰੇ ਜੋਗੀ ਜ਼ਮੀਨ ਹੈ, ਸਰਮਾਇਆ ਹੈ, ਉਨ੍ਹਾਂ ਦਾ ਕਿਸੇ ਨਾਲ ਕੋਈ ਵਾਹ ਵਾਸਤਾ ਨਹੀਂ। ਅਨਪੜ੍ਹਤਾ ਜ਼ਰੂਰ ਹੈ, ਆਰਥਿਕ ਵਸੀਲੇ ਤੇ ਸਾਧਨ ਹਨ। ਇੱਕ ਤੀਸਰੀ ਕਿਸਮ ਦਾ ਵਰਗ ਹੈ, ਜਿਹੜਾ ਗਿਣਤੀ ਵਿੱਚ ਤਾਂ ਘੱਟ ਹੈ, ਪ੍ਰੰਤੂ ਤੌਰ-ਤਰੀਕੇ ਕਮੀਨਾ ਤੇ ਸ਼ਾਤਰ ਹੈ। ਉਹ ਦੋਨਾਂ ਹੇਠਲਿਆਂ ਵਰਗਾਂ ਦਾ ਸ਼ੋਸ਼ਣ ਕਰਦਾ ਹੈ। ਰਾਜਨੀਤਕ ਲੋਕਾਂ, ਸਰਕਾਰੇ ਦਰਬਾਰੇ ਆਪਣੀ ਪਹੁੰਚ ਬਣਾ ਕੇ ਰੱਖਦਾ ਹੈ। ਆਮ ਘਰਾਂ ਦੀਆਂ ਸੋਹਣੀਆਂ-ਸੁਨੱਖੀਆਂ ਇਸਤਰੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ।

ਉਨ੍ਹਾਂ ਦੇ ਪਰਿਵਾਰਾਂ ਵਿੱਚ ਨਸ਼ਾ ਪ੍ਰਵੇਸ਼ ਕਰਦਾ ਹੈ। ਉਨ੍ਹਾਂ ਦੇ ਧੀਆਂ-ਪੁੱਤਰਾਂ ਨੂੰ ਗ਼ਲਤ ਰਾਹਾਂ 'ਤੇ ਤੋਰਦਾ ਹੈ। ਉਨ੍ਹਾਂ ਦੇ ਮੁੰਡਿਆਂ ਨੂੰ ਨਸ਼ਈ ਕਰਕੇ ਜ਼ਮੀਨਾਂ ਹਥਿਆਉਣ ਦੀ ਕੋਸ਼ਿਸ਼ 'ਚ ਲੱਗਿਆ ਰਹਿੰਦਾ ਹੈ। ਮੈਂ ਇਸ ਨਾਵਲ ਵਿੱਚ ਮੁਰੱਬਾਬੰਦੀ ਤੋਂ ਲੈ ਕੇ ਹੁਣ ਤੱਕ ਕਿਹੜੀਆਂ ਤਬਦੀਲੀਆਂ ਆਈਆਂ ਹਨ, ਦਾ ਜ਼ਿਕਰ ਕੀਤਾ ਹੈ। ਪੰਜਾਬ ਦੇ ਵਿੱਚ ਕਿਹੜੀਆਂ-ਕਿਹੜੀਆਂ ਲਹਿਰਾਂ ਚੱਲੀਆਂ ਹਨ, ਇਨ੍ਹਾਂ ਨੇ ਪੰਜਾਬ ਦੇ ਸੁਭਾਅ, ਸੱਭਿਆਚਾਰਕ, ਆਰਥਿਕ ਤੇ ਸਮਾਜਿਕ ਤੌਰ 'ਤੇ ਕੀ ਪ੍ਰਭਾਵ ਪਾਇਆ ਹੈ। ਖੇਤੀਬਾੜੀ ਯੂਨੀਵਰਸਿਟੀਆਂ ਹੋਂਦ 'ਚ ਆਉਣ ਨਾਲ ਜਿਹੜੀ ਹਰੀ ਕ੍ਰਾਂਤੀ ਆਈ, ਉਹਦਾ ਲਾਭ ਕਿਨ੍ਹਾਂ ਨੂੰ ਪ੍ਰਾਪਤ ਹੋਇਆ ਜਿਕਰ ਕੀਤਾ ਹੈ।

ਮੁਰੱਬਾਬੰਦੀ ਵੇਲੇ ਪਿੰਡ ਦੇ ਸ਼ਾਤਰ ਲੋਕਾਂ ਨੇ ਮਹਿਕਮੇ ਨਾਲ ਮਿਲ ਕੇ ਕਿਵੇਂ ਆਪਣੀਆਂ ਜ਼ਮੀਨਾਂ ਬਣਾਈਆਂ। ਆਮ ਤੇ ਸਾਧਾਰਣ ਵਿਅਕਤੀ ਕਿਵੇਂ ਆਪਣੇ ਹੱਕਾਂ ਤੋਂ ਵਾਂਝੇ ਰੱਖੇ ਗਏ, ਦਾ ਜ਼ਿਕਰ ਕੀਤਾ ਹੈ। ਕਿਸ ਤਰ੍ਹਾਂ ਲੋਕ ਹਸਦੇ ਵੱਸਦੇ ਘਰਾਂ ਨੂੰ ਆਪਣੀਆਂ ਕਮੀਨੀਆਂ ਚਾਲਾਂ ਨਾਲ ਉਜਾੜਦੇ ਹਨ। ਬੁਰਜਾਂ ਤੋਂ ਖੰਡਰ ਬਣਾਉਂਦੇ ਹਨ।


ਮੈਂ ਆਪਣੇ ਨਾਵਲ 'ਬੁਰਜਾਂ ਦੇ ਖੰਡਰ' ਵਿੱਚ ਪੰਜ ਪਰਿਵਾਰਾਂ ਦੀ ਕਹਾਣੀ ਨੂੰ ਪੂਰਾ ਪੰਜਾਬ ਮੰਨ ਕੇ ਲਿਖਿਆ ਹੈ। ਜਿਹੋ ਜਿਹੇ ਮੈਂ ਪਾਤਰ ਸਿਰਜੇ ਹਨ, ਉਹ ਹਰ ਪਿੰਡ ਵਿੱਚ ਹਨ। ਮੇਰੇ ਨਾਵਲ ਨੂੰ ਪੜ੍ਹਨ ਤੋਂ ਬਾਅਦ ਹਰ ਪਾਠਕ ਨੇ ਕਿਹਾ ਕਿ ਇਹ ਮੇਰੇ ਪਿੰਡ ਦੀ ਕਹਾਣੀ ਹੈ। ਮੈਂ ਆਪਣਾ ਕਾਲਪਨਿਕ ਪਿੰਡ ਮਾਣਕਪੁਰ ਵਸਾ ਕੇ ਉਸ ਦੇ ਅੰਦਰ ਆਪਣੇ ਪਾਤਰਾਂ ਰਾਹੀਂ ਜੋ ਕੁਝ ਵਾਪਰਦਾ ਹੈ ਦਿਖਾਇਆ ਹੈ। ਮੈਥੋਂ ਪਹਿਲਾਂ ਮੈਥੋਂ ਵੱਡੇ ਨਾਵਲਕਾਰ ਸ੍ਰੀ ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਪਰਗਟ ਸਿੰਘ ਸਿੱਧੂ, ਕਰਮਜੀਤ ਕੁੱਸਾ, ਓਮ ਪ੍ਰਕਾਸ਼ ਗਾਸੋ ਤੇ ਹੋਰ ਨਾਵਲਕਾਰਾਂ ਨੇ ਪਿੰਡਾਂ ਦੀ ਹਾਲਤ, ਬੋਲੀ, ਸ਼ੈਲੀ, ਸੁਭਾਅ ਬਾਰੇ ਖੁੱਲ੍ਹ ਕੇ ਲਿਖਿਆ ਹੈ। ਇਨ੍ਹਾਂ 'ਚ ਬਹੁਤੇ ਨਾਵਲਕਾਰਾਂ ਨੂੰ ਪੜ੍ਹਿਆ ਵੀ ਹੈ, ਪ੍ਰੰਤੂ ਇਨ੍ਹਾਂ ਨਾਵਲਕਾਰਾਂ ਦਾ ਸਿੱਧੇ ਰੂਪ ਵਿੱਚ ਪੇਂਡੂ ਲੋਕਾਂ ਨਾਲ ਅੰਦਰਲਾ ਵਾਹ ਨਹੀਂ ਹੈ। ਬਾਹਰੋਂ ਦੇਖ ਕੇ ਲਿਖਿਆ ਹੈ ਪੰਤੂ ਮੇਰਾ ਵਾਹ ਸਿੱਧੇ ਰੂਪ ਵਿੱਚ ਇਨ੍ਹਾਂ ਲੋਕਾਂ ਨਾਲ ਪੈਂਦਾ ਰਹਿੰਦਾ ਹੈ। ਮੈਨੂੰ ਪਤਾ ਹੈ, ਇਹ ਬੁਰਜ ਕਿਵੇਂ ਖੰਡਰ ਹੋ ਗਏ। ਇਨ੍ਹਾਂ ਨੂੰ ਖੰਡਰ ਬਣਾਉਣ ਵਿੱਚ ਕਿਹੜੇ ਲੋਕ ਜ਼ਿੰਮੇਵਾਰ ਹਨ, ਦੀ ਮੈਨੂੰ ਪਛਾਣ ਹੈ।


ਰਿਸ਼ਤੇ-ਨਾਤੇ ਜ਼ਮੀਨ ਨਾਲ ਕਿਵੇਂ ਜੁੜਦੇ ਹਨ। ਪੰਤੂ ਪੰਜਾਬ ਦੀਆਂ ਇਸਤਰੀਆਂ ਦੇ ਸਭ ਤੋਂ ਵੱਧ ਸੰਕਟ ਝੱਲਿਆ ਹੈ। ਆਪਣੇ ਪਰਿਵਾਰਾਂ ਦੀ ਆਰਥਿਕ ਹਾਲਤ ਨੂੰ ਕਾਇਮ ਰੱਖਣ ਲਈ ਅਨੇਕਾਂ ਕਿਸਮ ਦੇ ਜੋਖਮ ਹੰਢਾਏ ਹਨ। ਕਿਵੇਂ ਵਿਆਜੂ ਪੈਸੇ ਦੇ ਕੇ ਜ਼ਮੀਨ ਨੂੰ ਘੇਰਾ ਪਾਇਆ ਜਾਂਦਾ ਹੈ। ਇਸਤਰੀਆਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ, ਇਹ ਬੰਦ ਕਮਰਿਆਂ ਵਿੱਚ ਬੈਠ ਕੇ ਲਿਖਣ ਵਾਲੇ ਲੋਕ ਨਹੀਂ ਚਿਤਰ ਸਕਦੇ। ਮੇਰੇ ਨਾਵਲ ਦਾ ਹਰਦਿਆਲ ਪਾਤਰ ਜਿਸ ਨੂੰ ਗ਼ਲਤ ਰਾਹਾਂ ਤੇ ਪਾਇਆ ਜਾਂਦਾ ਹੈ। ਮੁੜ ਸ਼ਾਤਰ ਲੋਕਾਂ ਦੀਆਂ ਚਾਲਾਂ ਸਮਝ ਕੇ ਮੁੜ ਆਪਣਾ ਘਰ ਸੰਭਾਲ ਲੈਂਦਾ ਹੈ। ਬੱਗੜ ਜਿਹੜਾ ਪੂਰੇ ਪਿੰਡ ਨੂੰ ਪ੍ਰਭਾਵਿਤ ਕਰਦਾ ਹੈ। ਲੋਕਾਂ ਦੇ ਹਸਦੇ ਵਸਦੇ ਘਰ ਉਜਾੜਦਾ ਹੈ। ਅਖੀਰ ਉਸ ਦਾ ਘਰ ਵੀ ਉੱਜੜ ਜਾਂਦਾ ਹੈ। ਉਸ ਦੇ ਮੁੰਡੇ ਮਰ ਜਾਂਦੇ ਹਨ। ਉਸ ਦੀ ਕੁੜੀ ਸ਼ਰਨਜੀਤ ਘਰੋਂ ਭੱਜ ਕੇ ਪੁਲਿਸ ਵਾਲੇ ਨਾਲ ਵਿਆਹ ਕਰਵਾ ਲੈਂਦੀ ਹੈ। ਇਸ ਤਰ੍ਹਾਂ ਅੱਕੀ ਪਾਤਰ ਹੈ। ਜਿਹੜੀ ਸਮਾਜ ਦੀਆਂ ਕੰਧਾਂ ਤੋੜ ਕੇ ਆਪਣੇ ਘਰ ਨੂੰ ਮੁੜ ਵਸਾ ਲੈਂਦੀ ਹੈ। ਉਸ ਦੀ ਉਮਰ ਤੋਂ ਵੱਡੇ ਬੇ-ਜੋੜ ਜੀਤੇ ਦੇ ਵਿਆਹ ਤੋਂ ਛੁਟਕਾਰਾ ਪਾਉਂਦੀ ਹੈ। ਬੱਗੜ ਤੋਂ ਆਪਣੇ ਘਰ ਵਾਲੇ ਤੇਜੇ ਦੇ ਹਿੱਸੇ ਦੀ ਜ਼ਮੀਨ ਵੰਡਾ ਲੈਂਦੀ ਹੈ। ਜੀਤਾ ਕਿਸੇ ਡੇਰੇ ਦਾ ਸਾਧ ਬਣ ਕੇ ਸੇਵਾ ਕਰਦਾ ਹੈ। ਫਿਰ ਡੇਰੇ 'ਤੇ ਰਾਜਨੀਤਕ ਲੋਕਾਂ ਦਾ ਕਬਜ਼ਾ ਹੋ ਜਾਂਦਾ ਹੈ। ਜੋਗਿੰਦਰ ਬਦਮਾਸ਼ ਵਰਗੇ ਅਨੇਕਾਂ ਪਾਤਰਾਂ ਰਾਹੀਂ ਇਸ ਨਾਵਲ ਦੀ ਸਿਰਜਣਾ ਕੀਤੀ ਹੈ।


ਮੈਂ ਇਸ ਨਾਵਲ ਵਿੱਚ ਇਹ ਵੀ ਦੱਸਣ ਦਾ ਯਤਨ ਕੀਤਾ ਹੈ ਕਿ ਅਨਪੜ੍ਹਤਾ ਬਹੁਤ ਸਾਰੀਆਂ ਬੀਮਾਰੀਆਂ ਦੀ ਜੜ੍ਹ ਹੈ। ਭਾਵੇਂ ਮਜ਼ਦੂਰ ਵਰਗ ਹੈ, ਉਨ੍ਹਾਂ 'ਚੋਂ ਜਿਹੜੇ ਘਰਾਂ ਨੇ ਵਿੱਦਿਆ ਦੇ ਮਹੱਤਵ ਨੂੰ ਸਮਝ ਲਿਆ। ਉਹ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਕਾਮਯਾਬ ਹੋ ਗਏ। ਹੁਣ ਵੀ ਪਿੰਡਾਂ ਵਿੱਚ ਦੋ ਕਿਸਮ ਦੇ ਲੋਕ ਵਸਦੇ ਹਨ। ਇੱਕ ਲਤਾੜਿਆ ਜਾਣ ਵਾਲਾ ਵਰਗ ਹੈ, ਦੂਸਰਾ ਲਤਾੜਨ ਵਾਲਾ ਵਰਗ ਹੈ। ਮੈਂ ਲਤਾੜੇ ਵਰਗ ਦੇ ਹੱਕ ਵਿੱਚ ਖੜ੍ਹ ਕੇ ਉਨ੍ਹਾਂ ਅੰਦਰ ਅਣਖ, ਜੋਸ਼, ਗ਼ੈਰਤ ਪੈਦਾ ਕਰਨ ਦਾ ਯਤਨ ਕੀਤਾ ਹੈ। ਪ੍ਰੰਤੂ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ, ਜਿਹੜਾ ਕੁਝ ਮੈਂ ਆਪਣੇ ਨਾਵਲ ਵਿੱਚ ਲਿਖਿਆ ਹੈ, ਉਨ੍ਹਾਂ ਦਾ ਪਹਿਲਾਂ ਬਹੁਤ ਘੱਟ ਜਿਕਰ ਹੋਇਆ ਹੈ। ਆਉਣ ਵਾਲੇ ਨਾਵਲਾਂ ਵਿੱਚ ਵੀ ਅਜਿਹਾ ਹੋਰ ਜੋ ਲਿਖਣ ਤੋਂ ਰਹਿ ਗਿਆ ਹੈ, ਲਿਖਾਂਗਾ। ਮੈਂ ਆਪਦੇ ਨਵੇਂ ਨਾਵਲਾਂ ਰਾਹੀਂ ਇਨ੍ਹਾਂ ਲੋਕਾਂ ਨਾਲ ਹੋ ਰਹੀ ਧੱਕੇਸ਼ਾਹੀ ਤੇ ਬੇ-ਇਨਸਾਫ਼ੀ ਦੇ ਖ਼ਿਲਾਫ਼ ਲਿਖਣ ਦਾ ਜਿਗਰਾ ਕਰਾਂਗਾ।

**ਸੰਪਰਕ-97800-08515**





## ਮੇਰੇ ਜਿਹਨ 'ਚ ਉਗਦੀਆਂ 'ਤੀਵੀਂਆਂ'/ - ਪਰਗਟ ਸਿੰਘ ਸਤੌਜ

"ਰਾਜੂ ਮਰ ਗਿਆ!"

ਹੈਂ! ਐਂ ਕਿਮੇਂ?" ਮੈਂ ਮਾਂ ਦੇ ਉਦਾਸ ਚਿਹਰੇ ਵੱਲ ਹੈਰਾਨੀ ਨਾਲ ਵੇਖਿਆ ਸੀ।

"ਸਪਰੇਅ ਪੀ ਕੇ।" ਮਾਂ ਉਦਾਸੀ ਦੇ ਹੋਰ ਡੂੰਘੇ ਸਮੁੰਦਰ ਵਿੱਚ ਗੋਤਾ ਖਾ ਗਈ ਸੀ ਤੇ ਬਾਂਹ ਫੜ ਕੇ ਮੈਨੂੰ ਵੀ ਅੰਦਰ ਖਿੱਚ ਲਿਆ। ਓਦੋਂ ਮੈਂ ਮੇਰੇ 'ਭਾਗੂ' ਨਾਵਲ ਦੀ ਸੁਧਾਈ ਕਰ ਰਿਹਾ ਸੀ। ਮੈਂ ਹਰ ਰੋਜ਼ ਸ਼ਾਮ ਨੂੰ ਕੋਠੇ 'ਤੇ ਬੈਠ ਕੇ ਸੁਧਾਈ ਕਰਦਾ। ਅੱਜ ਵੀ ਮੈਂ ਹੱਥ 'ਚ ਰਜ਼ਿਸਟਰ ਫੜੀ ਲੱਕੜ ਦੀ ਪੌੜੀ ਚੜ੍ਹਨ ਹੀ ਲੱਗਿਆ ਸੀ ਕਿ ਮਾਂ ਨੇ ਇਹ ਖ਼ਬਰ ਸੁਣਾ ਕੇ ਮੇਰੇ ਅੰਦਰ ਉਥਲ-ਪੁਥਲ ਮਚਾ ਦਿੱਤੀ। ਕੋਠੇ ਚੜ੍ਹਨ ਲਈ ਪੌੜੀ ਵੱਲ ਵਧਦਾ ਪੈਰ ਵਾਪਸ ਮੁੜ ਗਿਆ। ਮੇਰੇ ਅੰਦਰ ਘੋਰ ਉਦਾਸੀ ਦਾ ਭੂਚਾਲ ਜਿਹਾ ਆ ਗਿਆ।

ਮੈਂ ਅੰਦਰ ਆ ਬੈਠਿਆ। ਅੰਦਰੋਂ ਉੱਠ ਕੇ ਫਿਰ ਬਾਹਰ ਗਿਆ। ਬਾਹਰੋਂ ਫਿਰ ਅੰਦਰ। ਮੈਨੂੰ ਬੇਚੈਨੀ ਟਿਕਣ ਨਹੀਂ ਦੇ ਰਹੀ ਸੀ। ਸ਼ਾਮ ਨੂੰ ਕੋਠੇ 'ਤੇ ਪਿਆ ਤਾਂ ਵੀ ਰਾਜੂ ਮੇਰੀਆਂ ਅੱਖਾਂ ਅੱਗੇ ਹੀ ਸਮਾਧੀ ਲਾਈਂ ਬੈਠਾ ਰਿਹਾ। ਫ਼ਿਲਮ ਦੇ ਟ੍ਰੇਲਰ ਵਾਂਗ ਉਸ ਦੀਆਂ ਵੱਖ ਵੱਖ ਯਾਂਦਾ ਮੇਰੇ ਚੇਤੇ ਦੀਆਂ ਅੱਖਾਂ ਅੱਗੇ ਘੁੰਮ ਰਹੀਆਂ ਸਨ। ਮੈਂ ਨਾਵਲ ਦੀ ਸੁਧਾਈ ਬਾਰੇ ਸੋਚਦਾ ਪਰ ਰਾਜੂ ਪਤਾ ਨਹੀਂ ਕਿੱਧਰੋਂ ਆਉਂਦਾ, ਮੇਰੀਆਂ ਸੋਚਾਂ ਨੂੰ ਘੇਰਾ ਪਾਉਂਦਾ ਤੇ ਆਪਣੇ ਵੱਲ ਖਿੱਚ ਲੈਂਦਾ। ਜਿਉਂ ਜਿਉਂ ਮੈਂ ਉਸ ਬਾਰੇ ਸੋਚਣ ਲੱਗਦਾ, ਕਿੰਨੇ ਹੀ ਸਵਾਲ ਮੇਰੇ ਅੰਦਰ ਉੱਗ ਪੈਂਦੇ।

"ਰਾਜੂ ਕਿਉਂ ਮਰ ਗਿਆ?"

"ਕਿਸਨੇ ਮਾਰਿਆ।"

"ਜ਼ਿੰਦਗੀ ਤੋਂ ਉਹ ਬੇਮੁੱਖ ਕਿਉਂ ਹੋ ਗਿਆ।"

"ਮਰਨ ਦਾ ਕੀ ਕਾਰਨ ਹੋਵੇਗਾ।"

"ਮਰਨ ਲੱਗਿਆਂ ਉਹਦੇ ਮਨ 'ਚ ਕੀ ਹੋਵੇਗਾ।"

"ਉਸਨੂੰ ਆਪਣੀ ਮਾਂ ਯਾਦ ਆਈ ਹੋਵੇਗੀ?"

"ਪਰਿਵਾਰ ਯਾਦ ਆਇਆ ਹੋਵੇਗਾ।"

ਅਜਿਹੇ ਕਿੰਨੇ ਹੀ ਸਵਾਲਾਂ ਨੇ ਮੇਰੇ ਅੰਦਰ ਭੂਚਾਲ ਲਿਆਈਂ ਰੱਖਿਆ। ਇਸ ਭੂਚਾਲ ਨੂੰ ਸ਼ਾਂਤ ਕਰਨ ਲਈ ਮੈਂ ਰਾਜੂ ਉੱਪਰ ਕਹਾਣੀ ਲਿਖਣ ਦੀ ਸੋਚੀ। ਕਹਾਣੀ ਲਿਖਣ ਲਈ ਮੈਂ ਕਮਰਕਸੇ ਕਰ ਲਏ। ਪੈੱਨ ਕਾਪੀ ਚੁੱਕ ਲਿਆ। ਮੈਂ ਜਿਉਂ ਹੀ ਰਾਜੂ ਨੂੰ ਕਹਾਣੀ ਵਿੱਚ ਫਿੱਟ ਕਰਨ ਲਈ ਕਹਾਣੀ ਦਾ ਚੌਖਟਾ ਤਿਆਰ ਕੀਤਾ, ਤਾਂ ਉਹ ਰਾਜੂ ਦੇ ਮੇਚ ਨਾ ਆਇਆ। ਮੈਂ ਚੌਖਟਾ ਹੋਰ ਵਧਾ ਲਿਆ ਪਰ ਰਾਜੂ ਤਾਂ ਕਿਸੇ ਫ਼ਿਲਮ

ਦੇ ਰਾਖਸ਼ਸ਼ ਵਾਂਗ ਹੋਰ ਹੋਰ ਵੱਡਾ ਹੁੰਦਾ ਜਾ ਰਿਹਾ ਸੀ। ਉਸ ਦੀ ਦੇਹ ਵਿੱਚੋਂ ਕਿੰਨੀਆਂ ਹੀ ਤੰਦਾਂ ਨਿੱਕਲ ਕੇ ਇਧਰ-ਉਧਰ ਖਿੱਲਰ ਗਈਆਂ ਸਨ ਜਿਵੇਂ ਮੈਂ ਸਪੋਲੀਆਂ ਦੀ ਪੰਡ ਬੰਨ੍ਹ ਰਿਹਾ ਹੋਵਾਂ ਤੇ ਉਹ ਪੰਡ ਦੀਆਂ ਗੁੱਠਾਂ ਵਿੱਚੋਂ ਨਿਕਲ ਕੇ ਇਧਰ-ਉਧਰ ਖਿੱਲਰ ਰਹੇ ਹੋਣ। ਮੈਂ ਥੱਕ ਗਿਆ। ਗੱਲ ਮੇਰੇ ਵਸੋਂ ਬਾਹਰੀ ਹੋ ਗਈ। ਮੈਂ ਕਹਾਣੀ ਲਿਖਣੀ ਬੰਦ ਕਰ ਕੇ ਰੱਦੀ ਵਿੱਚ ਸੁੱਟ ਦਿੱਤੀ। ਸ਼ਾਇਦ ਕਹਾਣੀ ਲਿਖਣਾ ਮੇਰਾ ਕਾਹਲੀ ਵਿੱਚ ਲਿਆ ਫ਼ੈਸਲਾ ਸੀ। ਹੁਣ ਰਾਜੂ ਦੇ ਨਾਲ ਨਾਲ ਉਸਦੀ ਮਾਂ, ਚਾਚਾ ਤੇ ਬਾਪੂ ਵੀ ਮੇਰੇ ਅੰਦਰ ਆਪਣੀ ਥਾਂ ਬਣਾਉਣ ਲੱਗ ਪਏ। ਉਹਨਾਂ ਦੇ ਜਿਉਣ ਢੰਗ ਤੋਂ ਮੈਂ ਉਹਨਾਂ ਦੀ ਮਾਨਸਿਕਤਾ ਪੜ੍ਹਨ ਦੀ ਕੋਸ਼ਿਸ਼ ਕਰਦਾ।

ਜਦ ਕਦੇ ਮੈਂ ਰਾਜੂ ਕੇ ਘਰ ਅੱਗੋਂ ਦੀ ਲੰਘਦਾ ਤਾਂ ਉਨ੍ਹਾਂ ਦਾ ਸੁੰਨਾ ਪਿਆ ਘਰ ਮੈਨੂੰ ਆਪਣੇ ਜਵਾਨ-ਜਹਾਨ ਪੁੱਤਰਾਂ ਦੀ ਮੌਤ ਤੋਂ ਬਾਅਦ ਉਦਾਸ ਬੈਠੇ ਉਸ ਬਜ਼ੁਰਗ ਵਾਂਗ ਲਗਦਾ ਜਿਸਦਾ ਹੁਣ ਕੋਈ ਵਾਲੀ ਵਾਰਸ ਨਾ ਰਿਹਾ ਹੋਵੇ। ਮੈਂ ਜਦ ਵੀ ਕਦੀ ਉਸ ਘਰ 'ਤੇ ਨਜ਼ਰ ਮਾਰਦਾ ਤਾਂ ਉਹ ਘਰ ਮੇਰੀਆਂ ਅੱਖਾਂ ਰਾਹੀਂ ਮੇਰੀਆਂ ਸੋਚਾਂ ਅੰਦਰ ਆ ਬੈਠਦਾ। ਕਦੇ ਇਸ ਘਰ 'ਚ ਕੋਈ ਪਰਿਵਾਰ ਵਸਦਾ ਸੀ। ਜ਼ਿੰਦਗੀ ਧੜਕਦੀ ਸੀ। ਕਿੰਨੀਆਂ ਤੀਵੀਂਆਂ ਦੀਆਂ ਝਾਂਜਰਾਂ ਦੀ ਛਣਕਾਰ ਇਸ ਘਰ ਦੀ ਧਰਤੀ ਨੇ ਕੰਨ ਲਾ ਕੇ ਸੁਣੀ। ਕਿੰਨੀਆਂ ਤੀਵੀਂਆਂ ਦੇ ਅੰਦਰਲੇ ਦਰਦ ਦਾ ਇਹ ਘਰ ਗਵਾਹ ਹੈ। ਇਸ ਘਰ ਨੂੰ ਵਸਦਾ ਰੱਖਣ ਖ਼ਾਤਰ ਤੀਵੀਂ ਲਈ ਸਹਿਕਦੇ ਇਸ ਘਰ ਦੇ ਪਾਤਰਾਂ ਦਾ ਹਾਉਕਾ ਮੈਨੂੰ ਸੁਣਾਈ ਦਿੰਦਾ। ਮੈਨੂੰ ਲਗਦਾ, ਜੇ ਕੋਈ ਤੀਵੀਂ ਇਸ ਘਰ ਦੀ ਅਸਲੀ 'ਘਰ ਵਾਲੀ' ਬਣਨ ਦੀ ਗੱਲ ਕਰ ਦੇਵੇ ਤਾਂ ਬਿੱਲੂ ਤੇ ਰੋਹੀ ਇਥੋਂ ਹੀ ਕਿਸੇ ਖੱਲ-ਖੂੰਜੇ 'ਚੋਂ ਨਿਕਲ ਕੇ ਲਲਸਾਈਆਂ ਨਜ਼ਰਾਂ ਤੇ ਵਿਚਾਰਗੀ ਦੇ ਭਾਵ ਲਈਂ ਝੱਟ ਸਾਹਮਣੇ ਆ ਖੜ੍ਹਨਗੇ। ਪਰ ਉਨ੍ਹਾਂ ਦੀ ਹੋਣੀ ਇਹ ਸੀ ਕਿ ਅਜਿਹਾ ਹੋਇਆ ਨਹੀਂ। ਜ਼ਿੰਦਗੀ 'ਚ ਡੂੰਘੇ ਪੈ ਗਏ ਅਜਿਹੇ ਖਲਾਅਵਾਂ ਨੂੰ ਭਰਨ ਲਈ ਹੀ ਉਨ੍ਹਾਂ ਨੇ ਦਾਰੂ ਦੀ ਬੋਤਲ ਨਾਲ ਲੱਗ ਕੇ ਧਾਹ ਮਾਰੀ ਸੀ। ਉਨ੍ਹਾਂ ਦਾ ਅੰਦਰਲਾ ਖਲਾਅ ਭਰਿਆ ਨਹੀਂ, ਉਨ੍ਹਾਂ ਨੇ ਬੋਤਲ ਛੱਡੀ ਨਹੀਂ। ਉਨ੍ਹਾਂ ਤੋਂ ਜ਼ਿੰਦਗੀ ਦੇ ਅਰਥ ਗੁਆਚ ਗਏ ਸਨ। ਉਨ੍ਹਾਂ ਨੇ ਆਪਣੀ ਜਾਨ ਤੋਂ ਪਿਆਰੀ ਜ਼ਮੀਨ ਨਾਲੋਂ ਮੋਹ ਤੋੜ ਲਿਆ। ਉਹ ਹੌਲੀ ਹੌਲੀ ਵਿਕਣ ਲੱਗੀ। ਉਹਨਾਂ ਦੀ ਕੁਝ ਜ਼ਮੀਨ ਅਸੀਂ ਵੀ ਖ਼ਰੀਦੀ ਸੀ। ਉਹ ਮੇਰੇ ਤਾਏ ਨੂੰ ਹਰ ਸਾਲ ਲੋੜ ਜੋਗੀ ਜ਼ਮੀਨ ਵੇਚ ਦਿੰਦੇ। ਪੈਸੇ ਤਾਏ ਵਿੱਚ ਹੀ ਰੱਖ ਦਿੰਦੇ, ਜਦੋਂ, ਜਿੰਨਿਆਂ ਦੀ ਲੋੜ ਹੁੰਦੀ ਲੈ ਜਾਂਦੇ। ਸਾਡੇ ਸਾਹਮਣੇ ਘਰ ਵਾਲਿਆਂ ਦੀ ਚੌਂਕੜੀ ਉੱਪਰ ਦੋਵੇਂ ਭਰਾਵਾਂ 'ਚੋਂ ਕੋਈ ਨਾ ਕੋਈ ਸਵੇਰੇ ਹੀ ਬੈਠਾ ਹੁੰਦਾ। ਜਦੋਂ ਤਾਏ ਦੀ ਬਾਹਰ ਵੱਲ ਨਿਗ੍ਹਾ ਪੈਂਦੀ ਤਾਂ ਤਾਇਆ ਉਸ ਨੂੰ ਇਸ਼ਾਰੇ ਨਾਲ ਬੁਲਾ ਲੈਂਦਾ। ਜਿੰਨੇ ਪੈਸੇ ਚਾਹੀਦੇ ਹੁੰਦੇ, ਦੇ ਦਿੰਦਾ ਤੇ ਆਪਣੀ ਵਹੀ ਤੇ ਨੋਟ ਕਰ ਲੈਂਦਾ। ਜਿੰਨੀ ਦੇਰ ਉਹ ਪੈਸੇ ਮੁੱਕਦੇ ਨਾ ਸਾਹਮਣੇ ਘਰ ਵਾਲੀ ਚੌਂਕੜੀ ਖ਼ਾਲੀ ਪਈ ਰਹਿੰਦੀ। ਜਦੋਂ ਰੁਪਏ ਮੁੱਕ ਜਾਂਦੇ ਤਾਂ ਚੌਂਕੜੀ ਉੱਪਰ ਡੇਰਾ ਲੱਗ ਜਾਂਦਾ।

ਕਦੇ ਉਸ ਘਰ ਵਿੱਚ ਥੋੜ੍ਹਾ-ਬਹੁਤਾ ਸਮਾਂ ਗੁਜਾਰ ਗਈਆਂ ਤੀਵੀਂਆਂ ਮੇਰੇ ਸਿਰ 'ਤੇ ਨੱਚਣ ਲੱਗਦੀਆਂ। ਇੱਕ ਤੀਵੀਂ ਦੇ ਮੈਨੂੰ ਕਈ ਕਈ ਚਿਹਰੇ ਨਜ਼ਰ ਆਉਣ ਲਗਦੇ। ਉਨ੍ਹਾਂ ਚਿਹਰਿਆਂ 'ਚੋਂ ਮੈਨੂੰ ਪਿੰਡ 'ਚ ਮੁੱਲ ਲਿਆਂਦੀਆਂ ਹੋਰ ਤੀਵੀਂਆਂ ਦਿਸਣ ਲੱਗਦੀਆਂ, ਵਾਰੀ ਕੀ ਤੀਵੀਂ, ਅਕਾਲੀਆਂ ਦੀ ਤੀਵੀਂ, ਮੇਲੇ ਬਾਬੇ ਦੀ ਤੀਵੀਂ, ਦੇਵੇ ਦੀ ਤੀਵੀਂ ਅਤੇ ਹੋਰ ਅਨੇਕਾਂ ਹੀ। ਮੈਨੂੰ ਉਸ ਘਰ 'ਚੋਂ ਉਨ੍ਹਾਂ ਤੀਵੀਂਆਂ ਦੀਆਂ ਸਿਸਕੀਆਂ ਸੁਣਦੀਆਂ। ਉਨ੍ਹਾਂ ਤੀਵੀਂਆਂ ਦੇ ਬੱਚੇ ਇਸ ਵਸਦੇ-ਰਸਦੇ ਸੰਸਾਰ 'ਚ ਸਿਰ 'ਤੇ ਸਵਾਲਾਂ ਦੀ ਪੰਡ ਰੱਖੀਂ ਖੜ੍ਹੇ ਇਕੱਲੇ ਨਜ਼ਰ ਆਉਂਦੇ। ਉਨ੍ਹਾਂ ਨੂੰ ਘਰ ਵਸਾਉਣ ਦੀ ਲਾਲਸਾ ਰੱਖਣ ਵਾਲੇ ਸਿੰਦੂ ਤੇ ਰੋਹੀ ਵਰਗੇ ਬੇਵਸ, ਉਦਾਸ ਚਿਹਰੇ ਦਿਸਦੇ ਜਿੰਨ੍ਹਾਂ ਨੂੰ ਜ਼ਿੰਦਗੀ ਅੰਗੂਠਾ ਵਿਖਾ ਕੇ ਭੱਜ ਗਈ ਸੀ।

ਇਹਨਾਂ ਦਿਨਾਂ ਵਿੱਚ ਹੀ ਇੱਕ ਹੋਰ ਘਟਨਾ ਵਾਪਰ ਗਈ। ਕਿਸੇ ਚੰਗੀ ਜ਼ਮੀਨ ਜਾਇਦਾਦ ਵਾਲੇ ਦੇ



ਕੋਈ ਬੱਚਾ ਨਾ ਹੋਇਆ। ਜਦ ਉਹ ਬਜ਼ੁਰਗ ਹੋ ਗਏ ਤਾਂ ਉਨ੍ਹਾਂ ਦੋਵਾਂ ਨੇ ਸਲਾਹ ਕਰ ਕੇ ਇੱਕ ਤੀਵੀਂ ਮੁੱਲ ਲੈ ਆਂਦੀ। ਜਦ ਉਸ ਤੀਵੀਂ ਨੇ ਦੋ ਬੱਚੇ ਪੈਦਾ ਕਰ ਦਿੱਤੇ ਤਾਂ ਉਹਨਾਂ ਨੇ ਉਹ ਤੀਵੀਂ ਮਾਰ ਖਪਾ ਦਿੱਤੀ। ਹੁਣ ਉਨ੍ਹਾਂ ਦੀ ਜ਼ਰੂਰਤ ਪੂਰੀ ਹੋ ਚੁੱਕੀ ਸੀ। ਵੀਹ ਹਜ਼ਾਰ 'ਚ ਲਿਆਂਦੀ ਮਸ਼ੀਨ (ਤੀਵੀਂ) ਉਨ੍ਹਾਂ ਨੂੰ ਦੋ ਬੱਚੇ ਦੇ ਕੇ ਆਪਣਾ ਮੁੱਲ ਮੋੜ ਗਈ ਸੀ। ਉਨ੍ਹਾਂ ਨੂੰ ਹੁਣ ਉਸਦੀ ਕੋਈ ਜ਼ਰੂਰਤ ਨਹੀਂ ਸੀ। ਹੁਣ ਉਸਨੂੰ ਮਰਨਾ ਹੀ ਪੈਣਾ ਸੀ। ਇਥੇ ਮੈਨੂੰ ਇਹਨਾਂ ਤੀਵੀਂਆਂ ਦਾ ਵਸਤੂ ਰੂਪ ਦਿਸਿਆ। ਜਦ ਇਹ ਸਭ ਕੁਝ ਮੇਰੇ ਚੇਤਿਆਂ 'ਚ ਕੁਰਬਲ ਕੁਰਬਲ ਕਰਨ ਲੱਗਿਆ ਤਾਂ ਮੈਨੂੰ ਰਾਜੂ ਹੋਰ ਵੱਡੇ ਰੂਪ ਵਿੱਚ ਨਜ਼ਰ ਆਉਣ ਲੱਗ ਪਿਆ। ਮੈਂ ਰਾਜੂ ਦੀ ਦੁਬਾਰਾ ਗਿਣਤੀ ਮਿਣਤੀ ਕੀਤੀ ਤੇ ਨਾਵਲ ਲਿਖਣ ਬੈਠ ਗਿਆ। ਮੈਨੂੰ ਲੱਗਿਆ ਜਿਵੇਂ ਰਾਜੂ ਹੁਣ ਖੁਸ਼ ਹੋ ਗਿਆ ਹੋਵੇ। ਉਹ ਰੋਜ਼ ਮੇਰੇ ਕੋਲ ਬੈਠ ਜਾਂਦਾ, ਮੇਰੇ ਨਾਲ ਗੱਲਾਂ ਕਰਦਾ।

"ਬਾਈ ਤੂੰ ਦੱਸੀਂ ਇਹਨਾਂ ਲੋਕਾਂ ਨੂੰ ਮੈਂ ਕਿਉਂ ਮਰਿਆ?"

"ਮੇਰੇ ਮਰਨ ਦੇ ਕੀ ਕਾਰਨ ਨੇ?"

"ਸਾਡੇ ਵਰਗੇ ਪਰਿਵਾਰ ਸੰਤਾਪ ਕਿਉਂ ਭੋਗਦੇ ਨੇ?"

"ਸਾਡੀਆਂ ਮਾਵਾਂ ਦੀ ਕੀ ਹੋਣੀ ਐ?"

"ਬਾਈ ਲੈ ਫੜ, ਤੂੰ ਪੜ੍ਹ ਮੇਰੇ ਅੰਦਰ ਨੂੰ!" ਮੈਨੂੰ ਲੱਗਿਆ ਜਿਵੇਂ ਰਾਜੂ ਨੇ ਆਪਣਾ ਅੰਦਰ ਚੀਰ ਕੇ ਮੇਰੇ ਅੱਗੇ ਰੱਖ ਦਿੱਤਾ ਹੋਵੇ।

ਮੈਂ ਉਸ ਦਾ ਅੰਦਰ ਪੜ੍ਹਦਾ ਰਿਹਾ ਤੇ ਉਸ ਨਾਲ ਬੀਤੀਆਂ ਸਾਰੀਆਂ ਘਟਨਾਵਾਂ ਮੇਰੇ ਚੇਤੇ ਆਉਂਦੀਆਂ ਰਹੀਆਂ। ਉਸਦੀ ਮੌਤ ਦੇ ਕਿੰਨੇ ਹੀ ਕਾਰਨ ਮੈਨੂੰ ਹੁਣ ਨਜ਼ਰ ਆਉਂਣ ਲੱਗੇ ਸਨ ਜਿਹੜੇ ਉਸਦੇ ਪਿਛੋਕੜ ਨਾਲ ਜੁੜੇ ਸਨ।

ਰਾਜੂ ਦੀ ਮਾਂ ਸਾਡੇ ਪਿੰਡ ਮੁੱਲ ਲਿਆਂਦੀ ਸੀ ਤੇ ਰਾਜੂ ਉਸ ਨਾਲ ਪਿੱਛੋਂ ਆਇਆ ਸੀ। ਰਾਜੂ ਦੀ ਮਾਂ ਵਰਗੀ ਹੋਣੀ ਭੋਗਦੀਆਂ ਕਿੰਨੀਆਂ ਹੀ ਤੀਵੀਂਆਂ ਮੇਰੇ ਅੰਦਰ ਉਭਰਨ ਲੱਗੀਆਂ। ਸਾਡੇ ਪਿੰਡ ਵਿੱਚ ਹੀ ਅਜਿਹੀਆਂ ਤੀਵੀਂਆਂ ਦੀ ਵੱਡੀ ਗਿਣਤੀ ਹੈ। ਅਜਿਹੀਆਂ ਕਿੰਨੀਆਂ ਹੀ ਤੀਵੀਂਆਂ ਨਾਲ ਮੇਰਾ ਸਿੱਧੇ ਅਸਿੱਧੇ ਤੌਰ 'ਤੇ ਵਾਹ ਰਿਹਾ ਹੈ। ਉਨ੍ਹਾਂ ਦੇ ਬੱਚਿਆਂ ਦੀ ਮਾਨਸਿਕਤਾ ਮੈਂ ਪੜ੍ਹੀ ਹੈ। ਉਨ੍ਹਾਂ ਦੇ ਦਰਦ ਮੈਂ ਅੱਖੀਂ ਵੇਖੇ ਨੇ। ਸਾਡੇ ਸਮਾਜ ਦਾ ਉਨ੍ਹਾਂ ਪ੍ਰਤੀ ਵਤੀਰਾ ਮੇਰੇ ਸਾਹਮਣੇ ਦੀਆਂ ਘਟਨਾਵਾਂ ਨੇ। ਇਸ ਸਭ ਲਈ ਜਿੱਥੇ ਮੇਰਾ ਖ਼ੁਦ ਦਾ ਅਨੁਭਵ ਕੰਮ ਆਇਆ ਉਥੇ ਮੈਂ ਮੇਰੇ ਮਾਮੇ ਹੋਰਾਂ ਤੋਂ ਜਾਣਕਾਰੀ ਪ੍ਰਾਪਤ ਕੀਤੀ। ਮੇਰੇ ਤਿੰਨੋਂ ਮਾਮੇ ਟਰੱਕ ਡਰਾਇਵਰ ਹਨ। ਮੈਨੂੰ ਇੱਕ ਦੋ ਥਾਂ ਜਾਣਾ ਵੀ ਪਿਆ ਤੇ ਮੇਰੇ ਇੱਕ ਦੋ ਮਿੱਤਰਾਂ ਦੋਸਤਾਂ ਨੇ ਵੀ ਮੈਨੂੰ ਜਾਣਕਾਰੀ ਇਕੱਠੀ ਕਰ ਕੇ ਦਿੱਤੀ।

ਇਸ ਨਾਵਲ ਦਾ ਪਾਤਰ ਰਾਜੂ ਮੇਰੇ ਤੋਂ ਚਾਰ-ਪੰਜ ਸਾਲ ਛੋਟਾ ਸੀ। ਉਹ ਸਾਡੇ ਨਾਲ ਗੋਲੀਆਂ, ਲੂਣ ਨੁਹਾਣੀ, ਭੁੱਜਗੀ ਜਾਂ ਬਾਂਦਰ ਕੀਲਾ ਖੇਡਦਾ। ਸਾਰੇ ਮੁੰਡੇ ਮਤਾ ਪਕਾ ਕੇ ਉਸਦੀਆਂ ਗੋਲੀਆਂ ਜਿੱਤ ਲੈਂਦੇ। ਜੇ ਕਦੇ ਉਹ ਜਿੱਤ ਕੇ ਲੈ ਜਾਂਦਾ ਤਾਂ ਉਸ ਨੂੰ ਘਰ ਜਾ ਕੇ ਕੁੱਟ ਆਉਂਦੇ। ਬਾਂਦਰ ਕੀਲਾ ਖੇਡਣ ਸਮੇਂ ਸਾਰੇ ਕੋਸ਼ਿਸ਼ ਕਰਦੇ ਕਿ ਦਾਈਂ (ਵਾਰੀ) ਉਸ ਉੱਪਰ ਹੀ ਰਹੇ। ਜਦੋਂ ਉਹ ਸਾਰੇ ਛਿੱਤਰ ਚੁੱਕੇ ਜਾਣ 'ਤੇ ਭੱਜਦਾ ਤਾਂ ਸਾਰੇ ਬੱਚੇ ਉਸ ਦੇ ਜ਼ੋਰ ਜ਼ੋਰ ਦੀ ਛਿੱਤਰ ਮਾਰ ਕੇ ਉਸ ਵਿਰੁੱਧ ਮੱਚਦੇ ਆਪਣੇ ਅੰਦਰਲੇ ਭਾਂਬੜ ਨੂੰ ਠਾਰਦੇ। ਇਸ ਕੁੱਟਣ ਵਾਲੇ ਸ਼ੀਨ ਨੂੰ ਮੈਂ ਬਦਲ ਕੇ ਉੱਥੇ ਲੈ ਗਿਆ ਸਾਂ ਜਦ ਨਾਵਲ ਦੇ ਪਾਤਰ ਰਾਜੂ ਨੂੰ ਉਸਦੀ ਪ੍ਰੇਮਿਕਾ ਮਿਲਣ ਅਉਂਦੀ ਹੈ ਤੇ ਪਤਾ ਲੱਗਣ ਤੇ ਸਾਰਾ ਪਿੰਡ ਉਸ ਦਾ 'ਭਈਆ ਪੁਣਾ' ਪਰਖਦਾ ਉਸਨੂੰ ਕੁੱਟਣ ਲੱਗ ਪੈਂਦਾ ਹੈ।

ਜਦੋਂ ਅਸੀਂ ਸਾਰੀ ਬੀਹੀ ਦੇ ਮੁੰਡੇ ਇਕੱਠੇ ਖੇਡਦੇ ਤਾਂ ਮੈਂ ਇਹਨਾਂ ਮੁੰਡਿਆਂ ਨਾਲ ਖੇਡਦਾ ਜ਼ਰੂਰ ਪਰ ਉਹਨਾਂ ਦੇ ਰਾਜੂ ਨੂੰ ਦੁੱਖ ਪਹੁੰਚਾਉਣ ਵਾਲੇ ਮਤਿਆਂ ਵਿੱਚ ਕਦੇ ਸ਼ਾਮਲ ਨਹੀਂ ਹੋਇਆ ਸੀ। ਮੈਨੂੰ ਹੁਣ ਮਹਿਸੂਸ ਹੁੰਦਾ ਹੈ ਕਿ ਮੇਰੀ ਮਾਂ ਦੇ ਪ੍ਰਭਾਵ ਕਾਰਨ ਮੇਰੇ ਅੰਦਰਲੀ ਇਨਸਾਨੀਅਤ ਅਗੇਤਿਆਂ ਹੀ ਜਾਗ

ਪਈ ਸੀ।

ਇੱਕ ਵਾਰ ਰਾਜੂ ਗੋਲੀਆਂ ਜਿੱਤ ਕੇ ਲੈ ਗਿਆ ਸੀ। ਮੇਰੇ ਤਾਏ ਦਾ ਮੁੰਡੇ ਅਤੇ ਇੱਕ ਸਾਡੇ ਗੁਆਂਢੀਆਂ ਦਾ ਮੁੰਡਾ ਇਸ ਖਾਰ ਵਿੱਚ ਉਸ ਨੂੰ ਆਪਣੇ ਘਰ ਰੋਟੀ ਖਾਂਦੇ ਨੂੰ ਕੁੱਟ ਆਏ ਸਨ। ਉਸ ਦੀ ਮਾਂ ਸਾਡੇ ਘਰ ਉਲਾਂਭਾ ਲੈ ਕੇ ਆਈ ਤਾਂ ਮੈਂ ਵੇਖ ਰਿਹਾ ਸੀ, ਉਹ ਮੇਰੀ ਮਾਂ ਕੋਲ ਖੜ੍ਹੀ ਹੰਝੂ ਕੇਰਦੀ ਰਾਜੂ ਦੇ ਚੰਡ ਵਿਖਾ ਰਹੀ ਸੀ। ਰਾਜੂ ਦੇ ਬੁੱਲ੍ਹਾਂ 'ਚੋਂ ਲਹੂ ਵਗ ਰਿਹਾ ਸੀ ਤੇ ਉਹ ਮਿੱਟੀ ਨਾਲ ਲਿੱਬੜਿਆ-ਤਿੱਬੜਿਆ ਸਵਾਲ ਬਣਿਆ ਖੜ੍ਹਾ ਸੀ। ਉਸਦੀਆਂ ਅੱਖਾਂ ਵਿੱਚ ਭੈਅ ਸੀ, ਬੇਵਸੀ ਸੀ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਸ ਨੂੰ ਇਹ ਸਜ਼ਾ ਕਿਸ ਗੁਨਾਹ ਦੀ ਦਿੱਤੀ ਗਈ ਹੈ। ਉਹ ਸਵਾਲਾਂ 'ਚ ਘਿਰਿਆ ਖ਼ੁਦ ਇੱਕ ਸਵਾਲ ਸੀ।

ਮੇਰੀ ਮਾਂ ਦੀ ਉਨ੍ਹਾਂ ਨਾਲ ਹਮੇਸ਼ਾ ਹਮਦਰਦੀ ਰਹੀ ਸੀ। ਰਾਜੂ ਦੀ ਮਾਂ ਮੇਰੀ ਮਾਂ ਕੋਲ ਕਿੰਨਾ ਕਿੰਨਾ ਚਿਰ ਗੱਲਾਂ ਕਰਦੀ ਰਹਿੰਦੀ, ਉਹ ਕਿਵੇਂ ਆਈ? ਕਿੱਥੋਂ ਆਈ? ਕਿਉਂ ਆਈ? ਮੈਂ ਉਨ੍ਹਾਂ ਕੋਲ ਬੈਠਾ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਮੇਰੀ ਮਾਂ ਰਾਜੂ ਦਾ ਮੋਹ ਕਰਦੀ ਉਸ ਨੂੰ ਕੋਈ ਨਾ ਕੋਈ ਚੀਜ਼ ਖਾਣ ਨੂੰ ਦੇ ਦਿੰਦੀ।

ਇਸ ਨਾਵਲ ਦੇ ਪਾਤਰ ਸਰਵਣ ਤਾਏ ਵਿੱਚ ਮੇਰੀ ਮਾਂ ਹੀ ਬੈਠੀ ਹੈ। ਮੈਂ ਸਰਵਣ ਤਾਏ ਦੀ ਉੱਪਰਲੀ ਦੇਹ ਰੱਖ ਲਈ, ਵਿੱਚੋਂ ਉਹਦੀ ਸਫ਼ਾਈ ਕਰ ਕੇ ਮੇਰੀ ਮਾਂ ਬਿਠਾ ਦਿੱਤੀ। ਉਂਝ ਉਹ ਪਾਤਰ ਉਹਨਾਂ ਦਾ ਗੁਆਂਢੀ ਹੈ ਪਰ ਉਸ ਦਾ ਸੁਭਾਅ ਮੇਰੀ ਮਾਂ ਦਾ ਹੈ। ਇਸੇ ਤਰ੍ਹਾਂ ਨਾਜ਼ਰ ਪਾਤਰ ਮੇਰਾ ਤਾਇਆ ਹੈ ਪਰ ਉਸਦੇ ਹਮਦਰਦੀ ਵਾਲੇ ਕੁਝ ਭਾਗ ਦਾ ਰੋਲ ਮੇਰਾ ਖ਼ੁਦ ਦਾ ਹੈ। ਇਸ ਨਾਵਲ ਦੇ ਕੁਝ ਪਾਤਰ ਅਸਲੋਂ ਕਾਲਪਨਿਕ ਨੇ, ਕੁਝ ਅਸਲੀ ਅਤੇ ਕੁਝ ਪਾਤਰਾਂ ਨੂੰ ਮੈਂ ਕਈ ਕਈ ਬੰਦਿਆਂ ਨੂੰ ਭੰਨ ਤੋੜ ਕੇ ਤਿਆਰ ਕੀਤਾ ਹੈ। ਜਿਵੇਂ ਸਾਡੇ ਪਿੰਡ ਦੇ ਮਿਸਤਰੀਆਂ ਨੇ ਕਬਾੜ 'ਚੋਂ ਵੱਖ ਵੱਖ ਟਰੈਕਟਰਾਂ ਦਾ ਸਮਾਨ ਲਿਆ ਕੇ ਟਰੈਕਟਰ ਤਿਆਰ ਕਰ ਲਿਆ ਸੀ।

ਮੇਰਾ ਇੱਕ ਦੋਸਤ ਹੈ 'ਰਾਮਾ'। ਇੱਕ ਲੱਤ ਉਸਦੀ ਪੋਲੀਏ ਨੇ ਮਾਰ ਦਿੱਤੀ ਹੈ ਜਿਸ ਕਰਕੇ ਉਹ ਸੋਟੀ ਦੇ ਸਹਾਰੇ ਤੁਰਦਾ ਹੈ। ਉਸਦੇ ਤਿੰਨੋਂ ਭਰਾ ਵਿਆਹ ਕਰਵਾ ਕੇ ਅੱਡ ਹੋ ਗਏ ਅਤੇ ਕਿਤੇ ਹੋਰ ਮਕਾਨ ਬਣਾ ਕੇ ਰਹਿਣ ਲੱਗ ਪਏ। ਉਹ ਹੁਣ ਘਰ ਵਿੱਚ ਇਕੱਲਾ ਹੀ ਰਹਿੰਦਾ ਹੈ। ਉਸਦੀ ਮੋਰ ਵਿੱਚ ਇੱਕ ਕਮਰਾ ਹੈ, ਬਾਕੀ ਦੇ ਕਮਰਿਆਂ ਨੂੰ ਉਸਦੇ ਭਰਾਵਾਂ ਦੇ ਜਿੰਦੇ ਲਾਏ ਹੋਏ ਹਨ। ਮੈਂ ਉਸ ਨੂੰ ਇੱਕ ਲੱਤ ਦੇ ਸਹਾਰੇ ਕੰਮ ਕਰਦਿਆਂ ਵੇਖਦਾ ਰਹਿੰਦਾ ਹਾਂ ਕਿ ਕਿਵੇਂ ਉਹ ਭਾਂਡੇ ਨੂੰ ਚੁੱਕਦਾ ਹੈ। ਮੰਜਾ ਕਿਵੇਂ ਡਾਹੁੰਦਾ ਹੈ, ਕੱਪੜਾ ਕਿਵੇਂ ਵਿਛਾਉਦਾ ਹੈ। 'ਤੀਵੀਂਆਂ' ਨਾਵਲ ਦਾ ਰਾਜੂ ਜਦੋਂ ਐਕਸੀਡੈਂਟ ਤੋਂ ਬਾਅਦ ਲੱਤ ਤੁੜਵਾ ਕੇ ਘਰ ਪਰਤਦਾ ਹੈ, ਉਸ ਸਮੇਂ ਇੱਕ ਲੱਤ ਸਹਾਰੇ ਕੰਮ ਕਰਨ ਦਾ ਦ੍ਰਿਸ਼ ਅਤੇ ਉਸ ਦੀ ਔਖਿਆਈ ਦੌਰਾਨ ਉਸ ਦੀ ਮਾਨਕਿਤਾ ਚਿਤਰਨ ਲੱਗਿਆਂ ਮੈਂ ਮੇਰੇ ਦੋਸਤ ਰਾਮੇ ਨੂੰ ਸਾਹਮਣੇ ਰੱਖਿਆ ਸੀ। ਬੇਵਸੀ ਵਿੱਚ ਕੱਚਾ ਆਟਾ ਖਾਣ ਵਾਲੀ ਘਟਨਾ ਮੇਰੇ ਇੱਕ ਦੋਸਤ ਨਾਲ ਉਸ ਸਮੇਂ ਵਾਪਰੀ ਸੀ ਜਦੋਂ ਉਹ ਦਿਵਾਲੀ ਵਾਲੇ ਦਿਨ ਉੱਤਰ ਪ੍ਰਦੇਸ ਵਿੱਚ ਝੋਨਾ ਵੱਢ ਰਹੀ ਮਸ਼ੀਨ ਤੇ ਸਨ ਅਤੇ ਅਚਾਨਕ ਉਹਨਾਂ ਦੀ ਮਸ਼ੀਨ ਗੜ ਗਈ। ਉਹਨਾਂ ਨੂੰ ਦਿਵਾਲੀ ਵਾਲੀ ਉਸ ਰਾਤ ਕੱਚਾ ਆਟਾ ਖਾ ਕੇ ਹੀ ਗੁਜ਼ਾਰਾ ਕਰਨਾ ਪਿਆ ਸੀ। ਕੱਚਾ ਆਟਾ ਖਾਣ ਵਾਲੀ ਉਹ ਘਟਨਾ ਮੈਂ ਰਾਜੂ ਨਾਲ ਜੋੜ ਦਿੱਤੀ ਸੀ।

ਰਾਜੂ ਦੀ ਮਾਂ ਦੇਵਕੀ ਬੜੀ ਸਿਆਣੀ ਔਰਤ ਸੀ। ਉਹ ਦੂਜੇ ਲੋਕਾਂ ਵਾਂਗ ਆਪਣਾ ਘਰ ਬੰਨ੍ਹਿਆ ਵੇਖਣਾ ਚਾਹੁੰਦੀ ਸੀ। ਉਸ ਨੇ ਖਿੱਲਰ ਚੁੱਕੀ ਕਬੀਲਦਾਰੀ ਨੂੰ ਪੈਰਾਂ ਸਿਰ ਕਰਨ ਲਈ ਬੜੀ ਮਿਹਨਤ ਕੀਤੀ। ਪਰ ਸਮੇਂ ਦਾ ਚੱਕਰ ਐਸਾ ਹੋਇਆ ਕਿ ਉਸ ਨੂੰ ਆਪਣੇ ਪੁੱਤਰ ਪਿੱਛੇ ਗਈ ਨੂੰ ਕੋਈ ਫੁਸਲਾ ਕੇ ਲੈ ਗਿਆ। ਉਹ ਮੁੜ ਕਦੀ ਨਾ ਪਰਤੀ। ਪਤਾ ਨਹੀਂ ਇਹ ਸੱਚ ਸੀ ਜਾਂ ਝੂਠ ਪਰ ਮੈਂ ਇੱਕ ਵਾਰ ਕਿਸੇ ਤੋਂ ਇਹ ਵੀ ਸੁਣਿਆ ਸੀ ਕਿ ਉਹ ਬਠਿੰਡੇ ਵੱਲ ਕਿਸੇ ਪਿੰਡ ਵਿੱਚ ਹੈ। ਮੈਂ ਸੋਚਦਾ ਕਿ ਜੇਕਰ ਹੁਣ ਦੁਬਾਰਾ ਉਸ ਨੂੰ ਪਿੰਡ ਪਰਤਣ ਦਾ ਮੌਕਾ ਮਿਲੇ ਤਾਂ ਉਹ ਆਪਣੇ ਘਰ ਪਰਿਵਾਰ ਨਾਲ ਪਹਿਲਾਂ ਜਿੰਨਾ ਹੀ ਮੋਹ ਕਰੇਗੀ?



ਵਾਪਸ ਪਰਤਦਿਆਂ ਉਸਦੀ ਹਾਲਤ, ਉਸ ਦੀ ਮਾਨਸਿਕਤਾ ਕਿਵੇਂ ਦੀ ਹੋਵੇਗੀ? ਹੋ ਸਕਦਾ ਹੈ ਉਸ ਦੀ ਕੁੱਖੋਂ ਹੋਰ ਬੱਚੇ ਪੈਦਾ ਹੋ ਗਏ ਹੋਣ ਤੇ ਉਸਦਾ ਉਹਨਾਂ ਵਿੱਚ ਮੋਹ ਪੈ ਗਿਆ ਹੋਵੇ? ਮੇਰੇ ਮਨ ਦੀ ਇਹੀ ਕਲਪਨਾ ਨਾਵਲ ਵਿੱਚ ਰਾਜੂ ਦੇ ਮਰਨ ਸਮੇਂ ਉਸ ਨੂੰ ਵਾਪਸ ਲੈ ਆਈ ਸੀ ਹਾਲਾਂ ਕੇ ਉਹ ਪਰਤੀ ਕਦੀ ਨਹੀਂ।

ਇਸ ਨਾਵਲ ਦਾ ਜੋ ਪਹਿਲਾ ਭਾਗ ਹੈ, ਪਹਿਲਾਂ ਮੈਂ ਉਸ ਨੂੰ ਅਲੱਗ ਨਾਵਲ ਬਣਾਉਣ ਬਾਰੇ ਸੋਚਿਆ ਸੀ ਜਿਸਦਾ ਟਾਇਟਲ ਕੋਈ ਹੋਰ ਸੀ। ਇਸ ਨਾਵਲ ਦੀਆਂ ਤਿੰਨ ਪੀੜ੍ਹੀਆਂ (ਦਾਦੇ ਤੋਂ ਪੋਤੇ ਤੱਕ) ਹੀ ਤੀਵੀਂਆਂ ਨੂੰ ਵਿਆਹ ਕੇ ਨਹੀਂ ਲਿਆਉਂਦੀਆਂ। ਕਿਸ ਤਰ੍ਹਾਂ ਉਹਨਾਂ ਨੇ ਤੀਵੀਂਆਂ ਲਿਆਂਦੀਆਂ ਤੇ ਫਿਰ ਉਹਨਾਂ ਤੀਵੀਂਆਂ ਨਾਲ ਕੀ ਕੁਝ ਹੋਇਆ, ਇਹ ਕੁਝ ਮੇਰੇ ਨਾਵਲ ਵਿੱਚ ਹੋਣਾ ਸੀ। ਇਹਨਾਂ ਦੀ ਤੀਜੀ ਪੀੜ੍ਹੀ ਦਾ ਇੱਕ ਮੁੰਡਾ ਮੇਰਾ ਮਿੱਤਰ ਸੀ। ਅਸੀਂ ਸ਼ਾਮ ਨੂੰ ਸਕੂਲ ਵਿੱਚ ਇਕੱਠੇ ਹੁੰਦੇ। ਉਹ ਮੇਰੇ ਨਾਲ ਲੰਬੀਆਂ ਗੱਲਾਂ ਕਰਦਾ। ਗੱਲਾਂ ਦਾ ਅੰਤ ਕਰਨ 'ਤੇ ਉਹ ਇੱਕ ਗੱਲ ਮੈਨੂੰ ਲੱਗਭੱਗ ਹਰ ਰੋਜ਼ ਕਹਿੰਦਾ, "ਬਾਈ ਤੂੰ ਸਾਡੇ 'ਤੇ ਕਹਾਣੀ ਲਿਖੀਂ!"

ਮੇਰੇ ਉਸ ਮਿੱਤਰ ਦਾ ਦਾਦਾ 1947 ਵੇਲੇ ਇੱਕ ਮੁਸਲਮਾਨਣੀ ਲੈ ਆਇਆ ਸੀ। (ਤੀਵੀਂਆਂ ਨਾਵਲ ਦੇ ਪਹਿਲੇ ਭਾਗ ਵਿੱਚ ਇਹ ਕਹਾਣੀ ਹੀ ਹੈ) ਫਿਰ ਮੇਰੇ ਦੋਸਤ ਦਾ ਪਿਤਾ ਵੀ ਤੀਵੀਂ ਕੱਢ ਕੇ ਲਿਆਇਆ ਸੀ। ਜਿਸ ਦੀ ਔਲਾਦ ਇਹ ਸਨ। ਇਸ ਘਟਨਾ ਕ੍ਰਮ ਦਾ ਸੰਤਾਪ ਮੇਰੇ ਦੋਸਤ ਨੇ ਭੋਗਿਆ ਤੇ ਉਸ ਦਾ ਵੀ ਵਿਆਹ ਨਾ ਹੋਇਆ। ਉਹ ਕਿਸੇ ਅਮੀਰ ਘਰ ਦੀ ਤੀਵੀਂ ਭਜਾ ਕੇ ਲੈ ਗਿਆ। ਉਨ੍ਹਾਂ ਨੇ ਮੁਕੱਦਮਾ ਚਲਾਇਆ। ਇਸ ਦੌਰਾਨ ਹੀ ਕੁੜੀ ਦੇ ਪੇਕਿਆ ਨੇ ਆਪਣੀ ਕੁੜੀ ਮਾਰ ਦਿੱਤੀ।

ਉਹ ਮੁੰਡਾ ਅੰਦਰੋਂ ਟੁੱਟ ਗਿਆ। ਮੇਰੇ ਕੋਲ ਆ ਕੇ ਰੋਇਆ ਕਰੇ। ਫਿਰ ਇਹ ਆਪਣੇ ਅੰਦਰਲੇ ਖਲਾਅ ਨੂੰ ਪੂਰਨ ਲਈ ਕਿਸੇ ਤਰਖਾਣੀ ਨੂੰ ਕੱਢ ਲਿਆਇਆ, ਜਿਹੜੀ ਪਿੱਛੇ ਦੋ ਬੱਚੇ ਛੱਡ ਕੇ ਇਹਦੇ ਨਾਲ ਭੱਜ ਆਈ ਸੀ। ਉਸ ਦੀ ਮਗਰੋਂ ਕਿਸੇ ਨੇ ਪੜਤਾਲ ਨਾ ਕੀਤੀ ਤੇ ਇਸਨੇ ਉਸ ਤੀਵੀਂ ਨੂੰ ਘਰ ਵਸਾ ਲਿਆ। ਉਹ ਤੀਵੀਂ ਮਨ ਖੋਲ੍ਹ ਕੇ ਮੇਰੇ ਨਾਲ ਵੀ ਗੱਲਾਂ ਕਰ ਲੈਂਦੀ ਸੀ।

ਫਿਰ ਇੱਕ ਦਿਨ ਮੈਨੂੰ ਬਾਹਰੋਂ ਆਏ ਨੂੰ ਖ਼ਬਰ ਮਿਲੀ ਕਿ ਮੇਰਾ ਉਹ ਮਿੱਤਰ ਸਪਰੇਅ ਪੀ ਕੇ ਮਰ ਗਿਆ। ਉਹ ਆਪਣੀਆਂ ਅੰਦਰਲੀਆਂ ਗੱਲਾਂ ਨਾਲ ਮੇਰੀ ਝੋਲੀ ਭਰ ਕੇ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ ਸੀ। ਉਸਦੀ ਤੀਵੀਂ ਉਸਦੀ ਮੌਤ 'ਤੇ ਬਹੁਤ ਰੋਈ। ਭੋਗ ਵਾਲੇ ਦਿਨ ਮੇਰੇ ਉਸ ਮਿੱਤਰ ਦੀ ਭੂਆ ਉਸ ਦੀ ਤੀਵੀਂ ਨੂੰ ਆਪਣੇ ਕੋਲ ਲੈ ਗਈ। ਮੈਂ ਸੁਣਿਆ ਸੀ ਕਿ ਮੁੰਡੇ ਦੀ ਭੂਆ ਨੇ ਉਸ ਨੂੰ ਕੁਝ ਸਮਾਂ ਰੱਖ ਕੇ ਉਹ ਅੱਗੇ ਕਿਸੇ ਹੋਰ ਨੂੰ ਵੇਚ ਦਿੱਤੀ ਸੀ।

ਪਹਿਲਾਂ ਮੈਂ ਇਸ ਨਾਵਲ ਨੂੰ ਅਲੱਗ ਲਿਖਣ ਦੀ ਸੋਚੀ ਤਾਂ ਸੀ ਪਰ ਫਿਰ ਮੈਂ ਇਸ ਸੋਚ ਨੂੰ ਰੱਦ ਕਰ ਦਿੱਤਾ ਕਿਉਂਕਿ ਦੋਵਾਂ ਨਾਵਲਾਂ ਦਾ ਵਿਸ਼ਾ ਇੱਕ ਹੀ ਹੋਣਾ ਸੀ ਜਿਸ ਕਰਕੇ ਪਿਛਲੇ ਨਾਵਲ ਦਾ ਪ੍ਰਭਾਵ ਘਟ ਜਾਣਾ ਸੀ।

ਮੈਂ, ਹੁਣ ਵਾਲੇ ਮੇਰੇ 'ਤੀਵੀਂਆਂ' ਨਾਵਲ ਵਿੱਚ ਇਸ ਦੋਸਤ ਦੀ ਸਿਰਫ਼ ਪਹਿਲੀ ਪੀੜ੍ਹੀ ਦੀ ਹੀ ਕਹਾਣੀ ਪਾਈ ਹੈ ਅਤੇ ਦੂਸਰੀਆਂ ਦੋਵੇਂ ਪੀੜ੍ਹੀਆਂ ਦੀ ਕਹਾਣੀ ਕੱਢ ਕੇ ਰਾਜੂ ਦੇ ਪਰਿਵਾਰ ਦੀ ਕਹਾਣੀ ਉਸ ਦੇ ਪਿੱਛੇ ਫਿੱਟ ਕਰ ਦਿੱਤੀ ਹੈ ਜਿਸ ਨਾਲ ਨਾਵਲ ਦਾ ਪ੍ਰਭਾਵ ਦੁੱਗਣਾ ਹੋ ਗਿਆ ਹੈ। ਮੈਨੂੰ ਹੁਣ ਲੱਗਦਾ ਹੈ ਕਿ ਜੇਕਰ ਮੈਂ ਕੱਢੀਆਂ ਗਈਆਂ ਕਹਾਣੀਆਂ ਦਾ ਲਾਲਚ ਕਰ ਜਾਂਦਾ ਤਾਂ ਮੇਰਾ ਨਾਵਲ ਏਨਾ ਪ੍ਰਭਾਵਸਾਲੀ ਸ਼ਾਇਦ ਨਾ ਹੁੰਦਾ। ਬਾਕੀ ਇਹ ਵੀ ਕਿਸੇ ਨੂੰ ਨਹੀਂ ਪਤਾ ਕਿ ਮੈਂ ਦੂਜਾ ਭਾਗ ਪਹਿਲਾਂ ਲਿਖਿਆ ਸੀ। ਮੈਂ ਇਸ ਗੱਲ ਤੇ ਵੀ ਕਾਫ਼ੀ ਦੇਰ ਸੋਚ ਵਿਚਾਰ ਕਰਦਾ ਰਿਹਾ ਸੀ ਕਿ ਇਸ ਨੂੰ ਛਪਵਾ ਦਿਆਂ ਜਾਂ ਅੱਗੇ ਹੋਰ ਜੋੜ ਦਿਆਂ? ਮੈਂ ਕੁਝ ਦੋਸਤਾਂ ਦੀ ਸਲਾਹ ਵੀ ਲਈ ਤੇ ਫਿਰ ਇਸ ਦਾ ਪਹਿਲਾਂ ਭਾਗ ਬਾਅਦ ਵਿੱਚ ਲਿਖ ਕੇ ਇਸ ਨਾਵਲ ਦੇ ਅੱਗੇ ਫਿੱਟ ਕਰ ਦਿੱਤਾ। ਇਹ ਭਾਗ ਏਨੀ ਸਫ਼ਾਈ ਨਾਲ

ਅੱਗੇ ਫਿੱਟ ਹੋ ਗਿਆ ਕਿ ਕਈ ਮੇਰੇ ਦੱਸਣ ਤੇ ਵੀ ਸੱਚ ਨਹੀਂ ਮੰਨਦੇ ਕਿ ਪਹਿਲਾ ਭਾਗ ਮੈਂ ਬਾਅਦ ਵਿੱਚ ਲਿਖ ਕੇ ਫਿੱਟ ਕੀਤਾ ਹੈ।

'ਖ਼ਬਰ ਇੱਕ ਪਿੰਡ ਦੀ' ਨਾਵਲ ਲਿਖਣ ਤੋਂ ਪਹਿਲਾਂ ਅਕਸਰ ਦਿਮਾਗ ਵਿੱਚ ਕੋਈ ਕਹਾਣੀ ਆਉਂਦੀ ਹੈ ਜਾਂ ਕੋਈ ਪਾਤਰ ਆਉਂਦਾ ਹੈ ਜਿਹੜਾ ਆਪਣੀ ਕਹਾਣੀ ਨਾਲ ਚੁੱਕ ਲਿਆਉਂਦਾ ਹੈ। ਪਰ 'ਖ਼ਬਰ ਇੱਕ ਪਿੰਡ ਦੀ' ਲਿਖਣ ਤੋਂ ਪਹਿਲਾਂ ਮੇਰੇ ਦਿਮਾਗ ਵਿੱਚ ਸਿਰਫ਼ ਇੱਕ ਵਿਚਾਰ ਸੀ। ਹੋਇਆ ਇਹ ਕਿ ਮੈਂ ਦੇਸ ਰਾਜ ਕਾਲੀ ਦੇ ਨਾਵਲ ' ਸ਼ਹਿਰ ਵਿੱਚ ਸਾਨ੍ਹ ਹੋਣ ਦਾ ਮਤਲਬ' ਬਾਰੇ ਸੁਣਿਆ ਸੀ। ਨਾ ਤਾਂ ਮੈਂ ਇਹ ਨਾਵਲ ਪੜ੍ਹਿਆ ਸੀ ਤੇ ਨਾ ਹੀ ਇਸ ਦੇ ਵਿਸ਼ੇ ਬਾਰੇ ਮੈਨੂੰ ਪਤਾ ਸੀ। ਮੈਂ ਉਂਝ ਹੀ ਆਪਣੇ ਅੰਦਾਜ਼ੇ ਲਾਉਣ ਲੱਗ ਪਿਆ ਸਾਂ ਕਿ 'ਸ਼ਹਿਰ ਵਿੱਚ ਸਾਨ੍ਹ ਹੋਣ ਦਾ ਮਤਲਬ ਕੀ ਹੋਇਆ?' ਮੈਂ ਆਪਣੀ ਅਕਲ ਦੇ ਘੋੜੇ ਦੁੜਾਉਂਦਾ ਕਿ, 'ਸ਼ਹਿਰ ਵਿੱਚਲਾ ਸਾਨ੍ਹ ਸਾਰੇ ਸ਼ਹਿਰ ਵਿੱਚ ਘੁੰਮਦਾ ਹੋਵੇਗਾ ਤੇ ਉਹ ਹਰ ਘਰ, ਚੌਂਕ, ਸੜਕ ਦੀ ਜਾਣਕਾਰੀ ਰੱਖਦਾ ਹੋਵੇਗਾ ਇੱਕ ਪੱਤਰਕਾਰ ਦੇ ਇਲਾਕੇ ਵਾਂਗ। ਸ਼ਹਿਰ ਵਿੱਚਲਾ ਸਾਨ੍ਹ ਹੀ ਹੈ ਜਿਸ ਕੋਲ ਸਭ ਤੋਂ ਵੱਧ ਸ਼ਹਿਰ ਦੀ ਜਾਣਕਾਰੀ ਹੁੰਦੀ ਹੈ।

ਮਨ ਵਿੱਚ ਵਿਚਾਰ ਆਇਆ ਕਿ ਪਿੰਡ ਬਾਰੇ ਵੀ ਕੋਈ ਅਜਿਹਾ ਨਾਵਲ ਲਿਖਿਆ ਜਾਣਾ ਚਾਹੀਦਾ ਹੈ ਜਿਹੜਾ ਅੱਜ ਦੇ ਸਮੇਂ ਸਾਰੇ ਪਿੰਡ ਵਿੱਚ ਹੁੰਦੀ ਉਥਲ-ਪੁਥਲ ਨੂੰ ਬੱਝਵੇਂ ਰੂਪ ਵਿੱਚ ਪੇਸ਼ ਕਰੇ। ਇੱਕ ਪਾਤਰ ਜਾਂ ਇੱਕ ਪਰਿਵਾਰ ਨਹੀਂ ਸਗੋਂ ਜਿਵੇਂ ਸਾਰਾ ਪਿੰਡ ਜਿਉਂਦਾ ਹੈ ਉਸ ਨੂੰ ਉਸੇ ਤਰ੍ਹਾਂ ਨਾਵਲ ਵਿੱਚ ਲਿਆਂਦਾ ਜਾਵੇ।

ਫਿਰ ਮੇਰੇ ਦਿਮਾਗ ਵਿੱਚ ਮੇਰੇ ਪਿੰਡ ਦੀ ਸੱਥ, ਧੂਣੀਆਂ ਅਤੇ ਉਹ ਮੋੜ, ਥਾਵਾਂ ਆਈਆਂ ਜਿੱਥੇ ਲੋਕ ਵਿਹਲੇ ਬੈਠ ਕੇ ਗੱਲਾਂ ਕਰਦੇ ਹਨ। ਇਹਨਾਂ ਗੱਲਾਂ ਵਿੱਚ ਪਿੰਡ ਵਿੱਚ ਵਾਪਰਦੀ ਹਰ ਘਟਨਾ ਦਾ ਜ਼ਿਕਰ ਹੁੰਦਾ ਹੈ। ਇਹ ਥਾਵਾਂ ਹੀ ਹਨ ਜਿੱਥੋਂ ਪਿੰਡ ਵਿੱਚ ਮੱਚੀ ਹਰ ਅੱਗ ਦਾ ਭਾਂਬੜ ਦਿਸ ਪੈਂਦਾ ਹੈ। ਹੁਣ ਸਮੱਸਿਆ ਸੀ ਇਹਨਾਂ ਢਾਣੀਆਂ ਦੀਆਂ ਗੱਲਾਂ ਨੂੰ ਨਾਵਲ ਵਿੱਚ ਕਿਵੇਂ ਲਿਆਂਦਾ ਜਾਵੇ? ਫਿਰ ਹੌਲੀ ਹੌਲੀ ਮੇਰੇ ਅੰਦਰ ਬੰਤੀ ਪਾਤਰ ਪੈਦਾ ਹੋ ਗਿਆ ਜਿਹੜਾ ਭੂਤ ਦੇ ਰੂਪ ਵਿੱਚ ਇਹਨਾਂ ਢਾਣੀਆਂ ਦੀਆਂ ਗੱਲਾਂ ਲੈ ਕੇ ਆਵੇਗਾ। ਬੰਤੀ ਨੇ ਹੋਰ ਵੀ ਸੌਖਾ ਕਰ ਦਿੱਤਾ, ਉਹ ਹੁਣ ਪਿੰਡ ਦੀ ਸੱਤ ਜਿੰਦਿਆਂ ਅੰਦਰ ਛੁਪੀ ਕਿਸੇ ਵੀ ਘਟਨਾ ਦਾ ਪਰਦਾ ਉਠਾ ਕੇ ਦੇਖ ਸਕਦਾ ਸੀ।

ਮੇਰੇ ਦੁਆਲੇ ਵਾਪਰ ਚੁੱਕੀਆਂ, ਵਾਪਰ ਰਹੀਆਂ ਅਤੇ ਹੋਰ ਪਿੰਡਾਂ ਦੀਆਂ ਸੁਣੀਆਂ ਕਿੰਨੀਆਂ ਹੀ ਘਟਨਾਵਾਂ ਮੇਰੇ ਚੇਤਿਆਂ 'ਚ ਲਹਿ ਆਈਆਂ ਸਨ। ਮੈਂ ਆਪਣੇ ਮਨ ਵਿੱਚ ਹੀ ਇਹਨਾਂ ਘਟਨਾਵਾਂ ਦਾ ਮੂੰਹ ਮੱਥਾ ਸਵਾਰਦਾ ਰਹਿੰਦਾ। ਕੁਝ ਘਟਨਾਵਾਂ ਨੂੰ ਥੋੜ੍ਹਾ ਬਦਲਣਾ ਪਿਆ ਤੇ ਕੁਝ ਨੂੰ ਬਹੁਤਾ। ਹੁਣ ਮੇਰਾ ਕੰਮ ਸੀ ਇਹਨਾਂ ਪਾਤਰਾਂ ਨੂੰ ਇਕ ਮੰਚ ਉੱਤੇ ਇਕੱਠੇ ਕਰਨਾ। ਉਹ ਮੰਚ ਮੈਂ ਮੇਰੇ ਪਿੰਡ ਤੋਂ ਨੌਂ ਕੁ ਕਿਲੋਮੀਟਰ ਦੂਰ ਮਾਨਸਾ ਜਿਲ੍ਹੇ ਦਾ ਪਿੰਡ ਹੀਰੋਂ ਕਲਾਂ ਮਿੱਥ ਲਿਆ। ਇਸ ਪਿੰਡ ਵਿੱਚ ਘਟੀ ਇੱਕ ਵੀ ਘਟਨਾ ਇਸ ਨਾਵਲ ਦਾ ਹਿੱਸਾ ਨਹੀਂ ਬਣ ਪਾਈ। ਇਹ ਪਿੰਡ ਮੈਂ ਸਿਰਫ ਇੱਕ ਮੰਚ ਦੇ ਤੌਰ ਤੇ ਵਰਤਿਆ ਹੈ ਜਿੱਥੇ ਬਾਹਰਲੇ ਪਾਤਰ ਆ ਕੇ ਆਪਣਾ ਰੋਲ ਪਲੇ ਕਰਦੇ ਰਹੇ। ਇਸ ਪਿੰਡ ਵਿੱਚ ਵੀ ਮੈਂ ਕਾਫ਼ੀ ਬਦਲ ਕਰ ਦਿੱਤਾ। ਮੇਰੇ ਪਿੰਡ ਵਿੱਚਲਾ ਪੁਰਾਣਾ ਤਲਾਅ ਅਤੇ ਨਾਲ ਲਗਦਾ ਡੇਰਾ ਆਪਣੇ ਪਿੰਡੋਂ ਚੁੱਕ ਕੇ ਉੱਥੇ ਜਾ ਟਿਕਾਏ। ਆਪਣੇ ਪਿੰਡ ਵਿੱਚਲਾ ਸਕੂਲ ਵੀ ਚੁੱਕ ਕੇ ਉਸ ਡੇਰੇ ਦੇ ਕੋਲ ਜਾ ਰੱਖਿਆ। ਇੱਕ ਗਲੀ ਮੈਂ ਖਨੌਰੀ ਲਾਗਲੇ ਪਿੰਡ ਚੱਠਾ ਗੋਬਿੰਦਪੁਰਾ ਵਿੱਚੋਂ ਚੁੱਕ ਲਈ। ਇਸ ਤਰ੍ਹਾਂ ਮੈਂ ਕਈ ਪਿੰਡਾਂ ਦਾ ਥੋੜ੍ਹਾ ਥੋੜ੍ਹਾ ਸਾਮਾਨ ਹੀਰੋਂ ਪਿੰਡ ਵਿੱਚ ਜਾ ਸਜਾਇਆ ਤੇ ਉਸ ਦੀ ਸ਼ਕਲ ਬਿਲਕੁੱਲ ਬਦਲ ਦਿੱਤੀ ਜਿਵੇਂ ਚੋਰੀ ਦੀ ਗੱਡੀ ਨੂੰ ਡੈਂਟਿੰਗ-ਪੇਂਟਿੰਗ ਕਰ ਕੇ ਨਵਾਂ ਰੂਪ ਦੇ ਦਿੰਦੇ ਨੇ। ਕੁਝ ਪਿੰਡ ਵੀ ਮੈਂ ਉਹਨਾਂ ਦੀ ਅਸਲ ਥਾਂ ਤੋਂ ਚੁੱਕ ਕੇ ਕਿਤੇ ਹੋਰ ਰੱਖ ਦਿੱਤੇ।

ਥਮਜਪ ਵਾਲੀ ਕਹਾਣੀ ਮੈਂ ਮੇਰੇ ਦੋਸਤ ਦੇ ਕਿਸੇ ਪਿੰਡੋਂ ਲੈ ਕੇ ਆਇਆਂ ਸਾਂ। ਉਸ ਪਿੰਡ ਵਿੱਚ ਮੇਰੀ



ਅਕਸਰ ਆਉਣੀ-ਜਾਣੀ ਹੈ। ਮੈਂ ਜਦੋਂ ਵੀ ਉਸ ਪਿੰਡ ਜਾਂਦਾ ਤਾਂ ਥਮਜਪ ਨਾਲ ਵਾਪਰੀ ਕੋਈ ਨਾ ਕੋਈ ਘਟਨਾ ਮੈਨੂੰ ਸੁਣਨ ਲਈ ਮਿਲ ਜਾਂਦੀ। ਇਸ ਤਰ੍ਹਾਂ ਇਹ ਘਟਨਾਵਾਂ ਮੈਂ ਕਈ ਗੇੜੇ ਮਾਰ ਕੇ ਕਿਸਤਾਂ ਵਿੱਚ ਸੁਣੀਆਂ ਸਨ। ਪਰ ਇਸ ਘਟਨਾ ਵਾਲੀ ਥਾਂ ਉਸ ਪਿੰਡ ਵਾਲੀ ਨਹੀਂ। ਇਹ ਥਾਂ ਮੈਂ ਬੀਰ ਪਿੰਡ ਵਿੱਚੋਂ ਚੁੱਕੀ ਹੈ, ਜਿਸ ਗਲੀ ਵਿੱਚ ਮੇਰਾ ਨਾਨਾ ਰਹਿੰਦਾ ਹੈ। ਥਮਜਪ ਨੂੰ ਸਾਰੀਆਂ ਹਰਕਤਾਂ ਸਮੇਤ ਮੈਂ ਮੇਰੇ ਨਾਨੇ ਵਿੱਚ ਵਾੜ ਦਿੱਤਾ ਹੈ। ਇਸ ਤਰ੍ਹਾਂ ਚਿਹਰਾ ਮੋਹਰਾ ਤੇ ਘਟਨਾ ਸਥਾਨ ਮੇਰੇ ਨਾਨੇ ਵਾਲਾ ਹੋ ਗਿਆ ਪਰ ਵਿੱਚ ਬੈਠ ਗਿਆ ਥਮਜਪ। ਥਮਜਪ ਵਾਲੀ ਬੈਠਕ ਵੀ ਮੇਰੇ ਨਾਨੇ ਵਾਲੀ ਹੈ, ਪੂਰੀ ਦੀ ਪੂਰੀ ਉਹੀ। ਥਮਜਪ ਦੇ ਸਾਰੇ ਘਰ ਦੀ ਲੁਕੇਸ਼ਨ ਵੀ ਮੈਂ ਮੇਰੇ ਨਾਨੇ ਦੇ ਘਰ ਦੀ ਲਈ ਹੈ। ਮੇਰੇ ਪਹਿਲੇ ਨਾਵਲ 'ਭਾਗੂ' ਦੀ ਪਾਤਰ ਕਿਰਨਾ ਦੇ ਸਹੁਰੇ ਘਰ ਦੀ ਲੁਕੇਸ਼ਨ ਵੀ ਇਸੇ ਘਰ ਦੀ ਲਈ ਸੀ। ਲਾਹਵਾਂ ਵਾਲੇ ਘਰ ਜ਼ਰੂਰ ਬਦਲ ਦਿੱਤੇ ਹਨ, ਕਿਸੇ ਉਪਰ ਚੁਬਾਰਾ ਪਾ ਦਿੱਤਾ, ਕਿਸੇ ਦਾ ਮੂੰਹ ਮੱਥਾ ਬਦਲ ਦਿੱਤਾ। ਥਮਜਪ ਨਾਮ ਵੀ ਮੈਂ ਕੌਹਰੀਆਂ ਤੋਂ ਲਿਆਂਦਾ ਸੀ ਜਿੱਥੇ ਇੱਕ ਬੰਦੇ ਦਾ ਸਾਰਾ ਹੱਥ ਵੱਢਿਆ ਗਿਆ ਸੀ ਸਿਰਫ਼ ਇੱਕ ਅੰਗੂਠਾ ਬਚਿਆ ਸੀ। ਲੋਕ ਉਸ ਨੂੰ ਥਮਜਪ ਕਹਿਣ ਲੱਗ ਪਏ ਸਨ।

ਨਾਵਲ ਵਿਚਲੇ ਲੇਖਕ ਪਾਤਰ ਵਿਸ਼ਵ ਸਾਗਰ ਦਾ ਮੇਰੇ ਨਾਲ ਵਾਹ ਰਿਹਾ ਹੈ। ਉਸ ਦੀਆਂ ਸਾਰੀਆਂ ਹਰਕਤਾਂ ਲੱਗਭਗ ਇਸੇ ਤਰ੍ਹਾਂ ਦੀਆਂ ਹੀ ਸਨ। ਉਸਦਾ ਇੱਕ ਵਾਰ ਮੈਂ ਖ਼ੁਦ ਵੀ ਸ਼ਿਕਾਰ ਹੋਇਆ ਸਾਂ। ਬੰਤੀ ਪਾਤਰ ਵੀ ਬਹੁਤ ਸਾਰੇ ਪਾਤਰਾਂ ਦਾ ਮਿਲਗੋਭਾ ਹੈ। ਉਸ ਵਿੱਚ ਕੁਝ ਹਿੱਸਾ ਮੇਰਾ ਆਪਣਾ ਵੀ ਹੈ ਤੇ ਮੇਰੇ ਦੋਸਤਾਂ ਦਾ ਵੀ ਅਤੇ ਸਾਡੇ ਪੁਰਾਣੇ ਘਰ ਦੇ ਗੁਆਂਢੀ ਮੁੰਡੇ ਅਤੇ ਉਸ ਦੇ ਪਰਿਵਾਰ ਦਾ ਵੀ। ਬੰਤੀ ਦੀ ਮਾਂ ਸਾਡੀ ਗੁਆਂਢਣ ਪਾਨਾ ਸੁਨਿਆਰੀ ਹੈ ਜਿਸ ਨੇ ਬੜੀ ਗਰੀਬੀ ਦੇਖੀ ਹੈ। ਉਹ ਹੁਣ ਤੱਕ ਦਿਨ ਰਾਤ ਮਿਹਨਤ ਕਰਦੀ ਮੈਂ ਅੱਖੀਂ ਵੇਖੀ ਹੈ। ਮੈਂ ਹੈਰਾਨ ਹੁੰਦਾ, ਇਨੀ ਮਿਹਨਤੀ ਵੀ ਕੋਈ ਔਰਤ ਹੋ ਸਕਦੀ ਹੈ? ਉਹ ਲੋਕਾਂ ਦੇ ਖੇਤਾਂ ਵਿੱਚ ਨਰਮੇ ਚੁਗਾਉਂਦੀ, ਘਰਾਂ ਵਿੱਚ ਕੰਮ ਕਰਦੀ ਤੇ ਨਾਲ ਨਾਲ ਆਪਣੇ ਘਰ ਦਾ ਗੋਲਾ ਧੰਦਾ ਵੀ ਕਰਦੀ ਰਹਿੰਦੀ। ਉਸਦੇ ਘਰ ਵਾਲਾ ਬੀੜੀਆਂ ਦਾ ਫੂਕਿਆ ਹਮੇਸ਼ਾ ਮੰਜੇ ਤੇ ਬੈਠਾ ਜਾਂ ਪਿਆ 'ਖਊਂ ਖਊਂ' ਕਰਦਾ ਰਹਿੰਦਾ। ਉਸਨੂੰ ਮੈਂ ਕਦੇ ਵੀ ਡੱਕਾ ਦੂਹਰਾ ਕਰਦੇ ਨਹੀਂ ਵੇਖਿਆ ਸੀ। ਬੰਤੀ ਦੇ ਮਾਂ ਬਾਪ ਚਿਤਰਨ ਲੱਗਿਆਂ ਪਾਨਾ ਤਾਈ ਤੇ ਉਸ ਦੇ ਘਰਵਾਲਾ ਮੇਰੇ ਸਾਹਮਣੇ ਸਨ।

ਬੰਤੀ ਨਾਲ ਸਰਕਾਰੀ ਹਸਪਤਾਲ ਵਿੱਚ ਵਾਪਰੀ ਘਟਨਾ ਮੇਰੇ ਖ਼ੁਦ ਨਾਲ ਵਾਪਰੀ ਹੈ। ਜਦੋਂ ਸਵਾਇਨ ਫਲੂ ਦਾ ਬਹੁਤ ਜ਼ੋਰ ਸੀ ਤਾਂ ਮੈਨੂੰ ਵੀ ਬਹੁਤ ਜ਼ੁਕਾਮ ਹੋ ਗਿਆ ਜਿਹੜਾ ਕਈ ਦਿਨ ਹਟਿਆ ਹੀ ਨਾ। ਸੁਨਾਮ ਸਰਕਾਰੀ ਹਸਪਤਾਲ ਵਿੱਚ ਲੱਗੇ ਮੇਰੇ ਇੱਕ ਦੋਸਤ ਨੇ ਮੈਨੂੰ ਸਲਾਹ ਦਿੱਤੀ ਕਿ ਤੂੰ ਇਸ ਨੂੰ ਹਲਕੇ ਵਿੱਚ ਨਾ ਲੈ, ਸੰਗਰੂਰ ਸਰਕਾਰੀ ਹਸਪਤਾਲ ਵਿੱਚ ਚੈਕ ਕਰਵਾ ਕੇ ਆ। ਤੇਰਾ ਸਿਰਫ਼ ਕਿਰਾਇਆ, ਕਿਰਾਇਆ ਹੀ ਲੱਗਣਾ ਹੈ। ਹੁਣ ਤਾਂ ਦਵਾਈ ਵੀ ਹਸਪਤਾਲ ਵਿੱਚੋਂ ਹੀ ਮਿਲ ਜਾਂਦੀ ਹੈ। ਮੈਂ ਉਸ ਦੇ ਕਹਿਣ ਤੇ ਸੰਗਰੂਰ ਹਸਪਤਾਲ ਚਲਾ ਗਿਆ। ਪਹਿਲਾਂ ਤਾਂ ਮੈਨੂੰ ਡਾਕਟਰ ਦੇ ਕਮਰੇ ਵਿੱਚ ਹੀ ਬੀ. ਆਈ. ਪੀ. ਦੀ ਮਾਰ ਪੈ ਗਈ। ਦੋ ਚਿੱਟ-ਕੱਪੜੀਏ ਸਾਡੀ ਲੰਬੀ ਲਾਇਨ ਨੂੰ ਅਣਗੌਲਿਆਂ ਕਰਦੇ ਸਿੱਧਾ ਡਾਕਟਰ ਕੋਲ ਜਾ ਬੈਠੇ। ਫਿਰ ਇੱਕ ਪੈਂਟ ਕੋਟ ਵਾਲਾ ਹੋਰ ਇਸੇ ਤਰ੍ਹਾਂ ਦਵਾਈ ਲੈ ਗਿਆ। ਮੈਨੂੰ ਬੜਾ ਗੁੱਸਾ ਆਇਆ। ਸੋਚਿਆ ਜੇ ਕੋਈ ਹੋਰ ਵੀ ਇਸ ਤਰ੍ਹਾਂ ਦਾ ਆ ਕੇ ਸਿੱਧਾ ਡਾਕਟਰ ਕੋਲ ਬੈਠਦਾ ਹੈ ਤਾਂ ਮੈਂ ਇਸ ਬੇਇਨਸਾਫ਼ੀ ਖ਼ਿਲਾਫ਼ ਬੋਲਾਂਗਾ। ਪਰ ਉਸ ਤੋਂ ਬਾਅਦ ਕੋਈ ਅਜਿਹਾ ਬੰਦਾ ਨਹੀਂ ਆਇਆ। ਮੈਂ ਡਾਕਟਰ ਦੀ ਲਿਖੀ ਦਵਾਈ ਵਾਲੀ ਪਰਚੀ ਲੈ ਕੇ ਉਸ ਕਮਰੇ ਵਿੱਚ ਚਲਾ ਗਿਆ ਜਿੱਥੋਂ ਸਰਕਾਰੀ ਦਵਾਈ ਮਿਲਦੀ ਸੀ। ਦਵਾਈ ਦੇਣ ਵਾਲਾ ਮੁੰਡਾ ਪਰਚੀ ਵੇਖ ਕੇ ਹੱਸ ਪਿਆ।

"ਕੀ ਗੱਲ ਬਾਈ?" ਗੱਲ ਤਾਂ ਮੈਨੂੰ ਵੀ ਸਮਝ ਲੱਗ ਹੀ ਗਈ ਸੀ।

"ਫਲਾਨੇ ਡਾਕਟਰ ਨੇ ਲਿਖੀ ਐ?"

"ਹਾਂ ਬਾਈ।"

"ਉਹਦੀ ਲਿਖੀ ਤਾਂ ਸਾਰੀ ਹੀ ਬਾਹਰੋਂ ਮਿਲੂ।" ਉਸਨੇ ਉਵੇਂ ਵਿਅੰਗਮਈ ਹੱਸਦਿਆਂ ਪਰਚੀ ਮੈਨੂੰ ਵਾਪਸ ਕਰ ਦਿੱਤੀ।

ਮੈਂ ਸੋਚਿਆ ਕਿ 'ਚਲੋ ਵੀਹ ਤੀਹ ਦੀ ਦਵਾਈ ਹੋਊ, ਬਾਹਰੋਂ ਲੈ ਲੈਂਦੇ ਹਾਂ।' ਮੈਂ ਬਾਹਰ ਦੁਕਾਨਾਂ ਤੇ ਗਿਆ। ਦੁਕਾਨ ਵਾਲੇ ਨੇ ਦਵਾਈ ਕੱਢ ਕੇ ਕਾਲੇ ਲਿਫ਼ਾਫ਼ੇ ਵਿੱਚ ਪਾ ਦਿੱਤੀ।

"ਕਿੰਨੇ ਪੈਸੇ ਵੀਰ?" ਮੈਂ ਬਟੂਆ ਕੱਢ ਕੇ ਪੰਜਾਹ ਦੇ ਨੋਟ ਨੂੰ ਹੱਥ ਪਾ ਲਿਆ। ਸੋਚਿਆ ਸੀ ਵੀਹ ਤੀਹ ਦੀ ਹੋਵੇਗੀ। ਬਾਕੀ ਕਿਰਾਏ ਲਈ ਖੁੱਲ੍ਹੇ ਮਿਲ ਜਾਣਗੇ।

" ਇੱਕ ਸੌ ਸੱਠ।" ਉਸਦੀ ਗੱਲ ਸੁਣ ਕੇ ਮੈਨੂੰ ਹੈਰਾਨੀ ਵਿੱਚ ਚੱਕਰ ਆਉਣ ਵਾਲਾ ਹੋ ਗਿਆ। ਜ਼ੁਕਾਮ ਨੂੰ ਪਿੰਡ ਵਾਲਾ ਝੋਲਾ ਛਾਪ ਦੋ ਗੋਲੀਆਂ ਦੇ ਕੇ ਠੀਕ ਕਰ ਦਿੰਦਾ ਹੈ ਇਹਨਾਂ ਨੇ ਪਤੰਦਰਾਂ ਨੇ ਜਮੀਂ ਕੰਮ ਚੱਕ ਦਿੱਤਾ। ਮਨ ਵਿੱਚ ਆਇਆ, ਗਰੀਬ ਲੋਕ ਸਰਕਾਰੀ ਹਸਪਤਾਲ ਵਿੱਚ ਖ਼ਰਚਾ ਘੱਟ ਹੋਣ ਦੀ ਆਸ ਨਾਲ ਆਉਂਦੇ ਹੋਣਗੇ ਪਰ ਇੱਥੇ ਤਾਂ ਸ਼ਰੇਆਮ ਅੰਨੀ ਲੁੱਟ ਹੋਈ ਜਾਂਦੀ ਹੈ। ਕੀ ਕਰੂ ਇੱਕ ਦਿਹਾੜੀਦਾਰ ਬੰਦਾ?' ਇਹ ਘਟਨਾ ਮੈਂ ਬੰਤੀ ਨਾਲ ਜੋੜ ਦਿੱਤੀ ਸੀ। ਉਹ ਸਿਰ ਦੀ ਦਵਾਈ ਲੈਣ ਆਉਂਦਾ ਹੈ ਇਸ ਲਈ ਮੈਂ ਆਪਣੀ ਜ਼ੁਕਾਮ ਦੀ ਦਵਾਈ ਦੇ ਮੁਕਾਬਲੇ ਉਸ ਦੇ ਰੁਪਏ ਚਾਰ ਸੌ ਵੀਹ ਕਰ ਦਿੱਤੇ ਸਨ।

ਅਧਿਆਪਕ ਯੂਨੀਅਨਾਂ ਵਿੱਚ ਕੰਮ ਕਰਦੇ ਦੋ ਅਧਿਆਪਕਾਂ ਦਾ ਹਾਲ ਮੈਂ ਆਪਣੇ ਅੱਖੀਂ ਵੇਖਦਾ ਹਾਂ ਜਿਹੜੇ ਅਧਿਆਪਕਾਂ ਦੇ ਹੱਕਾਂ ਲਈ ਤਾਂ ਲੜਦੇ ਹਨ, ਤਨਖ਼ਾਹ ਵਧਾਉਣ ਲਈ ਧਰਨੇ ਦਿੰਦੇ ਹਨ ਪਰ ਅੱਜ ਤੱਕ ਉਹ ਕਦੇ ਨਾ ਤਾਂ ਟਾਇਮ ਸਿਰ ਸਕੂਲ ਪਹੁੰਚੇ ਹਨ ਤੇ ਨਾ ਹੀ ਟਾਇਮ ਸਿਰ ਸਕੂਲੋਂ ਆਏ। ਉਹ ਅੱਧੀ ਛੁੱਟੀ ਵੇਲੇ ਤੱਕ ਸਕੂਲ ਵੜਦੇ ਹਨ ਤੇ ਛੁੱਟੀ ਹੋਣ ਤੋਂ ਪਹਿਲਾਂ ਹੀ ਆ ਜਾਂਦੇ ਹਨ। ਆਪਣੇ ਹੱਕਾਂ ਲਈ ਲੜਨ ਵਾਲੇ ਇਹ ਅਧਿਆਪਕ ਗ਼ਰੀਬ ਬੱਚਿਆਂ ਦੇ ਹੱਕਾਂ ਤੋਂ ਹਮੇਸ਼ਾ ਅੱਖਾਂ ਮੀਚੀ ਰੱਖਦੇ ਹਨ। ਜੇ ਕੋਈ ਰਾਜਨੀਤਿਕ ਨੇਤਾ ਆਉਣਾ ਹੋਵੇ ਤਾਂ ਇਹ ਸਭ ਤੋਂ ਅੱਗੇ ਹੁੰਦੇ ਹਨ। ਇਹਨਾਂ ਦੋਵੇਂ ਅਧਿਆਪਕਾਂ ਵਿੱਚੋਂ ਹੀ ਨਿੱਕਲਿਆ ਹੈ ਮੇਰੇ ਇਸ ਨਾਵਲ ਵਿਚਲਾ ਪਾਤਰ ਸੁਖਪਾਲ।

ਇਸੇ ਤਰ੍ਹਾਂ 'ਖ਼ਬਰ ਇੱਕ ਪਿੰਡ ਦੀ' ਵਿਚਲੀਆਂ ਘਟਨਾਵਾਂ ਵੀ ਕਿਸੇ ਇੱਕ ਪਿੰਡ ਦੀਆਂ ਨਹੀਂ ਸਗੋਂ ਵੱਖ ਵੱਖ ਪਿੰਡਾਂ ਵਿੱਚ ਵਾਪਰੀਆਂ ਹੋਈਆਂ ਹਨ। ਨਕਲੀ ਮਿਰਜ਼ੇ ਵਾਲੀ ਘਟਨਾ ਮਾਨਸਾ ਦੇ ਇੱਕ ਪਿੰਡ ਦੀ ਹੈ ਜਿੱਥੇ ਮੇਰੇ ਤਾਏ ਦੀ ਕੁੜੀ ਵਿਆਹੀ ਹੋਈ ਹੈ। ਕਰਮੇ ਵਾਲੀ ਕਹਾਣੀ ਮੇਰੇ ਇੱਕ ਦੋਸਤ ਦੀ ਕਹਾਣੀ ਹੈ। ਕਰਮੇ ਦਾ ਵਿਆਹ ਕਰਵਾਉਣ ਵਾਲਾ ਪਾਤਰ ਵੀ ਮੇਰੇ ਪਿੰਡ ਦਾ ਹੀ ਹੈ। ਇਹਨਾਂ ਘਟਨਾਵਾਂ ਦੀ ਮੈਂ ਕਾਂਟ ਛਾਂਟ ਕਰ ਕੇ ਆਪਣੇ ਅਨੁਸਾਰ ਮੇਕੱਪ ਕਰ ਦਿੱਤਾ ਹੈ। ਕੁਝ ਦੋ ਦੋ ਜਾਂ ਉਸ ਤੋਂ ਵੱਧ ਘਟਨਾਵਾਂ ਨੂੰ ਮੈਂ ਇਸ ਤਰ੍ਹਾਂ ਮਿਲਾ ਦਿੱਤਾ ਹੈ ਜਿਵੇਂ ਦੁੱਧ ਵਿੱਚ ਪਾਣੀ ਪਾ ਕੇ ਕੱਚੀ ਲੱਸੀ ਬਣਾ ਦੇਈਏ। ਉਹਨਾਂ ਦਾ ਇਹ ਨਿਖੇੜਾ ਕਰਨਾ ਸੰਭਵ ਨਹੀਂ ਕਿ ਕਿੱਥੇ ਕਿਹੜੀ ਘਟਨਾ ਕਿਸ ਨਾਲ ਜੁੜ ਗਈ ਹੈ।

ਮੈਂ ਇਸ ਨਾਵਲ ਵਿੱਚ ਨਵਾਂ ਢੰਗ ਅਪਣਾਇਆ ਸੀ। ਮੈਨੂੰ ਇਸ ਗੱਲ ਦਾ ਡਰ ਵੀ ਸੀ ਕਿ ਪਤਾ ਨਹੀਂ ਇਹ ਪਰਵਾਨ ਹੋਵੇਗਾ ਜਾਂ ਨਹੀਂ। ਮੈਂ ਇਹ ਮਨ ਵੀ ਬਣਾ ਲਿਆ ਸੀ ਕਿ ਜੇਕਰ ਇਹ ਪੜ੍ਹਨ ਵਾਲਿਆਂ ਨੂੰ ਚੰਗਾ ਨਾ ਲੱਗਿਆ ਤਾਂ ਮੈਂ ਇਸ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦੇਵਾਂਗਾ ਤੇ ਕੋਈ ਹੋਰ ਨਾਵਲ ਲਿਖਣਾ ਸ਼ੁਰੂ ਕਰ ਦੇਵਾਂਗਾ। ਮੈਂ ਪਹਿਲਾਂ ਆਪਣੇ ਤਿੰਨ ਕੁ ਮਿੱਤਰਾਂ ਨੂੰ ਇਹ ਪੜ੍ਹਨ ਲਈ ਦਿੱਤਾ। ਨਾਲ ਇਹ ਵੀ ਕਹਿ ਦਿੱਤਾ ਕਿ ਨਾਵਲ ਬਾਰੇ ਪੂਰੀ ਬੇ-ਕਿਰਕੀ ਨਾਲ ਆਪਣੀ ਸਲਾਹ ਦੇਣ। ਉਹਨਾਂ ਸਭ ਦਾ ਹਾਂ ਪੱਖੀ ਉੱਤਰ ਆਇਆ ਅਤੇ ਸਭ ਦੇ ਆਪਣੇ ਆਪਣੇ ਸੁਝਾਅ ਵੀ। ਇਸ ਤਰ੍ਹਾਂ ਮੈਂ ਦਸ ਕੁ ਮਿੱਤਰ ਲੇਖਕ, ਪਾਠਕਾਂ ਨੂੰ ਨਾਵਲ ਪੜ੍ਹਾਇਆ ਤੇ ਸੁਝਾਅ ਲਏ। ਮੈਂ ਇਹ ਨਾਵਲ ਹੋਰਾਂ ਨਾਵਲਾਂ ਦੇ ਮੁਕਾਬਲੇ ਸਭ ਤੋਂ ਵੱਧ ਵਾਰ ਪੜ੍ਹਿਆ ਤੇ ਸੋਧਿਆ। ਅਖ਼ੀਰੀ ਟੱਚ ਦੇਂਦਿਆਂ ਇਹ ਮੇਰੇ ਪਹਿਲਾਂ ਲਿਖੇ ਨਾਲੋਂ ਬਹੁਤ ਖੂਬਸੂਰਤ ਬਣ ਗਿਆ ਸੀ।

**ਸੰਪਰਕ-. 94172-41787**









## ਮੈਂ ਦਲਿਤ ਸ਼੍ਰੇਣੀ ਨਾਲ ਸਬੰਧ ਰੱਖਦਾ, ਇਸ ਲਈ ਦਲਿਤਾਂ ਦੀ ਅੰਦਰਲੀ ਪੀੜ੍ਹਾ ਨੂੰ ਚੰਗੀ ਤਰ੍ਹਾਂ ਜਾਣਦਾ - ਅਜ਼ੀਜ਼ ਸਰੋਏ

ਮੈਂ ਤਾਂ ਆਪਣੇ ਆਪ ਨੂੰ ਪੰਜਾਬੀ ਨਾਵਲ ਦੇ ਖੇਤਰ ਵਿੱਚ ਉੱਭਰ ਰਿਹਾ ਇੱਕ ਨਵਾਂ ਚਿਹਰਾ ਹੀ ਮੰਨਦਾ ਹਾਂ। ਨਾਵਲ ਦੇ ਖੇਤਰ ਵਿੱਚ ਮੈਂ ਆਪਣੇ ਨਾਵਲ 'ਹਨੇਰੀ ਰਾਤ ਦੇ ਜੁਗਨੂੰ ' ਨਾਲ 2011 ਵਿੱਚ ਪ੍ਰਵੇਸ਼ ਕੀਤਾ। ਮੇਰੇ ਨਾਵਲਾਂ ਦੇ ਵਿਸ਼ਾ ਵਸਤੂ ਜਾਂ ਮੇਰੀ ਪਾਤਰ ਸਿਰਜਨਾ ਤੋਂ ਪਹਿਲਾਂ ਇਹ ਗੱਲ ਕਰਨੀ ਯਕੀਨੀ ਸਮਝਦਾ ਹਾਂ ਕਿ ਮੈਂ ਨਾਵਲ ਦੇ ਖੇਤਰ ਵਿੱਚ ਆਖਰ ਕਿਉਂ ਪੈਰ ਧਰਿਆ ? ਅਸਲ 'ਚ ਮੈਂ ਦਲਿਤਾਂ ਦੇ ਜੀਵਨ, ਉਨ੍ਹਾਂ ਦੇ ਕਾਰ-ਵਿਹਾਰ ਜਾਂ ਤੰਗੀਆਂ ਤੁਰਸੀਆਂ ਨੂੰ ਅੱਖੀਂ ਵੇਖਿਆ ਅਤੇ ਹੱਡੀਂ ਹੰਢਾਇਆ ਹੈ। ਕੰਮੀਆਂ ਦਾ ਦਰਦ ਅਤੇ ਨਿਮਨ ਕਿਸਾਨੀ ਦੀ ਬੇਵਸੀ ਕਿਤੇ ਨਾ ਕਿਤੇ ਮੇਰੇ ਮਨ ਦੀ ਖੁਸ਼ਕ ਧਰਾਤਲ 'ਤੇ ਲੰਮੇ ਸਮੇਂ ਤੋਂ ਧੁਖ ਰਹੀ ਸੀ। ਸਕੂਲੀ ਜੀਵਨ ਦੌਰਾਨ ਹੀ ਮੇਰਾ ਵਾਹ ਭਾਸ਼ਾ ਅਧਿਆਪਕ ਸ੍ਰ. ਬੂਟਾ ਸਿੰਘ ਨਾਲ ਪਿਆ ਜਿਨ੍ਹਾਂ ਨੇ ਸਕੂਲੀ ਲਾਇਬ੍ਰੇਰੀ ਵਿੱਚੋਂ ਅਨੇਕ ਨਾਵਲ ਪੜ੍ਹਨ ਲਈ ਦਿੱਤੇ। ਉਨ੍ਹਾਂ ਨਾਵਲਾਂ ਵਿੱਚੋਂ ਹੀ ਪਰਗਟ ਸਿੰਘ ਸਿੱਧੂ ਦੇ ਨਾਵਲ 'ਆਪਣੀ ਮਿੱਟੀ ਦੀ ਸਾਜਸ਼' ਨੇ ਮੇਰੇ ਅੰਦਰ ਸ਼ਕਤੀ ਪੈਦਾ ਕੀਤੀ। ਪ੍ਰਸਿੱਧ ਨਾਟਕਕਾਰ ਕੁਲਦੀਪ ਸਿੰਘ ਦੀਪ ਅਤੇ ਨਿਰੰਜਨ ਬੋਹਾ ਦੇ ਸੰਪਰਕ ਚ ਆਉਣ ਨਾਲ ਉਨ੍ਹਾਂ ਨੇ ਮੈਨੂੰ ਹੋਰ ਪ੍ਰੇਰਨਾ ਦਿੱਤੀ। ਨਾਲ ਹੀ ਨਾਲ ਉਨ੍ਹਾਂ ਕਿਹਾ, "ਅਜ਼ੀਜ਼, ਤੇਰੇ ਕੋਲ ਦਲਿਤ ਜੀਵਨ ਅਤੇ ਪੇਂਡੂ ਅਨੁਭਵ ਤੇ ਸ਼ਬਦ ਭੰਡਾਰ ਹੈ। ਤੂੰ ਲਿਖ ਸਕਦਾ ਹੈਂ।" ਬਸ ਫਿਰ ਕੀ ਸੀ ! ਮੈਂ ਆਪਣੇ ਅਨੁਭਵ ਨੂੰ ਨਾਵਲੀ ਆਕਾਰ ਵਿੱਚ ਢਾਲ ਦਿੱਤਾ। ਤੇ ਇੰਝ ਮੈਂ ਨਾਵਲ 'ਹਨੇਰੀ ਰਾਤ ਦੇ ਜੁਗਨੂੰ ' ਨਾਲ ਨਾਵਲ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ।

ਮਾਲਵਾ ਖੇਤਰ ਨਾਲ ਜੁੜਿਆ ਹੋਣ ਕਾਰਨ ਮੇਰੇ ਕੋਲ ਇਸ ਖਿੱਤੇ ਦਾ ਕਾਫੀ ਅਨੁਭਵ ਹੈ। ਏਹੀ ਕਾਰਨ ਹੈ ਕਿ ਮੇਰੇ ਨਾਵਲਾਂ ਦਾ ਧਰਾਤਲ ਮਾਲਵੇ ਦੇ ਵਿਸ਼ੇਸ਼ ਖਿੱਤੇ ਨਾਲ ਜੁੜਿਆ ਹੋਇਆ ਹੈ। ਮੇਰਾ ਜਨਮ ਮਾਨਸਾ ਜ਼ਿਲ੍ਹੇ ਦੇ ਅਤਿ ਪਿੱਛੜੇ ਪਿੰਡ ਰਿਉਂਦ ਕਲਾਂ ਵਿੱਚ ਹੋਇਆ ਹੈ। ਮੇਰਾ ਪਿੰਡ ਪੰਜਾਬ ਦਾ ਆਖਰੀ ਪਿੰਡ ਹੈ, ਜਿਸਦੀ ਹੱਦ ਹਰਿਆਣਾ ਸੂਬੇ ਨਾਲ ਜਾ ਲੱਗਦੀ ਹੈ। ਮੇਰੇ ਖਿੱਤੇ ਦੀਆਂ ਆਪਣੀਆਂ ਵੱਖਰੀਆਂ ਸਮੱਸਿਆਵਾਂ ਹਨ। ਇਹ ਖਿੱਤਾ ਅਤਿ ਪਛੜਿਆ ਅਤੇ ਅਵਿਕਸਿਤ ਹੈ। ਇੱਥੋਂ ਦੇ ਵਸਨੀਕ ਨਾਮੁਰਾਦ ਬਿਮਾਰੀਆਂ, ਅਨਪੜ੍ਹਤਾ, ਬੇਰੁਜਗਾਰੀ, ਸ਼ਰੀਕੇਬਾਜ਼ੀ ਅਤੇ ਨਸ਼ਿਆਂ ਦੀ ਮਾਰ ਝੱਲ ਰਹੇ ਹਨ। ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ। ਨਤੀਜਾ ਇਹ ਕਿ ਇੱਥੋਂ ਦੇ ਵਸਨੀਕ ਕੈਂਸਰ ਅਤੇ ਕਾਲਾ ਪੀਲੀਆ ਜਿਹੀਆਂ ਬਿਮਾਰੀਆਂ ਦੀ ਮਾਰ ਹੇਠ ਹਨ। ਮੈਂ ਇਨ੍ਹਾਂ ਗੱਲਾਂ ਦਾ ਜਿਕਰ ਤਾਂ ਕਰ ਰਿਹਾ ਹਾਂ ਕਿਉਂ ਕਿ ਇਨ੍ਹਾਂ ਬਿਮਾਰੀਆਂ ਨੇ ਕਿੰਨੇ ਹੀ ਘਰਾਂ ਦੇ ਦੀਵੇ ਬੁਝਾ ਦਿੱਤੇ। ਇਸ ਲਈ ਆਪਣੇ ਖਿੱਤੇ ਦੇ ਲੋਕਾਂ ਦੀਆਂ ਸਮੱਸਿਆਵਾਂ, ਉਨ੍ਹਾਂ ਦੇ ਦਰਦ ਨੂੰ ਨਾਵਲੀ ਆਕਾਰ ਵਿੱਚ ਢਾਲਣਾ ਮੇਰਾ ਪਹਿਲਾ ਫਰਜ਼ ਸੀ। ਮੈਂ ਆਪਣੇ ਨਾਵਲਾਂ ਦਾ ਪਲਾਟ ਸਿਰਜਨ ਵੇਲੇ ਲੋਕਾਂ ਦੇ ਕਾਰ ਵਿਹਾਰ,

ਉਨ੍ਹਾਂ ਦੇ ਜੀਵਨ ਪੱਧਰ, ਭੂਗੋਲਕ ਪ੍ਰਸਥਿਤੀਆਂ ਨੂੰ ਧਿਆਨ ਵਿੱਚ ਰੱਖਦਾ ਹਾਂ। ਇੰਞ ਮੈਂ ਆਪਣੇ ਅਵਿਕਸਿਤ ਤੇ ਮੁਰਝਾਏ ਹੋਏ ਪਿੰਡਾਂ ਨੂੰ ਆਪਣੇ ਨਾਵਲ ਵਿੱਚ ਪਿੱਠ ਭੂਮੀ ਵਜੋਂ ਵਰਤਦਾ ਹਾਂ। 'ਮੁਰਝਾਏ ਹੋਏ' ਸ਼ਬਦ ਇਸ ਲਈ ਕਹਿ ਰਿਹਾ ਹਾਂ ਕਿਉਂ ਕਿ ਇਹ ਪਿੰਡ ਅਜੇ ਵਿਕਾਸ ਦੀਆਂ ਲੀਹਾਂ ਤੇ ਨਹੀਂ ਆਏ। ਜਿੱਥੇ ਅੱਜ ਦੀ ਨੌਜਵਾਨ ਪੀੜ੍ਹੀ ਵਟਸ ਐਪ ਜਾਂ ਫੇਸਬੁੱਕ ਵਰਗੀਆਂ ਸ਼ੋਸ਼ਲ ਸਾਈਟਾਂ ਦੇ ਨਸ਼ੇ ਵਿੱਚ ਗਲਤਾਨ ਹੈ, ਉੱਥੇ ਮੈਂ ਆਪਣੇ ਫਰਜ਼ ਨੂੰ ਪਹਿਚਾਨਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਆਪਣੀਆਂ ਰਚਨਾਵਾਂ ਵਿੱਚ ਸਿਰਫ ਤੇ ਸਿਰਫ ਮਨੁੱਖੀ ਪੀੜਾ ਦੀ ਹੀ ਗੱਲ ਕਰਦਾ ਹਾਂ। ਪ੍ਰੇਮ ਕਹਾਣੀਆਂ ਲਿਖਣਾ ਸ਼ਾਇਦ ਮੇਰੇ ਹਿੱਸੇ ਨਹੀਂ ਆਇਆ। ਕਵਿਤਾ ਦੀ ਗੱਲ ਕਰੀਏ ਜਾਂ ਨਾਵਲ ਦੀ, ਮੇਰਾ ਪਹਿਲਾ ਫਰਜ ਲੋਕ ਪੀੜ੍ਹਾ ਜਾਂ ਲੋਕ ਵੇਦਨਾ ਨੂੰ ਹੀ ਬਿਆਨ ਕਰਨਾ ਹੈ।

ਮੇਰਾ ਪਹਿਲਾ ਨਾਵਲ **'ਹਨੇਰੀ ਰਾਤ ਦੇ ਜੁਗਨੂੰ'** ਦਲਿਤ ਪੀੜ੍ਹਾ ਅਤੇ ਦਲਿਤ ਸਰੋਕਾਰਾਂ ਦੀ ਹੀ ਬਾਤ ਪਾਉਂਦਾ ਹੈ। ਮੈਂ ਖੁਦ ਦਲਿਤ ਸ਼੍ਰੇਣੀ ਨਾਲ ਸਬੰਧ ਰੱਖਦਾ ਹਾਂ। ਇਸ ਲਈ ਦਲਿਤਾਂ ਦੀ ਅੰਦਰਲੀ ਪੀੜ੍ਹਾ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਸਮਝਦਾ ਹਾਂ ਅਤੇ ਮਹਿਸੂਸਦਾ ਹਾਂ। ਮੈਂ ਖੁਦ ਵੀ ਤੰਗੀਆਂ ਤੁਰਸੀਆਂ ਵਿੱਚੋਂ ਗੁਜ਼ਰਦਾ ਹੋਇਆ ਵੱਡਾ ਹੋਇਆ ਹਾਂ। ਅਸਲ ਵਿੱਚ ਮੇਰਾ ਪੇਂਡੂ ਅਤੇ ਦਲਿਤ ਅਨੁਭਵ ਹੀ ਮੇਰੀਆਂ ਰਚਨਾਵਾਂ ਦਾ ਸਿੱਟਾ ਹੈ।

ਦਲਿਤ ਚੇਤਨਾ ਦੇ ਨਾਲ ਨਾਲ ਇਸ ਨਾਵਲ ਵਿੱਚ ਮੈਂ ਕਰਜ਼ੇ ਦੇ ਸਤਾਈ, ਨਿਮਨ ਕਿਸਾਨੀ ਦੀ ਪੀੜ੍ਹਾ ਨੂੰ ਵੀ ਪਾਠਕਾਂ ਦੇ ਰੂਪਮਾਨ ਕਰਦਿਆਂ ਆਪਣਾ ਫਰਜ ਨਿਭਾਇਆ ਹੈ। ਕਿਉਂ ਕਿ ਦੇਸ਼ ਦੇ ਅੰਨ ਦਾਤੇ ਨੂੰ ਖੁਦਕੁਸ਼ੀਆਂ ਤੋਂ ਖੁਸ਼ਹਾਲੀ ਵੱਲ ਲੈ ਕੇ ਜਾਣਾ ਵੀ ਸਾਹਿਤਕਾਰ ਦਾ ਪਹਿਲਾ ਫਰਜ਼ ਹੈ।


ਜੇਕਰ ਮੈਂ ਆਪਣੇ ਦੂਜੇ ਨਾਵਲ **'ਕੇਹੀ ਵਗੇ ਹਵਾ'** ਦੇ ਵਿਸ਼ਾ-ਵਸਤੂ ਦੀ ਗੱਲ ਕਰਾਂ ਤਾਂ, ਇਹ ਨਾਵਲ ਬਹੁ-ਪਰਤੀ ਜਾਂ ਬਹੁ-ਪਾਸਾਰੀ ਹੈ। ਇਹ ਨਾਵਲ ਪੇਂਡੂ ਜੀਵਨ ਨੂੰ ਕਈ ਰੰਗਾਂ, ਪਰਤਾਂ, ਸੰਦਰਭਾਂ ਅਤੇ ਹੋਰ ਪੱਖਾਂ ਵਿੱਚ ਰੇਖਾਂਕਿਤ ਕਰਦਾ ਹੈ। ਮੈਂ ਆਪਣੇ ਵੱਲੋਂ ਪੇਂਡੂ ਜੀਵਨ ਦੇ ਵਿਸ਼ਾਲ ਧਰਾਤਲ ਨੂੰ ਸੰਖੇਪਗਤ ਅਤੇ ਸਰਲਗਤ ਢੰਗ ਨਾਲ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ।

ਮੇਰੀ ਕੋਸ਼ਿਸ਼ ਰਹਿੰਦੀ ਹੈ ਕਿ ਨਾਵਲਾਂ ਦੀ ਗੋਂਦ ਜਾਂ ਬਣਤਰ ਇੰਞ ਬੁਣੀ ਜਾਵੇ ਕਿ ਪਾਠਕ ਨੂੰ ਅਕੇਵਾਂ ਮਹਿਸੂਸ ਨਾ ਹੋਵੇ। ਪਾਤਰ ਵੀ ਇਹੋ ਜਿਹੇ ਸਿਰਜੇ ਜਾਣ ਜੋ ਅਸਲ ਜ਼ਿੰਦਗੀ ਦੇ ਨੇੜੇ ਹੋਣ। ਨਾਵਲ ਪੜ੍ਹਦਿਆਂ ਪਾਠਕ ਵੀ ਮਹਿਸੂਸ ਕਰਨ ਕਿ ਉਹ ਵੀ ਪਾਤਰਾਂ ਦੇ ਨਾਲ ਹੀ ਤੁਰੇ ਫਿਰਦੇ ਹਨ, ਗੱਲਾਂ ਕਰ ਰਹੇ ਹਨ। ਇਹ ਤਾਂ ਹੁਣ ਪਾਠਕ ਹੀ ਦੱਸ ਸਕਦੇ ਹਨ ਕਿ ਮੈਂ ਆਪਣੇ ਨਾਵਲਾਂ ਵਿੱਚ ਪਾਤਰ ( ਗੋਲ ਅਤੇ ਚਪਟੇ ਪਾਤਰ) ਸਿਰਜਨ ਵਿੱਚ ਕਿੰਨਾ ਕੁ ਕਾਮਯਾਬ ਹੋਇਆ ਹਾਂ।

ਮੇਰੇ ਨਾਵਲਾਂ ਦੇ ਪਾਤਰ ਉਹੀ ਪਾਤਰ ਹਨ, ਜਿਨ੍ਹਾਂ ਨੂੰ ਮੈਂ ਰੋਜਮਰਾ ਦੀ ਜ਼ਿੰਦਗੀ ਵਿੱਚ ਪਿੰਡ ਦੀਆਂ ਸੱਥਾਂ, ਬੱਸ ਅੱਡਿਆਂ, ਖੇਤਾਂ-ਖਲਿਆਣਾਂ, ਕੰਮੀਆਂ ਦੇ ਵਿਹੜਿਆਂ 'ਚ, ਖੁਸ਼ੀ ਗਮੀ ਦੇ ਮੌਕਿਆਂ ਤੇ ਮਿਲਦਾ ਹਾਂ ਤੇ ਉਨ੍ਹਾਂ ਦੀ ਹਰ ਹਰਕਤ, ਆਪਸੀ ਬੋਲ ਚਾਲ ਨੂੰ ਗਹੁ ਨਾਲ ਤੱਕ ਕੇ, ਸਮਝ ਕੇ ਨਾਵਲੀ ਆਕਾਰ ਵਿੱਚ ਢਾਲ ਦਿੰਦਾ ਹਾਂ। ਮੇਰੇ ਪਾਤਰ ਸਿੱਧੇ-ਸਾਦੇ, ਬੇਬਾਕ ਬੋਲਣ ਵਾਲੇ ਅਤੇ ਠੇਠ ਪੰਜਾਬੀ ਸ਼ਬਦਾਂ, ਅਖੌਤਾਂ, ਮੁਹਾਵਰਿਆਂ ਦੀ ਵਰਤੋਂ ਕਰਨ ਵਾਲੇ ਪੇਂਡੂ ਪਾਤਰ ਹਨ।

ਮੇਰੇ ਪਾਤਰਾਂ ਦਾ ਜੇ ਪੰਜਾਬੀ ਨਾਵਲਾਂ ਵਿਚਲੇ ਪਾਤਰਾਂ ਨਾਲ ਤੁਲਨਾਤਮਿਕ ਅਧਿਐਨ ਕੀਤਾ ਜਾਵੇ ਤਾਂ ਉਨ੍ਹਾਂ ਦਾ ਕਾਰ-ਵਿਵਹਾਰ, ਬੋਲ-ਚਾਲ ਪ੍ਰੋ. ਗੁਰਦਿਆਲ ਸਿੰਘ ਦੇ ਪਾਤਰਾਂ ਨਾਲ ਜ਼ਿਆਦਾ ਮੇਲ ਖਾਂਦਾ ਹੈ । ਕੁਲ ਮਿਲਾ ਕੇ ਮੈਂ ਆਪਣੇ ਨਾਵਲਾਂ ਵਿੱਚ ਮਲਵਈ ਸੱਭਿਆਚਾਰ ਅਤੇ ਹੁਣ ਬਦਲਦੇ ਪਿੰਡਾਂ ਦੀ ਨੁਹਾਰ, ਦਲਿਤ ਚੇਤਨਾ, ਕਿਸਾਨੀ ਸੰਕਟਾਂ ਨੂੰ ਫੜ੍ਹਨ ਦਾ ਯਤਨ ਕੀਤਾ ਹੈ। ਬਾਕੀ ਤਾਂ ਪਾਠਕ ਜਾਂ ਆਲੋਚਕ ਹੀ ਦੱਸ ਸਕਦੇ ਹਨ ਕਿ ਮੈਂ ਨਾਵਲ ਦੇ ਉਦੇਸ ਨੂੰ ਪੂਰਾ ਕਰਨ ਵਿੱਚ ਕਿੰਨਾ ਕੁ ਕਾਮਯਾਬ ਹੋਇਆ ਹਾਂ। ਭਵਿੱਖ ਵਿੱਚ ਵੀ ਮੇਰੀ ਪਹਿਲ ਉਸਾਰੂ ਅਤੇ ਸਾਰਥਕ ਸਾਹਿਤ ਸਿਰਜਨ ਦੀ ਹੀ ਰਹੇਗੀ। **ਮੋਬ ਨੰ. - 8968970888**















# ਚਿੰਤਨ

*ਅਨੁਭਵ ਅਸਲੀਅਤ ਪ੍ਰਤੀ ਲੇਖਕ ਦਾ ਪ੍ਰਤਿਕਰਮ ਹੈ। ਸੋ ਜਦੋਂ ਕੋਈ ਲੇਖਕ ਅਸਲੀਅਤ ਦਾ ਅਨੁਭਵ ਪੇਸ਼ ਕਰ ਰਿਹਾ ਹੁੰਦਾ ਹੈ, ਤਾਂ ਇਹ ਨਿਰੀ-ਪੁਰੀ ਵਸਤੂਮੁਖੀ ਅਸਲੀਅਤ ਹੀ ਨਹੀਂ ਹੁੰਦੀ, ਸਗੋਂ ਲੇਖਕ ਦੀਆਂ ਮਾਨਸਿਕ ਅੱਖਾਂ, ਥਾਣੀ ਲੰਘੀ ਅਸਲੀਅਤ ਹੁੰਦੀ ਹੈ। ਇਸੇ ਲਈ ਨਾਵਲ ਦੇ ਸਮੁੱਚੇ ਆਕਾਰ ਵਿਚੋਂ ਇਕ ਵਿਸ਼ੇਸ਼ 'ਧੁਨੀ' ਉਠਦੀ ਰਹਿੰਦੀ ਹੈ। ਪਾਠਕ ਦੇ ਮਨ ਉੱਤੇ ਇਸੇ ਧੁਨੀ ਦਾ ਪ੍ਰਭਾਵ ਪੈਂਦਾ ਹੈ। ਇਹ ਧੁਨੀ ਅਸਲ ਵਿਚ ਲੇਖਕ ਦਾ ਦ੍ਰਿਸ਼ਟੀਕੋਣ ਹੈ ਜਿਸ ਦਾ ਭਾਰ ਉਸਦੀ ਕਲਾ ਨੇ ਆਪਣੇ ਮੋਢਿਆਂ ਉੱਤੇ ਚੁੱਕਿਆ ਹੋਇਆ ਹੈ। ਕਿਸੇ ਪਰਿਸਥਿਤੀ ਵਿਚ ਉਲਝੇ ਪਾਤਰ ਦੇ ਜਿਹੜੇ ਭਾਵ ਜਾਂ ਵਿਚਾਰ ਲੇਖਕ ਚਿਤਰ ਵਿਚ ਪੇਸ਼ ਕਰ ਰਿਹਾ ਹੁੰਦਾ ਹੈ, ਉਨ੍ਹਾਂ ਪ੍ਰਤੀ ਲੇਖਕ ਦਾ ਆਪਣਾ ਵੀ ਕੋਈ ਨਜ਼ਰੀਆ ਹੁੰਦਾ ਹੈ, ਜਿਹੜਾ ਨਾਵਲ ਦੇ ਸਮੁੱਚੇ ਜੁੱਸੇ ਤੇ 'ਧੁਨੀ' ਦੇ ਰੂਪ ਵਿਚ ਛਾਇਆ ਰਹਿੰਦਾ ਹੈ। ਇਸ 'ਧੁਨੀ' ਦਾ ਪ੍ਰਭਾਵ ਪਾਠਕ ਦੇ ਮਨ ਤੇ ਅੰਕਿਤ ਕਰਨਾ ਹੀ ਨਾਵਲ ਪ੍ਰਚਾਰ ਹੈ ਜਿਹੜਾ ਹੋਰ ਪ੍ਰਚਾਰ ਨਾਲੋਂ ਵਿਧੀ ਵਿਚ ਹੀ ਵੱਖਰਾ ਹੈ, ਸੁਭਾ ਵਿਚ ਨਹੀਂ।*

***-ਡਾ. ਟੀ. ਆਰ. ਵਿਨੋਦ***





## ਪੰਜਾਬੀ ਨਾਵਲ: ਦਿਸ਼ਾ ਤੇ ਸੀਮਾਵਾਂ/- ਸਿਮਰਜੀਤ ਸਿੰਘ

ਵੀਹਵੀਂ ਸਦੀ ਵਿਸ਼ਵ ਪੱਧਰ 'ਤੇ ਇਤਿਹਾਸਕ ਘਟਨਾਵਾਂ, ਵਿਨਾਸ਼ਕਾਰੀ ਯੁੱਧਾਂ ਆਰਥਿਕ ਸੰਕਟਾਂ, ਰਾਜਸੀ-ਧਾਰਮਿਕ ਫ਼ਸਾਦ, ਸਮਾਜਿਕ ਇਨਕਲਾਬਾਂ, ਸਭਿਆਚਾਰਕ ਤਬਦੀਲੀਆਂ, ਵਿਚਾਰਧਾਰਕ ਵਿਵਾਦਾਂ, ਲੋਕ ਮੁਕਤੀ ਦੇ ਸੰਘਰਸ਼ਾਂ ਸੱਤਾ ਦੇ ਬਦਲਦੇ ਕੇਂਦਰਾਂ, ਸਮਾਜਵਾਦੀ ਬਲਾਕ ਦੇ ਪਤਨ, ਪੂੰਜੀਵਾਦੀ ਦੇ ਹੱਥਾਂ ਵਿੱਚ ਸਾਮਰਾਜ ਦੇ ਵਿਸ਼ਵੀਕਰਨ ਕੇ ਏਜੰਡੇ ਦੀ ਚੜ੍ਹਤ, ਗਿਆਨ-ਵਿਗਿਆਨ ਦੇ ਵਿਸਫੋਟ, ਸੂਚਨਾ ਤੇ ਸੰਚਾਰ ਸਾਧਨਾਂ ਵਿਚ ਅਸਾਧਾਰਨ ਤੇ ਬੇਮਿਸਾਲ ਕ੍ਰਾਂਤੀ ਦੀ ਸਦੀ ਰਹੀ ਹੈ। ਉਪਰੋਕਤ ਸਮੁੱਚੇ ਵਰਤਾਰੇ ਦੀ ਤੇਜ਼-ਰਫ਼ਤਾਰੀ ਅਤੇ ਵਿਸ਼ਵ ਵਿਆਪੀ ਪ੍ਰਭਾਵ ਐਨਾ ਜ਼ਿਆਦਾ ਅਤੇ ਤ੍ਰਿਖਾ ਸੀ ਕਿ ਇਸ ਦੀ ਮਿਸਾਲ ਇਸ ਤੋਂ ਪਹਿਲਾਂ ਦੇ ਕਿਸੇ ਵੀ ਇਤਿਹਾਸਕ ਕਾਲ ਵਿਚ ਨਹੀਂ ਮਿਲਦੀ।

ਨਾਵਲ, ਸਮਕਾਲੀ ਦੌਰ ਵਿੱਚ ਲਿਖੇ ਜਾ ਰਹੇ ਗਲਪੀ ਬਿਰਤਾਂਤ ਦੀ ਪ੍ਰਮੁੱਖ ਵਿਧਾ ਹੈ, ਨਾਵਲ ਦੇ ਸ਼ਬਦੀ ਅਰਥ ਨਵੇਂ ਦੇ ਹਨ। ਇਹ ਅਰਥ ਨਾਵਲ ਦੀ ਵਿਧਾ ਵਿਚ ਨਵੀਆਂ ਰਚਨਾਤਮਕ ਸੰਭਾਵਨਾਵਾਂ ਦੇ ਸੰਕੇਤਕ ਹਨ। ਨਾਵਲ ਇਕ ਅਜਿਹੀ ਸਾਹਿਤਕ ਵਿਧਾ ਹੈ, ਜਿਸ ਦੀਆਂ ਵਸਤੂ, ਵਿਧੀ ਅਤੇ ਦ੍ਰਿਸ਼ਟੀ ਦੇ ਪੱਖਾਂ ਤੋਂ ਨਵੀਆਂ ਰਚਨਾਤਮਕ ਸੰਭਾਵਨਾਵਾਂ ਲਗਾਤਾਰ ਬਣੀਆਂ ਰਹੀਆਂ ਹਨ। ਇਸ ਕਰਕੇ, ਪੱਛਮ ਵਿਚ ਕਈ ਵਾਰ 'ਨਾਵਲ ਦੀ ਮੌਤ' ਦਾ ਐਲਾਨ ਹੋਣ ਦੇ ਬਾਵਜੂਦ, ਵਿਸ਼ਵ-ਵਿਆਪੀ ਪੱਧਰ ਉੱਤੇ ਨਾਵਲ ਦਾ ਲਿਖਿਆ ਜਾਣਾ ਜਾਰੀ ਰਿਹਾ ਹੈ। ਪੰਜਾਬੀ ਨਾਵਲ ਦੀ ਸਥਿਤੀ ਵੀ ਇਸ ਤੋਂ ਭਿੰਨ ਨਹੀਂ ਹੈ। ਆਪਣੀ ਸੌ ਸਾਲ ਦੀ ਉਮਰ ਨੂੰ ਪਾਰ ਕਰਨ ਤੋਂ ਬਾਅਦ ਵੀ ਪੰਜਾਬੀ ਨਾਵਲ ਲਗਾਤਾਰ ਨਿਵੇਕਲੇ ਕਿਰਤੀਮਾਨ ਸਥਾਪਿਤ ਕਰਨ 'ਚ ਰੁੱਝਾ ਹੋਇਆ ਹੈ। ਵਿਧਾਗਤ ਸੰਦਰਭ ਵਿਚ ਯਥਾਰਥ ਸਿਰਜਣ ਦੀ ਰੁਚੀ ਨਾਵਲ ਦੇ ਵਿਸ਼ੇਸ਼ ਲੱਛਣ ਹੈ, ਪਰ ਗਲਪੀ ਪੈਰਾਡਾਇਮ ਦੇ ਅੰਤਰਗਤ ਵਿਚਰਨ ਕਾਰਨ ਇਸ ਵਿਚ ਤਰਕ ਵਿਤਰਕ ਵਿਚੋਂ ਪੈਦਾ ਹੋਏ ਚੇਤਨਾ ਅਤੇ ਚਿੰਤਨ ਵਾਸਤਵਿਕ ਸੰਸਾਰ ਦੀ ਕਲਾਤਮਕ ਯਥਾਰਥਵਾਦੀ ਤਸਵੀਰ ਉਘਾੜਦੇ ਹਨ। ਦਰਅਸਲ ਨਾਵਲ ਸਮਾਜਿਕ ਤੇ ਮਾਨਸਿਕ ਵਰਤਾਰਿਆਂ ਦੀ ਕਾਲਪਨਿਕ ਅਤੇ ਯਥਾਰਥੀ ਪੇਸ਼ਕਾਰੀ ਦਾ ਵਿਰੋਧਭਾਸ਼ ਵਿਚੋਂ ਉਤਪੰਨ ਹੁੰਦਾ ਹੈ। ਨਾਵਲ ਦੀ ਬਹੁ-ਦਿਸ਼ਾਵੀ ਅੰਤਰ-ਦ੍ਰਿਸ਼ਟੀ ਕਾਰਨ ਨਾਵਲਕਾਰ ਗਲਪ-ਅਨੁਭਵ ਦੇ ਵਿਭਿੰਨ ਘਟਨਾ ਪ੍ਰਸੰਗਾਂ ਦਾ ਸੰਗਠਨਕਾਰੀ ਚੌਖਟਾ ਸਿਰਜ ਕੇ ਪਾਤਰਾਵਲੀ ਦੁਆਰਾ ਵੱਧ ਤੋਂ ਵੱਧ ਬਾਹਰੀ ਜਗਤ ਨੂੰ ਪੇਸ਼ ਕਰਦੇ ਵੇਰਵਿਆਂ ਨੂੰ ਰਚਨਾ-ਜਗਤ ਵਿਚ ਸ਼ਾਮਿਲ ਕਰ ਲੈਂਦਾ ਹੈ। ਪ੍ਰੰਤੂ ਰੂਸੀ-ਰੂਪਵਾਦੀ ਚਿੰਤਕ ਨਾਵਲ ਰੂਪ ਨੂੰ ਸਾਪੇਖ ਖੁਦਮੁਖ਼ਤਿਆਰ ਹੋਂਦ ਮੰਨ ਕੇ ਜਗਤ ਨਾਲੋਂ ਜੁਗਤ ਅਤੇ ਲੇਖਕ ਨਾਲੋਂ ਲਿਖਤ ਉੱਪਰ ਵਧੇਰੇ ਤਵੱਜੋ ਦਿੰਦੇ ਹਨ। ਇਸਦੇ ਵਿਪਰੀਤ, "ਇਯਾਨ ਵਾਟ ਨਾਵਲ ਨੂੰ 'ਯਥਾਰਥ ਧਰਮੀ' ਵਿਧਾ ਦੇ ਰੂਪ ਵਿਚ ਵੇਖਦਾ ਹੈ। ਉਹ ਨਾਵਲ







ਦੇ ਯਥਾਰਥਵਾਦੀ ਵਸਤ-ਜਗਤ ਨਾਲ ਸੰਬੰਧਿਤ ਸਮਾਜ-ਸੰਸਕ੍ਰਿਤਕ ਸਰੋਕਾਰਾਂ ਦੇ ਚਿਤਰਨ ਤੋਂ ਅੱਗੇ ਪੂੰਜੀਵਾਦੀ ਯੁੱਗ ਵਿਚ ਮਨੁੱਖ ਦੇ ਪ੍ਰਵੇਸ਼ ਨੂੰ ਮਨੋਵਿਗਿਆਨਕ ਜਾਵੀਏ ਤੋਂ ਪ੍ਰਸਤੁਤ ਕਰਨ ਵਲੋਂ ਰੁਚੀ ਵਿਖਾਉਣ ਲੱਗਦਾ ਹੈ, ਜਿਸ ਵਿਚੋਂ ਅਨੇਕਾਂ ਵਿਭਿੰਨ ਜਾਂ ਵਿਰੋਧੀ ਸੁਰਾਂ ਪੈਦਾ ਹੁੰਦੀਆਂ ਹਨ।"[1]

ਪੰਜਾਬੀ ਨਾਵਲ ਵਿਚ ਤਤਕਾਲੀ ਤੇ ਸਮਕਾਲੀ ਯਥਾਰਥ ਦੀ ਨਿਸ਼ਾਨਦੇਹੀ ਕਰਨ ਤੋਂ ਪਹਿਲਾਂ ਭਾਰਤ ਅਤੇ ਪੰਜਾਬ ਦੇ ਪ੍ਰਸੰਗ ਵਿਚ ਪੈਦਾ ਹੋਈਆਂ ਆਰਥਿਕ, ਸਮਾਜਿਕ, ਰਾਜਸੀ ਅਤੇ ਸਭਿਆਚਾਰਕ ਵਿਕਾਸ ਪ੍ਰਕਿਰਿਆ ਦੀਆਂ ਵਿਭਿੰਨ ਜਾਂ ਵਿਰੋਧੀ ਸੁਰਾਂ ਨੂੰ ਪਛਾਣਨਾ ਜ਼ਰੂਰੀ ਹੋਵੇਗਾ। ਅਜ਼ਾਦੀ ਪਿੱਛੋਂ ਭਾਰਤ ਦੀ ਅਰਥ ਵਿਵਸਥਾ ਦਾ ਪੂੰਜੀਵਾਦੀ ਅਰਥ ਪ੍ਰਬੰਧਾਂ ਉੱਪਰ ਅਧਾਰਿਤ ਹੋਣਾ ਸ਼ੁਰੂ ਹੁੰਦਾ ਹੈ। ਭਾਰਤ ਵਿਚ ਇਹ ਮਾਡਲ ਉਦਾਰਵਾਦੀ ਨੀਤੀ ਤਹਿਤ ਹੀ ਆਪਣੀ ਹੋਂਦ ਗ੍ਰਹਿਣ ਕਰਦਾ ਹੈ।ਭਾਰਤ ਨੇ ਪੰਜ ਸਾਲਾ ਯੋਜਨਾਵਾਂ ਅਤੇ ਪਬਲਿਕ ਸੈਕਟਰ ਰਾਹੀਂ ਲੋਕ ਪੱਖੀ ਆਰਥਕ ਵਿਕਾਸ ਦੀਆਂ ਭੁਲੇਖਾ ਪਾਊ ਨੀਤੀਆਂ ਅਪਣਾਈਆਂ। ਅਜਿਹੀ ਸਥਿਤੀ ਵਿਚ ਕੁੱਝ ਠੋਸ ਪ੍ਰਾਪਤੀਆਂ ਵੀ ਹੋਈਆਂ ਜਿਵੇਂ ਜਨਤਕ ਜੱਥੇਬੰਦੀਆਂ ਹੋਂਦ ਵਿਚ ਆਈਆਂ, ਵਿੱਦਿਆ ਦਾ ਪਾਸਾਰ ਹੋਇਆ, ਜਨ ਅੰਦੋਲਨ, ਰਾਜਸੀ ਚੇਤਨਾ ਵਿਚ ਵਾਧਾ ਹੋਇਆ, ਰਾਜਨੀਤਕ ਸਰਗਰਮੀਆਂ ਲਈ ਹਾਲਾਤ ਸੁਖਾਵੇਂ ਹੋਏ। ਪਰੰਪਰਾਗਤ ਸਮਾਜਕ ਕਦਰਾਂ ਕੀਮਤਾਂ ਦੇ ਪਿਛਾਹ ਖਿੱਚੂ ਹਿੱਸੇ ਨੂੰ ਚੇਤਨ ਪੱਧਰ 'ਤੇ ਚੁਣੌਤੀ ਮਿਲੀ। ਪਰ ਕੁੱਲ ਮਿਲਾ ਕੇ ਸਥਿਤੀ ਵਿਚ ਕੋਈ ਠੋਸ ਤਬਦੀਲੀ ਨਹੀਂ ਆਈ। "ਸੱਤਰਵਿਆਂ ਦਹਾਕੇ 'ਚ ਆ ਕੇ ਮਿਸ਼ਰਤ ਅਰਥ ਵਿਵਸਥਾ ਵਾਲੇ ਮਾਡਲ ਦੇ ਅੰਤਰ ਵਿਰੋਧ ਉੱਭਰ ਕੇ ਸਾਹਮਣੇ ਆਉਣੇ ਸ਼ੁਰੂ ਹੁੰਦੇ ਹਨ, ਅੱਠਵੇਂ ਦਹਾਕੇ ਵਿਚ ਪਹੁੰਚ ਕੇ ਲੋਕਪੱਖੀ ਵਿਸ਼ੇਸ਼ ਤੌਰ 'ਤੇ ਖੱਬੇ ਪੱਖੀ ਚੇਤਨਾ ਅਤੇ ਕੌਮੀ ਸਰਮਾਏਦਾਰੀ ਦੇ ਅੰਤਰਵਿਰੋਧ ਤਿੱਖੇ ਰੂਪ ਵਿਚ ਉਭਰਨੇ ਸ਼ੁਰੂ ਹੋਏ।"[2] ਇਸ ਵਿਚੋਂ ਹੀ ਨਕਸਲਵਾੜੀ ਲਹਿਰ, ਪੰਜਾਬ ਖਾੜਕੂਵਾਦ ਅਤੇ ਇਸ ਤੋਂ ਇਲਾਵਾ ਕਈ ਹੋਰ ਲਹਿਰਾਂ ਹੋਂਦ ਵਿਚ ਆਈਆਂ। ਭਾਰਤ ਸਰਕਾਰ ਦੁਆਰਾ ਅਪਣਾਈ ਗਈ ਉਦਾਰਵਾਦੀ ਨੀਤੀ ਤਹਿਤ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿਚ ਪੂੰਜੀ ਨਿਵੇਸ਼ ਦੇ ਖੁੱਲ੍ਹੇ ਸੱਦੇ ਦਿੱਤੇ ਜਾਣੇ ਸ਼ੁਰੂ ਹੋਏ। ਇਸੇ ਵਿੱਚੋਂ ਹੀ ਉਦਯੋਗੀਕਰਨ ਤੇ ਸ਼ਹਿਰੀਕਰਨ ਦੀ ਪ੍ਰਵਿਰਤੀ ਸ਼ੁਰੂ ਹੁੰਦੀ ਹੈ। ਵਿਦੇਸ਼ੀ ਕੰਪਨੀਆਂ ਵੱਲੋਂ ਪੰਜਾਬ ਵਿਚ ਕੀਤੇ ਗਏ ਉਪਨਿਵੇਸ਼ ਕਾਰਨ ਹੀ ਹਰੀ ਕ੍ਰਾਂਤੀ ਦਾ ਵਿਆਪਕ ਪਾਸਾਰਾ ਹੁੰਦਾ ਹੈ। ਸੱਠਵਿਆਂ ਵਿਚ ਸ਼ੁਰੂ ਹੋਈ ਕ੍ਰਾਂਤੀ ਦੀ ਲਹਿਰ ਅੱਸੀਵਿਆਂ ਤੱਕ ਆਪਣੇ ਸਿਖਰਾਂ ਨੂੰ ਪੁੱਜਦੀ ਹੈ। ਇਸ ਸਮੇਂ ਕਿਸਾਨੀ ਨੂੰ ਆਤਮਨਿਰਭਰ ਹੋਣ, ਨਵੀਆਂ ਖੇਤੀ ਤਕਨੀਕਾਂ, ਨਵੇਂ ਖੇਤੀ ਸੰਦਾਂ, ਰਸਾਇਣਕ ਖਾਦਾਂ, ਕੀੜੇਮਾਰ ਅਤੇ ਨਦੀਨਨਾਸ਼ਕ ਦਵਾਈਆਂ ਨੇ ਖੇਤੀ ਪੈਦਾਵਾਰ ਵਿਚ ਢੇਰ ਵਾਧਾ ਕੀਤਾ। ਮੰਡੀਆਂ ਦੇ ਫੈਲਾਅ ਨਾਲ ਮੰਡੀਕਰਨ ਦੀਆਂ ਸਮੱਸਿਆਵਾਂ ਹੱਲ ਹੋ ਗਈਆਂ। ਪਰ ਇਸ ਸਾਰੀ ਪ੍ਰਕਿਰਿਆ ਵਿਚ ਸਭ ਤੋਂ ਜ਼ਿਆਦਾ ਲਾਭ ਧਨੀ ਕਿਸਾਨੀ ਨੂੰ ਹੀ ਹੋਇਆ। ਮਹਿੰਗੇ ਬੀਜਾਂ, ਖਾਦਾਂ ਵਾਹੀ ਸੰਦਾਂ ਦੇ ਖਰਚਿਆਂ ਅਤੇ ਖੇਤੀ ਦੀ ਬੇ-ਤਰਤੀਬੀ ਕਾਰਨ ਤੇ ਪੀੜ੍ਹੀ ਘਟਦੀ ਜ਼ਮੀਨ ਨੇ ਸੀਮਾਂਤ ਅਤੇ ਛੋਟੀ ਕਿਸਾਨੀ ਨੂੰ ਕੰਗਾਲ ਕਰ ਦਿੱਤਾ।










ਹਰੀ ਕ੍ਰਾਂਤੀ ਦਾ ਮਾਡਲ ਕਿਉਂਕਿ ਪੰਜਾਬ ਦੀਆਂ ਭੂਗੋਲਿਕ ਲੋੜਾਂ ਅਤੇ ਸਥਾਨਕ ਸਥਿਤੀਆਂ ਦੀ ਵਿਕਾਸ ਪ੍ਰਕ੍ਰਿਆ ਵਿਚੋਂ ਤਿਆਰ ਨਹੀਂ ਕੀਤਾ ਗਿਆ। ਇਹ ਪੱਛਮੀ ਦੇਸ਼ਾਂ ਦੀਆਂ ਬਹੁਰਾਸ਼ਟਰੀ ਕੰਪਨੀਆਂ ਦੀ ਅਜ਼ਾਰੇਦਾਰੀ ਹੇਠ ਸ਼ੁਰੂ ਕੀਤਾ ਗਿਆ ਸੀ। ਇਨ੍ਹਾਂ ਨੇ ਬਦਲਦੀਆਂ ਭੂਗੋਲਿਕ ਪ੍ਰਸਥਿਤੀਆਂ ਅਨੁਸਾਰ ਨੁਮਾਇਆ ਖੇਤੀ ਵਿਧੀਆਂ ਅਤੇ ਖੋਜਾਂ ਨੂੰ ਲਾਗੂ ਨਾ ਕੀਤਾ ਜਿਸ ਦੇ ਨਤੀਜੇ ਵਜੋਂ ਨੱਬੇਵਿਆਂ ਤਕ ਹਰੀ ਕ੍ਰਾਂਤੀ ਪੂਰੀ ਤਰ੍ਹਾਂ ਖੜੋਤ ਵਿਚ ਆ ਜਾਂਦੀ ਹੈ। ਫਸਲੀ ਝਾੜ ਵਿਚ ਆਈ ਖੜੋਤ, ਫਸਲੀ ਖਰਚੇ, ਮੰਡੀ ਵਿਚ ਸਹੀ ਮੁੱਲ ਨਾ ਪੈਣ, ਆੜਤੀਆਂ ਦੀ ਲੁੱਟ, ਬੈਂਕਾਂ ਦੇ ਕਰਜ਼ੇ, ਅਫ਼ਸਰਸ਼ਾਹੀ ਵੱਲੋਂ ਕੀਤੀ ਜਾਂਦੀ ਖੱਜਲ ਖੁਆਰੀ ਕਾਰਨ ਵੀਹਵੀਂ ਸਦੀ ਦੇ ਆਖਰੀ ਦਹਾਕੇ ਦੇ ਪਿਛਲੇ ਅੱਧ ਤੱਕ ਕਿਸਾਨੀ ਸੰਕਟ ਪੂਰੀ ਤਰ੍ਹਾਂ ਗਹਿਰਾਅ ਜਾਂਦਾ ਹੈ। ਕਿਸਾਨੀ ਸੰਕਟ ਦਾ ਜ਼ਿੰਮੇਵਾਰ ਹੈ ਕਿਸਾਨ ਦੋਖੀ ਮੌਜੂਦਾ ਪ੍ਰਬੰਧ, ਜਿਹੜਾ ਸਾਮਰਾਜੀਆਂ ਦੀ ਅਤੇ ਉਨ੍ਹਾਂ ਦੇ ਹਿੱਤ-ਪਾਲਕ ਜਗੀਰਦਾਰਾਂ, ਭੋਂਇ ਸਰਦਾਰਾਂ, ਵੱਡੇ ਪੂੰਜੀਪਤੀਆਂ ਦੀ ਨੰਗੀ ਚਿੱਟੀ ਸੇਵਾ ਕਰਦਾ ਹੈ ਅਤੇ ਕਿਸਾਨੀ ਕਿੱਤੇ ਨਾਲ ਜੁੜੀ ਸਮੂਹ ਲੋਕਾਈ ਦੀ ਰੱਤ ਨਿਚੋੜਦਾ ਹੈ, ਜਿਹੜਾ ਚੜ੍ਹਦੇ ਸੂਰਜ, ਨਵੀਆਂ ਆਰਥਕ ਨੀਤੀਆਂ, ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ ਦੀਆਂ ਸ਼ਰਤਾਂ ਖੇਤੀ ਅੰਦਰ ਮੜ੍ਹਦਾ ਹੈ। ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਸਮਾਜਵਾਦੀ ਬਲਾਕ ਦੇ ਤਿੜਕ ਜਾਣ ਅਤੇ ਸਮਾਜਵਾਦੀ ਦੇਸ਼ਾਂ ਦਾ ਪੂੰਜੀਵਾਦੀ ਅਰਥ ਵਿਵਸਥਾ ਵਿਚ ਪਰਵੇਸ਼, ਗੈਟ ਸਮਝੌਤਾ, 1995 ਵਿਚ ਡਬਲਯੂ.ਟੀ.ਓ ਦਾ ਵਿਸ਼ਵ ਵਿਆਪੀ ਵਪਾਰਕ ਏਜੰਡਾ ਪੂਰੇ ਵਿਸ਼ਵ ਦੀ ਆਰਥਕਤਾ ਨੂੰ ਵਿਕਸਤ ਦੇਸ਼ਾਂ ਦੀ ਅਜ਼ਾਰੇਦਾਰੀ ਹੇਠ ਕਰ ਦਿੰਦਾ ਹੈ। ਇਸੇ ਪ੍ਰਕਰਨ ਵਿਚ ਵਿਸ਼ਵੀਕਰਨ ਦੀ ਪ੍ਰਕਿਰਿਆ ਵਿਚ ਤੇਜ਼ੀ ਆਉਣੀ ਸ਼ੁਰੂ ਹੁੰਦੀ ਹੈ। ਖੁੱਲ੍ਹੀ ਮੰਡੀ ਅਤੇ ਮੁਕਤ ਵਪਾਰ ਦੇ ਪੂੰਜੀਵਾਦੀ ਵਰਤਾਰੇ ਸਨਮੁੱਖ ਆਉਂਦੇ ਹਨ। ਸ਼ਹਿਰੀਕਰਨ, ਉਦਾਰੀਕਰਨ, ਨਿੱਜੀਕਰਨ ਅਤੇ ਗਲੋਬਲੀ ਪਿੰਡ ਦਾ ਸੰਕਲਪ ਸਾਹਮਣੇ ਆਉਂਦਾ ਹੈ। ਖੇਤੀ ਦੇ ਮਸ਼ੀਨੀਕਰਨ, ਰਸਾਇਣੀਕਰਨ ਅਤੇ ਵਪਾਰੀਕਰਨ ਤੋਂ ਬਹੁਤਾ ਲਾਹਾ ਵੱਧ ਭੌਂਅ ਮਾਲਕੀ ਵਾਲਿਆਂ ਨੇ ਹੀ ਹਥਿਆਇਆ ਹੈ। ਸਹਿਕਾਰੀ ਕਰਜਾ ਸੰਸਥਾਵਾਂ ’ਤੇ ਕਬਜ਼ਾ ਇਨ੍ਹਾਂ ਦਾ ਹੀ ਹੈ। ਇਨ੍ਹਾਂ ਦੀ ਵੱਡੀ ਬਹੁਗਿਣਤੀ ਹੁਣ ਆੜ੍ਹਤ ਅਤੇ ਸ਼ਾਹੂਕਾਰੇ ਦਾ ਕੰਮ ਵੀ ਕਰਦੀ ਹੈ। ਧਨੀ ਕਿਸਾਨੀ ਦੇ ਆੜ੍ਹਤੀ ਸਭਿਆਚਾਰ ਨੇ ਵਧੇਰੇ ਕਰਕੇ ਰਾਜਸੱਤਾ ਉਪਰ ਕਬਜ਼ਾ ਕੀਤਾ ਹੈ ਜਿਹੜਾ ਨਿਮਨ ਕਿਸਾਨੀ ਦਾ ਆਰਥਿਕ ਅਤੇ ਸਾਂਸਕ੍ਰਿਤਕ ਸ਼ੋਸ਼ਣ ਕਰਕੇ ਐਸ਼ਪ੍ਰਸਤੀ ਤੇ ਉਪਭੋਗਤਾਵਾਦੀ ਰੁਚੀਆਂ ਤਹਿਤ ਪੂੰਜੀਵਾਦੀ ਦਾ ਹੱਥਠੋਕਾ ਬਣ ਰਿਹਾ ਹੈ। ਧਨੀ ਕਿਸਾਨੀ ਦੀ ਦੇਖਾ ਦੇਖੀ ਮਧਲੀ ਅਤੇ ਨਿਮਨ ਕਿਸਾਨੀ ਦੇ ਨੌਜਵਾਨ ਤਬਕੇ ਵੀ ਉਪਭੋਗਤਾਵਾਦੀ ਰੁਚੀਆਂ ਦੇ ਸ਼ਿਕਾਰ ਹੋ ਰਹੇ ਹਨ। ਇਹ ਪੂੰਜੀਵਾਦੀ ਦਾ ਨਵ ਬਸਤੀਵਾਦੀ ਵਿਧੀ-ਵਿਧਾਨ ਹੈ। ਇਸ ਪ੍ਰਕਿਰਿਆ ਵਿਚ ਕਿਸੇ ਭੂਗੋਲਿਕ ਖਿੱਤੇ ਉਪਰ ਕਬਜ਼ਾ ਕਰਨ ਦੀ ਲੋੜ ਨਹੀਂ ਹੁੰਦੀ। ਵਿਸ਼ਵੀਕਰਨ ਦਾ ਇਹ ਵਰਤਾਰਾ ਸਾਡੀ ਮਾਨਸਿਕਤਾ ਉੱਪਰ ਬਹੁਤ ਸਹਿਜ ਨਾਲ ਗ਼ਲਬਾ ਪਾਉਂਦਾ ਹੈ ਤੇ ਸਾਨੂੰ ਪਤਾ ਵੀ ਨਹੀਂ ਲਗਦਾ। ਇਸ ਵਰਤਾਰੇ ਨੂੰ ਪੂੰਜੀਵਾਦ ਦੀ ਸਭਿਆਚਾਰਕ ਸਨਅਤ ਦੁਆਰਾ ਸਰ ਅੰਜ਼ਾਮ ਦਿੱਤਾ ਜਾਂਦਾ ਹੈ। ਮੀਡੀਆ ਇਸ ਕਾਰਜ ਵਿਚ ਨੁਮਾਇਆ ਰੋਲ ਅਦਾ ਕਰਦਾ ਹੈ।












“ਇਹ ਇਕ ਅਜਿਹੀ ਵਿਚਾਰਧਾਰਾ ਹੈ ਜਿਸ ਨੂੰ ਨਵੀਨਤਾ, ਆਧੁਨਿਕਤਾ, ਵਿਗਿਆਨਕਤਾ, ਸੁਤੰਤਰਤਾ, ਨਵੇਂ ਸਭਿਆਚਾਰ ਤੇ ਸਭਿਆਚਾਰ ਦੇ ਵਿਕਾਸ ਦੀ ਮਿੱਥ ਨਾਲ ਸਬੰਧਿਤ ਕੀਤਾ ਜਾਂਦਾ ਹੈ। ਇਸ ਦ੍ਰਿਸ਼ਟੀ ਨਾਲ ਗਲੋਬਲਈਜੇਸ਼ਨ ਜੋ ਸਥਿਤੀ ਪੈਦਾ ਕਰਦੀ ਹੈ, ਉਸ ਬਾਰੇ ਇਕ ਗੱਲ ਵਿਸ਼ੇਸ਼ ਤੌਰ ’ਤੇ ਰੇਖਾਂਕਿਤ ਕਰਨ ਦੀ ਲੋੜ ਹੈ। ‘ਤੁਹਾਨੂੰ ਉਹ ਕੁਝ ਦਿੱਤਾ ਜਾਂਦਾ ਹੈ ਜੋ ਤੁਸੀਂ ਚਾਹਿਆ ਨਹੀਂ ਸੀ ਪਰ ਜਦੋਂ ਇਹ ਸਭ ਵਾਪਰ ਰਿਹਾ ਹੈ, ਤੁਸੀਂ ਕੁਝ ਚੋਣ ਕਰ ਸਕੋ, ਇਹ ਸਥਿਤੀ ਵੀ ਖਤਮ ਕਰ ਦਿੱਤੀ ਗਈ ਹੈ।”[3]

ਉਪਰੋਕਤ ਇਨ੍ਹਾਂ ਸਰੋਕਾਰਾਂ ਨੂੰ ਉਭਾਰਨ ਵਿਚ ਮੀਡੀਆ ਅਤੇ ਸੰਚਾਰ ਸਾਧਨਾਂ ਦੀ ਭੂਮਿਕਾ ਨਿਰਵਿਵਾਦ ਨਕਾਰਾਤਮਕ ਰੂਪ ਵਿਚ ਪਛਾਣੀ ਜਾ ਸਕਦੀ ਹੈ। ਜੋ ਕੁਦਰਤੀ ਘੱਟ ਅਤੇ ਗੈਰ-ਕੁਦਰਤੀ ਵਧੇਰੇ ਹੋ ਨਿਭੜਦੇ ਹਨ। ਜਿਸ ਉਪਭੋਗਤਾਵਾਦੀ ਸਮਾਜ ਵਿਚ ਅਸੀਂ ਦਾਖ਼ਲ ਹੋ ਗਏ ਹਾਂ, ਉਸ ਵਿਚ ਵਸਤਾਂ ਦੇ ਯਥਾਰਥ ਦਾ ਮਹੱਤਵ ਨਹੀਂ ਰਹਿ ਗਿਆ, ਸਗੋਂ ਮੀਡੀਆ ਜਾਂ ਇਸ਼ਤਿਹਾਰ ਸਾਡੇ ਸਾਹਮਣੇ ਕਿਸੇ ਵਸਤ ਦਾ ਜੋ ਚਿਹਨ ਸਥਾਪਤ ਕਰ ਦਿੰਦੇ ਹਨ, ਅਸੀਂ ਉਸ ’ਤੇ ਨਿਰਭਰ ਕਰਦੇ ਹਾਂ ਉਹ ਚਿਹਨ ਸਾਡੇ ਅੰਦਰ ਇਕ ਕਾਮਨਾ ਜਾਂ ਡੀਜ਼ਾਇਰ ਨੂੰ ਜਨਮ ਦਿੰਦਾ ਹੈ। ਅਜੋਕਾ ਸਮਾਂ ਅਤਿ-ਯਥਾਰਥਕਤਾ ਦਾ ਦੌਰ ਹੈ। “ਇਥੇ ਸੂਚਨਾਵਾਂ ਅਤੇ ਸੰਕੇਤਾਂ ਨੂੰ ਮੀਡੀਆ ਰਾਹੀਂ ਵੇਚਿਆ ਜਾਂਦਾ ਹੈ। ਹਰ ਸੰਕੇਤ ਆਪਣੀ ਵਾਸਤਵਿਕਤਾ ਦੀ ਭ੍ਰਾਂਤੀ ਪੈਦਾ ਕਰਦਾ ਹੈ। ਇਸ ਅਤਿ-ਯਥਾਰਥਕਤਾ ਮੀਡੀਆ ਨੂੰ ਵਾਸਤਵਿਕਤਾ ਜਾਂ ਯਥਾਰਥਕਤਾ ਦਾ ਆਈਨਾ ਨਹੀਂ ਕਿਹਾ ਜਾ ਸਕਦਾ। ਅੱਜ ਜੋ ਕੁੱਝ ਮੀਡੀਆ ਦਿਖਾਉਂਦਾ ਹੈ, ਉਹ ‘ਯਥਾਰਥ’ ਯਥਾਰਥ ਤੋਂ ਅੱਗੇ ਦੀ ਚੀਜ਼ ਹੈ।ਯਥਾਰਥਕਤਾ ਤੋਂ ਪਰ੍ਹੇ ਹੈ।”[4] ਉੱਤਰ ਬਸਤੀਵਾਦੀ ਸੰਚਾਰ ਪ੍ਰਕਿਰਿਆ ਨੇ ਵਿਸ਼ਵੀਕਰਨ ਦੇ ਸੰਕਲਪ ਦੇ ਤਹਿਤ ਉਦਾਰੀਕਰਨ, ਨਿੱਜੀਕਰਨ ਅਤੇ ਸ਼ਹਿਰੀਕਰਨ ਦੀ ਮਤਲਬਪ੍ਰਸਤੀ ਅਤੇ ਚਕਾਚੌਂਧ ਨੇ ਉਪਭੋਗਤਾਵਾਦੀ, ਵਿਹਲੜ, ਮਤਲਬੀ, ਰਿਸ਼ਵਤਖੋਰ, ਨਸ਼ੇੜੀ ਅਤੇ ਭ੍ਰਿਸ਼ਟ ਮਾਨਸਿਕਤਾ ਵਿਚ ਗਰੱਸਿਆ ਬੰਦਾ ਪੈਦਾ ਕੀਤਾ ਹੈ। “ਉਪਭੋਗਵਾਦੀ ਰੁਚੀਆਂ ਦੇ ਭਾਰੂ ਹੋਣ ਨਾਲ ਮਾਨਸਿਕ ਤੇ ਆਤਮਿਕ ਮੁੱਲਾਂ ਪ੍ਰਤੀ ਰੁਝਾਨ ਘਟਿਆ ਹੈ ਤੇ ਸਰੀਰ ਦੇ ਭੌਤਿਕ ਆਨੰਦ ਨੇ ਪ੍ਰਮੁੱਖਤਾ ਪ੍ਰਾਪਤ ਕਰ ਲਈ ਹੈ ਜਿਸ ਦਾ ਪੰਜਾਬੀ ਸ਼ਬਦ ਸਭਿਆਚਾਰ ’ਤੇ ਅਸਰ ਇਹ ਹੋਇਆ ਹੈ ਕਿ ਸਾਹਿਤਕ ਪ੍ਰਵਚਨ ਵਿਚ ‘ਦੇਹੀਨਾਦ’ (ਡਾ. ਗੁਰਭਗਤ ਸਿੰਘ) ਦੀ ਗੱਲ ਤੁਰੀ ਹੈ। ਇਹ ਪ੍ਰਵਿਰਤੀ ਉਪਭੋਗਤਾਵਾਦ ਤੇ ਭੂਮੰਡਲੀਕਰਨ ਨੂੰ ਸਵੀਕਾਰਨ ਦੀ ਹੈ।”[5] ਪਰ ਇਹ ਵੀ ਸੱਚ ਹੈ ਕਿ ਦੇਹ ਦਾ ਆਨੰਦ ਬੰਦੇ ਲਈ ਪਰਮ ਸੱਚ ਹੈ ਤੇ ਇਹ ਕੁਦਰਤੀ ਲੋੜ ਵੀ ਹੈ। ਜਦੋਂ ਬੰਦੇ ਦੀ ਸਰੀਰਕ ਤੇ ਮਾਨਸਿਕ ਸੰਰਚਨਾ ਵਿਚ ਇਸ ਪਰਵਿਰਤੀ ਦੀ ਪਰਬਲਤਾ ਹੈ ਤੇ ਬੰਦੇ ਦੀ ਜ਼ਿੰਦਗੀ ਦੀ ਇਸ ਕਰੂਰ ਯਥਾਰਥਕਤਾ ਦੀ ਪ੍ਰਸਤੁਤੀ ਸਾਹਿਤ ਵਿਚ ਹੋਈ ਹੈ ਤਾਂ ਸਮਕਾਲੀ ਪ੍ਰਸਥਿਤੀਆਂ ਵਿਚ ਇਹ ਕੋਈ ਟੈਬੂ ਵੀ ਨਹੀਂ ਰਿਹਾ। ਸਮਕਾਲੀ ਸਮੇਂ ਵਿਚ ਬੌਧਿਕ ਚਿੰਤਨ ਦੇ ਖੇਤਰ ਵਿਚ ਵਿਚਾਰਧਾਰਾ ਦੇ ਅੰਤ, ਇਤਿਹਾਸ ਦੇ ਅੰਤ, ਮਹਾਂਬਿਰਤਾਤਾਂ ਦੇ ਅੰਤ ਦੀ ਗੱਲ ਤੁਰੀ ਹੈ। ਬਹੁ ਅਵਾਜ਼ਾਂ ਦਾ ਦੌਰ, ਦਲਿਤ ਚੇਤਨਾ, ਨਾਰੀ ਚੇਤਨ, ਹਾਸ਼ੀਆਂ-ਕ੍ਰਿਤਾਂ ਦੇ ਬਿਰਤਾਂਤ










ਸਮਕਾਲੀ ਸਮੇਂ ਦੀਆਂ ਤਾਜ਼ੀਆਂ ਮਿੱਥਾਂ ਹਨ। ਸਮਕਾਲੀ ਸਮੇਂ ਪਾਰਰਾਸ਼ਟਰੀ ਸਭਿਆਚਾਰ, ਫਾਸ਼ੀਵਾਦੀ ਰਾਸ਼ਟਰਵਾਦ, ਕੱਟੜਵਾਦੀ ਧਾਰਮਿਕ ਅੰਦੋਲਨ (ਡੇਰਾਵਿਵਾਦ) ਰੰਗ, ਨਸਲ., ਜਾਤਪਾਤ ਅਧਾਰਿਤ ਮਸਲੇ ਉਭਰ ਰਹੇ ਹਨ। ਰਿਸ਼ਤਿਆਂ ਦਾ ਮੋਹ-ਭੰਜਨ, ਅਸਤਿਤਵੀ ਮਸਲੇ, ਨਿੱਜੀਭਾਵੀ, ਵਸਤੂ ਕੇਂਦਰਤ ਰੁਚੀਆਂ ਨੇ ਸਮਕਾਲੀ ਗਲਪੀ ਯਥਾਰਥ ਨੂੰ ਗੁੰਝਲਸ਼ੀਲ, ਬਹੁ-ਪਸਾਰੀ, ਬਹੁ ਅਯਾਮੀ ਅਤੇ ਅਤਿ ਜਲਿਟ ਬਣਾ ਦਿੱਤਾ ਹੈ ਪੰਜਾਬੀ ਨਾਵਲ ਅਜਿਹੇ ਨਾਵਲੀ ਬਿਰਤਾਂਤ ਦੀ ਸਿਰਜਣਾ ਦਾ ਸਬੂਤ ਹੈ।

ਪੰਜਾਬੀ ਨਾਵਲ ਵਿਚ ਇਸ ਦੇ ਰੂਪ ਦੀਆਂ ਲੋੜਾਂ ਅਨੁਸਾਰ ਪੰਜਾਬੀ ਜੀਵਨ ਦਾ ਬਹੁਪੱਖੀ ਚਿੱਤਰ ਪ੍ਰਾਪਤ ਹੈ। ਪੰਜਾਬੀ ਲੋਕਾਂ ਦੇ ਸਾਰੇ ਅਨੁਭਵ, ਵਿਭਿੰਨ ਲੇਖਕਾਂ ਦੁਆਰਾ ਉਨ੍ਹਾਂ ਦੇ ਸਮਾਜਿਕ ਸਭਿਆਚਾਰਕ ਪਰਿਵੇਸ਼ ਅਨੁਸਾਰ ਘੱਟ ਜਾਂ ਵੱਧ ਕਲਾਤਮਕਤਾ ਸਹਿਤ ਪੰਜਾਬੀ ਨਾਵਲ ਵਿਚ ਸਮੋਏ ਗਏ ਹਨ। ਪੰਜਾਬ ਦੇ ਭਿੰਨ-ਭਿੰਨ ਖੇਤਰਾਂ, ਪਿੰਡਾਂ, ਸ਼ਹਿਰਾਂ, ਵਿਭਿੰਨ ਸਮਾਜਿਕ ਪਾਤਰਾਂ, ਵੱਖ-ਵੱਖ ਵਰਗਾਂ, ਇਤਿਹਾਸਕ ਤਜ਼ਰਬਿਆਂ, ਆਰਥਿਕ ਰਾਜਨੀਤਕ ਸਮਾਚਾਰਾਂ ਤੇ ਸਾਂਸਕ੍ਰਿਤਕ ਸਮੱਸਿਆਵਾਂ ਦਾ ਉਲੇਖ ਪੰਜਾਬੀ ਨਾਵਲ ਵਿਚ ਪ੍ਰਾਪਤ ਹੈ। ਪੰਜਾਬੀ ਦੇ ਮੁਢਲੇ ਨਾਵਲਕਾਰਾਂ ਦੀਆਂ ਰਚਨਾਵਾਂ ਬੇਸ਼ੱਕ ਰੁਮਾਂਸਵਾਦੀ, ਆਦਰਸ਼ਵਾਦੀ ਅਤੇ ਧਾਰਮਿਕ ਸੁਧਾਰਵਾਦੀ ਰਹੀਆਂ ਹਨ ਪਰ ਇਨ੍ਹਾਂ ਰਚਨਾਵਾਂ ਵਿਚ ਜੀਵਨ ਦੀ ਸਮੁੱਚੀ ਪੇਸ਼ਕਾਰੀ ਹੋਈ ਮਿਲਦੀ ਹੈ। ਪੰਜਾਬੀ ਦੇ ਨਾਵਲਕਾਰਾਂ ਵਿਚ ਭਾਈ ਵੀਰ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਸੁਰਿੰਦਰ ਸਿੰਘ ਨਰੂਲਾ, ਸੋਹਣ ਸਿੰਘ ਸੀਤਲ ਦੀਆਂ ਰਚਨਾਵਾਂ ਮੁੱਢਲੇ ਦੌਰ ਵਿਚ ਆ ਜਾਂਦੀਆਂ ਹਨ। ਉਸ ਤੋਂ ਪਿੱਛੋਂ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਗੁਰਬਖ਼ਸ਼ ਸਿੰਘ, ਅੰਮ੍ਰਿਤਾ ਪ੍ਰੀਤਮ ਆਦਿ ਨੇ ਆਪਣੇ ਸਮਕਾਲੀ ਜੀਵਨ ਯਥਾਰਥ ਦੀ ਸਮੱਗਰ ਪੇਸ਼ਕਾਰੀ ਕੀਤੀ ਹੈ। ਇਨ੍ਹਾਂ ਦੀਆਂ ਰਚਨਾਵਾਂ ਜਿੱਥੇ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਹਨ, ਉੱਥੇ ਪ੍ਰਗਤੀਵਾਦ ਨਾਲ ਜਾਂ ਸਮੇਂ ਦੇ ਦੂਜੇ ਝੁਕਾਵਾਂ ਨਾਲ ਪ੍ਰਤਿਬੱਧਤਾ ਵੀ ਰੱਖਦੀਆਂ ਹਨ। 'ਵਰਤਮਾਨ ਤੱਕ ਅਸੀਂ ਨਾਵਲ ਦੇ ਰੂਪਾਕਾਰ ਨੂੰ ਸਮਾਜਕ ਯਥਾਰਥ ਦੀ ਪੇਸ਼ਕਾਰੀ ਦੇ ਨਜ਼ਰੀਏ ਤੋਂ ਸਮਝਦੇ ਰਹੇ ਹਾਂ ਇੱਥੇ ਨਾਵਲੀ ਬਿਰਤਾਂਤ ਦੀ ਖ਼ੂਬਸੂਰਤੀ ਅਤੇ ਕਲਾਤਮਕਤਾ ਸਮਾਜਕ ਯਥਾਰਥ ਵਰਗਾ ਹੋਣ ਵਿਚ ਮੰਨੀ ਜਾਂਦੀ ਰਹੀ ਹੈ।

ਸਮਕਾਲੀ ਕਿਸਾਨੀ ਸੰਕਟ, ਖੁਦਕੁਸ਼ੀਆਂ, ਰਿਸ਼ਤਿਆਂ ਦਾ ਵਿਖੰਡਨ, ਪਰਿਵਾਰਕ ਟੁੱਟ ਭੱਜ, ਕਿਸਾਨ ਦਾ ਮਾਲਕ ਤੋਂ ਮਜ਼ਦੂਰ ਤੱਕ ਦਾ ਸਫ਼ਰ, ਮਜ਼ਦੂਰ ਦੀ ਹਿਜ਼ਰਤ, ਸੀਰੀ ਸਭਿਆਚਾਰ ਦੀ ਮਿੱਥ ਦਾ ਟੁੱਟਣਾ ਅਨੇਕਾਂ ਸਰੋਕਾਰ ਹਨ ਜਿਹੜੇ ਪੰਜਾਬੀ ਨਾਵਲੀ ਪ੍ਰਵਚਨ ਵਿਚ ਸਮਕਾਲੀ ਯਥਾਰਥ ਨੂੰ ਨਿਰੂਪਤ ਕਰਦੇ ਹਨ। ਇਨ੍ਹਾਂ ਵਿਵਿਧ ਪਰਿਪੇਖਾਂ ਨੂੰ ਪੰਜਾਬ ਦੀ ਇਤਿਹਾਸਕ ਵਿਕਾਸ ਰੇਖਾ ਵਿਚ ਪੂਰੇ ਜਲੌਅ ਅਤੇ ਵਸਤੂ ਸਥਿਤੀ ਦੇ ਵਿਵੇਕ ਸਹਿਤ ਪਛਾਣਿਆ ਜਾ ਸਕਦਾ ਹੈ। ਇਸ ਸੰਦਰਭ ਵਿਚ ਪ੍ਰੋ. ਗੁਰਦਿਆਲ ਸਿੰਘ ਦਾ ਨਾਵਲ 'ਪਰਸਾ' ਰਾਮ ਸਰੂਪ ਅਣਖੀ ਦਾ 'ਕੋਠੇ ਖੜਕ ਸਿੰਘ' 'ਦੁੱਲੇ ਦੀ ਢਾਬ', 'ਪਰਤਾਪੀ', 'ਸਲਫ਼ਾਸ' ਆਦਿ ਤੇ ਕਰਮਜੀਤ ਸਿੰਘ ਕੁੱਸਾ ਦੇ ਨਾਵਲ 'ਅੱਗ ਦਾ ਗੀਤ', 'ਰੋਹੀ ਬੀਆਬਾਨ' ਰੱਖੇ ਜਾ ਸਕਦੇ ਹਨ।








ਇਨ੍ਹਾਂ ਨਾਵਲਾਂ ਦੇ ਗਲਪੀ ਪ੍ਰਵਚਨ ਵਿਚ ਪੇਸ਼ ਹੋਣ ਵਾਲ ਸਧਾਰਨ ਬੰਦਾ ਹਮੇਸ਼ਾਂ ਸਥਿਤੀਆਂ ਦੀ ਕਰੂਰਤਾ ਸਨਮੁੱਖ ਟੁੱਟਦਾ ਹੈ, ਸੰਘਰਸ਼ ਕਰਦਾ ਹੈ, ਹਾਰਦਾ ਹੈ ਪਰ ਇਸ ਹਾਰ ਵਿਚ ਹੀ ਉਸ ਦਾ ਗੌਰਵ ਛੁਪਿਆ ਹੈ। ਇਨ੍ਹਾਂ ਨਾਵਲਾਂ ਦੇ ਨਾਇਕ ਨਾ ਕੇਵਲ ਪ੍ਰਸਥਿਤੀਆਂ ਦੇ ਵਿਵੇਕ ਹੱਥੋਂ ਹਾਰਦੇ ਹਨ, ਸਗੋਂ ਇਹ ਅਜਿਹੇ ਸੱਤਾਮੂਲਕ ਪ੍ਰਬੰਧਾਂ ਦੀ ਵੀ ਪੇਸ਼ਕਾਰੀ ਕਰਦੇ ਹਨ, ਜੋ ਇਨ੍ਹਾਂ ਸਥਿਤੀਆਂ ਨੂੰ ਸਿਰਜਣ ਦੀ ਸਿਲਸਲੇਵਾਰ ਸਰਗਰਮੀ ਪੈਦਾ ਕਰਦੇ ਹਨ।"ਰਾਮ ਸਰੂਪ ਅਣਖੀ ਆਪਣੇ ਨਾਵਲੀ ਪ੍ਰਵਚਨ ਵਿਚ ਕਾਮ ਤੇ ਅਰਥ ਦੇ ਸੰਕਟ ਦੇ ਥੀਮ ਨੂੰ ਕੇਂਦਰ ਵਿਚ ਰੱਖਦਿਆਂ ਹੋਇਆਂ ਸਾਡੀ ਪੇਂਡੂ ਕਿਸਾਨੀ ਸੰਸਕ੍ਰਿਤੀ ਦੇ ਵਿਭਿੰਨ ਪਾਸਾਰਾਂ ਨੂੰ ਖੋਲ੍ਹਦਾ ਹੈ। ਉਸ ਦੇ ਨਾਵਲ 'ਹਮੀਰ ਗੜ੍ਹ' ਜੱਸੀ ਸਰਪੰਚ, ਅੱਛਰਾ ਦਾਂਦੂ ਵੀ ਕਿਸਾਨੀ ਜੀਵਨ ਦੇ ਵਿਭਿੰਨ ਵੇਰਵੇ ਅਤੇ ਵਸਤੂ ਸਥਿਤੀ ਦੇ ਯਥਾਰਥ ਨੂੰ ਪੇਸ਼ ਕਰਦੇ ਹਨ। ਕਰਮਜੀਤ ਸਿੰਘ ਕੁੱਸਾ ਨੇ ਆਪਣੇ ਨਾਵਲ 'ਰੋਹੀ ਬੀਆਬਾਨ' ਤੇ 'ਅੱਗ ਦਾ ਗੀਤ' ਵਿਚ ਵੀ ਨਿਮਨ ਕਿਸਾਨੀ ਦੀ ਨਿੱਘਰਦੀ ਹਾਲਤ ਦੇ ਦ੍ਰਿਸ਼ ਅਤੇ ਕਿਸਾਨ ਪਰਿਵਾਰ ਦੇ ਮਜ਼ਦੂਰ ਬਣ ਜਾਣ ਦੇ ਸੰਤਾਪ ਨੂੰ ਆਪਣੀ ਰਚਨਾ ਦ੍ਰਿਸ਼ਟੀ ਦਾ ਕੇਂਦਰ ਬਣਾਇਆ ਹੈ। ਇਸੇ ਤਰ੍ਹਾਂ ਬਲਦੇਵ ਸਿੰਘ ਰਚਿਤ 'ਅੰਨਦਾਤਾ' ਨਾਵਲ ਵਿਚ ਮਾਨਸਿਕ ਅਤੇ ਸਭਿਆਚਾਰਕ ਬੇ ਤਰਤੀਬੀਆਂ ਦੇ ਬਿਰਤਾਂਤਕ ਪ੍ਰਵਚਨ ਦੀ ਸਿਰਜਨਾ ਕਰਦੇ ਹੋਏ ਗਲੋਬਲ ਨਕਸ਼ੇ ਉੱਪਰ ਪੰਜਾਬੀ ਕੌਮ ਦੇ ਖੰਡਤ ਹੋਣ ਦੇ ਨਿਯਮਾਂ, ਉਦੇਸ਼ਾਂ ਅਤੇ ਹਾਦਸਿਆਂ ਨੂੰ ਖੇਤਰੀ ਬਿੰਦੂ ਤੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਿੰਦੂਆਂ ਨਾਲ ਜੋੜ ਕੇ ਪੰਜਾਬੀ ਸਮਾਜ ਅਤੇ ਇਸ ਨਵੀਂ ਸਥਿਤੀ ਵਿਚ ਪੰਜਾਬੀ ਮਨੁੱਖ ਦੇ ਬੇਮਾਇਨਾ ਹੋਣ ਦੇ ਸੰਤਾਪ ਨੂੰ ਪੇਸ਼ ਕਰਨ ਲਈ ਮਨੁੱਖ ਦੀ ਹੋਂਦ ਦੇ ਸੰਕਟਾਂ ਦੇ ਅਰਥਾਂ ਦੀ ਸਿਰਜਣਾ ਕਰਦੀਆਂ ਹਨ। ਜਿਸ ਨਾਲ ਅਜਿਹਾ ਬਿਰਤਾਂਤਕ ਪ੍ਰਵਚਨ ਰੂਪਮਾਨ ਹੁੰਦਾ ਹੈ ਜੋ ਇਸ ਮਨੁੱਖ ਦੀਆਂ ਆਰਥਕ ਅਤੇ ਸਭਿਆਚਾਰ ਬੇਤਰਤੀਬੀਆਂ ਨੂੰ ਜਾਇਜ਼ ਬਣਾਉਣ ਦੀਆਂ ਧਾਰਨਾਵਾਂ ਵਜੋਂ ਪੇਸ਼ ਹੁੰਦਾ ਹੈ।"[6]

ਉੱਤਰ ਆਧੁਨਿਕ ਵਰਤਾਰੇ ਦੇ ਸਮਾਨਾਤਰ ਵਿਚਾਰਧਾਰਾ ਦੇ ਦੌਰ ਨੇ ਘੱਟ ਗਿਣਤੀਆਂ, ਹਾਸ਼ੀਆਗਤ, ਦਲਿਤਾਂ ਅਤੇ ਨਾਰੀ ਨੂੰ ਕੇਂਦਰ ਵਿੱਚ ਸਪੇਸ ਮੁਹੱਈਆ ਕਰਵਾਈ ਹੈ। ਦਲਿਤ ਚੇਤਨਾ ਅਤੇ ਨਾਰੀ ਚੇਤਨਾ, ਨਾਰੀ ਸ਼ਕਤੀਕਰਨ ਦੇ ਨਵੇਂ ਸੰਕਲਪਾਂ ਨੇ ਚਿੰਤਨ ਚੇਤਨਾ ਦੇ ਨਵੇਂ ਅਯਾਮ ਅਤੇ ਦਿਸਹੱਦੇ ਦ੍ਰਿਸ਼ਟੀਗੋਚਰ ਕੀਤੇ ਹਨ। ਪੰਜਾਬੀ ਸਭਿਆਚਾਰਕ ਯਥਾਰਥ ਵਿਚ ਜੱਟਵਾਦੀ ਕਲਚਰ ਭਾਰੂ ਹੋਣ ਅਤੇ ਜੱਟਵਾਦੀ ਹਉਂ ਕਾਰਨ ਮਜ਼ਦੂਰ ਅਤੇ ਕਿਸਾਨ ਦੇ ਭਾਵੁਕ ਰਿਸ਼ਤੇ ਤਿੜਕੇ ਹਨ। ਦਲਿਤਾਂ ਅਤੇ ਹਾਸ਼ੀਆਗ੍ਰਸਤਾਂ ਨੂੰ ਸਹੀ ਸਮਾਜਿਕ ਸਪੇਸ ਨਾ ਮਿਲਣ ਕਾਰਨ ਇਨ੍ਹਾਂ ਵਰਗਾਂ ਅੰਦਰ ਅਵਚੇਤਨੀ ਪੱਧਰ 'ਤੇ ਆਕ੍ਰੋਸ਼ ਪੈਦਾ ਹੋਇਆ ਹੈ। ਆਤਮ ਗਿਲਾਨੀ ਅਤੇ ਆਪਣੀ ਹੋਂਦ ਦੇ ਬੇਮਾਇਨਾ ਹੋਣ ਦੇ ਨਾਲ-ਨਾਲ ਮਾਨਵੀ ਗੌਰਵ ਖੁੱਸ ਜਾਣ ਕਾਰਨ, ਤਣਾਉਯੁਕਤ ਸਥਿਤੀਆਂ ਵਿਚ ਮਾਨਸਿਕ ਵਿਸ਼ਾਦ ਭੋਗ ਰਹੇ ਇਹ ਵਰਗ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਸਿੱਖ ਸਿਆਸਤ ਅਤੇ ਸਿੱਖ ਸੰਸਥਾਵਾਂ ਉੱਪਰ ਜੱਟਵਾਦੀ ਧਾਰਮਕ ਅਜ਼ਾਰੇਦਾਰੀ ਕਾਰਨ ਦਲਿਤਾਂ ਨਾਲ ਹੁੰਦੇ ਅਸ਼ਿਸ਼ਟ ਵਿਹਾਰ ਅਤੇ ਜਾਤੀਵਾਦੀ




ਕੱਟੜਤਾ ਨੇ ਸਪੇਸ ਦੁੱਗਣੀ ਕੀਤੀ ਹੈ। ਸਿੱਖ ਧਰਮ ਅਤੇ ਸਿੱਖ ਸਿਆਸਤ ਵਿਚ ਬਣਦੀ ਪ੍ਰਤਿਨਿਧਤਾ ਨਾ ਮਿਲਣ ਕਾਰਨ ਪਿੰਡ-ਪਿੰਡ ਜਾਤੀ ਅਧਾਰਤ ਗੁਰਦੁਆਰੇ ਬਣਦੇ ਜਾ ਰਹੇ ਹਨ। ਇਸ ਪਰਿਵੇਸ਼ ਵਿਚੋਂ ਪੈਦਾ ਹੋਈਆਂ ਪ੍ਰਸਥਿਤੀਆਂ ਅਤੇ ਆਪਣੇ ਆਪ ਲਈ ਬਣਦੀ ਪ੍ਰਤਿਨਿਧਤਾ ਪ੍ਰਾਪਤ ਕਰਨ ਦੀ ਚੇਸ਼ਟਾ ਹਿੱਤ ਹੀ ਦਲਿਤ ਭਾਈਚਾਰਾ ਡੇਰਾਵਾਦ ਦੀ ਸ਼ਰਨ/ਗਰਿਫ਼ਤ ਵਿਚ ਪਰਵੇਸ਼ ਕਰ ਰਿਹਾ ਹੈ।ਦਲਿਤ ਚੇਤਨਾ ਨਾਲ ਪ੍ਰਨਾਇਆ ਬਹੁਤ ਸਾਰਾ ਗਲਪ ਸਮਕਾਲੀ ਸਮੇਂ ਰਚਿਆ ਜਾ ਰਿਹਾ ਹੈ ਜਿਸ ਵਿਚ ਦਲਿਤ ਸਰੋਕਾਰਾਂ ਨਾਲ ਜੁੜੇ ਵਿਭਿੰਨ ਮਸਲਿਆਂ, ਦਵੰਦਾਂ, ਸੰਕਟਾਂ, ਵੇਦਨਾਵਾਂ, ਜਾਤੀਗਤ ਅਤੇ ਫੌਰੀ ਹਕੀਕਤਾਂ ਨੂੰ ਅਭਿਵਿਅਕਤ ਕੀਤਾ ਜਾ ਰਿਹਾ ਹੈ। ਹਾਸ਼ੀਏ 'ਤੇ ਵਿਚਰ ਰਹੇ ਬੰਦੇ ਹੀ ਹੋਂਦ ਅਤੇ ਹੋਣੀ ਨਾਲ ਜੁੜੇ ਹੋਏ ਵਿਭਿੰਨ ਸਰੋਕਾਰਾਂ ਨੂੰ ਵਸਤੂ ਸਥਿਤੀ ਦੇ ਸੰਪੂਰਨ ਵਿਵੇਕ ਸਹਿਤ ਪਕੜਨ ਵਾਲੇ ਪ੍ਰਮੁੱਖ ਰਚਨਾਕਾਰਾਂ ਵਿਚ ਪ੍ਰੋ. ਗੁਰਦਿਆਲ ਸਿੰਘ 'ਪਰਸਾ', ਗੁਰਚਰਨ ਸਿੰਘ ਰਾਓਂ 'ਮਸ਼ਾਲਚੀ', ਨਿੰਦਰ ਗਿੱਲ 'ਦਾਸਤਾਂ ਦਲਿਤਾਂ ਦੀ', ਨਛੱਤਰ 'ਨਿੱਕੇ-ਨਿੱਕੇ ਅਸਮਾਨ', ਕਰਮਜੀਤ ਸਿੰਘ ਕੁੱਸਾ 'ਰੋਹੀ ਬੀਆਬਾਨ' ਆਦਿ ਹਨ। ਇਹ ਨਾਵਲੀ ਪ੍ਰਵਚਨ ਦਲਿਤਾਂ ਦੇ ਜਾਤੀ ਜਮਾਤੀ ਪੈਂਤੜੇ ਤੋਂ ਇਨ੍ਹਾਂ ਵਰਗਾਂ ਦੀ ਹੋਣ ਵਾਲੀ ਦਮਨਸ਼ੀਲ ਸਥਿਤੀ ਨੂੰ ਨਿਰੂਪਤ ਕਰਦੇ ਹਨ। ਇਸ ਤੋਂ ਇਲਾਵਾ ਅਜ਼ਾਦੀ ਤੋਂ ਪਿੱਛੋਂ ਹਾਸ਼ੀਏ ਉੱਪਰ ਪਹੁੰਚ ਗਏ ਲੋਕਾਂ ਦੀ ਦਾਸਤਾਨ ਦਾ ਗਲਪੀ ਬਿੰਬ ਉਸਾਰਨ ਵਾਲੇ ਨਾਵਲਕਾਰ ਗੁਰਮੁੱਖ ਸਿੰਘ ਸਹਿਗਲ 'ਨਦੀਓਂ-ਵਿਛੜੇ ਨੀਰ' 'ਹਿਜ਼ਰਤ' ਅਤੇ 'ਲੁਆਗੜੀ' ਆਦਿ ਹਨ।

ਹਾਸ਼ੀਆਗਤ ਵਰਗਾਂ ਵਿਚ ਨਾਰੀ ਜੀਵਨ ਦੇ ਵਿਭਿੰਨ ਮਸਲਿਆਂ ਅਤੇ ਸੰਕਟਾਂ ਨੂੰ ਵੀ ਸਮਕਾਲੀ ਨਾਵਲੀ ਯਥਾਰਥ ਵਿਚੋਂ ਅਹਿਮ ਵਜੋਂ ਪਛਾਣਿਆ ਜਾ ਸਕਦਾ ਹੈ। ਨਾਰੀ ਜੀਵਨ ਯਥਾਰਥ ਦੀਆਂ ਵਿਵਿਧ ਪਰਤਾਂ, ਇਛਾਵਾਂ, ਅਕਾਂਖਿਆਵਾਂ, ਕਾਮਨਾਵਾਂ, ਵੇਦਨਾਵਾਂ, ਨਾਰੀ ਉਤਪੀੜਨ ਦੀਆਂ ਵਿਭਿੰਨ ਕਿਰਿਆਵਾਂ ਨੂੰ ਵਸਤੂ ਸਥਿਤੀ ਦੇ ਵਿਵੇਕ ਸਹਿਤ ਪਛਾਣ ਕਰਨ ਵਾਲੀਆਂ ਰਚਨਾਕਾਰਾਂ ਔਰਤ ਦੀ ਹੋਂਦ ਅਤੇ ਹੋਣੀ ਨਾਲ ਜੁੜੇ ਹੋਂਦ ਮੂਲਕ ਪ੍ਰਸ਼ਨਾਂ ਨੂੰ ਮੁਖ਼ਾਤਬ ਹੋਈਆਂ ਹਨ। ਇਸ ਪ੍ਰਸੰਗ ਵਿਚ "ਦਲੀਪ ਕੌਰ ਟਿਵਾਣਾ ਦੇ ਨਾਵਲ 'ਕਥਾ ਕਹੋ ਉਰਵਸ਼ੀ', 'ਜਨਮ ਜੂਐ ਹਾਰਿਆ' ਆਦਿ ਰੱਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਚੰਦਨ ਨੇਗੀ ਰਚਿਤ 'ਕਨਿਕ ਕਾਮਨੀ' ਬਲਜੀਤ ਕੌਰ ਬਲੀ ਦੇ ਨਾਵਲ 'ਪੈਰਾਂ ਹੇਠਲੀ ਧਰਤ' ਵਿਚ ਔਰਤ ਦੀ ਦਮਨਸ਼ੀਲ ਸਥਿਤੀ ਨੂੰ ਚਿਤਰਿਆ ਗਿਆ ਹੈ। ਇਸ ਨਾਵਲ ਵਿਚ ਤਿੰਨ ਪੀੜ੍ਹੀਆਂ ਦੀ ਕਿਸਾਨੀ ਜੱਦੋ ਜਹਿਦ, ਖੁਸ਼ੀਆਂ-ਗ਼ਮੀਆਂ, ਰਿਸ਼ਤੇ ਨਾਤੇ ਤੇ ਇਨ੍ਹਾਂ ਰਿਸ਼ਤਿਆਂ ਦੇ ਉਸ ਸੰਤਾਪ ਦੀ ਗਾਥਾ ਪੇਸ਼ ਕੀਤੀ ਗਈ ਹੈ, ਜਿਸ ਵਿਚ ਪੁਰਖਿਆਂ ਦੇ ਸਾਂਝੇ ਪਰਿਵਾਰ ਤੇ ਸਾਂਝੀ ਖੇਤੀ ਦੇ ਸੁਪਨੇ ਤਹਿਸ-ਨਹਿਸ ਹੋ ਜਾਂਦੇ ਹਨ ਤੇ ਸਾਰਾ ਭਾਈਚਾਰਾ ਤੀਲਾ-ਤੀਲਾ ਹੋ ਕੇ ਖਿਲਰਣ ਲਈ ਮਜ਼ਬੂਰ ਹੋ ਜਾਂਦਾ ਹੈ।"[7] ਇਸ ਤੋਂ ਇਲਾਵਾ ਔਰਤ ਦੀ ਦੁਖਾਂਤ ਵਿੱਥਿਆ ਦਾ ਇਕ ਨਵਾਂ ਸੰਦਰਭ ਉਨ੍ਹਾਂ ਨਾਵਲੀ ਪਾਠਾਂ ਵਿਚ ਖੁੱਲ੍ਹਦਾ ਹੈ ਜਿੱਥੇ ਔਰਤ ਸਿਰਫ਼ ਇਕ ਵਿਲਾਸ ਦੀ ਵਸਤ ਤੱਕ ਮਨਫ਼ੀ ਕਰ ਦਿੱਤੀ ਜਾਂਦੀ ਹੈ। ਬਲਦੇਵ ਸਿੰਘ 'ਲਾਲ ਬੱਤੀ' ਦੇ ਬ੍ਰਿਤਾਂਤਕ ਸੰਗਠਨ ਵਿਚ ਔਰਤ ਦੇ ਮਾਨਸਿਕ ਸੰਤਾਪ ਅਤੇ ਸਰੀਰਕ







ਪੀੜਾਂ ਦੀ ਤ੍ਰਾਸਦਕ ਸਥਿਤੀ ਨੂੰ ਚਿਤਰਦਾ ਹੈ। ਰਾਮ ਸਰੂਪ ਅਣਖੀ 'ਬਾਰਾਂ ਤਾਲੀ' ਅਤੇ 'ਗੇਲੋ' ਨਾਵਲਾਂ ਰਾਹੀਂ ਔਰਤ ਜੀਵਨ ਦੇ ਨਿਵੇਕਲੇ ਪਰਿਪੇਖ ਉਘਾੜਦਾ ਹੈ। ਨਿੰਦਰ ਗਿੱਲ 'ਗਿਰ ਰਿਹਾ ਗਰਾਫ਼' ਵਿਚ ਸਵੀਡਨ ਮੂਲ ਦੀ ਕੁੜੀ ਦੇ ਲਾਚਾਰ ਅਤੇ ਮਾਯੂਸ ਹੋ ਕੇ ਦੇਹ ਵਿਉਪਾਰ ਦੇ ਧੰਦੇ ਵਿਚ ਫਸ ਜਾਣ ਅਤੇ ਪੱਛਮੀ ਪੂੰਜੀਵਾਦੀ ਅਰਥਚਾਰੇ ਦੀਆਂ ਸੰਕਟ ਗ੍ਰਸਤ ਸਥਿਤੀਆਂ ਦਾ ਯਥਾਰਥਕ ਬਿਆਨ ਕਰਦਾ ਹੈ। ਗਰੀਬਾਂ, ਮਜ਼ਲੂਮਾਂ, ਕਿਰਤੀਆਂ ਅਤੇ ਆਮ ਆਦਮੀ ਦੀ ਰੱਖਿਆ ਅਤੇ ਇਨਸਾਫ਼ ਪਸੰਦੀ ਨੂੰ ਮੁੱਖ ਰੱਖ ਕੇ ਸਟੇਟ ਵੱਲੋਂ ਸੱਚੀ ਸੁਚੀ ਨਿਆਂ ਪਾਲਿਕਾ ਦੀ ਮਿੱਥ ਸਥਾਪਤ ਕੀਤੀ ਗਈ ਹੈ। ਸਮਕਾਲੀ ਸਮੇਂ ਵਿਚ ਨਿਆਂ ਕਾਨੂੰਨ ਅਤੇ ਪੁਲਿਸ ਪ੍ਰਸ਼ਾਸ਼ਨ ਵਿਚ ਆਏ ਜ਼ਬਰਦਾਤ ਨਿਘਾਰ ਨੂੰ ਮਿੱਤਰ ਸੈਨ ਮੀਤ ਨੇ ਆਪਣੇ ਨਾਵਲਾਂ 'ਕਟਹਿਰਾ', 'ਤਫ਼ਤੀਸ਼', 'ਕੌਰਵ ਸਭਾ' ਤੇ ਹੁਣ 'ਸੁਧਾਰ ਘਰ' ਵਿਚ ਪ੍ਰਸਤੁਤ ਕੀਤਾ ਹੈ। ਉਸਨੇ ਕਾਨੂੰਨ ਦੇ ਅਪਰਾਧੀਕਰਨ ਪੁਲਿਸ ਦੇ ਸਿਆਸੀਕਰਨ, ਰਿਸ਼ਵਤਖੋਰੀ ਤੇ ਭ੍ਰਿਸ਼ਟ ਅਫ਼ਸਰਸ਼ਾਹੀ ਦੇ ਬਖੀਏ ਉਧੇੜੇ ਹਨ।

ਔਰਤ ਮਰਦ ਸੰਬੰਧਾਂ ਅਤੇ ਕਾਮ ਤੇ ਕਾਮਨਾ ਦਾ ਵਹਾਓ ਸਮਕਾਲੀ ਯਥਾਰਥ ਦਾ ਨਿਖੜਵਾਂ ਲੱਛਣ ਹੈ। ਮਹਾਂ ਨਗਰੀ ਜੀਵਨ ਯਥਾਰਥ ਨੇ ਹਰ ਬੰਦੇ ਅੰਦਰ ਜੀਵਨ ਦੀਆਂ ਮਨੋਰੰਜਨੀ ਕਿਸਮ ਦੀਆਂ ਲੋੜਾਂ ਪੈਦਾ ਕੀਤੀਆਂ ਹਨ। ਸ਼ਾਪਿੰਗ ਮਾਲਜ਼, ਮਲਟੀਪਲੈਕਸਜ਼ ਨੇ ਵਸਤਾਂ ਪ੍ਰਤੀ ਬੰਦੇ ਅੰਦਰ ਅੰਨ੍ਹੀ ਲਾਲਸਾ ਪੈਦਾ ਕੀਤੀ ਹੈ। ਇਸ ਕਿਸਮ ਦੇ ਸਮਾਜਕ ਯਥਾਰਥ 'ਚ ਬੰਦੇ ਦੇ ਆਲੇ-ਦੁਆਲੇ ਬਰਬਰਤਾ, ਅਸਤਿਤਵੀ ਦਮਨ, ਮਾਨਸਿਕ ਵਿਖੰਡਨ, ਜ਼ੁਲਮ, ਨਿਆਂਹੀਣਤਾ ਦੀ ਵਿਡੰਬਣਾਕਾਰੀ ਸਥਿਤੀ ਪੈਦਾ ਹੋ ਚੁੱਕੀ ਹੈ। ਸਖਬੀਰ 'ਸੜਕਾਂ ਤੇ ਕਮਰੇ' ਅਤੇ 'ਅੱਧੇ ਪੌਣੇ' ਨਾਵਲਾਂ ਵਿਚ ਆਧੁਨਿਕ ਮਹਾਂਨਗਰੀ ਸਮੱਸਿਆ ਗ੍ਰਸਤ ਵਾਤਾਵਰਨ ਨੂੰ ਪੇਸ਼ ਕਰਦਾ ਹੈ। 'ਅੱਧੇ ਪੌਣੇ' ਨਾਵਲ ਵਿਚ ਸੁਖਬੀਰ ਆਧੁਨਿਕ ਪੂੰਜੀਵਾਦੀ ਵਿਵਸਥਾ ਦੀ ਇਕ ਹੋਰ ਸ਼ਰਮਨਾਕ ਬੀਮਾਰ ਵੇਸਵਾਬਿਰਤੀ ਨੂੰ ਸਮਾਜਕ ਆਰਥਕ ਪ੍ਰਸੰਗ ਵਿਚ ਰੱਖ ਕੇ ਚਿਤਰਣ ਦੀ ਕੋਸ਼ਿਸ਼ ਕਰਦਾ ਹੈ। ਮਨਮੋਹਨ ਕਾਹਲੋਂ ਨੇ 'ਮਛਲੀ ਇਕ ਦਰਿਆ ਦੀ' ਤੇ 'ਵੈਹ ਗਏ ਪਾਣੀ' ਵਿਚ ਮਨੁੱਖੀ ਹੋਂਦ ਦੇ ਇਨ੍ਹਾਂ ਕਾਮਨਾਮਈ ਲੁਕਵੇਂ ਪ੍ਰੇਰਣਾ-ਸਰੋਤਾਂ ਦਾ ਯਥਾਰਥਕ ਢੰਗ ਨਾਲ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕੀਤਾ ਹੈ। ਉਸ ਦੀ ਮੁੱਖ ਰੁਚੀ ਬਾਹਰਮੁਖੀ ਰਸਮੀ ਵਿਹਾਰ ਦੀ ਲੋਕ ਪ੍ਰਵਾਣਿਤ ਬਿੰਬ ਉਸਾਰਨ ਦੀ ਬਜਾਇ ਦਮਿਤ ਕਾਮਨਾਵਾਂ ਦੇ ਮਨੋਯਥਾਰਥ ਨੂੰ ਫਰੋਲਣ ਵਿਚ ਰਹੀ ਹੈ। ਉਹ 'ਵੈਹ ਗਏ ਪਾਣੀ' ਵਿਚ ਵੀ ਮੂਲ ਰੂਪ ਵਿਚ ਵਰਜਿਤ-ਅਵਰਜਿਤ ਕਾਮਨਾਵਾਂ ਅਤੇ ਮੁਹੱਬਤੀ ਛਿਣਾ ਦੀ ਤਰਲਤਾ ਨੂੰ ਪੇਸ਼ ਕਰਦਾ ਹੈ। ਇੰਦਰ ਸਿੰਘ ਖਾਮੋਸ਼ ਦੇ ਨਾਵਲ 'ਚਾਨਣ ਦਾ ਜੰਗਲ' ਅਤੇ 'ਬੁੱਕਲ ਦਾ ਰਿਸ਼ਤਾ' ਵੀ ਮਾਨਵੀ ਰਿਸ਼ਤਿਆਂ ਵਿਚ ਆ ਰਹੀ ਗਿਰਾਵਟ, ਵਿਕਾਰਾਂ ਦੀ ਕਰੂਰਤਾ ਨੂੰ ਦਰਸਾਉਂਦੇ ਹਨ।ਪਾਕਿਸਤਾਨੀ ਪੰਜਾਬੀ ਨਾਵਲ ਅਬਦੁੱਲ ਮਜ਼ੀਦ ਭੱਟੀ ਦਾ ਨਾਵਲ 'ਠੇਡਾ' ਪਹਿਲਾ ਮੌਲਿਕ ਨਾਵਲ ਹੈ। "ਮੁਸਤਨਸਰ ਹੁਸੈਨ ਤਾਰੜ 'ਪਖੇਰੂ', ਫ਼ਖ਼ਰ ਜ਼ਮਾਨ ਦਾ 'ਸੱਤ ਗਵਾਚੇ ਲੋਕ', 'ਮਰੇ ਬੰਦੇ ਦੀ ਕਹਾਣੀ', 'ਬੰਦੀਵਾਨ', 'ਬੇਵਤਨਾ', 'ਕਮਜ਼ਾਤ' ਤੇ 'ਤੂੰ ਕੀ ਮੈਂ', ਅਫ਼ਜ਼ਲ ਅਹਿਸਨ ਰੰਧਾਵਾ 'ਦੀਵਾ ਤੇ ਦਰਿਆ', 'ਦੁਆਬਾ', 'ਸੂਰਜ ਗ੍ਰਹਿਣ









ਤੇ ਪੰਧ', ਰਜ਼ੀਆ ਨੂਰ ਮਹੁੰਮਦ ਦਾ 'ਬਲਦੇ ਦੀਵੇ', ਅਹਿਸਨ ਬਟਾਲਵੀ 'ਕਹਾਣੀ ਇਕ ਇੱਜੜ ਦੀ', ਕਹਿਕਸ਼ਾ ਮਲਿਕ', 'ਚਿੱਕੜ ਰੰਗੀ ਮੂਰਤੀ', ਫਰਜ਼ੰਦ ਅਲੀ 'ਭੁੱਬਲ', ਆਸਿਫ਼ ਸ਼ਾਹਕਾਰ 'ਸ਼ੋਅ ਬਿਜਨੈੱਸ', ਅਹਿਮਦ ਸਲੀਮ 'ਤਿਤਲੀਆਂ ਅਤੇ ਟੈਂਕ', ਮੀਰ ਤਨਹਾ ਯੂਸਫ਼ੀ 'ਇਕ ਸਮੁੰਦਰ ਪਾਰ' ਆਦਿ ਨਾਵਲਕਾਰਾਂ ਦਾ ਪਾਕਿਸਤਾਨੀ ਪੰਜਾਬੀ ਨਾਵਲ ਦੇ ਮਹੱਤਵਪੂਰਨ ਯੋਗਦਾਨ ਹੈ। ਇਨ੍ਹਾਂ ਨਾਵਲਕਾਰਾਂ ਨੇ ਪੰਜਾਬੀ ਜ਼ੁਬਾਨ, ਪੰਜਾਬੀ ਰਹਿਤਲ ਦੀ ਅਹਿਮੀਅਤ ਨੂੰ ਸਮਝਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ ਅਤੇ ਅਨੇਕਾਂ ਤਰ੍ਹਾਂ ਦੀਆਂ ਵਿਸੰਗਤੀਆਂ ਨੂੰ ਬਹੁਤ ਖੂਬਸੂਰਤੀ ਨਾਲ ਪੇਸ਼ ਕਰਕੇ ਵਿੱਲਖਣ ਗਲਪੀ ਪੈਰਾਡਾਇਮ ਸਿਰਜੇ ਹਨ।"[8]

ਸਵਰਨ ਚੰਦਨ ਦੇ ਨਾਵਲ 'ਕੰਜਕਾਂ', 'ਤਸਦੀਕ' ਅਤੇ 'ਰੋਹ ਵਿਦਰੋਹ' ਵਿਚ ਪੰਜਾਬੀ ਪਰਵਾਸੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਪਕੜਿਆ ਹੈ। ਦਰਸ਼ਨ ਧੀਰ ਦੇ ਨਾਵਲ 'ਲਕੀਰਾਂ ਤੇ ਮਨੁੱਖ', 'ਘਰ ਤੇ ਕਮਰੇ', 'ਪੈੜਾਂ ਦੇ ਆਰ-ਪਾਰ', ਅਤੇ ਹਰਜੀਤ ਅਟਵਾਲ ਦੇ 'ਵਨ ਵੇਅ, 'ਰੇਤ' ਅਤੇ 'ਸਵਾਰੀ' ਸਾਧੂ ਬਿਨਿੰਗ ਦਾ 'ਜੁਗਤੂ' ਜਰਨੈਲ ਸਿੰਘ ਸੇਖਾ ਦਾ 'ਭਗੌੜਾ' ਆਦਿ ਨਾਵਲਾਂ ਵਿਚ ਪੰਜਾਬੀ ਖਿੱਤੇ ਨੂੰ ਛੱਡ ਕੇ ਗਏ ਲੋਕਾਂ ਦੀਆਂ ਮਜ਼ਬੂਰੀਆਂ, ਮਾਨਸਿਕ ਵਿਸ਼ਾਦ ਜਾਂ ਝੂਹੇਰਵਾ ਹੀ ਨਹੀਂ ਚਿਤਰਿਆ ਗਿਆ ਸਗੋਂ ਪੰਜਾਬੀ ਡਾਇਸਪੋਰੇ ਦੀਆਂ ਵਿਭਿੰਨ ਜਟਿਲਤਾਵਾਂ ਨੂੰ ਸਮੱਗਰਤਾ ਸਹਿਤ ਬਿਆਨ ਕੀਤਾ ਗਿਆ ਹੈ। ਪਰਵਾਸੀ ਜੀਵਨ ਯਥਾਰਥ ਦੀਆਂ ਸਮੱਸਿਆਵਾਂ, ਮਾਨਵੀ ਰਿਸ਼ਤਿਆਂ ਦਾ ਮੋਹ ਭੰਜਨ ਦੀਆਂ ਨਵੀਨ ਸਮੀਕਰਨਾਂ, ਔਰਤ ਮਰਦ ਸੰਬੰਧ, ਪੀੜ੍ਹੀ ਪਾੜੇ, ਨਸਲਵਾਦ, ਸੈਕਸ ਖੁੱਲ੍ਹ, ਭੂ-ਤਰਾਸ ਅਤੇ ਸਵੈ ਪਛਾਣ ਦੇ ਅਸਤਿਤਵਿਕ ਸੰਕਟਾਂ ਵਰਗੀਆਂ ਸਮੱਸਿਆਵਾਂ ਤੇ ਆਪਣੇ ਜੜ੍ਹਹੀਣ ਹੋਣ ਦੇ ਸੰਤਾਪ ਨੂੰ ਅਤੇ ਪਾਰ ਰਾਸ਼ਟਰੀ ਸਭਿਆਚਾਰ ਵਿਚ ਬਣਦੀ ਥਾਂ ਨਾ ਮਿਲਣ ਵਰਗੇ ਅਨੇਕਾਂ ਪ੍ਰਵਚਨ ਇਨ੍ਹਾਂ ਨਾਵਲੀ ਸੰਗਠਨਾਂ ਵਿਚ ਵਿਚਾਰੇ ਗਏ ਹਨ। ਸਮਕਾਲੀ ਪੰਜਾਬੀ ਨਾਵਲ ਨੇ ਆਪਣਾ ਬ੍ਰਿਤਾਂਤਕ-ਚੌਖਟਾ ਵਧੇਰੇ ਮੌਕਲਾ ਕੀਤਾ ਹੈ। ਨਵੀਆਂ ਬਿਰਤਾਂਤਕ ਜੁਗਤਾਂ ਅਤੇ ਰਚਨਾ ਦ੍ਰਿਸ਼ਟੀ ਅਪਨਾ ਕੇ ਸਮਕਾਲੀ ਗਲਪਕਾਰਾਂ ਨੇ ਸਮਾਜਕ ਯਥਾਰਥ ਦੀ ਨਵੀਂ ਵਿਆਖਿਆ ਹੀ ਨਹੀਂ ਕੀਤੀ ਵਿਸ਼ਲੇਸ਼ਣ ਵੀ ਕੀਤਾ ਹੈ। ਪੰਜਾਬੀ ਰਹਿਤਲ ਵਿਚ ਵਿਆਪਕ ਸੰਕਟਾਂ ਦੇ ਸਨਮੁਖ ਲਾਚਾਰ ਖੜ੍ਹੇ ਬੰਦੇ ਦੇ ਜੀਵਨ ਬ੍ਰਿਤਾਂਤਾਂ ਰਾਹੀਂ ਗੁੰਝਲਦਾਰ ਅਤੇ ਜਲਿਟ ਯਥਾਰਥ ਦੀ ਤਲਾਸ਼ ਕਰਦੇ ਹੋਏ ਇਹ ਬ੍ਰਿਤਾਂਤਕਾਰ ਬੰਦੇ ਦੀ ਹੋਣੀ ਦੇ ਕਈ ਦਾਰਸ਼ਨਿਕ ਮਸਲਿਆਂ ਨੂੰ ਮੁਖ਼ਾਤਬ ਹੁੰਦੇ ਹਨ। ਇਨ੍ਹਾਂ ਗਲਪਕਾਰਾਂ ਵਿਚ ਗੁਰਦਿਆਲ ਸਿੰਘ ਦਾ 'ਆਹਣਾ' ਦਰਸ਼ਨ ਧੀਰ ਦਾ ਨਾਵਲ 'ਅਜਨਬੀ ਚਿਹਰੇ' ਤੇ 'ਜੜ੍ਹ', ਹਰਜੀਤ ਅਟਵਾਲ ਦਾ 'ਸਵਾਰੀ' ਤੇ ਆਪਣਾ ਚੰਦਨ ਨੇਗੀ ਦਾ 'ਕਨਕ ਕਾਮਨੀ' ਇੰਦਰ ਸਿੰਘ ਖ਼ਾਮੋਸ਼ ਦਾ 'ਕਾਫ਼ਰ ਮਸੀਹਾ' ਮਨਮੋਹਨ ਬਾਵਾ ਦਾ 'ਯੁੱਧ ਨਾਦ' ਕੁਲਦੀਪ ਭਟਨਾਗਰ ਦਾ 'ਬੰਦਾ ਸਿੰਘ ਬਹਾਦਰ', 'ਬਜ਼ੀਰਾ' ਅਤੇ ਬਲਜਿੰਦਰ ਨਸਰਾਲੀ ਦਾ 'ਵੀਹਵੀਂ ਸਦੀ ਦੀ ਆਖਰੀ ਕਥਾ' ਨਕਸ਼ਦੀਪ ਪੰਜਕੋਹਾ ਦਾ 'ਗਿਰਵੀ ਹੋਏ ਮਨ' ਜ਼ਿੰਦਗੀ ਦੀ ਜਟਿਲਤਾ ਨੂੰ















ਸਮੁੱਚਤਾ ਅਤੇ ਸਮੱਗਰਤਾ ਸਹਿਤ ਪਕੜਨ ਦਾ ਯਤਨ ਕਰਦੀਆਂ ਹਨ। ਇਨ੍ਹਾਂ ਗਲਪੀ ਸੰਗਠਨਾਂ ਵਿਚ ਪੰਜਾਬ ਸੰਕਟ ਨਾਲ ਜੁੜੇ ਬੁਨਿਆਦੀ ਮਸਲਿਆਂ ਪਰਵਾਸੀ ਅਤੇ ਮੂਲਵਾਸੀਆਂ ਦੀ ਜੱਦੋ-ਜਹਿਦ ਨੂੰ ਬਿਆਨ ਕੀਤਾ ਹੈ। ਸਮਾਜਕ ਯਥਾਰਥ ਦੀ ਕਰੂਰਤਾ ਵਿਚ ਗ੍ਰੱਸੇ ਬੰਦੇ ਦੀ ਮਾਨਸਿਕ ਟੁੱਟ-ਭੱਜ, ਕਪਟਤਾ, ਹਿਰਸਾਂ ਤੇ ਅਬੋਧਤਾ ਦੇ ਨਾਲ-ਨਾਲ ਰਿਸ਼ਤਿਆਂ ਦੀ ਨਜ਼ਾਇਜਤਾ, ਅਵਿਸ਼ਵਾਸ਼, ਛਿਣਭੰਗਤਾ ਤੇ ਮਾਨਵੀ ਨਿਘਾਰ ਦਾ ਪ੍ਰਤੱਖਣੀ ਬਿਆਨ ਵੀ ਕੀਤਾ ਗਿਆ ਹੈ। ਪੰਜਾਬੀ ਜੀਵਨ ਵਿਚ ਵਾਪਰਨ ਵਾਲੇ ਅਨੇਕਾਂ ਸੰਕਟਾਂ ਕਾਰਨ ਪੰਜਾਬੀ ਬੰਦੇ ਦੀ ਮਾਨਸਿਕ ਟੁੱਟਭੱਜ ਤੇ ਨੈਤਿਕ ਪਤਨ ਨੂੰ ਆਪਣੀ ਰਚਨਾ ਦ੍ਰਿਸ਼ਟੀ ਨੂੰ ਕੇਂਦਰ ਬਣਾਉਣ ਵਾਲੇ ਗਲਪਕਾਰਾਂ ਵਿਚ ਸ.ਸੋਜ਼ ਦੇ ਨਾਵਲ 'ਪਾਤਰ ਵਿਪਾਤਕ', 'ਊਣੇ ਸੁਖਣੇ', 'ਮਰਸੀਆ' ਅਤੇ 'ਖਲੀਫ਼ਾ' ਅਰਮਜੀਤ ਸਿੰਘ ਦਾ 'ਮਸ਼ੀਨਾਂ ਵਾਲੇ' ਅਤੇ ਪਿਆਰਾ ਸਿੰਘ ਭੋਗਲ ਦਾ 'ਸ਼ੇਰ ਦੀ ਸਵਾਰੀ', ਜੁਗਿੰਦਰ ਕੈਰੋਂ ਦਾ 'ਨਾਦ ਬਿੰਦ' ਤੇ 'ਸਭਨਾਂ ਜਿੱਤੀਆਂ ਬਾਜੀਆਂ' ਆਦਿ ਨਾਵਲਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਨ੍ਹਾਂ ਨਾਵਲਾਂ ਦਾ ਨਾਵਲੀ ਪ੍ਰਵਚਨ ਸਮਕਾਲ ਅਤੇ ਅਤੀਤ ਦੇ ਉਨ੍ਹਾਂ ਹਲਾਤਾਂ ਨੂੰ ਆਪਣਾ ਆਦਿ ਬਿੰਦੂ ਬਣਾਉਂਦਾ ਹੈ, ਜੋ ਸਮਕਾਲੀ ਮਨੁੱਖ ਦੀ ਮਾਨਸਿਕ ਅਤੇ ਅਸਤਿਤਵੀ ਇਕਸੁਰਤਾ ਨੂੰ ਖੰਡਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ।


"ਸਮਕਾਲੀ ਪੰਜਾਬੀ ਨਾਵਲ ਦਾ ਇਕ ਅਹਿਮ ਸਰੋਕਾਰ ਪੰਜਾਬੀ ਬੰਦੇ ਦੇ ਜੜ੍ਹਹੀਣ ਹੋਣ ਦੇ ਮੂਲ ਅਤੇ ਪਛਾਣ ਦਾ ਹੈ। ਇਸੇ ਪ੍ਰਸੰਗ ਵਿਚ 47 ਦੇ ਦੁਖਾਂਤ ਦੀਆਂ ਹੋਰ ਇਤਿਹਾਸਕ ਘਟਨਾਵਾਂ ਦਾ ਮੁੜ ਤੋਂ ਪੁਨਰ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਸਮਕਾਲੀ ਯਥਾਰਥ ਦਾ ਇਕ ਮਸਲਾ ਪੰਜਾਬੀ ਅਵਚੇਤਨ ਦੀਆਂ ਜੜ੍ਹਾਂ ਮੱਧਕਾਲ ਵਿਚ ਤਲਾਸ਼ਣ ਦੀ ਬਜਾਏ ਆਦਿ ਕਾਲ ਤੱਕ ਫੈਲਾਉਣ ਨਾਲ ਜੁੜਿਆ ਹੈ।"[9] ਇਸ ਪ੍ਰਸੰਗ ਵਿਚ ਦਲੀਪ ਕੌਰ ਟਿਵਾਣਾ ਦਾ 'ਕਥਾ ਕਹੋ ਉਰਵਸ਼ੀ' ਬਲਦੇਵ ਸਿੰਘ ਦਾ 'ਪੰਜਵਾਂ ਸਾਹਿਬਜ਼ਾਦਾ' ਕੁਲਦੀਪ ਭਟਨਾਗਰ ਦਾ 'ਬੰਦਾ ਸਿੰਘ ਬਹਾਦਰ' ਨਾਵਲ ਰੱਖੇ ਜਾ ਸਕਦੇ ਹਨ। ਦੇਸ਼ ਦੀ ਅਜ਼ਾਦੀ ਵੇਲੇ ਹੋਏ ਵਿਆਪਕ ਉਜਾੜੇ ਅਤੇ ਘੱਲੂਘਾਰੇ ਦੇ ਵੇਰਵਿਆਂ ਨੂੰ ਮੁੜ ਤੋਂ ਵਿਸ਼ਲੇਸ਼ਤ ਕਰਨ ਵਾਲੇ ਨਾਵਲਕਾਰਾਂ ਵਿਚ ਕੇਵਲ ਕਲੋਟੀ ਦਾ 'ਹੋਣੀ ਇਕ ਦੇਸ਼ ਦੀ' ਸਵਰਨ ਚੰਦਨ ਦਾ 'ਉਜਾੜਾ' ਡਾ. ਅਮਰਜੀਤ ਸਿੰਘ ਦਾ 'ਮਸ਼ੀਨੀ ਵਾਲੇ' ਆਦਿ ਨੂੰ ਰੱਖਿਆ ਜਾ ਸਕਦਾ ਹੈ। "ਪੰਜਾਬ ਸੰਕਟ ਦੀ ਤ੍ਰਾਸਦੀ ਨੂੰ ਨਿੰਦਰ ਗਿੱਲ ਦਾ 'ਪੰਜਾਬ 84', ਤੇ ਚੋਣ ਹਲਕਾ ਪਾਇਲ ਜਸਵੰਤ ਕਮਲ ਦਾ 'ਐਨਿਆਂ ਚੋਂ ਉਠੋ ਸੂਰਮਾ', ਰਾਮ ਸਰੂਪ ਅਣਖੀ 'ਜਿਨ ਸਿਰ ਸੋਹਨਿ ਪਟੀਆ' ਅਤੇ ਓਮ ਪ੍ਰਕਾਸ਼ ਗਾਸੋ ਦਾ 'ਤੱਤੀ ਹਵਾ', 'ਮੌਤ ਦਰ ਮੌਤ' ਤੇ 'ਅਧੂਰੇ ਖ਼ੱਤ ਦੀ ਇਬਾਰਤ', ਰਾਜ ਗਿੱਲ ਦਾ 'ਦੇਗ ਤੇਗ ਤੇ ਔਂਤਰੇ', ਜੋਗਿੰਦਰ ਕੈਰੋਂ ਦਾ 'ਨੀਲੇ ਤਾਰਿਆਂ ਦੀ ਮੌਤ', ਸ਼ਾਹ ਚਮਨ ਦਾ 'ਹਨੇਰੇ ਵਿਚ ਘਿਰਿਆ ਮਨੁੱਖ' ਆਦਿ ਨੂੰ ਬਹੁਤ ਸੰਵੇਦਨਸ਼ੀਲ ਅਤੇ ਮਨੋਯਥਾਰਥ ਢੰਗ ਨਾਲ ਪ੍ਰਗਟਾਇਆ ਗਿਆ ਹੈ ਅਤੇ ਇਹਨਾਂ ਲੇਖਕਾਂ ਨੇ ਉਪਰੋਕਤ ਦੁਖਾਂਤਾ ਦਾ ਭਰਵਾਂ ਗਲਪੀ ਬਿੰਬ ਉਸਾਰਿਆ ਹੈ ਤੇ ਪਾਠਕਾਂ ਨੂੰ ਕਈ ਪ੍ਰਸ਼ਨਾਂ ਦੇ ਸਨਮੁੱਖ ਖੜ੍ਹੇ ਕੀਤਾ ਹੈ।"[10] ਨਰਿੰਜਨ ਤਸਨੀਮ ਆਧੁਨਿਕ ਲਘੂ ਮਨੁੱਖ ਦੀਆਂ ਲਘੂ ਖਾਹਿਸ਼ਾਂ ਅਤੇ ਮਨੁੱਖ ਦੇ ਵਿਰਾਟ ਸੰਕਟਾਂ ਨੂੰ ਸਥਿਤੀਆਂ ਦੇ ਵਿਵੇਕ











ਵਿਚੋਂ ਪਛਾਣਦਾ ਹੈ। ਉਹ ਪੰਜਾਬੀ ਰਹਿਤਲ ਵਿਚ ਵਿਚਰ ਰਹੇ ਬੰਦੇ ਦੇ ਮਾਨਵੀ ਸਰੋਕਾਰਾਂ ਨੂੰ ਨਵੀਆਂ ਸਥਿਤੀਆਂਦੇ ਪਰਿਪੇਖ ਵਿਚੋਂ ਤਲਾਸ਼ਦਾ ਹੈ। "ਤਸਨੀਮ ਦੇ ਸ਼ਬਦਾਂ ਵਿੱਚ 'ਗਵਾਚੇ ਅਰਥ' ਵਿਚ ਮੈਂ ਆਪਣੀਆਂ ਕੁੱਝ ਗੱਲਾਂ ਪਾਠਕਾਂ ਨਾਲ ਸਾਂਝੀਆਂ ਕਰਨ ਦੇ ਬਹਾਨੇ, ਅਜੋਕੇ ਪੰਜਾਬ ਦੀ ਤਰਾਸਦੀ ਨੂੰ ਰੂਪਮਾਨ ਕੀਤਾ ਹੈ। ਇਹ ਸੰਤਾਪ ਜਿਹੜਾ ਅਸੀਂ ਦਸਾਂ ਸਾਲਾਂ ਤੋਂ ਭੋਗ ਰਹੇ ਹਾਂ ਇਸ ਨਾਵਲ ਵਿਚ ਪੰਜਾਂ ਦਿਨਾਂ ਦੀ ਵਾਰਤਾ ਹੋ ਨਿਬੜਿਆ ਹੈ।" [11] ਇਸੇ ਤਰ੍ਹਾਂ ਕਿਰਪਾਲ ਸਿੰਘ ਅਜ਼ਾਦ ਦੇ ਨਾਵਲ 'ਅਕਲਾਂ ਵਾਲੇ' ਵਿਚ ਵੀ ਨਵੀਂ ਪੀੜ੍ਹੀ ਵਿਚ ਆ ਰਹੀ ਲੈਂਗਿਕ ਖੁੱਲ੍ਹ ਦੇ ਯਥਾਰਥ ਨੂੰ ਬਿਆਨ ਕਰਦਾ ਹੈ। ਇਸ ਪ੍ਰਸੰਗ ਵਿਚ ਨਕਸ਼ਦੀਪ ਪੰਜਕੋਹਾ ਦਾ 'ਗਿਰਵੀ ਹੋਏ ਮਨ', ਬੀ.ਐਸ. ਢਿਲੋਂ ਅਤੇ ਅਵਤਾਰ ਬਿਲਿੰਗ ਦੇ ਗਲਪੀ ਪ੍ਰਵਚਨ ਨੂੰ ਵਿਚਾਰਿਆ ਜਾ ਸਕਦਾ ਹੈ। ਔਰਤ ਗਲਪਕਾਰਾਂ ਵਿਚ ਸ਼ੁਸ਼ੀਲ ਕੌਰ ਦਾ 'ਧਰਤ ਪਰਾਈ ਆਪਣੇ ਲੋਕ' ਕੈਲਾਸ਼ਪੁਰੀ ਦਾ 'ਕਟਹਿਰੇ ਵਿਚ ਖੜ੍ਹੀ ਔਰਤ' ਔਰਤ ਦੀ ਹੋਂਦ ਅਤੇ ਹਸਤੀ ਨਾਲ ਸੰਬੰਧਤ ਵਿਭਿੰਨ ਮਸਲਿਆਂ ਨਾਲ ਆਪਣੀ ਗਲਪੀ ਵਿਲੱਖਣਤਾ ਦਾ ਸਬੂਤ ਦਿੰਦੀਆਂ ਹਨ।


ਵਿਸ਼ਵਵਿਆਪੀ ਵਿੱਤੀ ਪੂੰਜੀ ਦੇ ਉਤਰ ਬਸਤੀਵਾਦੀ ਸਾਮਰਾਜੀ ਵਰਤਾਰੇ ਤਹਿਤ ਪੱਛੜੇ ਦੇਸ਼ਾਂ ਦੇ ਬੁੱਧੀਜੀਵੀਆਂ ਅਤੇ ਲਾਭਕਾਰੀ ਹੁਨਰਕਾਰਾਂ ਨੂੰ ਮੰਡੀਕਲਚਰ ਦੀ ਚਕਾਚੌਂਧ ਵਿਖਾ ਕੇ ਕੀਤੇ ਜਾਂਦੇ ਬੌਧਿਕ ਅਪਹਰਨ ਤੇ ਮੰਡੀਕਲਚਰ ਦੇ ਮੁਨਾਫ਼ਾਕਾਰੀ ਸੁਭਾਵਕ ਖ਼ਾਸੇ, ਸੂਚਨਾ, ਸੇਵਾਵਾਂ ਅਤੇ ਉਤਪਾਦਨ ਦੇ ਮਨੁੱਖ ਵਿਰੋਧੀ ਵਪਾਰਕ ਏਜੰਡੇ ਤੇ ਮਸ਼ੀਨ ਦੀ ਤਰ੍ਹਾਂ ਵਰਤੇ ਜਾਂਦੇ ਬੰਦੇ ਦੇ ਬਹੁ ਪਾਸਾਰੀ ਜੀਵਨ ਯਥਾਰਥ ਨੂੰ ਪ੍ਰਸਤੁਤ ਕਰਨ ਵਾਲੀ ਗਲਪੀ ਰਚਨਾ 'ਘਾਟੀ ਪੁਤਲੀਗਰਾਂ ਦੀ' ਅਤੇ 'ਬਹੁਤ ਸਾਰੇ ਚੁਰਸਤੇ' ਹੈ। ਕੇਵਲ ਕਲੋਟੀ ਦੁਆਰਾ ਉਸਾਰਿਆ ਇਹ ਗਲਪੀ ਪ੍ਰਵਚਨ ਵਿਗਿਆਨਕ ਵਿਸ਼ੇ ਦੀ ਜ਼ੱਦ ਵਿਚ ਵਿਚਰਦਾ ਹੋਇਆ ਅੰਤਰ ਰਾਸ਼ਟਰੀ ਪੱਧਰ 'ਤੇ ਵਿਸ਼ਵੀ ਵਿੱਤੀ ਪੂੰਜੀ ਦੁਆਰਾ ਕੀਤੇ ਜਾ ਰਹੇ ਬੌਧਿਕ ਕੰਗਾਲੀਕਰਨ ਅਤੇ ਬੌਧਿਕ ਅਪਹਰਨ ਦਾ ਦਸਤਾਵੇਜ਼ੀ ਸਬੂਤ ਹੈ। ਰਜਿੰਦਰ ਬਿਬਰਾ 'ਨਵਾਂ ਸਿਰਜਿਆ ਮਨੁੱਖ' ਅਤੇ ਜਸਬੀਰ ਭੁੱਲਰ ਦਾ 'ਮਹੂਰਤ' ਨਾਵਲ ਦੇ ਗਲਪੀ ਪ੍ਰਵਚਨ ਵਿਕਰਾਲ ਸਥਿਤੀਆਂ ਦਾ ਬਿਆਨ ਕਰਦੇ ਹਨ। ਜਿਹੜਾ ਅਮਰੀਕ ਦੇ ਪਾਤਰ ਰਾਹੀਂ ਵਿਕਰਾਲ ਸਥਿਤੀਆਂ ਦਾ ਬਿਆਨ ਕਰਦਾ ਹੈ ਅੰਧਵਿਸ਼ਵਾਸ, ਧਾਰਮਿਕ ਜਨੂੰਨਤਾ, ਜਾਤੀਵਾਦੀ ਕੱਟੜਤਾ ਫਿਰਕਾਪ੍ਰਸਤੀ ਸਮਕਾਲੀ ਸਮੇਂ ਵਿਚ ਸੰਕਟਗ੍ਰਸਤ ਪੂੰਜੀਵਾਦ ਦੇ ਪਾਸਾਰਵਾਦੀ ਏਜੰਡੇ ਵਿਚ ਸ਼ਾਮਲ ਹਨ। ਇਸ ਸਾਰੇ ਵਰਤਾਰੇ ਦੇ ਚੱਲਦਿਆਂ ਵੀ ਪੰਜਾਬੀ ਲੇਖਕਾਂ ਨੇ ਪਿਛਲੇ ਸਮੇਂ ਵਿਚ ਮਹੱਤਵਪੂਰਨ ਗਲਪ ਦੀ ਰਚਨਾ ਕੀਤੀ ਹੈ। ਡਾ. ਗੁਰਪਾਲ ਸਿੰਘ ਸੰਧੂ ਦੇ ਸ਼ਬਦਾਂ ਅਨੁਸਾਰ, "ਇਹ ਟੈਕਸਟ ਵਿਚ ਯਥਾਰਥ ਦੀ ਪੇਸ਼ਕਾਰੀ ਨਹੀਂ ਕਰਦੀ ਸਗੋਂ ਨਵੀਂ ਵਿਆਖਿਆ ਅਤੇ ਵਿਸ਼ਲੇਸ਼ਣ ਕਰਦੀ ਹੋਈ ਮਨੁੱਖੀ ਹੋਂਦ ਦੇ ਨਵੇਂ ਪ੍ਰਸੰਗ



















ਉਭਾਰ ਕੇ ਨਵੇਂ ਪ੍ਰਸ਼ਨ ਖੜ੍ਹੇ ਕਰਦੀ ਹੈ। ਇਹ ਭਰਮ ਸਿਰਜਣ ਦੀ ਥਾਂ ਯਥਾਰਥ ਦੇ ਅੰਦਰਲੇ ਸੱਚ ਨਾਲ ਸਿੱਧੇ ਮੱਥੇ ਟੱਕਰ ਲੈਂਦੀ ਹੈ। ਮਨੁੱਖੀ ਚੌਗਿਰਦੇ ਵਿਚ ਪੈਦਾ ਹੋਈਆਂ ਬੇਤਰਤੀਬੀਆਂ ਨਾਲ ਸੰਘਰਸ਼ ਇਸ ਦਾ ਲੱਛਣ ਹੈ।"[12]


ਇਹਨਾਂ ਨਾਵਲਾਂ ਦਾ ਨਾਵਲੀ-ਪ੍ਰਵਚਨ ਸਮਕਾਲ ਅਤੇ ਅਤੀਤ ਵਿਚਲੇ ਉਨ੍ਹਾਂ ਹਾਲਾਤਾਂ ਨੂੰ ਆਪਣਾ ਆਦਿ ਬਿੰਦੂ ਬਣਾਉਂਦਾ ਹੈ, ਜੋ ਸਮਕਾਲੀ ਮਨੁੱਖ ਦੀ ਮਾਨਸਿਕ ਅਤੇ ਅਸਤਿਤਵੀ ਇਕਸੁਰਤਾ ਨੂੰ ਖੰਡਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ। ਸਮਕਾਲੀ ਯਥਾਰਥ ਇਕ ਤ੍ਰੈਕਾਲੀ ਯੁੱਗ ਚੇਤਨਾ ਹੈ, ਜਿਸ ਦਾ ਸਰੋਕਾਰ ਸਿਰਫ਼ ਵਰਤਮਾਨ ਜੀਵਨ ਯਥਾਰਥ ਨਾਲ ਹੀ ਨਹੀਂ ਸਗੋਂ ਇਹ ਨਿਕਟ ਭੂਤ ਅਤੇ ਨਿਕਟ ਭਵਿੱਖ ਨੂੰ ਆਪਣੇ ਕਲਾਵੇ ਵਿਚ ਸਮੇਟਦਾ ਹੈ।

**ਹਵਾਲੇ ਤੇ ਟਿੱਪਣੀਆਂ**


1. ਡਾ. ਗੁਰਜੰਟ ਸਿੰਘ (ਸੰਪਾ.), ਸਮਕਾਲੀ ਪੰਜਾਬੀ ਗਲਪ, ਪੰਨਾ-7.
2. ਡਾ. ਮਲਕੀਅਤ ਸਿੰਘ, ਪੰਜਾਬੀ ਨਾਵਲ: ਨਵੀਨ ਪਰਤਾਂ, ਪੰਨਾ-12.
3. ਪ੍ਰੋ. ਰਵਿੰਦਰ ਭੱਠਲ ਤੇ ਡਾ. ਸੁਰਜੀਤ ਸਿੰਘ (ਸਹਿ.ਸੰਪਾ.), ਪੰਜਾਬੀ ਸਾਹਿਤ: ਸਮਕਾਲੀ ਦ੍ਰਿਸ਼, ਪੰਨਾ-86
4.. ਡਾ. ਸਤਿੰਦਰ ਸਿੰਘ ਨੂਰ, ਸਮਕਾਲੀ ਸਾਹਿਤ ਸੰਵਾਦ, ਪੰਨਾ 48-49
5. ਐਸ. ਐਲ. ਦੋਸ਼ੀ, ਆਧੁਨਿਕਤਾ, ਉਤਰ-ਆਧੁਨਿਕਤਾ ਏਵਮ ਨਵ-ਸਮਾਜ ਸ਼ਾਸਤਰੀਯ ਸਿਧਾਂਤ ਚਿੰਤਨ, (ਸੰਪਾ. ਜਸਬੀਰ ਕੇਸਰ), ਪੰਨਾ-15
6. ਜਸਬੀਰ ਕੇਸਰ (ਸੰਪਾ.), ਕੇਸਰ ਸਿੰਘ ਕੇਸਰ ਸਿਧਾਂਤ ਚਿੰਤਨ, ਪੰਨਾ-15
7. ਸਮਦਰਸ਼ੀ, ਨਵਾਂ ਪੰਜਾਬੀ ਵਿਸ਼ੇਸ਼ ਅੰਕ, ਦਸੰਬਰ-ਜਨਵਰੀ 2005, ਪੰਨਾ-101
8. ਸ਼ਬਦ, ਅੰਕ-36
9. ਹੰਸਪ੍ਰੀਤ ਕੌਰ, ਪਾਕਿਸਤਾਨੀ ਪੰਜਾਬੀ ਨਾਵਲ, ਪੰਨਾ-27
10. ਪ੍ਰੋ. ਰਵਿੰਦਰ ਭੱਠਲ ਤੇ ਡਾ. ਸੁਰਜੀਤ ਸਿੰਘ (ਸਹਿ.ਸੰਪਾ.), ਪੰਜਾਬੀ ਸਾਹਿਤ: ਸਮਕਾਲੀ ਦ੍ਰਿਸ਼, ਪੰਨਾ-86
11. ਡਾ. ਗੁਰਪਾਲ ਸਿੰਘ, ਪੰਜਾਬੀ ਨਾਵਲ ਦਾ ਇਤਿਹਾਸ ਪੰਨਾ-77
12. ਨਿਰੰਜਨ ਤਸਨੀਮ, ਸਮਕਾਲੀ ਸਾਹਿਤਕ ਸੰਦਰਭ, ਪੰਨਾ-14
13. ਸਮਦਰਸ਼ੀ, ਨਵਾਂ ਪੰਜਾਬੀ ਵਿਸ਼ੇਸ਼ ਅੰਕ, ਦਸੰਬਰ-ਜਨਵਰੀ 2005, ਪੰਨਾ-9-10.


**ਪਤਾ- ਪੰਜਾਬੀ ਵਿਭਾਗ, ਬੀ.ਬੀ.ਕੇ.ਡੀ.ਏ.ਵੀ.ਕਾਲਜ ਫ਼ਾਰ ਵੂਮੈਨ, ਅੰਮ੍ਰਿਤਸਰ**


# ਸਮਕਾਲੀ ਪੰਜਾਬੀ ਨਾਵਲ ਵਿਚ ਨਾਇਕ ਦੀ ਬਿਰਤਾਂਤਕਾਰੀ

**- ਡਾ. ਪ੍ਰਿਯਾ ਗੋਇਲ**

ਨਾਵਸ ਬਿਰਤਾਂਤ ਸਾਹਿਤ ਦੀ ਅਜਿਹੀ ਕਲਾਤਮਕ ਰੂਪ-ਵਿਧਾ ਹੈ, ਜੋ ਜੀਵਨ ਯਥਾਰਥ ਦੇ ਹਰੇਕ ਪੱਖ ਦੀ ਪੇਸ਼ਕਾਰੀ ਵਿਸ਼ੇਸ਼ ਕੈਨਵਸ ਤੇ ਕਰਦੀ ਹੈ। ਸਿਰਫ ਪੇਸ਼ਕਾਰੀ ਹੀ ਨਹੀਂ, ਸਗੋਂ ਵਿਸਤ੍ਰਿਤ ਵਿਆਖਿਆ ਅਤੇ ਆਲੋਚਨਾ ਵੀ ਇਸ ਵਿਚ ਸੰਮਿਲਿਤ ਹੈ। ਰੂਪ ਅਤੇ ਆਕਾਰ ਦੇ ਪੱਖ ਤੋਂ ਇਹ ਹੋਰ ਸਾਹਿਤਕ ਵਿਧਾਵਾਂ ਦੇ ਮੁਕਾਬਲੇ ਵਧੇਰੇ ਖੁੱਲ੍ਹੀ ਡੁੱਲ੍ਹੀ ਅਤੇ ਬੰਧਨ ਰਹਿਤ ਵਿਧਾ ਹੈ, ਜਿਸ ਕਾਰਨ ਇਕੋ ਸਮੇਂ ਸਮਾਜ ਦਾ ਬਹੁ-ਪੱਖੀ, ਬਹੁ-ਪਰਤ ਅਤੇ ਬਹੁ-ਦਿਸ਼ਾਵੀ ਚਿੱਤਰ ਪੇਸ਼ ਕਰਨ ਦੀ ਸਮਰੱਥਾ ਰੱਖਦੀ ਹੈ। ਕੋਈ ਵੀ ਸਾਹਿਤ ਰੂਪ ਖਲਾਅ ਵਿਚੋਂ ਪੈਦਾ ਨਹੀਂ ਹੁੰਦਾ। ਕਿਸੇ ਵੀ ਸਮਾਜ ਵਿਚ ਵਾਪਰਨ ਵਾਲੀਆਂ ਸਮਾਜਿਕ, ਆਰਥਿਕ ਰਾਜਸੀ ਤਬਦੀਲੀਆਂ ਸਾਹਿਤ ਰੂਪਾਂ ਦੀ ਹੋਂਦ ਅਤੇ ਵਿਧਾ ਨੂੰ ਨਿਰਧਾਰਿਤ ਕਰਦੀਆਂ ਹਨ। ਇਹਨਾਂ ਤਬਦੀਲੀਆਂ ਕਰਕੇ ਹੀ ਨਾਵਲ ਨੂੰ 'ਪੂੰਜੀਵਾਦੀ ਜੁੱਗ ਦਾ ਮਹਾਂਕਾਵਿ ਕਿਹਾ ਜਾਂਦਾ ਹੈ। ਪੰਜਾਬੀ ਨਾਵਲ ਦਾ ਆਰੰਭ ਭਾਈ ਵੀਰ ਸਿੰਘ ਦੇ ਨਾਵਲ '**ਸੁੰਦਰੀ**' (1898) ਨਾਲ ਹੁੰਦਾ ਹੈ। ਇਸ ਤੋਂ ਬਾਅਦ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਆਦਿ ਨਾਵਲਕਾਰਾਂ ਨੇ ਆਪਣੀਆਂ ਰਚਨਾਵਾਂ ਦੁਆਰਾ ਨਾਵਲ ਦੇ ਵਿਕਾਸ ਦੀ ਤੋਰ ਨੂੰ ਅੱਗੇ ਤੋਰਿਆ। ਪਰ ਜਿਥੋਂ ਤੱਕ ਮਸਲਾ ਨਾਵਲ ਵਿਚ ਨਾਇਕ ਦੀ ਸਿਰਜਣਾ ਕਰਨ ਬਾਰੇ ਹੈ ਤਾਂ ਨਾਵਲ ਦਾ ਆਪਣੇ ਸ਼ੁਰੂਆਤੀ ਦੌਰ ਤੋਂ ਲੈ ਕੇ ਲਗਭਗ 60 ਵਰ੍ਹਿਆਂ ਦੀ ਤੋਰ ਤੱਕ ਰੁਝਾਨ ਨਾਇਕ ਪ੍ਰਧਾਨ ਰਿਹਾ। ਉਪਰੋਕਤ ਸਾਰੇ ਨਾਵਲਕਾਰਾਂ ਨੇ ਨਾਇਕ ਕੇਂਦਰਿਤ ਨਾਵਲਾਂ ਦੀ ਰਚਨਾ ਕੀਤੀ। ਨਾਇਕ ਕੌਣ ਹੁੰਦਾ ਹੈ? ਉਸ ਦਾ ਸੁਭਾਅ ਕੀ ਹੈ? ਅਜਿਹੇ ਕੁਝ ਪ੍ਰਸ਼ਨ ਹਨ, ਜਿਹੜੇ ਹਰ ਯੁੱਗ ਦੇ ਚਿੰਤਕਾਂ ਦੇ ਅਧਿਐਨ 'ਚ ਰਹੇ ਹਨ, ਇਹਨਾਂ ਸਵਾਲਾਂ ਦੇ ਜਵਾਬ ਵਿਦਵਾਨਾਂ ਨੇ ਪ੍ਰਚਲਿਤ ਸਮਾਜਿਕ ਪ੍ਰਬੰਧ ਦੇ ਆਧਾਰ 'ਤੇ ਦਿੱਤੇ। ਕਿਉਂਕਿ ਹਰੇਕ ਯੁੱਗ ਦਾ ਆਪਣਾ ਨਾਇਕ ਹੁੰਦਾ ਹੈ ਅਤੇ ਯੁੱਗ ਬਦਲਣ ਨਾਲ ਨਾਇਕ ਦਾ ਸੁਭਾਅ ਵੀ ਬਦਲਦਾ ਰਿਹਾ ਹੈ। ਪਰ ਸਮੁੱਚੇ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਾਇਕ ਇਕ ਅਜਿਹਾ ਵਿਅਕਤੀ ਹੈ, ਜੋ ਆਪਣੀ ਨਿੱਜਤਾ ਤੋਂ ਉੱਪਰ ਉੱਠ ਕੇ ਪਰ-ਸੁਆਰਥ ਅਤੇ ਪਰ ਉਪਕਾਰ ਲਈ ਹਮੇਸ਼ਾ ਯਤਨਸ਼ੀਲ ਰਹਿਦਾ ਹੈ। ਉਹ ਮਾਨਵੀਂ ਗੁਣਾਂ ਨਾਲ ਪਰਨਾਇਆ ਹੁੰਦਾ ਹੈ ਤੇ ਹਮੇਸ਼ਾ ਲੋਕ ਹਿੱਤ ਹੀ ਉਸ ਦਾ ਆਦਰਸ਼ ਹੁੰਦਾ ਹੈ। ਉਹ ਆਪਣੀ ਜ਼ਿੰਦਗੀ ਵਿਚ ਖਾਸ ਮੁੱਲਾਂ ਤੇ ਆਦਰਸ਼ਾਂ ਦਾ ਮੁਜੱਸਮਾ ਹੀ ਨਹੀਂ ਹੁੰਦਾ ਸਗੋਂ ਉਹਨਾਂ ਦੀ ਸਥਾਪਨਾ ਲਈ ਹਮੇਸ਼ਾ ਸੰਘਰਸ਼ ਕਰਦਾ ਹੈ ਅਜਿਹਾ ਕਰਦੇ ਹੋਏ ਜੇ ਉਹ ਸਫ਼ਲ ਹੋ ਜਾਵੇ ਤਾਂ ਉਸ ਨੂੰ ਜੇਤੂ ਨਾਇਕ ਕਿਹਾ ਜਾਂਦਾ ਹੈ। ਪਰੰਤੂ ਜੇ ਉਹ ਸਫ਼ਲ ਨਹੀਂ ਵੀ ਹੁੰਦਾ ਤਾਂ ਅਜਿਹੇ ਸੰਘਰਸ਼ ਵਿਚ ਆਪਣੇ ਪ੍ਰਾਣ ਤੱਕ ਦੀ ਵੀ ਬਲੀ ਦੇ ਦਿੰਦਾ ਹੈ ਤਾਂ ਉਹ ਸ਼ਹੀਦ ਨਾਇਕ ਬਣ ਕੇ ਉੱਭਰਦਾ ਹੈ। ਲੋਕ ਉਸ ਦੇ



ਸੰਘਰਸ਼ ਜਾਂ ਸ਼ਹੀਦੀ ਤੋਂ ਪ੍ਰੇਰਨਾ ਲੈਂਦੇ ਹਨ। ਪੰਜਾਬੀ ਨਾਵਲ ਦੇ ਸੰਦਰਭ ਵਿਚ ਜੇ ਨਾਇਕ ਦੀ ਗੱਲ ਕਰੀਏ ਤਾਂ 1960 ਤੱਕ ਪੰਜਾਬੀ ਨਾਵਲ ਜਿਥੇ ਨਾਇਕ ਕੇਂਦਰਿਤ ਰਿਹਾ ਉਥੇ 1960 ਤੋਂ ਬਾਅਦ ਦਾ ਨਾਵਲ ਪੂਰਵ-ਪ੍ਰਚਲਿਤ ਨਾਇਕ ਦੀ ਮਿੱਥ ਨੂੰ ਤੋੜ ਕੇ ਮੁੱਖ ਪਾਤਰ' ਜਾਂ ਅਨਾਇਕ' ਦੀ ਸਿਰਜਣਾ ਕਰਦਾ ਹੈ। ਇਸ ਦਾ ਅਰਥ ਇਹ ਹੈ ਕਿ ਇਸ ਦੌਰ ਦਾ ਨਾਵਲ ਮਨੁੱਖ ਨੂੰ ਉਸ ਨੂੰ ਲਘੂਤਾ ਤੇ ਲਾਚਾਰੀ ਵਿਚ ਪੇਸ਼ ਕਰਦਾ ਹੋਇਆ ਉਸ ਦੀ ਤ੍ਰਾਸਦ ਸਥਿਤੀ ਨੂੰ ਹੀ ਪ੍ਰਤੀਬਿੰਬਤ ਕਰਦਾ ਹੈ।

ਵੱਡਾ ਸਵਾਲ ਹੁਣ ਇਹ ਹੈ ਕਿ 1990 ਤੋਂ ਬਾਅਦ ਨਾਇਕ ਦਾ ਪੁਨਰ-ਸਥਾਪਨ ਕਿਉਂ ਹੋਇਆ? ਅਜੋਕਾ ਦੌਰ ਵਿਸ਼ਵੀਕਰਨ, ਨਵ-ਪੂੰਜੀਵਾਦ ਦਾ ਦੌਰ ਹੈ। ਵਿਸ਼ਵੀ ਆਰਥਿਕਤਾ ਦੇ ਉਦਯੋਗਿਕ ਸਭਿਆਚਾਰਕ ਵਰਤਾਰੇ ਨੇ ਇਕ ਨਵੀਂ ਤਰ੍ਹਾਂ ਦੇ ਸਭਿਆਚਾਰਕ ਉਦਯੋਗ ਨੂੰ ਜਨਮ ਦਿੱਤਾ, ਜਿਸ ਦੇ ਪ੍ਰਭਾਵ ਵਿਚ ਵਿਅਕਤੀ ਹੀ ਨਹੀਂ ਸਮੁੱਚੀ ਪ੍ਰਕਿਰਤੀ ਵੀ ਆ ਗਈ। ਇਹ ਮਨੁੱਖ ਦੇ ਵਿਕਾਸ ਦਾ ਨਹੀਂ, ਸਗੋਂ ਵਿਨਾਸ਼ ਦਾ ਮਾਰਗ ਸੀ। ਅਜਿਹੀ ਸਥਿਤੀ ਨੇ ਹਰ ਬੁੱਧੀਜੀਵੀ ਨੂੰ ਇਹਨਾਂ ਸਥਿਤੀਆਂ ਬਾਰੇ ਸੋਚਣ ਲਈ ਮਜ਼ਬੂਰ ਕੀਤਾ। ਲੇਖਕ ਤੇ ਕਲਾਕਾਰ ਵੀ ਇਹਨਾਂ ਸਥਿਤੀਆਂ ਦੀ ਕਰੂਪਤਾ ਤੇ ਕਰੂਰਤਾ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋਏ ਅਤੇ ਉਹ ਮਨੁੱਖੀ ਵਿਨਾਸ਼ ਦੀ ਅਜਿਹੀ ਪ੍ਰਕਿਰਿਆ ਪ੍ਰਤੀ ਚਿੰਤਤ ਹੋਏ। ਉਹਨਾਂ ਦੀ ਇਹ ਚਿੰਤਤ ਸੰਵੇਦਨਾਂ ਵਿਚੋਂ ਉਸ ਚਿੰਤਨ ਦਾ ਜਨਮ ਹੋਇਆ। ਜਿਹੜਾ ਸਮਾਜ ਦੀ ਅਜਿਹੀ ਮਾਰੂ ਸਥਿਤੀ ਨੂੰ ਕੋਈ ਸਾਕਾਰਾਤਮਕ ਮੋੜਾ ਦੇਣਾ ਚਾਹੁੰਦਾ ਸੀ। ਉਹ ਸਾਕਾਰਾਤਮਕ ਪਰਿਵਰਤਨ ਨੂੰ ਮੋੜ ਦੇਣ ਦਾ ਕੀ ਮਾਡਲ ਹੋਵੇ? ਜਾਂ ਉਸ ਦਾ ਕੀ ਰੂਪ ਹੋਵੇ? ਇਹ ਪੰਜਾਬੀ ਸਾਹਿਤ ਤੇ ਸਾਹਿਤਕਾਰਾਂ ਨੇ ਅਜਿਹੇ ਨਾਇਕ ਦੀ ਤਲਾਸ਼ ਕਰਨੀ ਸ਼ੁਰੂ ਕੀਤੀ, ਜਿਹੜਾ ਬੌਧਿਕ ਪੱਖੋਂ ਚੇਤੰਨ ਹੋਵੇ, ਵਿਵਹਾਰ ਪੱਖੋਂ ਵਾਸਤਵਿਕ ਹੋਵੇ, ਮੁੱਲਾਂ ਅਤੇ ਆਦਰਸ਼ਾਂ ਪੱਖੋਂ ਪ੍ਰੇਰਨਾਦਾਇਕ ਹੋਵੇ। ਅਜਿਹਾ ਨਾਇਕ 1990 ਤੋਂ ਬਾਅਦ ਦੇ ਨਾਵਲ 'ਚ ਆਉਣਾ ਆਰੰਭ ਹੋਇਆ। ਸਾਡੇ ਪੰਜਾਬੀ ਨਾਵਲਕਾਰਾਂ ਨੇ ਇਸ ਨਾਇਕ ਦੀ ਤਲਾਸ਼ ਕਿਤੇ ਸੁਤੰਤਰਤਾ ਸੰਗ੍ਰਾਮ ਵਿਚੋਂ, ਕਿਤੇ ਸਿੱਖ ਇਤਿਹਾਸ ਵਿਚੋਂ, ਕਿਤੇ ਸਾਡੀ ਲੋਕ ਗਾਥਾ ਵਿਚੋਂ ਅਤੇ ਕਿਤੇ ਸਾਡੇ ਵਸਤੂ-ਯਥਾਰਥ ਵਿਚੋਂ ਕੀਤੀ। ਮੇਰੇ ਇਸ ਖੋਜ ਦਾ ਵਿਸ਼ਾ ਬਲਦੇਵ ਸਿੰਘ ਦੇ ਨਾਵਲਾਂ (**ਪੰਜਵਾਂ ਸਾਹਿਬਜ਼ਾਦਾ, ਸਤਲੁਜ ਵਹਿੰਦਾ ਰਿਹਾ, ਢਾਹਵਾਂ ਦਿੱਲੀ ਦੇ ਕਿੰਗਰੇ, ਮਹਾਂਬਲੀ ਸੂਰਾ**) ਅਤੇ ਮਨਮੋਹਨ ਬਾਵਾ ਦੇ ਨਾਵਲ (**ਯੁੱਧ ਨਾਦ, ਯੁੱਗ ਅੰਤ**) ਵਿਚਲੇ ਨਾਇਕ ਦੀ ਬਿਰਤਾਂਤਕਾਰੀ ਸੰਬੰਧੀ ਅਧਿਐਨ ਕਰਨਾ ਹੈ।

ਸਮਕਾਲੀ ਪੰਜਾਬੀ ਨਾਵਲ ਦੇ ਖੇਤਰ ਵਿਚ ਬਲਦੇਵ ਸਿੰਘ ਇਕ ਅਜਿਹੇ ਨਾਵਲਕਾਰ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ ਹੈ ਜਿਸ ਨੇ ਆਪਣੀ ਗਹਿਰ-ਗੰਭੀਰ ਚਿੰਤਨ ਰਾਹੀਂ ਅਤੇ ਅਣਥੱਕ ਘਾਲਣਾ ਰਾਹੀਂ ਇਤਿਹਾਸ ਆਧਾਰਿਤ ਅਜਿਹੇ ਮਹਾਂਕਾਵਿਕ ਬਿਰਤਾਂਤਾਂ ਦੀ ਸਿਰਜਣਾ ਕੀਤੀ ਹੈ ਜਿਹਨਾਂ ਦੀ ਇਤਿਹਾਸਕ ਮਹੱਤਤਾ ਦੇ ਨਾਲ ਨਾਲ ਸਮਕਾਲ ਵਿਚ ਵੀ ਉਹਨਾਂ ਦੀ ਸਾਰਥਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਲਦੇਵ ਸਿੰਘ ਦੇ ਨਾਇਕ ਪ੍ਰਧਾਨ ਬਿਰਤਾਂਤ '**ਪੰਜਵਾਂ ਸਾਹਿਬਜ਼ਾਦਾ**' , '**ਸਤਲੁਜ ਵਹਿੰਦਾ ਰਿਹਾ**', '**ਢਾਹਵਾਂ ਦਿੱਲੀ ਦੇ ਕਿੰਗਰੇ**' ਅਤੇ '**ਮਹਾਂਬਲੀ ਸੂਰਾ**' ਪੰਜਾਬ ਦੇ ਅਜਿਹੇ ਮਹਾਂਨਾਇਕਾਂ ਦੀ ਪੇਸ਼ਕਾਰੀ ਕਰਦੇ ਹਨ, ਜਿਹਨਾਂ ਵੇਲੇ ਦੀ ਹਕੂਮਤ ਨਾਲ ਆਪਣੇ ਸੰਘਰਸ਼ ਦੌਰਾਨ ਆਪਣੀ ਜਾਨ ਦੀ ਆਹੂਤੀ ਤਾਂ ਦੇ ਦਿੱਤੀ ਪਰ ਆਪਣੇ ਬਚਾਉ ਲਈ ਕਦੇ ਵੀ ਹਕੂਮਤ ਅੱਗੇ ਨਹੀਂ ਝੁਕੇ। ਬਲਦੇਵ ਸਿੰਘ ਰਚਿਤ '**ਪੰਜਵਾਂ ਸਾਹਿਬਜ਼ਾਦਾ**' ਨਾਵਲ ਸਿੱਖ ਧਰਮ ਤੇ ਸਿੱਖ ਇਤਿਹਾਸ ਨਾਲ ਸੰਬੰਧਤ ਨਾਇਕ ਪ੍ਰਧਾਨ ਨਾਵਲ ਹੈ ਜਿਸ ਵਿਚ ਭਾਈ ਜੈਤੇ ਦੇ ਸਿੱਖੀ ਲਈ ਕੀਤੇ ਸੰਘਰਸ਼ ਦਾ ਗਲਪੀ ਬਿਰਤਾਂਤ ਸਿਰਜਿਆ ਗਿਆ ਹੈ। ਨਾਵਲਕਾਰ ਨੇ ਆਪਣੇ ਨਾਵਲ ਵਿਚ ਭਾਈ ਜੈਤੇ ਦੇ ਨਾਇਕਤਵ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਹੈ ਜੋ ਹਾਲੇ ਤੱਕ ਸਿੱਖ ਇਤਿਹਾਸ ਵਿਚ ਆਪਣੇ ਅਹਿਮ ਰੋਲ ਦੇ ਬਾਵਜੂਦ ਵੀ ਅਣਗੌਲਿਆ ਰਿਹਾ ਹੈ ਪਰ ਲੇਖਕ ਇਸ ਪਾਤਰ ਦੇ ਸੰਘਰਸ਼ ਤੋਂ ਜਾਣੂੰ ਕਰਾਉਂਦਾ ਹੋਇਆ

ਭਾਈ ਜੈਤੇ ਦੇ ਮਹਾਂਨਾਇਕੀ ਸਰੂਪ ਨੂੰ ਉਸਾਰਨ ਤੇ ਉਘਾਰੜਨ ਦੀ ਕੋਸ਼ਿਸ਼ ਵੀ ਕਰਦਾ ਹੈ। ਭਾਈ ਜੈਤਾ ਸਿੱਖ ਇਤਿਹਾਸ ਦਾ ਉਹੀ ਨਿਡਰ ਸਾਹਸੀ ਅਤੇ ਜੁਝਾਲੂ ਯੋਧਾ ਹੈ ਜਿਸ ਨੇ ਸਿੱਖਾਂ ਦੇ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਨੇ ਸੀਸ ਨੂੰ ਮੁਗਲਾਂ ਦੀ ਬੇਅਦਬੀ ਤੋਂ ਬਚਾਉਣ ਲਈ ਆਪਣੇ ਪਿਤਾ ਦੇ ਸੀਸ ਦੀ ਕੁਰਬਾਨੀ ਦਿੱਤੀ। ਸਿਰਫ ਇਹੀ ਨਹੀਂ ਸਗੋਂ ਉਸ ਸੀਸ ਨੂੰ ਦਿੱਲੀ ਤੋਂ ਆਨੰਦਪੁਰ ਸਾਹਿਬ ਤੱਕ ਪਹੁੰਚਾਉਣ ਵਿਚ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਅੰਤ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੜੀ ਸ਼ਰਧਾ ਨਾਲ ਭੇਟ ਕੀਤਾ ਅਤੇ ਗੁਰੂ ਜੀ ਨੇ ਉਸ ਨੂੰ 'ਰੰਘਰੇਟੇ ਗੁਰੂ ਕੇ ਬੇਟੇ' ਹੋਣ ਦਾ ਵਰ ਦਿੱਤਾ। ਇਸ ਨਾਵਲ ਦੀ ਕਥਾ ਵਸਤੂ ਦਾ ਸੰਬੰਧ ਪੰਜਾਬ ਦੇ ਸਿੱਖ ਇਤਿਹਾਸ ਅਤੇ ਇਸ ਦੇ ਸਾਮਨਾਂਤਰ ਮੁਗਲ ਸਲਤਨਤ ਦੇ ਅੰਤਰ-ਸੰਬੰਧਾਂ ਅਤੇ ਅੰਤਰ-ਵਿਰੋਧਾਂ ਦੇ ਸੰਦਰਭ ਵਿਚ ਭਾਈ ਜੈਤੇ ਦੀ ਜੀਵਨ-ਗਾਥਾ ਨੂੰ ਬਿਆਨਣਾ ਹੈ। ਭਾਈ ਜੈਤਾ ਆਪਣੇ ਬਚਪਨ ਤੋਂ ਲੈ ਕੇ ਆਪਣੇ ਅੰਤਿਮ ਸਮੇਂ ਤੱਕ ਗੁਰੂ ਜੀ ਦਾ ਅੰਗ ਰੱਖਿਅਕ ਅਤੇ ਸਿਪਾਹਸਾਲਾਰ ਬਣਿਆ ਰਿਹਾ। ਚਮਕੌਰ ਦੀ ਗੜ੍ਹੀ ਚਿਵ ਹੋਏ ਯੁੱਧ ਦੌਰਾਨ ਜੈਤਾ ਗੁਰੂ ਗੋਬਿੰਦ ਜੀ ਨਾਲ ਆਪਣਾ ਪਹਿਰਾਵਾ ਬਦਲ ਕੇ ਆਪ ਉਸ ਯੁੱਧ ਵਿਚ ਸ਼ਹੀਦ ਹੋ ਜਾਂਦਾ ਹੈ ਅਤੇ ਗੁਰੂ ਜੀ ਨੂੰ ਸੁਰੱਖਿਅਤ ਕੱਢਣ ਵਿਚ ਸਫ਼ਲ ਹੋ ਜਾਂਦਾ ਹੈ। ਹੋਰ ਵੀ ਬਹੁਤ ਲੜਾਈਆਂ ਵਿਚ ਜੈਤਾ ਗੁਰੂ ਜੀ ਦੇ ਮੁਖ ਅੰਗ ਰੱਖਿਅਕ ਵਜੋਂ ਵਿਚਰਦਾ ਹੈ। ਪਰ ਵਿਡੰਬਨਾ ਇਹ ਹੈ ਕਿ ਸਾਡੇ ਇਤਿਹਾਸ ਨੇ ਅਜਿਹੇ ਨਿਡਰ ਅਤੇ ਸਾਹਸੀ ਨਾਇਕ ਨੂੰ ਹਾਸ਼ੀਏ ਤੇ ਸੁੱਟ ਦਿੱਤਾ ਪਰ ਬਲਦੇਵ ਸਿੰਘ ਨੇ ਆਪਣੇ ਉਪਰੋਕਤ ਨਾਵਲ ਵਿਚ ਇਸ ਨਾਇਕ ਦੀ ਕੁਰਬਾਨੀ ਦਾ ਮੁੱਲ ਪੁਆਉਣ ਦੀ ਕੋਸ਼ਿਸ਼ ਕੀਤੀ ਹੈ।

ਬਲਦੇਵ ਸਿੰਘ ਦਾ ਅਗਲਾ ਨਾਵਲ '**ਸਤਲੁਜ ਵਹਿੰਦਾ ਰਿਹਾ**' ਪੰਜਾਬੀ ਨਾਵਲ ਦੇ ਵਿਕਾਸ ਵਿਚ ਅਹਿਮ ਮੋੜ ਦਾ ਸੂਚਕ ਹੈ। ਵਿਚਾਰ ਅਧੀਨ ਨਾਵਲ ਅਜਿਹਾ ਮਹਾਂਬਿਰਤਾਂਤਕ ਨਾਵਲ ਹੈ ਜਿਸ ਵਿਚ ਲੇਖਕ ਨੇ ਸਾਡੇ ਸੁਤੰਤਰਤਾ ਸੰਗ੍ਰਾਮ ਦੇ ਉਸ ਮਹਾਨ ਯੋਧੇ ਨੂੰ ਆਪਣੇ ਨਾਵਲ ਦੇ ਕੇਂਦਰ ਵਿਚ ਲਿਆਂਦਾ ਹੈ, ਜਿਸ ਨੂੰ ਸਾਡਾ ਲੋਕਮਨ ਪਹਿਲਾਂ ਦੀ ਆਜ਼ਾਦੀ ਦੇ ਲਾੜੇ ਵਜੋਂ ਸਵੀਕਾਰ ਕਰਕੇ ਆਪਣੇ ਲੋਕਗੀਤਾਂ ਵਿਚ ਪ੍ਰਸਤੁਤ ਕਰ ਚੁੱਕਿਆ ਹੈ। ਆਪਣੇ ਨਾਵਲ ਵਿਚ ਲੇਖਕ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਜਾਣੂੰ ਕਰਾਉਂਦਾ ਹੋਇਆ ਮੌਜੂਦਾ ਲੁਟੇਰੇ ਪ੍ਰਬੰਧ ਦੇ ਖਿਲਾਫ਼ ਲੋਕਾਂ ਨੂੰ ਜਾਗਰੂਕ ਕਰਾਉਂਦਾ ਹੈ। ਕਿਉਂਕਿ ਵੇਲੇ ਦੀ ਸੱਤਾ ਨੇ ਹਮੇਸ਼ਾ ਹੀ ਲੋਕ ਨਾਇਕਾਂ ਦੀ ਅਸਲ ਦਿੱਖ ਨੂੰ ਲੁਕੋ ਕੇ ਜਾਂ ਵਿਗਾੜ ਕੇ ਲੋਕਾਂ ਸਾਹਮਣੇ ਪੇਸ਼ ਕਰਕੇ ਉਹਨਾਂ ਦੀ ਅਸਲੀਅਤ ਅਤੇ ਵਿਚਾਰਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਹਕੂਮਤ ਨੇ ਭਗਤ ਸਿੰਘ ਨੂੰ ਭਾਰਤੀ ਲੋਕਾਂ ਕੋਲੋ ਖੋਹਣ ਲਈ ਉਸ ਨੂੰ ਫ਼ਿਲਮਾਂ, ਪੋਸਟਰਾਂ, ਬੰਬਾਂ, ਪਿਸਤੌਲਾਂ ਦੇ ਸ਼ੌਕੀਨ ਇਨਕਲਾਬੀ ਦਹਿਸ਼ਤਪਸੰਦ ਵਿਅਕਤੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਪਰ ਲੇਖਕ ਨੇ ਭਗਤ ਸਿੰਘ ਦੇ ਬਿੰਬ ਅਤੇ ਵਿਚਾਰਧਾਰਾ ਪ੍ਰਤਿ ਪੈਦਾ ਹੋਈਆਂ ਗਲਤ ਫਹਿਮੀਆਂ ਨੂੰ ਦੂਰ ਕਰਕੇ ਉਸ ਦੀ ਵਿਚਾਰਧਾਰਕ ਸੋਚ ਨੂੰ ਨਾਵਲ ਵਿਚ ਪੇਸ਼ ਕੀਤਾ ਹੈ। ਨਾਵਲ ਵਿਚ ਭਗਤ ਸਿੰਘ ਦੇ ਪਰਿਵਾਰਕ ਕ੍ਰਾਂਤੀਕਾਰੀ ਮਾਹੌਲ, ਪੀੜ੍ਹੀ ਦਰ ਪੀੜ੍ਹੀ ਵਿਰਸੇ ਵਿਚ ਮਿਲੇ ਕ੍ਰਾਂਤੀਕਾਰੀ ਗੁਣ ਅਤੇ ਪਰਿਵਾਰਕ ਮੈਂਬਰਾਂ ਦਾ ਇਤਿਹਾਸਕ ਵੇਰਵਾ ਆਦਿ ਵੀ ਨਾਵਲੀ ਕਥਾ ਵਿਚ ਮੌਜੂਦ ਹਨ। ਭਗਤ ਸਿੰਘ ਭਾਰਤੀ ਜੰਗ ਏ ਆਜ਼ਾਦੀ ਦਾ ਅਜਿਹਾ ਸਿਰਲੱਥ ਸੂਰਮਾ ਸੀ ਜਿਸਨੇ ਆਜ਼ਾਦੀ ਦੀ ਖਾਤਰ ਸੰਘਰਸ਼ ਕਰਦਿਆਂ ਅੰਗਰੇਜ਼ੀ ਸਾਮਰਾਜ ਨੂੰ ਵੰਗਾਰਿਆਂ, ਆਜ਼ਾਦੀ ਪ੍ਰਾਪਤੀ ਲਈ ਹਿੰਦੁਸਤਾਨ ਸੋਸ਼ਿਲਿਸ਼ਟ ਰਿਪਬਲਿਕਨ ਪਾਰਟੀ ਦਾ ਗਠਨ ਕੀਤਾ, ਆਪਣੀ ਵਿਚਾਰਧਾਰਕ ਸੋਚ ਵਿਚ ਪਕਿਆਈ ਲਿਆਉਣ ਲਈ ਫਰਾਂਸ ਅਤੇ ਰੂਸ ਆਦਿ ਵਿਸ਼ਵ ਕ੍ਰਾਂਤੀਆਂ ਦਾ ਅਧਿਐਨ ਕੀਤਾ, ਲੋਕਾਂ ਨੂੰ ਜਥੇਬੰਦ ਕਰਨ ਲਈ ਦਹਿਸ਼ਤਵਾਦੀ ਕਾਰਵਾਈਆਂ ਦੀ ਥਾਂ ਪ੍ਰਚਾਰ ਅਤੇ ਅੰਦੋਲਨ ਨੂੰ ਪਹਿਲ ਦਿੱਤੀ, ਕਿਰਤੀਆਂ ਦੀ ਲੁੱਟ-ਖਸੁੱਟ ਰੋਕ ਕੇ ਮਜ਼ਦੂਰਾਂ ਤੇ ਕਿਸਾਨਾਂ ਦੀ ਸਰਕਾਰ ਬਣਾਉਣ ਦਾ ਟੀਚਾ ਰੱਖਿਆ, ਆਮ ਜਨਤਾ ਵਿਚ ਆਪਣੇ ਇਸ ਸੰਘਰਸ਼ ਲਈ ਵਿਦਰੋਹ ਪੈਦਾ ਕੀਤਾ ਅਤੇ ਆਪਣੇ ਦੋਸਤਾਂ ਸੁਖਦੇਵ ਅਤੇ ਰਾਜਗੁਰੂ ਨਾਲ ਹੱਸਕਿਆਂ ਹੱਸਦਿਆਂ ਫਾਂਸੀ



ਦਾ ਰੱਸਾ ਚੁੰਮਿਆ। ਸੋ ਇਸ ਤਰ੍ਹਾਂ ਲੇਖਕ ਨੇ ਇਸ ਮਹਾਂਨਾਇਕ ਦੀ ਲਾਸਾਨੀ ਸ਼ਹਾਦਤ ਦਾ ਗਲਪੀ ਬਿੰਬ ਪੇਸ਼ ਕਰਨ ਦੇ ਨਾਲ ਨਾਲ ਅੰਗਰੇਜ਼ੀ ਸਾਮਰਾਜ ਦੇ ਕੂਟਨੀਤਕ ਅਤੇ ਚਮਨਕਾਰੀ ਸਰੂਪ ਦੀ ਪੇਸ਼ਕਾਰੀ ਕੀਤੀ। ਭਗਤ ਸਿੰਘ ਦੀ ਵਿਚਾਰਧਾਰਕ ਸੂਝ ਬੂਝ, ਇਨਕਲਾਬ ਪ੍ਰਤੀ ਸਮਝ, ਗਾਂਧੀ ਨਾਲ ਵਿਚਾਰਧਾਰਕ ਮਤਭੇਦ, ਬੰਬ ਫਲਸਫਾ ਆਦਿ ਪ੍ਰਤੀ ਉਸ ਦੀ ਸੂਖ਼ਮ ਸਮਝ ਨੂੰ ਪੇਸ਼ ਕਰਕੇ ਨਾਵਲਕਾਰ ਵਰਤਮਾਨ ਵਿਚ ਦਰਪੇਸ਼ ਸਮੱਸਿਆਵਾਂ ਦਾ ਮੁਕਾਬਲਾ ਕਰਨ ਲਈ ਇਸ ਨਾਇਕ ਦੇ ਵਿਅਕਤਿਤਵ ਤੇ ਵਿਚਾਰਧਾਰਾ ਦੀ ਵਰਤਮਾਨ ਸਮੇਂ ਵਿਚ ਸਾਰਥਕਤਾ ਨੂੰ ਸਪੱਸ਼ਟ ਕਰਦਾ ਹੈ।


'**ਢਾਹਵਾਂ ਦਿੱਲੀ ਦੇ ਕਿੰਗਰੇ**' ਬਲਦੇਵ ਸਿੰਘ ਦੁਆਰਾ ਰਚਿਤ ਲੋਕ ਗਾਥਾ ਦੇ ਨਾਇਕ ਦੁੱਲਾ ਭੱਟੀ ਤੇ ਆਧਾਰਿਤ ਅਜਿਹਾ ਨਾਵਲ ਹੈ ਜੋ ਦੁੱਲਾ ਭੱਟੀ ਦੇ ਵਿਰੂਪਤ ਬਿੰਬ ਦੀ ਸੋਧ ਕਰਕੇ ਉਸ ਦੇ ਕ੍ਰਾਂਤੀਕਾਰੀ ਤੇ ਕਲਿਆਣਕਾਰੀ ਲੋਕ ਬਿੰਬ ਦੀ ਸਿਰਜਣਾ ਕਰਦਾ ਹੈ ਤੇ ਨਾਲ ਹੀ ਨਾਲ ਇਤਿਹਾਸ ਵਿਚ ਪ੍ਰਾਪਤ ਮੁਗਲ ਸਮਰਾਟ ਅਕਬਰ ਦੇ ਉਦਾਰਵਾਦੀ ਹੋਣ ਦੀ ਮਿੱਥ ਨੂੰ ਤੋੜ ਕੇ ਉਸ ਦੇ ਜ਼ਾਲਮਾਨਾ ਸੁਭਾਅ ਨੂੰ ਚਿਤਰਦਾ ਹੈ। ਦੁੱਲਾ ਭੱਟੀ ਇਸੇ ਅਕਬਰ ਦੀ ਧੱਕੇਸ਼ਾਹੀ ਅਤੇ ਜ਼ਾਲਮਾਨਾਂ ਰਾਜ ਪ੍ਰਬੰਧ ਵਿਰੁੱਧ ਵਿਦਰੋਹ ਸ਼ੁਰੂ ਕਰਕੇ ਇਸ ਦੀ ਸੱਤਾ ਨੂੰ ਵੰਗਾਰਨਾ ਹੈ। ਇਸ ਵਿਦਰੋਹ ਦੀ ਚਿਣਗ ਉਸ ਨੂੰ ਵਿਰਾਸਤ ਵਿਚੋਂ ਮਿਲਦੀ ਹੈ। ਦੁੱਲਾ ਆਪਣੇ ਇਸ ਸੰਘਰਸ਼ ਵਿਚ ਕਿਸੇ ਤਰ੍ਹਾਂ ਦੇ ਨਿੱਜੀ ਲੋਭ ਲਾਲਚ ਤੋਂ ਉੱਪਰ ਉੱਠ ਕੇ ਸਮੂਹਿਕ ਹਿੱਤਾਂ ਦੀ ਰੱਖਿਆ ਲਈ ਚੁਗੱਤਾਸ਼ਾਹੀ ਵਿਰੁੱਧ ਵਿਦਰੋਹੀ ਸੁਰ ਅਖਤਿਆਰ ਕਰਦਾ ਹੋਇਆ ਆਪਣੀ ਜਾਨ ਦੀ ਕੁਰਬਾਨੀ ਦੇ ਹਿੰਦਾ ਹੈ। ਪਰ ਆਪਣੇ ਸਵੈ ਆਜ਼ਾਦੀ ਅਤੇ ਬਰਾਬਰੀ ਦਾ ਸਮਾਜ ਸਿਰਜਣ ਦੇ ਅਸੂਲਾਂ ਉੱਤੇ ਚਲਦਾ ਹੋਇਆ ਕਿਧਰੇ ਵੀ ਸੱਤਾ ਨਾਲ ਸਮਝੌਤਾ ਨਹੀਂ ਕਰਦਾ। ਪਰ ਅਫਸੋਸ ਕਿ ਅੱਜ ਤੱਕ ਲੋਕ ਦੁੱਲੇ ਭੱਟੀ ਨੂੰ ਲੋਹੜੀ ਦੇ ਗੀਤ 'ਸੁੰਦਰ ਮੁੰਦਰੀਏ' ਅਤੇ ਬ੍ਰਾਹਮਣ ਦੀ ਧੀ ਸੁੰਦਰੀ ਦੇ ਵਿਆਹ ਕਰਕੇ ਹੀ ਜਾਣਦੇ ਹਨ ਪਰ ਉਪਰੋਕਤ ਨਾਵਲ ਦੁਆਰਾ ਦੁੱਲੇ ਦੇ ਅਕਬਰਸ਼ਾਹੀ ਖਿਲਾਫ਼ ਸੰਘਰਸ਼ ਨੂੰ ਦਿਕਾ ਦੇ ਉਸ ਦੇ ਨਾਇਕਤਵ ਤੋਂ ਜਾਣੂ ਕਰਾਇਆ ਹੈ। ਬਲਦੇਵ ਸਿੰਘ ਰਚਿਤ ਨਾਵਲ '**ਮਹਾਂਬਲੀ ਸੂਰਾ**' ਦੀ ਕਥਾ ਵਸਤੂ ਦਾ ਸੰਬੰਧ ਸਤਾਰਵੀਂ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਨਾਲ ਹੈ। ਲੇਖਕ ਨੇ ਇਸ ਨਾਵਲ ਨੂੰ ਸਿਰਜਣ ਲਈ ਡੂੰਘਾ ਅਧਿਐਨ ਕਰਕੇ, ਇਤਿਹਾਸ ਦੀ ਨਵੇਂ ਸਿਰਿਉਂ ਪੜਚੋਲ ਕਰਕੇ ਉਸ ਦੀਆਂ ਕੁਝ ਲੁਪਤ ਪਰਤਾਂ ਨੂੰ ਨਾਵਲ ਵਿਚ ਉਭਾਰਿਆ ਹੈ। ਬੰਦਾ ਬਹਾਦਰ ਭਾਰਤੀ ਇਤਿਹਾਸ ਦਾ ਇਕ ਮਹਾਨ ਯੋਧਾ ਸੀ। ਪਰ ਇਸਲਾਮੀ ਸੱਤਾ ਨਾਲ ਜੁੜੇ ਇਤਿਹਾਸਕਾਰਾਂ ਨੇ ਉਸ ਦੇ ਮਾਨਵਵਾਦੀ, ਕ੍ਰਾਂਤੀਕਾਰੀ ਅਤੇ ਬੀਰ ਯੋਧੇ ਦੇ ਬਿੰਬ ਨੂੰ ਵਿਗਾੜ ਕੇ ਉਸ ਨੂੰ ਇਕ ਵਹਿਸ਼ੀ, ਜ਼ਾਲਮ ਅਤੇ ਨਿਰਦਈ ਬੰਦੇ ਦੇ ਰੂਪ ਵਿਚ ਪੇਸ਼ ਕੀਤਾ। ਬੰਦਾ ਬਹਾਦਰ ਉਹ ਜੁਝਾਲੂ ਯੋਧਾ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਕਹਿਣ ਤੇ ਆਪਣਾ ਬੈਰਾਗੀ ਜੀਵਨ ਤਿਆਗ ਕੇ ਪੰਜਾਬ ਆ ਕੇ ਸਿੱਖਾਂ ਦੀ ਖੇਰੂੰ-ਖੇਰੂੰ ਹੋ ਚੁੱਕੀ ਸੈਨਿਕ ਸ਼ਕਤੀ ਨੂੰ ਇਕੱਠਿਆਂ ਕਰਕੇ ਖਾਲਸਾ ਫੌਜ ਦੀ ਅਗਵਾਈ ਕਰਦਾ ਹੈ ਅਤੇ ਉਸ ਨੇ ਮੁਗਲ ਸਾਮਰਾਜ ਨਾਲ ਟੱਕਰ ਲੈਂਦਿਆਂ ਸਰਹਿੰਦ ਅਤੇ ਪੰਜਾਬ ਦੇ ਹੋਰ ਭਾਗਾਂ ਤੇ ਜਿੱਤ ਪ੍ਰਾਪਤ ਕਰਕੇ ਸਿੱਖ ਕੌਮ ਦੀ ਤਕਦੀਰ ਤੇ ਤਸਵੀਰ ਬਦਲਣ ਵਿਚ ਅਹਿਮ ਭੂਮਿਕਾ ਨਿਭਾਈ ਤੇ ਨਾਲ ਹੀ ਨਾਲ ਗੁਰੂ ਜੀ ਪ੍ਰਤਿ ਆਪਣੀ ਸੁੱਚੀ ਸਰਧਾ, ਸਨੇਹ ਅਤੇ ਸਮਰਪਣ ਦਾ ਸਬੂਤ ਦਿੱਤਾ। ਇਸ ਨਾਵਲ ਵਿਚ ਲੇਖਕ ਬੰਦਾ ਬਹਾਦਰ ਦੇ ਵਾਸਤਵਿਕ ਬਿੰਬ ਨੂੰ ਪੇਸ਼ ਕਰਨ ਦੇ ਨਾਲ ਨਾਲ ਮੁਗਲ ਸਾਮਰਾਜ ਦੇ ਖਲਨਾਇਕੀ ਸਰੂਪ ਨੂੰ ਨਿਰੂਪਤ ਕਰਦਾ ਹੋਇਆ ਬੰਦਾ ਬਹਾਦਰ ਦੇ ਸਾਮੰਤਵਾਦੀ ਵਿਵਸਥਾ ਖ਼ਿਲਾਫ਼ ਆਪਣੀ ਫ਼ੌਜ ਖੜੀ ਕਰਕੇ ਦੁਸ਼ਮਣਾਂ ਦਾ ਮੁਕਾਬਲਾ ਕਰਕੇ ਉਸ ਦੀ ਯੁੱਧ ਖੇਤਰੀ ਕਲਾ ਕੁਸ਼ਲਤਾ ਤੋਂ ਜਾਣੂ ਕਰਾਉਂਦਾ ਹੈ। ਬੇਸ਼ੱਕ ਬੰਦਾ ਆਪਣੇ ਇਸ ਸੰਘਰਸ਼ ਵਿਚ ਜੇਤੂ ਨਾ ਹੋ ਸਕਿਆ ਪਰ ਇਕ ਮਹਾਂਨਾਇਕ ਦੇ ਰੂਪ ਵਿਚ ਉਹ ਸਾਡੇ ਮਨਾਂ ਵਿਚ ਹਮੇਸਾ ਲਈ ਜਿਉਂਦਾ ਹੋ ਗਿਆ, ਜਿਹੜਾ ਆਪਣੀ ਵਿਚਾਰਧਾਰਾ, ਸਿਧਾਂਤ ਅਤੇ ਮੁੱਲਾਂ ਰਾਹੀਂ ਜ਼ੋਰ-ਜ਼ਬਰ, ਲੁੱਟ-ਖਸੁੱਟ ਅਤੇ ਬੇਇਨਸਾਫੀਆਂ ਵਾਲੀ ਕਿਸੇ ਵੀ ਵਿਵਸਥਾ ਵਿਰੁੱਧ ਹਮੇਸ਼ਾ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ

ਹੈ।

ਮਨਮੋਹਨ ਬਾਵਾ ਪੰਜਾਬੀ ਗਲਪ ਸਾਹਿਤ ਵਿਚ ਇਕ ਚਰਚਿਤ ਅਤੇ ਸਥਾਪਤ ਨਾਂ ਹੈ ਜਿਸ ਨੇ ਆਪਣੀ ਕਥਾ ਵਸਤੂ ਲਈ ਦੇਸ਼ ਦੇ ਵਿਭਿੰਨ ਹਿੱਸਿਆਂ ਦਾ ਰਟਨ ਕਰਦੇ ਹੋਏ ਉਥੋਂ ਦੇ ਲੋਕ ਜੀਵਨ, ਲੋਕ ਆਚਾਰ-ਵਿਹਾਰ, ਲੋਕ ਸਭਿਆਚਾਰ ਆਦਿ ਦਾ ਡੂੰਘੇਰਾ ਅਧਿਐਨ ਅਤੇ ਅਨੁਭਵ ਵੀ ਗ੍ਰਹਿਣ ਕੀਤਾ, ਅਜਿਹਾ ਕਰਦੇ ਹੋਏ ਉਸ ਨੇ ਉਹਨਾਂ ਦੇ ਅਤੀਤ ਨੂੰ ਵੀ ਘੋਖਿਆ ਹੈ, ਜਿਸ ਨੇ ਉਹਨਾਂ ਦੀ ਚੇਤਨ ਅਤੇ ਅਵਚੇਤਨ ਦਾ ਸਿਰਜਣ ਕੀਤਾ।ਮਨਮੋਹਨ ਬਾਵਾ ਦਾ ਪੰਜਾਬੀ ਨਾਵਲ ਦੇ ਖੇਤਰ ਵਿਚ ਉਸ ਦੇ ਨਾਵਲ 'ਯੁੱਧ ਨਾਦ' ਨਾਲ ਹੁੰਦਾ ਹੈ। **'ਯੁੱਧ ਨਾਦ'** ਨਾਵਲ ਦਾ ਵਿਸ਼ਾ ਸਿਕੰਦਰ ਦੇ ਭਾਰਤ ਉੱਪਰ ਹਮਲੇ ਨੂੰ ਬਣਾਇਆ ਗਿਆ ਹੈ। ਇਸ ਨਾਵਲ ਵਿਚ ਲੇਖਕ ਇਤਿਹਾਸਕਾਰਾਂ ਦੀ ਗਲਤੀ ਨੂੰ ਦਰੁੱਸਤ ਕਰਦਾ ਹੋਇਆ ਹਾਸ਼ੀਆਕ੍ਰਿਤ ਸਮੂਹਾਂ ਦੁਆਰਾ ਆਪਣੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਉਹਨਾਂ ਦੀ ਪਛਾਣ ਸਥਾਪਤੀ ਨੂੰ ਕੇਂਦਰ ਵਿਚ ਲਿਆਉਂਦਾ ਹੈ, ਜਿਹਨਾਂ ਨੇ ਸਿਕੰਦਰ ਮਹਾਨ ਦੇ ਵਿਸ਼ਵ ਵਿਜੇਤਾ ਬਣਨ ਦੇ ਸੁਪਨੇ ਨੂੰ ਹੀ ਚੂਰ ਚੂਰ ਨਹੀਂ ਕੀਤਾ, ਸਗੋਂ ਉਸ ਨੂੰ ਕਰਾਰੀ ਹਾਰ ਦੇ ਕੇ ਅੱਧ ਵਿਚਾਲਿਓਂ ਹੀ ਵਾਪਸ ਪਰਤਣ ਲਈ ਮਜ਼ਬੂਰ ਕੀਤਾ। ਪਰ ਪੰਜਾਬੀਆਂ ਦੇ ਅਜਿਹੇ ਬਹਾਦਰੀ ਭਰੇ ਕਾਰਜ ਨੂੰ ਇਤਿਹਾਸ ਦੇ ਪੰਨਿਆਂ 'ਤੇ ਅਣਲਿਖਿਆ ਹੀ ਛੱਡ ਦਿੱਤਾ ਗਿਆ। ਨਾਲ ਹੀ ਨਾਲ ਇਥੇ ਇਕ ਗੱਲ ਇਹ ਵਿਚਾਰਨਯੋਗ ਹੈ ਕਿ ਦੇਸ਼ ਦੀ ਸੁਰੱਖਿਆ ਦੀ ਕਮਾਨ ਜਿੰਨਾਂ ਰਾਜਿਆਂ ਦੇ ਹੱਥ ਵਿਚ ਸੀ, ਜਦੋਂ ਉਹ ਰਾਜੇ (ਅੰਭੀ, ਪੁਰੂਵਰਮ, ਅਭਿਯਾਰ) ਆਪਣੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਵਿਦੇਸ਼ੀ ਹਮਲਾਵਰਾਂ ਅੱਗੇ ਝੁਕ ਗਏ, ਨਾ ਸਿਰਫ ਝੁਕੇ ਸਗੋਂ ਜਨਪਦਾਂ ਦੀ ਸੁਤੰਤਰਤਾ ਨੂੰ ਖ਼ਤਮ ਕਰਨ ਲਈ ਆਪਣੀ ਸੈਨਿਕ ਸ਼ਕਤੀ ਦੁਆਰਾ ਸਿਕੰਦਰ ਦਾ ਪੂਰਾ ਸਹਿਯੋਗ ਦਿੱਤਾ। ਨਾਵਲ ਵਿਚ ਲੇਖਕ ਵੱਲੋਂ ਪੰਜਾਬੀਆਂ ਭਾਵ ਜਨਪਦਾਂ ਦੀ ਪ੍ਰਤੀਨਿਧਤਾ ਕਰਨ ਲਈ ਕਾਲਪਨਿਕ ਪਾਤਰ ਅਜੈ ਮਿੱਤਰ ਦੀ ਸਿਰਜਣਾ ਕੀਤੀ ਗਈ ਹੈ, ਇਸ ਦੀ ਅਗਵਾਈ ਹੇਠ ਕੱਠ, ਮਲ੍ਹ, ਕਸ਼ੂਦਰਕ ਆਦਿ ਜਨਪਦ ਸੰਗਠਿਤ ਹੋ ਕੇ ਸਿਕੰਦਰ-ਪੁਰੂਵਰਸ ਦੀ ਸਾਮਰਾਜਵਾਦੀ ਨੀਤੀ ਦਾ ਵਿਰੋਧ ਹੀ ਨਹੀਂ ਕਰਦੇ ਬਲਕਿ ਉਸ ਦੇ ਸੰਘਰਸ਼ ਵਿਚ ਉਸ ਨੂੰ ਤਿੱਖਾ ਜਵਾਬ ਵੀ ਦਿੰਦੇ ਹਨ। ਅਜੈ ਮਿੱਤਰ ਦੁਸ਼ਮਣ ਦੀ ਰਣਨੀਤੀ ਨੂੰ ਜਾਨਣ ਲਈ ਪਹਿਲਾ ਸਿਕੰਦਰ ਦੇ ਸੈਨਾ ਸ਼ਿਵਰ 'ਚ ਰੱਥਵਾਨ ਦਾ ਭੇਸ ਧਾਰ ਕੇ ਜੰਗੀ ਚਾਲਾਂ ਬਾਰੇ ਜਾਣੂੰ ਹੋ ਕੇ ਸਾਰੇ ਭੇਦ ਜਨਪਦਾਂ ਨੂੰ ਭੇਜਦਾ ਸੀ। ਅਤੇ ਉਸ ਦੇ ਬਹਾਦਰ ਆਪਣੀ ਸੈਨਾ ਖੜ੍ਹੀ ਕਰਕੇ ਸੰਘਰਸ਼ ਸ਼ੁਰੂ ਕਰਦਾ ਹੈ। ਨਾਲ ਹੀ ਨਾਲ ਲੇਖਕ ਨੇ ਅਜੈ ਮਿੱਤਰ ਦੇ ਭਾਵਨਾਤਮਕ ਪੱਧਰ ਉੱਪਰ ਕਮਜ਼ੋਰ ਸੁਭਾਅ ਦੀ ਪੇਸ਼ਕਾਰੀ ਕੀਤੀ ਹੈ ਜਦੋਂ ਉਹ ਯੁੱਧ ਵਿਚ ਹੋਈ ਮਾਰ ਧਾੜ ਨੂੰ ਦੇਖ ਕੇ ਕਮਜ਼ੋਰ ਹੁੰਦਾ ਹੈ। ਅਜਿਹੇ ਸੰਘਰਸ਼ ਦੀ ਪੇਸ਼ਕਾਰੀ ਦੁਆਰਾ ਲੇਖਕ ਮਨੁੱਖ ਨੂੰ ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿਚ ਪੈਦਾ ਹੋਈਆਂ ਸਮੱਸਿਆਵਾਂ ਨਾਲ ਨਜਿੱਠਨ ਦੀ ਸੇਧ ਦਿੰਦਾ ਹੈ।


ਮਨਮੋਹਨ ਬਾਵਾ ਦਾ ਆਗਲਾ ਨਾਵਲ **'ਯੁੱਗ ਅੰਤ'** ਹੈ ਇਸ ਨਾਵਲ ਦੀ ਕਥਾ ਵਸਤੂ ਦਾ ਕਾਲ ਖੰਡ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲਗਭਗ ਸੱਤ ਸਾਲ ਬਾਅਦ ਆਰੰਭ ਹੁੰਦਾ ਹੈ। ਨਾਵਲ ਦੇ ਆਰੰਭ ਵਿਚ ਲੇਖਕ ਨੇ ਨਾਵਲ ਦੀ ਸਿਰਜਣਾ ਬਾਰੇ ਕੁਝ ਸੰਕੇਤ ਦਿੱਤੇ ਹਨ ਕਿ "ਸਿੱਖ ਰਾਜ ਦੇ ਅੰਤ ਦੇ ਕਾਰਨ ਕੀ ਉਸ ਸਮੇਂ ਦੇ ਰਾਜਨੀਤਿਕ ਇਤਿਹਾਸਕ ਹਾਲਾਤ ਸਨ ਜਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਆਪਣੀਆਂ ਕਮਜ਼ੋਰੀਆਂ ਅਤੇ ਕੁਝ ਰਾਜਨੀਤਿਕ ਗ਼ਲਤੀਆਂ? ਇਸ ਦੇ ਨਾਲ ਇਹ ਵੀ ਕਿ ਜੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਵਿਚ ਸਿੱਖ ਰਾਜ ਸਤਾਪਤ ਕਰਨ 'ਚ ਸਫ਼ਲ ਹੋਇਆ ਤਾਂ ਉਸ ਵਿਚ ਰਣਜੀਤ ਸਿੰਘ ਦੀ ਆਪਣੀ ਕਿੰਨੀ ਕੁ ਭੂਮਿਕਾ ਸੀ।" ਲੇਖਕ ਮਹਾਰਾਜਾ ਰਣਜੀਤ ਸਿੰਘ ਦੇ ਕਿਰਦਾਰ ਦੀਆਂ ਸੀਮਾਵਾਂ, ਕਮਜ਼ੋਰੀਆਂ ਅਤੇ ਉਲਾਰਤਾਵਾਂ ਨੂੰ ਦ੍ਰਿਸ਼ਟੀਗੋਚਰ ਕਰਨ ਦੇ ਨਾਲ ਨਾਲ ਉਸ ਦੀ ਮੌਤ ਤੋਂ ਬਾਅਦ ਸਿੱਖ ਸਰਦਾਰਾਂ ਦੇ ਸੁਆਰਥੀ, ਲਾਲਚੀ, ਮੌਕਾਪ੍ਰਸਤੀ ਵਾਲੇ ਅਤੇ ਦੇਸ਼ ਧ੍ਰੋਹੀ ਕਿਰਦਾਰ ਨੂੰ ਵੀ ਸਾਹਮਣੇ ਲਿਆਂਦਾ ਹੈ। ਨਾਲ ਹੀ ਨਾਲ ਉਹਨਾਂ ਲੋਕਾਂ ਦਾ ਪ੍ਰਸੰਸਾਭਾਵੀ ਚਿੱਤਰ ਵੀ ਪੇਸ਼ ਕਰਦਾ ਹੈ,







ਜਿਹਨਾਂ ਨੇ ਆਪਣੀ ਖ਼ੁਦਾਰੀ ਨੂੰ ਕਾਇਮ ਰੱਖਦੇ ਹੋਏ ਫਰੰਗੀਆਂ ਦੀ ਪ੍ਰਮੁੱਖਤਾ ਨੂੰ ਮੰਨਣ ਤੋਂ ਇਨਕਾਰ ਕੀਤਾ, ਅਜਿਹੇ ਪਾਤਰ ਨਾਵਲ ਵਿਚ ਨਾਇਕ ਧਿਰ ਵਜੋਂ ਨਿਰੂਪਤ ਹੋਏ ਹਨ। ਕੀਰਤ ਸਿੰਘ ਨਾਵਲ ਵਿਚ ਅਜਿਹੇ ਸਿੱਖ ਸਿਪਾਹੀ ਅਤੇ ਨਾਇਕ ਦੇ ਰੂਪ ਵਿਚ ਪੇਸ਼ ਹੋਇਆ ਹੈ ਜੋ ਸਿੱਖ ਕੌਮ ਨੂੰ ਬਚਾਉਣ ਲਈ ਲੋਕਾਂ ਦੇ ਦਿਲਾਂ ਅੰਦਰ ਇਕ ਨਵੀਂ ਜਾਗ੍ਰਿਤੀ ਲਿਆਉਣਾ ਚਾਹੁੰਦਾ ਹੈ। ਨਾਵਲ ਦੇ ਅੰਤ 'ਤੇ ਫਰੰਗੀਆਂ ਦੁਆਰਾ ਹਾਰ ਜਾਣ ਤੇ ਜਦੋਂ ਸਿੱਖ ਅਤੇ ਪਠਾਣ ਉਹਨਾਂ ਦੀ ਸੈਨਾ 'ਚ ਸ਼ਾਮਲ ਹੋਣ ਲਈ ਕਤਾਰ ਵਿਚ ਖੜੇ ਹਨ ਤਾਂ ਕੀਰਤ ਇਸ ਨੂੰ ਦੇਖ ਕੇ ਰੋਹ 'ਚ ਆ ਕੇ ਉਹਨਾਂ ਦੇ ਜ਼ਮੀਰ ਨੂੰ ਵੰਗਾਰਦਾ ਹੈ ਅਜਿਹੇ ਸਮੇਂ ਕੀਰਤ ਸਿੰਘ ਨੂੰ ਆਸ਼ਾ ਦੀ ਕਿਰਨ ਦਿਖਾਈ ਦਿੱਤੀ ਜਦੋਂ ਸਿੱਖ ਅਤੇ ਪਠਾਣ ਆ ਕੇ ਮਿਲਣ ਲੱਗੇ ਤਾਂ ਕੀਰਤ ਨੇ ਮਨ ਦੀ ਮਨ ਕਿਹਾ, "ਲੱਗਦਾ ਹੈ ਹਾਲੇ ਸਭ ਕੁਝ ਖ਼ਤਮ ਨਹੀਂ ਹੋਇਆ, ਹਾਲੇ ਸਭ ਕੁਝ ਖ਼ਤਮ ਨਹੀਂ ਹੋਇਆ।" ਇਸ ਤਰ੍ਹਾਂ ਅੰਤ ਵਿਚ ਸੰਘਰਸ਼ ਦੀ ਗਤੀਸ਼ੀਲਤਾ ਨੂੰ ਦਰਸਾਉਂਦਾ ਹੈ। ਲੇਖਕ ਨੇ ਸਚੇਤ ਪੱਧਰ ਤੇ ਨਾਇਕ ਦੀ ਪਹਿਚਾਣ ਕਰਾਈ, ਜਿਹੜਾ ਨਿਮਨ ਵਰਗ ਵਿਚੋਂ ਹੁੰਦਾ ਹੋਇਆ ਵਸਤੂ ਯਥਾਰਥ 'ਚ ਗੁਣਾਤਮਕ ਪਰਿਵਰਤਨ ਲਿਆਉਣ ਲਈ ਸੰਘਰਸ਼ਸ਼ੀਲ ਹੈ। ਨਾਇਕ ਦਾ ਵਿਆਹ ਇਕ ਵਿਧਵਾ ਲੜਕੀ ਨਾਲ ਕਰਵਾ ਕੇ ਔਰਤ ਮਰਦ ਦੇ ਸੰਬੰਧਾਂ ਵਿਚ ਇਕ ਸਮਾਜਿਕ ਪਰਿਵਰਤਨ ਦਿਖਾਇਆ ਹੈ ਜਿਹੜਾ ਇਸ ਗੱਲ ਦਾ ਸੂਚਕ ਹੈ ਕਿ ਜੇ ਅਸੀਂ ਵਰਤਮਾਨ ਸਮਿਆਂ ਵਿਚ ਕੌਮੀ ਏਕਤਾ ਤੇ ਰਾਸ਼ਟਰੀ ਏਕਤਾ ਵਰਗੇ ਮੁੱਲਾਂ ਨੂੰ ਮਜ਼ਬੂਤੀ ਨਾਲ ਸਥਾਪਿਤ ਕਰਨਾ ਹੈ ਤਾਂ ਸਾਨੂੰ ਸਭ ਤੋਂ ਪਹਿਲਾਂ ਸਮਾਜ ਸਭਿਆਚਾਰਕ ਪੱਧਰ ਤੇ ਆਪਣੀਆਂ ਸੀਮਾਵਾਂ ਨੂੰ ਕੱਟਣਾ ਪਵੇਗਾ।

ਇਉਂ ਉਪਰੋਕਤ ਪ੍ਰਤੀਨਿਧ ਨਾਵਲਾਂ ਦੇ ਅਧਿਐਨ ਵਿਸ਼ਲੇਸ਼ਣ ਤੋਂ ਬਾਅਦ ਅਸੀਂ ਇਹ ਸਾਰ ਰੂਪ ਵਿਚ ਸਥਾਪਿਤ ਕਰਦੇ ਹਾਂ ਕਿ 1990 ਤੋਂ ਬਾਅਦ ਉਦਾਰਵਾਦੀ ਅਤੇ ਨਿੱਜਵਾਦੀ ਆਰਥਿਕਤਾ ਦੇ ਵਿਸ਼ਵ ਵਿਆਪੀ ਪਾਸਾਰ ਦੇ ਸਿੱਟੇ ਵਜੋਂ ਜਿਸ ਤਰ੍ਹਾਂ ਦਾ ਸਭਿਆਚਾਰ ਪ੍ਰਭਾਵ ਸਾਧਾਰਨ ਮਨੁੱਖ ਨੂੰ ਆਪਣੇ ਕਲਾਵੇ 'ਚ ਲੈ ਕੇ ਉਸ ਦੇ ਸ਼ੋਸ਼ਣ ਦਾ ਆਧਾਰ ਬਣਦਾ ਹੈ, ਜਿਸ ਵਿਚ ਇਹ ਸਾਧਾਰਨ ਬੰਦਾ ਖਪਤ ਸਭਿਆਚਾਰ ਦੀ ਖਪਤ ਮੰਡੀ ਵਿਚ ਖਪਤੀ ਹੋਇਆ ਭਟਕ ਰਿਹਾ ਹੈ, ਅਜਿਹੀ ਜੜ੍ਹ ਬਣੀ ਸਥਿਤੀ ਨੂੰ ਤੋੜਨ ਲਈ ਕੁਝ ਸੰਵੇਦਨਸ਼ੀਲ ਨਾਵਲਕਾਰਾਂ ਨੇ ਨਾਇਕ ਦਾ ਸਿਰਜਣ ਕੀਤਾ, ਭਾਵ ਕਿ ਨਾਇਕ ਦਾ ਪੁਨਰ ਸਥਾਪਤ ਹੋਇਆ ਹੈ। ਇਹ ਨਾਇਕ ਪਹਿਲੇ ਨਾਵਲਾਂ ਵਿਚ ਪੇਸ਼ ਹੋਏ ਨਾਇਕ ਦੇ ਸੁਭਾਅ ਪੱਖੋਂ ਵੱਖਰਾ ਹੈ। ਵੱਖਰਤਾ ਇਹ ਹੈ ਕਿ ਇਹ ਨਾਇਕ ਨਿਰਾ ਵਿਅਕਤੀ ਹੀ ਨਹੀਂ, ਸਗੋਂ ਇਹ ਇਕ ਸਾਕਾਰਤਮਕ ਮੁੱਲ, ਆਦਰਸ਼ ਜਾਂ ਰੋਲ ਮਾਡਲ ਵਜੋਂ ਨਿਰੂਪਤ ਹੁੰਦਾ ਹੈ। ਦੂਜਾ ਇਹ ਨਾਇਕ ਨਾਂ ਤਾਂ ਰੁਮਾਂਟਿਕ ਸੁਭਾਅ ਵਾਲਾ ਹੈ ਤੇ ਨਾ ਹੀ ਕਿਸੇ ਰਾਜਸੀ ਵਿਚਾਰਧਾਰਾ ਦਾ ਸਿੱਧਾ ਪ੍ਰਚਾਰ ਕਰਨ ਵਾਲਾ। ਇਹ ਨਾਇਕ ਆਪਣੇ ਸਮਾਜ ਸਭਿਆਚਾਰ ਪ੍ਰਸੰਗ ਵਿਚ ਯਥਾਰਥਕ ਦ੍ਰਿਸ਼ਟੀ ਤੋਂ ਪੇਸ਼ ਹੋਇਆ ਅਜਿਹਾ ਨਾਇਕ ਹੈ, ਜਿਹੜਾ ਵਸਤੂ ਯਥਾਰਥ ਦੇ ਵਿਭਿੰਨ ਪਾਸਾਰਾਂ ਦੀ ਅੰਤਰ ਸੰਬੰਧਤਾਂ ਤੇ ਅੰਤਰ ਵਿਰੋਧ ਦੀ ਚੇਤਨਾ ਨੂੰ ਸਮਝਣ ਦੇ ਸਮਰੱਥ ਵੀ ਹੈ ਅਤੇ ਆਪਣੀ ਵਿਚਾਰਧਾਰਕ ਸਪੱਸ਼ਟਤਾ ਅਤੇ ਇਕਾਗਰਤਾ ਕਾਰਨ ਆਪਣੇ ਅਮਲ ਵਿਚ ਵੀ ਪਰਿਪੂਰਨ ਹੈ। ਇਹ ਕਿਸੇ ਵੀ ਤਰ੍ਹਾਂ ਦਾ ਨਾਂ ਤਾਂ ਰੁਮਾਂਸ ਸਿਰਜਦਾ ਹੈ ਅਤੇ ਨਾ ਹੀ ਰਾਜਸੀ ਨੇਤਾਵਾਂ ਵਾਂਗ ਭਾਸ਼ਣਾ ਦੀਆਂ ਝੜੀਆਂ ਲਗਾਉਂਦਾ ਹੈ ਇਹ ਤਾਂ ਸਗੋਂ ਵਿਚਾਰ ਤੇ ਅਮਲ ਦੀ ਅੰਤਰ-ਸੰਬੰਧਤਾਂ ਰਾਹੀਂ ਸਮੁੱਚੀ ਕੌਮ ਨੂੰ ਅਜਿਹਾ ਸੰਦੇਸ਼ ਦਿੰਦਾ ਹੈ ਜਿਹੜਾ ਪ੍ਰਚਾਰਮੁਖੀ ਨਹੀਂ ਸਗੋਂ ਵਿਹਾਰਮੁਖੀ ਹੈ। **ਪਤਾ-ਪਿੰਡ ਤੇ ਡਾਕ. ਕੋਟ ਭਾਈ, ਤਹਿ. ਗਿੱਦੜਬਾਹਾ, ਮੁਕਤਸਰ।**










# ਧਰਮ ਤੇ ਅਰਥ ਦੇ ਸੰਦਰਭ 'ਚ ਦਲੀਪ ਕੌਰ ਟਿਵਾਣਾ ਦੇ ਨਾਵਲ

**- ਡਾ. ਜਸਵਿੰਦਰ ਕੌਰ ਵੀਨੂੰ**

ਕਿਸੇ ਵੀ ਲੇਖਕ ਦੀ ਰਚਨਾ, ਸ਼ਖ਼ਸੀਅਤ ਅਤੇ ਵਿਸ਼ਵ ਦ੍ਰਿਸ਼ਟੀਕੋਣ ਦਾ ਅਧਿਐਨ ਕਰਨ ਲਈ ਉਸ ਵੱਲੋਂ ਹੰਢਾਏ ਜੀਵਨ ਅਤੇ ਅਨੁਭਵ ਉੱਤੇ ਝਾਤੀ ਮਾਰਨੀ ਜ਼ਰੂਰੀ ਹੁੰਦੀ ਹੈ ਤਾਂ ਕਿ ਉਸ ਦੀ ਰਚਨਾ ਦੇ ਪਿਛੋਕੜ ਅਤੇ ਵਿਚਾਰਧਾਰਾ ਦੀ ਪਿੱਠਭੂਮੀ ਨੂੰ ਜਾਣਿਆ ਜਾ ਸਕੇ। ਲੇਖਕ ਦਾ ਨਿੱਜੀ ਅਨੁਭਵ ਉਸ ਦੇ ਵਿਅਕਤੀਗਤ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ, ਪਰ ਇਹ ਅਨੁਭਵ ਸਮਾਜਿਕ ਅਨੁਭਵ ਨਾਲੋਂ ਕੁਝ ਦੂਰੀ 'ਤੇ ਵਿਕਸਿਤ ਹੁੰਦਾ ਹੈ। ਦਲੀਪ ਕੌਰ ਟਿਵਾਣਾ ਪੰਜਾਬੀ ਗ਼ਲਪ ਖੇਤਰ ਦਾ ਸਥਾਪਿਤ ਹਸਤਾਖ਼ਰ ਹੈ ਜੋ ਨਿਰੰਤਰ ਸਾਹਿਤ-ਸਾਧਨਾ ਵਿਚ ਕਾਰਜਸ਼ੀਲ ਹੈ। ਉਸ ਦੀਆਂ ਰਚਨਾਵਾਂ ਵਿਚੋਂ ਉਸ ਦੀ ਸ਼ਖ਼ਸੀਅਤ ਦੇ ਕਈ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਟਿਵਾਣਾ ਨੇ ਬਚਪਨ ਤੋਂ ਹੀ ਆਲੇ-ਦੁਆਲੇ ਨੂੰ ਅਤਿਅੰਤ ਨੀਝ ਨਾਲ ਘੋਖਿਆ ਅਤੇ ਵਿਭਿੰਨ ਮਨੁੱਖੀ ਰਿਸ਼ਤਿਆਂ ਨੂੰ ਆਪਣੀ ਬਾਲ-ਬੁੱਧੀ ਨਾਲ ਸਮਝਣ ਦਾ ਯਤਨ ਕੀਤਾ ਜੋ ਉਸ ਦੀ ਸਿਮਰਤੀ ਤੇ ਸਦੀਵੀਂ ਛਾਪ ਛੱਡ ਗਏ। ਉਸ ਨੂੰ ਮਾਂ ਵੱਲੋਂ ਦੀਨੀ ਵਿਚਾਰ ਅਤੇ ਦਾਦੇ ਵੱਲੋਂ ਜਾਗੀਰਦਾਰੀ ਵਿਚਾਰਧਾਰਾ ਵਿਰਸੇ ਵਿਚ ਪ੍ਰਾਪਤ ਹੋਈ, ਪਰ ਉਸ ਨੇ ਸੁਚੇਤ ਰੂਪ ਵਿਚ ਆਪਣੀ ਦਾਦੀ-ਮਾਂ ਦਾ ਪ੍ਰਭਾਵ ਸਭ ਤੋਂ ਵੱਧ ਗ੍ਰਹਿਣ ਕੀਤਾ। ਟਿਵਾਣਾ ਦੀਆਂ ਰਚਨਾਵਾਂ ਵਿਚ ਵੇਦਾਂ, ਉਪਨਿਸ਼ਦਾਂ, ਰਿਸ਼ੀਆਂ-ਮੁਨੀਆਂ, ਅਗਲੇ-ਪਿਛਲੇ ਜਨਮ, ਰੀਤੀ-ਰਿਵਾਜ, ਵਹਿਮ-ਭਰਮ, ਲੋਕ-ਵਿਸ਼ਵਾਸਾਂ ਅਤੇ ਅਨੁਸ਼ਠਾਨਾਂ ਆਦਿ ਪ੍ਰਭਾਵਾਂ ਦੀ ਪਿੱਠਭੂਮੀ ਦਾ ਆਧਾਰ ਉਸ ਦਾ ਬਚਪਨ ਹੈ। ਉਸ ਦੀ ਸ਼ਖ਼ਸੀਅਤ ਨੂੰ ਸੁਆਰਨ ਵਿਚ ਖਾਨਦਾਨੀ ਰਈਸਾਨਾ ਖੁੱਲ੍ਹ ਅਤੇ ਮਾਂ ਦੇ ਦਾਦੀ-ਮਾਂ ਵੱਲੋਂ ਮਿਲੇ ਸੰਸਕਾਰਾਂ ਦਾ ਪ੍ਰਭਾਵਸ਼ਾਲੀ ਸੁਮੇਲ ਹੈ। ਉਸ ਦੀ ਸ਼ਖ਼ਸੀਅਤ ਵਿਚ ਬਚਪਨ ਦੀ ਮਾਸੂਮੀਅਤ ਸਦਾ ਕਾਇਮ ਹੈ ਜੋ ਉਸ ਨੂੰ ਔਰਤ ਸੰਵੇਦਨਾ ਦੇ ਗੌਰਵਮਈ ਸਰੂਪ ਨੂੰ ਉਜਾਗਰ ਕਰਨ ਵਿਚ ਮੁਹਾਰਤ ਬਖ਼ਸ਼ਦੀ ਹੈ। ਔਰਤ ਤੇ ਸਾਹਿਤਕਾਰ ਹੋਣ ਕਰਕੇ ਉਹ ਸਮਾਜ ਵਿਚ ਔਰਤ ਉੱਪਰ ਹੋ ਰਹੇ ਦਿਸਦੇ ਅਤੇ ਅਣਦਿਸਦੇ ਤਸ਼ੱਦਦ ਤੋਂ ਚਿੰਤਾਤੁਰ ਹੈ, ਜਿਸ ਅੱਗੇ ਰੱਬ, ਸਮਾਜ ਤੇ ਕਾਨੂੰਨ ਵੀ ਬੇਵੱਸ ਹੈ। ਟਿਵਾਣਾ ਦੀਆਂ ਰਚਨਾਵਾਂ ਵਿਚ ਕੇਂਦਰੀ ਸਥਿਤੀ ਤਾਂ ਔਰਤ ਦੀ ਹੋਣੀ ਜਾਂ ਦੁੱਖ ਹੈ ਪਰ ਉਸ ਦੇ ਪਾਸਾਰ ਇੱਕ ਦੂਜੇ ਤੋਂ ਵਿਭਿੰਨ ਹਨ। ਜੇਕਰ ਸਾਂਝ ਪ੍ਰਤੀਤ ਹੁੰਦੀ ਹੈ ਤਾਂ ਉਸ ਦਾ ਸੰਬੰਧ ਉਸ ਸਿਸਟਮ ਨਾਲ ਹੈ ਜਿਸ ਵਿਚ ਔਰਤ ਦੀ ਹੋਂਦ ਵਸਤੂ ਸਮਝੀ ਜਾਂਦੀ ਹੈ। ਦਾਨਿਸ਼ਵਰ ਜਮਾਤ ਦੀ ਪ੍ਰਤੀਨਿਧ ਵਜੋਂ ਟਿਵਾਣਾ ਸੁਚੇਤ ਹੈ ਕਿ ਭਾਵੇਂ ਦੁਨੀਆ ਦੀ ਅੱਧੀ ਵਸੋਂ ਔਰਤਾਂ ਦੀ ਹੈ ਪਰ ਉਸ ਦੀ ਪਹਿਚਾਣ ਇਨਸਾਨ ਹੋਣ ਕਰਕੇ ਨਹੀਂ ਸਗੋਂ ਕਿਸੇ ਦੀ ਮਾਂ, ਭੈਣ, ਪਤਨੀ ਤੇ ਧੀ ਕਰਕੇ ਹੈ। ਔਰਤ ਨੂੰ ਆਪਣੀ ਸਥਿਤੀ ਬਦਲਣ ਲਈ ਉਸ ਸਥਿਤੀ ਦੇ ਕਾਰਨਾਂ ਨੂੰ ਜਾਨਣਾ ਹੋਵੇਗਾ। ਗੁਰੂ-




ਸ਼ਿਸ਼ ਪਰੰਪਰਾ ਨੂੰ ਨਿਭਾਉਂਦੀ ਟਿਵਾਣਾ ਚਿੰਤਤ ਹੈ ਕਿ ਅਜੋਕੇ ਵਿਦਿਅਕ ਢਾਂਚੇ ਵਿਚ ਵਿਦਿਆਰਥੀ ਦੀ ਹਾਲਤ ਤਰਸਯੋਗ ਹੈ ਕਿਉਂਕਿ ਪਦਾਰਥਵਾਦੀ ਯੁੱਗ ਵਿਚ ਪੜ੍ਹਾਈ ਦਾ ਮਨੋਰਥ ਸਿਰਫ਼ ਤੱਥਾਂ ਦੀ ਜਾਣਕਾਰੀ ਦੇਣਾ ਅਤੇ ਵੱਧ ਤੋਂ ਵੱਧ ਨੰਬਰ ਲੈਣਾ ਹੀ ਰਹਿ ਗਿਆ ਹੈ। ਅਜਿਹੀ ਪੜ੍ਹਾਈ ਗਿਆਨ ਤੇ ਵਿਵੇਕ ਦੇ ਪੱਧਰ ਤੱਕ ਨਹੀਂ ਪਹੁੰਚਦੀ, ਇਸ ਲਈ ਇਹ ਬੇਮਾਇਨੇ ਹੈ। ਟਿਵਾਣਾ ਨੇ ਜ਼ਿੰਦਗੀ ਦੇ ਯਥਾਰਥ ਬੋਧ ਨੂੰ ਮਨੁੱਖ ਦੀ ਸਮਾਜਿਕ ਸਥਿਤੀ ਦੇ ਸੰਦਰਭ 'ਚ ਸਮਝਿਆ ਤੇ ਪੇਸ਼ ਕੀਤਾ ਹੈ। ਇਸੇ ਲਈ ਉਸ ਦੀ ਹਰ ਰਚਨਾ ਅਜਿਹੇ ਮਾਹੌਲ ਦੀ ਪੇਸ਼ਕਾਰੀ ਕਰਦੀ ਹੈ ਜਿਸ ਵਿਚ ਮਾਨਵੀ ਜੀਵਨ ਨਾਲ ਜੁੜੇ ਵਿਭਿੰਨ ਪਹਿਲੂ ਉਜਾਗਰ ਹੁੰਦੇ ਹਨ। ਟਿਵਾਣਾ ਦਾ ਇਹ ਦ੍ਰਿਸ਼ਟੀਕੋਣ ਜਿੱਥੇ ਅਗਾਂਹਵਧੂ ਮਾਹੌਲ ਸਿਰਜਣ ਦੀ ਕੋਸ਼ਿਸ਼ ਕਰਦਾ ਹੈ ਉੱਥੇ ਮਾਨਵ ਜਾਤੀ ਦੇ ਭਲੇ ਲਈ ਇੱਕ ਰਾਹ ਵੀ ਅਖ਼ਤਿਆਰ ਕਰਦਾ ਹੈ।


ਧਰਮ ਮਨੁੱਖੀ ਜੀਵਨ ਦਾ ਮਹੱਤਵਪੂਰਨ ਖੇਤਰ ਹੈ। ਬੁਨਿਆਦੀ ਤੌਰ 'ਤੇ ਧਰਮ ਦਾ ਮਨੋਰਥ ਪਰਮਸੱਤ ਨਾਲ ਭਾਵਨਾਤਮਕ ਰਿਸ਼ਤਾ ਸਥਾਪਿਤ ਕਰਨਾ ਹੈ। ਭਾਰਤੀ ਪਰੰਪਰਾ ਅਨੁਸਾਰ ਵੱਖ-ਵੱਖ ਵਿਸ਼ਵਾਸਾਂ ਅਤੇ ਪੂਜਾ ਵਿਧੀਆਂ ਰਾਹੀਂ ਅਗੰਮੀ ਸ਼ਕਤੀ ਨੂੰ ਪ੍ਰਸੰਨ ਕਰਕੇ ਉਸ ਤੋਂ ਬਖਸ਼ਿਸ਼ ਦੀ ਲੋਚਾ ਕੀਤੀ ਜਾਂਦੀ ਹੈ। ਧਰਮ ਦਾ ਰਹੱਸਵਾਦੀ ਪੱਖ ਈਸ਼ਵਰੀ ਸੱਤਾ ਨਾਲ ਸੰਪਰਕ ਸਥਾਪਿਤ ਕਰਨ ਦਾ ਯਤਨ ਹੈ। ਰਹੱਸਵਾਦੀ ਅਨੁਭਵ ਦੀ ਅਵਸਥਾ ਵਿਚ ਮਨੁੱਖ ਵਿਸ਼ੇਸ਼ ਪ੍ਰਕਾਰ ਦਾ ਆਨੰਦ ਮਹਿਸੂਸ ਕਰਦਾ ਹੈ। ਉਸ ਨੂੰ ਆਪਣੀ ਨਿਗੂਣੀ ਹੋਂਦ ਸਮੁੱਚੇ ਬ੍ਰਹਿਮੰਡ ਨਾਲ ਅਭੇਦ ਹੋਈ ਦਿਸਦੀ ਹੈ। ਧਰਮ ਦਾ ਅੰਤਿਮ ਅਨੁਭਵ ਵਿਸਮਾਦ ਦਾ ਹੈ।

ਸਮੁੱਚੇ ਵਰਤਾਰੇ ਵਿਚ ਧਰਮ ਦੇ ਦੋ ਖੇਤਰ ਹਨ। ਵਿਅਕਤੀਗਤ ਰੂਪ ਵਿਚ ਧਰਮ ਦਾ ਭਾਵ ਅਜਿਹੇ ਯਤਨ ਨਾਲ ਜੁੜਿਆ ਹੋਇਆ ਹੈ ਜਿਸ ਦਾ ਉਦੇਸ਼ ਆਤਮਿਕ ਮੁਕਤੀ ਦੀ ਪ੍ਰਾਪਤੀ ਕਰਨਾ ਹੈ। ਵਿਦਵਾਨ ਇਸ ਨੂੰ ਅਧਿਆਤਮਕ ਸਾਧਨ, ਭਜਨ-ਬੰਦਗੀ, ਨਾਮ-ਸਿਮਰਨ ਅਤੇ ਇਬਾਦਤ ਆਖਦੇ ਹਨ। ਧਰਮ ਦਾ ਦੂਜਾ ਰੂਪ ਸਮੱਸਿਟੀ ਹੈ, ਜਿਸ ਦਾ ਅਰਥ ਵਿਅਕਤੀ ਦਾ ਸਮਾਜ, ਭਾਈਚਾਰਾ, ਦੁਨੀਆ, ਰਾਜਨੀਤੀ ਅਤੇ ਗ਼ੈਰ ਮਜ਼੍ਹਬਾਂ ਪ੍ਰਤਿ ਕੀ ਕਰਤੱਵ ਹੋਵੇ ਆਦਿ ਪੱਖ ਸ਼ਾਮਿਲ ਹਨ। ਇਹ ਧਰਮ ਦਾ ਬਾਹਰਮੁਖੀ ਪਹਿਲੂ ਹੈ ਜਿਸ ਦੇ ਸੰਦਰਭ ਵਿਚ ਇਖ਼ਲਾਕ, ਨੈਤਿਕਤਾ ਆਦਿ ਨੂੰ ਸਮਝਿਆ ਜਾ ਸਕਦਾ ਹੈ। ਇਸ ਪ੍ਰਕਾਰ ਧਰਮ ਦੇ ਦੋ ਪੱਖ ਸਥਾਪਿਤ ਹੁੰਦੇ ਹਨ-ਅਧਿਆਤਮਕ ਸਾਧਨ ਅਤੇ ਸੰਸਾਰਕ ਵਿਹਾਰ ਸਾਰੇ ਧਰਮਾਂ ਵਿਚ ਦਾਨ, ਉਪਕਾਰ, ਜਗਤ, ਮਾਨਵ ਪ੍ਰੇਮ, ਮਨੁੱਖੀ ਹਮਦਰਦੀ, ਖਿਦਮਤ, ਦਾਨ-ਪੁੰਨ, ਲੰਗਰ ਅਤੇ ਸਰੀਰਕ ਸੇਵਾ ਨੂੰ ਬੁਨਿਆਦੀ ਫ਼ਰਜ਼ ਸਮਝਿਆ ਜਾਂਦਾ ਹੈ ਅਤੇ ਆਪੋ-ਆਪਣੀ ਸਮਰੱਥਾ ਅਨੁਸਾਰ ਹਰੇਕ ਵਿਅਕਤੀ ਲੋਕ ਭਲਾਈ ਵਿਚ ਆਪਣਾ ਯੋਗਦਾਨ ਪਾਉਂਦਾ ਹੈ। ਲੋਕ-ਧਰਮ ਵਿਚ ਪ੍ਰਚੱਲਿਤ ਪੂਜਾ ਵਿਧੀਆਂ ਦਾ ਵਿਸ਼ੇਸ਼ ਮਹੱਤਵ ਹੈ। ਜੋਤ ਜਗਾਉਣੀ, ਸੁੱਖ-ਸੁੱਖਣੀ, ਮਾਲ਼ਾ ਫੇਰਨੀ, ਵਰਤ ਰੱਖਣਾ (ਵਿਸ਼ੇਸ਼ਕਰ ਇਕਾਦਸ਼ੀ, ਪੂਰਨਮਾਸ਼ੀ ਤੇ ਮੱਸਿਆ ਦਾ) ਆਦਿ ਨੂੰ ਲੋਕ ਧਰਮ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਧਰਮ ਦਾ ਸਾਰਥਿਕ ਰੂਪ ਉੱਘੜਦਾ ਹੈ। ਉਸ ਦੇ ਨਾਵਲਾਂ ਵਿਚ ਲੋਕ-ਧਰਮ ਦੇ ਅੰਤਰਗਤ ਵਰਤ ਰੱਖਣਾ, ਤੀਰਥ ਸਥਾਨ 'ਤੇ ਯਾਤਰਾ, ਮਾਲ਼ਾ ਫੇਰਨਾ, ਮਿੱਟੀ ਕੱਢਣੀ, ਕੀਰਤਨ, ਸਾਧ-ਸੰਗਤ, ਦਾਨ-ਪੁੰਨ, ਸ਼ਰਾਧ, ਗੰਗਾ ਜਲ਼ ਜਿਹੇ ਪੱਖ ਉਜਾਗਰ ਹੁੰਦੇ ਹਨ। ਟਿਵਾਣਾ ਦੇ ਨਾਵਲਾਂ ਵਿਚੋਂ ਪ੍ਰਾਚੀਨ ਕਾਲ ਤੋਂ ਚੱਲੇ ਆ ਰਹੇ ਹਿੰਦੂ ਧਰਮ ਦਾ ਇਸਲਾਮੀ ਧਰਮ ਤੋਂ ਲਾਭ ਉਠਾ ਕੇ ਪੂਰੀ ਤਰ੍ਹਾਂ ਸਿੱਖੀ ਦੇ ਸਰੂਪ ਨੂੰ ਧਾਰਨ ਕਰਕੇ ਝਮ-ਝਮ ਕਰਦਾ ਨਵਾਂ ਰੂਪ ਉੱਭਰਦਾ ਹੈ। ਇਸੇ ਧਰਮ ਅਨੁਸਾਰ ਉਸ ਦੇ ਪਾਤਰ ਜਪੁਜੀ ਸਾਹਿਬ, ਸੁਖਮਨੀ ਸਾਹਿਬ ਅਤੇ ਸਮੁੱਚੇ ਮਹਾਰਾਜ ਦਾ ਪਾਠ ਕਰਦੇ ਹਨ, ਲੰਗਰ ਲਾਉਂਦੇ ਹਨ, ਗ਼ਰੀਬ ਗੁਰਬੇ ਲਈ ਲੱਸੀ ਕੱਢਦੇ ਹਨ, ਜਲੇਬੀਆਂ ਦਾ ਜੱਗ ਕਰਦੇ ਹਨ ਤੇ ਚਿੜੀਆਂ-ਜਨੌਰਾਂ ਲਈ ਫ਼ਸਲ ਵਿਚੋਂ ਕੁਝ ਹਿੱਸਾ ਕੱਢਦੇ ਹਨ। ਹਰ ਪਾਸਿਓਂ ਦੁਖੀ ਲੋਕਾਈ ਲਈ ਦੁੱਖਾਂ

ਦੀ ਤਪਸ਼ ਭੋਗਦੇ, ਭਟਕਣਾਂ ਦੀਆਂ ਘੁੰਮਣ-ਘੇਰੀਆਂ ਵਿਚ ਫ਼ਸੇ ਸੰਸਾਰ ਨੂੰ ਸ਼ਾਂਤੀ ਦੇਣ ਲਈ ਜਿਸ ਇੱਕ 'ਗ੍ਰੰਥ' ਦੀ ਲੋੜ ਲਾਜ਼ਮੀ ਹੈ ਤੇ ਜਿਸ ਦੀ ਸ਼ਰਨ ਵਿਚ ਜਾਏ ਬਗ਼ੈਰ ਜਗਤ ਜਲੰਦੇ ਨੂੰ ਸ਼ਾਂਤੀ ਦੀ ਠੰਢੀ ਫੁਹਾਰ ਮਿਲਣ ਦਾ ਹੋਰ ਕੋਈ ਚਾਰਾ ਨਹੀਂ। ਉਸੀ ਰਾਹਤ ਦੇ ਜਹਾਜ਼ ਰੂਪੀ ਗ੍ਰੰਥ ਨੂੰ ਲੈ ਕੇ, ਸੰਸਾਰ ਨੂੰ ਤਿਆਗ ਕੇ '**ਕਥਾ ਕਹੋ ਉਰਵਸ਼ੀ**' ਨਾਵਲ ਦਾ ਸੰਨਿਆਸੀ ਗੰਗਾ-ਪੁੱਤਰ ਘਰ ਵੱਲ ਨੂੰ ਮੁੜਦਾ ਚਿਹਰੇ 'ਤੇ ਅਮਨ ਦੇ ਨੂਰ ਨਾਲ ਮਾਲਾ-ਮਾਲ ਹੈ। ਗੰਗਾ-ਪੁੱਤਰ ਨੂੰ ਵੀ ਅਸਲ ਗਿਆਨ ਉਦੋਂ ਪ੍ਰਾਪਤ ਹੁੰਦਾ ਹੈ ਜਦੋਂ ਉਹ ਚੰਦਨ ਦੀ ਸੰਦੂਕੜੀ ਵਿਚਲੇ ਗ੍ਰੰਥ ਨੂੰ ਮੁਕਤੀਦਾਤਾ ਸਮਝ ਕੇ ਉਸ ਦੇ ਨਾਲ ਘਰ ਵੱਲ ਮੁੜ ਪੈਂਦਾ ਹੈ। ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਜਿਸ ਗ੍ਰਹਿਸਥ-ਆਸ਼ਰਮ ਨੂੰ ਛੱਡ ਕੇ ਉਹ ਸੰਨਿਆਸੀ ਹੋਇਆ ਸੀ ਉਹ ਭੋਗ ਭੋਗਣ ਲਈ ਨਹੀਂ ਹੈ ਸਗੋਂ ਭੋਗ-ਵਾਸਨਾਵਾਂ ਨੂੰ ਕਾਬੂ ਕਰਕੇ ਉਨ੍ਹਾਂ ਦਾ ਨਾਸ਼ ਕਰਨ ਲਈ ਹੈ।




ਦੇਵਾਂ-ਦਾਨਵਾਂ ਨੇ ਜਦੋਂ ਸਮੁੰਦਰ ਮੰਥਨ ਵਰਗਾ ਔਖਾ ਤੇ ਗੁੰਝਲਦਾਰ ਕਾਰਜ ਨੇਪਰੇ ਚਾੜ੍ਹਿਆ ਤਾਂ ਹੋਰ ਰਤਨਾਂ ਦੇ ਨਾਲ-ਨਾਲ ਉਨ੍ਹਾਂ ਨੂੰ 'ਕਲਪ ਬਿਰਛ' ਦੀ ਪ੍ਰਾਪਤੀ ਵੀ ਹੋਈ ਜਿਸ ਕੋਲ ਖੜ੍ਹੇ ਹੋ ਕੇ ਸਿਰਫ਼ ਸੰਕਲਪ ਨਾਲ ਹੀ 'ਸਗਲ ਮਨੋਰਥ' ਪੂਰੇ ਹੋ ਜਾਂਦੇ ਹਨ। ਗੁਰਬਾਣੀ ਅਨੁਸਾਰ ਇਹ ਪਰਮਾਤਮਾ ਦੇ ਨਾਮ ਦਾ ਹੀ ਪ੍ਰਤੀਕ ਹੈ ਕਿ ਉਸ ਪਰਮਾਤਮਾ ਦਾ ਨਾਮ ਅਰਥਾਤ 'ਹਰਿ-ਨਾਮ' ਹੀ ਮਨੁੱਖ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਨ ਦੇ ਸਮਰੱਥ ਹੈ। ਇਸ ਦ੍ਰਿਸ਼ਟੀ ਤੋਂ ਵਿਚਾਰਿਆ ਜਾਵੇ ਤਾਂ 'ਬੇਬੇ ਜੀ' ਅਜਿਹੀ ਪਾਤਰ ਵਜੋਂ ਉੱਭਰਦੀ ਹੈ ਜਿਸ ਕੋਲ ਸਾਰੀਆਂ ਮਨੋਕਾਮਨਾਵਾਂ ਨੂੰ ਪੂਰੀਆਂ ਕਰ ਸਕਣ ਵਾਲੇ ਕਲਪ-ਬਿਰਛ ਅਤੇ ਕਾਮਧੇਨ ਦੋਵੇਂ ਹੀ ਹਨ। ਅਰਥਾਤ ਹਰਿ-ਨਾਮ ਸਿਮਰਨ ਵਿਚ ਅਡੋਲ ਯਕੀਨ ਹੋਣ ਕਰਕੇ ਹਰ ਭੀੜ-ਸੰਗੀਤ ਸਮੇਂ ਉਹ 'ਪਰਗਟ ਗੁਰਾਂ ਕੀ ਦੇਹੁ' ਦੀ ਤਾਬਿਆ ਬਹਿ ਕੇ ਨਾਮ-ਸਿਮਰਨ ਨਾਲ ਆਪਣੀਆਂ ਮਨੋਕਾਮਨਾਵਾਂ ਪੂਰਨ ਕਰਾਉਂਦੀ ਹੈ। ਟਿਵਾਣਾ ਦੇ ਨਾਵਲਾਂ ਵਿਚਲੇ ਹੋਰ ਵੀ ਕਈ ਪਾਤਰ ਜਦੋਂ ਮੰਨਤਾਂ ਮੰਗਦੇ ਹਨ ਜਾਂ ਸੁੱਖਣਾ ਸੁੱਖਦੇ ਹਨ ਤਾਂ ਜੀਵਨ ਵਿਚ ਅਪਣਾਏ ਜਾਣ ਵਾਲੇ ਇਸ ਰੁਤਬੇ ਨੂੰ ਵਰਤ ਰਹੇ ਹੁੰਦੇ ਹਨ ਜਿਸ ਨਾਲ ਬਿਨਾ ਕੁਝ ਕੀਤਿਆਂ ਸਿਰਫ਼, ਸੰਕਲਪ-ਮਾਤਰ ਨਾਲ ਸਾਰੇ ਕਾਰਜ ਨੇਪਰੇ ਚੜ੍ਹਨ ਦੀ ਸੰਭਾਵਨਾ ਹੁੰਦੀ ਹੈ। ਅਜਿਹਾ ਕਰਦਿਆਂ ਉਸ ਵੇਲੇ ਉਹ ਆਪਣੇ ਇਸ਼ਟ ਨੂੰ ਕਲਮ-ਬਿਰਛ ਸਮਾਨ ਹੀ ਸਮਝ

'ਬੇਜੀ' ਦੁੱਖ-ਤਕਲੀਫ਼ ਸਮੇਂ ਸ਼ੈਆਂ ਤਰ੍ਹਾਂ ਦੇ ਓਹੜ-ਪੋਹੜ ਕਰਨ ਦੀ ਥਾਂ, ਪੂਰੇ ਸਮਰਪਣ ਭਾਵ ਨਾਲ 'ਗ੍ਰੰਥ ਰੂਪ' ਵਿਚ ਆਪਣੇ ਸਾਹਵੇਂ ਪ੍ਰਤੱਖ ਮੂਰਤੀਮਾਨ ਆਪਣੇ 'ਰੱਬ' ਅੱਗੇ ਅਰਜ਼ੋਈ ਕਰਕੇ ਅੱਥਰੂਆਂ ਭਰੀਆਂ ਅੱਖਾਂ ਨਾਲ 'ਉਸ ਦੀ' ਨੇੜ੍ਹਤਾ ਨਾਲ ਆਈ ਮਾਨਸਿਕ ਸ਼ਾਂਤੀ ਨਾਲ ਨਾਮ-ਸਿਮਰਨ ਦੇ ਅਤਿ-ਪਵਿੱਤਰ ਕਾਰਜ ਵਿਚ ਜੁੜ ਜਾਂਦੀ ਹੈ। ਬੇਜੀ ਅਰਥ (ਦੁਨਿਆਵੀ ਪਦਾਰਥਾਂ ਦੀ ਬਹੁਲਤਾ) ਵਿਚ ਰਹਿ ਕੇ ਵੀ 'ਜਲ ਮਾਹਿ ਕਮਲ ਅਲੇਪ' ਵਾਂਗ ਇਸ ਤੋਂ ਅਭਿੱਜ ਹੈ ਅਤੇ ਆਪਣੇ ਵਿੱਤੀ ਸਾਧਨਾਂ ਨੂੰ ਦਾਨ-ਪੁੰਨ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਵਰਤਦੀ ਹੈ। ਟਿਵਾਣਾ ਦੇ ਆਪਣੇ ਨਾਵਲਾਂ ਵਿਚ ਜ਼ਿੰਦਗੀ ਦੇ ਤਮਾਮ ਪੱਖਾਂ ਨੂੰ ਧਰਮ ਦੇ ਸੰਦਰਭ ਵਿਚ ਉਭਾਰਿਆ ਹੈ ਅਤੇ ਧਰਮ ਦੇ ਰੂਪ ਨੂੰ ਪਹਿਲ ਦਿੱਤੀ ਹੈ। ਟਿਵਾਣਾ ਨੇ ਅਜਿਹਾ ਕਰਕੇ ਆਪਣੇ-ਆਪ ਨੂੰ ਆਮ ਪਾਠਕ ਵਰਗ ਨਾਲ ਜੋੜਿਆ ਹੈ। ਜੀਵਨ ਵਿਚ ਆਨੰਦ ਦੀ ਪ੍ਰਾਪਤੀ ਲਈ ਅਰਥ ਨੂੰ ਮੁੱਖ ਸਾਧਨ ਵਜੋਂ ਵਰਤਿਆ ਜਾਂਦਾ ਹੈ। ਅਰਥ ਕਾਮ ਦੀ ਪੂਰਤੀ ਕਰਦਾ ਹੋਇਆ ਮੋਕਸ਼ ਵੱਲ ਜਾਣ ਦਾ ਰਾਹ ਪੱਧਰਾ ਕਰਦਾ ਹੈ। ਮਨੁੱਖ ਜੀਵਨ ਵਿਚ ਦਾਨ-ਪੁੰਨ, ਜੱਗ-ਲੰਗਰ ਚਲਾਉਣੇ, ਬਾਗ-ਬਾਉਲੇ ਬਣਵਾਉਣੇ ਆਦਿ ਸਾਰੇ ਕੰਮ ਜੱਸ ਕਮਾਉਣ ਲਈ ਕਰਦਾ ਹੈ ਪਰ



ਇਨ੍ਹਾਂ ਲਈ ਅਰਥ (ਮਾਇਆ) ਲੋੜੀਂਦਾ ਹੈ। ਧਨ ਪ੍ਰਾਪਤੀ ਲਈ ਬੁੱਧੀ ਵੀ ਸਹਾਇਕ ਸਾਧਨ ਹੈ। ਧਰਮ ਦੀ ਕਸਵੱਟੀ 'ਤੇ ਖਰੀ ਉਤਰਨ ਵਾਲੀ ਅਜਿਹੀ ਬੁੱਧੀ ਨਾਲ ਕਮਾਇਆ ਧਨ ਹੀ ਕਲਿਆਣਕਾਰੀ ਹੋ ਸਕਦਾ ਹੈ ਜਿਸ ਵਿਚ ਬਿਨਾ ਕਿਸੇ ਵੈਰ-ਭਾਵ ਦੇ ਸੱਚੀ ਮਿਹਨਤ ਕੀਤੀ ਗਈ ਹੋਵੇ ਜੋ 'ਘਾਲ ਖਾਇ ਕਿਛੁ ਹਥਹੁ ਦੇਹਿ' ਦੇ ਰਸਤੇ 'ਤੇ ਚੱਲਣ ਲਈ ਪ੍ਰੇਰਦੀ ਹੈ। ਅਜਿਹੀ ਕਿਰਤ ਨਾਲ ਪ੍ਰਾਪਤ ਕੀਤਾ ਧਨ ਹੀ, ਕਮਾਈ ਕਰਨ ਵਾਲੇ ਦੇ ਨਾਲ-ਨਾਲ ਦੂਜਿਆਂ ਦਾ ਕੁਝ ਸੰਵਾਰਨ ਦੀ ਸਮਰੱਥਾ ਰੱਖਦਾ ਹੈ। ਮਨੁੱਖ ਨੂੰ ਉੱਤਮ-ਭੋਗ ਅਤੇ ਮੋਕਸ਼ ਨੂੰ ਪ੍ਰਾਪਤ ਕਰਨ ਲਈ ਸੁੱਖ ਮਾਰਗ ਨੂੰ ਅਪਣਾ ਕੇ ਅਰਥ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਸ਼ੁੱਧ ਅਤੇ ਨੈਤਿਕ ਢੰਗ ਨਾਲ ਧਨ ਦੀ ਕਮਾਈ ਮਨੁੱਖ ਦੇ ਮਨ, ਬੁੱਧੀ ਅਤੇ ਸਰੀਰ ਵਿਚ ਪਵਿੱਤਰਤਾ ਲਿਆਉਂਦੀ ਹੈ। ਇਸ ਪ੍ਰਕਾਰਜ ਨੂੰ ਵਧੇਰੇ ਯਕੀਨੀ ਬਣਾਉਣ ਲਈ ਵੱਖ-ਵੱਖ ਧਰਮਾਂ ਨੇ ਕੁਝ ਯਤਨ ਦੱਸੇ ਹਨ ਅਤੇ ਕੁਝ ਅਨੁਸ਼ਠਾਨਾਂ ਦਾ ਪ੍ਰਤੀਪਾਦਨ ਕਰਨ ਦੀ ਸੇਧ ਦਿੱਤੀ ਹੈ। ਹਿੰਦੂ ਧਰਮ ਵਿਚ ਕਮਾਈ ਨੂੰ ਪਵਿੱਤਰਤਾ ਦੀ ਪੁੱਠ ਦੇਣ ਵਾਲਾ ਸਭ ਤੋਂ ਵੱਡਾ ਢੰਗ 'ਦਾਨ' ਦੱਸਿਆ ਗਿਆ ਹੈ। 'ਸੌ ਹੱਥਾਂ ਨਾਲ ਧਨ ਇਕੱਠਾ ਕਰਕੇ ਹਜ਼ਾਰ ਹੱਥਾਂ ਨਾਲ ਵੰਡਣ' ਜਿਹੇ ਨੈਤਿਕ ਨਿਯਮਾਂ ਨੂੰ ਘੜਨ ਦਾ ਮਨੋਰਥ ਵੀ ਅਰਥ ਰਾਹੀਂ 'ਵਾਂਛਿਤ ਫ਼ਲਾਂ ਦੀ ਪ੍ਰਾਪਤੀ ਹੀ ਹੈ।

ਦਲੀਪ ਕੌਰ ਟਿਵਾਣਾ ਨੇ ਆਪਣੇ ਸਮੁੱਚੇ ਨਾਵਲਾਂ ਵਿਚ ਜਿਹੜੇ ਸੰਕਲਪ ਉਭਾਰੇ ਹਨ ਉਹ ਮੂਲ ਰੂਪ ਵਿਚ ਅਰਥ ਦੀ ਪ੍ਰਾਪਤੀ ਦੇ ਆਲੇ-ਦੁਆਲੇ ਘੁੰਮਦੇ ਹਨ। ਪਾਤਰਾਂ ਦੁਆਰਾ ਕੀਤੇ ਗਏ ਕਾਰਜ ਜਿੱਥੇ ਇੱਛਤ ਯਥਾਰਥ ਨੂੰ ਸਵੀਕਾਰ ਕਰਦੇ ਹਨ, ਉੱਥੇ ਸੁਖੀ ਜੀਵਨ ਜੀਉਣ ਲਈ ਅਰਥ ਦੀ ਪ੍ਰਾਪਤੀ ਵਿਚ ਰੁੱਝੇ ਰਹਿੰਦੇ ਹਨ। ਟਿਵਾਣਾ ਦੇ ਨਾਵਲਾਂ ਵਿਚਲੇ ਪਾਤਰ, ਉਨ੍ਹਾਂ ਦੀਆਂ ਸਮੱਸਿਆਵਾਂ ਆਰਥਿਕ ਸਥਿਤੀ ਨੂੰ ਜਿੱਥੇ ਉਭਾਰਦੀਆਂ ਹਨ, ਉੱਥੇ ਪ੍ਰਭਾਵਿਤ ਵੀ ਹੁੰਦੀਆਂ ਹਨ। ਲੇਖਕਾਂ ਦੀ ਸਮੁੱਚੀ ਸਿਰਜਣ ਪ੍ਰਕਿਰਿਆ ਦਾ ਇਹ ਇੱਕ ਅਹਿਮ ਪਹਿਲੂ ਹੈ। ਭਾਰਤੀ ਦਰਸ਼ਨ ਦੇ ਸੰਦਰਭ ਵਿਚ ਜਿੱਥੇ ਹੋਰ ਸੰਕਲਪ ਨਾਵਲ ਵਿਚਲੇ ਬਿਰਤਾਂਤ ਨੂੰ ਅੱਗੇ ਵਧਾਉਂਦੇ ਹਨ, ਉੱਥੇ ਅਰਥ ਦਾ ਸੰਕਲਪ ਵੀ ਆਪਣੀ ਭੂਮਿਕਾ ਨਿਭਾਉਂਦਾ ਹੈ। ਇਹ ਪ੍ਰਕਿਰਿਆ ਹਰ ਸ਼੍ਰੇਣੀ ਵਿਚ ਵਿਚਰਦੀ ਹੈ ਜਿਸ ਨੂੰ ਉਸ ਦੇ ਸਮੁੱਚ ਵਿਚ ਹੀ ਸਮਝਿਆ ਜਾ ਸਕਦਾ ਹੈ। ਭਾਵੇਂ '**ਏਹੁ ਹਮਾਰਾ ਜੀਵਣਾ**' ਦੀ ਭਾਨੋ ਹੋਵੇ ਜਾਂ '**ਅਗਨੀ ਪ੍ਰੀਖਿਆ**' ਦੀ ਮਨਦੀਪ ਜਾਂ '**ਵਾਟ ਹਮਾਰੀ**' ਵਿਚਲੀ ਕੰਵਲ ਦੀ ਕਹਾਣੀ ਹੋਵੇ, ਟਿਵਾਣਾ ਦੇ ਸਮਾਜ ਦੇ ਭਿੰਨ-ਭਿੰਨ ਵਰਗਾਂ ਨੂੰ ਆਰਥਿਕ ਸੰਦਰਭ ਵਿਚ ਹੀ ਉਭਾਰਿਆ ਹੈ ਜਿਸ ਨਾਲ ਅਰਥ ਨਾਲ ਜੁੜੇ ਹੋਰ ਕਈ ਪਹਿਲੂ ਵੀ ਉਜਾਗਰ ਹੁੰਦੇ ਹਨ। ਅਜਿਹੇ ਪੱਖਾਂ ਤੋਂ ਟਿਵਾਣਾ ਦੇ ਨਾਵਲਾਂ ਨੂੰ ਡੂੰਘਾਈ ਦੀ ਪੱਧਰ 'ਤੇ ਸਮਝਣਾ ਅਤਿ ਜ਼ਰੂਰੀ ਹੈ। ਇਹ ਪਹਿਲੂ ਰਚਨਾਵਾਂ ਵਿਚ ਭਾਵੇਂ ਕਿਤੇ-ਕਿਤੇ ਪ੍ਰਮੁੱਖ ਰੂਪ ਵਿਚ ਨਹੀਂ ਉੱਭਰਦੇ ਪਰ ਇਨ੍ਹਾਂ ਤੋਂ ਬਿਨਾ ਰਚਨਾ ਦਾ ਵਿਕਾਸ ਅਸੰਭਵ ਹੈ।

ਕਾਮ ਅਜਿਹੀ ਮੂਲ ਪ੍ਰਵਿਰਤੀ ਹੈ ਜੋ ਸ੍ਰਿਸ਼ਟੀ ਦੇ ਕੁੱਲ ਪ੍ਰਾਣੀ ਜਗਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਹੈ। ਜਿਸ ਪ੍ਰਕਾਰ ਭੋਜਨ ਦੀ ਭੁੱਖ ਤੇ ਪਾਣੀ ਦੀ ਪਿਆਸ ਹਰੇਕ ਜੀਵ ਨੂੰ ਲਗਦੀ ਹੈ, ਉਸੇ ਪ੍ਰਕਾਰ ਕਾਮ ਭਾਵਨਾ ਦੀ ਸੰਤੁਸ਼ਟੀ ਕਰ ਲੈਣ ਦੀ ਪ੍ਰਬਲ ਇੱਛਾ ਹਰੇਕ ਪ੍ਰਾਣੀ ਵਿਚ ਪੈਦਾ ਹੁੰਦੀ ਹੈ। ਕਾਮ ਦੀ ਪ੍ਰਬਲ ਸ਼ਕਤੀ ਸਾਹਮਣੇ ਜਪੀਆਂ ਦਾ ਜਪ ਤੇ ਤਪੀਆਂ ਦਾ ਤਪ ਵੀ ਨਹੀਂ ਠਹਿਰ ਸਕਿਆ। ਕਾਮ-ਵਾਸਨਾ ਜਦੋਂ ਤੱਕ ਸੰਤੁਲਿਤ ਰੂਪ ਵਿਚ ਹੈ ਇਹ ਜੀਵਨ ਦਾ ਧੁਰਾ ਹੈ। ਜਦੋਂ ਕਾਮ ਪ੍ਰਵਿਰਤੀ ਉਲਾਰ ਹੁੰਦੀ ਹੈ ਤਾਂ ਇਹ ਘ੍ਰਿਣਿਤ ਰੂਪ ਧਾਰਨ ਕਰਕੇ ਸਮਾਜ ਲਈ ਵਿਨਾਸ਼ਕਾਰੀ ਸਿੱਧ ਹੁੰਦੀ ਹੈ। ਕਾਮ ਦੇ ਵੇਗ ਨੂੰ ਵਿਆਹ ਦੀ ਸੰਸਥਾ ਅਧੀਨ ਸੀਮਾ-ਬੱਧ ਕਰ ਦਿੱਤਾ ਗਿਆ ਹੈ।

**ਸਹਾਇਕ ਪੁਸਤਕਾਂ**

1. ਮਨਮੋਹਨ ਸਿੰਘ 'ਧਰਮ ਦੀ ਉਤਪਤੀ ਤੇ ਹੋਰ ਨਿਬੰਧ', 2. ਐੱਸ. ਰਾਧਾਕ੍ਰਿਸ਼ਨਨ 'ਧਰਮ ਇੱਕ ਤੁਲਨਾਤਮਕ ਅਧਿਐਨ', 3. ਗੁਰਚਰਨ ਸਿੰਘ ਤਾਲਿਬ 'ਧਰਮ ਦੀ ਉਤਪਤੀ ਤੇ ਵਿਕਾਸ', 4. ਤਾਰਾ ਸਿੰਘ, ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ, **ਪਤਾ- ਗਲੀ ਨੰ. 11, ਕੱਚਾ ਕਾਲਜ ਰੋਡ, ਬਰਨਾਲਾ**




# ਸੁਖਬੀਰ ਦੇ ਨਾਵਲਾਂ ਵਿੱਚ ਮਹਾਂਨਗਰੀ ਚੇਤਨਾ : ਇੱਕ ਅਧਿਐਨ

**(ਕੱਚ ਦਾ ਸ਼ਹਿਰ, ਪਾਣੀ ਤੇ ਪੁਲ, ਸੜਕਾਂ ਤੇ ਕਮਰੇ, ਗਰਦਸ਼ ਤੇ ਅੱਧੇ ਪੌਣੇ ਦੇ ਸੰਦਰਭ 'ਚ)**

**- ਗੁਰਬਿੰਦਰ ਕੌਰ ਬਰਾੜ**

ਸੁਖਬੀਰ 21ਵੀਂ ਸਦੀ ਦੇ ਸਥਾਪਿਤ ਨਾਵਲਕਾਰਾਂ ਵਿੱਚੋਂ ਪੰਜਾਬ ਤੋਂ ਬਾਹਰ ਰਹਿ ਕੇ ਵੀ ਪੰਜਾਬੀ ਨਾਵਲ ਲਿਖਣ ਵਾਲਾ ਗਲਪਕਾਰ ਹੈ। ਉਸ ਨੇ ਕਹਾਣੀ, ਕਵਿਤਾਵਾਂ, ਅਨੁਵਾਦ ਰਚਨਾ ਅਤੇ ਨਾਵਲੀ-ਜਗਤ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਜਿੱਥੇ ਪੰਜਾਬੀ ਦੇ ਬਹੁਤੇ ਸਮਕਾਲੀ ਨਾਵਲਕਾਰਾਂ ਨੇ ਪੇਂਡੂ ਸੰਸਕ੍ਰਿਤੀ ਅਤੇ ਕਿਸਾਨੀ ਸੱਭਿਆਚਾਰ ਦੀ ਗੱਲ ਕੀਤੀ ਹੈ, ਉੱਥੇ ਸੁਖਬੀਰ ਨੇ ਆਪਣੇ ਨਾਵਲਾਂ ਦਾ ਵਿਸ਼ਾ ਖੇਤਰ ਸ਼ਹਿਰੀ ਮਹਾਂਨਗਰੀ ਦੇ ਜੀਵਨ ਨੂੰ ਬਣਾਇਆ ਹੈ। ਉਹ ਕਿਸੇ ਵਿਸ਼ੇਸ਼ ਸੱਭਿਆਚਾਰ ਦੇ ਘੇਰੇ ਵਿੱਚੋਂ ਨਿਕਲ ਕੇ ਮਹਾਂਨਗਰੀ ਸੱਭਿਆਚਾਰ ਦੇ ਚਿਤਰਣ ਨੂੰ ਬਿਆਨ ਕਰਦਾ ਹੈ, ਜੋ ਉਸਦਾ ਨਿੱਜੀ ਅਨੁਭਵ ਹੈ। ਮਹਾਂਨਗਰ ਦਾ ਅਰਥ ਹੈ ਵੱਡਾ ਸ਼ਹਿਰ, ਜਿੱਥੇ ਸਭ ਤਰ੍ਹਾਂ ਦੀਆਂ ਦੁੱਖ ਸਹੂਲਤਾਂ ਉਪਲੱਬਧ ਹੋਣ, ਮਹਾਂਨਗਰਾਂ ਵਿੱਚ ਹਰ ਤਰ੍ਹਾਂ ਦਾ ਰੁਜ਼ਗਾਰ ਮਿਲ ਸਕਦਾ ਹੈ ਪਰ ਮਾਨਸਿਕ ਪ੍ਰੇਸ਼ਾਨੀਆਂ ਵੱਧ ਤੋਂ ਵੱਧ ਹੁੰਦੀਆਂ ਹਨ। ਮਹਾਂਨਗਰ ਦੇ ਤੇਜ਼ ਤਰਾਰ ਜੀਵਨ ਵਿੱਚ ਵਿਅਕਤੀ ਆਪਣਾ ਵਜੂਦ ਖੋ ਬੈਠਦਾ ਹੈ, ਉਸ ਦਾ ਅਸਤਿਤਵ ਨਹੀਂ ਰਹਿੰਦਾ ਉਹ ਮਸ਼ੀਨ ਦੀ ਤਰ੍ਹਾਂ ਕੰਮ ਕਰਦਾ ਹੈ। ਵਿਅਕਤੀ ਮਸ਼ੀਨ ਬਣ ਕੇ ਹੀ ਰਹਿ ਜਾਂਦਾ ਹੈ। ਮਹਾਂਨਗਰੀ ਚੇਤਨਾ ਦੋ ਸ਼ਬਦਾਂ ਦਾ ਸੁਮੇਲ ਹੈ: ਨਗਰ + ਚੇਤਨਾ ਜਿਸ ਦਾ ਅਰਥ ਹੈ ਨਗਰ ਬਾਰੇ ਗਿਆਨ ਅਰਥਾਤ ਮਹਾਂਨਗਰਾਂ ਦੀ ਜਾਣਕਾਰੀ : ਨਗਰ ਬੋਧ। ਮਹਾਂਨਗਰ ਇੱਕ ਸਥਾਈ ਸਥਾਨ ਤੇ ਵੱਖ ਵੱਖ ਥਾਵਾਂ ਤੋਂ ਆਏ ਉਹਨਾਂ ਪਰਿਵਾਰਾਂ ਦਾ ਸਮੂਹ ਹੁੰਦਾ ਹੈ, ਜਿਹੜੇ ਆਪਣੀ ਜਾਤ, ਗੋਤ, ਕੰਮ, ਧੰਦਿਆਂ ਆਦਿ ਪੱਖ ਤੋਂ ਇੱਕ ਦੂਜੇ ਤੋਂ ਵੱਖ ਵੱਖ ਹੁੰਦੇ ਹਨ। ਜਿਨ੍ਹਾਂ ਦੀ ਜ਼ਿੰਦਗੀ ਤੇਜ਼ ਤਰਾਰ ਹੁੰਦੀ ਹੈ, ਨਗਰਾਂ ਦੀ ਅਬਾਦੀ ਪਿੰਡਾਂ ਅਤੇ ਕਸਬਿਆਂ ਨਾਲੋਂ ਸੰਘਣੀ ਹੁੰਦੀ ਹੈ, ਕਿਸੇ ਨੂੰ ਇੱਕ ਦੂਸਰੇ ਦਾ ਫ਼ਿਕਰ ਨਹੀਂ ਹੁੰਦਾ। ਨਗਰਾਂ ਵਿੱਚ ਯਾਤਰਾ, ਆਵਾਜਾਈ, ਵਪਾਰ ਅਤੇ ਵਿਗਿਆਨਕ ਸਹੂਲਤਾਂ ਉਪਲੱਬਧ ਹੁੰਦੀਆਂ ਹਨ। ਮਹਾਂਨਗਰਾਂ ਵਿੱਚ ਤਕਨੀਕੀ ਵਿਕਾਸ ਦੇ ਫਲਸਰੂਪ ਬਹੁਤ ਸਾਰੀਆਂ ਨਵੀਆਂ ਤਬਦੀਲੀਆਂ ਆਈਆਂ, ਜਿਵੇਂ-ਪਣ ਚੱਕੀਆਂ ਦੀ ਵਰਤੋਂ, ਨਵੇਂ ਸੰਚਾਰ ਸਾਧਨ, ਰੇਲ ਲਾਇਨਾਂ, ਸਮੁੰਦਰੀ ਆਵਾਜਾਈ ਦੇ ਵਿਕਸਿਤ ਹੋ ਰਹੇ ਸਾਧਨ, ਆਦਿ ਨੇ ਨਗਰ ਵਿਕਾਸ ਵਿੱਚ ਯੋਗਦਾਨ ਪਾਇਆ। ਮਹਾਂਨਗਰ ਨਗਰ ਦੇ ਮੁਕਾਬਲੇ ਹਰ ਪੱਖ ਤੋਂ ਵਿਸ਼ਾਲ ਹੁੰਦਾ ਹੈ।

ਸੁਖਬੀਰ ਆਪਣੇ ਗਲਪ ਦਾ ਸੰਸਾਰ ਬੰਬਈ ਮਹਾਂਨਗਰ ਵਿੱਚ ਵਿਚਰਦੀ ਸ਼ਹਿਰੀ ਮੱਧ ਸ਼੍ਰੇਣੀ, ਜਿਹੜੀ ਰੁਜ਼ਗਾਰ ਦੀ ਭਾਲ ਲਈ, ਆਪਣੀ ਕਲਾ ਦਾ ਸਹੀ ਮੁੱਲ ਪਵਾਉਣ ਲਈ, ਪੈਸੇ ਦੀ ਅੰਨੀ ਹਵਸ ਜਾਂ



ਜ਼ਿੰਦਗੀ ਨੂੰ ਭਰਪੂਰ ਰੂਪ ਵਿਚ ਮਾਨਣ ਦੀ ਇੱਛਾ ਲੈ ਕੇ ਇਸ ਮਹਾਂਨਗਰ ਵਿੱਚ ਆਉਂਦੀ ਹੈ, ਪਰ ਸ਼ਹਿਰ ਦੀਆਂ ਮੰਡੀ ਕੀਮਤਾਂ ਦੀ ਲਪੇਟ ਵਿਚ ਇਹਨਾਂ ਪਾਤਰਾਂ ਨੂੰ ਕਈ ਆਰਥਿਕ ਤੇ ਮਾਨਸਿਕ ਵਿਗੋਚੇ ਝੱਲਣੇ ਪੈਂਦੇ ਹਨ, ਦੇ ਧਰਾਤਲ ਤੇ ਉਸਾਰਦਾ ਹੈ। '**ਸੜਕਾਂ ਤੇ ਕਮਰੇ**' ਨਾਵਲ ਵਿੱਚ ਪੇਸ਼ ਹੋਈ ਅਰਥ ਵਿਵਸਥਾ ਪੂੰਜੀਵਾਦੀ ਨਿਜ਼ਾਮ ਦੀ ਦੇਣ ਹੈ, ਜਿੱਥੇ ਕਿਰਤੀ ਆਪਣੇ ਆਪ ਨੂੰ ਵੇਚਦਾ ਹੈ, ਆਪਣੇ ਵਿਅਕਤਿਤਵ ਨੂੰ ਵੇਚਦਾ ਹੈ, ਤਾਂ ਜੋ ਉਸ ਦੀਆਂ ਲੋੜਾਂ ਪੂਰੀਆਂ ਹੋ ਸਕਣ। ਇਹਨਾਂ ਲੋੜਾਂ ਦੀ ਪੂਰਤੀ ਲਈ ਉਹ ਆਪਣੇ ਆਪ ਨੂੰ ਇੱਕ ਵਸਤੂ ਅਨੁਭਵ ਕਰਦਾ ਹੈ। ਆਧੁਨਿਕ ਯੁੱਗ ਵਿੱਚ ਸੋਹਜ-ਬੋਧ ਦੇ ਨਵੇਂ ਦਿਸਹੱਦਿਆਂ ਨੇ ਮਨੁੱਖ ਨੂੰ ਪ੍ਰਾਪਤ ਕਰਨਾ ਆਰੰਭਿਆ। ਅਜੋਕਾ ਮਨੁੱਖ ਜ਼ਿੰਦਗੀ ਵਿੱਚ ਆਈ ਉਪਭੋਗਤਾਵਾਦੀ ਰੁਚੀ ਕਾਰਣ ਛਿਣ-ਪਲ ਨੂੰ ਭਰਪੂਰ ਰੂਪ ਵਿੱਚ ਜਿਉਣ ਦੀ ਲੋਚਾ ਰੱਖਦਾ ਹੈ। ਸੋਹਜ ਦੀਆਂ ਨਵੀਨ ਵਿਧੀਆਂ ਨੇ ਸੱਭਿਆਚਾਰਕ ਪੱਧਰ ਵਿੱਚ ਗੁਣਾਤਮਕ ਤਬਦੀਲੀ ਲਿਆਂਦੀ ਹੈ। ਇਸਦੇ ਨਾਲ ਹੀ ਵਰਤਮਾਨ ਜ਼ਿੰਦਗੀ ਦੇ ਹਰੇਕ ਪਲ-ਛਿਣ ਨੂੰ ਜਿਉਣ-ਮਾਨਣ ਦੀ ਪ੍ਰਵਿਰਤੀ ਨੇ ਮਨੁੱਖ ਵਿੱਚ ਇੱਕ ਹੋਰ ਰੁਚੀ ਨੂੰ ਜਨਮ ਦਿੱਤਾ ਹੈ। ਉਹ ਹੈ ਪਲਾਂ-ਛਿਣਾਂ ਵਿੱਚ ਹੀ ਅਮੀਰ, ਮਹਾਨ, ਅਮਰ ਹੋਣੀ ਦੀ ਬਿਰਤੀ ਦਾ ਪ੍ਰਫੁਲਿਤ ਹੋਣਾ। ਪਹਿਲਾਂ ਜੀਵਨ ਦੀ ਸਹਿਜਤਾ ਕਰਕੇ ਅਜਿਹੀਆਂ ਸਮਾਜਿਕ ਕੀਮਤਾਂ ਪ੍ਰਚਲਿਤ ਸਨ, ਜਿਨ੍ਹਾਂ ਕਰਕੇ ਆਦਮੀ, ਕੰਮ, ਵਿਚਾਰ, ਉਪਕਾਰ ਅਤੇ ਘਾਲਣਾ ਕਰਕੇ ਮਹਾਨ/ ਅਮਰ, ਪਦ / ਵਿਸ਼ੇਸ਼ਣ ਪ੍ਰਾਪਤ ਕਰਦਾ ਸੀ, ਪਰੰਤੂ ਅਜੋਕਾ ਮਨੁੱਖ ਅਮਰ ਹੋਣ ਲਈ ਢਕਵੰਜ ਸਿਰਜਦਾ ਹੈ। ਇਸ ਲਈ ਜੀਵਨ ਦੇ ਨੈਤਿਕ ਮਿਆਰਾਂ ਵਿੱਚ ਗਿਰਾਵਟ ਆਈ ਹੈ।

ਸੁਖਬੀਰ ਤੀਜੇ ਪੜਾਅ ਦਾ ਗਲਪਕਾਰ ਹੈ। ਪੰਜਾਬੀ ਸਾਹਿਤ ਸੰਸਾਰ ਵਿੱਚ ਉਹ ਬਹੁ-ਪੱਖੀ ਪ੍ਰਤਿਭਾ ਦੇ ਮਾਲਕ ਸਾਹਿਤਕਾਰ ਵਜੋਂ ਜਾਣਿਆ ਜਾਂਦਾ ਹੈ। ਕੇਵਲ ਨਾਵਲਕਾਰ ਦੇ ਤੌਰ ਤੇ ਹੀ ਨਹੀਂ ਸਗੋਂ ਉਸ ਨੂੰ ਇੱਕ ਕਵੀ, ਕਹਾਣੀਕਾਰ, ਚਿੱਤਰਕਾਰ ਤੇ ਸਫ਼ਲ ਅਨੁਵਾਦਕ ਵਜੋਂ ਸਾਹਿਤ ਸੁਨੇਹੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਉਸਦੇ ਨਾਵਲਾਂ ਵਿੱਚ ਮਹਾਂਨਗਰ ਦੀ ਪੇਸ਼ਕਾਰੀ ਹੋਣੀ ਸੁਭਾਵਕ ਜਿਹੀ ਗੱਲ ਹੈ, ਕਿਉਂਕਿ ਉਹ ਬੰਬਈ ਮਹਾਂਨਗਰ ਦਾ ਜੰਮਪਲ ਹੈ ਪਰ ਉਸਦਾ ਪਰਿਵਾਰਕ ਪਿਛੋਕੜ ਪੇਂਡੂ ਹੈ, ਜਿਸਦਾ ਸਬੂਤ ਨਾਵਲਕਾਰ ਦਾ ਇਹ ਕਥਨ ਹੈ, "ਮੈਂ ਬੰਬਈ ਦਾ ਜੰਮਪਲ ਹਾਂ ਤੇ ਜ਼ਿੰਦਗੀ ਦਾ ਵਧੇਰੇ ਹਿੱਸਾ ਬੰਬਈ ਵਿੱਚ ਹੀ ਬੀਤਿਆ ਹੈ ਪਰ ਮੇਰੀ ਸਾਂਝ ਆਪਣੇ ਪਿੰਡ ਨਾਲ ਵੀ ਰਹੀ ਹੈ। ਜਿੱਥੇ ਸਾਡਾ ਸਾਂਝਾ ਪਰਿਵਾਰ ਰਹਿੰਦਾ ਸੀ। ਬਚਪਨ ਵਿੱਚ ਕੁਝ ਅਰਸਾ ਮੈਂ ਉੱਥੇ ਰਿਹਾ ਹਾਂ ਤੇ ਬਾਅਦ ਵਿੱਚ ਵੀ ਸਾਡਾ ਆਉਣਾ ਜਾਣਾ ਉੱਥੇ ਰਹਿੰਦਾ ਸੀ ਸਾਡੇ ਵੱਡੇ-ਵਡੇਰੇ ਦੁਆਬੇ ਇਲਾਕੇ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਬੀਰਮਪੁਰ ਦੇ ਰਹਿਣ ਵਾਲੇ ਸਨ"।[1] ਇਸ ਤਰ੍ਹਾਂ ਮਹਾਂਨਗਰੀ ਸੱਭਿਆਚਾਰ ਬਾਰੇ ਡਾ:ਹਜ਼ਾਰੀ ਪ੍ਰਸਾਦ ਦ੍ਵਿਵੇਦੀ ਦਾ ਵਿਚਾਰ ਹੈ ਕਿ

"ਸੰਸਕ੍ਰਿਤੀ ਜਿਉਣ ਦਾ ਇੱਕ ਢੰਗ ਹੈ ਜਿਸਨੂੰ ਸਮਾਜਿਕ ਅਤੇ ਸੁਚੇਤ ਜੀਵਨ ਕਹਿੰਦੇ ਹਾਂ ਉਸਦੇ ਵੱਖ-ਵੱਖ ਪਹਿਲੂ ਵੀ ਸੰਸਕ੍ਰਿਤੀ ਦੇ ਵੱਖ-ਵੱਖ ਪੱਖ ਹਨ"।[2]

ਸ਼ਹਿਰ ਧੰਦੇ ਦੀ ਨਵੀਨਤਾ ਦੇ ਨਾਲ-ਨਾਲ ਨਵੀਨ ਜਾਂਚ ਦੇ ਪੱਖੋਂ ਵੀ ਪੇਂਡੂ ਰਹਿਣੀ-ਬਹਿਣੀ ਨਾਲ ਫਰਕ ਰੱਖਦੇ ਹਨ। "ਸਮਾਜਿਕ ਦ੍ਰਿਸ਼ਟੀਕੋਣ ਤੋਂ ਗੱਲਬਾਤ ਕਰਦਿਆਂ ਹੋਇਆਂ ਕਿਹਾ ਜਾ ਸਕਦਾ ਹੈ ਕਿ ਸ਼ਹਿਰ ਜੀਵਨ ਦਾ ਇੱਕ ਤਰੀਕਾ ਹੈ। ਵਿਸ਼ੇਸ਼ਣ ਸ਼ੀਹਰੀ ਇੱਕ ਖਾਸ ਜੀਵਨ ਵਿਧੀ ਨੂੰ ਪ੍ਰਗਟ ਕਰਦਾ ਹੈ"।[3]

"ਸੰਚਾਰ ਸਾਧਨਾਂ ਦੇ ਗਿਆਨ ਦੇ ਵਧਦੇ ਅਦਾਨ-ਪ੍ਰਦਾਨ ਕਾਰਣ ਸ਼ਹਿਰੀ ਪ੍ਰਭਾਵ ਸਿਰਫ ਸ਼ਹਿਰੀ ਖੇਤਰਾਂ ਤੱਕ ਹੀ ਸੀਮਿਤ ਨਹੀਂ ਹੈ ਇਸ ਦਾ ਪ੍ਰਭਾਵ ਸਮੁੱਚੇ ਸਮਾਜ ਉੱਤੇ ਹੈ। ਸ਼ਹਿਰੀ ਅਸਰ ਸ਼ਹਿਰ ਨਾਲੋਂ ਵਧੇਰੇ ਵਿਸ਼ਾਲ ਹੁੰਦੇ ਹਨ"।[4]

ਇਸ ਪ੍ਰਕਾਰ ਮਹਾਂਨਗਰਾਂ ਵਿੱਚ ਰਹਿ ਕੇ ਜੀਵਨ ਬਸਰ ਕਰ ਰਹੇ ਲੋਕਾਂ ਦੀ ਗਾਥਾ ਨੂੰ ਮਹਾਂਨਗਰੀ ਨਾਵਲ ਕਹਿੰਦੇ ਹਨ। ਜੋ ਲੋਕ ਮਹਾਂਨਗਰ ਵਿੱਚ ਰਹਿ ਕੇ ਸੰਤੁਸ਼ਟ ਨਹੀਂ ਹੁੰਦੇ ਬਸ ਦਿਨ ਕੱਟੀ ਹੀ ਕਰਦੇ

ਹਨ। ਮਹਾਂਨਗਰੀ ਨਾਵਲ ਵਿੱਚ ਪ੍ਰਵਿਰਤਿਤ ਹੁੰਦੇ ਮਨੁੱਖੀ ਰਿਸ਼ਤਿਆਂ ਦੀ ਤਰਾਸਦੀ ਨੂੰ ਪੇਸ਼ ਕੀਤਾ ਜਾਂਦਾ ਹੈ ਕਿ ਕਿਵੇਂ ਦੋਸਤ ਦੋਸਤ ਦਾ ਰਿਸ਼ਤਾ, ਪਤੀ ਪਤਨੀ ਦਾ ਰਿਸ਼ਤਾ, ਮਾਂ ਧੀ ਦਾ ਰਿਸ਼ਤਾ, ਪ੍ਰੇਮੀ ਪ੍ਰਮਿਕਾ ਦਾ ਰਿਸ਼ਤਾ, ਪਿਓ ਧੀ ਦਾ ਰਿਸ਼ਤਾ, ਆਦਿ ਕਿਵੇਂ ਨਿੱਜੀ ਲੋੜਾਂ, ਆਰਥਿਕਤਾ ਅਤੇ ਸੁਆਰਥਾਂ ਤੇ ਨਿਰਭਰ ਕਰਦੇ ਹਨ, ਜਿਨ੍ਹਾਂ ਦੀ ਪੇਸ਼ਕਾਰੀ ਕੀਤੀ ਗਈ ਹੈ।

**"ਕੱਚ ਦਾ ਸ਼ਹਿਰ"** ਬਾਲ ਪਾਤਰਾਂ 'ਤੇ ਕੇਂਦਰਤ ਲਿਖਿਆ ਗਿਆ ਸੁਖਬੀਰ ਦਾ ਇਕ ਅਜਿਹਾ ਨਾਵਲ ਹੈ, ਜਿਸ ਵਿੱਚ ਬੰਬਈ ਦੇ ਮਹਾਂਨਗਰ ਵਿੱਚ ਵਿਚਰਦੇ ਬੱਚਿਆਂ ਦਾ ਮਨੋਵਿਸ਼ਲੇਸ਼ਣ ਕੀਤਾ ਗਿਆ ਹੈ। ਉਹ ਕੱਚ ਦਾ ਸ਼ਹਿਰ ਜੋ ਬੱਚਿਆਂ ਨੂੰ ਸੁਪਨਿਆਂ ਵਿੱਚ ਜਗਮਗਾਉਂਦਾ ਨਜ਼ਰ ਆਉਂਦਾ ਹੈ। ਇਸ ਸ਼ਹਿਰ ਬਾਰੇ ਬੱਚਿਆਂ ਦਾ ਸੁਪਨਾ ਉਸ ਸਮੇਂ ਟੁੱਟਦਾ ਹੈ ਜਦੋਂ ਉਹਨਾਂ ਦਾ ਬੰਬਈ ਮਹਾਂਨਗਰ ਨਾਲ ਵਾਹ ਪੈਂਦਾ ਹੈ ਅਤੇ ਸ਼ਹਿਰ ਦਾ ਕੋਹਜ ਸਾਹਮਣੇ ਆਉਂਦਾ ਹੈ, ਜਿੱਥੇ ਬੱਚਿਆਂ ਦਾ ਬਚਪਨ ਹੀ ਨਹੀਂ ਰੁਲਦਾ, ਸਗੋਂ ਕੁੱਲੀ, ਗੁੱਲੀ ਤੇ ਜੁੱਲੀ ਦੀ ਸਮੱਸਿਆ ਵੀ ਹੈ। ਇਸ ਸ਼ਹਿਰ ਵਿੱਚ ਬੱਚਿਆਂ ਦੀ ਖੇਡ ਉਮਰ ਕਿਵੇਂ ਆਰਥਿਕ ਝਮੇਲਿਆਂ ਦੇ ਬੋਝ ਥੱਲੇ ਦੱਬ ਜਾਂਦੀ ਹੈ। ਨਾਵਲ ਦੇ ਨਾਇਕ ਪਾਤਰ ਬੱਚੇ ਬਰਜੂ ਦੀ ਇਹੀ ਕਥਾ ਹੈ ਜੋ ਬੰਬਈ ਮਹਾਂਨਗਰ ਵਿੱਚ ਭਾਵੇਂ ਆਪਣੀ ਭੈਣ ਸੀਮਾ ਨੂੰ ਲੱਭਣ ਦੇ ਮਕਸਦ ਨਾਲ ਆਉਂਦਾ ਹੈ ਪਰ ਉਸ ਅੰਦਰ ਬੰਬਈ ਦੇਖਣ ਦਾ ਚਾਅ ਵੀ ਹੈ। ਇਹ ਚਾਅ ਉਸ ਸਮੇਂ ਟੁੱਟਦਾ ਹੈ ਜਦੋਂ ਸ਼ਹਿਰ ਦੀਆਂ ਹਕੀਕਤਾਂ ਨਾਲ ਉਸਦਾ ਵਾਹ ਪੈਂਦਾ ਹੈ ਅਤੇ ਚਾਰੇ ਪਾਸਿਆਂ ਤੋਂ ਸਮੱਸਿਆਵਾਂ ਨਾਲ ਘਿਰ ਜਾਂਦਾ ਹੈ। ਬਿਰਜੂ ਨੂੰ ਸੀਮਾ ਜਦੋਂ ਮਿਲਦੀ ਹੈ ਅੰਨ੍ਹੀ ਮਿਲਦੀ ਹੈ, ਜਿਸਦੀਆਂ ਅੱਖਾਂ ਨੂੰ ਇਹ ਕੱਚ ਦਾ ਸ਼ਹਿਰ ਨਿਗਲ ਜਾਂਦਾ ਹੈ। ਬਿਰਜੂ ਜਿਸ ਦੇ ਅੰਦਰ ਬੰਬਈ ਵੇਖਣ ਦਾ ਚਾਅ ਸੀ ਹੁਣ ਉਹ ਬੰਬਈ ਨੂੰ ਨਫਰਤ ਕਰਦਾ ਹੈ। ਪੰਡਤ ਨਹਿਰੂ ਨੂੰ ਬਿਰਜੂ ਵੱਲੋਂ ਲਿਖੀ ਚਿੱਠੀ ਕੱਚ ਦੇ ਸ਼ਹਿਰ ਪ੍ਰਤੀ ਨਫਰਤ ਅਤੇ ਵਿਦਰੋਹ ਦੀ ਪ੍ਰਤੀਕ ਹੈ। ਚਿੱਠੀ ਵਿੱਚ ਬਹੁ-ਰੰਗਾਂ ਦੀ ਕੀਤੀ ਗਈ ਵਰਤੋਂ ਕੱਚ ਦੇ ਸ਼ਹਿਰ ਬੰਬਈ ਦੇ ਕੋਹਜ ਨੂੰ ਪ੍ਰਗਟ ਕਰਦੀ ਹੈ। ਚਿੱਠੀ ਵਿੱਚ ਸ਼ਹਿਰ ਦੇ ਕੋਹਜ ਨੂੰ ਬਦਲਣ ਵਿੱਚ ਸਰਕਾਰ ਦੀ ਅਣਗਹਿਲੀ ਵਰਤਣ ਤੇ ਬੱਚਿਆਂ ਵੱਲੋਂ ਕੋਹਜ ਨੂੰ ਬਦਲਣ ਦਾ ਲਿਆ ਗਿਆ ਸੰਕਲਪ ਸਖਤ ਕਦਮ ਚੁੱਕਣ ਦੀ ਵੀ ਚੇਤਾਵਨੀ ਦਿੰਦਾ ਹੈ। ਇਸ ਤਰ੍ਹਾਂ ਇਸ ਨਾਵਲ ਵਿੱਚ ਵੀ ਬਿਰਜੂ ਦੀ ਭੈਣ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਗਿਆ ਹੈ ਜੋ ਕਿ ਮਹਾਂਨਗਰਾਂ ਵਿੱਚ ਆਮ ਕੁੜੀਆਂ ਨਾਲ ਵਾਪਰਦਾ ਹੈ।

**"ਪਾਣੀ ਤੇ ਪੁੱਲ"** ਨਾਵਲ ਵਿੱਚ ਮੁੱਖ ਪਾਤਰ ਦਿਲਜੀਤ ਦੇਸ਼-ਵੰਡ ਦੌਰਾਨ ਹੋਏ ਕਤਲੇਆਮ ਤੋਂ ਪੀੜਤ ਹੈ। ਦੇਸ਼-ਵੰਡ ਦੇ ਫ਼ਿਰਕੂ ਫ਼ਸਾਦਾਂ ਵਿੱਚ ਦਿਲਜੀਤ ਦੇ ਮਾਂ-ਬਾਪ, ਭੈਣ ਤੇ ਮੰਗੇਤਰ ਮਾਰੇ ਜਾਂਦੇ ਹਨ। ਉਜਾੜੇ ਕਾਰਣ ਦਿਲਜੀਤ ਦਾ ਪਾਕਿਸਤਾਨ ਵਿਚਲਾ ਘਰ ਟੁੱਟ ਜਾਂਦਾ ਹੈ"।[5] ਉਸਨੂੰ ਆਪਣੇ ਸਕੇ-ਸੰਬੰਧੀਆਂ ਦੇ ਮਾਰੇ ਜਾਣ ਦਾ ਸਦਮਾ ਵੀ ਹੈ ਤੇ ਮਾਤ-ਭੂਮੀ ਤੋਂ ਵਿਯੋਗੇ ਜਾਣ ਦਾ ਹੇਰਵਾ ਵੀ। "ਆਪਣੇ ਸ਼ਹਿਰ ਤੋਂ ਉਜੜਣ ਪਿੱਛੋਂ ਦਿਲਜੀਤ ਪਰਾਏ ਸ਼ਹਿਰਾਂ ਵਿੱਚ ਭਟਕਿਆ ਸੀ ਤੇ ਉਸ ਦਾ ਦਿਲ ਕਿਤੇ ਵੀ ਨਹੀਂ ਸੀ ਲੱਗ ਸਕਿਆ"।[6] "ਹਿੰਦੁਸਤਾਨ ਵਿੱਚ ਰਹਿੰਦੇ ਰਿਸ਼ਤੇਦਾਰਾਂ ਦੇ ਲਾਲਚੀ ਤੇ ਓਪਰੇ ਵਿਹਾਰ ਤੋਂ ਦਿਲਜੀਤ ਦੀ ਨਿਰਾਸ਼ਾ ਹੋਰ ਵਧਦੀ ਹੈ"।[7] ਉਹ ਵੱਖ-ਵੱਖ ਸ਼ਹਿਰਾਂ ਵਿੱਚ ਘੁੰਮਦਾ-ਘੁਮਾਉਂਦਾ ਅਖੀਰ ਆਪਣੀ ਦੂਰ ਦੀ ਰਿਸ਼ਤੇਦਾਰ ਰਾਜ ਕੋਲ ਆ ਟਿਕਦਾ ਹੈ। ਰਾਜ ਇੱਕ ਜਵਾਨ ਵਿਧਵਾ ਹੈ। ਇਸ ਦਾ ਭੂਤ ਤੇ ਵਰਤਮਾਨ ਦੋਵੇਂ ਹੀ ਕਸ਼ਟਾਂ ਭਰੇ ਹਨ। "ਬਚਪਨ ਵਿੱਚ ਰਾਜ ਆਪਣੀ ਮਤਰੇਈ ਮਾਂ ਦੇ ਸਾਏ ਹੇਠ ਪਲੀ ਸੀ"।[8] ਮਤਰੇਈ ਮਾਂ 14 ਵਰ੍ਹਿਆਂ ਦੀ ਰਾਜ ਦਾ ਵਿਆਹ ਕਰ ਦਿੰਦੀ ਹੈ।14 ਵਰ੍ਹੇ ਦੀ ਭਾਰਤੀ ਰੂੜ੍ਹੀ ਬਨਵਾਸ ਨਾਲ ਸੰਬੰਧਿਤ ਹੈ, ਇਸ ਤਰ੍ਹਾਂ 14 ਸਾਲਾਂ ਦੀ ਉਮਰ ਵਿੱਚ ਰਾਜ ਦਾ ਵਿਆਹ ਬਨਵਾਸ ਦਾ ਹੀ ਰੂਪ ਜਾਪਦਾ ਹੈ। ਮਤਰੇਈ ਮਾਂ ਦੀ ਬਦਨੀਤ ਕਾਰਨ ਰਾਜ ਦੀਨਾ ਨਾਥ ਵਰਗੇ ਮਾਮੂਲੀ ਬੰਦੇ ਨਾਲ ਵਿਆਹੀ ਜਾਂਦੀ ਹੈ। ਦੀਨਾ ਨਾਥ ਕੰਮ ਦੀ ਭਾਲ ਵਿੱਚ ਵੱਖ-ਵੱਖ ਸ਼ਹਿਰਾਂ ਵਿੱਚ ਭਟਕਦਾ ਹੈ। "ਦੀਨਾ ਨਾਥ ਨਾਲ ਦਸ ਵਰ੍ਹਿਆਂ ਵਿੱਚ ਰਾਜ ਕੋਈ ਸੱਤ-ਅੱਠ ਸ਼ਹਿਰ ਬਦਲ ਚੁੱਕੀ



ਸੀ ਤੇ ਉਨ੍ਹਾਂ ਸ਼ਹਿਰਾਂ ਵਿਚ ਕੋਈ ਸੋਲ੍ਹਾਂ-ਸਤਾਰਾਂ ਘਰ"।[9] ਸ਼ਹਿਰ ਦੀ ਮੁਕਾਬਲੇਬਾਜ਼ੀ ਵਿੱਚ ਦੀਨਾ ਨਾਥ ਵਰਗੇ ਮਾਮੂਲੀ ਬੰਦੇ ਦੇ ਕਿਤੇ ਪੈਰ ਨਹੀਂ ਲੱਗਦੇ। "ਸ਼ਹਿਰ ਵਿੱਚ ਜ਼ਿੰਦਗੀ ਦੀਆਂ ਉਚਾਣਾਂ-ਨਿਮਾਣਾਂ ਲੰਘਦਾ ਹੋਇਆ ਉਹ ਸਧਾਰਣ ਜਿਹਾ ਬੰਦਾ ਅਖੀਰ ਥੱਕ ਗਿਆ, ਮੂਲੋਂ ਹੀ ਹਾਰ ਗਿਆ"।[10] ਇਸ ਪ੍ਰਕਾਰ ਦਿਲਜੀਤ ਜਿੱਥੇ ਫਸਾਦਾਂ ਦੀਆਂ ਘਟਨਾਵਾਂ ਤੋਂ ਪੀੜਤ ਹੈ ਉੱਥੇ ਰਾਜ ਤੇ ਮਾਇਆ ਘਰ ਵਿੱਚ ਮਰਦ ਦੀ ਅਣਹੋਂਦ ਤੋਂ ਪੀੜਤ ਹਨ। ਅਜਿਹੀ ਘਾਟ ਰਾਜ ਤੇ ਮਾਇਆ ਨੂੰ ਦਿਲਜੀਤ ਵਿੱਚੋਂ ਪੂਰੀ ਹੁੰਦੀ ਦਿਖਾਈ ਦਿੰਦੀ ਹੈ। ਇਸੇ ਕਰਕੇ ਉਹ ਦਿਲਜੀਤ ਨਾਲ ਅਪਣੱਤ ਤੇ ਸਨੇਹ ਨਾਲ ਪੇਸ਼ ਆਉਂਦੀਆਂ ਹਨ। ਦਿਲਜੀਤ ਹੋਟਲਾਂ ਅਤੇ ਕਮਰਿਆਂ ਵਿੱਚ ਰਹਿਣ ਨਾਲੋਂ ਘਰ ਵਿੱਚ ਰਹਿ ਕੇ ਤਸੱਲੀ ਮਹਿਸੂਸ ਕਰਦਾ ਹੈ। ਦਿਲਜੀਤ ਨੂੰ ਘਰ ਦੀ ਚਾਹ, ਘਰ ਦੇ ਖਾਣੇ ਤੇ ਘਰ ਵਿੱਚ ਸੌਣ ਦਾ ਖਾਸ ਮਜ਼ਾ ਆਉਂਦਾ ਹੈ, ਇਸ ਦੇ ਸਿੱਟੇ ਵਜੋਂ ਉਸ ਦੇ ਮਨ ਵਿਚ ਸਵਾਣੀ ਨਾਲ ਘਰ ਵਸਾਉਣ ਦੀ ਤਾਂਘ ਜਾਗਦੀ ਹੈ। ਮਾਇਆ ਵੀ ਦਿਲਜੀਤ ਦੀ ਸੰਗਤ ਨਾਲ ਖੁਸ਼ੀ ਮਹਿਸੂਸ ਕਰਦੀ ਹੈ ਉਸ ਦੇ ਚਿਹਰੇ ਤੇ ਰੌਣਕ ਆ ਜਾਂਦੀ ਹੈ।

ਨਾਵਲ ਵਿੱਚ ਵੰਡ ਸਮੇਂ ਹੋਈ ਔਰਤਾਂ ਦੀ ਬੇਅਦਬੀ, ਉੱਜੜੇ ਘਰਾਂ ਦੀ ਦੁਰਦਸ਼ਾ, ਆਪਣਿਆਂ ਤੋਂ ਵਿਛੜਣ ਦੀ ਪੀੜ ਨੂੰ ਬੜੇ ਹੀ ਦਰਦਮਈ ਤਰੀਕੇ ਨਾਲ ਬਿਆਨ ਕੀਤਾ ਹੈ ਜੋ ਕਿ ਦਿਲ ਨੂੰ ਛੂ ਜਾਣ ਵਾਲਾ ਹੈ। ਇਸ ਤਰ੍ਹਾਂ ਨਾਵਲ ਵਿੱਚ ਔਰਤ ਅਤੇ ਮਰਦ ਨੂੰ ਜ਼ਿੰਦਗੀ ਦੇ ਦੋ ਪਹੀਏ ਦਿਖਾਇਆ ਗਿਆ ਹੈ, ਜ਼ਿੰਦਗੀ ਨੂੰ ਸਹੀ ਰੂਪ ਵਿੱਚ ਚਲਾਉਣ ਲਈ ਦੋਨਾਂ ਹੀ ਪਹੀਆਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਔਰਤ ਦਾ ਸਾਥ ਵੀ ਜ਼ਰੂਰੀ ਹੈ।

**"ਸੜਕਾਂ ਤੇ ਕਮਰੇ"** ਸੁਖਬੀਰ ਦਾ ਵੱਡ-ਆਕਾਰੀ ਨਾਵਲ ਹੈ। "ਸੜਕਾਂ ਤੇ ਕਮਰੇ" ਨਾਵਲ ਵਿੱਚ ਵਾਰ-ਵਾਰ ਵਰਤੇ ਗਏ ਸੜਕਾਂ, ਕਮਰਿਆਂ, ਸਮੁੰਦਰ ਤੇ ਚੰਨ ਦੇ ਪ੍ਰਤੀਕ, ਪਾਤਰਾਂ ਦੇ ਨਜ਼ਰੀਏ ਤੇ ਸਮੱਸਿਆਵਾਂ ਨੂੰ ਸਮਝਣ ਦੇ ਖਾਸ ਸਹਾਈ ਹੁੰਦੇ ਹਨ, ਜੋ ਮਹਾਂਨਗਰ ਵਿੱਚ ਰਹਿੰਦੇ ਪਾਤਰਾਂ ਤੇ ਦਿਸ਼ਾ-ਹੀਣ ਜ਼ਿੰਦਗੀ ਦਾ ਬੋਧ ਕਰਾਉਂਦੇ ਹਨ। ਸ਼ਹਿਰਾਂ ਦੀਆਂ ਸੜਕਾਂ ਬੇ-ਮੁਹਾਰੀ ਤੇ ਦਿਸ਼ਾ-ਹੀਣ ਜ਼ਿੰਦਗੀ ਦੀਆਂ ਪ੍ਰਤੀਕ ਹਨ। ਕਮਰਿਆਂ ਵਿੱਚ ਰਹਿਣਾ ਅਧੂਰੇ ਘਰ ਦਾ ਪ੍ਰਤੀਕ ਹੈ। ਸਮੁੰਦਰ ਇੱਕ ਤਰ੍ਹਾਂ ਨਾਲ ਸੁਪਨਮਈ ਖੁਸ਼ੀ ਦਾ ਪ੍ਰਤੀਕ ਹੈ। ਵਧੇਰੇ ਪਾਤਰ ਮਹਾਂਨਗਰ ਦੀਆਂ ਤਲਖੀਆਂ ਤੋਂ ਉਚਾਟ ਹੋਏ ਸਮੁੰਦਰ ਉੱਤੇ ਜਾ ਕੇ ਰਾਹਤ ਮਹਿਸੂਸ ਕਰਦੇ ਹਨ। ਸ਼ਹਿਰ ਵਿੱਚ ਚੰਨ ਦਾ ਨਾ ਵਿਖਾਈ ਦੇਣਾ, ਸ਼ਹਿਰੀ ਜ਼ਿੰਦਗੀ ਵਿੱਚ ਤੰਗ ਨਜ਼ਰੀਏ ਤੇ ਦੌੜ-ਭੱਜ ਦਾ ਪ੍ਰਤੀਕ ਹੈ। ਮੀਨਾ ਨੂੰ ਸੁਪਨੇ ਵਿੱਚ "ਬਦਸੂਰਤ ਕੁੱਤੇ" ਦਾ ਵਿਖਾਈ ਦੇਣਾ, ਸ਼ਾਂਤੀ ਲਾਲ ਦਾ ਮੀਨਾ ਨਾਲ ਬੁਰੇ ਵਿਹਾਰ ਦਾ ਪ੍ਰਤੀਕ ਹੈ, ਜਿਸ ਕਰਕੇ ਮੀਨਾ ਬਹੁਤ ਦੁਖੀ ਹੁੰਦੀ ਹੈ। ਲੇਖਕ ਨੇ ਵੱਖ-ਵੱਖ ਪਾਤਰਾਂ ਦੀਆਂ ਵੱਖ-ਵੱਖ ਸੋਚਾਂ ਰਾਹੀਂ ਸ਼ਹਿਰੀ ਮੱਧ ਸ਼੍ਰੇਣੀ ਦੇ ਬਹੁ-ਰੰਗੇ ਯਥਾਰਥ ਨੂੰ ਪੇਸ਼ ਕੀਤਾ ਹੈ। ਇਸ ਤਰ੍ਹਾਂ ਇਸ ਨਾਵਲ ਵਿੱਚ ਆਏ ਪ੍ਰਤੀਕ ਤੇ ਪਾਤਰਾਂ ਦੇ ਦ੍ਰਿਸ਼ਟੀ ਕੋਣ ਸ਼ਹਿਰੀ ਸੰਸਕ੍ਰਿਤੀ ਦੀਆਂ ਵਿਭਿੰਨ ਕਦਰਾਂ ਦਾ ਪ੍ਰਗਟਾਅ ਹਨ। ਇਸ ਨਾਵਲ ਵਿੱਚ ਸ਼ਹਿਰ ਵਿੱਚ ਰਹਿੰਦੇ ਬਹੁਤੇ ਪਾਤਰਾਂ ਦਾ ਪਿਛੋਕੜ ਪਿੰਡਾਂ ਨਾਲ ਜੁੜਿਆ ਹੋਇਆ ਹੈ ਅਤੇ ਲੇਖਕ ਫਲੈਸ਼ ਬੈਕ ਦੀ ਜੁਗਤ ਰਾਹੀਂ ਪਾਤਰਾਂ ਦੀ ਬੀਤੀ ਜ਼ਿੰਦਗੀ ਨੂੰ ਸਾਹਮਣੇ ਲਿਆਉਂਦਾ ਹੈ। ਅਜਿਹੀ ਪੇਸ਼ਕਾਰੀ ਰਾਹੀਂ ਮੀਨਾ ਤੇ ਜਗਮੋਹਨ ਦੇ ਸੰਬੰਧ ਵੀ ਪਿਛਲ ਝਾਤ ਜੁਗਤ ਰਾਹੀਂ ਸਾਹਮਣੇ ਆਉਂਦੇ ਹਨ। ਮੀਨਾ ਅਜਿਹੀ ਪਾਤਰ ਹੈ ਜੋ ਸਮੁੱਚੀ ਔਰਤ ਵਰਗ ਦੀ ਪ੍ਰਤੀਨਿਧਤਾ ਕਰਦੀ ਹੈ ਕਿ ਉਹ ਮਹਾਂਨਗਰ ਵਿੱਚ ਕੁਝ ਕਰਕੇ ਦਿਖਾਉਣਾ ਚਾਹੁੰਦੀ ਹੈ ਪਰ ਉਸ ਦੀ ਤ੍ਰਾਸਦੀ ਇਹ ਹੈ ਕਿ ਉਹ ਕੁਝ ਕਰ ਨਹੀਂ ਸਕਦੀ ਸਗੋਂ ਮਹਾਂਨਗਰੀ ਤ੍ਰਾਸਦੀ ਦਾ ਸ਼ਿਕਾਰ ਹੋ ਕੇ ਰਹਿ ਜਾਂਦੀ ਹੈ ।

**"ਗਰਦਸ਼"** ਨਾਵਲ ਵਿੱਚ ਵੀ ਮੁੱਖ ਰੂਪ ਵਿੱਚ ਭਾਵੁਕ ਸਮੱਸਿਆ ਪੇਸ਼ ਹੋਈ ਹੈ। ਇਸ ਨਾਵਲ ਵਿੱਚ ਤਿੰਨ ਦੰਪਤੀ ਜੋੜੇ ਸਾਹਮਣੇ ਆਉਂਦੇ ਹਨ। ਮੁੱਖ ਜੋੜਾ ਕੰਵਲ ਤੇ ਉਸਦਾ ਪਤੀ ਦਾ ਹੈ। ਇਸ ਜੋੜੇ ਦਾ ਪਰਿਵਾਰਕ ਸੰਤੁਲਨ ਵਿਗੜਿਆ ਹੋਇਆ ਹੈ। ਦੂਜਾ ਜੋੜਾ ਸਤਪਾਲ ਤੇ ਸੀਮਾ ਦਾ ਹੈ। ਇਹ ਜੋੜਾ

ਆਪਣਾ ਸੰਤੁਲਨ ਬਹਾਲ ਕਰਨ ਲਈ ਯਤਨਸ਼ੀਲ ਹੈ। ਤੀਸਰਾ ਜੋੜਾ ਸੁਧੀਰ ਤੇ ਉਸਦੀ ਪਤਨੀ ਦਾ ਹੈ ਜੋ ਸੁਖੀ ਦੰਪਤੀ ਜੀਵਨ ਜਿਉਂਦਾ ਹੈ। ਕੰਵਲ ਵਿਆਹ-ਬਾਹਰੇ ਰੁਮਾਂਚਕ ਪਿਆਰ ਦੇ ਸੁਪਨੇ ਨਾਲ ਜੁੜਿਆ ਪਾਤਰ ਦਿਸਦਾ ਹੈ। ਉਹ ਆਪਣੀ ਪ੍ਰੇਮਿਕਾ ਸੀਮਾ ਦੇ ਵਿਛੋੜੇ ਕਾਰਣ ਪਰੇਸ਼ਾਨ ਰਹਿੰਦਾ ਹੈ। **"ਗਰਦਸ਼"** ਨਾਵਲ ਦੇ ਸਾਰੇ ਪਾਤਰ ਵਿਆਹੁਤਾ ਜੀਵਨ ਨਾਲ ਸੰਬੰਧਿਤ ਹਨ। ਇਸ ਕਰਕੇ ਇਸ ਨਾਵਲ ਵਿੱਚ ਮਨ-ਚਾਹੇ ਸਾਥੀ ਤੋਂ ਬਿਨਾਂ ਵੀ ਪਤੀ-ਪਤਨੀ ਦੀ ਆਪਸੀ ਵਫਾਦਾਰੀ ਨੂੰ ਸੁਖੀ ਜੀਵਨ ਦੀ ਗਰੰਟੀ ਵਜੋਂ ਪੇਸ਼ ਕੀਤਾ ਗਿਆ ਹੈ। ਸੁਖਬੀਰ ਦੇ ਪਾਤਰ ਭਾਵੁਕ ਸਮੱਸਿਆਵਾਂ ਤੋਂ ਮੁਕਤ ਹੁੰਦੇ ਹੀ ਆਰਥਿਕ ਖੁਸ਼ਹਾਲੀ ਤੱਕ ਪਹੁੰਚਦੇ ਵਿਖਾਈ ਦਿੰਦੇ ਹਨ। ਗਰਦਸ਼ ਨਾਵਲ ਵਿੱਚ ਮਾਨਸਿਕ ਜਾਂ ਭਾਵੁਕ ਸਮੱਸਿਆਵਾਂ ਰੂਪਮਾਨ ਹੋਈਆਂ ਹਨ। ਗਰਦਸ਼ ਨਾਵਲ ਪਿਆਰ ਨੂੰ ਆਦਰਸ਼ ਘਰ ਦੀ ਪ੍ਰਾਪਤੀ ਦਾ ਸਭ ਤੋਂ ਵੱਡਾ ਸਾਧਨ ਮੰਨਦਾ ਹੈ। ਕਿਉਂਕਿ ਇਹ ਪਿਆਰ ਦੇ ਬਦਲਦੇ ਰੂਪਾਂ ਅਨੁਸਾਰ ਮਨੁੱਖ ਨੂੰ ਬਦਲਣ ਦਾ ਸੰਦੇਸ਼ ਦਿੰਦਾ ਹੈ। ਸੁਖਬੀਰ ਘਰ ਵਸਾਉਣ ਨੂੰ ਤਰਜ਼ੀਹ ਦਿੰਦਾ ਹੈ ਨਾ ਕਿ ਘਰ ਉਜਾੜਣ ਨੂੰ। ਇਸ ਪ੍ਰਕਾਰ ਮਹਾਂਨਗਰਾਂ ਵਿੱਚ ਔਰਤ ਜਿਵੇਂ ਕਿ ਕੰਵਲ ਦੀ ਘਰਵਾਲੀ ਇੱਕ ਆਦਰਸ਼ ਪਾਤਰ ਹੈ ਜਿਸ ਵਿੱਚ ਸਭ ਕੁਝ ਸਹਿਣ ਕਰਨ ਦੀ ਸਹਿਣਸ਼ੀਲਤਾ ਦਿਖਾਈ ਗਈ ਹੈ ਤੇ ਉੱਧਰ ਸੀਮਾ ਵੀ ਆਪਣਾ ਘਰ ਆਪਣੇ ਪਤੀ ਨਾਲ ਹੀ ਵਸਾਉਣਾ ਚਾਹੁੰਦੀ ਹੈ। ਇਸ ਪ੍ਰਕਾਰ ਭਾਰਤੀ ਸੱਭਿਆਚਾਰ ਅਨੁਸਾਰ ਦੋਨੋਂ ਇਸਤਰੀ ਪਾਤਰ ਹੀ ਪਤੀਵਰਤਾ ਧਰਮ ਨਿਭਾਉਣ ਦੀ ਸਮਰੱਥਾ ਰੱਖਦੀਆਂ ਹਨ।

**ਸੁਖਬੀਰ** ਦੇ ਨਾਵਲ **"ਅੱਧੇ ਪੌਣੇ"** ਵੇਸਵਾਚਾਰੀ ਦੇ ਥੀਮ ਨਾਲ ਸੰਬੰਧਿਤ ਹੈ। ਸ਼ਹਿਰਾਂ ਵਿੱਚ ਪਤੀ-ਪਤਨੀ ਦੀ ਅਣ-ਬਣ, ਜਾਂ ਮਾਪਿਆਂ ਦੀ ਅਣਹੋਂਦ ਔਲਾਦ ਦੇ ਭਵਿੱਖ ਸੰਬੰਧੀ ਕਿਵੇਂ ਬੁਰੇ ਸਿੱਟੇ ਕੱਢਦੀ ਹੈ। ਅਜਿਹੇ ਯਥਾਰਥ ਦੀ ਪੇਸ਼ਕਾਰੀ ਹੋਈ ਹੈ। ਜਾਨਕੀ ਦਾ ਪਿਓ ਆਪਣੀ ਬੀਮਾਰ ਪਤਨੀ ਨਾਲ ਲੜ ਕੇ ਘਰੋਂ ਨਿਕਲ ਜਾਂਦਾ ਹੈ। ਇਸ ਦੇ ਸਿੱਟੇ ਵਜੋਂ ਘਰ ਵਿੱਚ ਆਰਥਿਕ ਕੰਗਾਲੀ ਛਾਅ ਜਾਂਦੀ ਹੈ। ਸਕੂਲ ਦੀ ਫੀਸ ਨਾ ਦੇ ਸਕਣ ਦੀ ਮਜ਼ਬੂਰੀ ਕਾਰਣ ਜਾਨਕੀ ਨੂੰ ਮਾਸਟਰ ਨਾਲ ਸਰੀਰਕ ਸਾਂਝ ਬਣਾਉਣੀ ਪੈਂਦੀ ਹੈ। ਹੋਰ ਕੋਈ ਸਾਧਨ ਨਾ ਹੋਣ ਕਾਰਨ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਦਾ ਇਹੋ ਢੰਗ ਹੀ ਅਪਨਾ ਲੈਂਦੀ ਹੈ। ਇਸ ਦੇ ਸਿੱਟੇ ਵਜੋਂ ਜਾਨਕੀ ਅੰਤ ਵਿੱਚ ਇੱਕ ਵੇਸਵਾ ਬਣ ਨਿਭੜਦੀ ਹੈ।

"ਰੋਜ਼ਮੈਰੀ ਇਸ ਨਾਵਲ ਦੀ ਦੂਜੀ ਮੁੱਖ ਪਾਤਰ ਹੈ। ਜਾਨਕੀ ਦਾ ਬਚਪਨ ਜਿੱਥੇ ਦੁੱਖਾਂ ਤੇ ਥੁੜਾਂ ਵਾਲਾ ਸੀ, ਉੱਥੇ ਰੋਜ਼ਮੈਰੀ ਦੇ ਮਨ ਵਿੱਚ ਬਚਪਨ ਦੀਆਂ ਸੁਖਾਵੀਆਂ ਯਾਦਾਂ ਸਨ"।[11]

**'ਸੜਕਾਂ ਤੇ ਕਮਰੇ'** ਵਿਚ ਜਿਵੇਂ ਮੀਨਾ ਨਾਲ ਜਗਮੋਹਨ ਧੋਖਾ ਕਰਦਾ ਹੈ, ਤਿਵੇਂ ਇਸ ਨਾਵਲ ਵਿੱਚ ਰੋਜ਼ਮੈਰੀ ਜਵਾਨੀ ਵਿੱਚ ਧੋਖੇ ਦਾ ਸ਼ਿਕਾਰ ਹੋ ਜਾਂਦੀ ਹੈ। ਆਪਣੀ ਢਲਦੀ ਉਮਰ ਦੇ ਅਨੁਭਵ ਵਜੋਂ ਰੋਜ਼ਮੈਰੀ ਆਪਣੇ ਭਵਿੱਖ ਦੀ ਅਨਿਸਚਿਤਤਾ ਦੇ ਫ਼ਿਕਰ ਵਿੱਚ ਗ੍ਰਸੀ ਦਿਸਦੀ ਹੈ। ਉਪਰੋਕਤ ਦੁੱਖਾਂ ਤੇ ਤਕਲੀਫਾਂ ਵਿੱਚ ਗ੍ਰਸੀ ਰੋਜ਼ਮੈਰੀ ਦਿਲ ਫੇਲ ਹੋਣ ਕਰਕੇ ਮਰ ਜਾਂਦੀ ਹੈ। ਮੈਕੀ ਇਸ ਨਾਵਲ ਦਾ ਇੱਕ ਹੋਰ ਮੁੱਖ ਪਾਤਰ ਹੈ, "ਜਿੱਥੇ ਰੋਜ਼ਮੈਰੀ ਭੂਤਕਾਲ ਵਿਚ ਜਿਉਣਾ ਚਾਹੁੰਦੀ ਸੀ, ਉੱਥੇ ਮੈਕੀ ਨੂੰ ਆਪਣੇ ਭੂਤ ਤੋਂ ਡਰ ਲਗਦਾ ਸੀ"।[12] ਮੈਕੀ ਜਾਨਕੀ ਵਾਂਗ ਮਾੜੇ ਹਾਲਾਤ ਵਿੱਚ ਜਵਾਨ ਹੁੰਦਾ ਹੈ। ਉਸਦੀ ਪਾਲਣਾ ਬੁਰੇ ਵਿਹਾਰ ਵਾਲੀ ਚਾਚੀ ਦੀ ਸਪ੍ਰਸਤੀ ਹੇਠ ਹੁੰਦੀ ਹੈ। ਚਾਚੀ ਦਾ ਵਿਹਾਰ ਮਤਰੇਈ ਮਾਂ ਵਰਗਾ ਹੀ ਹੈ।ਚਾਚੀ ਮੈਕੀ ਕੋਲੋਂ ਮੁਸ਼ੱਕਤ ਕਰਵਾਉਂਦੀ ਹੈ, ਉਸਨੂੰ ਗਾਲੀ-ਗਲੋਚ ਵੀ ਦਿੰਦੀ ਹੈ ਤੇ ਮੈਕੀ ਉਸ ਕੋਲੋਂ ਦੌੜਣਾ ਚਾਹੁੰਦਾ ਹੈ। ਪਰ ਚਾਚੀ ਦੇ ਦਬਦਬੇ ਕਾਰਨ ਚੁੱਪ-ਵੱਟੀ ਰੱਖਦਾ ਹੈ। ਚਾਚੀ ਬੁਰੇ ਵਿਹਾਰ ਵਾਲੀ ਵੀ ਹੈ ਤੇ ਢਿੱਲੇ ਆਚਰਣ ਵਾਲੀ ਵੀ। ਮੈਕੀ ਦੀ ਮੌਜੂਦਗੀ ਵਿੱਚ ਹੀ ਵਨ-ਸੁਵੰਨੇ ਮਰਦ ਉਸ ਦੀ ਝੌਂਪੜੀ ਵਿੱਚ ਆਉਂਦੇ ਹਨ। ਅਖੀਰ ਚਾਚੀ ਦੇ ਕਿਸੇ ਨਾਲ ਦੌੜ ਜਾਣ ਕਰਕੇ ਮੈਕੀ ਲਈ ਵੀ ਭੱਜਣ ਦਾ ਰਾਹ ਖੁੱਲ੍ਹ ਜਾਂਦਾ ਹੈ। ਇਸ ਪ੍ਰਕਾਰ ਇਹਨਾਂ ਸਾਰੇ ਪਾਤਰਾਂ ਦਾ ਪਿਛੋਕੜ ਇਕਹਿਰੇ ਪਰਿਵਾਰ ਵਾਲਾ ਹੈ। ਇਕਹਿਰੇ ਪਰਿਵਾਰਾਂ ਵਿੱਚ ਜਦ ਕਿਸੇ ਕਾਰਣ ਘਰ ਮਰਦ ਖੁਣੋਂ ਸੱਖਣਾ ਹੋ ਜਾਂਦਾ ਹੈ ਤਾਂ ਬਾਕੀਆਂ ਜੀਵਨ ਨਿਰਬਾਹ




ਇੱਕ ਵੱਡਾ ਮਸਲਾ ਬਣ ਜਾਂਦਾ ਹੈ। ਪਿਓ ਦੇ ਘਰੋਂ ਨਿਕਲ ਜਾਣ ਕਾਰਣ ਜਾਨਕੀ ਵਰਗੀ ਅਲੜ ਮੁਟਿਆਰ ਸ਼ਹਿਰ ਵਿੱਚ ਜਿਸਮ ਵੇਚਣ ਲਈ ਮਜ਼ਬੂਰ ਹੋ ਜਾਂਦੀ ਹੈ। ਇਸ ਤਰ੍ਹਾਂ **'ਅੱਧੇ ਪੌਣੇ'** ਨਾਵਲ ਵਿੱਚ ਸੁਖਬੀਰ ਨੇ ਮਹਾਂਨਗਰੀ ਜੀਵਨ ਵਿੱਚ ਵੇਸਵਾਚਾਰੀ ਨਾਲ ਸੰਬਧਿਤ ਪਾਤਰਾਂ ਦੀ ਮਜ਼ਬੂਰੀ ਤੇ ਪੀੜਾ ਨੂੰ ਪੇਸ਼ ਕੀਤਾ ਹੈ ਤੇ ਉੱਥੋਂ ਦੇ ਤ੍ਰਾਸਦਿਕ ਯਥਾਰਥ ਦਾ ਚਿਤਰਨ ਵੀ ਕੀਤਾ ਹੈ। ਨਾਵਲ ਵਿੱਚ ਔਰਤਾਂ ਜਾਨਕੀ ਅਤੇ ਰੋਜ਼ਮੈਰੀ ਜਿਨ੍ਹਾਂ ਦਾ ਬਚਪਨ ਵੀ ਤ੍ਰਾਸਦਿਕ ਹੈ ਤੇ ਮਹਾਂਨਗਰੀ ਜ਼ਿੰਦਗੀ ਵਿੱਚ ਵੀ ਉਹ ਤ੍ਰਾਸਦੀ ਹੀ ਭੋਗਦੀਆਂ ਪਾਤਰ ਹਨ।

ਉਪਰੋਕਤ ਚਰਚਾ ਤੋਂ ਪਤਾ ਲੱਗਦਾ ਹੈ ਕਿ ਸੁਖਬੀਰ ਦੇ ਨਾਵਲਾਂ ਦਾ ਘੇਰਾ ਮਹਾਂਨਗਰ ਦੇ ਦੁਆਲ਼ੇ ਘੁੰਮਦਾ ਹੈ। ਉਸਦੇ ਨਾਵਲਾਂ ਵਿੱਚ ਬੰਬਈ ਮਹਾਂਨਗਰ ਦਾ ਪੂਰਾ-ਪੂਰਾ ਸੱਭਿਆਚਰ ਦੇਖਿਆ ਜਾ ਸਕਦਾ ਹੈ। ਸੁਖਬੀਰ ਦੇ ਮਹਾਂਨਗਰੀ ਪਾਤਰ ਵੀ ਦੋ ਧਰਾਤਲਾਂ ਤੇ ਜ਼ਿੰਦਗੀ ਜਿਉਂਦੇ ਹਨ। ਪਹਿਲੇ ਉਹ ਪਾਤਰ ਹਨ ਜੋ ਜ਼ਿੰਦਗੀ ਪ੍ਰਤੀ ਲਾਲਸਾਵਾਂ ਰੱਖਦੇ ਹਨ, ਕੁਝ ਪਾਤਰ ਕਰਨ ਲਈ ਦੌੜਦੇ ਹਨ। ਭਟਕਦੇ ਹਨ। ਭੱਜਦੇ ਹਨ ਤੇ ਰੁਸਦੇ ਹਨ। ਇਹਨਾਂ ਦੀ ਜ਼ਿੰਦਗੀ ਵਿੱਚ ਟਿਕਾਅ, ਸ਼ਾਂਤੀ ਅਤੇ ਸਹਿਜਤਾ ਨਹੀਂ। ਇਹ ਪਾਤਰ ਸ਼ਰਾਬ ਦੇ ਪਿਅਲਿਆਂ ਅਤੇ ਡਾਂਸ, ਕਲਬਾਂ ਚੋਂ ਸਕੂਨ ਜਾਂ ਸ਼ਾਂਤੀ ਲੱਭਣ ਦਾ ਯਤਨ ਕਦੇ ਹਨ। ਦੂਜੇ ਪਾਤਰ ਉਹ ਪਾਤਰ ਹਨ ਜੋ ਜ਼ਿੰਦਗੀ ਦੇ ਸਾਰੇ ਦੁੱਖਾਂ, ਸੁੱਖਾਂ ਨੂੰ ਆਪਣੇ ਅੰਦਰ ਸਮਾ ਲੈਂਦੇ ਹਨ। ਕਿਸੇ ਕਿਸਮ ਦਾ ਗਿਲਾ ਸ਼ਿਕਵਾ ਨਹੀਂ ਕਰਦੇ। ਮਹਾਂਨਗਰੀ ਜੀਵਨ ਨੂੰ ਸੂਝ-ਬੂਝ ਨਾਲ ਜਿਉਂਦੇ ਹਨ। ਸਹਿਜਮਈ ਜ਼ਿੰਦਗੀ ਜਿਉਣ ਦੀ ਆੜ ਵਿੱਚ ਲੱਗੇ ਰਹਿੰਦੇ ਹਨ। ਇਸ ਤਰ੍ਹਾਂ ਸੁਖਬੀਰ ਦੇ ਸਮੁੱਚੇ ਨਾਵਲਾਂ ਦੀਆਂ ਇਸਤਰੀ ਪਾਤਰ ਜਿਵੇਂ-'ਸੜਕਾਂ ਤੇ ਕਮਰੇ' ਦੀ ਮੀਨਾ, 'ਗਰਦਸ਼' ਦੀ ਸੀਮਾ ਤੇ ਕੰਵਲ ਦੀ ਪਤਨੀ, 'ਪਾਣੀ ਤੇ ਪੁਲ' ਵਿੱਚ ਰਾਜ ਤੇ ਮਾਇਆ, 'ਅੱਧੇ ਪੌਣੇ' ਵਿੱਚ ਜਾਨਕੀ ਤੇ ਰੋਜ਼ਮੈਰੀ ਸਾਰੀਆਂ ਹੀ ਮਹਾਂ ਨਗਰੀ ਜੀਵਨ ਵਿੱਚ ਤ੍ਰਾਸਦੀ ਭੋਗ ਰਹੀਆਂ ਪਾਤਰ ਹਨ, ਜਿਨ੍ਹਾਂ ਦਾ ਜੀਵਨ ਮਹਾਂਨਗਰਾਂ ਵਿੱਚ ਨਰਕ ਬਣਿਆ ਹੋਇਆ ਹੈ, ਇਹ ਪਾਤਰ ਆਪਣੀ ਹੋਂਦ ਸਥਾਪਿਤ ਕਰਨ ਆਈਆਂ ਹਨ, ਪਰ ਆਪਣੀ ਹੋਂਦ ਗਵਾ ਬੈਠਦੀਆਂ ਹਨ, ਸਗੋਂ ਤ੍ਰਾਸਦੀ ਦਾ ਸ਼ਿਕਾਰ ਹੀ ਹੁੰਦੀਆਂ ਹਨ।

**ਪਤਾ-ਰਿਸਰਚ ਸਕਾਲਰ , ਅਲ੍ਹੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲ੍ਹੀਗੜ੍ਹ।**

**ਹਵਾਲੇ ਤੇ ਟਿੱਪਣੀਆਂ**

1.ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ), ਪੰਨਾ-376
2.ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਸਾਹਿਤਯ ਔਰ ਸੰਸਕ੍ਰਿਤੀ, ਪੰਨਾ-103
3. ਡੇਵਿਸ ਕਿੰਗਸਲੇ, ਮਨੁੱਖੀ ਸਮਾਜ (ਅਨੁ: ਡਾ: ਪ੍ਰਕਾਸ਼ ਸਿੰਘ), ਪੰਨਾ-373
4.ਉਹੀ, ਪੰਨਾ-374
5. ਸੁਖਬੀਰ, ਪਾਣੀ ਤੇ ਪੁਲ, ਆਰਸੀ ਪਬਲਿਸ਼ਰਜ਼, ਦਿੱਲੀ, 1987, ਪੰਨਾ-12
6.ਉਹੀ, ਪੰਨਾ-10
7.ਉਹੀ, ਪੰਨਾ-12
8.ਉਹੀ, ਪੰਨਾ-26
9.ਉਹੀ, ਪੰਨਾ-28
10.ਉਹੀ, ਪੰਨਾ-29
11.ਸੁਖਬੀਰ, ਅੱਧੇ ਪੌਣੇ, ਆਰਸੀ ਪਬਲਿਸ਼ਰਜ਼, ਦਿੱਲੀ, 1983, ਪੰਨਾ-27
12.ਉਹੀ, ਪੰਨਾ-29




# ਮਨਮੋਹਨ ਬਾਵਾ ਦੇ ਨਾਵਲਾਂ ਵਿੱਚ ਇਤਿਹਾਸਕ ਚੇਤਨਾ

**- ਸੁਖਜਿੰਦਰ ਕੌਰ**

ਇਤਿਹਾਸ ਤੋਂ ਭਾਵ ਹੈ, ਅਜਿਹਾ ਵਰਤਾਰਾ ਜਿਸ ਵਿੱਚ ਭੂਤਕਾਲ ਦੀਆਂ ਘਟਨਾਵਾਂ ਨੂੰ ਤਰਤੀਬ ਵਿੱਚ ਪੇਸ਼ ਕੀਤਾ ਗਿਆ ਹੋਵੇ। ਸਾਹਿਤ ਦੇ ਸੰਦਰਭ ਵਿੱਚ ਰੂਪਾਂ, ਸ਼ੈਲੀਆਂ ਦੇ ਉਦਭਵ ਵਿਕਸਤ ਤੋਂ ਵਿਗਠਨ, ਸਾਹਿਤ ਦੇ ਵਿਕਾਸ, ਗੁਣਾ, ਲੱਛਣਾਂ ਨੂੰ ਸਮੇਂ ਦੇ ਸੰਦਰਭ ਵਿੱਚ ਪੇਸ਼ ਕਰਨ ਵਾਲੇ ਅਨੁਸ਼ਾਸਨ ਦਾ ਨਾਂ ਸਾਹਿਤ ਦਾ ਇਤਿਹਾਸ ਹੈ। ਸਾਹਿਤ ਕਿਸੇ ਖਲਾਅ 'ਚ ਪੈਦਾ ਨਹੀਂ ਹੁੰਦਾ, ਸਾਹਿਤਕ ਰਚਨਾਵਾਂ ਕਿਸੇ ਇਤਿਹਾਸਕ ਕਾਲ ਖੰਡ ਦੀਆਂ ਵਿਸ਼ੇਸ਼ ਸਮਾਜਿਕ, ਰਾਜਨੀਤਿਕ, ਧਾਰਮਿਕ ਤੇ ਸੰਸਕ੍ਰਿਤਕ ਪ੍ਰਸਥਿਤੀਆਂ ਦੀ ਉਪਜ ਹੁੰਦੀਆਂ ਹਨ। ਇਹਿਤਾਸ ਦਾ ਸੰਬੰਧ ਅਤੀਤ ਨਾਲ ਹੁੰਦਾ ਹੈ। ਸਾਹਿਤ ਇਤਿਹਾਸਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਤਿਹਾਸ ਨੂੰ ਚੰਗੀ ਤਰ੍ਹਾਂ ਸਮਝੇ ਅਤੇ ਉਸਦੇ ਵਰਤਮਾਨ ਮੁੱਲ ਦੀ ਪਛਾਣ ਕਰੇ। ਕਿਉਂਕਿ ਸਾਹਿਤ ਇਤਿਹਾਸਕਾਰ ਸਾਹਿਤਕ ਤੱਥਾਂ ਅਤੇ ਸਾਹਿਤਕ ਘਟਨਾਵਾਂ ਨੂੰ ਪਛਾਨਣ ਵੱਲ ਰੁਚਿਤ ਹੁੰਦਾ ਹੈ। ਇਹ ਸਾਹਿਤ ਇਤਿਹਾਸਕਾਰ ਨੂੰ ਸੰਵੇਦਨਸ਼ੀਲ ਤੇ ਕਲਪਨਾਸ਼ੀਲ ਦ੍ਰਿਸ਼ਟੀ ਵਾਲਾ ਹੋਣਾ ਚਾਹੀਦਾ ਹੈ। ਕਿਉਂਕਿ ਸੰਵੇਦਨਸ਼ੀਲ ਦ੍ਰਿਸ਼ਟੀ ਰਾਹੀਂ ਹੀ ਉਹ ਅਤੀਤ ਨੂੰ ਚੰਗੀ ਤਰ੍ਹਾਂ ਘੋਖ ਸਕਦਾ ਹੈ। ਸਾਹਿਤ ਇਤਿਹਾਸਕਾਰ ਕੋਲ ਆਪਣੀ ਭਾਸ਼ਾ ਦੇ ਨਾਲ ਨਾਲ ਦੂਸਰੀਆਂ ਭਾਸ਼ਾਵਾਂ ਦਾ ਵੀ ਗਿਆਨ ਹੁੰਦਾ ਹੈ। ਜਿਸ ਰਾਹੀਂ ਉਹ ਡੂੰਘੀ ਤਰ੍ਹਾਂ ਪੁਣ-ਛਾਣ ਕਰ ਸਕਦਾ ਹੈ।

ਮਨੁੱਖ ਸਮਾਜਿਕ ਪ੍ਰਾਣੀ ਤਾਂ ਹੈ ਹੀ ਨਾਲ ਹੀ ਉਹ ਇਤਿਹਾਸਕ ਪ੍ਰਾਣੀ ਵੀ ਹੈ। ਸਮਾਜ ਵਿੱਚ ਰਹਿੰਦਿਆ ਉਸਨੂੰ ਇਤਿਹਾਸਕ ਦੌਰ ਵਿੱਚ ਵੀ ਗੁਜ਼ਰਨਾ ਪੈਂਦਾ ਹੈ। ਇਤਿਹਾਸ ਨੂੰ ਵੀ ਮਨੁੱਖ ਨੇ ਹੀ ਸਿਰਜਿਆ ਹੈ। ਇਸ ਕਰਕੇ ਮਨੁੱਖ ਆਪਣੇ ਪੂਰਨ ਅਸਤਿਤਵ ਨਾਲ ਇਤਿਹਾਸ ਦਾ ਅੰਗ ਹੈ। ਮਨੁੱਖੀ ਸਮਾਜ ਇਤਿਹਾਸ ਵਿੱਚ ਆਪਣੇ ਕੰਮ ਵੀ ਕਰਦਾ ਹੈ ਅਤੇ ਇਤਿਹਾਸ ਦਾ ਨਿਰਮਾਣ ਵੀ ਕਰਦਾ ਹੈ। ਇਤਿਹਾਸ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਸੰਸਕ੍ਰਿਤ ਵਿੱਚ ਇਤਿਹਾਸ ਦੇ ਅਰਥ ਹਨ "ਇਸ ਤਰ੍ਹਾਂ ਹੋਇਆ"। ਅੰਗਰੇਜ਼ੀ ਵਿੱਚ ਇਸ ਲਈ ਹਿਸਟਰੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਆਰ. ਜੀ. ਕਲਿੰਗਵੁਡ ਅਨੁਸਾਰ, "ਇਤਿਹਾਸ ਇਕ ਤਰ੍ਹਾਂ ਦੀ ਜਾਂਚ ਪੜਤਾਲ ਹੈ।"[1] ਪ੍ਰੰਤੂ ਸਧਾਰਨ ਅਰਥਾਂ ਵਿੱਚ ਇਤਿਹਾਸ ਨੂੰ ਮਨੁੱਖੀ ਸਮਾਜ ਦੀਆਂ ਭੂਤਕਾਲੀ ਘਟਨਾਵਾਂ ਤੱਕ ਸੀਮਤ ਰੱਖਿਆ ਜਾਂਦਾ ਹੈ। ਇਤਿਹਾਸ ਨੂੰ ਅਤੀਤ ਕਾਲ ਦੀਆਂ ਘਟਨਾਵਾਂ ਤੱਕ ਨੀਮਤ ਰੱਖਣ ਦਾ ਮਤਲਬ, ਇਸ ਵਿਚਲੀ ਗਤੀਸ਼ੀਲਤਾ ਤੋਂ ਮੁਨਕਰ ਹੋਣਾ ਹੈ। "ਇਤਿਹਾਸ ਦਾ ਸੰਬੰਧ ਅਤੀਤ ਅਤੇ ਵਰਤਮਾਨ ਦੋਹਾਂ ਨਾਲ ਹੈ ਅਤੇ ਇਹ ਇਕ ਗਤੀਸ਼ੀਲ ਪ੍ਰਕਿਰਿਆ ਹੈ। ਵਰਤਮਾਨ ਅਤੇ ਅਤੀਤ ਵਿੱਚ ਇਕ ਨਾ ਮੁੱਕਣ ਵਾਲਾ ਸੰਵਾਦ ਹੈ।"[2] ਇਤਿਹਾਸ ਦਾ ਸਿੱਧਾ ਸੰਬੰਧ ਮਨੁੱਖ ਅਤੇ ਸਮਾਜ ਦੀ ਗਤੀਸ਼ੀਲਤਾ ਨਾਲ ਹੈ।



ਸਾਹਿਤ ਕੋਈ ਵੀ ਹੋਵੇ, ਸਦਾ ਹੀ ਇਤਿਹਾਸ ਨੂੰ ਵਰਤਦਾ ਹੈ। ਪੁਰਾਣੇ ਸਮੇਂ ਵਿੱਚ ਵੀ ਵਾਰਾਂ, ਮਹਾਂਕਾਵਿ ਅਤੇ ਕਿੱਸੇ ਆਦਿ ਰਚਨਾਵਾਂ ਇਤਿਹਾਸ ਦੇ ਆਧਾਰ ਉਤੇ ਹੀ ਰਚੀਆਂ ਜਾਂਦੀਆਂ ਸਨ। ਅੱਜ ਦੇ ਸਮੇਂ ਵਿੱਚ ਵੀ ਸਾਹਿਤ ਇਤਿਹਾਸਕ ਆਧਾਰ ਤੇ ਰਚਿਆ ਜਾਂਦਾ ਹੈ।

ਇਤਿਹਾਸਕ ਨਾਵਲ ਭੂਤਕਾਲ ਦੇ ਕਿਸੇ ਸਮੇਂ ਨੂੰ ਰੂਪਮਾਨ ਕਰਨ ਲਈ ਲਿਖਿਆ ਜਾਂਦਾ ਹੈ। ਇਤਿਹਾਸਕ ਘਟਨਾਵਾਂ ਜਾਂ ਇਤਿਹਾਸਕ ਵਿਅਕਤੀ ਦੋਵੇਂ ਇਤਿਹਾਸਕ ਨਾਵਲ ਦੇ ਵਿਸ਼ੇਸ਼ ਗੁਣ ਮੰਨੇ ਜਾਂਦੇ ਹਨ। ਇਹ ਇਕ ਨਿਯਮ ਹੈ ਕਿ ਕੁਝ ਵੀ ਲਿਖਿਆ ਜਾਵੇ ਉਹ ਇਤਿਹਾਸਕ ਭਾਂਤ ਢੁਕਦਾ ਜ਼ਰੂਰ ਹੋਣਾ ਚਾਹੀਦਾ ਹੈ। ਉਹ ਇਤਿਹਾਸ ਨਾਲ ਸੰਬੰਧਿਤ ਹੋਣਾ ਚਾਹੀਦਾ ਹੈ। ਨਾਵਲ ਦੀ ਪਿਛੋਕੜ ਅਤੇ ਉਸ ਵਿੱਚ ਦਿਖਾਇਆ ਗਿਆ ਸਾਮਾਨ ਭੂਤਕਾਲ ਦਾ ਹੀ ਹੋਣਾ ਚਾਹੀਦਾ ਹੈ। ਇਤਿਹਾਸਕ ਨਾਵਲ ਭੂਤਕਾਲ ਦੀ ਕਥਾ ਦਾ ਵਰਨਣ ਕਰਨ ਦਾ ਕੰਮ ਸੰਭਾਲਦਾ ਹੈ ਤੇ ਇਸ ਰਾਹੀਂ ਉਸ ਸਮੇਂ ਦੀ ਸਥਿਤੀ ਦਾ ਝਾਉਲਾ ਉਤਪੰਨ ਕਰਦਾ ਹੈ। ਇਸ ਕੰਮ ਰਾਹੀਂ ਉਹ ਇਤਿਹਾਸਕ ਨਾਵਲਾਂ ਦਾ ਲੇਖਕ ਆਪਣੀ ਭਾਂਤ ਦੀ ਇੱਕ ਨਵੀਨ ਪ੍ਰਸੰਨਤਾ ਅਤੇ ਸੰਤੁਸ਼ਟਤਾ ਆਪਣੇ ਪਾਠਕਾਂ ਨੂੰ ਦਿੰਦਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਨੇ ਪਾਠਕਾਂ ਨੂੰ ਸਿੱਖ ਇਤਿਹਾਸ ਵੱਲ ਪ੍ਰੇਰਿਆ ਹੈ। ਸ਼ੈਕਸਪੀਅਰ ਦੇ ਇਤਿਹਾਸਕ ਨਾਟਕਾਂ ਨੇ ਵੀ ਪਾਠਕਾਂ ਨੂੰ ਇਤਿਹਾਸ ਨਾਲ ਜੁੜਨ ਦੀ ਪਿਰਤ ਪਾਈ ਹੈ।


ਮਨਮੋਹਨ ਬਾਵਾ ਦੇ ਸਾਹਿਤ ਦੇ ਪ੍ਰੇਰਨਾ ਸ੍ਰੋਤ ਉਸਦੇ ਯਾਤਰਾ ਅਨੁਭਵ ਹਨ। ਉਸਦੀ ਯਾਤਰਾ ਬਹੁਪੱਖੀ ਹੈ। ਭੂਗੋਲ ਵਿੱਚ ਵੀ ਅਤੇ ਇਤਿਹਾਸ ਵਿਚ ਵੀ। ਉਸਨੂੰ ਇਤਿਹਾਸ, ਮਿਥਿਹਾਸ ਅਤੇ ਮਾਨਵੀ ਵਿਗਿਆਨ ਵਿੱਚ ਬਹੁਤ ਰੁਚੀ ਹੈ। ਇਸ ਲਈ ਉਹ ਮਨੁੱਖੀ ਇਤਿਹਾਸ ਵਿੱਚ ਬਹੁਤ ਡੂੰਘਾਈ ਤੱਕ ਜਾਂਦਾ ਹੈ। ਭਾਰਤ ਦਾ ਪ੍ਰਾਚੀਨ ਅਤੇ ਮੱਧਕਾਲੀ ਇਤਿਹਾਸ ਉਸਦੇ ਅਧਿਐਨ ਦਾ ਮੁੱਖ ਵਿਸ਼ਾ ਰਿਹਾ ਹੈ। ਮਨਮੋਹਨ ਬਾਵਾ ਨੇ ਹੁਣ ਤੱਕ ਪੰਜਾਬੀ ਸਾਹਿਤ ਪੰਜਾਬੀ ਸਾਹਿਤ ਨੂੰ ਕਈ ਕਹਾਣੀ ਸੰਗ੍ਰਹਿ ਅਤੇ ਯਾਤਰਾ ਸੰਸਮਰਣ ਦੀਆਂ ਪੁਸਤਕਾਂ ਵੀ ਦਿੱਤੀਆਂ ਹਨ। ਲੈਂਡ ਸਕੈਪ ਬਾਵਾ ਦਾ ਮਨਭਾਉਂਦਾ ਵਿਸ਼ਾ ਹੈ। ਲੱਦਾਖ ਤੋਂ ਲੈ ਕੇ ਅਰੁਨਾਚਲ ਤੱਕ ਹਿਮਾਲਾ ਦੀ ਸ਼ਾਇਦ ਹੀ ਕੋਈ ਅਜਿਹੀ ਪਗਡੰਡੀ ਹੋਵੇ ਜਿਸ ਤੇ ਬਾਵਾ ਤੁਰਿਆ ਨਾ ਹੋਵੇ।

"ਅਜਾਤ ਸੁੰਦਰੀ" ਅਤੇ "ਨਰਬਲੀ" ਕਹਾਣੀ ਸੰਗ੍ਰਹਿ ਰਾਹੀਂ ਬਾਵਾ ਨੇ ਪੰਜਾਬੀ ਕਹਾਣੀ ਸੰਸਾਰ ਦੀ ਸਮੱਗਰੀ ਵਿੱਚ ਕਦਰਯੋਗ ਵਾਧਾ ਕੀਤਾ ਹੈ। ਅੱਜ ਕੱਲ੍ਹ ਦੀ ਕਹਾਣੀ ਜਿਆਦਾਤਰ ਸਮਕਾਲ ਨਾਲ ਸੰਬੰਧ ਰੱਖਦੀ ਹੈ। ਉਸ ਵਿੱਚ ਇਤਿਹਾਸ ਬਿਲਕੁਲ ਨਹੀਂ ਹੈ। ਪਰ ਪੰਜਾਬ ਤਾਂ ਬਹੁਤ ਪੁਰਾਣਾ ਹੈ। 'ਅਜਾਤ ਸੁੰਦਰੀ' ਕਹਾਣੀ ਸੰਗ੍ਰਹਿ ਵਿੱਚ ਬਾਵਾ ਨੇ ਕੁਝ ਆਪਣੇ ਵੱਲੋਂ ਭੂਮਿਕਾ ਰਾਹੀਂ ਇੰਝ ਲਿਖਿਆ ਹੈ :

"ਬਹੁਤ ਵਰ੍ਹਿਆਂ ਤੋਂ ਖਾਸ ਕਰਕੇ 1984 ਤੋਂ ਬਾਅਦ ਮੇਰੀ ਇੱਛਾ ਸੀ ਕਿ ਮੈਂ ਪੰਜਾਬ ਦੇ ਪ੍ਰਾਚੀਨ ਸਭਿਅਕ, ਮਿਥਿਹਾਸਕ ਅਤੇ ਇਤਿਹਾਸਕ ਵਿਰਸੇ ਨੂੰ ਕਹਾਣੀਆਂ, ਨਾਵਲਾਂ ਰਾਹੀਂ ਪੰਜਾਬੀ ਪਾਠਕਾਂ ਸਾਹਮਣੇ ਪੇਸ਼ ਕਰਾਂ।"[3]

ਮਨਮੋਹਨ ਬਾਵਾ ਨੇ ਹਿਮਾਲਿਆ ਦੇ ਸੱਭਿਆਚਾਰ ਅਤੇ ਦਿੱਲੀ ਦੇ ਮਹਾਂਨਗਰ ਸੱਭਿਆਚਾਰ ਨੂੰ ਇਹਨਾਂ ਕਹਾਣੀਆਂ ਵਿੱਚ ਚਿਤਰਿਆ ਹੈ। ਉਸਦੀਆਂ ਕਹਾਣੀਆਂ ਅਤੇ ਨਾਵਲਾਂ ਦੇ ਪਾਤਰ ਸਿੱਧੇ ਰੂਪ ਵਿੱਚ ਪੰਜਾਬ ਦੇ ਪੇਂਡੂ ਜਾਂ ਸ਼ਹਿਰੀ ਸੱਭਿਆਚਾਰ ਦਾ ਚਿਤਰਨ ਨਹੀਂ ਕਰਦੇ। ਪਰ ਇਹਨਾਂ ਰਚਨਾਵਾਂ ਦੇ ਫ਼ਿਕਰ ਮਾਨਵੀ ਹਨ। ਇਹਨਾਂ ਵਿਚਲੀਆਂ ਸਮੱਸਿਆਵਾਂ ਮੂਲ ਤੇ ਆਖਰੀ ਰੂਪ ਵਿੱਚ ਮਨੁੱਖ ਨਾਲ ਸੰਬੰਧ ਰੱਖਦੀਆਂ ਹਨ।

ਇਹਨਾਂ ਕਹਾਣੀ ਸੰਗ੍ਰਿਹਾਂ ਅਤੇ ਯਾਤਰਾ ਸੰਸਮਰਣਾ ਤੋਂ ਇਲਾਵਾ ਬਾਵਾ ਨੇ ਇਤਿਹਾਸਕ ਨਾਵਲਾਂ ਦੀ ਵੀ ਰਚਨਾ ਕੀਤੀ ਹੈ। **"ਯੁੱਧ ਨਾਦ"** ਮਨਮੋਹਨ ਬਾਵਾ ਦਾ ਪਹਿਲਾ ਨਾਵਲ ਹੈ। ਇਸ ਨਾਵਲ ਦਾ ਵਿਸ਼ਾ ਪੁਰਾਤਨ ਭਾਰਤੀ ਇਤਿਹਾਸ ਨਾਲ ਸੰਬੰਧ ਰੱਖਦਾ ਹੈ। ਇਸ ਨਾਵਲ ਦਾ ਥੀਮ ਬਹੁਪਰਤੀ ਤੇ ਬਹੁ ਪਾਸਾਰੀ ਹੈ। ਇਸ ਵਿੱਚ ਛੋਟੇ-ਛੋਟੇ ਗਣਤੰਤਰਾਂ ਦੀ ਹੋਂਦ, ਬੁੱਧ ਮੱਤ ਦਾ ਪ੍ਰਭਾਵ, ਸਿਕੰਦਰ ਦੇ ਹਮਲਿਆਂ, ਉਥੋਂ ਦੀਆਂ ਧਾਰਮਿਕ ਸੱਭਿਆਚਾਰਕ ਗਤੀਆਂ ਆਦਿ ਦੇ ਵਿਭਿੰਨ ਦ੍ਰਿਸ਼ ਪੇਸ਼ ਕੀਤੇ ਗਏ ਹਨ। ਲੇਖਕ ਨੇ ਆਪਣੇ ਆਪ




ਨੂੰ ਮਹਾਨ ਜੇਤੂ ਕਹਾਉਣ ਵਾਲੇ ਸਿਕੰਦਰ ਦਾ ਚਿਰਾਂ ਤੋਂ ਸਥਾਪਿਤ ਬਿੰਬ ਤੋੜਿਆ ਹੈ, ਰਾਜੇ ਆਪਣੇ ਦਰਬਾਰੀ ਇਤਿਹਾਸਕਾਰਾਂ ਤੋਂ ਕਿਹੋ ਜਿਹੇ ਇਤਿਹਾਸ ਲਿਖਵਾਉਂਦੇ ਹਨ ਆਦਿ ਅਜਿਹੇ ਪੱਖਾਂ ਦੀ ਪੇਸ਼ਕਾਰੀ ਕਰਕੇ ਇਤਿਹਾਸ ਨੂੰ ਚਿਤਰਿਆ ਹੈ।ਸਾਡੇ ਜੀਵਨ ਵਿੱਚ ਕੀ ਕੀਮਤੀ ਹੈ ਤੇ ਕੀ ਕੀਮਤੀ ਨਹੀਂ ਹੈ ਆਦਿ ਦਾਰਸ਼ਨਿਕ ਆਧਾਰਾਂ ਨੂੰ ਵੀ ਪੇਸ਼ ਕੀਤਾ ਹੈ।

ਲੇਖਕ ਨੇ ਆਪਣੇ ਇਸ ਨਾਵਲ ਵਿੱਚ ਇੱਕ ਖਾਸ ਸਮੇਂ ਦੇ ਇਤਿਹਾਸ ਨੂੰ ਗਲਪ ਵਿੱਚ ਢਾਲਿਆ ਹੈ। ਇਸ ਨਾਵਲ ਵਿੱਚ ਲੇਖਕ ਨੇ ਸਿਕੰਦਰ, ਪੋਰਸ, ਚੰਦਰ ਗੁਪਤ ਮੌਰੀਆ, ਵਿਸ਼ਨੂੰ ਗੁਪਤ ਆਦਿ ਇਤਿਹਾਸਕ ਪਾਤਰਾਂ ਨੂੰ ਚੁਣਿਆ ਹੈ, ਪਰ ਇਹਨਾਂ ਦਾ ਵਿਰੋਧ ਕਰਨ ਵਾਲੀ ਮੁੱਖ ਧਿਰ ਜਿਸਨੂੰ ਲੇਖਕ ਨਾਇਕ ਧਿਰ ਦੇ ਰੂਪ ਵਿੱਚ ਉਭਾਰਨ ਲਈ ਯਤਨਸ਼ੀਲ ਹੈ, ਦੇ ਪਾਤਰ ਇਤਿਹਾਸਕ ਨਾ ਹੋ ਕੇ ਗਾਲਪਨਿਕ ਹਨ। ਇਸ ਨਾਵਲ ਵਿੱਚ ਪੂਰਬੀ ਅਤੇ ਪੱਛਮੀ ਸੱਭਿਆਤਾਵਾਂ ਦੇ ਟਾਕਰੇ ਕੁਝ ਅਜਿਹੇ ਗੁਣਾਂ ਤੇ ਤੱਥਾਂ ਨੂੰ ਉਭਾਰਿਆ ਹੈ ਜੋ ਪੱਛਮੀ ਸੱਭਿਅਤਾ ਦੇ ਮੁਕਾਬਲੇ ਭਾਰਤੀ ਸੱਭਿਆਚਾਰ ਦੀ ਵਡਿਆਈ ਨੂੰ ਉਭਾਰਦੇ ਹਨ।ਲੇਖਕ ਮੁਤਾਬਕ ਸਿਕੰਦਰ ਦੀਆਂ ਇੱਛਾਵਾਂ ਉਸਦੀ ਪੱਛਮੀ ਸੱਭਿਅਤਾ ਪੱਖੋਂ ਉਸਦੇ ਗਲਤ ਵਿਵਹਾਰ ਅਤੇ ਉਸਦੀ ਮਾੜੀ ਸਖ਼ਸ਼ੀਅਤ ਨੂੰ ਉਭਾਰਦੀਆਂ ਹਨ। ਇਸ ਨਾਵਲ ਦੇ ਅਧਿਐਨ ਕਰਦਿਆਂ ਸਾਨੂੰ ਪਤਾ ਲਗਦਾ ਹੈ ਕਿ ਹਰ ਆਦਮੀ ਆਪਣੇ ਇਤਿਹਾਸ ਨੂੰ ਜਾਨਣ ਵਾਸਤੇ ਤਤਪਰ ਰਹਿੰਦਾ ਹੈ ਪਰ ਉਸਨੂੰ ਸੰਭਾਲਣ ਲਈ ਤਿਆਰ ਨਹੀਂ ਹੈ। ਸਾਡੇ ਕੋਲ ਇਤਿਹਾਸ ਨੂੰ ਬਚਾਉਣ ਲਈ ਸਮੇਂ ਤੇ ਸਾਧਨਾਂ ਦੀ ਹਮੇਸ਼ਾਂ ਕਮੀ ਹੀ ਰਹੀ ਹੈ।ਇਤਿਹਾਸ ਦੇ ਅਧੂਰੇਪਨ ਬਾਰੇ ਨਾਵਲ ਦੇ ਇੱਕ ਪਾਤਰ ਦੀ ਟਿੱਪਣੀ ਇਸ ਪ੍ਰਕਾਰ ਹੈ :

"ਇਤਿਹਾਸ ਤਾਂ ਬਚਦਾ ਹੀ ਨਹੀਂ, ਜੋ ਬਚਦੇ ਹਨ ਤਾਂ ਰਾਜ ਭਵਨ ਦੇ ਟੁੱਟੇ ਸਤੰਭ ਜਾਂ ਉਹ ਕੁਝ ਜੋ ਜੇਤੂ ਸਮਰਾਟ ਆਪਣੇ ਚਾਪਲੂਸਾਂ ਤੋਂ ਲਿਖਵਾ ਜਾਂਦੇ ਹਨ।"4

ਮਨਮੋਹਨ ਬਾਵਾ ਨੇ ਇਸ ਨਾਵਲ ਵਿੱਚ ਸਿਕੰਦਰ ਦੇ ਸੰਦਰਭ ਵਿੱਚ ਪੱਛਮੀ ਇਤਿਹਾਸਕਾਰਾਂ ਦੇ ਪੱਖਪਾਤੀ ਨਜ਼ਰੀਏ ਨੂੰ ਚੰਗੀ ਤਰ੍ਹਾਂ ਘੋਖਿਆ ਹੈ। ਯੂਨਾਨੀਆਂ ਤੇ ਹੋਰ ਇਤਿਹਾਸਕਾਰਾਂ ਨੇ ਸਿਕੰਦਰ ਨੂੰ ਮਹਾਨ ਕਿਹਾ ਹੈ ਪਰ ਬਾਵਾ ਨੇ ਸਿਕੰਦਰ ਦੇ ਸਥਾਪਤ ਬਿੰਬ ਨੂੰ ਵਿਸਫੋਟਿਤ ਕਰਦਿਆਂ ਇੱਕ ਤਰ੍ਹਾਂ ਦਾ ਸਮਾਨੰਤਰ ਦਮਿਤ ਪ੍ਰਵਚਨ ਉਸਾਰਨ ਦੀ ਚੇਸ਼ਟਾ ਕੀਤੀ ਹੈ। ਇਸ ਸਭ ਕੁਝ ਲਈ ਨਾਵਲਕਾਰ ਨੇ ਸਿਕੰਦਰ ਦੇ ਸਮਕਾਲੀ ਇਤਿਹਾਸਕਾਰਾਂ ਅਤੇ ਹੋਰਨਾ ਇਤਿਹਾਸਕਾਰਾਂ ਦੀ ਟੈਕਸਟ ਨੂੰ ਗੈਰ ਯੂਰਪੀ ਇਤਿਹਾਸਕ ਸਮਿਆਂ ਦੇ ਤੁਲਨਾਤਮਕ ਅਧਿਐਨ ਰਾਹੀਂ ਉਚਿਤ ਪਰਿਪੇਖ ਵਿੱਚ ਰੱਖ ਕੇ ਵਾਚਿਆ ਹੈ ਅਤੇ ਉਹਨਾਂ ਦੇ ਪੱਖਪਾਤੀ ਵਤੀਰੇ ਨੂੰ ਉਘਾੜਿਆ ਹੈ । ਉਸਨੇ ਅਣਕਹੇ ਇਤਿਹਾਸ ਨੂੰ ਉਸਾਰਨ ਦਾ ਯਤਨ ਕੀਤਾ ਹੈ। ਜੋ ਹਾਰ ਕੇ ਵੀ ਹਾਰ ਨਾ ਮੰਨਣ ਵਾਲੇ ਯੋਧਿਆਂ ਦੀ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ। ਇਸ ਤਰ੍ਹਾਂ ਇਹ ਨਾਵਲ ਖਾਮੋਸ਼ ਰਹੇ ਇਤਿਹਾਸ ਦੀ ਗੱਲ ਕਰਦਾ ਹੈ। ਇਸ ਨਾਵਲ ਨੂੰ ਲਿਖਣ ਲਈ ਨਾਵਲਕਾਰ ਨੇ ਵੱਖ-ਵੱਖ ਸੋਮਿਆਂ ਤੋਂ ਪ੍ਰਾਪਤ ਇਤਿਹਾਸਕ ਸਮੱਗਰੀ ਦਾ ਖੋਜ ਭਰਪੂਰ ਅਧਿਐਨ ਕੀਤਾ ਹੈ।

**'ਯੁੱਧ-ਨਾਦ'** ਤੋਂ ਬਾਅਦ ਬਾਵਾ ਦਾ ਅਗਲਾ ਨਾਵਲ **"ਅਫ਼ਗਾਨਿਸਤਾਨ ਦੀ ਉਰਸਲਾ"** ਹੈ। ਇਸ ਨਾਵਲ ਦਾ ਬਿਰਤਾਂਤ ਅਫ਼ਗਾਨਿਸਤਾਨ ਦੀ ਭੂਗੋਲਿਕ ਸੁੰਦਰਤਾ ਦੀ ਤਸਵੀਰ ਖਿੱਚਦਾ ਹੈ। ਏਸ਼ੀਆ ਵਿੱਚ ਇਹ ਇਕੋ-ਇੱਕ ਅਜਿਹਾ ਦੇਸ਼ ਹੈ ਜੋ ਆਪਣੀ ਸੁੰਦਰਤਾ ਕਰਕੇ ਅਤੇ ਕਈ ਰਹੱਸਾਂ ਕਰਕੇ ਪੁਰਾਣੇ ਸਮੇਂ ਤੋਂ ਲੋਕਾਂ ਦੀ ਦਿਲਚਸਪੀ ਦਾ ਮਰਕਜ਼ ਬਣਿਆ ਰਿਹਾ ਹੈ। ਪੰਜਾਬ ਦਾ ਸੱਭਿਆਚਾਰ ਵੀ ਕੁਝ ਕੁਝ ਇਸ ਸੱਭਿਆਚਾਰ



ਤੋਂ ਹੀ ਪ੍ਰਭਾਵਿਤ ਰਿਹਾ ਹੈ।

ਇਸ ਨਾਵਲ ਦਾ ਵਿਸ਼ਾ 1838-1842 ਤੱਕ ਦੀਆਂ ਘਟਨਾਵਾਂ ਨਾਲ ਰਿਹਾ ਹੈ। ਉਸ ਸਮੇਂ ਅੰਗਰੇਜ਼ਾਂ ਨੇ ਇਸ ਧਰਤੀ ਤੇ ਕਬਜ਼ਾ ਕਰ ਲਿਆ ਤੇ ਫਿਰ ਛੇਤੀ ਹੀ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਅਫਗਾਨਾਂ ਨੇ ਅੰਗਰੇਜ਼ਾਂ ਦੀ ਪੂਰੀ ਫੌਜ ਦੇ ਦੰਦ ਖੱਟ ਕਰਕੇ ਮਾਰ ਮੁਕਾਇਆ ਸੀ। 165 ਸਾਲ ਦੇ ਇਤਿਹਾਸਕ ਪਹਿਲੂਆਂ ਨੂੰ ਅਜੋਕੇ ਸਮੇਂ ਵਿੱਚ ਪੁਨਰ ਜੀਵਤ ਕਰਕੇ ਵੇਖਣ ਨਾਲ ਬਹੁਤ ਸਾਰੀਆਂ ਨਵੀਆਂ ਗੱਲਾਂ ਸੋਧੇ ਹੋਏ ਰੂਪ ਵਿੱਚ ਸਾਡੇ ਸਾਹਮਣੇ ਆਉਂਦੀਆਂ ਹਨ। ਬਾਵਾ ਆਪਣੇ ਸਾਹਿਤ ਰਾਹੀਂ ਅਫ਼ਗਾਨਿਸਤਾਨ ਦੇ ਸੱਭਿਆਚਾਰ ਨੂੰ ਚਿਤਰਨ ਵਿੱਚ ਵਿਸ਼ੇਸ਼ ਰੁਚੀ ਦਿਖਾਈ ਹੈ। ਉਸਨੇ ਆਪਣੇ ਸੁਭਾਅ ਕਰਕੇ ਅਜਿਹਾ ਕੀਤਾ ਹੈ। ਇਸ ਬਾਰੇ ਉਹ ਖੁਦ ਵੀ ਨਾਵਲ ਦੀ ਆਦਿਕਾ ਵਿੱਚ ਲਿਖਦਾ ਹੈ :

"ਆਪਣੇ ਨਿੱਜੀ ਸੁਭਾਅ ਕਾਰਨ ਮੈਂ ਇਨ੍ਹਾਂ ਕੂਚੀਆਂ ਅਤੇ ਇਸ ਤਰ੍ਹਾਂ ਦੇ ਹੋਰ ਕਈ ਖਾਨਾ ਬਦੋਸ਼ਾਂ/ ਟੱਪਰੀਵਾਸੀਆਂ ਨਾਲ ਵਿਚਰਦਾ ਰਿਹਾ ਹੈ। ਮਾਨਸਿਕ ਪੱਧਰ ਤੇ ਵੀ ਮੈਂ ਆਪਣੇ ਆਪ ਨੂੰ ਇਨ੍ਹਾਂ ਲੋਕਾਂ ਦੇ ਬਹੁਤ ਨਜ਼ਦੀਕ ਅਨੁਭਵ ਕਰਦਾ ਹਾਂ।"5

ਇਹ ਨਾਵਲ ਪੜ੍ਹਨ ਤੋਂ ਬਾਅਦ ਸਾਨੂੰ ਪਤਾ ਲੱਗਦਾ ਹੈ ਕਿ ਅੰਗਰੇਜ਼ ਆਪਣੇ ਇਰਾਦਿਆਂ ਵਿੱਚ ਕਾਮਯਾਬ ਤਾਂ ਹੋ ਗਏ ਅਤੇ ਅਫ਼ਗਾਨਿਸਤਾਨ ਦੇ ਕੁਝ ਇਲਾਕਿਆਂ ਉਤੇ ਕਬਜ਼ਾ ਤਾਂ ਕਰ ਬੈਠੇ ਪਰ ਅਫਗਾਨੀ ਲੜਾਕਿਆਂ ਦੇ ਆਜ਼ਾਦੀ ਦੇ ਜਜ਼ਬੇ ਅੱਗੇ ਬਹੁਤ ਦੇਰ ਤੱਕ ਆਪਣਾ ਰਾਜ ਕਾਇਮ ਨਹੀਂ ਕਰ ਸਕੇ। ਇਸ ਨਾਵਲ ਵਿੱਚ ਮੋਹਨ ਲਾਲ ਪਾਤਰ ਨੂੰ ਬਾਵਾ ਨੇ ਅਸਲੀ ਇਤਿਹਾਸ ਵਜੋਂ ਪੇਸ਼ ਕੀਤਾ ਹੈ ਜਿਸ ਵਿੱਚ ਬਹੁਤ ਸਾਰੇ ਵਧੀਆ ਗੁਣ ਹਨ ਜਿਸ ਕਰਕੇ ਉਹ ਸਾਰੀਆਂ ਧਿਰਾਂ ਵਿੱਚ ਮਕਬੂਲ ਹੈ। ਉਸਦਾ ਕੰਮ ਤਾਂ ਅੰਗਰੇਜ਼ਾਂ ਲਈ ਸੂਚਨਾਵਾਂ ਇਕੱਠੀਆਂ ਕਰਨਾ ਹੈ। ਪਰ ਉਹ ਅੰਗਰੇਜ਼ਾ ਅਤੇ ਅਫਗਾਨਾਂ ਦੋਹਾਂ ਨਾਲ ਬਣਾ ਕੇ ਰੱਖਦਾ ਹੈ। ਜਦੋਂ ਅਫ਼ਗਾਨਿਸਤਾਨ ਵਿੱਚ ਅੰਗਰੇਜ਼ਾਂ ਦੀ ਹਾਰ ਹੋ ਜਾਂਦੀ ਹੈ ਅਤੇ ਉਸ ਮਗਰੋਂ ਉਨ੍ਹਾਂ ਦੀ ਦੁਰਗਤੀ ਹੁੰਦੀ ਹੈ ਤਾਂ ਮੋਹਨ ਲਾਲ ਭਗਤ ਬਾਰੇ ਟਿੱਪਣੀ ਕਰਦਾ ਹੋਇਆ ਕਹਿੰਦਾ ਹੈ :

"ਮਾੜਾ ਜਾਂ ਚੰਗਾ, ਪਰ ਮੈਂ ਇਹ ਸੋਚਦਾ ਹਾਂ ਕਿ ਜੇ ਇਹਨਾਂ ਨਾਲ ਸ਼ੁਰੂ ਸ਼ੁਰੂ ਵਿੱਚ ਹਿੰਦੁਸਤਾਨ ਵਿੱਚ ਇਸੇ ਤਰ੍ਹਾਂ ਵਾਪਰਦਾ ਤਾਂ ਇਨ੍ਹਾਂ ਨੇ ਉਦੋਂ ਹੀ ਆਪਣੇ ਜਹਾਜ਼ ਵਿੱਚ ਬੈਠ ਕੇ ਇੰਗਲਿਸ਼ਤਾਨ ਨੱਸ ਜਾਣਾ ਸੀ।"6

ਨਾਵਲਕਾਰ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਹਿੰਦੁਸਤਾਨ ਨੇ ਪੱਛਮ ਤੋਂ ਆਉਣ ਵਾਲੇ ਹਰ ਪ੍ਰਭਾਵ ਨੂੰ ਕਬੂਲ ਕਰ ਲਿਆ ਹੈ, ਤੇ ਇਹ ਇਸ ਖਿੱਤੇ ਦਾ ਸੁਭਾਅ ਹੀ ਬਣ ਕੇ ਰਹਿ ਗਿਆ ਹੈ। ਲੇਖਕ ਉਸ ਸਮੇਂ ਦੇ ਪੰਜਾਬ ਦੇ ਰਾਜਨੀਤਿਕ ਹਾਲਾਤ ਉਪਰ ਟਿੱਪਣੀ ਕਰਦਾ ਲਿਖਦਾ ਹੈ ਕਿ :

"ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਖਾਲਸਾ ਰਾਜ ਨੂੰ ਅਗਰੇਜ਼ਾਂ ਤੋਂ ਬਚਾਉਣ ਲਈ ਆਪਣੇ ਜਿਉਂਦਿਆਂ ਕੁਝ ਨਹੀਂ ਕੀਤਾ। ਬਲਕਿ ਸਾਰਾ ਰਾਜ ਪ੍ਰਬੰਧ ਡੋਗਰਿਆਂ ਅਤੇ ਭਾਈਆਂ ਦੇ ਹੱਥ ਸੋਂਪ ਕੇ ਇਸ ਰਾਜ ਨੂੰ ਕਮਜ਼ੋਰ ਹੀ ਕੀਤਾ ਹੈ।"7

ਬਾਵਾ ਦਾ ਇਹ ਨਾਵਲ ਇਤਿਹਾਸ ਵਿਚੋਂ ਕੁਝ ਅਹਿਮ ਘਟਨਾਵਾਂ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਨਾਲ ਹੀ ਅਫਗਾਨਿਸਤਾਨ ਦੀ ਭੂਗੋਲਿਕ ਸੁੰਦਰਤਾ ਅਤੇ ਉਸ ਨਾਲ ਸੰਬੰਧਿਤ ਰਹੱਸਮਈ ਸਵਾਲਾਂ ਦੇ ਜਵਾਬ ਵੀ ਦਿੰਦਾ ਹੈ।

ਨਾਵਲ **'ਯੁਗ-ਅੰਤ'** ਵਿੱਚ ਬਾਵਾ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖਾਲਸਾ ਰਾਜ ਦੇ ਪਤਨ ਦੇ ਕਾਰਨਾਂ ਅਤੇ ਰਣਜੀਤ ਸਿੰਘ ਦੇ ਗੁਣਾਂ-ਅਗੁਣਾਂ ਨੂੰ ਆਪਣੇ ਬਿਰਤਾਂਤ ਦਾ ਵਿਸ਼ਾ ਬਣਾਇਆ ਹੈ। ਇਸ ਨਾਵਲ ਵਿੱਚ ਨਾਵਲਕਾਰ ਨੇ ਇਹ ਸਵਾਲ ਉਠਾਇਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਅੱਠ ਕਹਾਣੀਆਂ ਵਿਚੋਂ ਹਰ ਇੱਕ ਦੇ ਪੁੱਤਰ ਹੀ ਪੈਦਾ ਕਿਉਂ ਹੋਏ। ਧੀਆਂ ਕਿੱਧਰ ਗਈਆਂ ਜਾਂ ਕਿਸੇ ਧੀ ਨੇ ਜਨਮ ਲਿਆ ਹੈ ਜਾਂ ਨਹੀਂ। ਇਹ ਸਵਾਲ ਨਾਵਲ ਦੇ ਬਿਰਤਾਂਤ ਦਾ ਅਨਿਖੜਵਾਂ ਅੰਗ ਹੈ।

ਇਸ ਨਾਵਲ ਦੇ ਆਰੰਭ ਅਤੇ ਅੰਤ ਵਿਚਕਾਰਲੀਆਂ ਘਟਨਾਵਾਂ ਇਨ੍ਹਾਂ ਦੋ ਕੁ ਵਰ੍ਹਿਆਂ ਵਿਚਕਾਰ

ਵਾਪਰਦੀਆਂ ਹਨ। ਪਰ ਨਾਵਲ ਦੇ ਬਿਰਤਾਂਤ ਨੂੰ ਇਨ੍ਹਾਂ ਦੋ ਵਰ੍ਹਿਆਂ ਦੀਆਂ ਘਟਨਾਵਾਂ ਤੱਕ ਸੀਮਤ ਨਹੀਂ ਰੱਖਿਆ ਗਿਆ ਸਗੋਂ ਪਿਛਲਝਾਤ ਰਾਹੀਂ ਹੋਰ ਵੀ ਬਹੁਤ ਕੁਝ ਪੇਸ਼ ਕੀਤਾ ਗਿਆ ਹੈ ਜੋ ਦੋ ਵਰ੍ਹਿਆਂ ਦੀਆਂ ਘਟਨਾਵਾਂ ਨੂੰ ਬਲ ਦਿੰਦਾ ਹੈ।

ਇਸ ਨਾਵਲ ਰਾਹੀਂ ਸਾਨੂੰ ਪਤਾ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸਾਰਾ ਜੋਰ ਆਪਣੇ ਰਾਜ ਦੀਆਂ ਹੱਦਾਂ ਵਧਾਉਣ ਉਤੇ ਲਾ ਦਿੱਤਾ ਸੀ। ਪਰ ਆਪਣੇ ਰਾਜ ਦੀ ਕੌਮ ਨੂੰ ਸੁਧਾਰਨਾ ਉਹਨਾਂ ਦੀਆਂ ਕਮਜ਼ੋਰੀਆਂ-ਗੁਣਾਂ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਹ ਸਾਲ ਰਾਜ ਕੀਤਾ ਪਰ ਉਸਦੇ ਰਾਜ ਵਿੱਚ ਮਨੁੱਖੀ ਸੁਭਾਅ ਵਿੱਚ ਕੋਈ ਤਬਦੀਲੀ ਨਹੀਂ ਆਈ। ਇਹ ਸਾਰਾ ਕੁਝ ਇਤਿਹਾਸਕ ਵਰਤਾਰੇ ਵਜੋਂ ਹੋਇਆ ਹੈ। ਰਾਜ ਦਰਬਾਰਾਂ ਵਿੱਚ ਸਾਜਿਸ਼ਾਂ ਕਾਰਨ ਹੀ ਅਜਿਹਾ ਕੁਝ ਹੁੰਦਾ ਹੈ ਜਿਵੇਂ :

"ਰਾਜ ਦਰਬਾਰਾਂ ਦਾ ਸਾਜਿਸ਼ੀ ਮਾਹੌਲ ਆਦਮੀ ਨੂੰ ਹੋਰ ਕੁਝ ਬਣਾ ਦਿੰਦਾ ਹੈ, ਪਰ ਆਦਮੀ ਨਹੀਂ ਰਹਿਣ ਦਿੰਦਾ।"8

ਮਹਾਰਾਜਾ ਰਣਜੀਤ ਸਿੰਘ ਵਿੱਚ ਬਹੁਤ ਘਾਟਾਂ ਕਮਜ਼ੋਰੀਆਂ ਸਨ। ਪਰ ਉਹ ਫਿਰ ਵੀ ਬਾਦਸ਼ਾਹ ਕਹਾਉਂਦਾ ਸੀ। ਉਸਨੇ ਵੱਡੀਆਂ-ਵੱਡੀਆਂ ਪ੍ਰਾਪਤੀਆਂ ਕੀਤੀਆਂ ਸਨ। ਨਾਵਲ ਦਾ ਮੁੱਖ ਪਾਤਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਤਰਜਮਾਨੀ ਕਰਦਾ ਹੋਇਆ ਕਹਿੰਦਾ ਹੈ :

"ਇਹ ਪਹਿਲਾ ਬਾਦਸ਼ਾਹ ਸੀ, ਜਿਸ ਨੇ ਧਰਮ ਤੇ ਰਾਜਨੀਤੀ ਨੂੰ ਵੱਖਰਿਆਂ ਕੀਤਾ ਅਤੇ ਹਰ ਧਰਮ ਅਤੇ ਵਰਗ ਦੇ ਅਧਿਕਾਰਾਂ ਅਤੇ ਭਲਾਈ ਨੂੰ ਧਿਆਨ ਵਿੱਚ ਰੱਖਿਆ।"9

ਨਾਵਲ ਵਿੱਚ ਸ਼ਾਹ ਮੁਹੰਮਦ ਦੇ ਕਿੱਸੇ ਤੇ ਅਧਾਰਿਤ ਕਈ ਬਿਰਤਾਂਤ ਗਵਾਹੀਆਂ ਲਈਆਂ ਗਈਆਂ ਹਨ। ਸ਼ਾਹ ਮੁਹੰਮਦ ਦਾ ਪੁੱਤਰ ਸ਼ਾਹ ਬਖ਼ਸ਼ ਨਾਵਲ ਦਾ ਅਹਿਮ ਪਾਤਰ ਹੈ ਜਿਸ ਦੀ ਕਾਵਿਕ ਗਵਾਹੀ ਨਾਲ ਨਾਵਲੀ ਬਿਰਤਾਂਤ ਨੂੰ ਇਤਿਹਾਸਕ ਸੱਚ ਵਜੋਂ ਮੰਨਿਆ ਗਿਆ ਹੈ। ਇਸ ਕਰਕੇ ਸ਼ਾਹ ਮੁਹੰਮਦ ਦੇ ਕਿੱਸੇ ਦਾ ਦਖਲ ਇਤਿਹਾਸਕ ਗਵਾਹੀਆਂ ਵਜੋਂ ਪਾਠਕਾਂ ਦੇ ਪਹਿਲੇ ਬਣੇ ਵਿਸ਼ਵਾਸ ਨੂੰ ਵਧੇਰੇ ਟੁੰਬਦਾ ਹੈ। ਬਾਵਾ ਦਾ ਇਹ ਨਾਵਲ ਦੋਹਰੀ ਦ੍ਰਿਸ਼ਟੀ ਵਾਲਾ ਨਾਵਲ ਹੈ, ਉਹ ਹਰ ਚੀਜ ਦਾ ਪਤਾ ਲਗਾਉਣ ਲਈ ਇਤਿਹਾਸ ਵਿੱਚ ਡੂੰਘਾ ਉਭਰਦਾ ਹੈ।

ਆਪਣੇ ਨਾਵਲ "1857 ਦਿੱਲੀ ਦਿੱਲੀ" ਵਿੱਚ ਨਾਵਲਕਾਰ ਨੇ ਆਪਣੀ ਇਤਿਹਾਸਕ ਪਹੁੰਚ ਨਾਲ ਇਤਿਹਾਸ ਦੇ ਉਹਨਾਂ ਇਤਿਹਾਸਕ ਸੱਚਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿੰਨ੍ਹਾਂ ਬਾਰੇ ਹੁਣ ਤੱਕ ਇਤਿਹਾਸਕਾਰ ਚੁੱਪ ਸਨ। ਬਾਵਾ ਨੇ ਆਪਣੇ ਇਸ ਨਾਵਲ ਵਿੱਚ ਆਪਣੀ ਇਤਿਹਾਸਕ ਚੇਤਨਾ ਨਾਲ ਉਸ ਧਾਰਨਾ ਦਾ ਖੰਡਨ ਕੀਤਾ ਹੈ ਜਿਹੜੀ 1857 ਦੀ ਬਗਾਵਤ ਵਿੱਚ ਸਿੱਖਾਂ ਦੀ ਭੂਮਿਕਾ ਬਾਰੇ ਬਣੀ ਹੋਈ ਸੀ, 1857 ਦੀ ਬਗਾਵਤ ਦਾ ਇਤਿਹਾਸ ਲਿਖਣ ਵਾਲੇ ਬਹੁਤ ਸਾਰੇ ਇਤਿਹਾਸਕਾਰਾਂ ਨੇ ਇਹ ਗੱਲ ਕਹੀ ਹੈ ਕਿ ਸਿੱਖਾਂ ਨੇ ਇਸ ਬਗਾਵਤ ਵੇਲੇ ਅੰਗਰੇਜ਼ਾਂ ਦਾ ਸਾਥ ਦਿੱਤਾ ਅਤੇ ਆਪਣੇ ਮੁਲਕ ਨਾਲ ਗਦਾਰੀ ਕੀਤੀ। ਬਾਵਾ ਨੇ ਇਸ ਨਾਵਲ ਵਿੱਚ ਇਸ ਮਿੱਥ ਨੂੰ ਤੋੜਿਆ ਹੈ ਕਿ ਸਿੱਖਾਂ ਨੇ ਬਗਾਵਤ ਵੇਲੇ ਅੰਗਰੇਜ਼ਾ ਦਾ ਸਾਥ ਨਹੀਂ ਦਿੱਤਾ ਸਗੋਂ ਸਿੱਖਾਂ ਨੇ ਤਾਂ ਦਿੱਲੀ ਵਿੱਚ ਬਗਾਵਤ ਕਰ ਰਹੇ ਸਿਪਾਹੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਾਈ ਕੀਤੀ ਹੈ ਅਤੇ ਉਦੋਂ ਤੱਕ ਲੜਦੇ ਰਹੇ ਜਦੋਂ ਤੱਕ ਉਹਨਾਂ ਵਿੱਚ ਆਖਰੀ ਸਾਹ ਸੀ। ਬਾਵਾ ਨੇ ਆਪਣੇ ਇਸ ਨਾਵਲ ਵਿੱਚ ਉਹਨਾਂ ਸਿੱਖ ਰਿਆਸਤਾਂ ਦੇ ਰਾਜਿਆਂ ਦੀ ਮਾਨਸਿਕਤਾ ਨੂੰ ਵੀ ਪੇਸ਼ ਕੀਤਾ ਹੈ ਜੋ ਅੰਗਰੇਜ਼ਾਂ ਦਾ ਸਾਥ ਦੇ ਰਹੀਆਂ ਸਨ ਅਤੇ ਜਿੰਨ੍ਹਾਂ ਰਿਆਸਤਾਂ ਕਰਕੇ ਪੂਰੀ ਕੌਮ ਦਾ ਨਾ ਬਦਨਾਮ ਹੋਇਆ ਹੈ। ਇਹਨਾਂ ਰਿਆਸਤਾਂ ਦੀ ਮਾਨਸਿਕਤਾ ਇਹ ਸੀ ਕਿ ਕਿਤੇ ਮਹਾਰਾਜਾ ਰਣਜੀਤ ਸਿੰਘ ਹੋਰ ਮਿਸਲਾਂ ਦੀ ਤਰ੍ਹਾਂ ਉਹਨਾਂ ਨੂੰ ਵੀ ਆਪਣੇ ਰਾਜ ਵਿੱਚ ਨਾ ਮਿਲਾ ਲਵੇ। ਜਿਵੇਂ :

"ਜੇ ਅਸੀਂ ਫਿਰੰਗੀਆਂ ਦੀ ਦੋਸਤੀ ਅਤੇ ਸੁਰੱਖਿਆ ਵਿੱਚ ਨਾਂ ਹੁੰਦੇ ਤਾਂ ਹੁਣ ਤੱਕ ਮਹਾਰਾਜਾ ਰਣਜੀਤ



ਸਿੰਘ ਨੇ ਸਾਨੂੰ ਉਸੇ ਤਰ੍ਹਾਂ ਨੇਸਤੇ-ਨਾਬਦ ਕਰ ਦੇਣਾ ਸੀ, ਜਿਸ ਤਰ੍ਹਾਂ ਬਾਕੀ ਮਿਸਲਾਂ ਦੇ ਸਰਦਾਰਾਂ ਨੂੰ ਕਰ ਦਿੱਤਾ। ਵਾਸਤਵਿਕਤਾ ਇਹ ਹੈ ਕਿ ਪੁੱਤਰਾਂ ਇਸ ਡਰ ਨੇ ਹੀ ਸਾਰੇ ਰਾਜਿਆਂ ਨਵਾਬਾਂ ਨੂੰ ਫਿਰੰਗੀਆਂ ਵੱਲ ਧੱਕਿਆ ਹੈ।"10

ਰਿਆਸਤੀ ਰਾਜਿਆਂ ਵਿੱਚ ਕੋਈ ਜਮਾਤੀ ਚੇਤਨਾਂ ਨਹੀਂ ਸੀ। ਇਸ ਲਈ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਡਰ ਸੀ। ਪਰ ਅੰਗਰੇਜ਼ਾਂ ਤੋਂ ਕੋਈ ਡਰ ਨਹੀਂ ਸੀ। ਉਹਨਾਂ ਦੀ ਇਸ ਮਾਨਸਿਕਤਾ ਦਾ ਫਾਇਦਾ ਅੰਗਰੇਜ਼ਾਂ ਨੇ ਪੂਰਾ ਉਠਾਇਆ। ਮਹਾਰਾਜਾ ਰਣਜੀਤ ਸਿੰਘ ਤੋਂ ਡਰ ਕੇ ਇਨ੍ਹਾਂ ਦੇਸੀ ਰਿਆਸਤਾਂ ਨੇ ਅੰਗਰੇਜ਼ਾਂ ਨਾਲ ਅੰਦਰੋਂ ਅੰਦਰੀ ਸੰਧੀਆਂ ਕਰ ਲਈਆਂ। ਬਗਾਵਤ ਵਿੱਚ ਅੰਗਰੇਜ਼ਾਂ ਦਾ ਸਾਥ ਦੇਣ ਵੇਲੇ ਇਨ੍ਹਾਂ ਦੇ ਨਿੱਜੀ ਹਿੱਤ ਜੁੜੇ ਹੋਏ ਸਨ। ਇਹ ਜਿੰਨੇ ਵੀ ਰਿਆਸਤੀ ਰਜਵਾੜੇ ਸਨ। ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਵੱਡੀਆਂ ਵੱਡੀਆਂ ਜਗੀਰਾਂ ਦੇ ਮਾਲਕ ਸਨ। ਇਹਨਾਂ ਦੀ ਜਗੀਰੂ ਮਾਨਸਿਕਤਾ ਨੇ ਇਹਨਾਂ ਨੂੰ ਹਮੇਸ਼ਾ ਗੁਲਾਮੀਅਤ ਦਾ ਸ਼ਿਕਾਰ ਬਣਾਇਆ। ਮਨਮੋਹਨ ਬਾਵਾ ਨੇ ਇਸ ਗੱਲ ਦੀ ਪੇਸ਼ਕਾਰੀ ਕੀਤੀ ਹੈ ਕਿ ਜਿਨ੍ਹਾਂ ਸਿੱਖਾਂ ਨੇ ਬਗਾਵਤ ਵੇਲੇ ਅੰਗਰੇਜ਼ਾਂ ਦਾ ਸਾਥ ਨਹੀਂ ਦਿੱਤਾ ਜੋ ਦਿੱਲੀ ਵਿੱਚ ਵਿਦਰੋਹੀ ਸਿਪਾਹੀਆਂ ਨਾਲ ਲੜਦੇ ਰਹੇ। ਉਹ ਸਾਰੇ ਸਾਧਾਰਨ ਸਿੱਖ ਸਨ ਤੇ ਲੰਮੇ ਸਮੇਂ ਤੋਂ ਅੰਗਰੇਜ਼ਾਂ ਨਾਲ ਲੜਾਈਆਂ ਲੜਦੇ ਆ ਰਹੇ ਸਨ।

"ਸਿੱਖ ਸਿਪਾਹੀਆਂ 'ਚੋਂ ਜਿਆਦਾਤਰ ਉਹ ਸਨ, ਜਿੰਨਾਂ, ਕੁਝ ਵਰ੍ਹੇ ਪਹਿਲਾਂ ਫਿਰੰਗੀਆਂ ਵਿਰੁੱਧ ਮੁਲਤਾਨ ਅਤੇ ਚੇਲਿਆਂਵਾਲਾਂ ਦੀਆਂ ਲੜਾਈਆਂ 'ਚ ਹਿੱਸਾ ਲਿਆ ਸੀ।"11

ਇਹ ਸਿੱਖ ਸਿਪਾਹੀ ਸਾਰੇ ਸਾਧਾਰਨ ਪਰਿਵਾਰਾਂ ਨਾਲ ਸੰਬੰਧਿਤ ਸਨ ਤੇ ਸਭ ਹੱਥੀ ਕਿਰਤ ਕਰਨ ਵਾਲੇ ਦਿਹਾੜੀਦਾਰ, ਕਾਮੇ ਤੇ ਮਜ਼ਦੂਰ ਸਨ।


ਮਨਮੋਹਨ ਬਾਵਾ ਨੇ ਇਸ ਨਾਵਲ ਵਿੱਚ ਆਪਣੀ ਇਤਿਹਾਸਕ ਪਹੁੰਚ ਨਾਲ ਇਤਿਹਾਸ ਦੇ ਉਹਨਾਂ ਇਤਿਹਾਸਕ ਸੱਚਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿੰਨ੍ਹਾਂ ਬਾਰੇ ਹੁਣ ਤੱਕ ਇਤਿਹਾਸਕਾਰ ਚੁੱਪ ਸਨ। ਭਾਵੇਂ ਉਹਨਾਂ ਨੂੰ ਸਾਰਾ ਕੁਝ ਪਤਾ ਸੀ ਪਰ ਉਹ ਫਿਰ ਵੀ ਇਤਿਹਾਸ ਤੋਂ ਪਾਸਾ ਵੱਟਦੇ ਸਨ।

ਬਾਵਾ ਦੀ ਇਤਿਹਾਸਕ ਚੇਤਨਾ ਕਿਸੇ ਇਕ ਵਰਗ ਦੀ ਬਹਾਦਰੀ ਤੇ ਕੇਂਦਰਤ ਨਹੀਂ ਹੁੰਦੀ। ਉਹ ਸਭ ਧਰਮਾਂ, ਕੌਮਾਂ ਦੀ ਬਹਾਦਰੀ ਅਤੇ ਗੌਰਵ ਨੂੰ ਚਿਤਰਦਾ ਹੈ। ਬਾਵਾ ਦੀ ਬਿਰਤੀ ਇੱਕ ਜਗਿਆਸੂ ਖੋਜੀ ਵਾਲੀ ਹੈ। ਬਾਵਾ ਦੀ ਇਤਿਹਾਸਕ ਰਚਨਾ ਵਿਚੋਂ ਉਸਨੂੰ ਕੁਝ ਨਵਾਂ ਜਾਣਨ ਨੂੰ ਮਿਲਦਾ ਹੈ। ਅਜਿਹੀਆਂ ਰਚਨਾਵਾਂ ਸਾਹਿਤ ਵਿਚੋਂ ਲੰਮੇਂ ਸਮੇਂ ਤੱਕ ਜੀਵਤ ਰਹਿੰਦੀਆਂ ਹਨ।

**(ਪਤਾ-ਰਿਸਰਚ ਸਕਾਲਰ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ)**

**ਹਵਾਲੇ ਤੇ ਟਿੱਪਣੀਆਂ**

1. ਡਾ. ਸਾਹਿਬ ਸਿੰਘ, ਪੰਜਾਬੀ ਇਤਿਹਾਸਕ ਨਾਟਕ ਤੇ ਇਤਿਹਾਸਕ ਚੇਤਨਾ, ਪੰਨਾ - 58
2. ਉਹੀ, ਪੰਨਾ - 59
3. ਮਨਮੋਹਨ ਬਾਵਾ, ਅਜਾਤ ਸੁੰਦਰੀ, ਪੰਨਾ - 13
4. ਮਨਮੋਹਨ ਬਾਵਾ, ਯੁੱਧ-ਨਾਦ, ਪੰਨਾ - 58
5. ਮਨਮੋਹਨ ਬਾਵਾ, ਅਫ਼ਗਾਨਿਸਤਾਨ ਦੀ ਉਰਸਲਾ, ਆਦਿਕਾ।
6. ਉਹੀ, ਪੰਨਾ - 16
7. ਉਹੀ, ਪੰਨਾ - 61
8. ਮਨਮੋਹਨ ਬਾਵਾ, ਯੁੱਗ-ਅੰਤ, ਪੰਨਾ - 78
9. ਉਹੀ, ਪੰਨਾ - 170
10. ਮਨਮੋਹਨ ਬਾਵਾ, 1857 ਦਿੱਲੀ ਦਿੱਲੀ, ਪੰਨਾ - 101
11. ਉਹੀ, ਪੰਨਾ - 11




# ਆਓ ਨਾਵਲ ਪੜ੍ਹੀਏ












*ਨਾਵਲਕਾਰ ਉੱਤੇ ਅਜਿਹੀ ਕੋਈ ਪਾਬੰਦੀ ਨਹੀਂ ਕਿ ਉਹ ਜ਼ਿੰਦਗੀ ਨੂੰ ਇਸਦੇ ਸਾਮਾਨੀਕ੍ਰਿਤ ਰੂਪਾਂ ਵਿਚ ਨਾ ਸਮਝੇ, ਵੱਖ ਵੱਖ ਭਾਵਾਂ ਅਤੇ ਵਿਚਾਰਾਂ ਦੇ ਸੁਭਾ ਅਤੇ ਕਰਮ ਦਾ ਬੌਧਿਕ ਪੱਧਰ ਤੇ ਇਤਿਹਾਸਕ ਅਧਿਐਨ ਨਾ ਕਰੇ ਅਤੇ ਜ਼ਿੰਦਗੀ ਦੀ ਤੋਰ ਮੁਤਾਬਕ ਉਨ੍ਹਾਂ ਦੇ ਰੂਪ ਨਾ ਲੱਭੇ। ਪਰ ਇਕ ਸਾਹਿਤਕਾਰ ਹੋਣ ਦੇ ਨਾਤੇ ਉਸ ਉੱਤੇ ਇਤਨੀ ਪਾਬੰਦੀ ਜ਼ਰੂਰ ਹੈ ਕਿ ਉਹ ਇਨ੍ਹਾਂ ਭਾਵਾਂ ਅਤੇ ਵਿਚਾਰਾਂ ਨੂੰ ਉਸ ਜ਼ਿੰਦਗੀ ਰਾਹੀਂ ਪੇਸ਼ ਕਰੇ ਜਿਸਦੇ ਕਿ ਉਹ ਸਾਮਾਨੀਕ੍ਰਿਤ ਸੰਕਲਪਾਤਮਕ ਰੂਪ ਹਨ। ਸਮਾਜ-ਸ਼ਾਸਤਰ ਦੀਆਂ ਵਿਭਿੰਨ ਕਿਸਮਾਂ ਦਰਸ਼ਨ, ਧਰਮ, ਮਨੋਵਿਗਿਆਨ, ਸਦਾਚਾਰ, ਅਰਥ-ਸ਼ਾਸਤਰ ਅਤੇ ਰਾਜਨੀਤੀ ਨਾਲੋਂ ਸਾਹਿਤ ਦਾ ਬੁਨਿਆਦੀ ਫ਼ਰਕ ਹੀ ਇਸ ਗੱਲ ਵਿਚ ਹੈ ਕਿ ਸਾਹਿਤ ਵਿਚ ਜੀਵਨ ਪੇਸ਼ ਕੀਤਾ ਜਾਂਦਾ ਹੈ ਜਦ ਕਿ ਉਕਤ ਵਿਸ਼ਿਆਂ ਵਿਚ ਜੀਵਨ ਦੇ ਸੰਕਲਪਾਤਮਕ ਰੂਪ। ਸੰਕਲਪਾਤਮਕ ਰੂਪ ਆਪਣੇ ਆਪ ਵਿਚ ਜ਼ਿੰਦਗੀ ਨਹੀਂ ਹੁੰਦੇ, ਇਸ ਲਈ ਸਾਹਿਤ ਵੀ ਨਹੀਂ ਹੁੰਦੇ। ਜਿਵੇਂ ਬੋਲੀ ਆਪਣੇ ਆਪ ਵਿਚ ਜ਼ਿੰਦਗੀ ਜਾਂ ਸਾਹਿਤ ਨਹੀਂ, ਇਵੇਂ ਹੀ ਸੰਕਲਪ ਵੀ ਜ਼ਿੰਦਗੀ ਜਾਂ ਸਾਹਿਤ ਨਹੀਂ। ਇਹ ਸੰਕਲਪਾਤਮਕ ਰੂਪ ਜ਼ਿੰਦਗੀ ਦਾ ਵਧੇਰੇ ਅਨੁਭਵ ਪ੍ਰਾਪਤ ਹੋਣ ਨਾਲ, ਬਦਲ ਜਾਂਦੇ ਹਨ ਜਾਂ ਗ਼ਲਤ ਸਾਬਤ ਹੋ ਜਾਂਦੇ ਹਨ ਅਤੇ ਇਨ੍ਹਾਂ ਦੀ ਥਾਂ ਤੇ ਨਵੇਂ ਸੰਕਲਪ ਆ ਜਾਂਦੇ ਹਨ ਪਰ ਇਨ੍ਹਾਂ ਰੂਪਾਂ ਰਾਹੀਂ ਜਿਹੜੀ ਜ਼ਿੰਦਗੀ ਪੇਸ਼ ਹੋ ਚੁੱਕੀ ਹੈ ਉਹ ਸਮਾਜਕ ਦਸਤਾਵੇਜ਼ ਬਣ ਜਾਂਦੀ ਹੈ। ਜਿਹੜੀ ਕਦੇ ਗ਼ਲਤ ਨਹੀਂ ਹੁੰਦੀ।*

***-ਡਾ. ਟੀ. ਆਰ. ਵਿਨੋਦ***






## 'ਕਾਲ ਕਥਾ' ਦੀ ਸਮਾਜਿਕ ਇਤਿਹਾਸਕਾਰੀ /- ਡਾ. ਗੁਰਮੇਲ ਸਿੰਘ

ਇਤਿਹਾਸਕ ਬਿਰਤਾਂਤ ਦੀ ਘਾੜਤ ਕਿਸੇ ਵੀ ਰਚਨਾਕਾਰ ਲਈ ਇਕ ਵੱਡੀ ਚੁਣੌਤੀ ਹੁੰਦੀ ਹੈ। ਅਨੁਭਵ ਸਿੱਧ ਗਲਪ ਦੀ ਸਿਰਜਣਾ ਦੇ ਮੁਕਾਬਲੇ ਇਸ ਵਿਚ ਰਚਨਾਕਾਰ ਨੂੰ ਦੂਹਰੀ ਮੁਸ਼ੱਕਤ ਕਰਨੀ ਪੈਂਦੀ ਹੈ। ਇਤਿਹਾਸਕ ਯਥਾਰਥ ਦੇ ਹਾਣ ਦੀ ਰਚਨਾਕਾਰੀ ਲਈ ਜਿਥੇ ਉਸਨੂੰ ਪ੍ਰਾਪਤ ਇਤਿਹਾਸਕ ਸਮੱਗਰੀ ਵਿਚੋਂ ਗੁਜ਼ਰਨਾ ਪੈਂਦਾ ਹੈ ਉਥੇ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਵਿਚੋਂ ਉਸ ਲੁਕੇ ਸੱਚ ਦੀ ਤਲਾਸ਼ ਕਰਨੀ ਪੈਂਦੀ ਹੈ ਜਿਸ ਦੇ ਸਿਰ ਤੇ ਨਾਵਲੀ ਯਥਾਰਥ ਉਸਰ ਸਕਦਾ ਹੋਵੇ। ਇਸ ਦੇ ਨਾਲ ਨਾਲ ਇਹ ਵੀ ਜ਼ਰੂਰੀ ਹੁੰਦਾ ਹੈ ਕਿ ਰਚਨਾਕਾਰ ਇਤਿਹਾਸਕ ਬਿਰਤਾਂਤ ਨੂੰ ਸਮੇਂ ਦੇ ਹਾਣ ਦਾ ਬਣਾ ਕੇ ਪੇਸ਼ ਕਰਨ ਦੇ ਸਮਰੱਥ ਹੋਵੇ।

ਇਸ ਸੰਬੰਧ ਵਿਚ ਵਿਚਾਰਨਯੋਗ ਹੈ ਕਿ ਇਤਿਹਾਸ ਪ੍ਰਤੀ ਸਾਧਾਰਨ ਮਨ ਦੀ ਪਹੁੰਚ ਲੋਕ ਵਿਸ਼ਵਾਸ ਤੇ ਟਿਕੀ ਹੁੰਦੀ ਹੈ ਅਤੇ ਲੋਕ ਮਨ ਨੂੰ ਸੇਧਿਤ ਕਰਨ ਵਾਲੀਆਂ ਸ਼ਕਤੀਆਂ ਦੇ ਆਪੋ ਆਪਣੇ ਮਨਸੂਬੇ ਹੁੰਦੇ ਹਨ। ਇਸੇ ਕਰਕੇ ਇਤਿਹਾਸ ਪ੍ਰਤੀ ਸਾਡੀ ਪਹੁੰਚ ਵਿਵੇਕਮਈ ਨਾ ਹੋ ਕੇ ਇਕ ਖਾਸ ਸੋਚ ਵਿਧੀ ਦੇ ਮੁਤਾਬਿਕ ਕਾਰਜਸ਼ੀਲ ਰਹਿੰਦੀ ਹੈ। ਇਸੇ ਕਰਕੇ ਜਿਥੇ ਇਤਿਹਾਸ ਦੇ ਲੇਖਨ ਨੂੰ ਜਾਨਣਾ ਸਮਝਣਾ ਇਕ ਚੁਣੌਤੀ ਭਰਿਆ ਕਾਰਜ ਬਣਿਆ ਹੋਇਆ ਹੈ ਉਥੇ ਇਤਿਹਾਸਕ ਗਲਪ ਦੀ ਸਿਰਜਣਾ ਵੀ ਘੱਟ ਚੁਣੌਤੀਪੂਰਨ ਨਹੀਂ ਹੈ।

ਲੰਮੇ ਸਮੇਂ ਪੰਜਾਬੀ ਇਤਿਹਾਸਕ ਨਾਵਲ ਦੀ ਪਿੱਠਭੂਮੀ ਸਿੱਖ ਇਤਿਹਾਸ ਬਣਿਆ ਰਹਿੰਦਾ ਹੈ। ਇਸ ਦਾ ਵੱਡਾ ਕਾਰਨ ਇਹ ਵੀ ਸੀ ਕਿ ਅਸੀਂ ਇਤਿਹਾਸਕ ਵਿਰਸੇ ਦੀ ਸ਼ਾਨੋਸ਼ੌਕਤ ਵਿਚ ਇਸ ਕਦਰ ਗੁਆਚ ਗਏ ਕਿ ਅਸੀਂ ਪੰਜਾਬ ਦੇ ਇਤਿਹਾਸ ਨੂੰ ਸਿੱਖ ਇਤਿਹਾਸ ਤਕ ਵੇਖਣ ਦੇ ਆਦੀ ਹੋ ਗਏ। ਆਧਨਿਕ ਚੇਤਨਾ ਦੀ ਪ੍ਰਕਿਰਿਆ ਵਿਚ ਪੰਜਾਬੀ ਨਾਵਲ ਦੀ ਪਿੱਠਭੂਮੀ ਨੇ ਕਰਵਟ ਲੈ ਕੇ 20ਵੀਂ ਸਦੀ ਦੀਆਂ ਰਾਜਨੀਤਕ ਲਹਿਰਾਂ ਦੇ ਇਤਿਹਾਸ ਨੂੰ ਅਤੇ ਨਾਲ ਦੀ ਨਾਲ ਕੌਮੀਂ ਤੇ ਕੌਮਾਂਤਰੀ ਜੰਗਾਂ ਦੇ ਰਾਜਨੀਤਕ ਇਤਿਹਾਸ ਵੱਲ ਰੁਖ ਕੀਤਾ ਹੈ।

ਇਸ ਵਰਤਾਰੇ ਵਿਚ ਮਨਮੋਹਨ ਬਾਵਾ ਦੇ ਆਉਣ ਨਾਲ ਪੰਜਾਬੀ ਇਤਿਹਾਸਕ ਨਾਵਲ ਦਾ ਦ੍ਰਿਸ਼ ਬਦਲਦਾ ਹੈ। ਉਸ ਦੀ ਵਿਲੱਖਣਤਾ ਇਹ ਹੈ ਕਿ ਉਸ ਨੇ ਪੰਜਾਬ ਦੇ ਰਾਜਨੀਤਕ ਇਤਿਹਾਸ ਦੇ ਘੇਰੇ ਨੂੰ ਵਸੀਹ ਕਰਨ ਦਾ ਯਤਨ ਕੀਤਾ ਹੈ। ਖਾਸ ਤੌਰ ਤੇ ਆਪਣੇ ਦੋ ਨਾਵਲਾਂ ਯੁੱਧ ਨਾਦ ਅਤੇ ਕਾਲ ਕਥਾ ਵਿਚ ਉਸਨੇ ਉਸ ਇਤਿਹਾਸਕ ਪਿੱਠਭੂਮੀ ਨੂੰ ਲਿਆ ਹੈ ਜੋ ਅੱਜ ਤਕ ਪੰਜਾਬੀ ਨਾਵਲ ਬਿਰਤਾਂਤ ਦਾ ਵਸਤੂ ਯਥਾਰਥ ਨਹੀਂ ਬਣਿਆ ਹੈ।

ਹਥਲੇ ਨਾਵਲ **'ਕਾਲ ਕਥਾ'** (**ਪ੍ਰਕਾਸ਼ਕ ਯੂਨੀਸਟਾਰ ਬੁੱਕ ਪ੍ਰਾ. ਲਿਮਟਡ, ਚੰਡੀਗੜ੍ਹ, ਮੁੱਲ 300, ਪੰਨੇ 388, ਸਾਲ 2016**) ਵਿਚ ਬਾਵਾ ਗਿਆਰਵੀਂ ਸਦੀ ਦੇ ਪੰਜਾਬ ਦੀਆਂ ਰਾਜਨੀਤਕ ਘਟਨਾਵਾਂ ਨੂੰ ਲੈ ਕੇ ਗਲਪੀ ਬਿਰਤਾਂਤ ਦੀ ਉਸਾਰੀ ਕਰਦਾ ਹੈ। ਇਸ ਇਤਿਹਾਸਕ ਕਾਲ ਦੀ ਲੋਕ ਆਸਥਾ ਦਾ ਬਿੰਬ ਇਹੀ ਹੈ ਕਿ ਇਸ ਵੇਲੇ ਹਿੰਦੁਸਤਾਨ ਉਤੇ ਮਹਿਮੂਦ ਗਜ਼ਨਵੀ ਨੇ ਸਤਾਰਾਂ ਹਮਲੇ ਕੀਤੇ। ਉਹ ਹਿੰਦੁਸਤਾਨ ਵਿਚ ਇਕ ਜ਼ਾਲਮ ਲੁਟੇਰਾ ਬਣ ਕੇ ਨਾ ਕੇਵਲ ਜਾਨੀ ਤੇ ਮਾਲੀ ਨੁਕਸਾਨ ਕਰਦਾ ਹੈ ਉਥੇ ਉਸਨੇ ਹਿੰਦੁਸਤਾਨ ਦੀ ਧਾਰਮਿਕ ਧਰੋਹਰ ਨੂੰ ਵੀ ਨਸ਼ਟ ਕੀਤਾ ਹੈ। ਇਸ ਇਤਿਹਾਸ ਦਾ ਲੋਕਭਾਵੀ ਸੱਚ ਇਹ ਵੀ ਹੈ ਕਿ ਪੰਜਾਬ ਦੇ ਜੁਝਾਰੂ ਲੋਕਾਂ ਨੇ ਮਹਿਮੂਦ ਦੀ ਗਜ਼ਨੀ ਵਾਪਸੀ ਦੇ ਮੌਕਿਆਂ ਉੱਤੇ ਉਸ ਨੂੰ ਛਾਪਾਮਾਰ ਹਮਲਿਆਂ ਨਾਲ ਪਰੇਸ਼ਾਨ ਕਰੀ ਰੱਖਿਆ ਤੇ ਲੁੱਟੀ ਦੌਲਤ ਅਤੇ ਗੁਲਾਮ ਮਰਦ ਔਰਤਾਂ ਨੂੰ ਆਜ਼ਾਦ ਕਰਵਾਇਆ।

ਇਸ ਲੋਕਭਾਵੀ ਇਤਿਹਾਸ ਦੇ ਉਪਰੋਕਤ ਬਿੰਬ ਨੇ ਪੰਜਾਬੀਆਂ ਨੂੰ ਆਪਣੀ ਵੀਰਤਾ ਤੇ ਗੌਰਵ ਵਿਚ ਹੀ ਸ਼ਾਂਤ ਕਰੀ ਰੱਖਿਆ। ਉਨ੍ਹਾਂ ਨੂੰ ਇਤਿਹਾਸ ਦੇ ਜਟਿਲ ਵਰਤਾਰੇ ਦੇ ਅੰਦਰਵਾਰ ਝਾਕਣ ਦਾ ਮੌਕਾ ਹੀ ਪ੍ਰਦਾਨ ਨਹੀਂ  ਕੀਤਾ। ਇਸੇ ਕਰਕੇ ਨਾ ਤਾਂ ਉਸ ਵੇਲੇ ਦੀ ਹਿੰਦੂਸ਼ਾਹੀ ਰਾਜਤੰਤਰ ਦੇ ਸਮਾਜਿਕ ਤੇ ਆਰਥਿਕ ਸ਼ੋਸ਼ਣ ਵਾਲੇ ਪਾਸੇ ਵੇਖਣ ਦਿੱਤਾ ਤੇ ਨਾ ਹੀ ਇਸ ਵਰਤਾਰੇ ਦੀ ਸਮਝ ਪੈਦਾ ਹੋਣ ਦਿੱਤੀ ਕਿ ਉਸ ਹਕੂਮਤ ਦੇ ਕੀ ਅੰਤਰ  ਵਿਰੋਧ ਸਨ ਜਿਨ੍ਹਾਂ ਕਰਕੇ ਮਹਿਮੂਦ ਗਜ਼ਨੀ 17 ਹਮਲੇ ਕਰ ਜਾਂਦਾ ਹੈ ? ਮਨਮੋਹਨ ਬਾਵਾ ਨੇ ਇਸ ਮੂਰਛਿਤ ਇਤਿਹਾਸ ਨੂੰ ਉਠਾ ਕੇ ਨਾ ਕੇਵਲ ਇਤਿਹਾਸ ਨੂੰ ਵੇਖਣ ਸਮਝਣ ਦੀ ਸੂਝ ਦ੍ਰਿਸ਼ਟੀ ਦਾ ਮੌਕਾ ਦਿੱਤਾ ਸਗੋਂ ਇਸ ਵਸਤੂ ਯਥਾਰਥ ਨੂੰ ਗਲਪੀ ਬਿਰਤਾਂਤ ਵਿਚ ਬਾਕਮਾਲ ਵਰਤ ਕੇ ਪੰਜਾਬੀ ਇਤਿਹਾਸਕ ਨਾਵਲ ਦੇ ਗਲਪੀ ਵਿਵੇਕ ਨੂੰ ਗਹਿਰਾਈ ਦਿੱਤੀ ਹੈ।

ਰਚਨਾਕਾਰ ਇਸ ਰਾਜਨੀਤਕ ਘਟਨਾਕ੍ਰਮ ਨੂੰ ਨਾਵਲੀ ਬਿਰਤਾਂਤ ਵਿਚ ਢਾਲਣ ਦੇ ਲਈ ਜੋ ਕਥਾਨਕ ਉਸਾਰਦਾ ਹੈ ਉਸ ਵਿਚ ਇਕ ਪਾਸੇ ਸੁਬਕਤਗੀਨ ਦਾ ਪੁੱਤਰ ਮਹਿਮੂਦ ਗਜ਼ਨਵੀ ਤੇ ਦੂਜੇ ਪਾਸੇ ਹਿੰਦੂਸ਼ਾਹੀ ਰਾਜਾ ਜੈਪਾਲ ਦਾ ਪੁੱਤਰ ਆਨੰਦਪਾਲ ਹੈ। ਜਿਥੇ ਗਜ਼ਨਵੀ ਦਾ ਰਾਜਸੀ ਖੇਤਰ ਖੁਰਾਸਾਨ, ਬਾਮੀਆ, ਗਜ਼ਨੀ, ਕੰਧਾਰ ਤੇ ਕੋਹ ਸੁਲੇਮਾਨ ਤੱਕ ਹੈ ਉਥੇ ਰਾਜਾ ਆਨੰਦਪਾਲ ਦਾ ਰਾਜਸੀ ਖੇਤਰ ਸਿੰਧ ਦੇ ਇਸ ਪਾਰ ਭੱਟਿਕਾ(ਬਠਿੰਡਾ), ਲਾਹੌਰਾ, ਭੇਰਾ, ਨੰਦਨਾ ਤੇ ਵੇਹਿੰਦ ਤੱਕ ਫੈਲਿਆ ਹੋਇਆ ਹੈ।(ਪੁਰਾਤਨ ਨਾਵਾਂ ਥਾਵਾਂ ਵਾਲੇ ਇਸ ਖੇਤਰ ਨੂੰ ਜਾਨਣ ਪਛਾਨਣ ਦੇ ਲਈ ਨਾਵਲਕਾਰ ਨੇ ਨਕਸ਼ੇ ਵੀ ਆਪ ਤਿਆਰ ਕਰਕੇ ਦਿੱਤੇ ਹਨ) ਰਾਜਾਸ਼ਾਹੀ ਦੇ ਆਪਣੀ ਹੋਂਦ ਤੇ ਹਸਤੀ ਨੂੰ ਬਰਕਰਾਰ ਰੱਖਣ ਦੇ ਜੋ ਰਾਜਸੀ, ਆਰਥਿਕ ਤੇ ਧਾਰਮਿਕ ਮਸਲੇ ਦਰਪੇਸ਼ ਸਨ ਉਨ੍ਹਾਂ ਵਿਚੋਂ ਸਭ ਤੋਂ ਅਹਿਮ ਮਸਲਾ ਕਮਜ਼ੋਰ ਮੁਲਕਾਂ ਤੇ ਖਿਤਿਆਂ ਨੂੰ ਨਿਸ਼ਾਨਾ ਬਣਾ ਕੇ ਵੱਧ ਤੋਂ ਵੱਧ ਧਨ ਦੌਲਤ ਅਤੇ ਗੁਲਾਮਾਂ ਨੂੰ ਆਪਣੇ ਅਧੀਨ ਕੀਤਾ ਜਾਵੇ ਤੇ ਆਪਣੇ ਰਾਜ ਦੀਆਂ ਨੀਹਾਂ ਤੇ ਹੱਦਾਂ ਨੂੰ ਮਜਬੂਤ ਕੀਤਾ ਜਾਵੇ। ਇਸੇ ਕਰਕੇ ਰਾਜਾਸ਼ਾਹੀ ਵਿਵਸਥਾ ਵਿਚ ਲਗਾਤਾਰ ਯੁੱਧਾਂ ਤੇ ਰਾਜ ਪਲਟਿਆਂ ਦਾ ਮਾਹੌਲ ਬਣਿਆ ਰਹਿੰਦਾ ਸੀ। ਇਸੇ ਕੇਂਦਰੀ ਬਿੰਦੂ ਉੱਤੇ ਟਿਕੀਆਂ ਦੋਵਾਂ ਰਾਜਾਸ਼ਾਹੀਆਂ ਦੀਆਂ ਲੁੱਟਾਂ ਤੇ ਲਾਲਸਾਵਾਂ ਨੂੰ ਨਾਵਲਕਾਰ ਇਸ ਕਾਲ ਕਥਾ ਦੀ ਗਲਪੀ ਉਸਾਰੀ ਲਈ ਚੁਣਦਾ ਹੈ।ਰਾਜਾ ਆਨੰਦਪਾਲ ਮਹਿਮੂਦ ਦੀ ਵਧਦੀ ਸ਼ਕਤੀ ਦੇ ਡਰ ਕਾਰਨ ਆਪਣੇ ਅਧੀਨ ਰਾਜਿਆਂ ਨੂੰ ਸਤਰਕ ਕਰਕੇ  ਆਪਣੀ ਸ਼ਕਤੀ ਨੂੰ ਇਕਮੁੱਠ ਕਰਨ ਲਈ ਯਤਨਸ਼ੀਲ ਦਿਖਾਈ ਦਿੰਦਾ ਹੈ। ਦੂਜੇ ਪਾਸੇ ਮਹਿਮੂਦ ਨੂੰ ਵੀ ਆਪਣੀ ਰਾਜਸੀ ਸੱਤਾ ਨੂੰ ਬਰਕਰਾਰ ਰੱਖਣ ਦੇ ਲਈ ਅਤੇ ਆਸਪਾਸ ਦੇ ਖੇਤਰਾਂ ਵਿਚੋਂ ਉੱਠ ਰਹੀਆਂ ਬਗਾਵਤਾਂ ਨੂੰ ਦਬਾਉਣ ਦੇ ਲਈ ਧਨ ਦੌਲਤ ਤੇ ਵੱਡੀ ਫ਼ੌਜੀ ਸ਼ਕਤੀ ਨੂੰ ਇਕੱਤਰ ਕਰਨ ਦੀ ਡਾਢੀ ਲੋੜ ਸੀ ਇਸੇ ਕਰਕੇ ਉਸਨੇ ਹਿੰਦੁਸਤਾਨ ਨੂੰ ਲੁੱਟ ਖਸੁੱਟ ਦਾ ਸੌਖਾ ਕੇਂਦਰ ਸਮਝ ਕੇ ਲਗਾਤਾਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਨਾਵਲਕਾਰ ਨੇ ਰਾਜਾਸ਼ਾਹੀ ਦੀਆਂ ਜੰਗੀ ਲੋੜਾਂ ਦੇ ਰਾਜਨੀਤਕ ਤੇ ਇਤਿਹਾਸਕ ਯਥਾਰਥ ਵਿਚੋਂ ਇਸ ਮਸਲੇ ਨੂੰ ਸਮਝ ਕੇ ਉਸਾਰਨ ਦਾ ਯਤਨ ਕੀਤਾ ਹੈ।

ਇਸ ਨਾਵਲੀ ਬਿਰਤਾਂਤ ਵਿਚ ਲੇਖਕ ਨੇ ਤੱਤਕਾਲੀ ਰਾਜਸੀ ਇਤਿਹਾਸ ਨੂੰ ਜਾਨਣ ਸਮਝਣ ਦੇ



ਲਈ ਲਿਖਤੀ ਇਤਿਹਾਸਕ ਸ੍ਰੋਤਾਂ / ਪੁਸਤਕਾਂ ਦਾ ਅਧਿਐਨ ਕੀਤਾ ਹੈ। ਪਰੰਤੂ ਇਸ ਗੱਲ ਨੂੰ ਵੀ ਦੇਖਣਾ ਬਣਦਾ ਹੈ ਕਿ ਨਾਵਲੀ ਬਿਰਤਾਂਤ ਵਿਚ ਰੂਪਾਂਤਰਿਤ ਤੱਤਕਾਲੀ ਇਤਿਹਾਸ ਦੇ ਦ੍ਰਿਸ਼ਾਂ, ਨਾਵਾਂ ਥਾਵਾਂ ਤੇ ਭੂਗੋਲਿਕ ਵਾਤਾਵਰਣ ਦੇ ਸਜੀਵ ਚਿਤਰਣ ਦੇ ਪਿਛੇ ਉਸਦਾ ਅਣਗਾਹੀਆਂ ਥਾਵਾਂ ਦੀ ਯਾਤਰਾ ਕਰਨ ਦਾ ਸ਼ੌਕ ਕੰਮ ਕਰਦਾ ਹੈ। ਵਿਚਾਰਨ ਵਾਲਾ ਮੁੱਦਾ ਇਹ ਵੀ ਹੈ ਕਿ ਨਾਵਲਕਾਰ ਪ੍ਰਾਪਤ ਇਤਿਹਾਸ ਵਿਚੋਂ ਕਿਨ੍ਹਾਂ ਇਤਿਹਾਸਕ ਮਸਲਿਆਂ ਨੂੰ ਛੂਹਣਾ ਚਾਹੁੰਦਾ ਹੈ? ਇਸ ਦੀ ਪੁਨਰ ਸਿਰਜਣਕਾਰੀ ਪਿੱਛੇ ਉਸਦਾ ਕੀ ਮੰਤਵ ਹੈ ? ਉਸ ਦੀ ਵਿਚਾਰਧਾਰਕ ਪਹੁੰਚ ਜਾਂ ਨਜ਼ਰੀਆ ਕੀ ਹੈ ? ਦੇਖਿਆ ਜਾਵੇ ਤਾਂ ਇਥੇ ਨਾਵਲਕਾਰ ਸੁਚੇਤ ਰੂਪ ਵਿਚ ਇਤਿਹਾਸ ਦੀ ਬਾਹਰਮੁਖੀ ਤੇ ਯਥਾਰਥਕ ਦ੍ਰਿਸ਼ਟੀ ਤੋਂ ਸਮਝ ਤਿਆਰ ਕਰਦਾ ਹੈ। ਇਸ ਸਮਝ ਵਿਚੋਂ ਉਤਪੰਨ ਦੋ ਤਿੰਨ ਬਿੰਦੂਆਂ ਉੱਤੇ ਲੇਖਕ ਵੱਧ ਕੇਂਦਰਿਤ ਕਰਨਾ ਚਾਹੁੰਦਾ ਹੈ। ਧਰਮ, ਔਰਤ ਅਤੇ ਦਲਿਤ ਜਾਤੀ ਨਾਲ ਸੰਬੰਧਿਤ ਇਹ ਮਸਲੇ ਭਾਰਤੀ ਸਮਾਜਕ ਵਿਵਸਥਾ ਵਿਚ ਅੱਜ ਵੀ ਪ੍ਰਸੰਗਿਕ ਬਣੇ ਹੋਏ ਹਨ। ਰਚਨਾਕਾਰ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਇਨ੍ਹਾਂ ਮੁੱਦਿਆਂ ਨੂੰ ਸਹਿਜ ਰੂਪ ਵਿਚ ਬਿਰਤਾਂਤਕ ਤੋਰ ਦਾ ਹਿੱਸਾ ਬਣਾਕੇ ਰੱਖੇ ਨਾ ਕਿ ਇਨ੍ਹਾਂ ਮੁੱਦਿਆਂ ਪ੍ਰਤੀ ਉਲਾਰ ਹੋ ਕੇ ਗਲਪੀ ਕਥਾ ਦੇ ਸਮਾਨਾਂਤਰ ਮੁੱਦਿਆਂ ਦੀ ਰਾਜਨੀਤੀ ਦਾ ਸ਼ਿਕਾਰ ਹੋ ਜਾਵੇ।

ਮਨਮੋਹਨ ਬਾਵਾ ਉਪਰੋਕਤ ਮੁੱਦਿਆਂ ਨੂੰ ਰਾਜਨੀਤਕ ਇਤਿਹਾਸ ਦੇ ਜੀਵੰਤ ਮਸਲਿਆਂ ਦੇ ਰੂਪ ਵਿਚ ਗਲਪੀ ਕਥਾ ਵਿਚ ਉਸਾਰਦਾ ਹੈ। ਧਰਮ ਦੀ ਰਾਜਨੀਤੀ ਦੇ ਪਹਿਲੇ ਮਸਲੇ ਨੂੰ ਉਠਾਉਂਦਾ ਲੇਖਕ ਇਸ ਨੂੰ ਰਾਜਾ ਆਨੰਦਪਾਲ ਦੀ ਚੇਤਨਾ ਵਿਚੋਂ ਉਭਾਰਦਾ ਹੈ। ਮਹਿਮੂਦ ਹਿੰਦੁਸਤਾਨ ਨੂੰ ਇਕ ਕਮਜ਼ੋਰ ਖਿੱਤਾ ਸਮਝ ਕੇ ਲੁੱਟ ਦਾ ਕੇਂਦਰ ਕਿਉਂ ਬਣਾ ਲੈਂਦਾ ਹੈ ? ਰਾਜਾ ਆਨੰਦਪਾਲ ਨੂੰ ਇਹ ਸਮਝ ਆ ਜਾਂਦੀ ਹੈ ਕਿ ਉਸ ਦੇ ਪਿਉ ਵੱਲੋਂ ਬ੍ਰਾਹਮਣਾਂ ਦੇ ਇਸ਼ਾਰੇ ਤੇ ਆਲੀਸ਼ਾਨ ਮੰਦਰ ਬਣਾਉਣ ਦਾ ਸਿਲਸਿਲਾ ਰਾਜ ਦੇ ਖਜ਼ਾਨੇ ਨੂੰ ਲੁਟਾਉਣ ਦਾ ਕਾਰਨ ਬਣ ਰਿਹਾ ਹੈ ਜਦਕਿ ਇਸ ਦੌਲਤ ਨਾਲ ਜੰਗੀ ਹਥਿਆਰ ਬਣਾਕੇ ਫੌਜੀ ਤਾਕਤ ਨੂੰ ਮਜਬੂਤ ਕੀਤਾ ਜਾ ਸਕਦਾ ਹੈ। ਰਾਜਾ ਆਨੰਦਪਾਲ ਇਸ ਸਥਿਤੀ ਨੂੰ ਜਾਣਦਾ ਹੋਇਆ ਵੀ ਇਸ ਦੇ ਵਿਰੁੱਧ ਨਹੀਂ ਜਾਂਦਾ ਕਿਉਂਕਿ ਬ੍ਰਾਹਮਣ ਜਮਾਤ ਨੇ ਸਨਾਤਨੀ ਧਰਮ ਦੇ ਇਸ ਵਰਤਾਰੇ ਨੂੰ ਲੋਕ ਚੇਤਨਾ ਤੇ ਲੋਕ ਸਵੀਕ੍ਰਿਤੀ ਦਾ ਉੱਤਮ ਆਦਰਸ਼ ਬਣਾ ਦਿੱਤਾ ਹੋਇਆ ਸੀ। ਰਾਜਾਸ਼ਾਹੀ ਤੰਤਰ ਦੀ ਸਲਾਮਤੀ ਲਈ ਇਸ ਵਰਤਾਰੇ ਨੂੰ ਚੱਲਦਾ ਰੱਖਣਾ ਜ਼ਰੂਰੀ ਹੈ। ਜਦਕਿ ਬ੍ਰਾਹਮਣਵਾਦੀ ਸੱਤਾ ਰਾਜ ਸੱਤਾ ਨੂੰ ਇਕ ਮੋਹਰੇ ਦੇ ਰੂਪ ਵਿਚ ਚਲਾ ਰਹੀ ਹੁੰਦੀ ਹੈ। ਇਸ ਤਰ੍ਹਾਂ ਰਚਨਾਕਾਰ ਧਰਮ ਅਤੇ ਰਾਜ ਸੱਤਾ ਦੇ ਗੱਠਜੋੜ ਦੀ ਸਿਆਸਤ ਨੂੰ ਬਾਖੂਬੀ ਚਿਤਰਤ ਕਰਦਾ ਹੈ।

ਇਸ ਨਾਵਲੀ ਬਿਰਤਾਂਤ ਦਾ ਦੂਜਾ ਵਿਚਾਰਧਾਰਕ ਮੁੱਦਾ ਰਾਜਾਸ਼ਾਹੀ ਅਤੇ ਬ੍ਰਾਹਮਣਵਾਦੀ ਗੱਠਜੋੜ ਦੀ ਉਸ ਸ਼ਾਜਿਸ਼ ਦਾ ਹੈ ਜਿਸਨੇ ਔਰਤ ਦੇ ਜਿਸਮਾਨੀ ਸ਼ੋਸ਼ਣ ਨੂੰ ਧਾਰਮਿਕ ਮਾਨਤਾ ਅਧੀਨ ਆਪਣੇ ਸੁਆਰਥ ਲਈ ਰਾਖਵਾਂ ਬਣਾ ਲਿਆ ਹੋਇਆ ਸੀ। ਬ੍ਰਾਹਮਣਵਾਦੀ ਸੱਤਾ ਰਾਹੀਂ ਸੰਚਾਲਿਤ ਰਾਜਾਸ਼ਾਹੀ ਅੰਦਰ ਭਾਵੇਂ ਸਧਾਰਨ ਮਨੁੱਖ ਦੇ ਹੱਕ ਅਸੁਰੱਖਿਅਤ ਹੋਣੇ ਸੁਭਾਵਿਕ ਹਨ ਪਰੰਤੂ ਪੁਰਾਤਨ ਭਾਰਤੀ ਸਮਾਜ ਵਿਚ ਔਰਤ ਦੇ ਹਿੱਤਾਂ ਦਾ ਸਭ ਤੋਂ ਵੱਧ ਘਾਣ ਹੋਇਆ ਹੈ। ਇਸ ਵਰਤਾਰੇ ਦਾ ਇਕ ਪਹਿਲੂ ਦੇਵਦਾਸੀ ਪ੍ਰੰਪਰਾ ਵਿਚ ਦੇਖਣ ਨੂੰ ਮਿਲਦਾ ਹੈ। ਇਸਦਾ ਹਕੀਕੀ ਪੱਖ ਇਹ ਸੀ ਕਿ ਮੰਦਰਾਂ ਵਿਚ ਬ੍ਰਾਹਮਣ ਪੁਜਾਰੀਆਂ ਦੀ ਜਿਨਸੀ ਭੁੱਖ ਨੂੰ ਤ੍ਰਿਪਤ ਕਰਨ ਲਈ ਇਹ ਸ਼ੜਯੰਤਰ ਰਚਿਆ ਗਿਆ ਕਿ ਸਾਧਨਹੀਣ ਵਰਗ ਦੀ ਕੰਨਿਆ ਨੂੰ ਦੇਵਤਾ ਅੱਗੇ ਸਮਰਪਿਤ ਕਰਕੇ ਹੀ ਦੇਵਤੇ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ ਜਿਸ ਨਾਲ ਇਹ ਲੋਕ ਅਤੇ ਪਾਰ ਲੋਕ ਦੇ ਸੰਕਟਾਂ ਤੇ ਬਿਪਤਾਵਾਂ ਤੋਂ ਬਚਿਆ ਜਾ ਸਕਦਾ ਹੈ।

ਬ੍ਰਾਹਮਣਵਾਦੀ ਵਿਚਾਰਧਾਰਾ ਦੁਆਰਾ ਸੰਚਾਲਿਤ ਰਾਜਾਸ਼ਾਹੀ ਦੇ ਇਸ ਸ਼ਾਜਿਸ਼ੀ ਤੰਤਰ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਉਣ ਦੇ ਲਈ ਬਾਵਾ ਸੁਰਾਪ੍ਰਭਾ ਨਾਂ ਦੀ ਇਕ ਦੇਵਦਾਸੀ ਨੂੰ ਪ੍ਰਤੀਨਿਧ ਪਾਤਰ ਦੇ ਰੂਪ ਵਿਚ ਸਿਰਜਦਾ ਹੈ। ਲਾਚਾਰ ਤੇ ਬੇਸਹਾਰਾ ਹੋਣ ਕਰਕੇ ਸੁਰਾਪ੍ਰਭਾ ਦੀ ਮਾਂ ਬਚਪਨ ਵਿਚ ਹੀ ਉਸਨੂੰ

ਮੰਦਰ ਦੀ ਭੇਂਟ ਚੜ੍ਹਾ ਦਿੰਦੀ ਹੈ ਜਿਥੇ ਉਸਨੂੰ ਬਚਪਨ ਤੋਂ ਹੀ ਦੇਵਦਾਸੀ ਬਣਨ ਦੀ ਜ਼ਾਲਮ ਪ੍ਰਕਿਰਿਆ ਵਿਚੋਂ ਲੰਘਣਾ ਪੈਂਦਾ ਹੈ। ਖ਼ੂਬਸੂਰਤੀ ਤੇ ਨ੍ਰਿਤਕਾਰੀ ਵਿਚ ਪ੍ਰਬੀਨ ਹੋਣ ਕਾਰਨ ਉਸਨੂੰ ਹਾਸਿਲ ਕਰਨ ਲਈ ਜਿਥੇ ਕਈ ਦੌਲਤਮੰਦ ਲੋਕ ਲੱਗੇ ਹੋਏ ਹਨ ਉਥੇ ਮਹਿਮੂਦ ਦਾ ਸੈਨਾਪਤੀ ਹਸਨਕ ਵੀ ਇਸ ਕੋਸ਼ਿਸ਼ ਵਿਚ ਹੈ ਕਿ ਇਸ ਨਾਯਾਬ ਵਸਤੂ ਨੂੰ ਮਹਿਮੂਦ ਅੱਗੇ ਭੇਂਟ ਕਰਕੇ ਮੈਂ ਰਾਜੇ ਦੀਆਂ ਨਜ਼ਰਾਂ ਵਿਚ ਕਾਬਲ ਸੈਨਾਪਤੀ ਬਣ ਸਕਦਾ ਹਾਂ। ਜਦਕਿ ਸੁਰਾਪ੍ਰਭਾ ਆਪਣੀ ਕਾਬਲੀਅਤ ਅਤੇ ਬਹਾਦਰੀ ਕਰਕੇ ਅਜਿਹੀਆਂ ਸ਼ਾਜਿਸ਼ਾਂ ਵਿਚੋਂ ਬਚਕੇ ਨਿਕਲਦੀ ਹੋਈ ਅੰਤ ਰਾਜਾ ਆਨੰਦਪਾਲ ਜਿਸ ਨੂੰ ਉਹ ਦਿਲੋਂ ਪਿਆਰ ਕਰਦੀ ਹੈ ਦੀ ਰਾਣੀ ਬਣ ਜਾਂਦੀ ਹੈ।

ਇਸ ਕਥਾ ਦੇ ਆਰਪਾਰ ਲੇਖਕ ਦੇਵਦਾਸੀ ਪ੍ਰੰਪਰਾ ਦੇ ਚਲਨ ਨੂੰ ਕਾਟੇ ਹੇਠ ਲਿਆਉਣਾ ਚਾਹੁੰਦਾ ਹੈ। ਮੰਦਰਾਂ ਵਿਚ ਦੇਵਦਾਸੀ ਪ੍ਰੰਪਰਾ ਦੇ ਇਤਿਹਾਸਕ ਤੱਥ ਦੇ ਹਵਾਲੇ ਨਾਲ ਲੇਖਕ ਲਿਖਦਾ ਹੈ; ਭੌਟਿਕਾ ਦੇ ਇਸ ਮੰਦਰ ਵਿਚ ਹਰ ਪ੍ਰਕਾਰ ਦੀਆਂ ਤਕਰੀਬਨ ਚਾਰ ਸੌ ਦੇਵਦਾਸੀਆਂ ਸਨ:ਇਕ ਉਹ ਜਿਨ੍ਹਾਂ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਦੇਵ ਅਰਪਣ ਕੀਤਾ ਹੋਵੇ। ਵਿਕਰੀਤਾ ਨਾਂ ਦੀ ਦਾਸੀ ਉਹ ਜਿਸ ਨੂੰ ਉਸ ਦੇ ਮਾਂ-ਬਾਪ ਜਾਂ ਕਿਸੇ ਨੇ ਮੰਦਰ ਨੂੰ ਵੇਚ ਦਿੱਤਾ ਹੋਵੇ। ਭ੍ਰਤਆ ਉਹ ਜੋ ਆਪਣੇ ਪਰਿਵਾਰ ਦੀ ਮਾਇਕ ਸਹਾਇਤਾ ਲਈ ਵੇਤਨ ਲੈ ਕੇ ਨ੍ਰਿਤ ਜਾਂ ਸੇਵਾ ਕਰਦੀਆਂ ਹੋਣ। ਇਕ ਉਹ ਜਿਸ ਨੇ ਕਿਸੇ ਸ਼ਰਧਾ ਨਾਲ ਪ੍ਰਰਿਤ ਹੋ ਕੇ ਆਪਣੇ ਆਪ ਪ੍ਰਵੇਸ਼ ਕੀਤਾ ਹੋਵੇ,ਉਸ ਨੂੰ ਭਗਤਾ ਕਰਕੇ ਸੰਬੋਧਿਤ ਕੀਤਾ ਜਾਂਦਾ ਸੀ। ਕਿਸੇ ਪ੍ਰਲੋਭਨ, ਲਾਲਚ ਚ ਪੈ ਕੇ ਜਾਂ ਕਿਸੇ ਦੇ ਫੁਸਲਾਵੇ ਵਿਚ ਆ ਕੇ ਮੰਦਰ ਨੂੰ ਅਰਪਿਤ ਹੋਣ ਵਾਲੀਆਂ ਹੀਤਾ ਕਹਾਉਂਦੀਆਂ ਸਨ। ਅਲੰਕ੍ਰਿਤਾ ਉਹ ਜੋ ਨ੍ਰਿਤ-ਸੰਗੀਤ ਸ਼ਿਕਸ਼ਾ ਤੋਂ ਸੰਪੰਨ ਅਤੇ ਵਸਤਰ ਅਲੰਕਾਰਾਂ ਨਾਲ ਸਜਾ ਕੇ ਰਾਜਿਆਂ-ਮਹਾਰਾਜਿਆਂ, ਸਾਮੰਤਾਂ ਵੱਲੋਂ ਦੇਵ ਅਰਪਿਤ ਕੀਤੀਆਂ ਗਈਆਂ ਹੋਣ। ਇਨ੍ਹਾਂ ਸੱਤ ਪ੍ਰਕਾਰਾਂ ਦੇ ਇਲਾਵਾ ਸੁਰਾਪ੍ਰਭਾ ਵਾਂਗ ਵੀ ਕਈ ਦੇਵਦਾਸੀਆਂ ਸਨ ਜਿਨ੍ਹਾਂ ਨੂੰ ਉਨ੍ਹਾਂ ਦੇ ਮਾਤਾ ਪਿਤਾ ਕਿਸੇ ਮਜਬੂਰੀ ਜਾਂ ਸ਼ਰਧਾ ਕਾਰਨ ਦੇਵ ਅਰਪਿਤ ਕਰ ਜਾਂਦੇ ਸਨ।

ਇਸ ਤਰ੍ਹਾਂ ਰਚਨਾਕਾਰ ਦੇਵ ਦਾਸੀ ਪ੍ਰੰਪਰਾ ਦੀ ਹਕੀਕਤ ਨੂੰ ਇਤਿਹਾਸਕ ਹਵਾਲਿਆਂ ਨਾਲ ਜ਼ਾਹਰ ਕਰਨਾ ਚਾਹੁੰਦਾ ਹੈ। ਇਸੇ ਤਰ੍ਹਾਂ ਲੇਖਕ ਔਰਤ ਦਮਨ ਦੀ ਕਾਲ ਕਥਾ ਨੂੰ ਰਾਜਘਰਾਣਿਆਂ ਦੀਆਂ ਰਾਣੀਆਂ ਦੀ ਮਨੋਅਵਸਥਾ ਵਿਚੋਂ ਵੀ ਪਾਸਾਰ ਦੇਣਾ ਚਾਹੁੰਦਾ ਹੈ। ਰਾਜਾਸ਼ਾਹੀ ਅੰਦਰ ਜਿਥੇ ਸਧਾਰਨ ਔਰਤ ਦੇ ਉਤਪੀੜਨ ਦੀ ਪ੍ਰੰਪਰਾ ਨੂੰ ਧਰਮ ਦੀ ਸੱਤਾ ਦੇ ਰਾਹੀਂ ਸੰਚਾਲਿਤ ਕੀਤਾ ਜਾਂਦਾ ਸੀ ਉਥੇ ਉੱਚ ਵਰਗ ਦੀਆਂ ਇਹ ਔਰਤਾਂ ਵੀ ਆਤਮਿਕ ਤੇ ਭਾਵਨਾਤਮਿਕ ਸੱਖਣੇਪਣ ਕਾਰਨ ਸੰਤਾਪ ਹੰਢਾਉਂਦੀਆਂ ਦਿਖਾਈ ਦਿੰਦੀਆਂ ਹਨ। ਵਿਧਵਾ ਹੋਣ ਦੀ ਸੂਰਤ ਵਿਚ ਰਾਣੀ ਵਿਤਸਤਾ ਦਾ ਸੁੰਨਾਪਣ, ਵਿਜੈਰਾਏ ਦੀ ਪਤਨੀ ਬਾਲ ਚੰਦ੍ਰਿਕਾ ਦਾ ਆਪਣੇ ਪਤੀ ਦੀਆਂ ਵਿਭਚਾਰੀ ਰੁੱਚੀਆਂ ਨੂੰ ਦੇਖ ਕੇ ਆਹਿਤ ਹੋਣਾ, ਆਨੰਦਪਾਲ ਦੀ ਪਤਨੀ ਦੇਵ ਮਾਇਆ ਦੀ ਅਧੂਰੀ ਕਾਮਨਾ ਨੂੰ ਲੈ ਕੇ ਰਚਨਾਕਾਰ ਔਰਤ ਦਮਨ ਦੀ ਗਾਥਾ ਨੂੰ ਵਿਸਥਾਰ ਦੇਣਾ ਚਾਹੁੰਦਾ ਹੈ। ਇਸ ਪ੍ਰਸੰਗ ਵਿਚ ਰਾਣੀ ਵਿਤਸਤਾ ਤੇ ਆਨੰਦਪਾਲ ਦੇ ਸੰਬਾਦ ਨੂੰ ਦੇਖਿਆ ਜਾ ਸਕਦਾ ਹੈ: "ਪਰ ਤੁਸੀਂ ਕਦੇ ਰਾਜਪੂਤ ਰਾਜਕੁਮਾਰੀਆਂ ਬਾਰੇ ਵੀ ਸੋਚਿਆ ਹੈ? ਜੇ ਉਹ ਜੰਮਦੀਆਂ ਹੀ ਨਾ ਮਾਰ ਦਿੱਤੀਆਂ ਜਾਣ ਤਾਂ ਜੀਉਂਦੀਆਂ ਹਨ ਰਾਜਨੀਤੀ ਦੇ ਵਪਾਰ ਦੀ ਇਕ ਵਸਤੂ ਦੇ ਰੂਪ ਵਿਚ ਜਾਂ ਫੇਰ ਸਤੀ ਹੋਣ ਤੋਂ ਬਾਅਦ ਆਪਣੇ ਸਵਰਗਵਾਸੀ ਪਤੀ ਦੀ ਸਵਰਗ ਵਿਚ ਸੇਵਾ ਕਰਨ ਲਈ।" ਇਸੇ ਤਰ੍ਹਾਂ ਇਕ ਹੋਰ ਸੰਬਾਦ,"ਕੀ ਤੁਸੀਂ ਭਰ ਸਕਦੇ ਹੋ ਮੇਰੇ ਸੁੰਨੇ ਅਪੂਰਨ ਜੀਵਨ ਨੂੰ? ਤੁਹਾਡੀ ਇਕ ਪਤਨੀ ਦਾ ਦੇਹਾਂਤ ਹੋ ਗਿਆ, ਦੂਸਰੀ ਆ ਗਈ। ਰਖੇਲਾਂ ਰੱਖ ਸਕਦੇ ਹੋ...। ਹੋਰ ਵਿਆਹ ਵੀ ਕਰਾ ਸਕਦੇ ਹੋ...। ਪਰ ਕੀ ਤੁਸੀਂ ਮੈਨੂੰ ਇਕ ਵਿਧਵਾ ਨੂੰ ਪਰਵਾਨ ਕਰ ਸਕਦੇ ਹੋ?"

ਕਾਲ ਕਥਾ ਨਾਵਲ ਵਿਚ ਦ੍ਰਿਸ਼ਟੀਮੂਲਕ ਮੁੱਦਿਆਂ ਵਿਚ ਦਲਿਤ ਦਾ ਮਸਲਾ ਸਭ ਤੋਂ ਅਹਿਮ ਹੈ। ਪੰਜਾਬੀ ਗਲਪ ਬਿਰਤਾਂਤ ਵਿਚ ਇਹ ਵਿਸ਼ਾ ਨਵਾਂ ਨਹੀਂ ਰਿਹਾ। ਭਾਰਤੀ ਸਮਾਜ ਵਿਚ ਦਲਿਤ ਉਤਪੀੜਨ



ਦੇ ਅਨੇਕਾਂ ਬਿਰਤਾਂਤ ਪੰਜਾਬੀ ਸਵੈ ਜੀਵਨੀ ਸਾਹਿਤ ਅਤੇ ਹੋਰਨਾਂ ਸਾਹਿਤ ਵਿਧਾਵਾਂ ਵਿਚ ਸਾਹਮਣੇ ਆ ਚੁੱਕੇ ਹਨ ਪਰੰਤੂ ਮਨਮੋਹਨ ਬਾਵਾ ਇਸ ਦੀ ਨਵੀਂ ਪਰਤ ਨੂੰ ਇਤਿਹਾਸਕ ਤੇ ਰਾਜਨੀਤਕ ਸੰਦਰਭ ਵਿਚ ਸਾਹਮਣੇ ਲਿਆਉਂਣਾ ਚਾਹੁੰਦਾ ਹੈ। ਨਾਵਲ ਦੇ ਕਥਾਨਕ ਅੰਦਰ ਗਿਆਰਵੀਂ ਸਦੀ ਦੇ ਭਾਰਤ ਦੀ ਰਾਜਸੀ ਤੇ ਧਾਰਮਿਕ ਸੱਤਾ ਉੱਤੇ ਹਿੰਦੂਸ਼ਾਹੀ ਦਾ ਕਬਜ਼ਾ ਸੀ। ਜਿਸ ਨੇ ਖਾਸ ਤੌਰ ਤੇ ਦਲਿਤ ਨੂੰ ਦਬੇਲ ਬਣਾਈ ਰੱਖਣ ਦੇ ਲਈ ਉਸ ਨੂੰ ਨਾ ਕੇਵਲ ਇਕ ਨੀਚ ਸਮਝੇ ਜਾਣ ਵਾਲੇ ਕਿੱਤੇ ਤੱਕ ਸੀਮਤ ਕਰ ਦਿੱਤਾ ਬਲਕਿ ਉਸ ਲਈ ਇਕ ਅਜਿਹਾ ਸਮਾਜਿਕ ਵਿਧਾਨ ਘੜ ਲਿਆ ਜਿਸ ਵਿਚ ਉਸ ਦੀਆਂ ਸਾਰੀਆਂ ਸੰਭਾਵਨਾਵਾਂ ਖਤਮ ਕਰਕੇ ਸਮਾਜਿਕ ਧਰਾਤਲ ਤੋਂ ਲਾਂਭੇ ਕਰ ਦਿੱਤਾ। ਏਨਾ ਹੀ ਨਹੀਂ ਉਲੰਘਣਾ ਦੀ ਸੂਰਤ ਵਿਚ ਕਠੋਰ ਸਜ਼ਾਵਾਂ ਦੇ ਵਿਧਾਨ ਵਿਚ ਜਕੜ ਦਿੱਤਾ।ਲੇਖਕ ਨੇ ਹਿੰਦੁਸਤਾਨ ਦੀ ਰਾਜਸੀ ਤਾਕਤ ਦੇ ਕਮਜ਼ੋਰ ਬਣਨ ਤੇ ਬਾਹਰਲੇ ਹਮਲਾਵਰਾਂ ਦਾ ਮੁਕਾਬਲਾ ਨਾ ਕਰ ਸਕਣ ਦਾ ਇਕ ਵੱਡਾ ਕਾਰਨ ਦਲਿਤ ਨੂੰ ਰਾਜ ਦੀ ਮਨੁੱਖੀ ਸ਼ਕਤੀ ਤੋਂ ਲੰਮੇ ਸਮੇਂ ਤੱਕ ਦੂਰ ਕਰੀਂ ਰੱਖਣ ਵਿਚ ਉਠਾਇਆ ਹੈ।ਜਦਕਿ ਹਿੰਦੁਸਤਾਨ ਦੀ ਇਸ ਸਥਿਤੀ ਨੂੰ ਮਹਿਮੂਦ ਨੇ ਬਾਖੂਬੀ ਸਮਝਿਆ ਅਤੇ ਉਸਨੇ ਆਪਣੀ ਸੈਨਿਕ ਸ਼ਕਤੀ ਨੂੰ ਵਧਾਉਣ ਲਈ ਦਲਿਤ ਵਰਗ ਨੂੰ ਵੱਡੀ ਗਿਣਤੀ ਵਿਚ ਭਰਤੀ ਕਰਕੇ ਹਿੰਦੂਸ਼ਾਹੀ ਨੂੰ ਢਾਅ ਲਾਉਣ ਲਈ ਵਰਤਿਆ।ਭਾਰਤੀ ਇਤਿਹਾਸ ਦਾ ਇਹ ਤੱਥ ਹੁਣ ਰਾਜਸੀ ਚਿੰਤਨ ਦਾ ਹਿੱਸਾ ਬਣ ਚੁੱਕਾ ਹੈ। ਇਸ ਪਹੁੰਚ ਨੇ ਬ੍ਰਾਹਮਣਵਾਦੀ ਦ੍ਰਿਸ਼ਟੀ ਦੁਆਰਾ ਸੰਚਾਲਿਤ ਹਿੰਦੂਸ਼ਾਹੀ ਦੇ ਰਾਜਨੀਤਕ ਇਤਿਹਾਸ ਦੀ ਇਸ ਕਮਜ਼ੋਰੀ ਨੂੰ ਉਜਾਗਰ ਕੀਤਾ।ਇਸ ਨੇ ਬ੍ਰਾਹਮਣਵਾਦੀ ਕਪਟ ਤੇ ਸ਼ੋਸ਼ਣ ਦੀਆਂ ਨਵੀਆਂ ਪਰਤਾਂ ਨੂੰ ਉਜਾਗਰ ਕਰਕੇ ਉਨ੍ਹਾਂ ਧਿਰਾਂ ਦੀ ਨਿਸ਼ਾਨਦੇਹੀ ਵੀ ਕੀਤੀ ਜਿਨ੍ਹਾਂ ਨੇ ਧਰਮ ਦੀ ਆੜ ਹੇਠ ਇਕ ਵੱਡੀ ਜਨਸ਼ਕਤੀ ਨੂੰ ਦਬੇਲ ਬਣਾਈ ਰਖਿਆ ਬਲਕਿ ਰਾਜਸ਼ਕਤੀ ਦੀਆਂ ਜੜਾਂ ਨੂੰ ਕਮਜ਼ੋਰ ਕਰਕੇ ਦੇਸ਼ ਧ੍ਰੋਹ ਦਾ ਕਾਰਜ ਕੀਤਾ।

ਮਨਮੋਹਨ ਬਾਵਾ ਨੇ ਇਸ ਨਾਵਲੀ ਬਿਰਤਾਂਤ ਵਿਚ ਉਸ ਸਮੇਂ ਦੀ ਦਲਿਤ ਸਥਿਤੀ ਅਤੇ ਦਲਿਤ ਉਤਪੀੜਨ ਦੀਆਂ ਘਟਨਾਵਾਂ ਨੂੰ ਰੂਪਾਂਤ੍ਰਿਤ ਕਰਨ ਦੇ ਨਾਲ ਨਾਲ ਉਪਰੋਕਤ ਰਾਜਸੀ ਤੱਥ ਨੂੰ ਵੀ ਬਾਖੂਬੀ ਪ੍ਰਸਤੁਤ ਕੀਤਾ ਹੈ। ਲੇਖਕ ਰਾਜਾ ਆਨੰਦਪਾਲ ਨੂੰ ਇਸ ਸਥਿਤੀ ਦੇ ਰੂਬਰੂ ਕਰਵਾਉਂਦਾ ਹੋਇਆ, "ਇਕ ਪਿੰਡ ਵਿਚ ਇਹ ਵੇਖਕੇ ਉਸ ਨੂੰ ਕੁਝ ਹੈਰਾਨੀ ਹੋਈ ਕਿ ਪਹਿਲਾਂ ਵਾਂਗ ਇਸ ਪਿੰਡ ਦੇ ਬਾਹਰਵਾਰ ਸ਼ੂਦਰਾਂ ਚੰਡਾਲਾਂ ਦੀ ਵੱਖਰੀ ਬਸਤੀ ਨਹੀਂ ਸੀ।ਉਸ ਦੇ ਪੁੱਛ ਪ੍ਰਤੀਤ ਕਰਨ ਤੇ ਨੀਵੀਂ ਜਾਤ ਦੇ ਇਕ ਪਿੰਡ ਵਾਲੇ ਨੇ ਦੱਸਿਆ ਕਿ ਉਨ੍ਹਾਂ ਨੂੰ ਤੇ ਇਸਲਾਮ ਕਬੂਲ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਉਹ ਵੀ ਇਨਸਾਨ ਹਨ:ਉਹ ਵੀ ਸਾਰਿਆਂ ਦੇ ਬਰਾਬਰ ਹੱਕ ਰੱਖਦੇ ਹਨ। ਅਸੀਂ ਤੇ ਐਵੇਂ ਪਿਛਲੇ ਜਨਮ ਦੇ ਲੇਖਿਆਂ ਪਿੱਛੇ ਲੱਗ ਕੇ ਪੀੜ੍ਹੀਆਂ ਤੱਕ ਦਲਿੱਦਰ ਵਿਚ ਜੀਉਂਦੇ ਅਤੇ ਉੱਚੀਆਂ ਜਾਤੀਆਂ ਦੀ ਮੁਫਤ ਵਿਚ ਚਾਕਰੀ ਕਰਦੇ ਰਹੇ। ਹੁਣ ਅਸੀਂ ਵੀ ਸਿਰ ਚੁੱਕ ਕੇ ਚੱਲਦੇ, ਕਮਰ ਨਾਲ ਤਲਵਾਰ ਬੰਨ੍ਹਦੇ ਅਤੇ ਘੋੜੇ ਦੀ ਸਵਾਰੀ ਕਰਦੇ ਹਾਂ।" ਪੰਨਾ-225

ਇਸੇ ਤਰ੍ਹਾਂ ਨਾਵਲੀ ਕਥਾ ਵਿਚ ਮਹਿਮੂਦ ਨਾਲ ਬੀਰੂ ਤੇ ਦੇਸੂ ਨਾਂ ਦੇ ਦਲਿਤ ਪਾਤਰਾਂ ਦਾ ਸੰਬਾਦ ਹੁੰਦਾ ਹੈ ਤਾਂ ਮਹਿਮੂਦ ਨੂੰ ਸਮਝ ਪੈਂਦੀ ਹੈ ਕਿ ਇਨ੍ਹਾਂ ਲੋਕਾਂ ਦੀ ਤਾਕਤ ਨੂੰ ਅਸੀਂ ਆਪਣੀ ਸੈਨਿਕ ਸ਼ਕਤੀ ਦੇ ਧਰਮ ਪਰਿਵਰਤਨ ਦੇ ਰੂਪ ਵਿਚ ਵਰਤ ਸਕਦੇ ਹਾਂ ਉਥੇ ਦਲਿਤ ਪਾਤਰਾਂ ਨੂੰ ਵੀ ਸੋਝੀ ਆਉਂਦੀ ਹੈ ਕਿ ਜੇ ਅਸਾਨੂੰ ਅਜਿਹਾ ਮੌਕਾ ਮਿਲ ਜਾਵੇ ਤਾਂ ਸਾਡੀ ਗੁਲਾਮਾਂ ਵਾਲੀ ਜ਼ਿੰਦਗੀ ਬਦਲ ਸਕਦੀ ਹੈ ਤੇ ਅਸੀਂ ਸਦੀਆਂ ਤੋਂ ਦੁਸ਼ਮਣ ਰਹੀ ਬ੍ਰਾਹਮਣ ਜਮਾਤ ਕੋਲੋਂ ਬਦਲਾ ਵੀ ਲੈ ਸਕਦੇ ਹਾਂ। ਪੰਨਾ 220-221

ਉਪਰੋਕਤ ਦ੍ਰਿਸ਼ਟੀਮੂਲਕ ਮੁੱਦੇ ਤੋਂ ਇਲਾਵਾ ਇਸ ਨਾਵਲੀ ਬਿਰਤਾਂਤ ਵਿਚ ਲੇਖਕ ਨੇ ਜਾਤੀ ਦਮਨ ਦੇ ਇਕ ਹੋਰ ਜਾਬਰ ਰੂਪ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਇਹ ਵੱਖਰੇ ਰੂਪ ਵਿਚ ਦਲਿਤ ਨਾਰੀ ਉਤਪੀੜਨ ਦਾ ਹੋ ਕੇ ਵੀ ਸਮੂਹਿਕ ਰੂਪ ਵਿਚ ਦਲਿਤ ਜਾਤੀ ਦੇ ਸਰੀਰਕ ਤੇ ਮਾਨਸਿਕ ਜਬਰ ਦਾ ਦ੍ਰਿਸ਼ ਸਾਕਾਰ ਕਰਦਾ ਹੈ। ਰਚਨਾਕਾਰ ਨੇ ਇਸ ਨਾਵਲ ਦੀ ਕਥਾ-ਵਸਤੂ ਵਿਚ ਉਨ੍ਹਾਂ ਦ੍ਰਿਸ਼ਾਂ ਨੂੰ ਪ੍ਰਸਤੁਤ

ਕੀਤਾ ਹੈ ਜਦੋਂ ਨਵ ਵਿਆਹੀ ਦਲਿਤ ਵਹੁਟੀ ਨੂੰ ਆਪਣੇ ਪਤੀ ਨਾਲ ਸੌਣ ਤੋਂ ਪਹਿਲਾਂ ਭਰੀ ਸਭਾ ਵਿਚ ਹਾਜ਼ਰ ਹੋ ਕੇ ਕਿਸੇ ਨਾ ਕਿਸੇ ਬ੍ਰਾਹਮਣ,ਠਾਕੁਰ ਜਾਂ ਰਾਜਪੂਤ ਬੰਦੇ ਨਾਲ ਭੋਗ ਲਈ ਮਜਬੂਰ ਹੋਣਾ ਪੈਂਦਾ ਸੀ। ਏਨਾ ਹੀ ਨਹੀਂ ਉਸਦੇ ਪਤੀ ਨੂੰ ਚੁਣੇ ਗਏ ਉਸ ਪਰਾਏ ਮਰਦ ਅੱਗੇ ਸਿਰ ਝੁਕਾ ਕੇ ਇਸ ਕੰਮ ਲਈ ਆਪਣੀ ਰਜ਼ਾਮੰਦੀ ਦੇਣੀ ਪੈਂਦੀ ਸੀ।

ਇਸ ਤਰ੍ਹਾਂ ਨਾਵਲਕਾਰ ਦਲਿਤ ਉਤਪੀੜਨ ਦੇ ਅਜਿਹੇ ਵੇਰਵਿਆਂ ਰਾਹੀਂ ਦਮਨਕਾਰੀ ਧਿਰਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਨ੍ਹਾਂ ਦੇ ਵੈਦਿਕ ਮੰਤਰਾਂ, ਸੂਤਰਾਂ ਉੱਪਰ ਵੀ ਸਵਾਲੀਆ ਚਿੰਨ੍ਹ ਲਾ ਦਿੰਦਾ ਹੈ। ਲੇਖਕ ਨੇ ਹਿੰਦੂਸ਼ਾਹੀ ਦੀ ਹਾਰ ਨੂੰ ਉਸਦੇ ਫੋਕੇ ਧਾਰਮਿਕ ਵਿਸ਼ਵਾਸਾਂ,ਮਾਨਤਾਵਾਂ ਵਿਚੋਂ ਦਿਖਾਕੇ ਧਰਮ ਦੇ ਨਾਂ ਤੇ ਅੰਧਵਿਸ਼ਵਾਸਾਂ ਤੇ ਪਾਖੰਡਾਂ ਤੇ ਵਿਅੰਗ ਕੀਤਾ ਹੈ। ਹਿੰਦੂਸ਼ਾਹੀ ਦੀ ਹਾਰ ਦੀ ਸਭ ਤੋਂ ਅਹਿਮ ਘਟਨਾ ਰਾਜਾ ਆਨੰਦਪਾਲ ਦੇ ਪਿਤਾ ਰਾਜਾ ਜੈਪਾਲ ਤੇ ਰਾਜ ਪਰਿਵਾਰ ਦੇ ਮੈਂਬਰਾਂ ਨੂੰ ਮਹਿਮੂਦ ਦੀ ਫ਼ੌਜ ਵੱਲੋਂ ਬੰਦੀ ਬਣਾ ਲੈਣ ਵਾਲੀ ਹੈ। ਇਸ ਘਟਨਾ ਨੂੰ ਲੇਖਕ ਉਸ ਮੌਕੇ ਨਾਲ ਜੋੜ ਦਿੰਦਾ ਹੈ ਜਦੋਂ ਸਿਰ ਤੇ ਮੰਡਰਾ ਰਹੇ ਯੁੱਧ ਦੇ ਖਤਰੇ ਦੇ ਹੁੰਦਿਆਂ ਵੀ ਮੰਦਰ ਦੇ ਪੁਜਾਰੀ ਰਾਜੇ ਨੂੰ ਨਵੇਂ ਬਣੇ ਸੂਰਯ ਮੰਦਰ ਦੇ ਸ਼ੁਭ ਮਹੂਰਤ ਲਈ ਮਨਾ ਲੈਂਦੇ ਹਨ। ਸੂਰਯ ਦੇਵਤਾ ਦੇ ਸੰਕਟ ਹਰਨ ਦੇ ਅਸ਼ੀਰਵਾਦ ਦੇ ਭੁਲਾਵੇ ਵਿਚ ਆ ਕੇ ਰਾਜਾ ਬੰਦੀ ਬਣ ਬਹਿੰਦਾ ਹੈ।

ਇਸ ਵੱਡ ਆਕਾਰੀ ਨਾਵਲ ਦਾ ਜੁੱਸਾ ਇਤਿਹਾਸਕ ਨਾਵਲ ਵਾਲਾ ਬਣਾਈ ਰੱਖਣ ਦੇ ਲਈ ਲੇਖਕ ਇਤਿਹਾਸ ਦੀਆਂ ਪੁਸਤਕਾਂ ਦੀ ਸਹਾਇਤਾ ਲੈਂਦਾ ਹੈ। ਜਿਨ੍ਹਾਂ ਵਿਚ ਇਨ੍ਹਾਂ ਦੋ ਪੁਸਤਕਾਂ ਦੀ ਖਾਸ ਭੂਮਿਕਾ ਮੰਨਦਾ ਹੈ:The lifes and times of Sultan Mehmud of Ghaza,Hindu Sahis of Afganistan and Punjab.ਇਸ ਦੇ ਨਾਲ ਨਾਲ ਉਸਨੇ ਮੱਧਕਾਲੀਨ ਪੰਜਾਬ ਦੇ ਭੂਗੋਲਿਕ ਖੇਤਰ, ਵਪਾਰਕ ਸਥਿਤੀ ਅਤੇ ਧਾਰਮਿਕ ਮਾਨਤਾਵਾਂ ਨੂੰ ਵੀ ਲੋੜ ਅਨੁਸਾਰ ਵਰਤਿਆ ਹੈ। ਇਸ ਨਾਵਲ ਦੇ ਇਤਿਹਾਸਕ ਤੇ ਰਾਜਸੀ ਵਿਵੇਕ ਦੀ ਸੂਝ ਹਿੰਦੂਸ਼ਾਹੀ ਅਤੇ ਮਹਿਮੂਦਸ਼ਾਹੀ ਨੂੰ ਸਮਾਨਾਂਤਰ ਰੱਖ ਕੇ ਵਿਚਾਰਨ ਵਿਚ ਹੈ। ਲੇਖਕ ਦੋਵਾਂ ਰਾਜਸ਼ਕਤੀਆਂ ਦੇ ਅੰਤਰਵਿਰੋਧਾਂ ਵਿਚੋਂ ਗਲਪੀ ਕਥਾ ਨੂੰ ਵਿਸਥਾਰ ਦਿੰਦਾ ਹੈ। ਇਸ ਨਾਲ ਜਿਥੇ ਲੋਕ ਮਨ ਵਿਚ ਬੈਠੇ ਮਹਿਮੂਦ ਦੇ ਜਾਬਰ ਤੇ ਲੁਟੇਰਾ ਹੋਣ ਦੇ ਬਿੰਬ ਨੂੰ ਪੁਨਰ ਸਿਰਜਿਤ ਕੀਤਾ ਹੈ ਉਥੇ ਹਿੰਦੂਸ਼ਾਹੀ ਦੇ ਸ਼ਾਨਦਾਰ ਅਕਸ ਨੂੰ ਵੀ ਵਿਖੰਡਿਤ ਕੀਤਾ ਗਿਆ ਹੈ। ਇਕ ਪਾਸੇ ਜਿਥੇ ਮਹਿਮੂਦ ਪੰਚਨਦ ਦੇ ਭੂਗੋਲਿਕ ਕਾਰਨਾਂ ਕਰਕੇ ਜਾਂ ਕਬਾਇਲੀਆਂ,ਭੱਟੀਆਂ ਤੇ ਜਾਟਾਂ ਦੇ ਦਿਨ ਪ੍ਰਤੀ ਦਿਨ ਵੱਧਦੇ ਖਤਰੇ ਤੋਂ ਚਿੰਤਤ ਹੈ ਦੂਜੇ ਪਾਸੇ ਗਜ਼ਨੀ ਦੇ ਤਾਜਕਾਂ, ਉਜ਼ਬੇਗਾਂ ਅਤੇ ਗੌਰੀਆਂ ਵਰਗੀਆਂ ਜੁਝਾਰੂ ਜਾਤੀਆਂ ਤੋਂ ਸੁਰੱਖਿਅਤ ਰਹਿਣ ਦੀ ਤਲਾਸ਼ ਵਿਚ ਹੈ। ਬੰਦੀ ਬਣਾਏ ਰਾਜਾ ਜੈਪਾਲ ਪ੍ਰਤੀ ਉਸਦਾ ਨਰਮ ਵਤੀਰਾ ਤੇ ਰਾਜਾ ਜੈਪਾਲ ਪ੍ਰਤੀ ਮਿਲਵਰਤਣ ਦੀ ਭਾਵਨਾ ਉਸ ਦੀ ਰਾਜਨੀਤਕ ਮਜਬੂਰੀ ਤੇ ਦੂਰਅੰਦੇਸ਼ੀ ਦਾ ਸਿੱਟਾ ਸੀ।

ਇਸ ਨਾਵਲ ਦੇ ਅੰਤਲੇ ਭਾਗ ਵਿਚ ਜਦੋਂ ਮਹਿਮੂਦ ਦੀ ਮੌਤ ਤੋਂ ਬਾਅਦ ਉਸ ਦੇ ਦੋਵਾਂ ਪੁੱਤਰਾਂ ਮਸੂਦ ਤੇ ਮੌਦੂਦ ਵਿਚਕਾਰ ਰਾਜਗੱਦੀ ਨੂੰ ਲੈ ਕੇ ਟਕਰਾ ਵੱਧ ਜਾਂਦਾ ਹੈ ਤਾਂ ਮਸੂਦ, ਮੌਦੂਦ ਨੂੰ ਬੰਦੀ ਬਣਾ ਕੇ ਅੰਨ੍ਹਾ ਕਰ ਦਿੰਦਾ ਹੈ ਤੇ ਆਪ ਰਾਜਗੱਦੀ ਦਾ ਮਾਲਕ ਬਣ ਜਾਂਦਾ ਹੈ। ਹੁਣ ਸੱਤਾ ਦੀ ਲੜਾਈ, ਸੁਲਤਾਨ ਮਸੂਦ ਤੇ ਰਾਜਾ ਆਨੰਦਪਾਲ ਵਿਚਕਾਰ ਸ਼ੁਰੂ ਹੁੰਦੀ ਹੈ। ਆਪਣੇ ਗੁਪਤਚਰਾਂ ਤਿਲਕ ਅਤੇ ਅਲ-ਰਾਸ਼ਿਦ ਦੀ ਮੱਦਦ ਨਾਲ ਆਨੰਦਪਾਲ, ਖੋਖਰਾਂ, ਭੱਟੀਆਂ ਤੇ ਮੁਲਤਾਨ ਦੇ ਜੱਟਾਂ ਦੀ ਸਹਾਇਤਾ ਨਾਲ ਵੇਹਿੰਦ ਕਿਲੇ ਦੀ ਜੰਗ ਵਿਚ ਮਸੂਦ ਨੂੰ ਤੇ ਉਸ ਦੇ ਪਰਿਵਾਰ ਨੂੰ ਬੰਦੀ ਬਣਾ ਲੈਂਦਾ ਹੈ। ਕਿਲੇ ਵਿਚਲੇ ਸਾਰੇ ਮਾਲ-ਖਜ਼ਾਨੇ ਤੇ ਸ਼ਸ਼ਤਰਾਂ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਆਨੰਦਪਾਲ ਤਰਸ ਖਾ ਕੇ ਮਸੂਦ ਤੇ ਉਸਦੇ ਪਰਿਵਾਰ ਦੀ ਜਾਨ ਬਖਸ਼ ਦਿੰਦਾ ਹੈ ਪਰ ਰਸਤੇ ਵਿਚ ਨਿਹੱਥੇ ਮਸੂਦ ਨੂੰ ਖੋਖਰ ਸਰਦਾਰ ਘੇਰ ਕੇ ਕਤਲ ਕਰ ਦਿੰਦੇ ਹਨ। ਇਸ ਯੁੱਧ ਵਿਚ ਆਨੰਦਪਾਲ ਨੂੰ ਬੇਅੰਤ ਧਨ ਦੌਲਤ ਪ੍ਰਾਪਤ ਹੁੰਦੀ ਹੈ। ਇਥੇ ਆ ਕੇ ਲੇਖਕ ਰਾਜਾ ਆਨੰਦਪਾਲ ਦੀ ਧਰਮ ਪ੍ਰਤੀ, ਮੰਦਰਾਂ ਦੀ ਉਸਾਰੀ ਤੇ ਸੋਨੇ ਦੀਆਂ ਮੂਰਤੀਆਂ ਉੱਪਰ ਕੀਤੇ ਜਾਣ ਵਾਲੇ




ਖਰਚ ਪ੍ਰਤੀ ਜੋ ਸੋਚ ਬਣੀ ਹੋਈ ਸੀ ਵਿਚ ਦੁਫਾੜ ਪਾ ਦਿੰਦਾ ਹੈ। ਸ਼ਾਹੀ ਖਜ਼ਾਨੇ ਨੂੰ ਲੈ ਕੇ ਸ਼ਹਿਰ ਵਿਚ ਵੜਦਿਆਂ ਹੀ ਉਹ ਸਭ ਤੋਂ ਪਹਿਲਾਂ ਸੂਰਯ ਮੰਦਰ ਜਾਂਦਾ ਹੈ ਤੇ ਬੇਸ਼ਕੀਮਤੀ ਹੀਰੀਆਂ ਜੜੇ ਸੋਨੇ ਦੇ ਮੁਕਟ ਨੂੰ ਮੰਦਰ ਦੀ ਮੂਰਤੀ ਦਾ ਲੁਟਿਆ ਹੋਇਆ ਮਾਲ ਸਮਝ ਕੇ ਉਸ ਮੂਰਤੀ ਨੂੰ ਭੇਂਟ ਕਰ ਦਿੰਦਾ ਹੈ। ਕਿਸੇ ਵੇਲੇ ਰਾਜ ਪੁਰੋਹਿਤ ਨੂੰ ਆਨੰਦਪਾਲ ਕਹਿੰਦਾ ਹੁੰਦਾ ਸੀ, "ਇਸ ਵੇਲੇ ਸਾਨੂੰ ਪੱਥਰਾਂ ਦੇ ਮੰਦਰਾਂ ਅਤੇ ਸੋਨੇ ਦੀਆਂ ਮੂਰਤਾਂ ਦੀ ਥਾਵੇਂ ਇਸਪਾਤ ਦੀਆਂ ਖੜਗਾਂ, ਘੋੜਿਆਂ ਅਤੇ ਆਪਣੇ ਸੈਨਿਕਾਂ ਲਈ ਕਵਚਾਂ ਦੀ ਲੋੜ ਹੈ।" ਇੰਜ ਲੇਖਕ ਰਾਜਾ ਆਨੰਦਪਾਲ ਦੇ ਚਰਿੱਤਰ ਤੇ ਵਿਚਾਰਧਾਰਾ ਦਾ ਜਿਸ ਤਰ੍ਹਾਂ ਦਾ ਨਿਰਮਾਣ ਕਰਨ ਵੱਲ ਅਗਰਸਰ ਦਿਖਾਈ ਦਿੰਦਾ ਹੈ ਉਸ ਵਿਚ ਸਥਿਰਤਾ ਤੇ ਵਿਕਾਸ ਪ੍ਰਦਾਨ ਕਰਨ ਤੋਂ ਖੁੰਝ ਜਾਂਦਾ ਹੈ।

ਇਸ ਨਾਵਲੀ ਬਿਰਤਾਂਤ ਵਿਚੋਂ ਇਸ ਦ੍ਰਿਸ਼ਟੀਮੂਲਕ ਬਿੰਦੂ ਨੂੰ ਵੀ ਦੇਖਣਾ ਬਣਦਾ ਹੈ ਕਿ ਲੇਖਕ ਦਲਿਤਾਂ ਪ੍ਰਤੀ ਬ੍ਰਾਮਣਵਾਦੀ ਦਮਨ ਤੇ ਮਹਿਮੂਦ ਦੁਆਰਾ ਇਸ ਜਨਸ਼ਕਤੀ ਨੂੰ ਪਛਾਨਣ ਵਾਲੇ ਮੁੱਦੇ ਨੂੰ ਗਲਪੀ ਵਿਵੇਕ ਪ੍ਰਦਾਨ ਕਰਨਾ ਚਾਹੁੰਦਾ ਹੈ ਪਰੰਤੂ ਰਾਜਾ ਆਨੰਦਪਾਲ ਇਸ ਘਟਦੀ ਜਨਸ਼ਕਤੀ ਨੂੰ ਲੈ ਕੇ ਬੇਫਿਕਰ ਦਿਖਾਈ ਨਹੀਂ ਦਿੰਦਾ ਹੈ। ਜਦਕਿ ਉਹ ਬ੍ਰਾਹਮਣਾਂ ਦੀਆਂ ਰਹੁਰੀਤਾਂ ਤੇ ਮਾਨਤਾਵਾਂ ਜਿਸ ਵਿਚ ਦਲਿਤ ਉਤਪੀੜਨ ਵੀ ਇਕ ਪਹਿਲੂ ਹੁੰਦਾ ਹੈ ਪ੍ਰਤੀ ਹਮੇਸ਼ਾ ਫਿਕਰਮੰਦ ਰਹਿੰਦਾ ਹੈ। ਇਸੇ ਤਰ੍ਹਾਂ ਜੇ ਮਹਿਮੂਦ ਦੀ ਚਰਿੱਤਰ ਉਸਾਰੀ ਨੂੰ ਦੇਖਿਆ ਜਾਵੇ ਤਾਂ ਇਤਿਹਾਸਕ ਵੇਰਵਿਆਂ ਵਿਚ ਉਹ ਜਿਥੇ ਇਕ ਕੁਸ਼ਲ ਸ਼ਾਸ਼ਕ ਹੈ ਉਥੇ ਜ਼ਾਲਮ ਧਾੜਵੀ ਵੀ ਹੈ ਪਰੰਤੂ ਨਾਵਲੀ ਬਿਰਤਾਂਤ ਵਿਚ ਦਲਿਤ ਜਨਸ਼ਕਤੀ ਨੂੰ ਪਛਾਨਣ ਤੇ ਆਪਣੀ ਫੌਜ ਵਿਚ ਸਨਮਾਨਯੋਗ ਥਾਂ ਦੇਣ ਅਤੇ ਬੰਦੀ ਬਣਾਏ ਗਏ ਰਾਜਾ ਜੈਪਾਲ ਤੇ ਮਿਲਣ ਗਏ ਰਾਜਾ ਆਨੰਦਪਾਲ ਪ੍ਰਤੀ ਉਸ ਦਾ ਕੋਮਲਭਾਵੀ ਤੇ ਸ਼ਿਸ਼ਟਾਚਾਰ ਭਰਿਆ ਵਤੀਰਾ ਇਕਹਿਰੇ ਚਰਿਤਰ ਨਿਰਮਾਣ ਦੀ ਝਲਕ ਦਿੰਦਾ ਹੈ। ਇਸੇ ਤਰ੍ਹਾਂ ਰਾਜਾ ਆਨੰਦਪਾਲ ਦਾ ਜੋ ਦ੍ਰਿਸ਼ਟੀਮੂਲਕ ਵਿਅਕਤਿਤਵ ਲੇਖਕ ਘੜਨਾ ਚਾਹੁੰਦਾ ਹੈ ਅੰਤ ਵਿਚ ਆਕੇ ਉਹ ਖੰਡਿਤ ਹੋ ਜਾਂਦਾ ਹੈ। ਮਸਲਨ ਮਹਿਮੂਦ ਦੀ ਮੌਤ ਤੋਂ ਬਾਅਦ ਰਾਜਾ ਆਨੰਦਪਾਲ ਵੇਹੰਦ ਤੇ ਲਾਹੌਰਾ ਦੀਆਂ ਜਿੱਤਾਂ ਵੇਲੇ ਤੁਰਕ ਸੈਨਾ ਤੇ ਹਿੰਦੂ ਸੈਨਾ ਨੂੰ ਨਸਲੀ ਵਖਰੇਵੇਂ ਦੇ ਰੂਪ ਵਿਚ ਦੇਖਦਾ ਹੋਇਆ ਤੁਰਕ ਸੈਨਾ ਨੂੰ ਜਾਬਰ ਤੇ ਲੁਟੇਰੀ ਕੌਮ ਸਮਝਦਾ ਹੋਇਆ ਇਸ ਤੋਂ ਨਿਜ਼ਾਤ ਪਾਉਣ ਵਿਚੋਂ ਹੀ ਹਿੰਦੂਸ਼ਾਹੀ ਤੇ ਹਿੰਦੁਸਤਾਨ ਦੇ ਉਜਲੇ ਭਵਿੱਖ ਨੂੰ ਦੇਖਣ ਲੱਗਦਾ ਹੈ ਜਦਕਿ ਤੁਰਕ ਸੈਨਾ ਇਕੱਲੀ ਤੁਰਕ ਕੌਮ ਦੀ ਨਹੀਂ ਉਸ ਵਿਚ ਹਿੰਦੁਸਤਾਨ ਦੇ ਦਲਿਤ ਵਰਗ ਦੀ ਵੀ ਵੱਡੀ ਗਿਣਤੀ ਸੀ।

ਇਸ ਨਾਵਲ ਦੀ ਕਥਾ-ਵਸਤੂ ਨੂੰ ਭਾਸ਼ਾਈ ਤੇ ਕਥਾਕਾਰੀ ਦੇ ਪੱਧਰ ਤੇ ਵਿਚਾਰਨਾ ਜ਼ਰੂਰੀ ਹੈ। ਲੇਖਕ ਨੇ 10-11 ਵੀਂ ਸਦੀ ਦੇ ਉੱਤਰੀ ਭਾਰਤ ਦੇ ਇਤਿਹਾਸ ਵਿਚੋਂ ਮਹਿਮੂਦ ਤੇ ਹਿੰਦੂਸ਼ਾਹੀ ਨਾਲ ਜੁੜੇ ਇਤਿਹਾਸ, ਨਾਵਾਂ, ਥਾਵਾਂ ਸਮੇਤ ਜੰਗਾਂ ਯੁੱਧਾ ਦੇ ਵੱਡੇ ਕੈਨਵਸ ਵਿਚੋਂ **'ਕਾਲ-ਕਥਾ'** ਦਾ ਸਿਰਜਨ ਕੀਤਾ ਹੈ।ਦੂਜਾ ਦੋ ਵਿਭਿੰਨ ਸੰਸਕ੍ਰਿਤੀਆਂ ਤੇ ਸ਼ਾਸ਼ਨ ਪ੍ਰਬੰਧ ਨੂੰ ਚਿਤਰਨਾ ਖਾਸਾ ਔਖਾ ਕਾਰਜ ਸੀ ਪਰੰਤੂ ਮਨਮੋਹਨ ਬਾਵਾ ਨੇ ਕਥਾ ਦੇ ਵਡੇਰੇ ਭਾਗ ਵਿਚ ਇਤਿਹਾਸ, ਭੂਗੋਲ, ਧਰਮ ਤੇ ਯੁੱਧ ਕਲਾ ਦੇ ਸਜੀਵ ਚਿਤਰ ਸਿਰਜੇ ਹਨ। ਲੇਖਕ ਨੇ ਹਜ਼ਾਰਾਂ ਲੱਖਾਂ ਦੀ ਤਾਦਾਦ ਵਿਚ ਸੈਨਿਕ ਦਲਾਂ ਦੀਆਂ ਮੁਹਿਮਾਂ, ਦਰਿਆਵਾਂ, ਘਾਟੀਆਂ, ਰੇਗਿਸਤਾਨੀ ਤੇ ਬਰਫਾਨੀ ਰਸਤਿਆਂ ਦੀਆਂ ਮੁਸ਼ਕਿਲਾਂ ਦਾ ਚਿਤਰ ਖਿਚਦਿਆਂ ਇਸ ਕਥਾ ਦੇ ਪਾਠਕ ਨੂੰ ਨੀਰਸ ਨਹੀਂ ਹੋਣ ਦਿੱਤਾ। ਜਦਕਿ ਜ਼ਾਹਰਾ ਤੌਰ ਤੇ ਪੰਜਾਬੀ ਪਾਠਕ ਦੇ ਮਨ ਵਿਚ ਇਸ ਕਾਲ ਦੇ ਇਤਿਹਾਸ ਪ੍ਰਤੀ ਕੋਈ ਮੋਹ ਜਾਂ ਭਾਵੁਕ ਰਿਸ਼ਤਾ ਨਹੀਂ ਹੈ। ਇਸ ਤਰ੍ਹਾਂ ਸਮਾਂ ਵਿਹਾਅ ਚੁੱਕੇ ਪਰ ਮਹੱਤਵਪੂਰਨ ਇਤਿਹਾਸ ਨਾਲ ਰੌਚਿਕ ਗਲਪੀ ਬਿਰਤਾਂਤ ਦੀ ਪ੍ਰਸਤੁਤੀ ਰਾਹੀਂ ਪਾਠਕ ਦੀ ਸਾਂਝ ਪੁਆਉਣੀ ਨਿਰਸੰਦੇਹ ਔਖਾ ਕਾਰਜ ਸੀ ਜਿਸਨੂੰ ਮਨਮੋਹਨ ਬਾਵਾ ਸਿਦਕਦਿਲੀ ਤੇ ਕਲਾ ਕੌਸ਼ਲਤਾ ਨਾਲ ਨੇਪਰੇ ਚਾੜ੍ਹਦਾ ਹੈ।

**ਸੰਪਰਕ-97817-82474**




## ਸਿਮਟਦਾ ਆਕਾਸ਼: ਸਾਂਝੇ ਸੁਪਨੇ ਦੇ ਬਿਖਰਨ ਦਾ ਇਤਿਹਾਸਕ ਅਮਲ

**ਸਤਿੰਦਰ ਸਿੰਘ ਰੈਬੀ**

ਬਲਬੀਰ ਪਰਵਾਨਾ ਇਕ ਬਹੁ-ਵਿਧਾਵੀ ਸਾਹਿਤਕਾਰ ਹੈ, ਜਿਸਦਾ ਸਿਰਜਣਾਤਮਕ ਅਮਲ ਨਾਵਲੈੱਟ ਤੋਂ ਸ਼ੁਰੂ ਹੋ ਕੇ ਕਵਿਤਾ, ਕਹਾਣੀ, ਨਾਵਲ, ਖੋਜ-ਕਾਰਜ, ਮੁਲਾਕਾਤਾਂ, ਅਨੁਵਾਦ, ਸੰਪਾਦਨ ਆਦਿਕ ਕਾਰਜਾਂ ਤੱਕ ਫੈਲਿਆ ਹੋਇਆ ਹੈ। ਇਨ੍ਹਾਂ ਭਿੰਨ ਵਿਧਾਵਾਂ ਵਿਚ ਸਾਂਝ ਦਾ ਸੂਤਰ ਹੈ ਇਨ੍ਹਾਂ ਵਿਚ ਪੇਸ਼ ਉਹ ਕੇਂਦਰੀ ਮਸਲਾ, ਜਿਸਨੂੰ ਉਹ ਲਗਾਤਾਰ ਮੁਖਾਤਿਬ ਹੁੰਦਾ ਆ ਰਿਹਾ ਹੈ-ਪੰਜਾਬ ਵਿਚ ਖੱਬੇ ਪੱਖੀ ਲਹਿਰ ਦੀ ਅਧੋਗਤੀ। ਪੰਜਾਬ ਵਿਚ ਚੱਲੀ ਖੱਬੇ ਪੱਖੀ ਲਹਿਰ ਸੰਬੰਧੀ ਉਸਦਾ ਅਨੁਭਵ ਅਤੇ ਨਜ਼ਰੀਆ ਏਨਾ ਗਹਿਰਾ ਤੇ ਵਸੀਹ ਹੈ ਕਿ ਇਸ ਉਪਰ ਉਹ ਜਿਵੇਂ ਜਿਵੇਂ ਲਿਖਦਾ ਜਾਂਦਾ ਹੈ, ਹੋਰ ਵਿਸਥਾਰ, ਹੋਰ ਗਹਿਰਾਈ ਲੈਂਦਾ ਜਾਂਦਾ ਹੈ। ਇਹ ਵਿਸਥਾਰ ਅਤੇ ਗਹਿਰਾਈ ਉਸਦੇ ਪਿਛਲੇ ਵਡ-ਅਕਾਰੀ ਨਾਵਲ **'ਬਹੁਤ ਸਾਰੇ ਚੁਰਸਤੇ'** ਰਾਹੀਂ ਆਪਣੀ ਚਰਮਤਾ 'ਤੇ ਪਹੁੰਚਦੇ ਹਨ, ਜਿਸ ਵਿਚ ਉਹ ਖੱਬੇ ਪੱਖੀ ਲਹਿਰ ਵਿਚ ਆਏ ਨਿਘਾਰ ਅਤੇ ਸਮਾਜਵਾਦ ਰੂਪੀ ਸਾਂਝੇ ਸੁਪਨੇ ਦੇ ਤਿੜਕਣ ਦੇ ਕਾਰਨਾਂ ਵਿਅਕਤੀਗਤ ਤੋਂ ਲੈ ਕੇ ਜਥੇਬੰਦਕ, ਸਥਾਨਕ ਤੋਂ ਅੰਤਰ-ਰਾਸ਼ਟਰੀ, ਅੰਦਰੂਨੀ ਬਹਿਰੂਨੀ ਚੇਤਨ-ਅਚੇਤਨ ਆਦਿਕ ਨੂੰ ਭਾਰਤ ਦੀ ਆਜ਼ਾਦੀ ਤੋਂ ਲੈ ਕੇ ਵਰਤਮਾਨ ਸਮੇਂ ਬਿੰਦੂ ਤੱਕ ਦੇ ਇਤਿਹਾਸਕ ਅਮਲ ਵਿਚ ਵੇਖਦਾ ਵਾਚਦਾ ਇਨ੍ਹਾਂ ਨੂੰ ਨਾਵਲੀ ਬਿਰਤਾਂਤ ਵਿਚ ਢਾਲਦਾ ਹੈ। ਉਸਦਾ ਨਵਾਂ ਨਾਵਲ **'ਸਿਮਟਦਾ ਆਕਾਸ਼'** (**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਮੁੱਲ: 200, ਪੰਨੇ: 158, ਸਾਲ: 2016**) ਇਸ ਲਹਿਰ ਦੇ ਵੱਡੇ ਵੇਗ ਦੀ ਇਕ ਅਹਿਮ ਧਾਰਾ 'ਨਕਸਲਵਾਦੀ' ਲਹਿਰ ਤੇ ਫੋਕਸ ਕਰਦਾ ਅੰਤਿਮ ਰੂਪ ਵਿਚ ਖੱਬੇ ਪੱਖੀ ਲਹਿਰ ਦੇ ਨਿਘਾਰ ਦੇ ਕਾਰਨਾਂ ਦੀ ਇਤਿਹਾਸਕ ਅਮਲ ਵਿਚ ਨਿਸ਼ਾਨਦੇਹੀ ਕਰਦਾ ਹੈ।

ਨਾਵਲ ਦੀ 'ਭੂਮਿਕਾ' ਵਿਚ ਨਾਵਲਕਾਰ ਆਪਣੇ ਫ਼ਿਕਰ ਦੀ ਕੰਨੀਂ ਖੋਲ੍ਹਦਿਆਂ ਲਿਖਦਾ ਹੈ, "ਸੁਪਨਾ ਚਾਹੇ ਨਿੱਜ 'ਚ ਹੋਵੇ ਜਾਂ ਸਮੂਹਕ ਰੂਪ 'ਚ ਇਕ ਅਰਸੇ ਤੋਂ ਬਾਅਦ ਧੁੰਦਲਾ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਹੌਲੀ ਹੌਲੀ ਜਿਵੇਂ ਗੁਆਚ ਹੀ ਜਾਂਦਾ। ਦਹਾਕਾ, ਦੋ ਦਹਾਕਿਆਂ ਦੀ ਉੱਥਲ-ਪੁੱਥਲ ਮਚਾ ਕੇ ਲਹਿਰਾਂ ਵੀ ਉਸੇ ਮੁੱਖ ਧਾਰਾ 'ਚ ਜਜ਼ਬ ਹੋ ਜਾਂਦੀਆਂ, ਜਿਸ ਖਿਲਾਫ਼ ਉਹਨਾਂ ਨੇ ਕਦੀ ਵਿਦਰੋਹ ਦਾ ਝੰਡਾ ਚੁੱਕਿਆ ਹੁੰਦਾ।"

ਉਹ ਦਾਰਸ਼ਨਿਕ ਲਹਿਜ਼ੇ 'ਚ ਸਵਾਲ ਕਰਦਾ ਹੈ ਕਿ ਕਿਉਂ ਬੰਦਾ ਉਸੇ ਸੁਪਨੇ ਵੱਲ ਪਿੱਠ ਕਰ ਲੈਂਦਾ, ਜਿਸ ਲਈ ਕਦੀ ਉਹ ਮਰਨ ਮਾਰਨ ਤੱਕ ਪੁੱਜਿਆ ਹੁੰਦਾ। ਇਸ ਸਵਾਲ ਦਾ ਜਵਾਬ ਵੀ ਉਸਦੀ ਇਸੇ ਭੂਮਿਕਾ ਵਿਚ ਪਿਆ ਮਿਲਦਾ ਹੈ। "ਅਜੋਕੀ ਮੁੱਖਧਾਰਾ ਜੀਵਨ-ਜਾਚ ਨਿੱਜ ਸੁਪਨਿਆਂ ਦੀ ਅੰਗੜਾਈ ਨੂੰ ਵੀ ਰਾਹ 'ਚ ਨਿਗਲ ਜਾਂਦੀ ਹੈ ਤੇ ਲਹਿਰਾਂ ਦੀ ਮੰਜ਼ਲ ਨੂੰ ਵੀ।"

ਸੱਤਾ ਦਾ ਸੁੱਖ ਮਾਣਦੀਆਂ ਧਿਰਾਂ ਤੇ ਇਸ ਤੱਕ ਪਹੁੰਚ ਰੱਖਦੀ ਸਮਾਜਕ ਜਮਾਤ ਦੇ ਹਿੱਤਾਂ ਦੇ ਅਨੁਸਾਰੀ ਇਹ 'ਮੁੱਖ ਧਾਰਾ' ਆਪਣੇ ਅੰਦਰ ਉਠਦੀਆਂ ਵਿਰੋਧੀ ਅਤੇ ਵਿਲੱਖਣ ਲਹਿਰਾਂ, ਆਵਾਜ਼ਾਂ,



ਵਿਚਾਰਾਂ, ਵਿਸ਼ਵਾਸਾਂ, ਜੀਵਨ-ਜਾਚ ਸਭਿਆਚਾਰ ਨੂੰ ਹੌਲੀ ਹੌਲੀ ਆਪਣੇ ਅਨੁਸਾਰੀ ਢਾਲ ਲੈਂਦੀ ਹੈ, ਚਾਹੇ ਡਰ ਨਾਲ ਚਾਹੇ ਭਰਮ ਨਾਲ। 'ਸਿਮਟਦਾ ਆਕਾਸ਼' ਸਿਰਲੇਖ ਪੰਜਾਬ ਵਿਚ ਖੱਬੇ ਪੱਖੀ ਅਤੇ ਵਿਸ਼ੇਸ਼ਕਰ ਨਕਸਲਬਾੜੀ ਲਹਿਰ ਦੇ ਸੱਤਾ ਅਤੇ ਉਸਦੀ ਅਨੁਸਾਰੀ ਮੁੱਖਧਾਰਾ ਨਾਲ ਰਗੜ ਵਿਚ ਪੈ ਕੇ ਕੁਝ ਦਹਾਕਿਆਂ ਦੇ ਇਤਿਹਾਸਕ ਵਕਫ਼ੇ ਵਿਚ ਹੀ ਸਿਮਟ ਜਾਣ ਦਾ ਚਿਹਨਾਰਥੀ ਹੈ।

ਇਸ ਨਾਵਲੀ ਬਿਰਤਾਂਤ ਦਾ ਆਰੰਭ ਨਕਸਲੀ ਆਗੂਆਂ ਦੀ ਮੀਟਿੰਗ ਤੋਂ ਹੁੰਦਾ ਹੈ ਜੋ ਆਪਣੇ ਸ਼ਹੀਦ ਹੋ ਚੁੱਕੇ ਸਾਥੀਆਂ ਕਾਮਰੇਡ ਤਿਰਲੋਚਨ ਅਤੇ ਹੋਰਨਾਂ ਦੀ ਸ਼ਹੀਦੀ ਲਾਟ ਦੇ ਨਾਲ ਉਨ੍ਹਾਂ ਦੀ ਯਾਦਗਾਰ ਦੀ ਉਸਾਰੀ ਅਤੇ ਇਲਾਕੇ ਵਿਚ ਵਿਚਾਰਧਾਰਕ ਤੇ ਸਮਾਜਕ ਚੇਤਨਾ ਦੇ ਦੂਹਰੇ ਮਕਸਦ ਨਾਲ ਲਾਇਬਰੇਰੀ ਉਸਾਰਨ ਦੀ ਵਿਚਾਰ ਕਰਦੇ ਹਨ। ਇਸ ਵਿਚ ਹੀ ਤਿਰਲੋਚਨ ਅਤੇ ਹੋਰਨਾਂ ਜੁਝਾਰੂ ਸਾਥੀਆਂ ਦੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਪਿਛੋਂ ਲਹਿਰ ਦੇ ਆਗੂਆਂ ਤੇ ਵਰਕਰਾਂ 'ਤੇ ਹੋਏ ਅਮਾਨਵੀ ਤਸ਼ੱਦਦ, ਮੁਲਕ ਵਿਚ ਲਾਗੂ ਐਮਰਜੈਂਸੀ ਅਤੇ ਕਾਸ਼ਤਕਾਰਾਂ ਖਿਲਾਫ਼ ਜਗੀਰਦਾਰੀ ਤੇ ਧਨੀ ਕਿਸਾਨਾਂ ਦੇ ਬਣ ਰਹੇ ਨਵੇਂ ਗਠਜੋੜ ਖਿਲਾਫ਼ ਸੰਘਰਸ਼ ਦੀ ਰੂਪ ਰੇਖਾ ਵੀ ਉਲੀਕੀ ਜਾਂਦੀ ਹੈ। ਬਿਰਤਾਂਤ ਉਸਾਰੀ ਪੱਖੋ ਬਿਰਤਾਂਤਕਾਰ ਦੀ ਖ਼ੂਬੀ ਇਹ ਰਹੀ ਹੈ ਕਿ ਆਰੰਭਲੇ ਦ੍ਰਿਸ਼ਟਾਂਤ ਨਾਲ ਹੀ ਬਿਰਤਾਂਤ ਨੂੰ ਸਮੇਂ ਤੇ ਸਥਾਨ ਨਾਲ ਜੋੜ ਦੇਂਦਾ ਹੈ। ਸਥਾਨ ਹੈ ਮੰਡ। ਦੁਆਬੇ ਵਿਚ ਤਲਵਾੜਾ ਅਤੇ ਇਸਦੇ ਨੇੜਲੇ ਬਿਆਸ ਦੇ ਮੰਡ ਪਿੰਡ, ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚਲਾ ਕੰਢੀ ਖੇਤਰ। ਇਤਿਹਾਸਕ ਪੱਖ ਤੋਂ ਇਹ ਬਿਰਤਾਂਤ ਆਰੰਭ ਹੋ ਰਿਹਾ ਹੈ, ਸੱਤਰ ਦੇ ਦਹਾਕੇ ਤੋਂ ਵਿਸ਼ੇਸ਼ਕਰ ਸਤੱਤਰ ਤੋਂ ਬਾਅਦ। ਐਮਰਜੈਸੀ ਦੇ ਸਮੇਂ ਤੋਂ ਬਾਅਦ। ਦੇਸ਼ ਵਿਚ ਐਮਰਜੈਂਸੀ ਦਾ ਸਮਾਂ 25 ਜੂਨ, 1975 ਤੋਂ 21 ਮਾਰਚ 1977 ਤੱਕ ਦਾ ਹੈ। ਬਿਰਤਾਂਤ ਵਿਚ ਵੀ ਇਸ ਦਾ ਹਵਾਲਾ ਮਿਲ ਰਿਹਾ ਹੈ,

"ਤਿਰਲੋਚਨ ਹੁਰਾਂ ਦੇ ਝੂਠੇ ਪੁਲੀਸ ਮੁਕਾਬਲੇ 'ਚ ਮਾਰੇ ਜਾਣ ਤੋਂ ਪਿਛੋਂ ਲਹਿਰ ਤੇ ਹੋਏ ਤਸ਼ੱਦਦ ਤੇ ਫਿਰ ਐਮਰਜੈਂਸੀ ਲੱਗ ਜਾਣ ਕਾਰਨ ਇਲਾਕੇ 'ਚ ਜਿਹੜੀ ਪਾਰਟੀ ਸਰਗਰਮੀ ਘਟ ਗਈ ਸੀ, ਤੇ ਸਤੱਤਰ 'ਚ ਉਭਰੀ ਜਨਤਾ ਪਾਰਟੀ 'ਚ ਇਲਾਕੇ ਦੇ ਬਹੁਤੇ ਸਾਬਕਾ ਜਗੀਰਦਾਰ ਤੇ ਧਨੀ ਕਿਸਾਨ ਤਾਕਤ ਦਾ ਨਵਾਂ ਗਠਜੋੜ ਬਣ ਗਏ ਸਨ...।"

ਇਹ ਸਮਾਂ ਪੰਜਾਬ ਵਿਚ ਨਕਸਲਬਾੜੀ ਲਹਿਰ ਦਾ ਵੀ ਹੈ। ਇਹ ਲਹਿਰ ਰਾਸਟਰੀ ਪੱਧਰ 'ਤੇ ਆਪਣੀ ਮੂਲ ਪਾਰਟੀ ਸੀ. ਪੀ. ਆਈ (ਐੱਮ) ਨਾਲੋਂ ਹਥਿਆਰਬੰਦ ਸੰਘਰਸ਼ ਦੇ ਆਸੇ ਨਾਲ 1967 ਵਿਚ ਆਪਣਾ ਰਾਹ ਨਿਖੇੜ ਲੈਂਦੀ ਹੈ। ਇਸ ਲਹਿਰ ਦਾ ਆਰੰਭ ਪੱਛਮੀ ਬੰਗਾਲ ਦੇ ਪਿੰਡ ਨਕਸਲਬਾੜੀ ਤੋਂ ਹੁੰਦਾ ਹੈ, ਜਿਸ ਤੋਂ ਇਸਦਾ ਨਾਂ ਨਕਸਲਬਾੜੀ ਪਿਆ। ਆਰੰਭ ਵਿਚ ਇਸਦਾ ਕੇਂਦਰ ਪੱਛਮੀ ਬੰਗਾਲ ਰਹਿੰਦਾ ਹੈ। ਅਗਲੇ ਸਮੇਂ ਵਿਚ ਇਹ ਲਹਿਰ ਛੱਤੀਸਗੜ੍ਹ, ਉੜੀਸਾ, ਆਂਧਰਾ ਪ੍ਰਦੇਸ਼, ਤੇਲੰਗਾਨਾਂ ਆਦਿਕ ਦੇ ਨਾਲ ਨਾਲ ਪੰਜਾਬ ਵਿਚ ਵੀ ਵਿਗਸਿਤ ਹੁੰਦੀ ਹੈ। 'ਜ਼ਮੀਨ ਹਲਵਾਹਕਾਂ ਦੀ' ਅਤੇ 'ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ' ਜਿਹੇ ਜੋਸ਼ੀਲੇ ਨਾਅਰੇ ਦਿੱਤੇ ਜਾਂਦੇ ਹਨ। ਸਥਾਨਕ ਪੱਧਰ ਤੇ ਇਸ ਲਹਿਰ ਦੀ ਕਾਰਵਾਈ ਬਿਰਤਾਂਤ ਵਿਚ ਜਗੀਰਦਾਰ ਹਰਜਾਪ ਸਿੰਘ ਦੇ ਕਤਲ ਨਾਲ ਸਾਹਮਣੇ ਆਉਂਦੀ ਹੈ। ਬਿਰਤਾਂਤ ਵਿਚਲੀ ਇਹ ਘਟਨਾ ਇਕ ਇਤਿਹਾਸਕ ਵਰਤਾਰੇ ਦੀ ਪ੍ਰਤਿਨਿਧ ਬਣਦੀ ਹੈ। ਪੰਜਾਬ ਤੋਂ ਇਲਾਵਾ ਪੱਛਮੀ ਬੰਗਾਲ ਅਤੇ ਹੋਰਨਾਂ ਨਕਸਲ ਪ੍ਰਭਾਵਿਤ ਖੇਤਰਾਂ ਤੇ ਰਾਜਾਂ ਵਿਚ ਵੀ ਅਜਿਹੀਆਂ ਹਿੰਸਕ ਵਾਰਦਾਤਾਂ ਹੋਈਆਂ, ਜਿਸ ਪਿੱਛੇ ਮੁੱਖ ਸੋਚ ਜਮਾਤੀ ਸੰਘਰਸ਼ ਨੂੰ ਹਥਿਆਰਬੰਦ ਵਿਰੋਧ ਰਾਹੀਂ ਪ੍ਰੋਲੋਤਾਰੀ ਜਮਾਤ ਦੀ ਸੱਤਾ ਸਥਾਪਤੀ ਦੇ ਅੰਜ਼ਾਮ ਤੱਕ ਲਿਜਾਣ ਦੀ ਰਹੀ। ਜਮਾਤੀ ਦੁਸ਼ਮਣਾਂ ਦੇ ਸਫ਼ਾਏ ਦੀ ਇਹ ਮੁਹਿੰਮ ਇਸ ਉਮੀਦ ਨਾਲ ਆਰੰਭੀ ਗਈ ਸੀ ਕਿ ਸਰਵਹਾਰਾ ਹਿੰਮਤ ਕਰਕੇ ਉਨ੍ਹਾਂ ਨਾਲ ਜੁੜ ਜਾਵੇਗਾ ਅਤੇ ਜਮਾਤੀ ਸੰਘਰਸ਼ ਲੋਕ-ਧਿਰਾਂ ਦੇ ਇਨਕਲਾਬ ਦੇ ਅੰਜ਼ਾਮ ਤੱਕ ਪਹੁੰਚੇਗਾ। ਨਾਵਲ ਵਿਚਲੇ ਪਾਤਰ ਮਹਿੰਦਰ ਮਲਵਈ ਦੇ ਭਾਸ਼ਣ ਤੋਂ ਵੀ ਇਸਦੀ ਕਨਸੋਅ ਮਿਲਦੀ ਹੈ:

"ਲੋਕੋ ! ਜਿੰਨੀ ਛੇਤੀ ਤੁਸੀਂ ਹਥਿਆਰ ਚੁੱਕ ਕੇ ਤੁਰ ਪਵੋਗੇ, ਤੁਹਾਡੇ ਦੁੱਖਾਂ ਕਲੇਸ਼ਾਂ ਦਾ ਖਾਤਮਾ ਓਨੀ ਛੇਤੀ ਹੀ ਹੋਵੇਗਾ। ਸੋ ਉੱਠੋ ! ਆਪਣੇ ਆਸੇ ਪਾਸੇ ਆਪਣੇ ਇਲਾਕੇ 'ਚ ਜਮਾਤੀ ਦੁਸ਼ਮਣਾਂ ਨੂੰ ਪਛਾਣੋ ਤੇ

ਉਹਨਾਂ ਦੀ 'ਸਫ਼ਾਇਆ' ਮੁਹਿੰਮ 'ਚ ਜੁੱਟ ਜਾਓ...।"

ਆਸ ਇਹ ਸੀ ਕਿ ਅਜਿਹੇ ਐਕਸ਼ਨਾਂ ਨਾਲ ਲੋਕ ਇਕਦਮ ਹੀ ਹਥਿਆਰਬੰਦ ਸੰਘਰਸ਼ ਵਿਚ ਕੁੱਦ ਪੈਣਗੇ ਜਿਵੇਂ ਕਿ ਤਿਰਲੋਚਨ ਹਰਜਾਪ ਦੇ ਕਤਲ ਦੇ ਸੰਬੰਧ ਵਿਚ ਸੋਚਦਾ ਹੈ: "ਇਸ ਕਤਲ ਨਾਲ ਲੋਕ ਇਕਦਮ ਹੀ ਹਥਿਆਰਬੰਦ ਸੰਘਰਸ਼ ਦੇ ਰਾਹ ਤੁਰ ਪੈਣਗੇ। ਜਦੋਂ ਹਰਜਾਪ ਸਿੰਘ ਦੇ ਮੁਜ਼ਾਰੇ ਜ਼ਮੀਨ 'ਤੇ ਕਾਬਜ਼ ਹੋ ਗਏ, ਉਹਨਾਂ ਨੂੰ ਮਾਲਕੀ ਮਿਲਦੀ ਦਿਸੀ, ਬਾਕੀ ਪਿੰਡਾਂ ਦੇ ਮੁਜ਼ਾਰੇ ਕਿਵੇਂ ਪਿੱਛੇ ਰਹਿਣਗੇ।" ਅਜਿਹੀ ਸੋਚ ਕੇਵਲ ਤਿਰਲੋਚਨ, ਤਰਸੇਮ ਜਾਂ ਮਹਿੰਦਰ ਮਲਵਈ ਦੀ ਵਿਅਕਤੀਗਤ ਹੀ ਨਹੀਂ ਸੀ ਬਲਕਿ ਇਸ ਸੋਚ ਉਪਰ ਹੀ ਨਕਸਲੀ ਲਹਿਰ ਖੜੀ ਹੋਈ ਸੀ। ਪਰ ਜਿਵੇਂ ਸੱਤਾ ਧਿਰਾਂ ਵਿਦ੍ਰੋਹੀਆਂ ਨਾਲ ਕਰਦੀਆਂ ਆਈਆਂ ਹਨ, ਉਵੇਂ ਹੀ ਬਿਰਤਾਂਤ ਵਿਚ ਸਥਾਨਕ ਪੱਧਰ 'ਤੇ ਨਕਸਲੀਆਂ ਨਾਲ ਵਾਪਰਦਾ ਹੈ। ਸਰਕਾਰੀ ਜਬਰ ਵਹਿੰਦਾ ਹੈ, ਝੂਠੇ ਪੁਲਿਸ ਮੁਕਾਬਲੇ ਹੁੰਦੇ ਹਨ, ਤਸ਼ੱਦਦ ਹੁੰਦੇ ਹਨ, ਅਤੇ ਸ਼ੀਰਾਜਾ ਬਿਖਰ ਜਾਂਦਾ ਹੈ। ਇਹ ਫੌਰੀ ਕਾਰਨ ਹਨ, ਨਕਸਲੀ ਲਹਿਰ ਦੇ ਸਿਮਟਣ ਦੇ। ਲੰਮੇਰੇ ਤੇ ਫੈਸਲਾਕੁੰਨ ਕਾਰਨ ਬਿਰਤਾਂਤਕਾਰ ਪੂੰਜੀਵਾਦ ਅਤੇ ਇਸਦੀ ਦਿੱਤੀ ਜੀਵਨ-ਜਾਚ ਸੋਚ ਅਤੇ ਇਸਦੇ ਅਨੁਸਾਰੀ 'ਮੁੱਖ-ਧਾਰਾ' ਵਿਚ ਪਛਾਣਦਾ ਹੈ।

ਤ੍ਰਿਲੋਚਨ, ਮਹਿੰਦਰ ਮਲਵਈ, ਅਜੀਤ ਆਦਿਕ ਉਪਰ ਪੁਲਿਸ ਤਸ਼ੱਦਦ ਅਤੇ ਫਿਰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਦੇਣ, ਬਚਨ ਸਿੰਘ 'ਤੇ ਤਸ਼ੱਦਦ ਪਿਛੋਂ ਉਸਨੂੰ ਹੋਈ ਕੈਦ, ਤਰਸੇਮ ਅਤੇ ਜਸਪਾਲ ਜਿਹੇ ਆਗੂਆਂ ਦਾ ਰੂ-ਪੋਸ਼ ਹੋਣਾ, ਇਤਿਹਾਸਕ ਵਸਤੂ ਸਥਿਤੀ ਦਾ ਹੀ ਯਥਾਰਥਕ ਸਿਰਜਣ ਹੋਇਆ ਹੈ। ਰਾਜ ਅਤੇ ਜਗੀਰਦਾਰੀ ਖਿਲਾਫ਼ ਹਥਿਆਰਬੰਦ ਸੰਘਰਸ਼ ਦਾ ਇਹ ਫੈਸਲਾ ਖੱਬੇ ਪੱਖੀ ਲਹਿਰ ਲਈ ਉਲਟੇ ਰੂਪ ਵਿਚ ਜਿਵੇਂ ਨੁਕਸਾਨਦਾਇਕ ਰਿਹਾ, ਇਸਦੀ ਟੋਹ ਤਰਸੇਮ ਦੇ ਇਨ੍ਹਾਂ ਬੋਲਾਂ ਤੋਂ ਹੋ ਜਾਂਦੀ ਹੈ:

"ਇਕ ਨਿੱਕੀ ਜਿਹੀ ਗਲਤੀ ਸਭ ਕੁਝ 'ਤੇ ਪੋਚਾ ਫੇਰ ਸਕਦੀ ਹੈ। ਪਹਿਲਾਂ ਵੀ ਹਰਜਾਪ ਸਿੰਘ ਵਾਲੇ ਐਕਸ਼ਨ ਨੇ ਇਲਾਕੇ 'ਚ ਲਹਿਰ ਦਾ ਸਵਾਰਿਆ ਘੱਟ, ਵਿਗਾੜਿਆ ਵੱਧ ਹੈ, ਜਿਵੇਂ ਪੁੰਗਰਦਿਆਂ ਹੀ ਗੜੇ ਪੈ ਗਏ...।"

ਹੁਣ ਜਸਪਾਲ ਜਿਹਾ ਨੌਸਿਖੀਆ ਤਾਂ ਹਥਿਆਰਬੰਦ ਕੋਰ ਸਥਾਪਿਤ ਕਰਨ ਦੀ ਗੱਲ ਕਰ ਸਕਦਾ ਹੈ ਪਰ ਤਰਸੇਮ ਜਿਹਾ ਹੰਢਿਆ ਹੋਇਆ ਨਹੀਂ। ਇਸ ਵਿਚ ਹੀ ਹਥਿਆਰਬੰਦ ਵਿਦਰੋਹ ਸੰਬੰਧੀ ਬਿਰਤਾਂਤਕਾਰ ਦੇ ਨਜ਼ਰੀਏ ਨੂੰ ਵੀ ਪਛਾਣਿਆਂ ਜਾ ਸਕਦਾ ਹੈ। ਹੁਣ ਉਹ ਸਮਾਜਕ ਸਥਿਤੀ, ਜਿਸ ਵਿਚ ਕੁਝ ਕਾਮਰੇਡ ਸਾਥੀਆਂ ਨੂੰ ਲਗਦਾ ਸੀ ਕਿ 'ਇਨਕਲਾਬ ਆਇਆ ਕਿ ਆਇਆ" ਨਹੀਂ ਰਹੀ। ਸੱਤਾ ਦਾ ਜਬਰ ਜਿਥੇ ਲਹਿਰ ਨੂੰ ਖੇਰੂੰ ਖੇਰੂੰ ਕਰਦਾ ਹੈ ਉਥੇ ਨਾਲ ਹੀ ਧਨੀ ਜਗੀਰਦਾਰੀ ਵੀ ਜ਼ੋਰ ਫੜਣ ਲਗਦੀ ਹੈ: ਪਾਰਟੀ ਦੇ ਲੋਕ-ਆਧਾਰ ਨੂੰ ਖੋਰਾ ਲਗਦਾ ਹੈ। ਨਵੀਂ ਸਥਿਤੀ ਵਿਚ ਲੋਕਾਂ ਨੂੰ ਲਾਮਬੱਧ ਕਰਨਾ, ਉਨ੍ਹਾਂ ਵਿਚ ਨਵੀਂ ਰੂਹ ਫੂਕਣਾ, ਉਨ੍ਹਾਂ ਨੂੰ ਸਮਾਜਕ ਤੇ ਰਾਜਸੀ ਪੱਧਰ ਤੇ ਚੇਤੰਨ ਕਰਨਾ ਹੋਰ ਵੀ ਲਾਜ਼ਮੀ ਹੋ ਜਾਂਦਾ ਹੈ ਅਤੇ ਇਸ ਕਾਰਜ ਵਿਚ ਤਰਸੇਮ ਜਿਹੇ ਜੁਝਾਰੂ ਰੂਪੋਸ਼ ਹੋ ਕੇ ਵੀ ਲੱਗੇ ਰਹਿੰਦੇ ਹਨ ਪਰ ਜ਼ਿਆਦਾਤਰ ਆਗੂਆਂ ਅਤੇ ਵਰਕਰਾਂ ਨੂੰ 'ਆਪੋ-ਧਾਪੀ' ਪੈ ਜਾਂਦੀ ਹੈ। ਕੋਈ ਵਿਦੇਸ਼ਾਂ ਵਿਚ ਰਾਜਸੀ ਸ਼ਰਨ ਲੈ ਲੈਂਦਾ ਹੈ, ਕੋਈ ਨਿਰਭੈ ਸਿੰਘ ਵਾਂਗ ਯੂ. ਪੀ. ਜਾ ਜ਼ਮੀਨ ਖਰੀਦਦਾ ਹੈ, ਭੁਪਿੰਦਰ ਜਿਹਾ ਵਿਦਿਆਰਥੀ ਆਗੂ ਅਤੇ ਜੰਡੋਰ ਜਿਹਾ ਸਾਥੀ ਬਿਹਤਰ ਭਵਿੱਖ ਜਾਂ ਸਰਕਾਰੀ ਦਾਬੇ ਤੋਂ ਡਰਦੇ ਅਮਰੀਕਾ-ਕਨੇਡਾ ਜਾ ਵੱਸੇ। "ਮੁੰਡਿਆਂ ਨੂੰ ਅੱਗ ਦੇ ਰਾਹ ਤੋਰ ਆਪ ਪਾਸੇ ਹੋ ਗਿਆ।" ਜਸਪਾਲ ਜਿਹੇ ਸਮਾਂ ਪਾ ਕੇ ਸਰਕਾਰੀ ਮਾਸਟਰ ਬਣ ਕੁਝ ਸਮਾਂ 'ਪਰਛਾਵੇਂ' ਫੜਣ ਦੇ ਅਧੂਰੇ ਜਿਹੇ ਯਤਨ ਕਰਦੇ ਆਖਿਰ 'ਨਿੱਜੀ ਖੁਸ਼ਹਾਲੀ' ਦੀ ਰਾਹੇ ਪੈ ਪੂੰਜੀ ਦੇ ਜਲੌਅ ਵਿਚ ਚੁੰਧਿਆਏ ਗਏ। ਸਾਂਝੇ ਸੁਪਨੇ ਦੀ ਰਾਹ ਦੇ ਪਾਂਧੀ ਕਦੋਂ ਇਸਦੇ ਵਿਰੋਧੀ ਨਿੱਜੀ ਖੁਸ਼ਹਾਲੀ ਦੇ ਰਾਹ ਹੋ ਤੁਰੇ, ਖੁਦ ਉਨ੍ਹਾਂ ਨੂੰ ਵੀ ਪਤਾ ਹੀ ਨਾ ਚੱਲਿਆ। ਰੇਤ, ਜਿਵੇਂ ਮੁੱਠੀ ਚੋਂ ਕਿਰ ਗਈ।

ਇਸ 'ਅੱਗ ਦੇ ਰਾਹ' ਤੁਰਦਿਆਂ ਨਕਸਲੀਆਂ ਨੇ ਦੂਜਾ ਕੰਮ, ਦੂਜੀਆਂ ਖੱਬੇ ਪੱਖੀ ਪਾਰਟੀਆਂ ਸੀ ਪੀ ਆਈ, ਅਤੇ ਸੀ ਪੀ ਆਈ (ਐੱਮ) ਦੀ ਵਿਚਾਰਧਾਰਾ ਤੇ ਉਸਦੇ ਵਰਕਰਾਂ, ਆਗੂਆਂ ਨੂੰ ਭੰਡਣ ਦਾ ਕੀਤਾ, ਜਿਸ ਦਾ ਨਤੀਜਾ ਖੱਬੇ ਪੱਖੀ ਲਹਿਰ ਹੋਰ ਕਮਜ਼ੋਰ ਹੋ ਗਈ। ਕਾਮਰੇਡ ਸਰਦਾਰਾ ਸਿੰਘ ਦੇ ਕਹਿਣ



ਮੁਤਾਬਿਕ "ਅਸੀਂ ਤਾਂ ਜਿਵੇਂ ਇਨਕਲਾਬ ਦਾ ਏਜੰਡਾ ਹੀ ਆਪਸੀ ਮਤਭੇਦ ਵਾਲੀ ਦੂਸਰੀ ਧਿਰ ਨੂੰ ਥੱਲੇ ਲਾਉਣ ਦਾ ਮਿਥਿਆ ਹੋਇਆ...।" ਇਸ ਵਿਰੋਧ ਦਾ ਨਤੀਜਾ ਇਹ ਵੀ ਨਿਕਲਦਾ ਹੈ ਕਿ ਪਾਰਟੀਆਂ ਸਾਂਝੇ ਮੁੱਦੇ ਅਤੇ ਮਸਲੇ ਤੇ ਵੀ ਸਾਂਝਾ ਪ੍ਰੋਗਰਾਮ ਉਲੀਕਣ ਤੋਂ ਵਾਂਝੀਆਂ ਹੋ ਗਈਆਂ। ਜਿਵੇਂ ਬਿਰਤਾਂਤ ਵਿਚ ਆਉਂਦਾ ਹੈ ਗੰਨਾ ਮਿੱਲ ਦੀ ਹੜਤਾਲ ਅਤੇ ਵਰਕਰਾਂ ਉਪਰ ਪੁਲਿਸ ਜ਼ਬਰ ਵੱਲੋਂ ਸੀਟੂ ਜਾਂ ਏਟਕ ਦੀਆਂ ਜਥੇਬੰਦੀਆਂ ਖ਼ੁਦਨੂੰ ਪਾਸੇ ਹੀ ਰੱਖਦੀਆਂ ਹਨ।

ਖੱਬੇ ਪੱਖੀ ਧਿਰਾਂ ਦੇ ਲੋਕ ਆਧਾਰ ਨੂੰ ਖ਼ੋਰਾ ਅਕਾਲੀ ਦਲ, ਅਤੇ ਬਸਪਾ ਜਿਹੀਆਂ ਸੰਪ੍ਰਦਾਇਕ ਤੇ ਜਾਤ ਆਧਾਰਿਤ ਰਾਜਸੀ ਪਾਰਟੀਆਂ ਦੀ ਆਮਦ ਅਤੇ ਪੰਜਾਬ ਵਿਚ ਚੱਲੀ ਖਾੜਕੂ ਲਹਿਰ ਨੇ ਵੀ ਲਗਾਇਆ। ਨੌਜਵਾਨ ਧਾਰਮਿਕ ਜਨੂੰਨ, ਸੱਤਾ ਦੇ ਜਬਰ ਅਤੇ ਹਥਿਆਰਾਂ ਦੇ ਜਲੌਅ ਵਿਚ ਖਾੜਕੂ ਲਹਿਰ ਨਾਲ ਵੀ ਜਾ ਜੁੜੇ। ਦੂਜੇ ਪਾਸੇ ਖੱਬੇ ਪੱਖੀ ਧਿਰਾਂ ਨੇ ਅਜਿਹੀਆਂ ਲੋਕ ਲਹਿਰਾਂ ਨਾਲ ਜੁੜਣ, ਉਨ੍ਹਾਂ ਨੂੰ ਸਹੀ ਸੇਧ ਦੇਣ ਦੀ ਬਜਾਇ 'ਧਾਰਮਿਕ' ਰੰਗਤ ਦੇ ਆਧਾਰ 'ਤੇ ਉਨ੍ਹਾਂ ਨਾਲ ਵਿਰੋਧ ਖੜਾ ਕੀਤਾ ਅਤੇ ਰਾਸ਼ਟਰੀ ਪੱਧਰ 'ਤੇ ਇਨ੍ਹਾਂ ਦੇ ਵਿਰੋਧ ਵਿਚ ਸੱਤਾ ਨਾਲ ਜਾ ਜੁੜੇ। ਇਸੇ ਅੱਤਵਾਦ ਦੇ ਵਿਰੋਧ ਦੀ ਆੜ ਵਿਚ ਕਈ 'ਸੱਤਾ' ਨਾਲ ਹੱਥ ਰਲਾ ਉਸਦਾ ਸੁੱਖ ਮਾਨਣ ਲੱਗੇ।

"...ਤੁਸੀਂ ਆਪਣੇ ਆਪਣੇ ਘੋਰਨਿਆਂ 'ਚ ਦੜੇ ਆਪਣੀ ਔਲਾਦ ਪਾਲ ਰਹੇ ਹੋ ਤੇ ਜਾਂ ਫਿਰ ਅੱਤਵਾਦ ਦੇ ਵਿਰੋਧ ਦੇ ਨਾਂ ਤੇ ਆਪਣੇ ਸੁਰੱਖਿਆ ਗਾਰਡਾਂ ਵਜੋਂ, ਆਪਣੇ ਭਰਾ ਭਤੀਜਿਆਂ ਨੂੰ ਭਰਤੀ ਕਰਕੇ, ਸਰਕਾਰੀ ਫੰਡਾਂ ਨੂੰ ਹੜਪਿਆ ਜਾ ਰਿਹਾ ਹੈ... ਇਹ ਸੱਤਾ ਦਾ ਵਿਰੋਧ ਹੈ ਕਿ ਸੱਤਾ ਦੀ ਦੱਲਾਗਿਰੀ...?"

ਪਰਵਾਨਾ ਜਦੋਂ ਭੂਮਿਕਾ ਵਿਚ ਇਹ ਸਵਾਲ ਕਰਦਾ ਹੈ ਕਿ "ਕਿਉਂ ਬੰਦਾ ਉਸੇ ਸੁਪਨੇ ਵੱਲ ਪਿੱਠ ਕਰ ਲੈਂਦਾ, ਜਿਸ ਲਈ ਕਦੀ ਉਹ ਮਰਨ-ਮਾਰਨ ਤੱਕ ਪੁੱਜਿਆ ਹੁੰਦਾ" ਤਾਂ ਇਸ ਸਵਾਲ ਨੂੰ ਉਹ ਆਪਣੇ ਬਿਰਤਾਂਤ ਵਿਚ ਢਾਲਦਿਆਂ ਇਸਨੂੰ 'ਜਸਪਾਲ' ਦੇ ਕਿਰਦਾਰ ਰਾਹੀਂ ਸੰਜੀਵ ਕਰਦਾ ਹੈ। ਨਕਸਲੀ ਲਹਿਰ ਵਿਚ ਸਾਂਝੇ ਸੁਪਨੇ ਲਈ ਮਰਨ-ਮਾਰਨ' ਤੋਂ ਆਰੰਭ ਹੋ ਕੇ ਸਮੇਂ ਦੇ ਗੇੜ ਨਾਲ ਬਦਲੀਆਂ ਪ੍ਰਸਥਿਤੀਆਂ ਵਿਚ, ਇਸ ਸੁਪਨੇ ਵੱਲ ਪਿੱਠ ਕਰ ਆਪੋ ਆਪਣੀ ਨਿੱਜੀ ਖੁਸ਼ਹਾਲੀ ਦੀ ਰਾਹ ਫੜਨ ਦੇ ਇਸ ਇਤਿਹਾਸਕ ਵਰਤਾਰੇ ਦਾ ਪ੍ਰਤਿਨਿਧ ਰੂਪ ਜਸਪਾਲ, ਨਿਰਭੈ ਜਿਹੇ ਪਾਤਰ ਬਣੇ ਹਨ। ਜਸਪਾਲ ਜੋ ਕਦੇ ਹਥਿਆਰਬੰਦ ਠੋਸ ਕਾਰਵਾਈ ਦਾ ਹਿਮਾਇਤੀ ਰਿਹਾ ਸੀ, ਜੋ ਖ਼ੁਦ ਨੂੰ ਐਕਸ਼ਨ ਸਕੁਐਡ ਲਈ ਪੇਸ਼ ਕਰਦਾ ਹੈ ਅਤੇ ਜੋ ਕਦੇ ਕਾਮਰੇਡ ਬਚਨ ਸਿੰਘ 'ਤੇ ਹੋਏ ਹਮਲੇ ਵੇਲੇ ਹਮਲਾਵਰਾਂ ਨੂੰ ਫੜਣ ਵਿਚ ਦਲੇਰਾਨਾ ਤੇ ਫੈਸਲਾਕੁੰਨ ਭੂਮਿਕਾ ਨਿਭਾਉਂਦਾ ਹੈ, ਸਮੇਂ ਨਾਲ ਬਦਲਦੇ ਹਾਲਾਤ ਵਿਚ ਬਦਲਦੀ ਮਾਨਸਿਕਤਾ ਅਤੇ ਆਰਥਿਕ ਸਮਾਜਕ ਸਥਿਤੀ ਅਨੁਸਾਰ ਸੰਘਰਸ਼ ਤੋਂ ਫਿਸਲਦਾ ਫਿਸਲਦਾ ਨਿੱਜੀ ਖੁਸ਼ਹਾਲੀ ਦੀ ਰਾਹ ਪੈ ਲੋਕ-ਲਹਿਰ ਦੇ ਮਨਸੂਬਿਆਂ ਦੇ ਬਿਲਕੁਲ ਉਲਟ ਪੈਂਤੜਾ ਲੈਂਦਾ ਆਖ਼ਿਰ ਪੂੰਜੀ ਦੇ ਜਲੌਅ ਵਿਚ ਚੁੰਧਿਆਇਆ ਜਾਂਦਾ ਹੈ।

ਨਾਵਲੀ ਬਿਰਤਾਂਤ ਰਾਹੀਂ ਪਰਵਾਨਾ ਘਰ-ਪਰਿਵਾਰ ਪ੍ਰਤਿ ਉਪਭਾਵੁਕ ਉਲਾਰ ਨੂੰ ਵੀ ਲੋਕ ਲਹਿਰ ਦੇ ਰਸਤੇ ਦੀ ਰਕਾਵਟ ਵਜੋਂ ਪੇਸ਼ ਕਰਦਾ ਹੈ। ਜਸਪਾਲ ਜਿਹਾ ਨਿਧੜਕ ਵਰਕਰ ਮਨਜੀਤ ਨਾਲ ਵਿਆਹ ਪਿਛੋਂ ਉਸਦੀ ਜਿਸਮਾਨੀ ਖਿੱਚ ਅਤੇ ਫਿਰ ਔਲਾਦ ਦੇ ਭਵਿੱਖ ਦੀ ਚਿੰਤਾ 'ਚ ਗ੍ਰਸਿਆ ਆਪਣੇ ਮਕਸਦ ਤੋਂ ਭਟਕ ਜਾਂਦਾ ਹੈ। ਸਭਨਾਂ ਲਈ ਸਾਂਝੇ ਮੌਕਿਆਂ ਤੇ ਸਮਾਨਤਾ ਵਾਲੇ ਸਮਾਜ ਦੀ ਸਿਰਜਣਾ ਦੀ ਚਾਹਨਾ ਵਾਲੇ ਆਖ਼ਿਰ ਔਲਾਦ-ਮੋਹ ਵਿਚ ਪੈ ਲੋਕ-ਲਹਿਰ ਦੇ ਮਨਸੂਬਿਆਂ ਤੇ ਸਿਧਾਂਤਾ ਦੇ ਵਿਪਰੀਤ ਜਾਂ ਖਲੋਂਦੇ ਹਨ ਭਾਵੇਂ ਕਿ 'ਲੋਕ-ਪੱਖੀ' ਹੋਣ ਦਾ 'ਲੇਬਲ' ਤੇ ਭਰਮ ਨਹੀਂ ਛੱਡਦੇ। ਇਹ 'ਲੇਬਲ' ਵੀ 'ਪੂੰਜੀ' ਵਾਂਗ ਇਕ 'ਸਮਾਜਕ ਰੁਤਬਾ' ਤੇ ਮਾਨਸਿਕ 'ਧਰਵਾਸ' ਬਣਾਈ ਰੱਖਣ ਹਿੱਤ ਹੀ ਹੈ। ਬੇਸ਼ੱਕ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਆਪਣੀ ਥਾਵੇਂ ਹਨ, ਪਰ ਜਿਹੋ ਜਿਹਾ ਭਵਿੱਖ ਜਸਪਾਲ ਤੇ ਮਨਜੀਤ ਆਪਣੀ ਔਲਾਦ ਦਾ 'ਸੁਰੱਖਿਅਤ' ਕਰਨ ਵਿਚ ਲੱਗੇ ਹੋਏ ਹਨ, ਇਹੀ ਦੂਜਿਆਂ ਲਈ ਖ਼ਤਰਾ ਹੈ। ਦੂਸਰਿਆਂ ਦਾ ਹੱਕ ਖੋਹਣ ਦਾ ਮੁੱਖ ਕਾਰਨ, ਪੂੰਜੀਵਾਦ ਨਿੱਜੀਕਰਨ ਲਈ ਜ਼ਮੀਨ ਤਿਆਰ ਕਰਨ ਤੇ

ਉਸਨੂੰ ਤਾਕਤ ਪ੍ਰਦਾਨ ਕਰਨ ਵਾਲਾ ਅਹਿਮ ਕਾਰਨ। ਹੁਣ ਜੋ ਮਾਡਲ ਸਕੂਲ ਖੁੱਲ ਰਿਹਾ ਹੈ ਉਸ ਵਿਚ ਸੁਪਨਾ ਤਾਂ ਗਰੀਬ ਬੱਚਿਆਂ ਨੂੰ ਮੁਫ਼ਤ ਅਥਵਾ ਰਿਆਇਤੀ ਵਿਦਿਆ ਦਾ ਦਿੱਤਾ ਜਾ ਰਿਹਾ ਹੈ, ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਨੂੰ ' ਸਲੋਗਨ' ਬਣਾ ਕੰਧਾਂ ਤੇ ਲਿਖਿਆ ਗਿਆ ਹੈ, ਪਰ ਹਕੀਕਤ ਇਹ ਹੈ ਕਿ ਇਸੇ ਗਰੀਬ ਤੇ ਮੱਧਵਰਗੀ ਤਬਕੇ ਦੇ ਅਧਿਆਪਕਾਂ ਦੇ ਕਿਰਤ ਦੇ ਅਧਿਕਾਰਾਂ ਦੀ ਅਣਦੇਖੀ ਵੀ ਹੋ ਰਹੀ ਹੈ, ਕਿਰਤ ਦੀ ਲੁੱਟ ਵੀ ਹੋ ਰਹੀ ਹੈ ਅਤੇ ਉਨ੍ਹਾਂ ਦੇ ਮਾਨਵੀ ਅਧਿਕਾਰਾਂ ਦਾ ਹਨਨ ਵੀ ਹੋ ਰਿਹਾ ਹੈ। ਹੁਣ 'ਜ਼ਮੀਨ ਹਲਵਾਹਕਾਂ ਦੀ' ਦੇ ਨਾਅਰਾ ਪ੍ਰਚਾਰਨ ਵਾਲਾ ਆਪਣੇ ਭਰਾਵਾਂ ਨੂੰ ਕਹਿ ਰਿਹਾ ਹੈ, "ਭਾਅ ਇਸ ਵਾਰ ਤੁਸੀਂ ਮੇਰੇ ਵਾਲੀ ਜ਼ਮੀਨ ਨਾ ਵਾਹਿਓ।"

ਹੁਣ ਉਨ੍ਹਾਂ ਨੂੰ ਆਪਣੀ ਥਾਂ ਤੇ ਤੂੜੀ ਦਾ ਮੂਸਲ ਲਾਉਣ ਦੀ ਵੀ ਮਨਾਹੀ ਕਰ ਦਿੱਤੀ ਗਈ ਹੈ, ਕੁਝ ਮਰਲੇ ਥਾਂ ਲਈ ਭਰਾਵਾਂ ਨਾਲ ਕਲੇਸ਼ ਨਹੀਂ ਮੁਕਾ ਹੋ ਰਿਹਾ। ਇੰਜ ਹੀ ਅਧਿਆਪਕ ਯੂਨੀਅਨ ਦਾ ਪ੍ਰਧਾਨ ਨਿਰਪਾਲ ਸ਼ਹਿਰ ਵਿਚ ਆਪਣੀ ਕੋਠੀ ਕਿਰਾਏਦਾਰਾਂ ਤੋਂ ਖਾਲ਼ੀ ਕਰਵਾਉਣ ਲਈ ਯੂਨੀਅਨ ਦੀ ਵਰਤੋਂ 'ਗੁੰਡਾ ਗਿਰੋਹ' ਵਜੋਂ ਕਰਦਾ ਹੈ:

"ਊਂ ਤਾਂ ਤੁਸੀਂ ਕਹਿੰਦੇ ਓ, ਮੁਜ਼ਾਰੇ ਜ਼ਮੀਨਾਂ ਨਾ ਛੱਡਣ, ਕਿਰਾਏਦਾਰ ਨੂੰ ਮਕਾਨ ਮਾਲਕ ਕੱਢ ਨਾ ਸਕੇ, ਉਹ ਜਦੋਂ ਚਾਹੇ ਉਦੋਂ ਛੱਡੇ... ਆਹ ਨਿਰਪਾਲ ਵਾਰੀ ਤੁਸੀਂ ਕਿਉਂ ਨੀ ਮੁਜ਼ਾਹਰਾ ਕੀਤਾ ਕਿਰਾਏਦਾਰ ਦੇ ਹੱਕ 'ਚ ... ਉਲਟਾ ਅੱਧੀ ਲੀਡਰਸ਼ਿੱਪ ਉਥੇ ਗੁੰਡਾਧਾੜ ਬਣ ਕੇ ਗਈ।"

ਗੱਲ ਇਹ ਵੀ ਨਹੀਂ ਕਿ ਕੁਝ ਇਕ ਦੁਆਰਾ, ਆਪਣਾ ਨਿੱਜੀ ਜਾਇਦਾਦ ਦਾ ਕੁਝ ਹਿੱਸਾ ਦੂਸਰੇ ਨੂੰ ਛੱਡ ਦੇਣ ਨਾਲ ਕੋਈ ਹੇਠਲੀ ਉੱਤੇ ਹੋ ਜਾਵੇਗੀ, ਗੱਲ ਹੈ ਕਿ ਜਿਸ ਸਿੱਧਾਂਤ ਨੂੰ ਅਸੀਂ ਦੂਸਰਿਆਂ 'ਤੇ ਠੋਸ ਰਹੇ ਹਾਂ, ਖੁਦ ਉਸਨੂੰ ਆਪਣੇ ਅੰਦਰ ਕਿੰਨਾ ਕੁ ਆਤਮਸਾਤ ਕਰ ਪਾਏ ਹਾਂ? ਦੂਸਰੀ ਗੱਲ ਵਿਰੋਧੀ ਪ੍ਰਬੰਧ ਵਿਚ ਇਹ 'ਅੰਸ਼' ਰੂਪ ਵਿਚ ਕਿਵੇਂ ਤੇ ਕਿੰਨਾ ਕੁ ਵਿਹਾਰੀ ਹੈ? ਇਸਦੇ ਅਨੁਸਾਰੀ ਪ੍ਰਬੰਧ ਵੀ ਦਰਕਾਰ ਹੈ।

ਬਦਲਦੀਆਂ ਸਮਾਜਕ-ਆਰਥਿਕ ਰਾਜਸੀ ਪ੍ਰਸਥਿਤੀਆਂ ਵਿਚ ਪੂੰਜੀਵਾਦ ਦੀ ਚੜਤ ਤੇ ਲੋਕ-ਲਹਿਰਾਂ ਦੇ ਨਿਘਾਰ ਅਤੇ ਸਮਾਜਵਾਦ ਦੇ ਸੁਪਨੇ ਦੇ ਪੂਰੇ ਨਾ ਹੋਣ ਦਾ ਅਸਰ ਇਹ ਵੀ ਹੋਇਆ ਕਿ ਜੱਸੀ ਜਿਹੇ ਕਈ ਖੱਬੇ-ਪੱਖੀ ਮਾਨਸਿਕਤਾ ਵਾਲੇ ਵਿਅਕਤੀ, ਬਦਲਦੀਆਂ ਪ੍ਰਸਥਿਤੀਆਂ ਅਤੇ ਅੰਦਰ ਵਸੇ ਸਿਧਾਂਤ ਦੇ ਅੰਤਰ-ਵਿਰੋਧ ਦੇ ਚਲਦੇ ਦੋ ਫਾੜ ਮਾਨਸਿਕਤਾ ਦੇ ਸ਼ਿਕਾਰ ਵੀ ਹੋਏ। ਸਮਾਜਵਾਦ ਦਾ ਸੁਪਨਾ ਪੂਰਾ ਹੁੰਦਾ ਨਾ ਵੇਖ ਉਹ ਪੂੰਜੀਵਾਦ ਦੇ ਰੰਗ ਵਿਚ ਰੰਗੀ ਜਾਂਦੇ ਅਥਵਾ 'ਘਰ' ਸਾਂਭਣ ਦੇ ਫਿਕਰ ਵਿਚ ਨਿੱਜੀ ਹਿੱਤਾਂ ਦੇ ਰਾਹ ਹੋ ਤੁਰੇ, ਪਰ ਅੰਦਰ ਦਾ ਸਿੱਧਾਂਤ ਵੀ ਕਿਧਰੇ ਨਾ ਕਿਧਰੇ ਸਾਹ ਲੈਂਦਾ ਰਿਹਾ। ਮਨਜੀਤ ਨੇ ਖੱਬੇ-ਪੱਖੀ ਹੋਣ ਦਾ ਇਕ ਭਾਂਤ 'ਖੇਖਣ' ਕੀਤਾ ਸੀ, ਫੈਸ਼ਨ ਵਜੋਂ ਅਪਣਾਇਆ ਸੀ, ਸੋ ਫੈਸ਼ਨ ਵਾਂਗ ਬਦਲ ਵੀ ਲਿਆ, ਜਿਆਦਾ ਤਕਲੀਫ਼ ਨਾ ਹੋਈ। ਜੱਸੀ ਲਹਿਰ ਨਾਲ ਤਨੋ-ਮਨੋ ਜੁੜਿਆ ਸੀ ਸੋ ਉਸਦੀ ਤਬਦੀਲੀ ਦੀ ਪ੍ਰਕਿਰਿਆ ਵਧੇਰੇ ਸਮਾਂ ਲੈ ਰਹੀ ਹੈ, ਉਹ 'ਭੇਖ' ਨਾਲੋਂ 'ਦੁਬਿਧਾ' ਦਾ ਸ਼ਿਕਾਰ ਹੈ। ਉਸ ਅੰਦਰ ਨਿੱਜੀ ਜਾਇਦਾਦ ਦੀ ਲਾਲਸਾ ਵੀ ਕਦਮ ਦਰ ਕਦਮ ਵਧਦੀ ਜਾਂਦੀ ਹੈ ਅਤੇ ਉਸ ਅੰਦਰ ਮਾਰਕਸ' ਵੀ ਖਲਲ ਪਾਉਂਦਾ ਰਹਿੰਦਾ ਹੈ। ਹੌਲੀ ਹੌਲੀ ਇਹ ਦੁਬਿੱਧਾ ਘਟਣ ਲਗਦੀ ਹੈ ਤੇ ਨਿੱਜੀ ਜਾਇਦਾਦ ਸਪਸ਼ਟ ਭਾਂਤ ਉਸਦੀ ਪ੍ਰਾਥਮਿਕਤਾ ਬਣ ਜਾਂਦੀ ਹੈ, ਪੂੰਜੀ ਦਾ ਜਲੌਅ ਉਸਨੂੰ ਚੁੰਧਿਆ ਦਿੰਦਾ ਹੈ। ਹੁਣ ਖੱਬੇ ਪੱਖੀ ਹੋਣ ਦੀ ਦੁਬਿਧਾ ਘੱਟ ਹੈ, ਹਾਂ ਸਮਾਜਕ ਰੁਤਬੇ ਵਜੋਂ ਇਸਦਾ 'ਲੇਬਲ' ਫਿਲਹਾਲ ਲਗਾਈ ਰੱਖਿਆ ਗਿਆ ਹੈ, ਇਸੇ ਕਰਕੇ ਕੁੜੀ ਦੇ ਵਿਆਹ 'ਤੇ ਇਲਾਕੇ ਦੇ ਕਾਮਰੇਡ ਸੱਦਣ ਦੀ ਗੱਲ ਹੋ ਰਹੀ ਹੈ ਅਤੇ ਗਿਆਰਾਂ ਹਜ਼ਾਰ ਦਾ ਸ਼ਗਨ ਰੂਪੀ ਫੰਡ ਦੇਣ ਦੀ। ਬਿਰਤਾਂਤਕਾਰ ਸਿੱਧਾਂਤ ਦੇ ਵਿਹਾਰ ਦੇ ਇਸ ਵਿਰੋਧ 'ਤੇ ਸਮੇਂ ਸਮੇਂ ਜਬਰਦਸਤ 'ਕਟਾਖ' ਕਰਦਾ ਜਾਂਦਾ ਹੈ। ਇਹ ਚਾਹੇ ਪਰਟੀ ਨੂੰ ਗਿਆਰਾਂ ਹਜ਼ਾਰ ਸ਼ਗਨ ਪਾਉਣ ਦਾ ਹੋਵੇ, ਜੱਸੀ ਵੱਲੋਂ ਭਰਾਵਾਂ ਨੂੰ ਮੂਸਲ ਜੋਗੀ ਥਾਂ ਵੀ ਨਾ ਛੱਡਣ ਵੇਲੇ ਹੋਵੇ ਜਾਂ ਭਗਤ ਸਿੰਘ ਦੀਆਂ ਕੁਟੇਸ਼ਨਾਂ ਨਾਲ ਭਰੀਆਂ ਕੰਧਾਂ ਵਾਲੇ ਸਕੂਲ ਦੇ ਨੇੜੇ ਹੀ ਦਲ ਸਿੰਘ ਦੇ ਉਜਾੜੇ ਬਾਰੇ ਹੋਵੇ।

"ਇਹਨਾਂ ਕੁਟੇਸ਼ਨਾਂ ਤੋਂ ਕੁਝ ਹੀ ਦੂਰ ਨਾਲਦੇ ਪਿੰਡ ਦੀ ਜੂਹ 'ਚ ਮੁਜ਼ਾਰੇ ਦਲ ਸਿੰਘ ਨੂੰ ਚੌਧਰੀਆਂ ਨੇ



ਉਜਾੜ ਦਿੱਤਾ ਸੀ।"

ਬਿਰਤਾਂਤਕਾਰ ਦੀ ਇਕ ਹੋਰ ਅਹਿਮ ਜੁਗਤ ਵਿਰੋਧ ਜੁੱਟ ਸਿਰਜਣ ਦੀ ਹੈ। ਇਸ ਵਿਰੋਧ ਜੁੱਟ ਵਿਚ ਇਕ ਪਾਸੇ ਜੱਸੀ, ਕਾਮਰੇਡ ਨਿਰਭੈ, ਵਿਦਿਆਰਥੀ ਆਗੂ ਭੁਪਿੰਦਰ, ਮਨਜੀਤ, ਕਾਮਰੇਡ ਸਤਪਾਲ ਜਿਹੇ ਹਨ, ਜੋ ਸਮੇਂ ਨਾਲ ਮੌਕਾ ਸਾਂਭਦੇ 'ਸਮਾਜ' ਤੋਂ 'ਘਰ' ਦੀ ਰਾਹੇ ਪੈ ਜਾਂਦੇ ਹਨ ਅਤੇ ਦੂਜੇ ਪਾਸੇ ਕਾਮਰੇਡ ਸਰਦਾਰਾ, ਤਰਸੇਮ ਤਿਰਲੋਚਨ, ਕਾਮਰੇਡ ਬਚਨ ਜਿਹੇ ਹਨ, ਜੋ ਵਿਰੋਧੀ ਹਾਲਾਤ ਵਿਚ ਵੀ ਆਪਣੇ ਸਿੱਧਾਂਤ ਤੇ ਖੜੇ ਰਹਿੰਦੇ ਹਨ, ਸੁਪਨੇ ਲਈ ਜੂਝਦੇ ਹਨ, ਜਿਨ੍ਹਾਂ ਦੀ 'ਨਿੱਜ' ਅਤੇ 'ਘਰ' ਉਪਰੋਂ ਲਹਿਰ ਨੂੰ ਪ੍ਰਾਥਮਿਕਤਾ ਬਣੀ ਰਹਿੰਦੀ ਹੈ। ਇਹੀ ਹਨ ਜੋ ਦੁਖਾਂਤਕ ਹੋਣੀ ਨੂੰ ਅਪੜਦੇ ਹਨ। ਕਾਮਰੇਡ ਸਰਦਾਰਾ ਜਿਸਦੇ ਘਰ ਦੀ ਚੋਂਦੀ ਛੱਤ ਘਰ ਦੀ ਖਸਤਾ ਹਾਲਤ ਨੂੰ ਬਿਆਨ ਕਰ ਰਹੀ ਹੈ ਪਰ ਜੋ ਅਜੇ ਵੀ ਆਪਣੇ ਸਿੱਧਾਂਤ ਤੇ ਵਿਚਾਰਧਾਰਾ ਪ੍ਰਤਿ ਪੂਰੀ ਤਰ੍ਹਾਂ ਸਪੱਸ਼ਟ ਅਤੇ ਦ੍ਰਿੜ ਹੈ। ਤ੍ਰਿਲੋਚਨ ਜਿਸਦੀ ਸ਼ਹੀਦੀ ਲਾਟ 'ਤੇ ਬਣੀ 'ਲਾਇਬਰੇਰੀ' ਵੱਸਣ ਤੋਂ ਪਹਿਲਾਂ ਹੀ ਉੱਜੜ ਚੁੱਕੀ ਹੈ, ਕਾਮਰੇਡ ਬਚਨ ਜਿਸਦੀ ਉਮਰ ਭਰ ਦੀ ਘਾਲਣਾ ਨੂੰ ਸ਼ਰਧਾਂਜਲੀ ਦੇਣ ਜਾਣ ਵਾਸਤੇ ਵੀ ਜੱਸੀ ਜਹੇ 'ਕਾਮਰੇਡ' ਰਹਿ ਚੁੱਕੇ ਨਵ-ਪੂੰਜੀਆਂ ਨੂੰ ਵਿਹਲ ਨਹੀਂ, ਕਾਮਰੇਡ ਤਰਸੇਮ ਜੋ ਲਹਿਰ ਨੂੰ ਮੁੜ ਸੁਰਜੀਤ ਕਰਨ ਦੇ ਯਤਨਾਂ ਵਿਚ ਹਤਾਸ਼ ਹੋ ਚੁੱਕਾ ਹੈ ਜਿਸਨੂੰ ਹੁਣ ਜਿਸ ਲਹਿਰ ਲਈ 'ਘਰ ਬਾਰ' ਤਿਆਗਿਆ ਸੀ, ਉਸਦਾ 'ਬਾਰੀ ਕੋਹੀ ਦੀਵਾ ਬਲਦਾ' ਵੀ ਨਹੀਂ ਥਿਆਉਂਦਾ।

ਬਿਰਾਂਤਕਾਰ ਜਿਥੇ ਲਹਿਰ ਦੇ ਨਿਘਾਰ ਦੇ ਅੰਦਰੂਨੀ ਕਾਰਨਾਂ ਦੀ ਘੋਖ ਕਰਦਾ ਹੈ, ਉਥੇ ਨਾਲ ਹੀ ਇਸਦੇ ਬਹਿਰੂਨੀ ਕਾਰਨ ਵੀ ਦੇਖੇ ਗਏ ਹਨ, ਜਿਨ੍ਹਾਂ ਵਿਚ ਸੱਤਾ ਦਾ ਜਬਰ, ਸੰਪ੍ਰਦਾਇਕ ਪਾਰਟੀਆਂ ਅਤੇ ਖਾੜਕੂ ਲਹਿਰ ਦਾ ਉੱਥਾਨ ਤੋਂ ਇਲਾਵਾ ਜੋ ਅਹਿਮ ਵਜਹ ਹੈ, ਉਹ ਹੈ ਆਪਣਾ 'ਘਰ' ਸੰਭਾਲਣ ਦੇ 'ਸਹੀ ਰਾਹ' ਵਾਲੀ ਪੂੰਜੀਵਾਦੀ ਪ੍ਰਬੰਧ ਦੇ ਅਨੁਸਾਰੀ 'ਮੁੱਖ ਧਾਰਾ' ਅਤੇ ਇਸਦੇ ਨਾਲ ਹੀ ਇਤਿਹਾਸਕ ਗਤੀਸ਼ੀਲਤਾ ਨਾਲ ਵਿਸ਼ਵ ਪੱਧਰ ਤੇ ਫੈਲਦਾ ਨਵ-ਪੂੰਜੀਵਾਦ, ਵਿਸ਼ਵੀਕਰਨ, ਨਿੱਜੀਕਰਨ, ਬਾਜ਼ਾਰਵਾਦ ਆਦਿ। ਵਿਸ਼ਵੀਕਰਨ ਦੇ ਇਸ ਨਿੱਜੀਕਰਨ, ਬਾਜ਼ਾਰਵਾਦ, ਖਪਤਵਾਦ ਦਾ ਲੋਕ ਮਨ ਉਪਰ ਪ੍ਰਭਾਵ ਐਸਾ ਹੈ ਕਿ ਮਨਜੀਤ ਅਤੇ ਜਸਪਾਲ ਜਿਹੇ ਖੱਬੇਪੱਖੀ ਸੋਚ ਵਾਲੇ ਵੀ ਇਸ ਦੀ ਜਕੜ ਵਿਚ ਆ ਜਾਂਦੇ ਹਨ।

ਇਸ ਬਿਰਤਾਂਤ ਰਾਹੀਂ ਇਹ ਗੱਲ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਕਿਸੇ ਪ੍ਰਬੰਧ ਨੂੰ 'ਲਿਆਉਣ' ਹਿਤ ਕੇਵਲ ਰਾਜਸੀ ਰੂਪ ਵਿਚ 'ਪ੍ਰਬੰਧ' ਦੀ ਇਨਕਲਾਬੀ ਤਬਦੀਲੀ ਹੀ ਨਹੀਂ ਬਲਕਿ ਉਸ ਰਾਜਸੀ ਸਰਗਰਮੀ ਦੇ ਨਾਲ ਨਾਲ ਉਸ ਪ੍ਰਬੰਧ ਦੇ ਅਨੁਸਾਰੀ ਨਵਾਂ ਮਨੁੱਖ ਅਤੇ ਸਭਿਆਚਾਰ ਘੜਣਾ ਵੀ ਲਾਜ਼ਿਮ ਹੁੰਦਾ ਹੈ। ਇਸ ਕਾਰਜ ਵਿਚ ਖੱਬੇ ਪੱਖੀ ਧਿਰਾਂ ਤਾਂ ਅਸਫ਼ਲ ਰਹੀਆਂ, ਪਰ ਇਹ ਕੰਮ ਸਰਮਾਏਦਾਰੀ, ਪੂੰਜੀਵਾਦ ਨੇ 'ਵਿਸ਼ਵੀਕਰਨ' ਰਾਹੀਂ ਕਰ ਵਿਖਾਇਆ। ਪੂੰਜੀਵਾਦੀ ਵਿਸ਼ਵੀ ਜਮਾਤ ਨੇ ਵਿਸ਼ਵੀਕਰਨ ਰਾਹੀਂ ਪੂਰੇ ਸੰਸਾਰ ਵਿਚ 'ਖਪਤ ਸਭਿਆਚਾਰ' ਫੈਲਾਇਆ ਅਤੇ ਆਪਣੀਆਂ ਵਸਤਾਂ ਦੀ ਖਪਤ ਲਈ ਮਨੁੱਖ ਨੂੰ ਪਦਾਰਥਵਾਦੀ, ਭੋਗਵਾਦੀ, ਨਿੱਜਪ੍ਰਸਤ ਬਣਾ ਧਰਿਆ। ਇਹ ਪਦਾਰਥਕ ਲਾਲਸਾਵਾਂ ਦੀ ਬਿਰਤੀ ਨੂੰ ਪਾਤਰ 'ਹਰਮਨ' ਰਾਹੀਂ ਬਿਹਤਰ ਪਛਾਣਿਆ ਜਾ ਸਕਦਾ ਹੈ ਜਿਸਦੇ ਸੁਪਨਿਆਂ ਦਾ ਕੇਂਦਰ ਬਿੰਦੂ ਉਸਦਾ ਹੋਣ ਵਾਲਾ 'ਵਰ' ਨਹੀਂ ਬਣ ਰਿਹਾ, ਬਲਕਿ ਉਸਦੀ ਆਲੀਸ਼ਾਨ ਕੋਠੀ, ਦੇਸ਼ ਅਮਰੀਕਾ "ਉਥੋਂ ਦੀ ਖੂਬਸੂਰਤ ਜ਼ਿੰਦਗੀ, ਅਯਾਸ਼ੀ ਭਰਿਆ ਜੀਵਨ" ਬਣ ਰਿਹਾ ਹੈ। ਜਿਥੇ ਤੱਕ 'ਮਨਜੀਤ' ਪਹੁੰਚੀ ਹੈ, ਉਸਦੀ ਧੀ 'ਹਰਮਨ' ਉਥੋਂ ਆਰੰਭ ਕਰ ਰਹੀ ਹੈ ਪਦਾਰਥਕ ਲਾਲਸਾਵਾਂ ਦੀ ਅੰਤਹੀਣ ਦੌੜ। ਮਨਜੀਤ ਅਤੇ ਜਸਪਾਲ ਜਿਹੇ 'ਸਮਾਜਵਾਦੀ' ਸੋਚ ਵਾਲਿਆਂ, ਜਿਨ੍ਹਾਂ ਆਪਣੀ ਔਲਾਦ ਨੂੰ 'ਨਵਕਿਰਨ' ਬਣਾਉਣਾ ਸੀ, ਉਸਨੂੰ 'ਹਰਮਨ' ਬਣਾ ਧਰਿਆ। ਕਸੂਰ ਇਕੱਲਾ ਉਨ੍ਹਾਂ ਦਾ ਵੀ ਨਹੀਂ ਪਰ ਉਹ ਬਰੀ ਵੀ ਨਹੀਂ। ਪੂੰਜੀ ਦਾ ਜਲਵਾ ਹੀ ਐਸਾ ਹੈ।

ਆਪਣੇ ਪਿਛਲੇ ਨਾਵਲ 'ਬਹੁਤ ਸਾਰੇ ਚੁਰਸਤੇ' ਵਿਚ ਪਰਵਾਨਾ ਪੂੰਜੀਵਾਦ ਦੀ ਵਿਕਰਾਲਤਾ ਅੱਗੇ ਖੱਬੇ ਪੱਖੀ ਲਹਿਰ ਦੇ ਪਸਤ ਹੁੰਦਿਆਂ, ਨਵੇਂ ਸਿਰੇ ਤੋਂ ਵਿਅਕਤੀਗਤ ਯਤਨਾਂ ਦੀ ਆਸ ਬੰਨਾਈ ਰੱਖ ਕੇ


ਬਿਰਤਾਂਤ ਰੋਕਦਾ ਹੈ, ਪਰ ਇਥੇ ਪਾਠਕ ਕਰੂਰ ਯਥਾਰਥ ਦੇ ਸਨਮੁਖ ਖੜਾ ਕਰ ਦਿੱਤਾ ਗਿਆ ਹੈ। ਜੱਸੀ ਜਿਹਾ ਲਹਿਰ ਦਾ ਨਿਧੜਕ ਨਾਇਕ, ਜੋ ਕਦੇ ਲੋਕਾਈ ਲਈ ਲੜਣ ਮਰਨ ਤੇ ਉਤਾਰੂ ਹੋ ਜਾਂਦਾ ਸੀ, ਹੁਣ 'ਨਿੱਜ ਦੇ ਖੋਲ' ਵਿਚ ਸਿਮਟਦਾ ਸਿਮਟਦਾ ਪੂਰੀ ਤਰ੍ਹਾਂ ਪੂੰਜੀਵਾਦ ਅਤੇ ਨਿੱਜਵਾਦ ਅੱਗੇ ਸਮਰਪਣ ਕਰ ਜਾਂਦਾ ਹੈ। 'ਬੱਚਿਆਂ ਖਾਤਰ' ਸਰਵਹਾਰਾ ਨੂੰ ਲੁੱਟਣ ਹੋ ਤੁਰਿਆ ਹੈ, ਲੋਟੂ ਜਮਾਤ ਨਾਲ ਜਾ ਰਲਿਆ ਹੈ। ਕਾਮਰੇਡ ਬਚਨ ਸਿੰਘ ਦੀ ਸ਼ਰਧਾਂਜਲੀ ਵਿਚ 'ਹਾਜ਼ਰੀ' ਭਰਨ ਤੋਂ ਵੀ ਮੁਨਕਰੀ ਹੈ। ਦਲ ਸਿੰਘ ਜਿਹੇ ਮੁਜ਼ਾਰੇ ਹੱਥੋਂ ਜ਼ਮੀਨ ਖਿਸਕ ਚੁੱਕੀ ਹੈ। ਕਾਮਰੇਡ ਸਰਦਾਰੇ ਦਾ ਖਸਤਾ ਮਕਾਨ ਵੀ ਢਹਿ ਗਿਆ ਹੈ ਤੇ ਕਾਮਰੇਡ ਤਰਸੇਮ ਨੂੰ ਹੁਣ 'ਬਾਰੀ ਕੋਹੀ ਬਲਦਾ ਦੀਵਾ' ਵੀ ਨਹੀਂ ਥਿਆ ਰਿਹਾ। ਤਿਰਲੋਚਨ ਦੀ ਯਾਦਗਾਰ ਉਜੜ ਰਹੀ ਹੈ। ਨਾਅਰੇ ਕੰਧਾਂ ਦੇ ਨਾਲ ਨਾਲ ਮਨ ਮਸਤਕ ਵਿਚੋਂ ਵੀ ਮਿਟਦੇ ਜਾ ਰਹੇ ਹਨ। ਕਾਫ਼ਲਾ ਜਿਵੇਂ ਅਧਵਾਟੇ ਹੀ ਲੁੱਟ ਹੋ ਗਿਆ।

ਪਰਵਾਨਾ ਪੰਜਾਬ ਦੀਆਂ ਸਮਾਜਕ, ਰਾਜਸੀ, ਆਰਥਿਕ ਤਬਦੀਲੀਆਂ ਦੇ ਨਾਲ ਨਾਲ ਇਥੋਂ ਦੇ ਕੁਦਰਤੀ ਵਾਤਾਵਰਨ, ਭੂਗੋਲਿਕ ਤਬਦੀਲੀਆਂ ਪ੍ਰਤਿ ਵੀ ਸੁਚੇਤ ਹੈ। ਉਹ ਇਨ੍ਹਾਂ ਭੂਗੋਲਿਕ ਤਬਦੀਲੀਆਂ ਪਿਛੇ ਵੀ ਪੂੰਜੀਵਾਦ ਦੀ 'ਪੂੰਜੀ' ਪ੍ਰਾਪਤੀ ਦੀ ਅੰਨ੍ਹੀ ਲਾਲਸਾ ਨੂੰ ਵੇਖਦਾ, ਸਿਰਜਦਾ ਹੈ। ਉਸਦੇ ਨਾਵਲ ਦੁਆਬੇ ਦੇ ਕੰਢੀ ਖੇਤਰ ਦਾ ਭੂਗੋਲ ਸਿਰਜਦੇ ਹਨ, ਪਰ ਇਨ੍ਹਾਂ ਨੂੰ ਆਂਚਲਿਕ ਕਹਿਣਾ ਏਨਾ ਅਸਾਨ ਨਹੀਂ। ਨਾਵਲ 'ਬਹੁਤ ਸਾਰੇ ਚੁਰਸਤੇ' ਵਿਚ ਉਹ ਖਿੱਤੇ ਦੇ ਭੂਗੋਲ ਦੇ ਨਾਲ ਖਿੱਤੇ ਦੀ ਵਿਸ਼ੇਸ਼ ਸ਼ਬਦਾਵਲੀ ਭਾਸ਼ਾਈ ਰੂਪ ਪ੍ਰਤਿ ਸੁਚੇਤ ਰਿਹਾ ਹੈ ਪਰ ਇਸ ਨਾਵਲ ਵਿਚ ਇਸ ਪ੍ਰਤਿ ਕੁਝ ਅਵੇਸਲਾ ਰਿਹਾ ਹੈ। ਉਹ ਖਿੱਤੇ ਦੇ ਭੂਗੋਲ ਨੂੰ ਜ਼ਰੂਰ ਸਿਰਜ ਰਿਹਾ ਹੈ ਪਰ ਇਸਨੂੰ ਕਿਸੇ ਵਿਸ਼ੇਸ਼ ਉਪ ਸਭਿਆਚਾਰਕ ਨੁਹਾਰ ਵਿਚ ਨਹੀਂ। ਸਭਿਆਚਾਰ ਦੇ ਜਿਸ ਰੂਪ ਉਪਰ ਉਸਦਾ ਫੋਕਸ ਹੈ, ਉਹ ਹੈ ਇਨਕਲਾਬੀ ਜਮਾਤ ਦਾ ਸਭਿਆਚਾਰ ਬਨਾਮ ਸਰਮਾਏਦਾਰੀ ਦਾ ਸਭਿਆਚਾਰ ਜੋ ਕਿ ਖੱਬੇ ਪੱਖੀਆਂ ਤੇ ਵੀ ਅਸਰਅੰਦਾਜ਼ ਹੋ ਚੁੱਕਾ ਹੈ। ਇਨਕਲਾਬੀ ਜਮਾਤ ਦੇ ਸਭਿਆਚਾਰ ਦੇ ਨਮੂਨੇ ਵਜੋਂ ਜਸਪਾਲ ਤੇ ਮਨਜੀਤ ਦੇ ਆਪਣੇ ਸਾਧਾਰਨ ਤਰੀਕੇ ਕੀਤੇ ਵਿਆਹ ਨੂੰ ਵੇਖਿਆ ਜਾ ਸਕਦਾ ਹੈ ਅਤੇ ਪੂੰਜੀਵਾਦੀ ਸਭਿਆਚਾਰ ਦੀ ਮਿਸਾਲ ਉਨ੍ਹਾਂ ਵਲੋਂ ਕੀਤੇ ਜਾ ਰਹੇ ਆਪਣੀ ਧੀ ਦੇ ਵਿਆਹ ਤੋਂ। ਬਿਗਾਨੀ ਜੀਵਨ-ਜਾਚ ਤੇ ਸਭਿਆਚਾਰ ਨੂੰ ਜਿਊਂਦਿਆਂ, ਆਪਣਾ 'ਸਮਾਜ' ਨਹੀਂ ਸਿਰਜਿਆ ਜਾ ਸਕਦਾ।

'ਬਹੁਤ ਸਾਰੇ ਚੁਰਸਤੇ' ਵਿਚ ਨਾਵਲ ਦੇ ਪਾਤਰ ਬਿਰਤਾਂਤਕਾਰ ਹੱਥੋਂ ਆਜ਼ਾਦ ਹੋਣ ਵਿਚ ਹੌਲੀ ਹੌਲੀ ਕਾਮਯਾਬ ਹੋ ਜਾਂਦੇ ਹਨ, ਪਰ ਇਸ ਨਾਵਲ ਵਿਚ ਨਹੀਂ। ਅਜਿਹਾ ਹੀ ਪਾਤਰਾਂ ਦੀ ਭਾਸ਼ਾ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ। ਉਸਦੇ ਪਾਤਰ ਆਪ ਘੱਟ ਬੋਲਦੇ ਹਨ, ਉਨ੍ਹਾਂ ਦੀ ਥਾਵੇਂ ਉਨ੍ਹਾਂ ਬਾਰੇ ਉਹ ਆਪ ਬੋਲਦਾ ਹੈ। ਪਾਠਕ ਲਈ ਖੁਦ ਪਾਤਰਾਂ ਦੇ ਅੰਦਰ ਝਾਕਣਾ ਜਾਂ ਪਾਤਰ ਦੁਆਰਾ ਆਪਣਾ ਅੰਦਰ ਫੋਲਣਾ, ਪਰਵਾਨਾ ਦੋਹਾਂ ਨੂੰ ਇਸਦੀ ਇਜਾਜ਼ਤ ਨਹੀਂ ਦੇ ਰਿਹਾ। ਔਰਤ-ਮਰਦ ਸੰਬੰਧਾਂ ਅਤੇ ਉਨ੍ਹਾਂ ਦੀ ਆਪਸੀ ਵਾਰਤਾਲਾਪ ਨੂੰ ਉਹ ਵਧੇਰੇ ਸਹਿਜਤਾ ਤੇ ਪ੍ਰਬੀਨਤਾ ਨਾਲ ਸਿਰਜਦਾ ਹੈ। ਉਸਦੀ ਬਿਰਤਾਂਤ ਸ਼ੈਲੀ ਵਰਣਨਾਤਮਕ ਦ੍ਰਿਸ਼ਟਾਂਤਕ ਅਤੇ ਸਰਬਗਿਆਤਾ ਵਾਲੀ ਹੈ। ਵਸਤੂ ਦ੍ਰਿਸ਼ ਨੂੰ ਸਿਰਜਦਿਆਂ ਨਾਲ ਹੀ ਉਸਨੂੰ ਗਹਿਨ ਅਰਥ ਵਾਲੇ ਚਿਹਨ ਵਿਚ ਢਾਲ ਦੇਣਾ ਉਸਦੀ ਬਿਰਤਾਂਤਕਾਰੀ ਨੂੰ ਕਲਾਤਮਕਤਾ ਪ੍ਰਦਾਨ ਕਰਦਾ ਹੈ। ਦ੍ਰਿਸ਼ਟਾਂਤ, ਤੁਲਨਾਤਮਕ ਪਰਿਪੇਖ, ਵਿਰੋਧ-ਜੁੱਟ, ਤਨਜ਼ ਉਸਦੀ ਬਿਰਤਾਂਤਕਾਰੀ ਦੇ ਅਹਿਮ ਗੁਣ ਲੱਛਣ ਹਨ।

ਇਹ ਨਾਵਲ ਬੇਸ਼ੱਕ ਇਤਿਹਾਸ ਨਹੀਂ, ਪਰ ਇਸ ਵਿਚੋਂ ਖੱਬੇ ਪੱਖੀ ਲਹਿਰ ਦੇ ਇਤਿਹਾਸ ਨੂੰ ਪਛਾਣਿਆ ਜਾ ਸਕਦਾ ਹੈ, ਪਰਵਾਨਾ ਦੇ ਲਹਿਰ ਬਾਰੇ ਅਨੁਭਵ ਦੀ ਪ੍ਰਮਾਣਿਕਤਾ ਪਛਾਣੀ ਜਾ ਸਕਦੀ ਹੈ। ਇਹ ਕਿ ਜੋ ਉਹ ਹਰ ਵਾਰ ਖੱਬੇ ਪੱਖੀ ਲਹਿਰ ਬਾਰੇ ਉਸ 'ਸ਼ਿੱਦਤ' ਨਾਲ ਲਿਖਦਾ ਜਾਂਦਾ ਹੈ ਸਗੋਂ ਪਹਿਲਾਂ ਨਾਲੋਂ ਵਧੇਰੇ ਗਹਿਰਾਈ ਵਿਸ਼ਾਲਤਾ ਤੇ ਸਹਿਜਤਾ ਨਾਲ; ਕਿੰਨਾ ਨੇੜੇ ਹੋ ਕੇ ਵਿਚਰਿਆ ਹੋਵੇਗਾ; ਕਿੰਨੀ ਲਲਕ ਰਹੀ ਹੋਵੇਗੀ, ਤੇ ਕਿੰਨਾ ਦਰਦ, ਅਕ੍ਰੋਸ਼ ਕਿ ਉਹ ਲਹਿਰ ਬਾਰੇ ਲਿਖਣਾ ਨਹੀਂ ਛੱਡ ਰਿਹਾ, ਕਿ ਲਹਿਰ ਉਸ ਤੋਂ ਲਿਖਵਾਉਣਾ ਨਹੀਂ ਛੱਡ ਰਹੀ। **ਸੰਪਰਕ-99147-57779**






## 'ਖ਼ਾਲੀ ਖੂਹਾਂ ਦੀ ਕਥਾ' 'ਚ ਪੇਸ਼ ਨਾਰੀ ਦਾ ਜਮਾਤੀ ਵਿਸ਼ਲੇਸ਼ਣ

**- ਪ੍ਰੋ. ਚਰਨਜੀਤ ਕੌਰ ਸੰਧੂ**

**ਅਵਤਾਰ** ਸਿੰਘ ਬਿਲਿੰਗ ਪੰਜਾਬੀ ਦਾ ਵਿਲੱਖਣ ਨਾਵਲਕਾਰ ਹੈ ਜਿਸਨੇ ਆਪਣੇ ਨਾਵਲਾਂ ਵਿਚ ਢਾਹੇ ਦੇ ਇਲਾਕੇ ਦੀਆਂ ਸਭਿਆਚਾਰਕ ਤੇ ਭਾਸ਼ਾਈ ਵਿਸ਼ੇਸ਼ਤਾਵਾਂ ਨੂੰ ਆਧਾਰ ਬਣਾਇਆ ਹੈ। ਕਹਾਣੀਕਾਰ ਵਜੋਂ ਆਪਣਾ ਲਿਖਣ ਸਫ਼ਰ ਸ਼ੁਰੂ ਕਰਨ ਵਾਲਾ ਬਿਲਿੰਗ ਪੰਜਾਬੀ ਨਾਵਲ ਵਿਚ ਛੇ ਨਾਵਲਾਂ 'ਨਰੰਜਣ ਮਸ਼ਾਲਚੀ', 'ਖੇੜੇ ਸੁੱਖ ਵਿਹੜੇ ਸੁੱਖ', 'ਇਹਨਾਂ ਰਾਹਾਂ ਉੱਤੇ', 'ਪੱਤ ਕੁਮਲਾ ਗਏ', 'ਦੀਵੇ ਜਗਦੇ ਰਹਿਣਗੇ', **'ਖਾਲੀ ਖੂਹਾਂ ਦੀ ਕਥਾ'** (**ਪ੍ਰਕਾਸ਼ਕ: ਯੂਨੀਸਟਾਰ ਪ੍ਰਾਇਵੇਟ ਲਿਮ. ਚੰਡੀਗੜ੍ਹ, ਮੁੱਲ:** 300 **ਪੰਨੇ:**292, **ਸਾਲ:** 2013) ਦੀ ਸਿਰਜਣਾ ਕਰ ਚੁੱਕਾ ਹੈ। ਉਸਦੇ ਨਾਵਲਾਂ ਵਿਚ ਜਾਗੀਰਦਾਰੀ ਸਮਾਜਕ ਨਿਯਮਾਂ ਦੇ ਅਧੀਨ ਔਰਤਾਂ ਦੀ ਤ੍ਰਾਸਦਿਕ ਹੋਣੀ ਦਾ ਭਾਵਪੂਰਤ ਬਿਰਤਾਂਤ ਸਿਰਜਿਆ ਗਿਆ ਹੈ। ਉਸਦੇ ਅੰਤਲੇ ਨਾਵਲ 'ਖ਼ਾਲੀ ਖੂਹਾਂ ਦੀ ਕਥਾ' ਵਿਚ ਇਹ ਬਿਰਤਾਂਤ ਬਹੁਪਰਤੀ ਰੂਪ ਵਿਚ ਵਿਦਮਾਨ ਹੈ। ਇਸ ਨਾਵਲ 'ਤੇ ਉਸਨੂੰ ਪਹਿਲਾ ਢਾਹਾਂ ਪਰਾਈਜ਼ ਫਾਰ ਪੰਜਾਬੀ ਲਿਟਰੇਚਰ ਪੁਰਸਕਾਰ ਪ੍ਰਾਪਤ ਹੋ ਚੁੱਕਾ ਹੈ।

ਇਸਤਰੀ ਸਮਾਜਕ ਵਿਕਾਸ ਦੀ ਮੁੱਖ ਕੜੀ ਹੈ। ਆਦਿ ਸਮਾਜ ਦੇ ਵਿਕਾਸ ਦਾ ਅਧਿਐਨ ਕਰਦਿਆਂ ਸਪੱਸ਼ਟ ਹੁੰਦਾ ਹੈ ਕਿ ਸਾਡਾ ਮੁੱਢਲਾ ਸਮਾਜ ਇਸਤਰੀ ਪ੍ਰਧਾਨ ਸਮਾਜ ਸੀ। ਇਸਤਰੀ ਦੀ ਕੁੱਖ ਵਿਚੋਂ ਜਨਮ ਲੈਣ ਵਾਲੀ ਧੀ ਹੀ ਉਸਦੇ ਵਿਰਸੇ ਦੀ ਵਾਰਿਸ ਹੁੰਦੀ ਸੀ। ਇਸਤਰੀ ਘਰ ਦਾ ਕੰਮ ਕਰਦੀ ਸੀ ਤੇ ਪੁਰਸ਼ ਬਾਹਰ ਤੇ ਖੇਤੀ ਦਾ ਕੰਮ ਕਰਦਾ ਸੀ। ਹੌਲੀ-ਹੌਲੀ ਮਰਦ ਨੇ ਵਿਰਾਸਤ ਦੇ ਇਸ ਕ੍ਰਮ ਨੂੰ ਆਪਣੇ ਹੱਕ ਵਿਚ ਪਲਟਾ ਲਿਆ ਤੇ ਸਮਾਜ ਪੁਰਸ਼ ਪ੍ਰਧਾਨ ਹੋ ਗਿਆ। ਉਸ ਤੋਂ ਬਾਅਦ ਇਸਤਰੀ ਦੀ ਹਾਲਤ ਦਿਨ-ਬ-ਦਿਨ ਤਰਸਯੋਗ ਹੁੰਦੀ ਗਈ। ਮੱਧਕਾਲ ਵਿਚ, ਜਾਗੀਰਦਾਰੀ ਯੁੱਗ ਵਿਚ ਇਸਤਰੀ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਆਧੁਨਿਕ ਕਾਲ ਵਿਚ ਵੀ ਇਹ ਵਰਤਾਰਾ ਜਾਰੀ ਰਿਹਾ। ਸਰਮਾਏਦਾਰੀ ਸਾਧਨਾਂ ਦੇ ਵਿਕਾਸ ਕਰਨ ਤੇ ਸਮਾਜਕ ਵਿਕਾਸ ਕਾਰਨ ਇਸਤਰੀ ਲਈ ਨਵੇਂ ਮੌਕੇ ਪੈਦਾ ਹੋਏ। ਉਹ ਵਿਦਿਆ ਪ੍ਰਾਪਤ ਕਰਕੇ ਆਪਣੀ ਖੁਦ ਮੁਖਤਿਆਰ ਹੋਂਦ ਦਾ ਪ੍ਰਗਟਾਵਾ ਕਰਨ ਲੱਗੀ। ਇਸ ਤਰਾਂ ਸਰਮਾਏਦਾਰੀ ਦੌਰ ਵਿਚ ਇਸਤਰੀ ਆਪਣੇ ਹੱਕਾਂ ਦੀ ਮੰਗ ਸੁਤੰਤਰ ਰੂਪ ਵਿਚ ਕਰਨ ਲਈ ਆਰਥਿਕਤਾ ਨੂੰ ਆਧਾਰ ਬਣਾਉਂਦੀ ਹੈ। ਪਰੰਤੂ ਇਸ ਦੌਰ ਵਿਚ ਵੀ ਇਸਤਰੀ ਦੀਆਂ ਸਮੱਸਿਆਵਾਂ ਦਾ ਪੂਰਨ ਹੱਲ

ਨਹੀਂ ਹੋ ਸਕਿਆ। ਅੱਜ ਵੀ ਇਸਤਰੀ ਕਿਸੇ ਨਾ ਕਿਸੇ ਰੂਪ ਵਿਚ ਲੁੱਟ ਤੇ ਉਤਪੀੜਨ ਦਾ ਸ਼ਿਕਾਰ ਹੈ। ਮਰਦ ਪ੍ਰਧਾਨ ਸਮਾਜ ਵਿਚ ਉਸਨੂੰ ਆਜ਼ਾਦੀ ਦੇ ਭੁਲਾਂਦਰੇ ਵਿਚ ਜੋ ਕੁਝ ਵੀ ਮਿਲਿਆ ਉਹ ਅਸਿੱਧੇ ਰੂਪ ਵਿਚ ਗੁਲਾਮੀ ਹੋ ਨਿਬੜਦਾ ਹੈ। ਇਸਤੋਂ ਇਲਾਵਾ ਇਸਤਰੀ ਨੇ ਵੀ ਇਸ ਆਜ਼ਾਦੀ ਨੂੰ ਮਾਨਣ ਦੇ ਅਰਥ ਆਪਣੀਆਂ ਸੁਹਜ-ਭਾਵਨਾਵਾਂ ਦੇ ਅਨੁਸਾਰੀ ਕੱਢ ਲਏ। ਜ਼ਿਆਦਾ ਖੁੱਲ੍ਹ ਮਿਲਣ ਕਾਰਨ ਉਹ ਵੀ ਭਟਕਣਾ ਦਾ ਸ਼ਿਕਾਰ ਹੋ ਗਈ। ਇਸ ਪੱਖ ਤੋਂ ਇਸਤਰੀ ਦਾ ਅਧਿਐਨ ਵਿਸ਼ਲੇਸ਼ਣ ਕਰਦੀਆਂ ਸਾਹਿਤਕ ਰਚਨਾਵਾਂ ਲਿਖੀਆਂ ਜਾਣ ਲੱਗੀਆਂ। ਅਵਤਾਰ ਸਿੰਘ ਬਿਲਿੰਗ ਦੇ ਨਾਵਲਾਂ ਵਿਚ ਵੀ ਇਸਤਰੀ ਦਾ ਬਿਰਤਾਂਤ ਇਸ ਪੱਖ ਤੋਂ ਕੀਤਾ ਗਿਆ ਹੈ। 'ਖ਼ਾਲੀ ਖੂਹਾਂ ਦੀ ਕਥਾ' ਵਿਚ ਇਹ ਸਮਾਜਿਕ ਯਥਾਰਥ ਵਜੋਂ ਰੂਪਮਾਨ ਹੈ। ਇਸ ਨਾਵਲ ਵਿਚ ਆਏ ਵਿਚਾਰ ਸਮਾਜਿਕ ਪ੍ਰਸੰਗ ਵਿਚ ਔਰਤ ਦੀ ਦੁਰਦਸ਼ਾ ਦਾ ਪ੍ਰਗਟਾਵਾ ਕਰਦੇ ਹਨ।

ਅਵਤਾਰ ਸਿੰਘ ਬਿਲਿੰਗ ਨੇ ਨਾਵਲ ਦੇ ਬਿਰਤਾਂਤ ਵਿਚ ਜਾਗੀਰੂ ਸੋਚ ਤੇ ਮਰਦ ਪ੍ਰਧਾਨ ਪ੍ਰਬੰਧ ਵਿੱਚ ਔਰਤ ਦੀ ਤ੍ਰਾਸਦੀ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਹ ਸੰਤਾਪ ਛੋਟੀ ਨਾਨੀ ਤੋਂ ਲੈ ਕੇ ਗਿਆਨੋ, ਮੁਖਤਿਆਰ ਦੀ ਧੀ ਸੀਤੋ, ਦਲਬੀਰ ਕੌਰ ,ਉਸਦੀ ਧੀ ਰੂਪਕੰਵਰ,ਨੂੰਹ ਕਿਰਨਬੀਰ ਤੱਕ ਫੈਲਾਇਆ ਹੈ। ਇਹਨਾਂ ਸਾਰੀਆਂ ਔਰਤਾਂ ਵਿਚੋਂ ਪ੍ਰੀਤਮ ਕੌਰ ਦੀ ਵਿਆਹੁਤਾ ਜ਼ਿੰਦਗੀ ਵਧੀਆ ਬੀਤਦੀ ਹੈ। ਉਸਦੀ ਛੋਟੀ ਭੈਣ ਅਮਰੋ ਸਾਰੀ ਉਮਰ ਸੰਤਾਪ ਹੰਢਾਉਂਦੀ ਹੈ। ਅਮਰ ਕੌਰ ਦਾ ਸੰਤਾਪ ਭੁਲੇਖੇ ਵੱਸ ਉਸਦਾ ਆਪ ਸਹੇੜਿਆ ਸੰਤਾਪ ਹੈ। ਕਿਉਂਕਿ ਅਮਰ ਕੌਰ ਸਾਰੀ ਉਮਰ ਆਪਣੀ ਭੈਣ ਪ੍ਰੀਤਮ ਕੌਰ ਨਾਲ ਇਸ ਗੱਲ ਤੋਂ ਗੁੱਸੇ ਰਹਿੰਦੀ ਹੈ ਕਿ ਉਸਦਾ ਪਤੀ ਬਚਨ ਸਿੰਘ ਅਮਰ ਕੌਰ ਨਾਲੋਂ ਪ੍ਰੀਤਮ ਕੌਰ ਦੇ ਵਧੇਰੇ ਨੇੜੇ ਰਹਿੰਦਾ ਹੈ। ਪਰੰਤੂ ਅੰਤ ਵਿਚ ਆਪਣੀ ਭੈਣ ਦੇ ਸਮਝਾਉਣ 'ਤੇ ਉਹ ਆਖਦੀ ਹੈ:

ਤੱਤੇ ਲਹੂ ਕਰਕੇ ਭਰਮ ਭੁਲੇਖੇ ਖੜ੍ਹੇ ਹੁੰਦੇ ਰਹੇ ਬੀਬੀ, ਤੂੰ ਮੈਨੂੰ ਪਹਿਲਾਂ ਦੱਸਿਆ ਹੁੰਦਾ ਸਮਝਾਇਆ ਹੁੰਦਾ ਤਾਂ ਮੇਰਾ ਜੀਵਨ ਐਕਣ ਮੂਲੋਂ ਨਿਹਫਲ ਨਾ ਨਿਕਲਦਾ, ਮੈਂ ਕਦੇ ਵੀ ਨਿਹੰਗ ਨੂੰ ਘਰੋਂ ਨਾ ਨਿਕਲਣ ਦਿੰਦੀ।

ਕਿਸਾਨੀ ਸਮਾਜ ਵਿਚ ਜ਼ਮੀਨ ਨੂੰ ਆਰਥਿਕਤਾ ਦੀ ਮੁੱਖ ਚੂਲ ਸਮਝਿਆ ਜਾਂਦਾ ਹੈ। ਇਸਦੀ ਪ੍ਰਾਪਤੀ ਲਈ ਰਿਸ਼ਤਿਆਂ ਦੇ ਸਾਰੇ ਬੰਧਨ ਤੋੜ ਦਿੱਤੇ ਜਾਂਦੇ ਹਨ। ਬਚਨੇ ਦੀ ਭਰਾ ਵਿਹੂਣੀ ਧੀ ਗਿਆਨ ਕੌਰ ਨਾਲ ਵੀ ਇਹੀ ਦੁਖਾਂਤ ਵਾਪਰਦਾ ਹੈ। ਵਿਆਹ ਉਪਰੰਤ ਉਸਦੇ ਸਹੁਰਿਆਂ ਨੂੰ ਗਿਆਨ ਕੌਰ ਦੇ ਹਿੱਸੇ ਆਉਂਦੀ ਜ਼ਮੀਨ ਹਥਿਆਉਣ ਦਾ ਵਧੇਰੇ ਲਾਲਚ ਰਹਿੰਦਾ ਹੈ। ਇਸ ਲਈ ਉਹ ਆਨੀਂ-ਬਹਾਨੀਂ ਗਿਆਨੋ ਨੂੰ ਪੇਕਿਆਂ ਤੋਂ ਜ਼ਮੀਨ ਲਿਆਉਣ ਲਈ ਤੰਗ ਕਰਦੇ ਰਹਿੰਦੇ ਹਨ, ਅਮਰ ਕੌਰ ਤੇ ਗਿਆਨ ਕੌਰ ਵੀ ਇਸਦੀ ਹਾਮੀ ਭਰਦੀਆਂ ਹਨ, ਜਦਕਿ ਉਸਦਾ ਬਾਪ ਬਚਨ ਸਿੰਘ ਆਪਣੇ ਭਰਾ ਦੇ ਅਹਿਸਾਨਾਂ ਬਦਲੇ ਆਪਣੇ ਭਤੀਜਿਆਂ ਨੂੰ ਜ਼ਮੀਨ ਦੇਣੀ ਲੋਚਦਾ ਹੈ। ਜਦੋਂ ਅਮਰ ਕੌਰ ਬਚਨ ਸਿੰਘ ਨੂੰ ਆਪਣੀ ਧੀ ਦਾ ਜਾਇਦਾਦ 'ਤੇ ਹੱਕ ਹੋਣਾ ਜਤਾਉਂਦੀ ਹੈ ਤਾਂ ਉਹ ਉਸਨੂੰ ਜਵਾਬ ਦਿੰਦਾ ਹੈ:

ਉਹ ਅਸਲ ਹੱਕਦਾਰ ਜ਼ਰੂਰ ਹੁੰਦੀ ਜੇ ਮੇਰਾ ਮੁੰਡਾ ਬਣ ਕੇ ਜੰਮਦੀ। ਜਾਇਦਾਦ ਫੇਰ ਸਾਡੀ ਜੱਦ ਵਿੱਚੇ ਰਹਿੰਦੀ। ਐਕਣ ਤਾਂ ਕਮਲ਼ੀਏ, ਸਾਡੇ ਪੁਰਖਿਆਂ ਦਾ ਵਜੂਦ ਏ ਖਤਮ ਹੋ ਜੂ।

ਇਸ ਤਰਾਂ ਜ਼ਮੀਨ ਦੇ ਮਸਲੇ 'ਤੇ ਗਿਆਨ ਕੌਰ ਦਾ ਆਪਣੇ ਬਾਪ ਨਾਲ ਵਧਿਆ ਬੋਲ-ਬੁਲਾਰਾ ਜੜਾਕਾ ਮਾਰ ਕੇ ਟੁੱਟਣ ਤੱਕ ਪਹੁੰਚ ਜਾਂਦਾ ਹੈ। ਗਿਆਨ ਕੌਰ ਲਈ ਵੀ ਜਿਵੇਂ ਇੱਕੋ-ਇੱਕ ਕੰਮ ਜ਼ਮੀਨ ਦਾ ਹਿੱਸਾ ਲੈਣਾ ਹੀ ਰਹਿ ਜਾਂਦਾ ਹੈ। ਉਹ ਸਹੁਰੇ ਘਰ ਵਿਚ ਆਪਣੀ ਹੁੰਦੀ ਦੁਰਗਤੀ ਦਾ ਵਾਸਤਾ ਵੀ ਪਾਉਂਦੀ ਹੈ, ਆਪਣੇ ਬੱਚਿਆਂ ਸਣੇ ਨਹਿਰ ਵਿਚ ਛਾਲ ਮਾਰਕੇ ਮਰ ਜਾਣ ਦੀ ਧਮਕੀ ਵੀ ਦਿੰਦੀ ਹੈ ਪਰੰਤੂ



ਬਚਨ ਸਿੰਘ 'ਤੇ ਇਹਨਾਂ ਗੱਲਾਂ ਦਾ ਕੋਈ ਵੀ ਅਸਰ ਨਹੀਂ ਹੁੰਦਾ। ਉਹ ਆਪਣੀ ਬੇਵਸੀ ਜਾਹਰ ਕਰਦਾ ਹੈ। ਉਹ ਗਿਆਨੋ ਨੂੰ ਜਿਦ ਛੱਡ ਦੇਣ ਲਈ ਸਮਝਾਉਂਦਾ ਹੈ ਪਰ ਭੜਕੀ ਹੋਈ ਗਿਆਨੋ ਆਖਦੀ ਹੈ:

ਮੈਨੂੰ ਪਤੈ, ਤੇਰੀ ਬੇਵੱਸੀ ਦਾ। ਮੇਰੇ ਵੱਲੋਂ ਤੂੰ ਮਰ ਗਿਆ। ਕੀਰਤਪੁਰੇ ਫੁੱਲ ਪੈਗੇ ਤੇਰੇ। ਮੈਂ ਤੇਰੀ ਧੀ ਨਹੀਂ। ਤੇਰੇ ਨਾਲੋਂ ਮੈਂ ਅਨੋਖੇ ਵਰਗੇ ਕਿਸੇ ਕਮੀਣ ਨੂੰ ਆਪਣਾ ਮਾਪਾ ਮੰਨ ਲਊਂਗੀ।

ਇਸ ਤਰਾਂ ਗਿਆਨੋ ਆਪਣੇ ਬਾਪ ਨੂੰ ਬਾਪ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ। ਬਚਨਾ ਚੁੱਪ-ਚਾਪ ਅਤਿ ਗੁਸੈਲੀ ਧੀ ਵੱਲ ਟਿਕਟਿਕੀ ਲਾਈ ਦੇਖਦਾ ਰਹਿੰਦਾ ਹੈ। ਉਸ ਦੀਆਂ ਅੱਖਾਂ 'ਚ ਟਪਕਦੇ ਅੱਥਰੂ ਉਸਦੀ ਚਿੱਟੀ ਦਾੜ੍ਹੀ ਵਿਚ ਉਲਝ ਕੇ ਰਹਿ ਜਾਂਦੇ ਹਨ। ਅੰਤ ਤੱਕ ਗਿਆਨੋ ਨੇ ਆਪਣੇ ਬਾਪ ਬਚਨ ਸਿੰਘ ਨਾਲ ਕਦੇ ਬਚਨ ਬਿਲਾਸ ਨਾ ਕੀਤੇ। ਇਸ ਮਸਲੇ 'ਤੇ ਅਮਰ ਕੌਰ ਆਪਣੀ ਧੀ ਦਾ ਪੱਖ ਲੈਂਦੀ ਹੋਈ ਇਹ ਗਿਲਾ ਕਰਦੀ ਹੈ ਕਿ ਜੇਕਰ ਉਸਦੀ ਧੀ ਨੂੰ ਉਸਦਾ ਹੱਕ ਮਿਲਿਆ ਹੁੰਦਾ ਹੈ ਤਾਂ ਉਹ ਉਮਰ ਤੋਂ ਪਹਿਲਾਂ ਬੁੱਢੀ ਨਾ ਹੁੰਦੀ। ਕੇਵਲ ਸਿੰਘ ਵੀ ਨਸ਼ਿਆਂ ਦਾ ਸ਼ਿਕਾਰ ਨਾ ਹੁੰਦਾ। ਕਿਉਂਕਿ ਜ਼ਮੀਨ ਨਾ ਮਿਲਣ ਕਰਕੇ ਗਿਆਨੋ ਦਾ ਪ੍ਰਾਹੁਣਾ ਕੇਵਲ ਸਿੰਘ ਵੀ ਨਸ਼ਿਆਂ 'ਚ ਗਲਤਾਨ ਹੋ ਜਾਂਦਾ ਹੈ। ਘਰ ਵਿਚ ਲੜਾਈ ਝਗੜਾ ਹੁੰਦਾ ਹੈ।

ਇਸੇ ਨਾਵਲ ਦੀ ਇਕ ਹੋਰ ਅਹਿਮ ਪਾਤਰ ਦਲਬੀਰ ਕੌਰ ਵਿਆਹ ਪ੍ਰਣਾਲੀ ਦਾ ਦੁਖਾਂਤ ਹੰਢਾਉਂਦੀ ਹੈ। ਉਸਦਾ ਪਤੀ ਬਚਿੱਤਰ ਸਿੰਘ ਜਾਗੀਰੂ ਰੁਚੀਆਂ ਦਾ ਮਾਲਕ ਹੈ ਜਿਹੜਾ ਜ਼ਿਆਦਾ ਸਮਾਂ ਘਰੋਂ ਬਾਹਰ ਹੀ ਰਹਿੰਦਾ ਹੈ। ਉਸਦੇ ਹੋਰਨਾਂ ਔਰਤਾਂ ਨਾਲ ਸੰਬੰਧ ਹੋਣ ਕਰਕੇ ਉਹ ਖੇਤ ਵਿਚ ਪੈਣ ਨੂੰ ਵੱਧ ਤਰਜ਼ੀਹ ਦਿੰਦਾ ਹੈ। ਖੇਤ ਵਿਚ ਰਹਿੰਦੀਆਂ ਰੇਸ਼ਮਾਂ ਨਾਲ ਉਸਦੇ ਸੰਬੰਧਾਂ ਦੀ ਝਲਕ ਮਿਲਦੀ ਹੈ। ਉਹ ਉਸਦੀ ਧੀ ਸੀਤੋ 'ਤੇ ਵੀ ਅੱਖ ਰੱਖਦਾ ਹੈ। ਦਲਬੀਰ ਕੌਰ ਸਾਂਵਲੇ ਰੰਗ ਦੀ ਹੋਣ ਕਰਕੇ ਬਚਿੱਤਰ ਸਿੰਘ ਨੂੰ ਨਾ-ਪਸੰਦ ਹੈ ਇਸ ਲਈ ਉਹ ਹਮੇਸ਼ਾ ਕੋਈ ਨਾ ਕੋਈ ਬਹਾਨਾ ਬਣਾ ਕੇ ਉਸ ਨਾਲ ਲੜਦਾ ਰਹਿੰਦਾ ਹੈ। ਆਰਥਿਕ ਪੱਖ ਤੋਂ ਦਲਬੀਰ ਕੌਰ ਬਚਿੱਤਰ ਸਿੰਘ 'ਤੇ ਨਿਰਭਰ ਹੋਣ ਕਾਰਨ ਲੰਮਾ ਸਮਾਂ ਉਸਤੋਂ ਵੱਖ ਨਹੀਂ ਰਹਿ ਸਕਦੀ। ਅੰਤ ਉਸਨੂੰ ਉਸ ਨਾਲ ਆ ਕੇ ਰਹਿਣਾ ਹੀ ਪੈਂਦਾ ਹੈ ਪਰੰਤੂ ਉਹ ਸਾਰੀ ਉਮਰ ਉਸ ਨਾਲ ਮਾਨਸਿਕ ਤੇ ਭਾਵੁਕ ਸਾਂਝ ਨਹੀਂ ਸਥਾਪਿਤ ਕਰਦੀ। ਬਚਿੱਤਰ ਸਿੰਘ ਦੀ ਮਾੜੀ ਸੁਹਬਤ ਅੱਗੋਂ ਉਸਦੇ ਪੁੱਤਰ ਅਨੂਪ 'ਤੇ ਵੀ ਅਸਰ ਪਾਉਂਦੀ ਹੈ। ਉਸਦੀ ਗ੍ਰਹਿਸਤੀ ਵੀ ਡਾਵਾਂਡੋਲ ਹੈ। ਅਨੂਪੇ ਦੀ ਪਤਨੀ ਕਿਰਨਬੀਰ ਨੇ ਜਦੋਂ ਇਹ ਸੁਣਿਆ ਕਿ ਅਨੂਪਾ ਛੇ ਦਿਨ ਆਪਣੇ ਜੀਜੇ ਸਾਹਿਬਪ੍ਰੀਤ ਭੱਟੀ ਨਾਲ ਪਹਾੜਾਂ ਵਿਚ ਗੁਜ਼ਾਰ ਕੇ ਆਇਆ ਹੈ ਤਾਂ ਉਹ ਸਾਰਾ ਘਰ ਸਿਰ 'ਤੇ ਚੁੱਕ ਲੈਂਦੀ ਹੈ। ਉਹ ਪੂੰਜੀਵਾਦੀ ਵਿਚਾਰਾਂ ਦੀ ਧਾਰਨੀ ਔਰਤ ਹੈ ਜਿਹੜੀ ਆਪਣੀ ਸੱਸ ਦਲਬੀਰ ਕੌਰ ਵਾਂਗ ਚੁੱਪਚਾਪ ਇਹ ਸਭ ਬਰਦਾਸ਼ਤ ਨਹੀਂ ਕਰਦੀ ਸਗੋਂ ਇਸਦਾ ਮੋੜਵਾਂ ਜਵਾਬ ਦਿੰਦੀ ਹੈ:

ਫੇਰ ਮੈਨੂੰ ਵਿਆਹ ਕੇ ਕਿਉਂ ਲਿਆਉਣਾ ਸੀ, ਜੇ ਆਪ ਹੋਟਲਾਂ-ਰੈਸਟੋਰੈਂਟਾਂ ਵਿੱਚ ਅੱਯਾਸ਼ੀਆਂ ਕਰਦੇ ਫਿਰਨਾ ਸੀ। (ਪੰਨਾਂ 242)

ਕਿਰਨਬੀਰ ਇੱਥੇ ਹੀ ਨਹੀਂ ਰੁਕਦੀ ਸਗੋਂ ਆਪਣੇ ਸਹੁਰੇ ਬਚਿੱਤਰ ਸਿੰਘ ਦੀਆਂ ਕਰਤੂਤਾਂ ਤੋਂ ਵੀ ਵਾਕਿਫ ਹੈ। ਇਸ ਲਈ ਉਹ ਉਹਨਾਂ ਨੂੰ ,'ਕੰਜਰਾਂ ਦਾ ਟੱਬਰ' ਕਹਿੰਦੀ ਹੈ। ਦਲਬੀਰ ਕੌਰ ਸੋਚਦੀ ਹੈ ਕਿ ਵਿਆਹ ਵੇਲੇ ਚੁੱਪ-ਚਾਪ ਰਹਿਣ ਵਾਲੀ ਕਿਰਨਬੀਰ ਕਿੰਨੀ ਮੂੰਹ-ਫੱਟ ਹੋ ਚੁੱਕੀ ਸੀ। ਪਰੰਤੂ ਅਸਲ ਵਿਚ ਦਲਬੀਰ ਕੌਰ ਜਾਗੀਰੂ ਸੰਸਕਾਰਾਂ ਵਿਚ ਬੱਝੀ ਹੋਈ ਔਰਤ ਹੈ ਜਿਹੜੀ ਆਪਣੇ ਪਤੀ ਦੇ ਵਿਆਹ ਬਾਹਰੇ ਸੰਬੰਧਾਂ ਨੂੰ ਬਰਦਾਸ਼ਤ ਕਰ ਲੈਂਦੀ ਹੈ। ਕਿਰਨਬੀਰ ਨਵੀਂ ਪੀੜੀ ਨਾਲ ਸੰਬੰਧਿਤ ਹੈ ਜਿਹੜੀ ਇਹ ਵੰਡ ਬਰਦਾਸ਼ਤ ਨਹੀਂ ਕਰਦੀ। ਕਿਰਨਬੀਰ ਦਾ ਇਹ ਵਿਰੋਧ ਕਰਨ ਦਾ ਕਾਰਨ ਉਸਦੀ ਨਵੀਂ ਪੀੜੀ ਦੀ ਚੇਤਨਾ

ਹੈ। ਕਿਉਂਕਿ ਉਸਨੂੰ ਮੁੰਡਾ ਨਾ ਹੋਣ ਕਰਕੇ ਸਾਰੇ ਪਰਿਵਾਰ ਦੇ ਤਾਹਨੇ ਸੁਣਨੇ ਪੈਂਦੇ ਹਨ। ਪਰੰਤੂ ਅਨੂਪਾ ਨਸ਼ਿਆਂ ਵਿਚ ਪੂਰੀ ਤਰਾਂ ਗਲਤਾਨ ਹੋਣ ਕਾਰਨ ਬੱਚਾ ਪੈਦਾ ਕਰਨ ਦੇ ਸਮਰੱਥ ਨਹੀਂ ਹੈ।ਇੰਜ ਹੀ ਕਿਰਨਬੀਰ ਦੀ ਨਨਾਣ ਰੂਪਾਂ ਦਾ ਪਤੀ ਸਾਹਿਬਾ ਭੱਟੀ ਵੀ ਮਾਇਕ ਪੱਖੋਂ ਸਮਰੱਥ ਹੋਣ ਕਾਰਨ ਅਯਾਸ਼ੀ ਹੰਢਾਉਂਦਾ ਹੈ।ਰੂਪਾਂ ਰਾਮਸਰੀਏ ਸਾਧ ਪਾਸੋਂ ਭਾਵੁਕ ਆਸਰਾ ਭਾਲਦੀ,ਗ੍ਰਹਿਸਤ ਧਰਮ ਤੋਂ ਥਿੜਕ ਜਾਂਦੀ ਹੈ।ਉਸਦਾ ਪਤੀ ਵਿਭਚਾਰੀ ਸਾਧ ਵੱਲੋਂ ਦਿੱਤੀ ਕਾਲੀ ਗੋਲੀ ਦਾ ਸ਼ਿਕਾਰ ਹੋ ਜਾਂਦਾ ਹੈ।ਬਾਅਦ ਵਿਚ ਰੂਪਾਂ ਜ਼ਮੀਨ ਤੇ ਪਲਾਟਾਂ ਦੇ ਦਲਾਲਾਂ ਨਾਲ ਰਲ ਕੇ ਜ਼ਮੀਨ ਦੀ ਖਰੀਦ-ਵੇਚ ਦਾ ਨਵਾਂ ਕਾਰੋਬਾਰ ਸ਼ੁਰੂ ਕਰਦੀ ਹੈ।ਆਪਣੀ ਮਾਂ ਦਲਬੀਰ ਕੌਰ ਦੀ ਮੇਰ ਕਰਦੀ ਪਿਤਾ ਬਚਿੱਤਰ ਸਿੰਘ ਉੱਤੇ ਨੂੰ ਵੀ ਦੋਨਾਲ਼ੀ ਲਹਿਰਾਉਂਦੀ, ਅਖੀਰ ਵਿਚ ਨਿਰਾਸ਼ ਹੋਈ ਕਿਸੇ ਬਦਮਾਸ਼ ਦਲਾਲ ਦੀ ਗੋਲੀ ਨਾਲ ਮਾਰੀ ਜਾਂਦੀ ਹੈ।ਮੌਕੇ ਤੋਂ ਮਿਲੇ ਪਿਸਤੌਲ ਨੂੰ ਦੇਖ ਕੇ ਭੁਲੇਖਾ ਆਤਮ ਹੱਤਿਆ ਦਾ ਪੈਂਦਾ ਹੈ।

ਇਸੇ ਪੀੜ੍ਹੀ ਦੀ ਇਕ ਹੋਰ ਪਾਤਰ ਗੁਰਸੋਹਨ ਦੀ ਪਤਨੀ ਹੁਸਨਪ੍ਰੀਤ ਹੈ। ਉਹ ਵੀ ਪੂੰਜੀਵਾਦੀ ਵਿਚਾਰਾਂ ਦੀ ਇਸ ਕਦਰ ਧਾਰਨੀ ਬਣ ਗਈ ਹੈ ਕਿ ਉਹ ਆਪਣੇ ਨਸ਼ੇੜੀ ਪਤੀ ਤੋਂ ਅੱਕ ਕੇ ਵਿਆਹ ਬਾਹਰੇ ਸੰਬੰਧ ਸਥਾਪਿਤ ਕਰਦੀ ਹੈ। ਨਾਵਲ ਵਿਚੋਂ ਸੰਕੇਤਕ ਰੂਪ ਵਿਚ ਹੁਕਮੇ ਦੇ ਦੋਹਤੇ ਨਾਲ ਉਸਦੇ ਸੰਬੰਧਾਂ ਦੀ ਝਲਕ ਮਿਲਦੀ ਹੈ। ਹੁਸਨਪ੍ਰੀਤ ਪੂਰੀ ਤਰਾਂ ਮਰਦਾਂ ਵਾਂਗ ਅੱਯਾਸ਼ੀ ਭਰੇ ਸ਼ੌਂਕ ਪਾਲਦੀ ਹੈ। ਉਸਦਾ ਅਜਿਹੀ ਬਿਰਤੀ ਦਾ ਧਾਰਨੀ ਹੋਣਾ ਔਰਤ ਵਰਗ ਲਈ ਖਤਰਨਾਕ ਰੁਝਾਨ ਹੈ।ਇਥੇ ਔਰਤ ਮਰਦ ਸੰਬੰਧ ਜਿਹਨਾਂ ਦਾ ਅਸਲ ਮਕਸਦ ਸੰਤਾਨ ਉਤਪਤੀ ਸੀ,ਸਿਰਫ ਦੇਹੀ ਦੇ ਸੁੱਖ ਤੱਕ ਸੀਮਿਤ ਹੋ ਕੇ ਰਹਿ ਜਾਂਦੇ ਹਨ ਜੋ ਹਰ ਪੱਖ ਤੋਂ ਖੋਖਲੀ ਹੋ ਚੁੱਕੀ ਧਨੀ ਕਿਸਾਨੀ ਵਿਚ ਪਨਪਿਆ ਨਵਾਂ ਵਰਤਾਰਾ ਹੈ।'ਖ਼ਾਲੀ ਖੂਹਾਂ ਦੀ ਕਥਾ' ਦਾ ਸਿਰਲੇਖ ਚਿੰਨ੍ਹਾਂਤਮਕ ਰੂਪ ਵਿਚ ਏਹੀ ਪੱਖ ਦਰਸਾਉਂਦਾ ਹੈ।ਜਿਥੇ ਖੂਹਾਂ ਦਾ ਖ਼ਾਲੀ ਹੋਣਾ ਧਰਤੀ ਦੇ ਬੰਜਰ ਹੋਣ ਨੂੰ ਦਰਸਾਉਂਦਾ ਹੈ।ਏਹੀ ਵਰਤਾਰਾ ਸਮਾਜ ਵਿਚ ਵਰਤ ਰਿਹਾ ਹੈ।ਬਚਿੱਤਰ ਸਿੰਘ ਦੇ ਛੋਟੇ ਭਰਾ ਦੁਰਲੱਭ ਦੇ ਨੂੰਹਾਂ-ਪੁੱਤਰ ਵੀ ਅਜਿਹੀ ਸਥਿਤੀ ਦਾ ਸਾਹਮਣਾ ਕਰਦੇ ਦਿਖਾਏ ਗਏ ਹਨ।

ਨਾਵਲ ਵਿਚ ਇਸਤਰੀ ਸਮੱਸਿਆ ਦੇ ਜਮਾਤੀ ਵਿਸ਼ਲੇਸ਼ਣ ਤੋਂ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਜਾਗੀਰੂ ਸਦਾਚਾਰ ਵਿਚ ਬੱਝੀ ਉਹ ਇਸਤਰੀ ਦੁਖਾਂਤ ਭੋਗਦੀ ਹੈ ਜਿਹੜੀ ਆਰਥਿਕ ਆਧਾਰ ਨਾ ਹੋਣ ਕਾਰਨ ਆਪਣੇ ਪਤੀ 'ਤੇ ਨਿਰਭਰ ਹੁੰਦੀ ਹੈ। ਪਰੰਤੂ ਵਿਸ਼ਵੀਕਰਨ ਦੇ ਨਵੇਂ ਯੁੱਗ ਵਿਚ ਸਰਮਾਏਦਾਰੀ ਵਿਚਾਰਾਂ ਦੀ ਧਾਰਨੀ ਔਰਤ ਚਾਹੇ ਆਰਥਿਕ ਤੌਰ 'ਤੇ ਸਵੈ ਨਿਰਭਰ ਵੀ ਹੋਵੇ ਉਹ ਆਪਣੀ ਨਵੀਨ ਚੇਤਨਾ ਕਾਰਨ ਕਿਸੇ ਵੀ ਕਿਸਮ ਦੀ ਵਧੀਕੀ ਬਰਦਾਸ਼ਤ ਨਹੀਂ ਕਰਦੀ।'ਖ਼ਾਲੀ ਖੂਹਾਂ ਦੀ ਕਥਾ' ਵਿਚਲੀਆਂ ਔਰਤਾਂ ਪਦਾਰਥਕ ਪੱਖ ਤੋਂ ਰੱਜੀ ਹੋਈ ਪਰ ਭਾਵੁਕ ਪੱਖੋਂ ਅਸੰਤੁਸ਼ਟ ਸ਼੍ਰੇਣੀ ਦੀਆਂ ਸੂਚਕ ਹਨ।


**ਪਤਾ-ਦੇਵ ਸਮਾਜ ਕਾਲਜ ਫਾਰ ਗਰਲਜ਼, ਫਿਰੋਜ਼ਪੁਰ।**

---

ਨਾਵਲ ਰਾਹੀਂ ਅਸੀਂ ਸੰਪੂਰਨ ਮਨੁੱਖ ਨੂੰ ਜਾਣ ਸਕਦੇ ਹਾਂ ਅਤੇ ਪੜ੍ਹਨ ਦਾ ਆਨੰਦ ਪ੍ਰਾਪਤ ਕਰਨ ਤੋਂ ਇਲਾਵਾ ਨਾਵਲ, ਲੋਕਾਂ ਪ੍ਰਤੀ ਵਿਹਾਰਕ ਜੀਵਨ ਵਿਚੋਂ ਪ੍ਰਾਪਤ ਹੋਏ ਸਾਡੇ ਧੁੰਦਲੇ ਗਿਆਨ ਦੀ ਪੂਰਤੀ ਕਰਦਾ ਹੈ।

**-ਈ. ਐਮ. ਫੋਰਸਟਰ**






## ਅਜੋਕੇ ਪੰਜਾਬ ਦੇ ਅਮਾਨਵੀਂ ਵਰਤਾਰੇ ਪ੍ਰਤੀ, ਮਾਨਵੀਂ ਸੋਚ ਨੂੰ ਚੇਤਨ ਕਰਦਾ ਨਾਵਲ 'ਗੰਧਲੇ ਪਾਣੀ'

**-ਡਾ. ਮਨਦੀਪ ਕੌਰ**

ਬਲਦੇਵ ਸਿੰਘ ਸਮਕਾਲੀ ਯਥਾਰਥ ਨੂੰ ਪ੍ਰਸਤੁਤ ਕਰਨ ਵਾਲਾ ਸੂਝਵਾਨ ਲੇਖਕ ਹੈ। ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਬਲਦੇਵ ਸਿੰਘ ਪੰਜਾਬੀ ਸਾਹਿਤ ਜਗਤ ਦਾ ਅਜਿਹਾ ਨਾਵਲਕਾਰ ਹੈ ਜਿਸਨੇ ਆਪਣੀ ਨਾਵਲੀ ਸਿਰਜਣਾ ਲਈ ਮਨੁੱਖੀ ਵਰਤਾਰਿਆਂ ਪ੍ਰਤੀ ਆਪਣੀ ਡੂੰਘੀ ਪ੍ਰਤੱਖਣੀ ਸੂਝ, ਬੋਧ, ਸੋਚ, ਖੋਜ ਅਤੇ ਚਿੰਤਨ ਨੂੰ ਆਧਾਰ ਬਣਾਇਆ ਹੈ। ਉਹ ਪੰਜਾਬੀ ਨਾਵਲ ਦੀ ਵਿਧੀ ਅਤੇ ਦ੍ਰਿਸ਼ਟੀ ਦੇ ਨਵੇਂ ਸੰਦਰਭਾ ਅਤੇ ਪਾਸਾਰਾਂ ਦੀ ਪੇਸ਼ਕਾਰੀ ਕਰਕੇ ਇਕ ਵਿਲੱਖਣ ਨਾਵਲਕਾਰ ਵਜੋਂ ਆਪਣੀ ਪਛਾਣ ਸਥਾਪਿਤ ਕਰਦਾ ਹੈ। ਉਸਦਾ ਪ੍ਰਥਮ ਨਾਵਲ ਦੂਸਰਾ ਹੀਰੋਸ਼ੀਮਾ' 1977 ਵਿਚ ਪ੍ਰਕਾਸ਼ਿਤ ਹੋਇਆ। ਉਸ ਤੋਂ ਬਾਅਦ ਨਾਵਲੀ ਸਿਰਜਣਾ ਦੀ ਲੜੀ ਵਿਚ 'ਕੱਲਰੀ ਧਰਤੀ', 'ਸੂਲੀ ਟੰਗੇ ਪਹਿਰ', 'ਕੱਚੀਆਂ ਕੰਧਾਂ', 'ਜੀ. ਟੀ. ਰੋਡ', 'ਲਾਲ ਬੱਤੀ', 'ਅੰਨ ਦਾਤਾ', 'ਖਾਕੂ ਜੇਡ ਨਾ ਕੋਇ', 'ਅਫ਼ਲਾਤੂ' ਅਤੇ ਚਾਰ ਇਤਿਹਾਸਕ ਨਾਵਲ ਪੰਜਵਾਂ ਸਾਹਿਬਜ਼ਾਦਾ', 'ਸਤਲੁਜ ਵਹਿੰਦਾ ਰਿਹਾ', 'ਢਾਹਵਾਂ ਦਿੱਲੀ ਦੇ ਕਿੰਗਰੇ', 'ਮਹਾਂਬਲੀ ਸੂਰਾ' ਆਦਿ ਨਾਵਲ ਸ਼ਾਮਿਲ ਹਨ। ਉਸਨੇ 'ਲਾਲ ਬੱਤੀ' ਨਾਵਲ ਵਿਸ਼ੇ ਪੱਖੋ ਨਵੀਨ ਅਤੇ ਔਰਤ ਦੀ ਹਿਰਦੇਵੇਦਕ ਗਾਥਾ ਨੂੰ ਪ੍ਰਮੁੱਖ ਤੌਰ ਤੇ ਉਭਾਰਿਆ ਹੈ। ਉਸਨੇ 'ਲਾਲ ਬੱਤੀ' ਨਾਵਲ ਦੇ ਵਿਸ਼ੇ ਨਾਵਲ ਮੇਲ ਖਾਂਦਾ ਨਿਵੇਕਲਾ ਨਾਵਲ 'ਗੰਧਲੇ ਪਾਣੀ' ਲਿਖਿਆ ਹੈ।

ਉਸਦੇ ਨਾਵਲ 'ਲਾਲ ਬੱਤੀ' ਅਤੇ 'ਗੰਧਲੇ ਪਾਣੀ' ਦਾ ਵਿਸ਼ਾ ਇਕੋਂ ਜਿਹਾ ਹੈ ਪਰ 'ਲਾਲ ਬੱਤੀ' ਨਾਵਲ ਦਾ ਵਸਤੂ ਯਥਾਰਥ ਮਹਾਂਨਗਰਾਂ ਵਿੱਚ ਫੈਲ ਰਹੇ ਔਰਤ ਦੇ ਦੇਹ ਵਪਾਰ ਨਾਲ ਜੁੜਿਆ ਹੈ ਅਤੇ **'ਗੰਧਲੇ ਪਾਣੀ'** ( **ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ:198, ਮੁੱਲ: 200, ਸਾਲ: 2017**) ਨਾਵਲ ਦਾ ਵਸਤੂ ਯਥਾਰਥ ਕੇਵਲ ਪੰਜਾਬ ਵਿਚ ਫ਼ੈਲ ਰਹੇ ਦੇਰ ਵਪਾਰ ਦੇ ਧੰਦੇ ਨੂੰ ਵਿਅਕਤ ਕਰਦਾ ਹੈ। ਪੰਜਾਬ ਦੀ ਪੰਜ ਦਰਿਆਵਾਂ ਦੀ ਪਵਿੱਤਰ ਧਰਤੀ 'ਤੇ ਛੇਟਾਂ ਦਰਿਆ ਨਸ਼ਿਆਂ ਦਾ ਵਗ ਰਿਹਾ ਹੈ ਜਿਸ ਵਿਚ ਸਾਡੇ ਪੰਜਾਬ ਦੇ ਗੱਭਰੂਆਂ ਦੀ ਅਣਖ ਤੇ ਜਵਾਨੀ ਗੁਆਚ ਗਈ ਹੈ। ਨਸ਼ਿਆਂ ਦੀ ਆੜ ਵਿਚ ਪੰਜਾਬ ਦੇ ਲੋਕ ਆਪਣੀ ਆਰਥਿਕ ਸਥਿਤੀ ਨੂੰ ਸਾਵਾਂ ਕਰਨ ਦੇ ਸਮਰੱਥ ਨਹੀਂ ਰਹੇ ਜਿਸਦਾ ਨਤੀਜਾ

ਇਹ ਨਿਕਲਦਾ ਹੈ ਕਿ ਪੰਜਾਬ ਦੀਆਂ ਧੀਆਂ-ਭੈਣਾਂ ਨੂੰ ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਆਪਣੀ ਦੇਹ ਨੂੰ ਵੇਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਬਲਦੇਵ ਸਿੰਘ ਦਾ ਨਾਵਲ **'ਗੰਧਲੇ ਪਾਣੀ'** ਪੰਜਾਬ ਦੀਆਂ ਧੀਆਂ ਦੇ ਗੰਧਲੇ ਹੋ ਚੁੱਕੇ ਕਿਰਦਾਰ ਨੂੰ ਆਧਾਰ ਬਣਾਉਂਦਾ ਹੈ। ਜਿਨ੍ਹਾਂ ਨੂੰ ਮਜਬੂਰੀ ਵਸ ਦੇਹ ਵਪਾਰ ਦਾ ਧੰਦਾ ਕਰਨਾ ਪੈਂਦਾ ਹੈ। ਉਹ ਨਾਵਲ ਦੀ ਭੂਮਿਕਾ ਵਿਚ ਲਿਖਦਾ ਹੈ ਕਿ 'ਪੰਜਾਬ ਦੇ ਕੁਝ ਵੱਡੇ ਸ਼ਹਿਰਾਂ ਵਿਚ ਲਗਭਗ ਚਾਰ ਤੋਂ ਪੰਜ ਹਜ਼ਾਰ ਔਰਤਾਂ ਇਸ ਧੰਦੇ ਵਿਚ ਹਨ। ਇਸ ਧੰਦੇ ਵਿਚ ਆਉਣ ਜਾਂ ਧੱਕੇ ਜਾਣ ਦੇ ਕਾਰਣ ਵੀ ਰੌਂਗਟੇ ਖੜ੍ਹੇ ਕਰਨ ਵਾਲੇ ਹਨ। ਜਿਸ ਵਿਚ ਸਾਡਾ ਸਿਸਟਮ ਵੀ ਦੋਸ਼ੀ ਹੈ ਤੇ ਸਾਡਾ ਸਮਾਜ ਵੀ।"

ਬਲਦੇਵ ਸਿੰਘ ਦੀ ਨਾਵਲੀ ਸੰਵੇਦਨਾ ਔਰਤ ਦਮਨ ਦੇ ਵਿਭਿੰਨ ਪਾਸਾਰਾਂ ਨੂੰ ਸਿਰਜਣ ਵੱਲ ਰੁਚਿਤ ਹੈ। ਉਸਦੇ ਨਾਵਲ 'ਗੰਧਲੇ ਪਾਣੀ' ਵਿਚੋਂ ਔਰਤ ਦਮਨ ਦੀਆਂ ਅਨੇਕ ਪਰਤਾਂ ਉਭਰਕੇ ਸਾਹਮਣੇ ਆਉਂਦੀਆਂ ਹਨ। ਬਲਦੇਵ ਸਿੰਘ ਇਹਨਾਂ ਪਰਤਾਂ ਰਾਹੀਂ ਦਮਿਤ ਔਰਤ ਦੀ ਮਾਨਸਿਕਤ, ਉਸਦੀਆਂ ਮਜਬੂਰੀਆਂ ਆਪਣੇ ਪਰਿਵਾਰ ਨੂੰ ਪਾਲਣ ਲਈ ਦੇਹ ਵੇਚਣਾ ਆਦਿ ਸਰੋਕਾਰਾਂ ਨੂੰ ਵਧੇਰੇ ਸੂਖ਼ਮਤਾ ਸਹਿਤ ਚਿਤਰਦਾ ਹੈ। ਨਾਵਲ ਵਿਚਲੀਆਂ ਪਾਤਰ ਲੜਕੀਆਂ ਵੇਸਵਾਗੀਰੀ ਦੇ ਧੰਦੇ ਵਿਚ ਵੱਖ ਵੱਖ ਢੰਗਾ ਨਾਲ ਪ੍ਰਵੇਸ਼ ਕਰਦੀਆਂ ਹਨ। ਜਿਵੇਂ ਪਤੀ ਨੇ ਇਸ ਪੇਸ਼ੇ ਲਈ ਮਜਬੂਰ ਕੀਤਾ, ਕੋਈ ਰਿਸ਼ਤੇਦਾਰਾਂ ਦੀ ਹਵਸ ਦਾ ਸ਼ਿਕਾਰ, ਪਤੀ ਵਲੋਂ ਠੁਕਰਾਈ ਔਰਤ ਆਦਿ ਮਜਬੂਰੀਆਂ, ਉਹਨਾਂ ਨੂੰ ਵੇਸਵਾਂ ਬਨਣ ਲਈ ਮਜਬੂਰ ਕਰਦੀਆਂ ਹਨ। ਨਾਵਲ ਦਾ ਆਰੰਭ ਪਾਤਰ 'ਸਵੀਟੀ' ਦੇ ਜੀਵਨ ਬਿਰਤਾਂਤ ਨਾਲ ਹੁੰਦਾ ਹੈ ਜਿਸ ਵਿਚ ਉਸਦਾ ਪਿਤਾ ਨਸ਼ਾ ਵੇਚਦਾ ਧੋਖੇ ਨਾਲ ਮਾਰਿਆ ਜਾਂਦਾ ਹੈ, ਭਰਾ ਬੀ. ਏ. ਕਰਕੇ ਵੇਹਲਾ ਨੌਕਰੀ ਦੀ ਭਾਲ ਵਿਚ ਹੈ। ਸਵੀਟੀ ਦੀ ਮਾਂ ਬਹੁਤ ਬਿਮਾਰ ਹੈ। ਸਵੀਟੀ ਆਪਣੀ ਆਰਥਿਕਤਾ ਨੂੰ ਸਹਿਜ ਕਰਨ ਲਈ ਦੇਹ ਦਾ ਧੰਦਾ ਕਰਦੀ ਹੈ।

ਬਲਦੇਵ ਸਿੰਘ ਨਾਵਲ ਵਿਚ ਔਰਤ ਅਤੇ ਮਰਦ ਵਿਚਲੇ ਰਿਸ਼ਤੇ ਨੂੰ ਜਮਾਤੀ ਸਮਾਜ ਦੇ ਸਰਮਾਏਦਾਰੀ ਪ੍ਰਬੰਧ ਅਧੀਨ ਉਭਾਰਦਾ ਹੈ। ਅਜਿਹੇ ਸਮਾਜ ਵਿਚਲੀ ਔਰਤ ਸ਼ੋਸ਼ਿਤ ਵਰਗ ਦਾ ਹਿੱਸਾ ਹੋਣ ਕਰਕੇ, ਉਸਦਾ ਆਪਣਾ ਅਸਤਿਤਵ ਮਰਦ ਉਪਰ ਹੀ ਨਿਰਭਰ ਕਰਦਾ ਹੈ, ਇਹ ਨਿਰਭਰਤਾ ਰਾਜਵਾੜਾਸ਼ਾਹੀ ਪ੍ਰਬੰਧ ਦਾ ਰੂਪਾਂਤਰਣ ਕਰਦੀ ਹੋਈ, ਮਰਦ ਦੀ ਭੂਪਵਾਦੀ ਮਨੋਸੰਰਚਨਾ ਨੂੰ ਬਿਆਨ ਕਰਦੀ ਹੈ। ਜਿਸਦੇ ਅੰਤਰਗਤ ਮਰਦ, ਔਰਤ ਨੂੰ ਭੋਗ-ਵਿਲਾਸ ਦੀ ਵਸਤੂ ਸਮਝਦਾ ਹੋਇਆ ਪਵਿੱਤਰ ਰਿਸ਼ਤਿਆਂ ਦਾ ਘਾਣ ਕਰਦਾ ਹੈ। **'ਗੰਧਲੇ ਪਾਣੀ'** ਨਾਵਲ ਦੀ ਪਾਤਰ 'ਨੀਤੂ' ਅਜਿਹੀ ਔਰਤ ਹੈ ਜੋ ਆਪਣੇ ਪਤੀ 'ਨੇਕ' ਦੀ ਮਰਜ਼ੀ ਅਨੁਸਾਰ ਹੋਰ ਮਰਦਾਂ ਦੀ ਹਵੱਸ ਦਾ ਸ਼ਿਕਾਰ ਬਣਦੀ ਹੈ,

"ਉਸ ਰਾਤ ਨੇਕ ਨੇ ਉਸਨੂੰ ਬੇਤਹਾਸ਼ਾ ਕੁੱਟਿਆ ਤੇ ਉਹ ਆਪਣੇ ਪਤੀ ਦੀ ਰਜਾਮੰਦੀ ਨਾਲ, ਰਾਜ ਨੂੰ ਜਿਵੇਂ ਤੇਜ਼ਾਬ ਨਾਲ ਨਹਾਉਂਦੀ ਰਹੀ। ਫੇਰ... ਫੇਰ ਤਾਂ ਸ਼ਰਾਬ ਦੀ ਖਾਤਰ, ਨਸ਼ਿਆਂ ਦੀ ਖਾਤਰ, ਨੇਕ ਦੇ ਭਰਾਵਾਂ ਵਰਗੇ ਅਨੇਕਾਂ ਯਾਰ ਬਣਨ ਲੱਗੇ। ਇਸ ਨਾਲੋਂ ਵੱਡੀ ਹੱਤਕ, ਇਸ ਨਾਲੋਂ ਵਧੇਰੇ ਨਿਰਾਦਰ ਹੋਰ ਕੀ ਹੋਵੇਗਾ। ਨੀਤੂ, ਦਿਨ ਰਾਤ ਕਲਪਦੀ, ਮੈਂ ਧਰਤੀ 'ਚ ਨਿੱਘਰ ਕਿਉਂ ਨੀ ਜਾਂਦੀ?" (ਪੰਨਾ-57)

ਨਾਵਲ ਦਾ ਉਪਰੋਕਤ ਵੇਰਵਾ ਨੀਤੂ ਦੀ ਮਾਨਸਿਕਤਾ ਨੂੰ ਸਾਫ਼ ਸਮਸ਼ਟ ਬਿਆਨ ਕਰਦਾ ਹੈ। ਨਾਵਲ ਦੀ ਪਾਤਰ ਕੁਲਵਿੰਦਰ ਕੌਰ, ਜਿਸਦਾ ਬਲਾਤਕਾਰ ਉਸਦਾ ਪਿਤਾ ਸਾਮਾਨ ਤਾਇਆ ਕਰਦਾ ਹੈ ਅੰਤ ਵਿਚ ਕੁਲਵਿੰਦਰ ਕੌਰ ਦੇਹ ਵਪਾਰ ਦੇ ਅੱਡੇ ਲੱਭਣ ਲਈ ਮਜਬੂਰ ਹੋ ਜਾਂਦੀ ਹੈ।

ਇਹਨਾਂ ਕੁੜੀਆਂ ਦੀ ਦਲਾਲੀ ਕਰਨ ਵਾਲੀਆਂ ਔਰਤਾਂ ਵੀ ਮਜਬੂਰੀ ਵਸ ਦਲਾਲ ਬਣਦੀਆਂ ਹਨ। ਨਾਵਲ ਦੀ ਪਾਤਰ 'ਮੁੰਦਰਾਂ ਚਿਰਾਗ' ਵੀ ਆਪਣੇ ਬੱਚਿਆਂ ਦਾ ਪੇਟ ਪਾਲਣ ਲਈ ਦਲਾਲੀ ਕਰਦੀ ਹੈ। ਨਾਵਲ ਵਿਚਲੀ ਪਾਤਰ 'ਮੁੰਦਰਾਂ ਚਿਰਾਗ' ਸਮਾਜ ਵਿਚ ਚੰਗਾ ਉਚਾ ਰੁਤਬਾ ਰੱਖਣ ਵਾਲੀ ਔਰਤ



ਹੈ। ਉਹ ਨਾਰੀ ਚੇਤਨਾ ਸੰਘ ਦੀ ਮੈਂਬਰ ਹੈ। ਨਾਵਲ ਵਿਚ ਉਹ ਆਪਣੇ ਆਪ ਨੂੰ ਸਵਾਲ ਕਰਦੀ ਹੈ,

ਜੇ ਮੁਹੱਲੇ ਵਾਲਿਆਂ ਨੂੰ ਪਤਾ ਲੱਗ ਜਾਏ, ਮੈਂ ਕਿਹੜੀ ਨਾਰੀ ਚੇਤਨਾ ਜਗਾਉਂਦੀ ਹਾਂ ਜਾਂ ਮੁੰਦਰਾਂ ਚਿਰਾਗ਼ ਕਿਹੜੇ ਚਿਰਾਗ਼ ਜਗਾਉਂਦੀ ਬੁਝਾਉਂਦੀ ਹੈ, ਮੇਰਾ ਤਾਂ ਜੀਉਣਾ ਦੁੱਭਰ ਹੋ ਜਾਏਗਾ। ਕੀ ਸੋਚਣਗੇ, ਮੇਰੇ ਬੱਚੇ, ਮੇਰਾ ਹਸਬੈਂਡ, ਚਲੋ ਹਸਬੈਂਡ ਤਾਂ ਭਲਾ ਨਾ ਹੋਇਆ ਵਰਗਾ ਹੈ ਉਸਨੂੰ ਕੋਈ ਫ਼ਰਕ ਨਹੀਂ ਪੈਣਾ। ਉਸਨੂੰ ਤਾਂ ਆਪਣੇ ਖਰਚਣ ਜੋਗੇ ਪੈਸੇ ਮਿਲਦੇ ਰਹਿਣੇ ਚਾਹੀਦੇ ਨੇ, ਜਿਥੋਂ ਮਰਜ਼ੀ, ਤੇ ਜਿਵੇਂ ਮਰਜ਼ੀ ਲਿਆ ਕੇ ਦੇਵਾ। (ਪੰਨਾ-48)

ਨਾਵਲ ਦਾ ਵੇਰਵਾ ਸਿੱਧ ਕਰਦਾ ਹੈ ਕਿ ਵੇਸਵਾ ਔਰਤ ਜਾਂ ਆਪਣੇ ਸਰੀਰ ਦਾ ਧੰਦਾ ਕਰਨ ਵਾਲੀ ਔਰਤ ਦੇ ਮਨ ਵਿਚ ਝੋਰਾਂ ਹਮੇਸ਼ਾ ਲੱਗਿਆ ਹੀ ਰਹਿੰਦਾ ਹੈ ਕਿ ਮੇਰਾ ਅੰਤ ਕਿਹੋ ਜਿਹਾ ਹੋਵੇਗਾ। ਨਾਵਲਕਾਰ, ਨਾਵਲ ਦੀ ਭੂਮਿਕਾ ਵਿਚ ਸਪਸ਼ਟ ਕਰਦਾ ਹੈ ਕਿ ਜਿਸ ਤਰ੍ਹਾਂ ਆਪਣੇ ਪਰਿਵਾਰ ਦਾ ਢਿੱਡ ਪਾਲਣ ਲਈ ਲੋਕ ਮੂੰਹ ਸਿਰ ਢੱਕ ਕੇ ਲੇਬਰ ਚੌਕਾਂ ਵਿਚ ਆ ਖੜਦੇ ਹਨ ਤੇ ਆਪਣੀ ਪਛਾਣ ਨੂੰ ਲਕਾਉਂਦੇ ਹਨ ਠੀਕ ਇਵੇਂ ਪੰਜਾਬ ਦੀਆਂ ਧੀਆਂ, ਔਰਤਾਂ ਆਪਣੇ ਪਰਿਵਾਰਾਂ ਨੂੰ ਪਾਲਣ ਲਈ ਓਹਲਿਆਂ ਤੇ ਪਰਦਿਆਂ ਹੇਠ ਦੇਹ ਧੰਦਾ ਕਰਨ ਲਈ ਮਜਬੂਰ ਹਨ।

ਬਲਦੇਵ ਸਿੰਘ ਦੀ ਪ੍ਰਤੱਖਣ ਸ਼ਕਤੀ ਬਹੁਤ ਬਲਵਾਨ ਹੈ ਉਸਦੇ ਪ੍ਰਤੱਖਣ ਵਿਚ ਅਜੋਕਾ ਰਾਜਨੀਤਿਕ ਯਥਾਰਥ ਦਾ ਸੰਬੰਧ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਾਡੇ ਸਮਾਜਿਕ ਅਤੇ ਆਰਥਿਕ ਪ੍ਰਬੰਧ ਨਾਲ ਜੁੜਦਾ ਹੈ। ਉਹ ਨਾਵਲ ਦੇ ਬਿਰਤਾਂਤਕ ਵੇਰਵਿਆਂ ਰਾਹੀਂ ਦੇਸ਼ ਦੇ ਨੇਤਾਵਾਂ ਦੀ ਭ੍ਰਿਸ਼ਟ ਰਾਜਨੀਤੀ ਦਾ ਖੁਲਾਸਾ ਕਰਦਾ ਹੈ। ਜਿਸ ਵਿਚ ਸਧਾਰਨ ਮਨੁੱਖ ਦੀ ਲਾਚਾਰੀ ਤੇ ਖੱਜਲ ਖੁਆਰੀ ਦਾ ਯਥਾਰਥਕ ਬਿੰਬ ਉਘੜਦਾ ਹੈ। ਬੁਰਜੂਆ ਰਾਜਨੀਤਿਕ ਪਾਰਟੀਆਂ ਦੇ ਨੇਤਾ ਆਪਣੇ ਸੁਆਰਥ ਲਈ ਇਸ ਵਰਗ ਦੀਆਂ ਔਰਤਾਂ ਦਾ ਸ਼ੋਸ਼ਣ ਕਰਦੇ ਹਨ, ਜਿਵੇਂ,

ਮੁੰਦਰਾਂ ਭਾਵੇਂ ਕਾਫ਼ੀ ਤਜਰਬੇਕਾਰ ਸੀ, ਪਰ ਹੁਣ ਉਸਦਾ ਦਿਲ ਧੜਕਣ ਲੱਗਾ। ਨੇਹਾ ਨੇ ਉਸ ਨੂੰ ਛੋਟਾ ਜਿਹਾ ਡਰਿੰਕ ਲੈਣ ਦੀ ਜ਼ਿੱਦ ਕੀਤੀ। ਮੁੰਦਰਾਂ ਜੀ ਸਿਰਫ਼ ਕੰਪਨੀ ਸੇਕ। ਕੰਮ ਦਾ ਏਨਾ ਬੋਝ ਹੈ। ਲੋਕਾਂ ਦੀਆਂ ਏਨੀਆਂ ਚਿੰਤਾਵਾਂ ਨੇ ਹਰ ਸਮੇਂ, ਦਿਮਾਗ਼ ਪਾਗਲ ਹੋ ਜਾਂਦੈ। ਮੰਦਰਾਂ ਜੀ। ਬੱਸ ਆ ਥੋੜੇ ਜਿਹੇ ਪਲ ਇਨਜਾਇ ਕਰੀਦੇ ਐ। ਲਗਦੈ ਅਸੀਂ ਲੋਕ ਵੀ ਜੀਉਂਦੇ ਆਂ। ਜੇ ਚੰਗੀ ਕਿਸਮਤ ਨਾਲ ਤੁਹਾਡੇ ਜਿਹੀ ਖੁਸ਼ ਮਿਜ਼ਾਜ ਦੀ ਕੰਪਨੀ ਮਿਲ ਜਾਵੇ, ਉਹ ਵੀ ਤਾਂ। ... ਮੁੰਦਰਾਂ ਸਮਝਦੀ ਸੀ, ਨੇਤਾ ਉਸਨੂੰ ਈਮੋਸ਼ਨਲ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਬੜੀ ਕਸੂਤੀ ਸਥਿਤੀ ਵਿਚ ਫਸੀ ਸੋਚਣ ਲੱਗੀ।' (ਪੰਨਾ-34)

ਲੇਖਕ ਦੀ ਕਲਾਤਮਕ ਖੂਬੀ ਨੇਤਾ ਦੇ ਘਟੀਆਂ ਕਿਰਦਾਰ ਅਤੇ ਮੁੰਦਰਾਂ ਚਿਰਾਗ਼ ਦੀ ਵਿਡੰਬਨਾਮਈ ਸਥਿਤੀ ਅਤੇ ਉਸਦੀ ਤਰਾਸਦੀ ਨੂੰ ਸਮਾਨ ਰੂਪ ਵਿਚ ਪ੍ਰਸਤੁਤ ਕਰਨ ਦੀ ਹੈ।

ਬਲਦੇਵ ਸਿੰਘ ਸਮਾਜਿਕ ਯਥਾਰਥ ਨੂੰ ਪਕੜਦਾ ਹੋਇਆ, ਅਜੋਕੇ ਪੂੰਜੀਵਾਦੀ ਯੁੱਗ ਵਿਚ ਸਭਿਆਚਾਰਕ ਰੂਪਾਂਤਰਣ ਤਹਿਤ ਉਪਜ ਰਹੇ ਦੇਹ ਵਪਾਰ ਨੂੰ ਵੀ ਵਿਅਕਤ ਕਰਦਾ ਹੈ। ਪੂੰਜੀਵਾਦ ਯੁੱਗ ਵਿਚ ਵਿਆਹ ਸਮੇਂ ਦੀਆਂ ਰਸਮਾਂ ਖ਼ਤਮ ਹੋ ਕੇ ਵਰਤੀ ਸ਼ੋਹਰਤ ਨੂੰ ਜਨਮ ਦੇ ਰਹੀਆਂ ਹਨ। ਅਜੋਕੇ ਵਿਆਹ ਮੈਰਿਜ ਪੈਲਸਾਂ ਵਿਚ ਕਰਨ ਦੀ ਪ੍ਰਥਾ ਦਿਨ ਪ੍ਰਤੀ ਦਿਨ ਜ਼ੋਰ ਫੜ੍ਹ ਚੁੱਕੀ ਹੈ। ਜਿਸਨੇ ਸਾਡੀ ਭਾਈਚਾਰਕ ਸਾਂਝ ਅਤੇ ਔਰਤਾਂ ਦੀਆਂ ਦਮਿਤ ਭਾਵਨਾਵਾਂ ਨੂੰ ਪੇਸ਼ ਕਰਨ ਵਾਲੇ ਲੋਕ ਗੀਤਾਂ ਨੂੰ ਵੀ ਖ਼ਤਮ ਕਰ ਦਿੱਤਾ ਹੈ। ਮੈਰਿਜ਼ ਪੈਲਸਾਂ ਵਿਚ ਮਨੋਰੰਜਨ ਦਾ ਨਵਾਂ ਸਾਧਨ ਡੀ. ਜੇ. ਜਾਂ ਆਰਕੈਸਟਰਾ ਗਰੁੱਪ ਨੂੰ ਨਚਾਉਣਾ ਬਣ ਗਿਆ ਹੈ। ਬਲਦੇਵ ਸਿੰਘ ਇਸ ਗਰੁਪ ਦੇ ਲੁਕਵੇ ਯਥਾਰਥ ਨੂੰ ਨਾਵਲ ਵਿਚ ਇੰਝ ਪ੍ਰਸਤੁਤ ਕਰਦਾ ਹੈ,

"ਨਾਲੇ ਇਕ ਹੋਰ ਵੀ ਟਿਕਾਣਾ ਹੈਗਾ, ਓਸ ਅੱਡੇ ਤੇ ਤੀਹ ਪੈਂਤੀ ਕੁੜੀਐ। ਆਰਕੈਸਟਰਾ ਗਰੁੱਪ ਬਣਾਇਆ ਹੋਇਐ। ਕੀ ਕਹਿੰਦੇ ਐ ਕੱਲਕੱਲ੍ਹ ਡੀ ਜੇ। ਲੱਖ ਲੱਖ ਰੁਪਈਆ ਸਾਲ ਦਾ ਦਿੰਦੇ। ਪਰ ਮਰਜ਼ੀ ਉਹਦੀ ਚਲਦੀ ਐ। ਉਹਦੀਆਂ ਕੁੜੀਆਂ ਨੂੰ ਸਾਰੇ ਪੰਜਾਬ 'ਚ ਜਾਣਾ ਪੈਂਦਾ। ਨਾਂਹ ਨੀ ਕਰਨ ਦਿੰਦਾ। ਇਕ ਦਿਨ 'ਚ ਕਈ ਵਾਰ ਚਾਰ ਚਾਰ ਗਾਹਕ ਭੁਗਤਾਉਣੇ ਪੈਂਦੇ ਐ।... (ਪੰਨਾ-66)


ਪੂੰਜੀਵਾਦੀ ਸਭਿਆਚਾਰ ਵਿਚ ਵਿਚਰਦੀਆਂ ਇਹ ਲੜਕੀਆਂ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਲਾਲਸਾ ਵਿਚ ਨਵੇਂ ਤੋਂ ਨਵੇਂ ਹੱਥ ਕੰਡੇ ਵਰਤਦੀਆਂ ਹਨ। ਨਾਵਲ ਵਿਚਲਾ ਪਾਤਰ ਪੁਲੀਸ ਵਾਲਾ ਅਤੇ ਉਸਦੀ ਪ੍ਰੇਮਿਕਾ ਵੀ ਆਪਣੇ ਧੰਦੇ ਨੂੰ ਚਲਾਉਣ ਲਈ ਨਵੇਂ ਤੋਂ ਨਵਾਂ ਢੰਗ ਤਰੀਕਾ ਲੱਭਦੀ ਹੈ। ਪੂੰਜੀਵਾਦੀ ਪ੍ਰਬੰਧ ਅਧੀਨ ਮਨੁੱਖ ਵਿਚ ਉਪਜੀਆਂ ਪਦਾਰਥਵਾਦੀ ਰੁਚੀਆਂ ਨੇ ਮਨੁੱਖ ਨੂੰ ਬੇਗਾਨਗੀ, ਬੇਚੈਨੀ ਅਤੇ ਇਕੱਲਤਾ ਦੇ ਸੰਕਲਪ ਨਾ ਜੋੜਿਆ ਹੈ। ਨਾਵਲਕਾਰ ਨਾਵਲ ਵਿਚ ਆਰਥਿਕ ਸਭਿਆਚਾਰਕ ਰੂਪਾਂਤਰਣ ਨੂੰ ਪ੍ਰਸਤੁਤ ਕਰਨ ਹਿੱਤ, ਇਸਦੇ ਦੋ ਪੱਖਾਂ ਨੂੰ ਉਘਾੜਦਾ ਹੈ। ਜਿਸਦਾ ਇਕ ਪੱਖ ਨਕਾਰਾਤਮਕ ਹੈ ਜਿਸਨੇ ਮਨੁੱਖ ਦੀ ਸੰਵੇਦਨਾ ਨੂੰ ਖੁੰਡਾ ਕਰ ਦਿੱਤਾ। ਦੂਸਰਾ ਪੱਖ ਸਕਾਰਾਤਮਕ ਹੈ ਜਿਸਨੇ ਮਨੁੱਖੀ ਜੀਵਨ ਨੂੰ ਨਵੀਂ ਚੇਤਨਾ ਅਤੇ ਨਵੀਂ ਜੀਵਨ ਜਾਂਚ ਨਾਲ ਜੋੜਿਆ ਹੈ। ਵਿਦਿਆਕ ਅਦਾਰੇ ਮਨੁੱਖੀ ਚੇਤਨਾ ਨੂੰ ਵਿਕਸਤ ਕਰਨ ਵਿਚ ਅਹਿਮ ਯੋਗਦਾਨ ਨਿਭਾ ਰਹੇ ਹਨ। ਇਹਨਾਂ ਅਦਾਰਿਆਂ ਦਾ ਮੁੱਖ ਧੁਰਾ ਅਧਿਆਪਕ ਵਿਦਿਆਰਥੀਆਂ ਨੂੰ ਚੰਗੀ ਸੋਚ ਸ਼ਕਤੀ ਨਾਲ ਜੋੜਦਾ ਹੈ ਪਰ ਪੂੰਜੀਵਾਦੀ ਪ੍ਰਬੰਧ ਅਧੀਨ ਉਸਰੇ ਵਿਦਿਅਕ ਢਾਚੇ ਵਿਚਲੇ ਅਧਿਆਪਕਾਂ ਦੀ ਬਿਰਤੀ ਨੂੰ ਬਲਦੇਵ ਸਿੰਘ ਨਾਵਲ ਦੇ ਅੰਤਲੇ ਭਾਗ ਵਿਚ ਇੰਝ ਪ੍ਰਸਤੁਤ ਕਰਦਾ ਹੈ,

"ਖੋਜ ਵਿਦਿਆਰਥਣ ਦੀ ਗੱਲ ਸੁਣਕੇ ਪਹਿਲਾਂ ਤਾਂ ਪ੍ਰੋਫ਼ੈਸਰ ਹੱਸਿਆ, ਫਿਰ ਉਸਨੇ ਬੜੇ ਸਹਿਜ ਮੂਡ ਵਿਚ ਕਿਹਾ... ਤੁਸੀਂ ਸਾਰੀਆਂ ਈ ਮੂਰਖ ਓ। ਪ੍ਰਮਾਤਮਾ ਨੇ ਤੁਹਾਨੂੰ ਏਨਾ ਰੰਗ ਰੂਪ ਦਿੱਤਾ ਹੋਇਐ, ਏਨੀ ਰਿਸ਼ਟ-ਪੁਸ਼ਟ ਕਾਇਆ ਦਿੱਤੀ ਹੋਈ ਏ, ਇਸਦਾ ਇਸਤੇਮਾਲ ਕਰੋ। ਆਪਣਾ ਮਤਲਬ ਕੱਢੋ। ਗਾਈਡ ਦੀ ਕੀ ਮਜ਼ਾਲ , ਉਹ ਤਾਂ ਤੁਹਾਡੀ ਮਦਦ ਕਰਨ ਲਈ ਖ਼ੁਦ ਤੁਹਾਡੇ ਪਿੱਛੇ-ਪਿੱਛੇ ਫਿਰੇਗਾ। ਆਪਣੀ ਡਿੱਗਰੀ ਲਓ, ਕੈਰੀਅਰ ਬਣਾਓ। ਫਿਰ ਤੂੰ ਕੌਣ, ਮੈਂ ਕੌਣ? ਹੁਣ ਦੇਹਾਂ ਅਪਵਿੱਤਰ ਵੁੱਤਰ ਨਹੀਂ ਹੁੰਦੀਆਂ। ਦੇਹ ਨੂੰ ਨਾ ਵਰਤੋਂਗੀਆਂ ਤਾਂ ਇਹ ਵਰਤੋ ਯੋਗ ਨਹੀਂ ਰਹਿਣੀ। ਸਿਆਣੀਆਂ ਬਣੋਂ। ਸੁੰਦਰ ਕਾਇਆ ਤੋਂ ਕੰਮ ਲਓ। ਦੇਹੀ ਦਾਨ ਸਭ ਤੋਂ ਉੱਤਮ ਦਾਨ ਹੈ। ਇਸ ਦਾਨ ਨਾਲ ਵੱਡੇ ਵੱਡੇ ਥੰਮ ਹਿੱਲ ਜਾਂਦੇ ਐ। ਆਪਣੀ ਪੜ੍ਹਾਈ ਪੂਰੀ ਕਰੋ....। (ਪੰਨਾ-197-98)

ਉਪਰੋਕਤ ਵੇਰਵਾ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ ਦੀ ਲੁਕਵੀਂ ਤਸਵੀਰ ਨੂੰ ਪੇਸ਼ ਕਰਦਾ ਹੈ ਕਿ ਸਮਾਜ ਵਿਚ ਉੱਚੀ ਸੋਚ ਰੱਖਣ ਵਾਲੇ ਪ੍ਰੋਫ਼ੈਸਰਾਂ ਦੀ ਮਾਨਸਿਕਤਾ ਵਿਚ ਦੇਹ ਦਾ ਦਾਨ ਆਮ ਜਿਹੀ ਸਮਝ ਵਾਲੀ ਗੱਲ ਹੈ। ਪੰਜਾਬ ਵਿਚਲਾ ਅਜਿਹਾ ਵਰਤਾਰਾ, ਪੰਜਾਬ ਦੇ ਸਭਿਆਚਾਰ ਅਤੇ ਸਾਡੇ ਸਮਾਜ ਦੀਆਂ ਕਦਰਾਂ-ਕੀਮਤਾਂ ਲਈ ਚਿੰਤਾਂ ਦਾ ਵਿਸ਼ਾ ਹੈ। ਗੰਧਲੇ ਪਾਣੀ ਨਾਵਲ ਦਾ ਉਦੇਸ਼ ਪੰਜਾਬੀਆਂ ਅੰਦਰਲੀ ਜਾਗਰੂਕਤਾ ਪੈਦਾ ਕਰਨਾ ਹੈ ਕਿ ਵਿਸ਼ਵੀਕਰਨ ਦੇ ਚੰਗੇ ਮਾੜੇ ਪ੍ਰਭਾਵਾਂ ਵਿਚੋਂ ਅਸੀਂ ਕਿਹੜੇ ਪ੍ਰਭਾਵ ਅਪਨਾਉਣੇ ਹਨ ਅਤੇ ਉਹਨਾਂ ਪ੍ਰਭਾਵਾਂ ਨੂੰ ਤਿਆਗਣਾ ਹੈ ਜਿਸਨੇ ਸਾਡੀ ਸੋਚ ਨੂੰ ਗੰਧਲਾ ਕਰ ਦਿੱਤਾ ਹੈ। ਗੰਧਲੇ ਪਾਣੀ ਨਾਵਲ ਪੰਜਾਬ ਦੀ ਰਾਜਨੀਤੀ, ਸਭਿਆਚਾਰ ਅਤੇ ਸਮਾਜਿਕ ਵਰਤਾਰਿਆਂ 'ਤੇ ਡੂੰਘੇ ਵਿਅੰਗ ਕਸਦਾ ਹੈ। ਉਸਦਾ ਵਿਚਾਰਧਾਰਕ ਪੱਧਰ 'ਪੰਜਾਬ ਦੀ ਧਰਤੀ ਨੂੰ' ਥਾਈਲੈਂਡ ਦੀ ਧਰਤੀ ਵੱਲ ਸਰਕਣ ਤੋਂ ਸੁਚੇਤ ਕਰ ਰਿਹਾ ਹੈ।

**ਪਤਾ- ਪੰਜਾਬੀ ਵਿਭਾਗ, ਸ਼੍ਰੀ ਰਾਮ ਕਾਲਜ਼, ਡੱਲਾ, ਜਿਲ੍ਹਾ ਲੁਧਿਆਣਾ**






## ਨਾਵਲ ਚੱਕਰਵਿਊ : ਵਿਸ਼ਾਗਤ ਅਧਿਐਨ/ - ਡਾ. ਗੁਰਪ੍ਰੀਤ ਸਿੰਘ

ਨਾਵਲਕਾਰ ਦਰਸ਼ਨ ਸਿੰਘ ਪੰਜਾਬੀ ਨਾਵਲੀ ਜਗਤ ਵਿਚ ਆਪਣੇ ਨਾਵਲਾਂ ਦੁਆਰਾ ਇਕ ਵਿਲੱਖਣ ਪਹਿਚਾਣ ਸਥਾਪਿਤ ਕਰਨ ਵਾਲਾ ਪ੍ਰਤਿਭਾਸ਼ਾਲੀ ਲੇਖਕ ਹੈ। ਹੁਣ ਤੱਕ ਉਹ ਮੌਲਿਕ ਤੌਰ ਤੇ ਦਰਜਨ ਦੇ ਕਰੀਬ ਨਾਵਲ ਤੇ ਕੁਝ ਕਹਾਣੀਆਂ ਦੀ ਰਚਨਾ ਕਰ ਚੁੱਕਾ ਹੈ। ਇਹਨਾਂ ਰਚਨਾਵਾਂ ਵਿਚਲੀ ਜਿਹੜੀ ਗੱਲ ਦਰਸ਼ਨ ਸਿੰਘ ਦੀ ਪੰਜਾਬੀ ਨਾਵਲ ਵਿੱਚ ਵਿਲੱਖਣਤਾ ਨੂੰ ਸਥਾਪਿਤ ਕਰਦੀ ਹੈ। ਉਹ ਉਸਦੀ ਰਚਨਾ ਦ੍ਰਿਸ਼ਟੀ ਹੈ। ਦਰਸ਼ਨ ਸਿੰਘ ਪੰਜਾਬੀ ਨਾਵਲ ਨੂੰ ਜਿੱਥੇ ਵਿਸ਼ੇ ਪੱਖੋਂ ਨਵੀਨਤਾ ਪ੍ਰਦਾਨ ਕਰਦਾ ਹੈ ਉਥੇ ਵਿਧੀ ਪੱਖੋਂ ਵੀ ਕੁਝ ਨਵੇਂ ਪ੍ਰਯੋਗ ਕਰਦਾ ਹੈ। ਪੰਜਾਬੀ ਨਾਵਲ ਵਿੱਚ ਭਾਵੇਂ ਪਹਿਲਾਂ ਵੀ ਸਿਆਸੀ ਸੱਤਾ ਪ੍ਰਾਪਤੀ ਅਤੇ ਨਿਆਂ ਜਾਂ ਕਾਨੂੰਨ ਦੀ ਸਥਿਤੀ ਨੂੰ ਥੀਮ/ ਉਪ ਥੀਮ ਵਜੋਂ ਉਭਾਰਿਆ ਗਿਆ ਹੈ ਪਰੰਤੂ ਜਿਸ ਤਰ੍ਹਾਂ ਨਾਲ ਦਰਸ਼ਨ ਸਿੰਘ ਨੇ ਸੱਤਾ ਧਿਰ ਦੀ ਕੂਟਨੀਤੀ ਤੇ ਸੱਤਾ ਪ੍ਰਾਪਤੀ ਦੀ ਜਗਿਆਸਾ ਦੇ ਵਿਸ਼ਿਆਂ ਦੀਆਂ ਅਤਿ ਲੁਪਤ ਤੇ ਜਟਿਲ ਪਰਤਾਂ ਨੂੰ ਆਪਣੀ ਸੂਖ਼ਮ ਦ੍ਰਿਸ਼ਟੀ ਰਾਹੀਂ ਰੂਪਮਾਨ ਕੀਤਾ ਹੈ। ਉਹ ਹੋਰ ਨਾਵਲਾਂ ਵਿੱਚ ਦ੍ਰਿਸ਼ਟੀਮਾਨ ਨਹੀਂ ਹੁੰਦੀ।

**'ਚੱਕਰ ਵਿਊ' (ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਮੁਹਾਲੀ, ਪੰਨੇ: 208, ਮੁੱਲ : 295, ਸਾਲ 2016)** ਦਰਸ਼ਨ ਸਿੰਘ ਦਾ ਬਾਰ੍ਹਵਾਂ ਨਾਵਲ ਹੈ। ਇਸ ਨਾਵਲ ਵਿੱਚ ਸਾਡੇ ਲੋਕਰਾਜੀ ਪ੍ਰਬੰਧ ਅਧੀਨ ਚੁਣੀ ਗਈ ਸਰਕਾਰ ਦੀ ਕਾਰਗੁਜ਼ਾਰੀ ਅਤੇ ਸੱਤਾ ਪ੍ਰਾਪਤੀ ਲਈ ਵਿਰੋਧੀ ਧਿਰ ਦੀ ਨਿਭਾਈ ਭੂਮਿਕਾ ਦੇ ਅਮਾਨਵੀਂ ਤੇ ਅਨੈਤਿਕਤਾ ਭਰਪੂਰ ਵਰਤਾਰੇ ਨੂੰ ਵਿਅੰਗਾਤਮਕ ਵਿਧੀ ਰਾਹੀਂ ਉਜਾਗਰ ਕਰਕੇ ਇਸ ਸਮੁੱਚੇ ਪ੍ਰਬੰਧਕੀ ਢਾਂਚੇ ਦੇ ਕਰੂਰ ਯਥਾਰਥ ਦਾ ਪਰਦਾਫ਼ਾਸ਼ ਕੀਤਾ ਗਿਆ ਹੈ। ਦਰਸ਼ਨ ਸਿੰਘ ਆਪਣੇ ਨਾਵਲ ਵਿਚ ਕੇਂਦਰੀ ਤੇ ਪ੍ਰਦੇਸ਼ਕ ਸਰਕਾਰ ਦੇ ਆਪਸੀ ਟਕਰਾਅ ਰਾਹੀਂ ਸੱਤਾ ਹਥਿਆਉਣ ਲਈ ਵਰਤੇ ਜਾਂਦੇ ਪੈਤੜਿਆਂ ਦਾ ਉਲੇਖ ਸਿਰਫ਼ ਉਸ ਰਿਸ਼ਵਤ ਦੇ ਰੂਪ ਵਿਚ ਲਏ ਪੈਸੇ ਦੇ ਸੱਚ ਨੂੰ ਉਜਾਗਰ ਕਰਨ ਲਈ ਕਰਦਾ ਹੈ ਜਿਸਨੂੰ ਸਾਡੇ ਸਿਆਸੀ ਨੇਤਾ ਆਪਣਾ 'ਦਸਵੰਦ' ਜਾਂ ਫਿਰ 'ਪੰਜਵੰਦ' ਆਖਦੇ ਹਨ। "ਉ ਕਾਕਾ, ਇਹ ਰਿਸ਼ਵਤ ਨਹੀਂ, ਲੈਣ-ਦੇਣ ਏ। ਸਦੀਆਂ ਤੋਂ ਹੋ ਰਿਹੈ। ਸ਼ਾਸ਼ਤਰਾਂ ਦੇ ਸਮਿਆਂ ਤੋਂ ਹੋ ਰਿਹੈ। ਤੁਸੀਂ ਕੁਝ ਕਰਦੇ ਹੋ, ਉਸ ਕੀਤੇ ਦਾ ਤੁਹਾਨੂੰ ਕੁਝ ਮਿਲਦੈ। ਉਹ ਕਿਹੜਾ ਰਿਸ਼ੀ ਸੀ, ਭਲਾ? ਹਾਂ, ਵਿਸ਼ਵਾ ਮਿੱਤਰ। ਉਹਦੀ ਤਪੱਸਿਆ ਨਾਲ ਦੇਵਤਿਆਂ ਦੇ ਸਿੰਘਾਸਨ ਡੋਲ ਰਹੇ ਸਨ। ਤਪੱਸਿਆ ਛੁਡਾਣ ਲਈ ਦੇਵਤਿਆਂ ਉਹਨੂੰ ਅਪਸਰਾ ਦੀ ਸੁਗਾਤ ਘੱਲੀ। ਇਹ ਵੀ ਅੱਜ ਵਰਗਾ ਹੀ ਲੈਣ ਦੇਣ ਸੀ ਅਸੀਂ ਪਾਰਟੀ ਨੂੰ ਪ੍ਰਦੇਸ਼ ਵਿਚ ਤੇ ਕੇਂਦਰ 'ਚ ਸੱਤਾ ਦਿਤੀ ਏ। ਏਸ ਤੋਂ ਵੱਡੀ ਕਿਹੜੀ ਨਿਆਮਤ ਏ। ਬਦਲੇ 'ਚ ਅਸੀਂ ਕੁਝ ਲੈ ਲਿਆ ਤਾਂ ਕੀ ਹੋਇਆ। ਸਾਡਾ ਬਣਦੈ। ਇਹ ਦਸਵੰਦ ਏ। ਨਹੀਂ ਪੰਜਵੰਦ। [1]

ਲੋਕਰਾਜੀ ਵਿਵਸਥਾ ਦੀਆਂ ਦੋ ਪ੍ਰਮੁੱਖ ਸੰਸਥਾਵਾਂ ਸਰਕਾਰ ਅਤੇ ਸਾਡਾ ਨਿਆਇਕ ਪ੍ਰਬੰਧ ਹੈ ਤੇ ਇਹਨਾਂ ਨੂੰ ਲੋਕਾਂ ਦੇ ਹਿਤਾ ਨੂੰ ਸੁਰੱਖਿਅਤ ਰੱਖਣ ਲਈ ਬਣਾਇਆ ਗਿਆ ਹੈ ਪਰੰਤੂ ਇਹਨਾਂ ਸੰਸਥਾਵਾਂ ਵਿਚੋਂ ਪਹਿਲੀ ਤਾਂ ਆਪਣੇ ਸੱਤਾ ਬਰਕਰਾਰ ਰੱਖਣ ਵਾਲੇ ਹਿਤਾਂ ਦੀ ਪੈਰਵੀ ਕਰਦੀ ਹੈ ਤੇ ਦੂਜੀ ਸੱਤਾ ਕਾਬਜ ਜਮਾਤ ਦੇ ਹੱਥਾਂ ਦੀ ਕਠਪੁਤਲੀ ਬਣਕੇ ਰਹਿ ਗਈ ਹੈ। ਨਾਵਲਕਾਰ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਰਾਜਸੀ ਵਿਵਸਥਾ ਦੇ ਇਹਨਾਂ ਦੋਵੇਂ ਪ੍ਰਬੰਧਾਂ ਦੀ ਕਾਰਜ ਵਿਧੀ ਅਤੇ ਆਪਸੀ ਸੰਬੰਧਾਂ ਨੂੰ ਕਿਸੇ ਸਮਾਜ ਵਿਗਿਆਨੀ ਵਾਂਗ ਸ਼ੁੱਧ ਗਿਆਨ ਦੀ ਵਿਧੀ ਰਾਹੀਂ ਨਹੀਂ ਸਮਝਾਉਂਦਾ ਬਲਕਿ ਗਲਪੀ ਬਿਰਤਾਂਤ ਦੇ ਮਾਡਲ ਵਿਚ ਢਾਲਕੇ ਕਲਾ ਦੇ ਬਿੰਬਾਂ ਰਾਹੀਂ ਮੂਰਤੀਮਾਨ ਕਰਦਾ ਹੈ ਤੇ ਇਸ ਪ੍ਰਵਚਨ ਦਾ ਕਰੂਪ ਤੋਂ ਕਰੂਰ ਪ੍ਰਗਟਾਵਾਂ ਨਾਵਲ ਵਿਚ ਵਿਅੰਗ ਦੀ ਵਿਧੀ ਰਾਹੀਂ ਸਾਕਾਰ ਹੋਇਆ ਹੈ।

ਸੁਤੰਤਰਤਾ ਉਪਰੰਤ ਭਾਰਤੀ ਸੱਤਾ ਉਪਰ ਪੂੰਜੀਵਾਦੀ ਧਿਰ ਦਾ ਕਬਜਾ ਰਿਹਾ ਹੈ ਤੇ ਇਸ ਧਿਰ ਦੀ ਭ੍ਰਿਸ਼ਟਤਾ ਤੇ ਅਨੈਤਿਕਤਾ ਪੂਰੇ ਦੇ ਪੂਰੇ ਪ੍ਰਬੰਧਕੀ ਢਾਂਚੇ ਉਪਰ ਆਪਣੇ ਪੈਰ ਪਾਸਾਰੀ ਬੈਠੀ ਹੈ। ਨਾਵਲ ਵਿਚ ਇਸ ਧਿਰ ਵਲੋਂ ਨਰੋਤਮ ਸ਼ਾਹ ਦਾ ਪੁੱਤਰ ਗੋਤਮ ਸ਼ਾਹ ਪੇਸ਼ ਹੋਇਆ ਹੈ। ਨਰੋਤਮ ਸ਼ਾਹ ਪ੍ਰਦੇਸ਼ ਸਰਕਾਰ ਦਾ ਮੁੱਖ ਮੰਤਰੀ ਸੀ ਤੇ ਕੇਂਦਰ ਵਿਚ ਚੰਗੇ ਰਸੂਖ ਵਾਲਾ ਨੇਤਾ ਸੀ ਪਰੰਤੂ ਜਦੋਂ ਉਸਦੀ ਮੌਤ ਤੋਂ ਬਾਅਦ ਉਸਦਾ ਪੁੱਤਰ (ਗੋਤਮ ਸ਼ਾਹ) ਸਿਆਸੀ ਕੁਰਸੀ ਉਪਰ ਆਪਣਾ ਪਰਿਵਾਰਿਕ ਹੱਕ ਸਮਝਦਾ ਹੈ ਤਾਂ ਕੇਂਦਰ ਸਰਕਾਰ ਆਪਣੀ ਕੂਟਨੀਤਿਕ ਚਾਲ ਨਾਲ ਜੇਲ ਪਹੁੰਚਾ ਦਿੰਦੀ ਹੈ। ਇਹ ਨਾਵਲ ਗੋਤਮ ਸ਼ਾਹ ਦੇ ਸਿਆਸੀ ਪੈਤੜਿਆਂ ਦੁਆਰਾ ਮੁੜ ਸੱਤਾ ਪ੍ਰਾਪਤੀ ਦੇ ਬਿਰਤਾਂਤ ਨਾਲ ਸੰਬੰਧਿਤ ਹੈ।

ਕੇਂਦਰ ਸਰਕਾਰ ਗੋਤਮ ਨੂੰ ਮੁਕੱਦਮਿਆਂ ਵਿਚ ਉਲਝਾ ਕੇ ਉਸਦੀ ਸੱਤਾ ਪ੍ਰਾਪਤੀ ਦੀ ਪ੍ਰਬਲ ਇੱਛਾ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ ਪਰੰਤੂ ਗੋਤਮ ਦੇ ਸਿਆਸੀ ਸਾਥੀ (ਪਰਿਵਾਰਕ ਨਹੀਂ) ਭਾਈਆ ਜੀ, ਤਾਇਆ ਜੀ, ਨਿਰੂਪਮਾ, ਕਾਕੋ ਉਸਦਾ ਸਾਥ ਦਿੰਦੇ ਹੋਏ ਜਿਸਕੀ ਲਾਠੀ ਉਸਕੀ ਭੈਸ ਵਾਲੀ ਕਹਾਵਤ ਨੂੰ ਸਿੱਧ ਕਰਦੇ ਹਨ। ਨਾਵਲ ਵਿਚ ਭਾਈਆ ਜੀ ਰਿਸ਼ਵਤ ਜਾ ਪੰਜਵੰਦ ਦੇ ਰੂਪ ਵਿਚ ਇਕੱਠੇ ਕੀਤੇ ਪੈਸੇ ਨੂੰ ਸਭਾਲਣ ਦੇ ਸੰਦਰਭ ਵਿਚ ਗੋਤਮ ਨੂੰ ਗੁਰਮੰਤਰ ਸਮਝਾਉਂਦਾ ਹੈ। ਉਕਾਕਾ ਪੈਸਾ ਸੰਭਾਲਣਾ ਪੇਸ਼ਾਵਰਾਂ ਦਾ ਕੰਮ ਏ। ਟੀਮ-ਵਰਕ ਏ। ਵੱਡਾ ਪੈਸਾ। ਸ਼ੈਆਂ, ਹਜ਼ਾਰਾਂ ਕਰੋੜਾਂ ਵਾਲਾ। ...ਕਾਕਾ ਪੈਸੇ ਦਾ ਚੁੰਬਕ ਖੇਤਰ ਹੋਣਾ ਚਾਹੀਦੈ। ਮੇਰਾ ਮਤਲਬ ਏ, ਪੈਸੇ ਬਣਾਣ ਵਾਲੇ ਦਾ। ਪੈਸੇ ਹੋਵੇ, ਪਰ ਉਹਦੇ ਨਾਲ ਨਾ ਲਗਦਾ ਹੋਵੇ। ਦੂਰ ਰਹੇ। ਨਾਲ ਕਿਤੋਂ ਜੁੜਿਆ ਨਾ ਹੋਵੇ, ਪਰ ਘੁੰਮੇ ਉਹਦੇ ਦੁਆਲੇ ਹੀ ਭਾਵੇਂ ਹਰ ਵੇਲੇ ਦਿੱਸੇ ਵੀ ਨਾ। ਪੈਸੇ ਦਾ ਤੇ ਉਹਨੂੰ ਬਣਾਣ ਵਾਲੇ ਦਾ ਉਹੀਉ ਰਿਸ਼ਤਾ ਹੋਵੇ, ਜੋ ਸਾਡੀ ਧਰਤੀ ਤੇ ਚੰਨ ਦਾ ਏ। ਚੰਨ ਧਰਤੀ ਤੋਂ ਦੂਰ ਨਹੀਂ ਜਾ ਸਕਦਾ। ਉਹਦੀ ਪ੍ਰਦਖਨਾ ਕਰਦਾ ਰਹਿੰਦੈ। ਕੋਈ ਇਹ ਨਹੀਂ ਕਹਿ ਸਕਦਾ ਕਿ ਚੰਨ ਧਰਤੀ ਦਾ ਹਿੱਸਾ ਏ "ਜਿਸ ਤਰ੍ਹਾਂ ਦਾ ਚੁੰਬਕ ਖੇਤਰ ਧਰਤੀ ਤੇ ਚੰਨ ਵਿਚਕਾਰ ਏ ਉਸ ਤਰ੍ਹਾਂ ਦਾ ਚੁੰਬਕ ਖੇਤਰ ਬਣਾਏ ਪੈਸੇ ਤੇ ਉਹਨੂੰ ਬਣਾਣ ਵਾਲੇ ਵਿਚਕਾਰ ਹੋਣਾ ਚਾਹੀਦੈ। ਸਾਡੇ ਕੋਲ ਇਹ ਚੁੰਬਕ ਖੇਤਰ ਹੈ। ਏਸ ਲਈ ਅਸੀਂ ਅਜੇ ਤਕ ਬਚੇ ਹੋਏ ਹਾਂ। ਸਾਡੇ ਪੈਸੇ ਦੀ ਸਾਡੇ ਨਾਲ ਕੋਈ ਤਾਰ ਨਹੀਂ ਜੋੜ ਸਕਦਾ। ਕੇਂਦਰੀ ਏਜੰਸੀਆਂ ਨੂੰ ਇਹੋ ਜਿਹੀ ਕੋਈ ਤਾਰ ਨਹੀਂ ਲਭ ਰਹੀ। ਲੱਭੇ ਕਿਥੋਂ? ਤਾਰ ਹੈ ਹੀ ਨਹੀਂ। ਅਸੀਂ ਕਿਤੇ ਲਾਈ ਹੀ ਨਹੀਂ ਹੋਈ।"[2]

ਗੋਤਮ ਤਾਇਆ ਜੀ ਦੇ ਪ੍ਰਭਾਵ ਅਧੀਨ ਕਾਕੋ ਦੁਆਰਾ ਪਦ-ਯਾਤਰਾਂ ਸ਼ੁਰੂ ਕਰਵਾਉਂਦਾ ਹੈ। ਜਲਦੀ ਹੀ ਇਹ ਪਦ-ਯਾਤਰਾਂ ਪ੍ਰਦੇਸ਼ ਦੇ ਲੋਕਾਂ ਨੂੰ ਆਪਣੇ ਨਾਲ ਜੋੜਨ ਵਿਚ ਸਫ਼ਲ ਹੋ ਜਾਂਦੀ ਹੈ। ਇਸ ਤੋਂ ਬਾਅਦ ਗੋਤਮ ਦੁਆਰਾ ਸ਼ਾਹ ਰਾਸ਼ਟਰੀ ਦਲ ਪਾਰਟੀ ਦਾ ਨਿਰਮਾਣ, ਰਾਸ਼ਟਰੀ ਦਲ ਦੇ ਮੈਂਬਰਾਂ ਦਾ ਸ਼ਾਹ ਰਾਸ਼ਟਰੀ ਦਲ ਵਿਚ ਸ਼ਾਮਿਲ ਹੋਣਾ ਤੇ ਉਪ ਚੋਣਾਂ ਵਿਚ ਵੱਡੇ ਬਹੁਮਤ 'ਤੇ ਜਿੱਤ ਪ੍ਰਾਪਤ ਕਰਨਾ ਕੁਝ ਅਜਿਹੀਆਂ ਨੀਤੀਪੂਰਨ ਘਟਨਾਵਾਂ ਹਨ ਜੋ ਗੋਤਮ ਨੂੰ ਮੁੱਖ ਮੰਤਰੀ ਬਣਾਉਣ ਵਿਚ ਸਹਾਈ ਹੁੰਦੀਆਂ ਹਨ।

ਪੂੰਜੀਵਾਦੀ ਸਮਾਜ ਵਿਚ ਮਾਨਵੀਂ ਕਦਰਾਂ-ਕੀਮਤਾਂ ਤੇ ਆਪਸੀ ਭਾਵਨਾਤਮਕ ਮੋਹ-ਪਿਆਰ ਮਨਫ਼ੀ ਹੋ ਜਾਂਦਾ ਹੈ। ਪੂੰਜੀਵਾਦੀ ਦੈਂਤ ਨੈਤਿਕਤਾ ਤੇ ਮਾਨਵੀਅਤਾ ਨੂੰ ਤਾਂ ਨਿਗਲ ਹੀ ਰਿਹਾ ਹੈ ਉਹ



ਵਿਅਕਤੀ ਨੂੰ ਵੀ ਸਮਾਜ ਵਿਚ ਵਿਚਰਣ ਦੀ ਇਜ਼ਾਜਤ ਆਪਣੇ ਮਿਥੇ ਹੋਏ ਪ੍ਰਤੀਮਾਨਾਂ 'ਤੇ ਹੀ ਦੇ ਰਿਹਾ ਹੈ। ਡਾ. ਟੀ.ਆਰ. ਵਿਨੋਦ ਅਜੋਕੇ ਪੂੰਜੀਵਾਦੀ ਪ੍ਰਬੰਧ ਅਧੀਨ ਸਭਿਆਚਾਰਕ ਸਥਿਤੀ ਨੂੰ ਉਜਾਗਰ ਕਰਦੇ ਲਿਖਦੇ ਹਨ "ਉ ਮਨੁੱਖ ਸਰਮਾਏਦਾਰੀ ਦੇ ਸਿਧਾਂਤ ਦੀ ਪਾਲਣਾ ਕੀਤੇ ਬਿਨ੍ਹਾਂ ਜਿਊਂਦਾ ਨਹੀਂ ਰਹਿ ਸਕਦਾ ਅਤੇ ਇਸ ਸਿਧਾਂਤ ਦੀ ਪਾਲਣਾ ਕਰਨ ਨਾਲ ਉਹ ਮਨੁੱਖ ਨਹੀਂ ਰਹਿੰਦਾ।"[3] ਨਾਵਲ ਵਿਚ ਉਪਰੋਕਤ ਕਥਨ ਦੀ ਪੁਸ਼ਟੀ ਹੁੰਦੀ ਹੈ।

ਨਾਵਲ ਆਰੰਭ ਤੋਂ ਅੰਤ ਤੱਕ ਗੋਤਮ ਤੇ ਕੇਂਦਰੀ ਸਰਕਾਰ (ਜਿਸਦੀ ਪ੍ਰਧਾਨ ਗੋਰੇ ਹੈ।) ਦੇ ਆਪਸੀ ਟਕਰਾਅ ਦੁਆਰਾ ਪ੍ਰਦੇਸ਼ਕ ਸੱਤਾ ਪ੍ਰਾਪਤੀ ਲਈ ਅਪਣਾਏ ਸਿਆਸੀ ਹੱਥਕੰਡਿਆਂ ਨੂੰ ਮੂਰਤੀਮਾਨ ਕਰਦਾ ਹੈ। ਇਨ੍ਹਾਂ ਹੱਥਕੰਡਿਆਂ ਵਿੱਚ ਸੰਪਰਦਾਇਕ ਰਾਜਨੀਤੀ ਵੀ ਮੌਜੂਦ ਰਹਿੰਦੀ ਹੈ। ਉਥੇ ਚਾਲ੍ਹੀ ਫ਼ੀਸਦੀ ਹਜੂਰੇ ਨੇ। ਸਾਡੀ ਜਾਤ ਵਾਲੇ। ਉਹ ਸਾਡੇ ਨਾਲ ਨੇ। ਨਰੋਤਮ ਦਾ ਗੁਣ ਗਾਉਂਦੇ ਨੇ। ਪੂਜਦੇ ਨੇ ਉਸਨੂੰ। ਦੂਜੀ ਵੱਡੀ ਜਾਤ ਖੜੂਰਿਆਂ ਦੀ ਏ। ਉਹ ਵੀਹ ਫ਼ੀਸਦੀ ਨੇ। ਸਾਰੇ ਦੇ ਸਾਰੇ ਸਾਡੇ ਵਿਰੋਧੀ ਨੇ। ਪੰਦਰਾਂ ਫ਼ੀਸਦੀ ਹੋਰ ਇਥੇ ਰੂਪੇ ਨੇ। ਉਹ ਕੁਝ ਸਾਡੇ ਨਾਲ ਨੇ ਤੇ ਕੁਝ ਹੋਰਨਾਂ ਨਾਲ। ਬਾਕੀ ਪੈਂਤੀ ਫ਼ੀਸਦੀ 'ਚੋਂ ਸਤ ਫ਼ੀਸਦੀ ਮੁਸਲਮਾਨ ਨੇ ਤੇ ਦੋ ਫ਼ੀਸਦੀ ਈਸਾਈ। ਪੰਦਰਾਂ ਫ਼ੀਸਦੀ ਦਲਿਤ ਨੇ।" ...ਪਿੰਡਾਂ ਵਿਚ ਬਿਹਾਰੀ ਤੇ ਸ਼ਹਿਰਾਂ 'ਚ ਪੰਜਾਬੀ ਤੇ ਗੁਜਰਾਤੀ ਇਹ ਸਭ ਸਾਡੇ ਨਾਲ ਨੇ। ਏਸ ਤਰ੍ਹਾਂ ਸਾਡੀ ਮਾਨਤਾ ਕੋਈ ਪਚੱਤਰ ਫੀਸਦੀ ਸਦੀ ਬਣਦੀ ਏ।"[4]


ਅੱਜ ਪੂੰਜੀਵਾਦੀ ਯੁੱਗ ਵਿਚ ਜਿਸਨੂੰ ਨਵ-ਬਸਤੀਵਾਦੀ ਯੁੱਗ ਵੀ ਆਖਿਆ ਜਾਂਦਾ ਹੈ, ਰਿਸ਼ਤੇ-ਨਾਤੇ, ਨਿਆਂ-ਅਨਿਆਂ ਰਾਜਨੀਤੀ, ਸੱਭਿਆਚਾਰ ਆਦਿ ਸਭ ਨੂੰ ਆਰਥਿਕਤਾ ਹੀ ਨਿਰਧਾਰਿਤ ਕਰ ਰਹੀ ਹੈ। ਭਾਵ ਨਿਆਂ-ਪਾਲਿਕਾ, ਕਾਰਜ-ਪਾਲਿਕਾ ਤੇ ਵਿਧਾਨ-ਪਾਲਿਕਾ ਆਦਿ ਵਿਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਐਨੀਆਂ ਪਰਪੱਕ ਹੋ ਗਈਆਂ ਹਨ ਕਿ ਇਹ ਸਭ ਅਖੌਤੀ ਕਿਸਮ ਦੀਆਂ ਨਿਆਇਕ ਇਮਾਰਤਾਂ ਬਣਕੇ ਰਹਿ ਗਈਆਂ ਹਨ। ਨਾਵਲਕਾਰ ਨੇ ਸਿਆਸਤ ਦੇ ਕਰੂਰ ਯਥਾਰਥ ਦੀ ਪੇਸ਼ਕਾਰੀ ਕਰਦਿਆਂ ਇਸਤੋਂ ਪੈਦਾ ਹੋਈਆਂ ਵਿਸੰਗਤੀਆਂ ਤੇ ਪੂੰਜੀ ਅਧੀਨ ਸੱਤਾ ਦੇ ਤੈਅ ਕੀਤੇ ਜਾਂਦੇ ਪ੍ਰਤੀਮਾਨਾਂ ਨੂੰ ਆਪਣੀ ਨਾਵਲੀ ਰਚਨਾਂ ਦਾ ਆਧਾਰ ਬਣਾਇਆ ਹੈ।

ਸਮੁੱਚੇ ਰੂਪ ਵਿਚ ਦਰਸ਼ਨ ਸਿੰਘ ਨੇ ਪੰਜਾਬੀ ਨਾਵਲ ਨੂੰ ਇਸ ਸਿਆਸਤ ਤੇ ਸੱਤਾ ਦੇ ਥੀਮ/ਉਪ ਥੀਮ ਰਾਹੀਂ ਨਵਾਂ ਮੁਹਾਦਰਾਂ ਪ੍ਰਦਾਨ ਕੀਤਾ ਹੈ ਉਸਨੇ ਆਪਣੇ ਨਾਵਲਾਂ ਵਿੱਚ ਭਾਰਤੀ ਰਾਜਨੀਤਿਕ ਢਾਂਚੇ ਵਿਚ ਫੈਲੇ ਭ੍ਰਿਸ਼ਟਾਚਾਰ ਤੇ ਬੇਤਰਤੀਬੀਆਂ ਨੂੰ ਲੜੀਬੱਧ ਰੂਪ ਵਿਚ ਵਿਅੰਗਾਤਮਕ ਸੁਰ ਵਿਚ ਪ੍ਰਗਟਾਇਆ ਹੈ ਤੇ ਸੱਤਾ ਪ੍ਰਾਪਤੀ ਲਈ ਨਿਭਾਏ ਅਨੈਤਿਕ ਕਿਰਦਾਰ ਨੂੰ ਬਿਰਤਾਂਤਕ ਸੰਗਠਨ ਦੀ ਕੇਂਦਰੀ ਇਕਾਈ ਵਜੋਂ ਰੂਪਮਾਨ ਕੀਤਾ ਹੈ। ਦਰਸ਼ਨ ਸਿੰਘ ਦੀ ਨਾਵਲੀ ਚੇਤਨਾ ਦੀ ਵੱਡੀ ਖ਼ੂਬੀ ਤੇ ਖੂਬਸੂਰਤੀ ਇਹ ਹੈ ਕਿ ਉਹ ਸਾਡੇ ਭਾਰਤੀ ਰਾਜਨੀਤਿਕ ਨੇਤਾਵਾਂ ਦੁਆਰਾ ਸੱਤਾ ਪ੍ਰਾਪਤੀ ਲਈ ਅਪਣਾਏ ਸਿਆਸੀ ਪੈਤੜਿਆਂ ਨੂੰ ਆਪਣੇ ਨਾਵਲਾਂ ਦੇ ਕੇਂਦਰ ਵਿਚ ਰੱਖਕੇ ਸਾਡੇ ਸਮਕਾਲੀ ਯਥਾਰਥ ਦੇ ਇਕ ਤੋਂ ਜਿਆਦਾ ਪੱਖਾਂ ਨੂੰ ਦ੍ਰਿਸ਼ਮਾਨ ਕਰਦੀ ਹੈ। ਮਹਾਂਭਾਰਤ ਵਿਚ ਅਰਜੁਨ ਦਾ ਪੁੱਤਰ ਅਭੀਮੰਨੀਓ ਕੌਰਵਾਂ ਦੁਆਰਾ ਬਣਾਏ 'ਚੱਕਰਵਿਊ' ਨੂੰ ਤੋੜਨ ਵਿਚ ਅਸਫ਼ਲ ਰਹਿੰਦਾ ਹੈ ਪਰੰਤੂ ਪੂੰਜੀਵਾਦੀ ਯੁੱਗ ਵਿਚ ਗੋਤਮ ਸਿਆਸੀ ਚੱਕਰਵਿਊ ਨੂੰ ਤੋੜਨ ਵਿਚ ਸਫ਼ਲ ਹੋ ਜਾਂਦਾ ਹੈ। ਨਾਵਲ ਦੇ ਸੰਦਰਭ ਵਿਚ ਦਰਸ਼ਨ ਸਿੰਘ ਦੀ ਰਚਨਾ ਦ੍ਰਿਸ਼ਟੀ ਦੀ ਇਹੋ ਵੱਖਰਤਾ ਤੇ ਵਿਲੱਖਣਤਾ ਹੈ।

**ਹਵਾਲੇ ਤੇ ਟਿੱਪਣੀਆਂ**

1. ਦਰਸ਼ਨ ਸਿੰਘ, ਚੱਕਰਵਿਊ, ਪੰਨਾ-16, 2. ਉਹੀ, ਪੰਨਾ 23-24, 3. ਸੁਖਦੇਵ ਸਿੰਘ ਖਾਹਰਾ (ਸੰਪਾ.) ਨਾਵਲਕਾਰ ਮਿੱਤਰ ਸੈਨ ਮੀਤ, ਪੰਨਾ-41, 4. ਦਰਸ਼ਨ ਸਿੰਘ, ਉਹੀ, ਪੰਨਾ-42

**ਪਤਾ-ਈਵਨਿੰਗ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**



## ਪਿੰਡਾਂ ਦੀ ਹੋਂਦ ਤੇ ਹੋਣੀ ਦਾ ਚਿਤਰਣ: ਖ਼ਬਰ ਇੱਕ ਪਿੰਡ ਦੀ

**- ਡਾ. ਪਰਗਟ ਸਿੰਘ**

ਪੰਜਾਬੀ ਨਾਵਲ ਆਪਣੇ ਇਕ ਸਦੀ ਤੋਂ ਉੱਪਰ ਦੇ ਲੰਮੇ ਇਤਿਹਾਸਕ ਸਫ਼ਰ ਦੌਰਾਨ ਆਪਣੇ ਸਮੇਂ ਦੀਆਂ ਪ੍ਰਸਥਿਤੀਆਂ/ਸਮੱਸਿਆਵਾਂ ਨੂੰ ਬਾਖ਼ੂਬੀ ਚਿਤਰਦਾ ਆ ਰਿਹਾ ਹੈ। ਹਰ ਦੌਰ ਦੀਆਂ ਵਿਭਿੰਨ ਮੁਸ਼ਕਿਲਾਂ/ਸਮੱਸਿਆਵਾਂ ਨੂੰ ਉਸ ਸਮੇਂ ਦੇ ਨਾਵਲਕਾਰਾਂ ਨੇ ਬਹੁਤ ਸਹੁਜ, ਸਹਿਜਤਾ ਤੇ ਸੁਹਿਰਦਤਾ ਸਹਿਤ ਪੇਸ਼ ਕੀਤਾ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਸੋ ਏਥੋਂ ਦੀਆਂ ਬਹੁਤੀਆਂ ਸਮੱਸਿਆਵਾਂ/ਮਸਲੇ ਵੀ ਖੇਤੀ ਨਾਲ ਜੁੜੇ ਲੋਕਾਂ ਬਾਰੇ ਹੀ ਹਨ। ਖੇਤੀ ਨਾਲ ਜੁੜੀਆਂ ਧਿਰਾਂ ਦਾ ਆਵਾਸ ਪਿੰਡਾਂ 'ਚ ਹੋਣ ਕਾਰਨ ਪੰਜਾਬੀ ਨਾਵਲ ਦਾ ਬਹੁਤਾ ਹਿੱਸਾ ਪਿੰਡਾਂ ਦੇ ਇਰਦ-ਗਿਰਦ ਘੁੰਮਦਾ ਰਿਹਾ ਹੈ। (ਭਾਵੇਂ ਹੋਰ ਵਿਸ਼ਿਆਂ ਤੇ ਵੀ ਨਾਵਲ ਲਿਖੇ ਗਏ ਹਨ) ਪੰਜਾਬੀ ਨਾਵਲ ਨੇ ਪਿੰਡ, ਕਿਰਸਾਨੀ ਤੇ ਇਸ ਨਾਲ ਜੁੜੀਆਂ ਧਿਰਾਂ ਦਾ ਅਨੇਕਾਂ ਕੋਣਾਂ ਤੋਂ ਬਹੁਤ ਹੀ ਸੂਖ਼ਮਤਾ ਸਹਿਤ ਜ਼ਿਕਰ ਕੀਤਾ ਹੈ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਵਿਸ਼ਵੀਕਰਨ ਦੁਆਰਾ ਧਾਰੇ ਪ੍ਰਚੰਡ ਰੂਪ ਕਾਰਨ ਪੰਜਾਬ ਵਿੱਚ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਅਤੇ ਸੱਭਿਆਚਾਰਕ ਤੌਰ ਤੇ ਵੱਡੀ ਪੱਧਰ ਤੇ ਬਦਲਾਵ ਆਏ। ਇਹਨਾਂ ਬਦਲਦੇ ਹਾਲਾਤਾਂ ਨੇ ਸਮੁੱਚੀ ਪੰਜਾਬੀ ਮਾਨਸਿਕਤਾ, ਸਮਾਜ ਦੇ ਨੈਤਿਕ-ਅਨੈਤਿਕ ਕੋਡ ਤੇ ਰਿਸ਼ਤਿਆਂ ਦੇ ਅੰਤਰ-ਸੰਬੰਧਾਂ ਉੱਤੇ ਡੂੰਘਾ ਅਸਰ ਪਾਇਆ। ਜਿਸ ਕਾਰਨ ਪੰਜਾਬੀ ਸੱਭਿਆਚਾਰ ਰੂਪਾਂਤਰਣ ਦੇ ਦੌਰ ਵਿਚੋਂ ਗੁਜ਼ਰਦਾ ਹੈ। ਪਰੰਪਰਾਗਤ ਪੱਕੀਆਂ ਪੀੜੀਆਂ ਮਾਨਤਾਵਾਂ, ਸੱਭਿਆਚਾਰਕ ਕਦਰਾਂ ਕੀਮਤਾਂ, ਪੁਰਾਤਨ ਸੰਸਕਾਰ ਤੇ ਪਰੰਪਰਾਗਤ ਰਿਸ਼ਤਿਆਂ ਦੀ ਟੁੱਟ-ਭੱਜ ਨੇ ਜਨਮ ਲਿਆ ਹੈ।

ਪਿੰਡ ਭਾਵੇਂ ਹਰ ਦੌਰ ਦੇ ਪੰਜਾਬੀ ਨਾਵਲ ਦਾ ਕੇਂਦਰ ਬਿੰਦੂ ਰਿਹਾ ਹੈ ਪਰ ਪਿਛਲੇ ਕੁਝ ਅਰਸਿਆਂ ਵਿੱਚ ਬਹੁਤ ਹੀ ਤੇਜ਼ੀ ਨਾਲ ਤੇ ਗੌਲਣਯੋਗ ਤਬਦੀਲੀਆਂ ਦੇ ਸਨਮੁੱਖ ਵਿਚਰ ਰਹੇ ਪਿੰਡ ਨੂੰ ਕਈ ਕਥਾਕਾਰਾਂ ਤੇ ਨਾਵਲਕਾਰਾਂ ਨੇ ਆਪਣੇ ਸਾਹਿਤਕ ਰਚਨਾ ਦਾ ਮਰਕਜ਼ ਬਣਾਇਆ ਹੈ। ਇਸੇ ਲੜੀ ਵਿੱਚ ਪਰਗਟ ਸਿੰਘ ਸਤੌਜ ਦਾ ਨਾਵਲ **'ਖ਼ਬਰ ਇੱਕ ਪਿੰਡ ਦੀ' (ਪ੍ਰਕਾਸ਼ਕ: ਕੈਲੀਬਲ ਪਬਲੀਕੇਸ਼ਨ, ਪਟਿਆਲਾ, ਮੁੱਲ: 160 ਰੁ. ਪੰਨੇ: 144)** ਸਾਹਮਣੇ ਆਉਂਦਾ ਹੈ, ਜੋ ਪਿਛਲੇ ਕੁਝ ਅਰਸਿਆਂ ਦੌਰਾਨ ਭਾਈਚਾਰਕ ਸਾਂਝ ਨਾਂ ਦੀ ਸੰਸਥਾ (ਪਿੰਡ) ਜਿਸ ਨੂੰ ਸਮੇਂ ਦੀਆਂ ਕਾਲੀਆਂ ਬੋਲੀਆਂ ਹਨੇਰੀਆਂ ਨੇ ਆਪਣੀ ਗ੍ਰਿਫਤ 'ਚ ਲੈ ਲਿਆ ਹੈ। ਉਹਨਾਂ ਪਿੰਡਾਂ ਦੀ ਹੋਂਦ ਤੇ ਹੋਣੀ ਦਾ ਯਥਾਰਥਕ ਚਿਤਰਣ ਪੇਸ਼ ਕਰਦਾ ਹੈ। ਸਾਹਿਤ ਦਾ ਇਹ ਬਹੁ-ਵਿਧਾਵੀ ਲੇਖਕ ਆਪਣਾ ਸਾਹਿਤਕ ਸਫ਼ਰ ਤੇਰਾ



ਪਿੰਡ (ਕਾਵਿ ਸੰਗ੍ਰਹਿ 2008) ਤੋਂ ਸ਼ੁਰੂ ਕਰ, ਭਾਗੂ (ਨਾਵਲ 2009), ਤੀਂਵੀਆਂ (ਨਾਵਲ, 2012 ਭਾਰਤੀ ਸਾਹਿਤ ਅਕਾਦਮੀ ਜੇਤੂ ਨਾਵਲ) ਗਲ਼ਤ ਮਲਤ ਜ਼ਿੰਦਗੀ (ਕਹਾਣੀ ਸੰਗ੍ਰਹਿ 2014) ਆਦਿ ਸਾਹਿਤਕ ਰਚਨਾਵਾਂ ਪੰਜਾਬੀ ਸਾਹਿਤ/ਪਾਠਕਾਂ ਦੀ ਝੋਲੀ ਪਾ ਚੁੱਕਿਆ ਹੈ।

ਨਾਵਲ ਇਕੋ ਸਮੇਂ ਬਦਲੇ ਹੋਏ ਪੇਂਡੂ ਸਮਾਜ ਅਤੇ ਬਦਲ ਰਹੀਆਂ, ਪਿੰਡਾਂ ਦੀਆਂ ਅਨੇਕਾਂ ਰਹੁ-ਰੀਤਾਂ, ਮਨੌਤਾਂ, ਰਿਸ਼ਤੇ-ਨਾਤੇ, ਸੱਭਿਆਚਾਰਕ ਕਦਰਾਂ-ਕੀਮਤਾਂ, ਸੰਸਥਾਈ ਧਰਮ ਦਾ ਬਦਲਦਾ ਕਿਰਦਾਰ, ਜਾਤ-ਪਾਤ ਨੂੰ ਫੋਕਸੀਕ੍ਰਿਤ ਕਰਦਾ ਹੈ। ਲੇਖਕ ਪਿੰਡਾਂ ਵਿਚ ਰਿਸ਼ਤਿਆਂ ਦੀਆਂ ਪੀਡੀਆਂ ਸਾਂਝਾ ਦੇ ਖੁਰਨ ਦੇ ਅਨੇਕਾਂ ਆਧਾਰਭੂਤ ਕਾਰਨਾਂ ਨੂੰ ਫੋਕਸ ਕਰਦਾ ਥਿੜਕ ਰਹੀ ਆਰਥਿਕਤਾ, ਵੱਧ ਰਹੇ ਨਸ਼ਿਆਂ ਦਾ ਪ੍ਰਕੋਪ, ਜਾਤੀ-ਪਾਤੀ ਵਖਰੇਵੇਂ, ਡਿੱਗ ਰਹੇ ਸਿੱਖਿਆ ਦੇ ਮਿਆਰ ਆਦਿ ਨੂੰ ਵੀ ਚਿਤਰਦਾ ਹੈ।

ਨਸ਼ਾ ਪਿਛਲੇ ਕੁਝ ਸਮੇਂ/ਅਰਸੇ ਤੋਂ ਪੰਜਾਬ ਲਈ ਇੱਕ ਵੱਡੀ ਸਮੱਸਿਆ ਦੇ ਤੌਰ ਤੇ ਉੱਭਰ ਕੇ ਸਾਹਮਣੇ ਆਇਆ ਹੈ। ਇਸ ਭਖਦੇ ਮਸਲੇ ਉੱਪਰ ਹਰ ਵਿਅਕਤੀ ਦਾ ਆਪਣਾ ਦ੍ਰਿਸ਼ਟੀਕੋਣ ਤਾਂ ਹੋ ਸਕਦਾ ਹੈ ਪਰ ਸੱਚਾਈ ਇਹ ਹੈ ਕਿ ਪਿੰਡ ਪੱਧਰ ਤੇ ਨਸ਼ਿਆਂ ਦਾ ਜੋ ਮਾਰੂ ਅਸਰ ਪਹਿਲਾਂ ਦਹਾਕਿਆਂ ਬੱਧੀ ਨਹੀਂ ਸੀ ਪਿਆ ਉਹ ਹੁਣ ਦੇ ਕੁਝ ਸਾਲਾਂ 'ਚ ਪੈ ਚੁੱਕਾ ਹੈ। ਭਾਵੇਂ ਇਸ ਮਸਲੇ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ ਵੀ ਬਹੁਤ ਜਿਆਦਾ ਜਾ ਰਿਹਾ ਹੈ ਤੇ ਕੁਝ ਲੋਕ ਇਸ ਨੂੰ ਪੰਜਾਬ ਨੂੰ ਭੰਡਣ ਦੇ ਨਜ਼ਰੀਏ ਤੋਂ ਵੀ ਦੇਖਦੇ ਹਨ। ਸੱਚਾਈ ਇਹ ਹੈ ਕਿ ਪਿੰਡਾਂ ਵਿੱਚ ਇਹ ਨਸ਼ੇ ਕੁਝ ਅਮੀਰ ਲੋਕਾਂ, ਨਸ਼ੇ ਦੇ ਸੌਦਾਗਰਾਂ ਤੇ ਰਾਜਨੀਤਕ ਲੋਕਾਂ ਦੁਆਰਾ ਆਪਣੇ ਨਿੱਜੀ ਮੁਫ਼ਾਦਾ ਕਾਰਨ ਲੋਕਾਂ ਨੂੰ ਪਰੋਸੇ ਜਾ ਰਹੇ ਹਨ ਤੇ ਪਿੰਡਾਂ ਦੇ ਲੋਕ ਸ਼ੌਂਕ ਵੱਜੋਂ ਜਾਂ ਆਪਣੀਆਂ ਘਰੇਲੂ ਸਮੱਸਿਆਵਾਂ ਦਾ ਹੱਲ ਇਹਨਾਂ ਨਸ਼ਿਆਂ ਚੋਂ ਤਲਾਸ਼ਦੇ ਇਹਨਾਂ ਦੇ ਆਦੀ ਹੋ ਰਹੇ ਹਨ। ਨਾਵਲ ਵਿਚ ਮਿਹਰਪੁਰ ਪਿੰਡ ਦੇ ਸਰਪੰਚ ਦੀ ਜ਼ਿਮਨੀ ਚੋਣ ਲਈ ਜਿਸ ਤਰ੍ਹਾਂ ਦੋਵੇਂ ਪਾਰਟੀਆਂ ਸ਼ਰਾਬ ਦੇ ਖੁੱਲ੍ਹੇ ਲੰਗਰ ਲਗਾਉਂਦੀਆਂ ਹਨ। ਉਹ ਅਖੌਤੀ ਉੱਭਰਦੇ ਪੰਜਾਬ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ। "ਨਸ਼ਾ ਖਾਓ, ਆਪਣੀਆਂ ਜ਼ਿੰਦਗੀਆਂ ਦਾਅ ਤੇ ਲਾਓ, ਵੋਟਾਂ ਜ਼ਰੂਰ ਪਾਓ, ਉਸ ਤੋਂ ਬਾਅਦ ਚਾਹੇ ਮਰ ਜਾਓ।"[1]

ਵੋਟ ਦੀ ਰਾਜਨੀਤੀ ਨੇ ਪਿੰਡਾਂ ਵਿੱਚ ਨਸ਼ਿਆਂ ਦੇ ਰੁਝਾਨ ਨੂੰ ਹਿਲੋਰਾ ਦਿੱਤਾ ਉੱਥੇ ਕੁਝ ਵਿਅਕਤੀਆਂ ਦੀ ਪੈਸੇ ਦੀ ਭੁੱਖ ਨੇ ਪੰਜਾਬ ਨੂੰ ਨਵੇਂ ਨਸ਼ਿਆਂ ਦੇ ਲੜ ਲਾ ਦਿੱਤਾ ਹੈ। ਸਮੈਕ, ਹੈਰੋਇਨ, ਚਿੱਟਾ ਅਤੇ ਕੈਮੀਕਲ ਨਸ਼ਿਆਂ ਆਦਿ ਨੇ ਤਾਂ ਪੰਜਾਬ ਦੀ ਜਵਾਨੀ ਨੂੰ ਘੁਣ ਵਾਂਗ ਖਾ ਲਿਆ ਹੈ। ਨਾਵਲਕਾਰ ਆਪਣੇ ਪਿੰਡ ਮਿਹਰਪੁਰ ਦੇ ਇਕ ਸਮੈਕੀਏ ਸਿਮਰ ਦੀ ਮੌਤ ਰਾਹੀਂ ਪੰਜਾਬ ਵਿਚ ਹਰ ਰੋਜ਼ ਹੁੰਦੀਆਂ ਅਨੇਕਾਂ ਅਜਿਹੀਆਂ ਮੌਤਾਂ ਤੋਂ ਪਰਦਾ ਚੁੱਕਦਾ ਹੈ। ਪੰਜਾਬ ਵਿਚ ਵੱਧ ਰਹੇ ਨਸ਼ਾ ਛੁਡਾਊ ਕੇਂਦਰਾਂ ਖਾਸ ਤੌਰ ਤੇ ਪਿਛਲੇ ਦਿਨੀ ਅਖ਼ਬਾਰ ਦੀ ਇਕ ਖ਼ਬਰ ਅਨੁਸਾਰ ਪੰਜਾਬ ਵਿਚ ਖੁੱਲ੍ਹੇ ਔਰਤ ਨਸ਼ਾ ਛਡਾਊ ਕੇਂਦਰ ਪੰਜਾਬ ਦੀ ਨਸ਼ਿਆਂ ਦੇ ਮਾਮਲੇ 'ਚ ਅਸਲੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਦੇ ਹਨ।

ਪੰਜਾਬ ਦੇ ਪਿੰਡ ਕਿਸੇ ਸਮੇਂ ਆਪਣੇ ਭਰਾਤਰੀ ਭਾਵ, ਸਾਂਝ, ਅਪਣੱਤ, ਮਿੱਤਰਤਾ, ਗੈਰਤ, ਅਣਖ, ਇੱਜ਼ਤ ਤੇ ਸਾਂਝੀਵਾਲਤਾ ਕਰਕੇ ਜਾਣੇ ਜਾਂਦੇ ਸਨ। ਪਰ ਸਮੇਂ ਦੀ ਕਾਲੀ ਬੋਲੀ ਹਨੇਰੀ ਨੇ ਸਭ ਕੁਝ ਤਹਿਸ-ਨਹਿਸ ਕਰ ਦਿੱਤਾ। ਪਿੰਡਾਂ ਦੇ ਬਹੁਤੇ ਲੋਕ ਆਪਣੇ ਅਮੀਰ ਵਿਰਸੇ ਨੂੰ ਭੁੱਲ ਨਿੱਜ ਕੇਂਦਰਤ ਹੋ ਆਰਥਿਕ ਸੰਪਨਤਾ ਦੀ ਅੰਨੀ ਦੌੜ ਵਿੱਚ ਸ਼ਾਮਿਲ ਹੋ ਗਏ ਹਨ। ਇਸ ਨਾਲ ਪੇਂਡੂ ਮਨੁੱਖ ਸੱਭਿਆਚਾਰਕ ਤੌਰ ਤੇ ਯਤੀਮ ਬਣਦਾ ਜਾ ਰਿਹਾ ਹੈ। ਪੰਜਾਬ ਦੇ ਅਜੋਕੇ ਸਮਾਜ-ਸੱਭਿਆਚਾਰ ਪ੍ਰਤੀ ਅਮਰਜੀਤ ਗਰੇਵਾਲ ਦੇ ਨਿਮਨਲਿਖਤ ਬੋਲ ਧਿਆਨ ਦੀ ਮੰਗ ਕਰਦੇ ਹਨ:-

"ਪੰਜਾਬੀ ਸਮਾਜ ਜਿੱਥੇ ਲੋਕਾਂ ਦੀ ਟੇਕ ਪਦਾਰਥਕ ਦੌਲਤ ਉੱਪਰ ਲੱਗੀ ਹੋਈ ਹੈ ਅਤੇ ਸੱਭਿਆਚਾਰਕ

ਪ੍ਰੈਕਟਿਸ ਲਗਭਗ ਖ਼ਤਮ ਹੋ ਚੁੱਕੀ ਹੈ। ਉੱਥੇ ਲੋਕ ਵਿਅਕਤੀਵਾਦ ਦਾ ਸ਼ਿਕਾਰ ਹੋ ਕੇ ਸਾਂਝੀ ਰਹਿਤਲ, ਮਾਨਸਿਕਤਾ, ਲਿਆਕਤ ਅਤੇ ਅਨੁਭੂਤੀ ਤਕਰੀਬਨ ਗੁਆ ਹੀ ਬੈਠੇ ਹਨ। ਸੱਭਿਆਚਾਰਕ ਪ੍ਰੈਕਟਿਸ ਦੀ ਅਣਹੋਂਦ ਵਿੱਚ ਅਸੀਂ ਖਿਲਰ ਰਹੇ ਹਾਂ। ਜੜ੍ਹਾਂ ਉਖੜ ਰਹੀਆਂ ਹਨ।"2

ਅਮਰਜੀਤ ਗਰੇਵਾਲ ਦੀ ਉਪਰੋਕਤ ਧਾਰਨਾ ਉਸ ਸਮੇਂ ਬਿਲਕੁਲ ਸਿੱਧ ਹੁੰਦੀ ਜਾਪਦੀ ਹੈ ਜਦੋਂ ਨਾਵਲ ਵਿੱਚ ਸਿਮਰ ਦੀ ਸਮੈਕ ਪੀਣ ਕਾਰਨ ਹੋਈ ਮੌਤ ਤੋਂ ਬਾਅਦ ਸਿਮਰ ਦੇ ਦੋਵੇਂ ਭਰਾ ਕੁਝ ਇੰਝ ਸੋਚਦੇ ਹਨ:- "ਊਂ ਚੰਗਾ ਹੋਇਆ ਸਾਲਾ ਮਰ ਗਿਆ। ਜੇ ਜਿਉਂਦਾ ਰਹਿੰਦਾ, ਸਮੈਕ ਪੀ ਪੀ ਘਰ ਖੰਗਲ ਕਰ ਦਿੰਦਾ।" ਵੱਡਾ ਭਰਾ। "ਜਦੋਂ ਉਹ ਜਿਉਂਦਾ ਸੀ ਛੇ ਕਿੱਲਿਆਂ 'ਚੋਂ ਦੋ ਦੋ ਆਉਂਦੇ ਸੀ। ਹੁਣ ਇਹਦੇ ਮਰਨ ਨਾਲ ਸਾਨੂੰ ਦੋਵਾਂ ਨੂੰ ਤਿੰਨ-ਤਿੰਨ ਹੋ ਗਏ। ਨਜ਼ਾਰਾ ਈ ਆ ਗਿਆ।"3 ਭਰਾਵਾਂ ਦਾ ਪਿਆਰ ਮਨਫ਼ੀ ਹੋ ਰਿਸ਼ਤਾ ਪੈਸੇ ਦੀ ਧੁਰੀ ਤੇ ਘੁੰਮਦਾ ਦਿਖਾਈ ਦਿੰਦਾ ਹੈ। ਰਿਸ਼ਤਿਆਂ ਦੀ ਸਿਥਲਤਾ ਦੀ ਹੱਦ ਉਸ ਸਮੇਂ ਹੋ ਜਾਂਦੀ ਹੈ ਜਦੋਂ ਬੁੜੀ ਦੇ ਮਰਨ ਤੇ ਉਸ ਦੇ ਪੁੱਤ ਤੇ ਪੋਤਰਿਆਂ ਵਿਚ ਬੁੜੀ ਦੇ ਐਫ.ਡੀ. ਵਾਲੇ ਚਾਰ ਲੱਖ ਨੂੰ ਲੈਕੇ ਝਗੜਾ ਹੋ ਜਾਂਦਾ ਹੈ। ਜਦੋਂ ਬੁੜੀ ਦੇ ਤਿੰਨੇ ਮੁੰਡੇ ਅੱਡ ਹੋਏ ਤਾਂ ਉਹ ਆਪਣੇ ਸਭ ਤੋਂ ਛੋਟੇ ਮੁੰਡੇ ਨਾਲ ਰਹਿਣ ਲੱਗ ਪੈਂਦੀ ਹੈ। ਬੁੜੀ ਦੀ ਮੌਤ ਉਪਰੰਤ ਦਾਹ ਸੰਸਕਾਰ ਕਰਨ ਜਾਂਦੇ ਸਮੇਂ ਰਸਤੇ 'ਚ ਹੀ ਅਰਥੀ ਰੋਕ ਵੱਡੇ ਮੁੰਡੇ, ਛੋਟੇ ਪੁੱਤਰ ਤੋਂ ਐਫ.ਡੀ. ਵਾਲੇ ਚਾਰ ਲੱਖ ਦਾ ਹਿਸਾਬ ਮੰਗਣਾ ਸ਼ੁਰੂ ਕਰ ਦਿੰਦੇ ਹਨ। ਸਿਆਣੇ ਬੰਦਿਆਂ ਦੁਆਰਾ ਵਿੱਚ ਬਚਾਅ/ਸੁਲ੍ਹਾ ਕਰਨ ਤੇ ਬੁੜੀ ਦਾ ਸੰਸਕਾਰ ਤਾਂ ਕਰ ਦਿੱਤਾ ਜਾਂਦਾ ਹੈ। ਹਿਸਾਬ ਨਿਬੜਦਾ ਨਾ ਦੇਖ ਵੱਡੇ ਪੁੱਤਰ ਫੁੱਲ ਚੁਗਣ ਤੋਂ ਇੱਕ ਦਿਨ ਪਹਿਲਾਂ ਹੀ ਬੁੜੀ ਦੇ ਸਿਵੇ ਦੀ ਸਵਾਹ ਦੋ ਬੋਰੀਆਂ ਵਿੱਚ ਭਰ ਕੇ ਲੈ ਜਾਂਦੇ ਹਨ। ਅੰਤ ਉੱਪਰ ਰਾਖ ਬਦਲੇ ਜਦੋਂ ਕੋਈ ਭਰਾ ਹਿਸਾਬ ਕਰਨ ਨਹੀਂ ਆਉਂਦਾ ਤਾਂ ਹਰਖੇ ਹੋਏ ਵੱਡੇ ਮੁੰਡਿਆਂ ਦੁਆਰਾ ਮਾਈ ਦੀ ਰਾਖ ਨੂੰ ਸੁੱਕ ਦੀ ਜਗ੍ਹਾ ਮੱਝਾਂ ਹੇਠ ਖਿਲਾਰ ਦਿੱਤਾ ਜਾਂਦਾ ਹੈ।

ਪਿੰਡ ਵਿੱਚ ਨਾ-ਮੁਖੀ ਕਿਰਦਾਰ ਦੇ ਵਿਅਕਤੀ ਖੁੰਭਾ ਵਾਂਗ ਪੈਦਾ ਹੋ ਰਹੇ ਹਨ। ਪੁਰਾਣੇ ਸਮੇਂ ਵਿੱਚ ਪਿੰਡ ਆਪਣੇ ਆਪ ਵਿੱਚ ਇੱਕ ਅਮੀਰ ਇਕਾਈ ਸੀ। ਜਿੱਥੇ ਲੋਕ ਇੱਕ ਦੂਜੇ ਦੇ ਦੁੱਖ/ਸੁੱਖ 'ਚ ਸ਼ਰੀਕ/ਸਹਾਈ ਹੋਣ ਆਪਣਾ ਨੈਤਿਕ ਫ਼ਰਜ ਸਮਝਦੇ, ਸਾਂਝੇ ਕਾਰਜਾਂ ਵਿੱਚ ਇੱਕ ਦੂਜੇ ਦੀ ਮਦਦ ਕਰਦੇ ਸਨ। ਪਰ ਬਦਲੇ ਹੋਏ ਹਲਾਤਾਂ ਵਿੱਚ ਅਜਿਹੇ ਕਿਰਦਾਰ ਪੈਦਾ ਹੋ ਰਹੇ ਹਨ ਜਿੰਨ੍ਹਾਂ ਦਾ ਮਕਸਦ ਪਿਆਰ/ਸਾਂਝ/ਅਪਣਤ ਵਾਲੇ ਰਿਸ਼ਤੇ ਦਾ ਵਿਖਾਵਾ ਕਰ ਅੰਦਰੋਂ ਡੰਗ ਮਾਰਨਾ ਹੁੰਦਾ ਹੈ। ਨਾਵਲ ਵਿਚ ਸੁਖਪਾਲ ਅਜਿਹੇ ਹੀ ਕਿਰਦਾਰ ਦਾ ਮਾਲਕ ਹੈ।"ਜਦ ਵੀ ਪਿੰਡ ਵੀ ਕੋਈ ਅਣਹੋਣੀ ਘਟਨਾ ਵਾਪਰਦੀ ਹੈ, ਜਿਵੇਂ ਸਪਰੇਅ ਪੀ ਜਾਣਾ, ਮੱਚ ਜਾਣਾ, ਕਰੰਟ ਨਾਲ ਲੱਗਕੇ ਮਰਨਾ ਜਾਂ ਅਜਿਹੀ ਹੀ ਕੋਈ ਹੋਰ ਘਟਨਾ ਘਟ ਜਾਵੇ। ਜਦ ਵੀ ਅਜਿਹੀ ਘਟਨਾ ਦਾ ਸੁਖਪਾਲ ਨੂੰ ਪਤਾ ਲਗਦਾ ਹੈ ਤਾਂ ਉਹ ਝੱਟ ਪੁਲਿਸ ਵਾਲਿਆਂ ਨੂੰ ਫੋਨ ਕਰ ਦਿੰਦਾ ਹੈ। ਜਦੋਂ ਪੁਲਿਸ ਵਾਲੇ ਆ ਕੇ ਡਰਾਵੇ ਦਿੰਦੇ ਹਨ ਤਾਂ ਸੁਖਪਾਲ ਆਪ ਹੀ ਅੱਗੇ ਹੋ ਕੇ, ਲੈਣ-ਦੇਣ ਕਰਕੇ ਮਾਮਲਾ ਨਿਬੜਾ ਦਿੰਦਾ ਹੈ । ਸੁਖਪਾਲ ਨੂੰ ਉਸ ਦਾ ਹਿੱਸਾ ਘਰ ਪਹੁੰਚ ਜਾਂਦਾ ਹੈ।"4 ਸੁਖਪਾਲ ਵਰਗੇ ਵਿਅਕਤੀ ਕਿਸੇ ਇਕ ਪਿੰਡ 'ਚ ਨਾ ਹੋ ਕੇ ਹਰ ਪਿੰਡ ਦੇ ਬਸ਼ਿੰਦੇ ਹਨ। ਜਿਨ੍ਹਾਂ ਦੇ ਮਨ ਵਿਚ ਨੈਤਿਕਤਾ/ਭਰਾਤਰੀ ਭਾਵ ਲਈ ਕੋਈ ਸਥਾਨ ਨਹੀਂ। ਸਗੋਂ ਮੁਸ਼ਕਿਲ ਦੀਆਂ ਘੜੀਆਂ 'ਚ ਲੋਕਾਂ ਦੀਆਂ ਮਜ਼ਬੂਰੀਆਂ ਦਾ ਫਾਇਦਾ ਉੱਠਾਉਂਦੇ ਹੋਏ ਸਥਾਪਿਤ ਧਿਰਾਂ ਦੇ ਹੱਕ 'ਚ ਭੁਗਤਦੇ ਹਨ ।

ਮਨੁੱਖ ਦੀ ਕਾਮ ਪ੍ਰਵਿਰਤੀ ਉਪਰ ਕੁਦਰਤ ਵੱਲੋਂ ਕੋਈ ਪ੍ਰਤੀਬੰਧ ਲਾਗੂ ਨਹੀਂ ਪਰ ਸਮਾਜ ਤੇ ਸਭਿਆਚਾਰ ਦੇ ਨੇਮ ਵਿਧਾਨ ਦੁਆਰਾ ਮਨੁੱਖ ਦੀ ਕਾਮ ਪ੍ਰਵਿਰਤੀ ਦੀ ਸੁਤੰਤਰਤਾ ਉੱਤੇ ਪ੍ਰਤੀਬੰਧ ਲਗਾਏ ਜਾਂਦੇ ਹਨ ਜਿਵੇਂ ਵਿਆਹ ਦੀ ਸੰਸਥਾ ਦੁਆਰਾ ਇਸਤਰੀ ਪੁਰਖ ਸੰਭੋਗ ਨੂੰ ਜਾਇਜ਼ ਅਤੇ ਵਿਆਹ ਬਾਹਰੇ ਕਾਮ ਸੰਬੰਧਾ ਨੂੰ ਨਜ਼ਾਇਜ ਠਹਿਰਾਇਆ ਜਾਂਦਾ ਹੈ। ਇੰਝ ਵਿਅਕਤੀ ਦੀ ਕਾਮ



ਪ੍ਰਵਿਰਤੀ ਦਾ ਇਕ ਭਾਗ ਇਨ੍ਹਾਂ ਸਭਿਆਚਾਰ ਮੁੱਲਾਂ ਅਨੁਸਾਰ ਢਲ ਜਾਂਦਾ ਹੈ। ਦੂਸਰਾ ਭਾਗ ਦਮਿਤ ਰੂਪ ਵਿਚ ਅਵਚੇਤਨ ਮਨ 'ਚ ਰਹਿੰਦਾ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਸੈਕਸ ਅਪੂਰਤੀ ਹੀ ਕਈ ਤਰ੍ਹਾਂ ਦੀਆਂ ਮਨੋਵਿਗਿਆਨਕ ਬਿਮਾਰੀਆਂ ਨੂੰ ਜਨਮ ਦੇ ਰਹੀ ਹੈ । ਪਿੰਡਾਂ ਦੇ ਅਨਪੜ੍ਹ ਲੋਕ ਇਨ੍ਹਾਂ ਸਮੱਸਿਆਵਾਂ ਨੂੰ ਨਾ ਸਮਝ ਕੇ ਉਸ ਦਾ ਹੱਲ ਜਾਦੂ-ਟੂਣੇ, ਧਾਗੇ ਤਵੀਤਾਂ ਰਾਹੀਂ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਕਈ ਵਾਰ ਤਾਂ ਸਥਿਤੀਆਂ ਤ੍ਰਾਸਦਿਕ ਹੋ ਨਿਬੜਦੀਆਂ ਹਨ। ਨਾਵਲ ਵਿਚ ਗੁਲਾਬ ਦੀ ਧੀ ਹਰਜੀਤ ਦੁਆਰਾ ਆਪਣੇ ਕੱਪੜੇ ਪਾੜਨੇ, ਵਾਲ ਕੱਟਣੇ ਅਤੇ ਅਜੀਬ ਹਰਕਤਾਂ ਕਰਨ ਦਾ ਕਾਰਨ ਉਸ ਦੀ ਸੈਕਸ ਇੱਛਾ ਦੀ ਅਪੂਰਤੀ ਹੈ । ਹਰਜੀਤ ਦਾ ਪਹਿਲਾਂ ਸਾਧੂ ਸੰਤਾਂ ਕੋਲੋ ਇਲਾਜ ਕਰਵਾ ਫਿਰ ਧਾਰਮਿਕ ਕਾਰਜਾਂ 'ਚ ਸਹਿਭਾਗਤਾ ਵੀ ਅਪਣਾਈ ਜਾਂਦੀ ਹੈ ਪਰ ਇਸ ਬਿਮਾਰੀ ਦੀ ਜੜ੍ਹ ਹਰਜੀਤ ਦੀ ਕਾਮਪੂਰਤੀ ਬਾਰੇ ਡਾਕਟਰ ਹਰਜੀਤ ਦੀ ਮਾਂ ਨੂੰ ਦੱਸਦਾ ਹੈ । ਹਰਜੀਤ ਦੀ ਮਾਂ ਸਮਸ਼ੇਰ ਨਾ ਦੇ ਮੁੰਡੇ ਨੂੰ ਨਾਲ ਲਿਜਾਕੇ ਡਾਕਟਰ ਨੂੰ ਮਿਲਾਉਂਦੀ ਹੈ । ਡਾਕਟਰ ਸਮਸ਼ੇਰ ਨੂੰ ਹਰਜੀਤ ਦੀ ਬਿਮਾਰੀ ਦੇ ਅਸਲ ਕਾਰਣਾ ਬਾਰੇ ਇੰਝ ਦੱਸਦਾ ਹੈ "ਦੇਖ ਪੁੱਤਰ ਸੈਕਸ ਕਰਨਾ ਕੁਦਰਤੀ ਲੋੜ ਐ। ਇਸਨੂੰ ਕਿਵੇਂ ਵੀ ਦਬਾਇਆ ਨਹੀਂ ਜਾ ਸਕਦਾ । ਜੇ ਇਸ ਨੂੰ ਕਿਸੇ ਤਰ੍ਹਾਂ ਦਬਾ ਦਿੱਤਾ ਜਾਵੇ ਤਾਂ ਇਸ ਦਾ ਅਸਰ ਬੰਦੇ ਦੀ ਮਾਨਸਿਕਤਾ ਤੇ ਪੈ ਜਾਂਦਾ ਹੈ ਤੇ ਉਹ ਪਾਗਲਾਂ ਵਰਗੀਆਂ ਹਰਕਤਾਂ ਕਰਨ ਲੱਗਦਾ ਹੈ। ਇਨ੍ਹਾਂ ਦੀ ਕੁੜੀ ਹਰਜੀਤ ਨਾਲ ਵੀ ਇਹੀ ਵਾਪਰਿਐ। ਉਹ ਸੈਕਸ ਲੋੜ ਦੀ ਪੂਰਤੀ ਨਾ ਹੋਣ ਕਰਕੇ ਮਾਨਸਿਕ ਰੋਗਣ ਹੋ ਗਈ ਹੈ। ਹੁਣ ਦਵਾਈਆਂ ਦੇ ਨਾਲ ਨਾਲ ਉਸ ਦੇ ਰੋਗ ਨੂੰ ਜਲਦੀ ਠੀਕ ਕਰਨ ਲਈ ਉਸਦੀ ਸੈਕਸੂਅਲੀ ਲੋੜ ਵੀ ਪੂਰੀ ਕਰਨੀ ਜ਼ਰੂਰੀ ਹੈ।... ਤੂੰ ਉਨ੍ਹਾਂ ਦੇ ਘਰ ਜਾਣੈ। ਇਸ ਕੰਮ ਨੂੰ ਹੋਰ ਨਹੀਂ ਤਾਂ ਇਕ ਰੋਗੀ ਨੂੰ ਠੀਕ ਕਰਨ ਦਾ ਪੁੰਨ ਸਮਝ ਕੇ ਕਰੀ ਲਵੀ।"5

ਕਾਮ ਨਾਲ ਸੰਬੰਧਿਤ ਅਨੇਕਾਂ ਬਿਮਾਰੀਆਂ ਪਿੰਡਾਂ ਵਿਚ ਅੰਧ-ਵਿਸ਼ਵਾਸ਼ ਨੂੰ ਜਨਮ ਦੇ ਰਹੀਆਂ ਹਨ। ਹਰਜੀਤ ਦੀ ਮਾਂ ਤਾਂ ਸਿਆਣਪ ਤੋਂ ਕੰਮ ਲੈ ਸਮੱਸਿਆ ਦਾ ਹੱਲ ਕਰ ਲੈਂਦੀ ਹੈ । ਕੀ ਸਾਡਾ ਪਰੰਪਰਾਗਤ ਸਮਾਜ ਅਜਿਹੀਆਂ ਸਮੱਸਿਆਵਾਂ ਨੂੰ ਸਮਝਣ ਤੇ ਉਹਨਾਂ ਦੇ ਹੱਲ ਲਈ ਤਿਆਰ ਹੈ ? ਦੂਜਾ ਮਸਲਾ ਅਜਿਹੀਆਂ ਸਮੱਸਿਆਵਾਂ ਦੇ ਚਰਚੇ ਪਿੰਡ ਚ ਖੰਭਾਂ ਦੀਆਂ ਡਾਰਾਂ ਵਾਂਗ ਫੈਲਣ ਤੇ ਮਾਪਿਆਂ/ ਪਿਓ ਵਿਚ ਫ਼ੋਕੀ ਹਾਉਮੇ। ਪੈਦਾ ਹੋਣ ਤੇ ਅਣਖ ਖਾਤਰ ਧੀਆਂ ਦੇ ਕਤਲ ਹੋਣੇ ਵੀ ਪਿੰਡਾਂ ਦਾ ਆਮ ਵਰਤਾਰਾ ਬਣਦਾ ਜਾ ਰਿਹਾ ਹੈ।

ਸੈਕਸ/ ਕਾਮ ਮਨੁੱਖ ਦੀ ਜੀਵਨ ਧੁਰੀ ਹੈ ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਇਸ ਦਾ ਬੇਰੋਕ-ਟੋਕ ਬਹਾਅ ਸਾਡੇ ਸਮਾਜਕ ਸਿਸਟਮ ਨੂੰ ਤਹਿਸ-ਨਹਿਸ਼ ਕਰ ਸਕਦਾ ਹੈ । ਇਸ ਕਰਕੇ ਹੀ ਕੁਝ ਮਰਿਯਾਦਾਵਾਂ ਦੀ ਸਥਾਪਨਾ ਕੀਤੀ ਗਈ ਹੈ। ਪਿੰਡਾਂ ਵਿਚ ਛੜਿਆਂ ਅਤੇ ਕਾਮ ਪੂਰਤੀ ਵਿਹੂਣੇ ਵਿਅਕਤੀਆਂ ਦੀਆਂ ਕਈ ਅਜਿਹੀਆਂ ਗਤੀਵਿਧੀਆਂ ਤਾਂ ਪਿੰਡਾਂ ਵਿੱਚ ਆਮ ਹੀ ਸੁਣਨ ਨੂੰ ਮਿਲਦੀਆਂ ਹਨ ਜਦੋਂ ਉਹ ਸਮਾਜ ਦੁਆਰਾ ਨਿਰਧਾਰਤ ਮਰਿਯਾਦਾਵਾਂ ਨੂੰ ਤੋੜਦੇ ਨਵੀਆਂ ਸਮਾਜਕ ਸਮੱਸਿਆਵਾਂ ਪੈਦਾ ਕਰਦੇ ਹਨ। ਨਾਵਲ ਵਿਚਲਾ ਥਮਜਪ ਆਪਣੀ ਵਿਧਵਾ ਨੂੰਹ ਉਪਰ ਕਾਠੀ ਪਾਉਣ ਤੋਂ ਅਸਫ਼ਲ ਰਹਿਣ ਤੋਂ ਬਾਅਦ ਇਕ ਦਿਨ ਆਪਣੀ ਦੂਜੀ ਨੂੰਹ ਨਾਲ ਇਸ ਤਰਾਂ ਦਾ ਵਿਵਹਾਰ ਕਰਦਾ ਹੈ। "ਉਸਨੇ ਆਪਣੀ ਨੂੰਹ ਨੂੰ ਬਾਹੋਂ ਫੜ ਕੇ ਆਪਣੇ ਵੱਲ ਖਿੱਚ ਲਿਆ ਹੈ। ਇਹ ਕੀ ਕਰਦੈਂ ਚੌਰਿਆ !" ਉਸਨੇ ਝਟਕੇ ਨਾਲ ਬਾਂਹ ਛੁਡਾ ਲਈ ਹੈ।....."ਐ ਕੀ ਹੁੰਦੈ। ਥਮਜਪ ਬੁੱਲ੍ਹਾਂ 'ਚ ਲੁੱਚਾ ਜਿਹਾ ਹੱਸਿਆ ਹੈ। "ਮੈਂ ਤੇਰੀਆਂ ਕੁੜੀਆਂ ਵਰਗੀ ਆਂ। ਸ਼ਰਮ ਕਰ ਸ਼ਰਮ।"6

ਥਮਜਪ ਵਰਗੇ ਵਿਅਕਤੀਆਂ ਦੀਆਂ ਔਜੜੇ ਪਈਆਂ ਕਾਮ ਪ੍ਰਵਿਰਤੀਆਂ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਤਹਿਸ ਨਹਿਸ਼ ਕਰਦੀਆਂ ਹਨ। ਅਜਿਹੇ ਹਾਲਾਤਾਂ ਵਿਚ ਸਾਡੇ ਅਮੀਰ ਵਿਰਸੇ ਵਿਚਲੇ

ਰਿਸ਼ਤੇ ਨਾਤੇ ਤਾਰ-ਤਾਰ ਹੋਏ ਪ੍ਰਤੀਤ ਹੁੰਦੇ ਹਨ। ਨਸ਼ਿਆਂ ਤੋਂ ਬਾਅਦ ਪਿੰਡਾਂ ਵਿਚ ਸਭ ਤੋਂ ਵੱਧ ਉਭਰਦਾ ਮਾਮਲਾ ਰਿਸ਼ਤੇ ਨਾਤੇ ਪ੍ਰਬੰਧ ਦੇ ਵਿਗਾੜ ਅਤੇ ਕਾਮ ਸੰਬੰਧਾਂ ਦੇ ਇਰਦ-ਗਿਰਦ ਘੁੰਮਦਾ ਦਿਖਾਈ ਦਿੰਦਾ ਹੈ। ਕਈ ਥਾਵਾਂ ਤੇ ਤਾਂ ਵਰਜ਼ਿਤ ਕਹੇ ਜਾਂਦੇ ਸੰਬੰਧਾਂ ਨੂੰ ਸਾਡੇ ਸਮਾਜਕ ਪ੍ਰਬੰਧ 'ਚ ਮੂਕ ਸਹਿਮਤੀ ਦਿੱਤੀ ਜਾਂਦੀ ਹੈ ।"ਇਸ ਘਰ ਵਿਚ ਸਹੁਰਾ ਤੇ ਨੂੰਹ ਘਿਓ-ਖਿਚੜੀ ਹਨ। ਮੁੰਡਾ ਮੱਧ ਪ੍ਰਦੇਸ਼ ਵੱਲ ਕਣਕ, ਚੌਲ, ਵੰਡਣ ਲਈ ਕੰਬਾਇਨ ਲੈ ਕੇ ਚਲਾ ਜਾਂਦਾ ਹੈ ਪਿਛੋਂ ਘਰ ਪੱਕੀ ਫ਼ਸਲ ਨੂੰ ਉਸਦਾ ਸਹੁਰਾ ਝਾੜਦਾ ਰਹਿੰਦਾ ਹੈ। ਪਿਛਲੇ ਮੁੰਡੇ ਵਾਰੀ ਤਾਂ ਪਿੰਡ ਦੀਆਂ ਫਲਾਤੋਂ ਤੀਂਵੀਆਂ ਨੇ ਇਹ ਵੀ ਕਿਹਾ ਸੀ,"ਨਹੀਂ ਮੁੰਡਾ ਤਾਂ ਜਮੀਂ ਆਪਣੇ ਦਾਦੇ ਤੇ ਗਿਐ।"[7]

ਨਾਵਲਕਾਰ ਨੇ ਧਰਮ ਅਤੇ ਸਿੱਖਿਆ ਦੇ ਕਈ ਗਹਿਨ/ਗੰਭੀਰ ਮਸਲੇ ਆਪਣੇ ਨਾਵਲ ਵਿਚ ਛੂਹੇ ਹਨ ਜੋ ਪੇਂਡੂ ਸਮਾਜ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੇ ਹਨ। ਸਿੱਖਿਆ ਵਪਾਰੀਕਰਣ ਦੇ ਭੇਂਟ ਚੜੀ ਆਮ ਲੋਕਾਂ ਤੋਂ ਕੋਹਾਂ ਦੂਰ ਜਾ ਰਹੀ ਹੈ ਅਤੇ ਧਰਮ ਜਿਸਨੇ ਮਨੁੱਖਤਾ ਦਾ ਮਾਰਗ ਦਰਸ਼ਨ ਕਰਨਾ ਹੁੰਦਾ ਹੈ। ਉਸ ਨੂੰ ਕੁਝ ਵਿਅਕਤੀਆਂ ਨੇ ਹਾਈ ਜੈਕ ਕਰ ਆਮ ਲੋਕਾਂ ਲਈ ਧਰਮ ਦੇ ਨਾਂ ਤੇ ਮਨ-ਮਰਜ਼ੀ ਦੇ ਫੈਸਲੇ ਸੁਣਾ ਰਹੇ ਹਨ। ਸਿੱਖਿਆ ਦੇ ਖੇਤਰ ਵਿਚ ਗਿਰਾਵਟ ਇਥੋਂ ਤਕ ਆ ਗਈ ਕਿ ਸਰਕਾਰ ਦਾ ਫੈਸਲਾ ਹੈ, ਕੋਈ ਵੀ ਵਿਅਕਤੀ ਸਕੂਲ ਨੂੰ ਪੈਸਾ ਦਾਨ ਕਰਕੇ ਸਕੂਲ ਦਾ ਨਾਂ ਹੀ ਆਪਣੇ ਨਾਂ ਤੇ ਰਖਵਾ ਸਕਦਾ ਹੈ। ਭਾਵੇਂ ਉਸ ਨੇ ਉਹ ਉਹ ਪੈਸਾ ਠੱਗੀਆਂ, ਚੋਰੀਆਂ ਰਿਸ਼ਵਤਾਂ ਨਾਲ ਹੀ ਕਿਉਂ ਨਾ ਕੱਠਾ ਕੀਤਾ ਹੋਵੇ । ਦੂਜਾ ਪਹਿਲੂ ਪਿੰਡਾਂ ਵਾਲੇ ਸਕੂਲਾਂ ਵਿਚ ਅਧਿਆਪਕਾਂ ਦੀ ਘੱਟ ਰਹੀ ਨਫ਼ਰੀ ਅਤੇ ਅਧਿਆਪਕਾਂ ਦਾ ਬੱਚਿਆ ਨੂੰ ਪੜਾਉਣ ਦੀ ਬਜਾਏ ਸਰਕਾਰੀ ਡਾਕਾਂ ਦੇ ਜਵਾਬ ਦੇਣ ਤੇ ਨਿੱਜੀ ਕੰਮਾਂ ਨੂੰ ਤਰਜੀਹ ਦੇਣਾ ਸਿੱਖਿਆਂ ਦੇ ਮਿਆਰ 'ਚ ਨਿਘਾਰ ਲਿਆ ਰਿਹਾ ਹੈ। ਇਕ ਸੋਚਣ/ਵਿਚਾਰਨ ਵਾਲਾ ਪਹਿਲੂ ਇਹ ਵੀ ਹੈ ਕਿ ਪੇਂਡੂ ਲੋਕਾਂ ਦਾ ਧਿਆਨ ਸਿੱਖਿਆਂ ਸੰਸਥਾਵਾਂ ਦੀ ਬਜਾਏ ਧਾਰਮਿਕ ਸੰਸਥਾਵਾਂ ਵੱਲ ਵਧੇਰੇ ਹੈ ।ਕੁਝ ਅਜਿਹਾ ਹੀ ਵਰਤਾਰਾ ਮਿਹਰਪੁਰ ਪਿੰਡ ਵਿਚ ਦੇਖਣ ਨੂੰ ਮਿਲਦਾ ਹੈ ।

"ਉਹ ਬਾਬਾ ਕਰਤਾਰ ਦਾਸ ਦੇ ਡੇਰੇ ਦੇ ਨਾਲ ਹੀ ਅੱਠਵੀਂ ਤੱਕ ਦਾ ਸਕੂਲ ਹੈ। ਮੇਰੇ ਬਾਬੇ ਵੇਲੇ ਦਾ ਇਹ ਅੱਠਵੀ ਤੱਕ ਦਾ ਹੀ ਚੱਲਿਆ ਆ ਰਿਹਾ ਹੈ। ਡੇਰੇ ਵਿੱਚ ਦਾਨੀ ਸੱਜਣਾ ਵੱਲੋਂਦਿੱਤੇ ਪੱਖੇ ਲਾਉਣ ਲਈ ਥਾਂ ਨਹੀਂ। ਸਕੂਲ ਵਿੱਚ ਪੱਖੇ ਥੱਲੇ ਬੈਠਣ ਲਈ ਥਾਂ ਨਹੀਂ। ਤਿੰਨ ਪੱਖੇ ਤਿੰਨ ਸੌ ਬੱਚੇ। ਡੇਰੇ ਤੇ ਸਕੂਲ ਦਾ ਅਨੁਪਾਤ ਵਾਹ! ਵਾਹ!"[8]

ਸਿੱਖਿਆ ਸੰਸਥਾਵਾਂ ਪ੍ਰਤੀ ਅਲਗਰਜ਼ੀ ਵਾਲਾ ਵਤੀਰਾ ਹੀ ਅਸਲ ਵਿਚ ਸਾਡੇ ਪੇਂਡੂ ਸਮਾਜ ਦੇ ਪਛੜੇਵੇ ਦਾ ਕਾਰਨ ਹੈ। ਅਸੀ ਸਿੱਖਿਆ/ਗਿਆਨ/ਸਮਝ ਦੀ ਘਾਟ ਕਾਰਨ ਧਰਮ ਦੇ ਮਾਮਲੇ ਤੇ ਅੰਨ੍ਹੇ ਸ਼ਰਧਾਵਾਦੀ ਹੋ ਧਰਮ ਦੀ ਰੂਹ ਨੂੰ ਜਾਨਣ ਤੋਂ ਵਿਹੁਣੇ/ ਕੋਰੇ ਰਹਿ ਜਾਂਦੇ ਹਾਂ। ਇਸ ਕਾਰਨ ਹੀ ਅਖੋਤੀ ਧਾਰਮਿਕ ਆਲੰਬਰਦਾਰ ਸਾਡੀ ਇਸ ਬੇਸਮਝੀ ਦਾ ਫਾਇਦਾ ਉਠਾ ਆਮ ਭੋਲੇ-ਭਾਲੇ ਲੋਕਾਂ 'ਚ ਧਰਮ ਦੇ ਨਾਂ ਤੇ ਵੰਡਿਆ ਪਾਉਂਦੇ ਹਨ। ਪਰਗਟ ਸਿੰਘ ਸਤੌਜ ਮਿਹਰਪੁਰ ਪਿੰਡ ਦੀ ਨਿਮਨ ਲਿਖਤ ਘਟਨਾ ਰਾਹੀਂ ਸਾਡੀ ਧਾਰਮਿਕ ਗਿਆਨ ਦੀ ਸੂਝ ਦੀ ਤਸਵੀਰਕਸ਼ੀ ਕਰਦਾ ਹੈ।

"ਗੁਰੂ ਗ੍ਰੰਥ ਸਾਹਿਬ ਲੈ ਤਾਂ ਆਇਓ ਪਰ ਰਵੀਦਾਸ ਦੀ ਨੰਗੇ ਸਿਰ ਆਲੀ ਫ਼ੋਟੋ ਨਾ ਮੂਹਰੇ ਧਰਿਓ" ਇਕ ਜੱਟ ਸਿੱਖ ਨੇ ਆਪਣੀ ਦਲੀਲ ਦਿੰਦਿਆਂ ਰਮਦਾਸੀਏ ਦੀ ਗੱਲ ਨੂੰ ਕੱਟ ਦਿੱਤਾ ਸੀ। ....... ਦੂਸਰਾ ਬਜ਼ੁਰਗ ਰਮਦਾਸੀਆਂ ਅੱਗੇ ਆਇਆ, "ਗੁਰੂਆਂ ਨੇ ਵੀ ਇਹਦੀ ਬਾਣੀ ਕਿਸੇ ਗੱਲ ਤੋਂ ਹੀ ਪਾਈ ਹੋਣੀ ਗੁਰੂ ਗ੍ਰੰਥ ਸਾਹਿਬ 'ਚ । ਓਦੋਂ ਉਨ੍ਹਾਂ ਨੇ ਤਾਂ ਕਿਹਾ ਨਹੀਂ ਵੀ ਤੂੰ ਪੱਗ ਬੰਨ੍ਹ, ਫੇਰ ਤੇਰੀ ਬਾਣੀ ਪਾਮਾਂਗੇ ।"[9]

ਅਜਿਹੇ ਕਾਰਜ ਪਿੰਡਾਂ ਵਿਚ ਧਰਮ ਦੇ ਨਾਂ ਤੇ ਵੰਡਿਆਂ ਪਾਉਂਦੇ ਹਨ। ਇਸ ਦੀ ਇਕ ਹੋਰ



ਉਦਹਾਰਣ ਇਹ ਵੀ ਹੈ ਕਿ ਪਹਿਲਾਂ ਹਰ ਪਿੰਡ ਵਿਚ ਇਕ ਗੁਰਦੁਆਰਾ ਹੁੰਦਾ ਸੀ ਹੁਣ ਉੱਥੇ ਵੱਖ-ਵੱਖ ਜਾਤਾਂ ਅਤੇ ਕਿੱਤ ਕਾਰਾਂ ਦੇ ਨਾਂ ਤੇ ਗੁਰਦੁਆਰੇ ਬਣ ਗਏ ਹਨ। ਜੋ ਸਾਡੀ ਧਾਰਮਿਕ ਸਮਝ ਤੇ ਸਵਾਲ ਖੜੇ ਕਰਦੇ ਹਨ। ਪਿੰਡਾਂ ਵਿਚ ਇਕ ਤੋਂ ਵੱਧ ਖ਼ੂਬਸੂਰਤ ਧਾਰਮਿਕ ਸਥਾਨਾਂ ਦੀ ਹੋਂਦ ਤੇ ਪਿੰਡਾਂ ਚ ਸਰਕਾਰੀ ਸਕੂਲਾਂ ਦੀ ਬਦਤਰ ਹਾਲਤ ਸਾਡੇ ਪਿੰਡਾਂ ਦੀ ਹੋਣੀ ਬਿਆਨ ਹੁੰਦੀ ਹੈ।

ਧਾਰਮਿਕ ਕੱਟੜਤਾ ਦੇ ਨਾਲ-ਨਾਲ ਜਾਤ-ਪਾਤ ਦੇ ਵਖਰੇਵੇਂ ਪਿੰਡਾਂ ਨੂੰ ਘੁਣ ਵਾਂਗ ਖਾ ਰਹੇ ਹਨ । ਇਸੇ'ਚ ਇਕ ਨਵਾਂ ਆਯਾਮ ਰਾਜਨੀਤਕ ਠੱਗਾਂ ਦਾ ਜੁੜ ਗਿਆ ਹੈ ਜੋ ਆਪਣੇ ਨਿੱਜੀ ਮੁਫ਼ਾਦਾ ਲਈ ਪਿੰਡ ਵਿਚ ਭਰਾਵਾਂ ਵਾਂਗ ਰਹਿੰਦੇ ਲੋਕਾਂ ਵਿਚ ਵੰਡੀਆਂ ਪਾ ਆਪਣਾ ਉੱਲੂ ਸਿੱਧਾ ਕਰ ਰਹੇ ਹਨ। ਜਾਤ-ਪਾਤ ਸਾਡੇ ਸਮਾਜ ਦਾ ਉਹ ਨਾਸੂਰ ਬਣ ਗਿਆ ਜਿਸ ਦਾ ਇਲਾਜ ਅਸੰਭਵ ਵਿਖਾਈ ਦਿੰਦਾ ਹੈ। ਲੇਖਕ ਨੇ ਆਪਣੇ ਪਿੰਡ ਵਿਚਲੇ ਰਾਜੇ (ਜੱਟ) ਤੇ ਹਰਦੀਪ (ਮਜ਼ਬੀ) ਦੀ ਆਪਸੀ ਦੋਸਤੀ/ਸਾਂਝ ਰਾਹੀਂ ਜਿੱਥੇ ਭਰਤਾਰੀ ਭਾਵ ਦੀ ਮਿਸਾਲ ਪੈਦਾ ਕੀਤੀ ਹੈ। ਉੱਥੇ ਗਰੀਬ ਰਾਜੇ ਨੂੰ ਚੰਗੇ ਨੰਬਰ ਲੈਣ ਦੇ ਬਾਵਜੂਦ ਨੌਕਰੀ ਨਾ ਮਿਲਣ ਤੇ ਐਸ.ਸੀ. ਕੈਟਾਗਰੀ ਦੇ ਅਮੀਰ ਬਲਵਿੰਦਰ ਦੁਆਰਾ ਨੌਕਰੀ ਪ੍ਰਾਪਤ ਕਰ ਲੈਣਾ ਕਈ ਸਵਾਲ ਖੜੇ ਕਰਦਾ ਹੈ। ਪਰ ਸਭ ਤੋਂ ਅਹਿਮ ਸਵਾਲ ਤਾਂ ਨਾਵਲਕਾਰ ਨੇ ਇਹ ਖੜ੍ਹਾ ਕੀਤਾ ਹੈ। ਕੀ ਰਿਜ਼ਰਵਰੇਸ਼ਨ ਦਾ ਫਾਇਦਾ ਸਹੀ ਲੋਕਾਂ ਨੂੰ ਮਿਲ ਰਿਹਾ ਹੈ ? ਇਕ ਮਜ਼ਬੀ ਵਿਅਕਤੀ ਰਿਜਰਵਰੇਸ਼ਨ ਦਾ ਵਾਰ-ਵਾਰ ਫਾਇਦਾ ਲੈ ਕੇ ਦਿਨ ਪ੍ਰਤੀ ਦਿਨ ਤਰੱਕੀ ਕਰ ਅਮੀਰ ਹੋ ਰਿਹਾ ਹੈ, ਉੱਥੇ ਇਕ ਆਮ ਪੇਂਡੂ ਮਜ਼ਬੀ ਨੂੰ ਇਸ ਦਾ ਕੋਈ ਫਾਇਦਾ ਨਹੀਂ ਮਿਲ ਰਿਹਾ । ਹਰਦੀਪ ਦੇ ਆਪਣੇ ਹੀ ਪਿੰਡ ਦੇ ਮਾਸਟਰ ਬਲਵਿੰਦਰ (ਐਸ.ਸੀ) ਬਾਰੇ ਨਿਮਨਲਿਖਤ ਵਿਚਾਰ ਮਸਲੇ ਦੀ ਗੰਭੀਰਤਾ ਵੱਲ ਇਸ਼ਾਰਾ ਕਰਦੇ ਹਨ ।

"ਹਰਦੀਪ, ਬਲਵਿੰਦਰ ਬਾਰੇ ਕਹਿ ਰਿਹਾ ਸੀ। .... ਬਾਈ ਤੂੰ ਦੇਖ ਫ਼ਰਕ ਸਾਡੇ 'ਚ ਮਜ਼ਬੀ ਮੈਂ ਵੀ ਆਂ,ਮਜ਼ਬੀ ਹੈ ਵੀ ਐ।

ਇਹ ਘੁੰਮਦੈ ਮਹਿੰਗੀਆਂ ਕਾਰਾਂ ਤੇ, ਇੱਥੇ ਸਾਲਾਂ ਦਿਹਾੜੀ ਜਾਣ ਵਾਸਤੇ ਪੰਜਾਹ ਸਾਲ ਪੁਰਾਣਾ ਉਹੀ ਖਚੜਾ ਸੈਂਕਲ ਐਂ । ...... ਪਹਿਲਾ ਇਹਦਾ ਬਾਪ ਪਟਵਾਰੀ ਸੀ, ਹੁਣ ਚੱਕ ਕੇ ਇਹਨੂੰ ਮਾਸਟਰੀ ਪਰੋਸਤੀ ... ਇਹ ਪੜ੍ਹਿਐ ਮਹਿੰਗੇ ਸਕੂਲਾਂ ਚ, ਬਦਾਮ ਗਿਰੀਆਂ ਖਾ ਖਾ ਕੇ, ਇੱਥੇ ਮੇਰੇ ਵਰਗੇ ਇਕ ਮਾਸਟਰ ਵਾਲੇ ਸਰਕਾਰੀ ਸਕੂਲਾਂ ' ਚ ਧੱਕੇ ਖਾਂਦੇ ਫਿਰਦੇ ਨੇ। ਇਹਦੇ ਜਿੰਨੀਆਂ ਸਹੂਲਤਾਂ ਮੈਨੂੰ ਦਿੰਦੀ ਸਰਕਾਰ ਜੇ ਨਾ ਸਾਲੇ ਦੀ ਬੂਥ ਲਵਾ ਦਿੰਦਾ। ਸਰਕਾਰ ਵੀ ਸਾਲੀ ਭਰਦੇ ਨੂੰ ਭਰਦੀ ਐ । ਸਾਡੀ ਜਾਤ ਦਾ ਫਾਇਦਾ ਤਾਂ ਇਹ ਲੈ ਰਹੇ ਨੇ।"[10]

ਕਰਮੇ+ਪਾਲੀ, ਮੈਂ ਪਾਤਰ+ਮਨੀ ਵਰਗੀਆਂ ਅਨੇਕਾਂ ਹੀ ਪ੍ਰੇਮ ਕਹਾਣੀਆਂ ਪੇਂਡੂ ਸਮਾਜ ਦਾ ਹਿੱਸਾ ਤਾਂ ਬਣਦੀਆਂ ਹਨ। ਪਰ ਕਿਸੇ ਸਿਰੇ ਨਾ ਪੁੱਜਦੀਆਂ ਅੱਧ ਵਾਟੇ ਹੀ ਦਮ ਤੋੜ ਜਾਂਦੀਆਂ ਹਨ ਕਿਉਂਕਿ ਨਾ ਤਾਂ ਇਹਨਾਂ ਕੋਲ ਸਮਾਜ ਨਾਲ ਦਸਤਪੰਜਾ ਲੈਣ ਦੀ ਤਾਕਤ ਹੁੰਦੀ ਹੈ ਅਤੇ ਨਾ ਹੀ ਸਮਾਜ ਅਜਿਹੇ ਰਿਸ਼ਤਿਆਂ ਨੂੰ ਪ੍ਰਵਾਨਗੀ ਦਿੰਦਾ ਹੈ। ਪਰ ਅਜੋਕੇ ਦੌਰ ਵਿਚ ਬਦਲ ਰਹੇ ਪਿੰਡਾਂ ਵਿਚ ਇਨ੍ਹਾਂ ਰਿਸ਼ਤਿਆਂ ਪ੍ਰਤੀ ਤੇਜ਼ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ। ਮੀਡੀਏ. ਟੀ.ਵੀ. ਮੋਬਾਇਲ ਇੰਟਰਨੈੱਟ ਦੇ ਪ੍ਰਭਾਵ ਸਦਕਾ ਪਿੰਡਾਂ ਵਿਚ ਹੀ ਨਵੇਂ ਰਿਸ਼ਤੇ ਈਜ਼ਾਦ ਹੋ ਉਹਨਾਂ ਨੂੰ ਅੰਜ਼ਾਮ ਤੱਕ ਪਹੁੰਚਣ ਦੇ ਵਰਤਾਰੇ ਸਾਹਮਣੇ ਆ ਰਹੇ ਹਨ। ਇਹਨਾਂ ਰਿਸ਼ਤਿਆਂ ਨੂੰ ਸਿਰੇ ਚਾੜਨ ਲਈ ਭਾਵੇਂ ਕੋਰਟ ਮੈਰਿਜ਼ਾਂ ਤੇ ਸਰਕਾਰੀ ਸੁਰੱਖਿਆਂ ਲਈ ਜਾ ਰਹੀ ਹੈ। ਜਿੱਥੇ ਪਹਿਲਾਂ ਪਿੰਡ ਵਿੱਚ ਅਜਿਹੇ ਰਿਸ਼ਤਿਆਂ ਨੂੰ ਨਫ਼ਰਤ ਦੀ ਨਿਗ੍ਹਾ ਨਾਲ ਦੇਖ ਭਾਂਡਾ ਛੇਕਣ ਤੱਕ ਜਾਇਆ ਜਾਂਦਾ ਸੀ। ਉੱਥੇ ਅਜੋਕੇ ਦੌਰ 'ਚ ਪੇਂਡੂ ਸਮਾਜ ਸਮਾਂ ਪਾਕੇ ਹੌਲੀ-ਹੌਲੀ ਇਹਨਾਂ ਰਿਸ਼ਤਿਆਂ ਨੂੰ ਮੂਕ ਸਹਿਮਤੀ ਦੇ ਰਿਹਾ ਹੈ। ਅਜਿਹੇ ਰਿਸ਼ਤੇ ਭਾਵੇਂ ਅਜੇ ਇੱਕਾ-ਦੁੱਕਾ ਹੀ ਦੇਖਣ 'ਚ ਸਾਹਮਣੇ ਆ ਰਹੇ ਹਨ ਪਰ ਆਉਣ ਵਾਲੇ ਸਮੇਂ ਵਿਚ ਇਨ੍ਹਾਂ

ਦੀ ਗਿਣਤੀ ਵੱਧਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ।

ਪਰਗਟ ਸਿੰਘ ਸਤੌਜ ਆਪਣੇ ਇਸ ਨਾਵਲ ਰਾਹੀਂ ਇਕ ਪਿੰਡ ਦੀ ਤਸਵੀਰ ਨਾ ਪੇਸ਼ ਕਰਕੇ ਬਹੁ-ਗਿਣਤੀ ਪਿੰਡਾਂ ਦੀ ਤਸ਼ੀਵਰਕਸ਼ੀ ਕਰ ਰਿਹਾ ਹੈ । ਲੇਖਕ ਵਿਸ਼ਵੀਕਰਣ, ਮੀਡੀਏ, ਤਕਨੌਲਜੀ, ਸਰਮਾਏਦਾਰੀ, ਰਾਜਨੀਤੀ, ਧਾਰਮਿਕ ਫ਼ਿਰਕੇਵਾਦ, ਜਾਤ ਪਾਤ ਦੀ ਹਨੇਰੀ ਅੱਗੇ ਬੌਣੇ ਹੋਏ ਪਿੰਡ ਨੂੰ ਯਥਾਰਥਕ ਰੂਪ'ਚ ਪੇਸ਼ ਕਰਨ 'ਚ ਕਾਮਯਾਬ ਰਿਹਾ ਹੈ। ਪਿੰਡਾਂ ਦੀਆਂ ਅਨੇਕਾਂ ਕਦਰਾ-ਕੀਮਤਾਂ ਬਦਲ ਰਹੀਆਂ ਹਨ। ਸਾਂਝ, ਅਪਣੱਤ ਘੱਟ ਰਹੀ ਹੈ। ਨਿੱਜਵਾਦ ਵੱਧ ਰਿਹਾ ਹੈ। ਬਿਮਾਰੀ , ਨਸ਼ਾ, ਵਰਜ਼ਿਤ ਰਿਸ਼ਤੇ ਉਸਰ ਰਹੇ ਹਨ। ਭੈਣ ਭਰਾਵਾਂ ਵਾਲੇ ਰਿਸ਼ਤੇ ਖਤਮ ਹੋ ਰਹੇ ਹਨ। ਪਹਿਲਾ ਪਿੰਡ ਦੀ ਕੁੜੀ ਸਾਰੇ ਪਿੰਡ ਦੇ ਵੱਡਿਆ ਦੀ ਧੀ ਤੇ ਨੌਜਵਾਨਾਂ ਦੀ ਭੈਣ ਹੁੰਦੀ ਸੀ, ਫਿਰ ਲਾਣੇ (ਮਹੁੱਲੇ) ਦੇ ਮੁੰਡਿਆ ਦੀ, ਫਿਰ ਗੁਆਂਢੀਆਂ ਦੀ ਹੁਣ ਸਿਰਫ਼ ਆਪਣੇ ਭਰਾ ਦੀ ਭੈਣ ਰਹਿ ਗਈ ਹੈ ।

ਸਮੁੱਚੇ ਰੂਪ ਵਿਚ ਇਹ ਨਾਵਲ ਜੀਵਨ ਅਨੁਭਵ ਨੂੰ ਸਮਾਜਕ ਯਥਾਰਥ ਦੇ ਆਰ ਪਾਰ ਫੈਲੇ ਸਭਿਆਚਾਰਕ ਤੇ ਇਤਿਹਾਸਕ ਸੰਦਰਭਾਂ ਸਮੇਤ ਪੇਸ਼ ਕਰਦਾ ਹੈ। ਜਿਸ ਵਿਚ ਮਲਵਈ ਸਭਿਆਚਾਰ ਦੀ ਸਥਾਨਕ ਮਹਿਕ ਤੇ ਕਈ ਕੋਝੇ ਪੱਖ ਵੀ ਹਨ। ਨਾਵਲ ਦਾ ਮੁੱਲ ਛੋਟੇ ਆਕਾਰ ਵਿਚ ਨਹੀਂ ਸਗੋਂ ਜਿੰਦਗੀ ਦੇ ਹੋਂਦ ਮਈ ਮਸਲਿਆਂ ਅਤੇ ਉਹਨਾ ਦੇ ਜੀਵਨ ਮਈ ਸੰਦਰਭਾਂ ਦੀ ਬਹੁ-ਪੱਖੀ ਤੇ ਸਹੁਜਮਈ ਪੇਸ਼ਕਾਰੀ ਕਰਕੇ ਹੈ । ਨਾਵਲ ਦੀ ਇਕ ਖ਼ੂਬਸੂਰਤੀ ਇਹ ਹੈ ਕਿ ਕਾਮ ਦੇ ਮਸਲੇ ਨਾਵਲ ਵਿਚ ਨਿਰਪੇਖ ਜਾਂ ਅਪ੍ਰਸੰਗਿਕ ਰੂਪ ਵਿਚ ਪੇਸ਼ ਨਾ ਹੋਕੇ ਸਗੋਂ ਸਾਡੇ ਪੇਂਡੂ ਸਮਾਜ ਦੇ ਸਾਪੇਖ ਪ੍ਰਸੰਗ ਵਿਚ ਪੇਸ਼ ਹੋਏ ਹਨ। ਪਿੰਡ ਦੇ ਵੱਖ-ਵੱਖ ਮਸਲਿਆਂ/ਸਮੱਸਿਆਵਾਂ ਨੂੰ ਸੂਤਰਧਾਰ ਦੀ ਵਿਧੀ ਰਾਹੀਂ ਬਹੁਤ ਹੀ ਸੋਹਣੀ ਬੀੜਤ 'ਚ ਪੇਸ਼ ਕਰਨਾ ਲੇਖਕ ਦੀ ਵਿਲੱਖਣ ਸ਼ੈਲੀ ਦੀ ਗਵਾਹੀ ਭਰਦਾ ਹੈ । ਨਾਵਲ ਵੀਹਵੀ ਸਦੀ ਦੇ ਅੰਤਲੇ ਦਹਾਕਿਆਂ ਵਿਚ ਪੰਜਾਬ ਵਿਚ ਵਾਪਰੇ ਤੇ ਹੁਣ ਵਾਪਰ ਰਹੇ ਵਰਤਾਰਿਆਂ ਦਾ ਸਰਲ ਸਤਹੀ ਤੇ ਨਿੱਜਵਾਦੀ ਪ੍ਰਭਾਵ ਵਿਚੋਂ ਪੈਦਾ ਹੋਇਆ ਜ਼ਜਬਾਤੀ ਨਾਵਲ ਨਹੀਂ ਸਗੋਂ ਇਨ੍ਹਾਂ ਵਰਤਾਰਿਆਂ ਦੀ ਡੂੰਘੀ ਸੋਚ, ਖੋਜ ਤੇ ਚਿੰਤਨ ਦਾ ਨਾਵਲ ਹੈ। ਲੇਖਕ ਦਾ ਪਿੰਡ ਦਾ ਸੁਹਿਰਦ ਨਾਗਰਿਕ/ਬਸ਼ਿੰਦਾ ਹੋਣ ਦੇ ਨਾਤੇ ਪਿੰਡ ਪ੍ਰਤੀ ਫ਼ਿਕਰ ਮੰਦੀ ਵਾਜਬ ਦਿਖਾਈ ਦਿੰਦੀ ਹੈ। ਨਾਵਲ ਪਿੰਡਾਂ ਵਿੱਚ ਘਟਿਤ ਇਹਨਾਂ ਸਾਰੇ ਨਾ ਮੁਖੀ ਵਰਤਾਰਿਆਂ ਪ੍ਰਤੀ ਸਾਨੂੰ ਸਭ ਨੂੰ ਸੋਚਣ ਲਈ ਮਜ਼ਬੂਰ ਕਰਦਾ ਹੈ।

**ਹਵਾਲੇ ਤੇ ਟਿੱਪਣੀਆਂ :**

1. ਪਰਗਟ ਸਿੰਘ ਸਤੌਜ, ਖ਼ਬਰ ਇੱਕ ਪਿੰਡ ਦੀ, ਕੈਲੀਬਰ ਪਬਲੀਕੇਸ਼ਨ, ਪਟਿਆਲਾ, 2016, ਪੰਨਾ-128
2. ਅਮਰਜੀਤ ਗਰੇਵਾਲ, ਪੰਜਾਬੀ ਸੱਭਿਆਚਾਰ ਦਾ ਭਵਿੱਖ, ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ, 1989, ਪੰਨਾ -123
3. ਪਰਗਟ ਸਿੰਘ ਸਤੌਜ, ਖ਼ਬਰ ਇਕ ਪਿੰਡ ਦੀ, ਕੈਲੀਬਰ ਪਬਲੀਕੇਸ਼ਨ, ਪਟਿਆਲਾ, 2016 ਪੰਨਾ- 34
4. ਉਹੀ, ਪੰਨਾ-37
5. ਉਹੀ, ਪੰਨਾ-100
6. ਉਹੀ, ਪੰਨਾ-60
7. ਉਹੀ, ਪੰਨਾ-61
8. ਉਹੀ, ਪੰਨਾ-14
9. ਉਹੀ, ਪੰਨਾ-75
10. ਉਹੀ, ਪੰਨਾ-28






# ਉਹ ਕੁੜੀ ਕਿੱਥੇ ਗਈ ਨਾਵਲ ਦੀ ਬਿਰਤਾਂਤਕ ਉਸਾਰੀ

**- ਡਾ. ਰਮਨਪ੍ਰੀਤ ਕੌਰ**

ਆਦਿ ਕਾਲ ਤੋਂ ਹੀ ਕਥਾ ਦੇ ਵਿਭਿੰਨ ਰੂਪ ਸਿਰਜੇ ਅਤੇ ਬਦਲਦੇ ਆਏ ਹਨ। ਮਨੁੱਖ ਦੇ ਸੱਭਿਆਚਾਰਕ ਇਤਿਹਾਸ ਦੀ ਸ਼ੁਰੂਆਤ ਵੇਲੇ ਤੋਂ ਹੀ ਸੰਚਾਰ ਦੇ ਇੱਕ ਸਰਵ ਵਿਆਪਕ ਸ਼ਕਤੀਸ਼ਾਲੀ ਮਾਧਿਅਮ ਵਜੋਂ ਬਿਰਤਾਂਤ ਦੀ ਹੋਂਦ ਵਿਦਮਾਨ ਰਹੀ ਹੈ। ਬਿਰਤਾਂਤ ਦੀ ਸਿਰਜਣਾ ਕਰਨਾ ਮਨੁੱਖ ਦਾ ਮੁੱਢ ਕਦੀਮੀ ਕਾਰਜ ਹੈ। ਮਨੁੱਖ ਆਪਣੇ ਆਲੇ ਦੁਆਲੇ ਨੂੰ ਅਤੇ ਆਪਣੇ ਜੀਵਨ ਨੂੰ ਸਮਝਣ ਲਈ, ਹੋਰ ਤਰਕਸੰਗਤ ਬਨਾਉਣ ਲਈ ਬਿਰਤਾਂਤਕਾਰੀ ਦੀ ਸਹਾਇਤਾ ਲੈਂਦਾ ਆ ਰਿਹਾ ਹੈ। ਡਾ. ਜਗਬੀਰ ਸਿੰਘ ਅਨੁਸਾਰ "ਬਿਰਤਾਂਤ *ਦੇ ਸਧਾਰਣ ਅਰਥ ਹਨ : ਕਥਾ ਜਾਂ ਕਹਾਣੀ ।*"[1] ਡਾ. ਧਨਵੰਤ ਕੌਰ ਅਨੁਸਾਰ "ਘਟਨਾਵੀ *ਵਰਤਾਰੇ ਦੀ ਸ੍ਰਿੰਖਲਾ ਪ੍ਰਤੀ ਮਨੁੱਖੀ ਹੁੰਗਾਰੇ ਨੂੰ ਰਮਜ਼ਮਈ ਪੱਧਰ ਉਤੇ ਚਿਤਵਦਾ ਹੋਇਆ ਸਮੇਂ ਅਤੇ ਸਥਾਨ ਦੀ ਤਰਤੀਬ ਵਿਚ ਵਿਉਂਤਦਾ ਅਤੇ ਪ੍ਰਗਟਾਉਂਦਾ ਕਲਪਨਾ ਅਤੇ ਯਥਾਰਥਕਤਾ ਦਾ ਸੁਮੇਲਕ ਕਥਾ-ਪ੍ਰਬੰਧ ਹੀ ਬਿਰਤਾਂਤ ਅਖਵਾਉਂਦਾ ਹੈ।*"[2] ਬਿਰਤਾਂਤਕਾਰ ਸਮਾਜ ਵਿਚਲੀਆਂ ਸਥਿਤੀਆਂ, ਪ੍ਰਸਥਿਤੀਆਂ ਅਤੇ ਵਿਚਾਰਧਾਰਾਵਾਂ ਦੇ ਪ੍ਰਸੰਗ ਵਿਚ ਆਪਣਾ ਵਿਸ਼ੇਸ਼ ਬਿਰਤਾਂਤ ਸਿਰਜਦਾ ਹੈ ਜਿਸਦੇ ਸੰਚਾਰ ਮੂਲਕ ਅਤੇ ਸ਼ੰਦੇਸ ਮੂਲਕ ਪਸਾਰ ਹੁੰਦੇ ਹਨ। ਉਹ ਆਪਣੇ ਆਲੇ-ਦੁਆਲੇ ਫੈਲੇ ਜਗਤ ਵਿਚੋਂ ਕੁਝ ਸਥਿਤੀਆਂ, ਪਾਤਰ ਅਤੇ ਘਟਨਾਵਾਂ ਚੁਣਦਾ ਹੈ ਅਤੇ ਉਨ੍ਹਾਂ ਨੂੰ ਇਕ ਖਾਸ ਤਰਤੀਬ ਦਿੰਦਿਆਂ ਕਿਸੇ ਖਾਸ ਸਮੇਂ ਅਤੇ ਸਥਾਨ ਦੇ ਜੀਵੰਤ ਸੰਦਰਭ ਵਿਚ ਪੇਸ਼ ਕਰਦਾ ਹੈ। ਬਿਰਤਾਂਤ ਵਿਚ ਮਨੁੱਖੀ ਜੀਵਨ ਦੇ ਖਾਸ ਵਰਤਾਰਿਆਂ ਨੂੰ ਮਾਧਿਅਮ ਬਣਾ ਕੇ ਸੰਕੇਤਕ ਰਮਜ਼ਾਂ ਰਾਹੀਂ ਸੰਚਾਰਿਆ ਜਾਂਦਾ ਹੈ। ਵਾਸਤਵ ਵਿਚ ਜੀਵਨ ਅਤੇ ਯਥਾਰਥ ਦੀ ਦਾਰਸ਼ਨਿਕ ਪ੍ਰਕਿਰਿਆ ਵਿਚੋਂ ਉਸਰਿਆ ਘਟਨਾਵੀਂ ਸੰਗਠਨ ਹੀ ਬਿਰਤਾਂਤ ਹੈ।

ਜਸਦੇਵ ਸਿੰਘ ਧਾਲੀਵਾਲ ਪੰਜਾਬੀ ਗਲਪ ਖੇਤਰ ਵਿਚ ਪਿਛਲੇ ਲੰਮੇ ਸਮੇਂ ਤੋਂ ਸਰਗਰਮ ਤੇ ਇਕ ਉਭਰ ਚੁੱਕਿਆ ਨਾਮ ਹੈ। ਹੁਣ ਤਕ ਉਸ ਨੇ ਅੱਠ ਨਾਵਲ ਪਿਆਰ ਬੇਵਫ਼ਾ ਨਹੀ, ਦਿਲ ਦਾ ਕੌਲ ਫੁੱਲ, ਚੰਗੇ ਦਿਨਾਂ ਦੀ ਉਡੀਕ, ਅੱਧੀ ਰਾਤ ਤੋਂ ਬਾਅਦ, ਅੰਨੀ ਗਲੀ ਦੇ ਰਾਹੀ, ਜਲਤੇ ਪੰਨੋ ਕਾ ਇਤਿਹਾਸ, ਦਸੌਂਧਾ ਸਿੰਘ ਵਾਲਾ, ਅਧੂਰੇ ਰਿਸ਼ਤੇ, ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਏ ਹਨ। ਜਸਦੇਵ ਸਿੰਘ ਧਾਲੀਵਾਲ ਦੀ ਵਿਲੱਖਣਤਾ ਇਹ ਹੈ ਕਿ ਉਸ ਦੇ ਵੱਡ ਅਕਾਰੀ ਨਾਵਲਾਂ ਦੇ ਵਿਸ਼ੇ ਬਹੁਤ ਜਾਨਦਾਰ ਹਨ ਅਤੇ ਉਸ ਦੇ ਲਗਭਗ ਸਾਰੇ ਨਾਵਲ ਪੇਂਡੂ ਧਰਾਤਲ ਤੇ ਲਿਖੇ ਗਏ ਹਨ। ਉਸ ਦੁਆਰਾ ਲਿਖਿਤ ਉਹ ਕੁੜੀ ਕਿੱਥੇ ਗਈ ਨਾਵਲ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਰੂ-ਬ-ਰੂ ਹੈ।

ਜਸਦੇਵ ਸਿੰਘ ਧਾਲੀਵਾਲ ਨੇ **'ਉਹ ਕੁੜੀ ਕਿੱਥੇ ਗਈ'** (**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨ, ਸਮਾਣਾ, ਮੁੱਲ: 300 ਰੁ. ਪੰਨੇ: 222, ਸਾਲ: 2015** ਨਾਵਲ ਪਟਿਆਲਾ ਰਿਆਸਤ ਦੇ ਸਾਮੰਤਵਾਦੀ, ਜਾਗੀਰਦਾਰੀ ਮਾਹੌਲ ਨੂੰ ਪਿਛੋਕੜ ਵਿਚ ਰੱਖ ਕੇ ਲਿਖਿਆ ਹੈ। ਇਸ ਨਾਵਲ ਦੀ ਵਿਧਾਗਤ ਵਿਸ਼ੇਸਤਾ ਇਸ ਗੱਲ ਵਿਚ ਨਹਿੱਤ ਹੈ ਕਿ ਇਹ ਰਿਆਸਤੀ ਮਾਹੌਲ ਨੂੰ ਇਤਿਹਾਸਕ ਯਥਾਰਥ ਦੇ ਰੂਪ ਵਿਚ ਮੂਰਤੀਮਾਨ ਕਰਨ ਦਾ ਯਤਨ ਕਰਦਾ ਹੈ। ਅਜ਼ਾਦੀ ਤੋਂ ਬਾਅਦ ਸਾਮੰਤਵਾਦੀ ਅਤੇ ਜਾਗੀਰਦਾਰੀ ਪ੍ਰਬੰਧ ਨੂੰ ਵਿਸਥਾਪਿਤ ਕਰਨ ਵਾਲੀਆਂ ਸ਼ਕਤੀਆਂ ਸਾਹਮਣੇ ਆਉਂਦੀਆਂ ਹਨ। ਇਹ ਸ਼ਕਤੀਆਂ ਪੂੰਜੀਵਾਦੀ ਵਿਵਸਥਾ ਅਤੇ ਆਧੁਨਿਕ ਚੇਤਨਾ ਦੀਆਂ ਪ੍ਰਤੀਕ ਸਨ। ਇਸ ਤੋਂ ਇਲਾਵਾ ਆਜ਼ਾਦੀ ਤੋਂ ਬਾਅਦ ਰਾਜਾਂ ਦੇ ਪੁਨਰ ਗਠਨ ਵੇਲੇ ਰਿਆਸਤੀ ਪ੍ਰਬੰਧ ਨੂੰ ਖਤਮ ਕਰ ਦਿੱਤਾ ਗਿਆ ਜਿਸ ਕਾਰਨ ਇਨ੍ਹਾਂ ਰਿਆਸਤਾਂ ਨਾਲ ਸਬੰਧਤ ਵਜੀਰਾਂ ਅਤੇ ਕਰਮਚਾਰੀਆਂ ਦਾ ਵੀ ਕੋਈ ਮਹੱਤਵ ਨਾ ਰਿਹਾ।

ਇਸ ਨਾਵਲ ਦੇ ਗਲਪੀ ਸੰਸਾਰ ਵਿਚ ਫੋਕਸੀਕਰਨ ਦਾ ਦੂਸਰਾ ਮਹੱਤਵਪੂਰਨ ਪਰਿਪੇਖ ਪ੍ਰੰਪਰਾ ਅਤੇ ਆਧੁਨਿਕਤਾ ਨਾਲ ਸਾਹਮਣੇ ਹੋ ਕੇ ਆਉਂਦਾ ਹੈ। ਇਸ ਪਰਿਪੇਖ ਨੂੰ ਉਸਾਰਨ ਲਈ ਜਸਦੇਵ ਸਿੰਘ ਧਾਲੀਵਾਲ ਨੇ ਮੁੱਖ ਤੌਰ 'ਤੇ ਔਰਤ ਪਾਤਰਾਂ ਨੂੰ ਸਾਹਮਣੇ ਰੱਖਿਆ ਹੈ।ਇਕ ਪਾਸੇ ਪਰੰਪਰਿਕ ਜੀਵਨ ਢੰਗ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਭੂਆ ਤੇ ਹਰਿ ਕੌਰ ਵਰਗੀਆਂ ਔਰਤ ਪਾਤਰ ਹਨ ਤਾਂ ਦੂਸਰੇ ਪਾਸੇ ਸੁਖਜੀਤ ਜਿਹੇ ਪਾਤਰ ਵੀ ਹਨ ਜੋ ਆਧੁਨਿਕ ਚੇਤਨਾ ਦੇ ਧਾਰਨੀ ਹਨ, ਭੂਆ ਤੇ ਹਰਿ ਕੌਰ ਅਜਿਹੀਆਂ ਔਰਤਾਂ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਪ੍ਰਚੱਲਿਤ ਵਿਚਾਰਧਾਰਾ ਅਤੇ ਵਿਵਸਥਾ ਦੇ ਅਨੁਕੂਲ ਪੂਰੀ ਤਰ੍ਹਾਂ ਢਾਲ ਲਿਆ ਹੈ। ਉਨ੍ਹਾਂ ਦਾ ਅਚਾਰ-ਵਿਹਾਰ ਅਤੇ ਜੀਵਨ ਢੰਗ ਕੁਲੀਨ ਵਰਗ ਦੀਆਂ ਔਰਤਾਂ ਵਰਗਾ ਬਣ ਚੁੱਕਿਆ ਹੈ। ਉਨ੍ਹਾਂ ਦੇ ਅਵਚੇਤਨ ਵਿਚ ਸਾਮੰਤੀ ਵਿਚਾਰਧਾਰਾ ਪੂਰੀ ਤਰ੍ਹਾਂ ਰਚ ਮਿਚ ਚੁੱਕੀ ਹੈ। ਇਸੇ ਲਈ ਉਨ੍ਹਾਂ ਨੂੰ ਆਪਣੀ ਔਰਤ ਹੋਣ ਦੀ ਸਥਿਤੀ ਦਾ ਉਹ ਗਿਆਨ ਨਹੀਂ ਜੋ ਆਧੁਨਿਕ ਕਾਲ ਦੀ ਜਾਗ੍ਰਿਤ ਔਰਤ ਵਿਚ ਆ ਚੁੱਕਿਆ ਹੈ।

"ਬੀਬੀ *ਜੀ ਮੈਨੂੰ ਜੇ ਕੁਸ਼ ਹੋ ਗਿਆ, ਬੱਚਿਆਂ ਦਾ ਕੀ ਬਣੂੰ? ਇਨ੍ਹਾਂ ਨੇ ਤਾਂ ਦੂਜਾ ਵਿਆਹ ਕਰਵਾਉਣ ਨੂੰ ਬਿੰਦ ਲਾਉਣਾ ਹੈ ਹਰਿ ਕੌਰ ਨੇ ਮਨ ਅੰਦਰਲਾ ਡਰ ਬਾਹਰ ਕੱਢਿਆ।"*[3]

42 ਛੋਟੇ ਵੱਡੇ ਕਾਂਡਾਂ ਵਿਚ ਵੰਡਿਆ ਇਹ ਨਾਵਲ ਆਪਣੇ ਸਮੇਂ ਦੀਆਂ ਕਦਰਾਂ ਕੀਮਤਾਂ, ਰਿਸ਼ਤੇ-ਨਾਤੇ, ਸੱਭਿਆਚਾਰ, ਕਿਸਾਨੀ ਸੰਕਟ, ਉਸਦੇ ਸਾਰੇ ਸਿਸਟਮ 'ਤੇ ਪਏ ਪ੍ਰਭਾਵ ਨੂੰ ਸਿਰਜਦਾ ਹੋਇਆ ਕੇਵਲ ਵਰਤਮਾਨ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਭਵਿੱਖ ਮੁਖੀ ਸੰਦੇਸ਼ ਦਾ ਸੰਚਾਰ ਵੀ ਕਰਦਾ ਹੈ। ਪ੍ਰਗਟਾਅ ਦੇ ਪੱਧਰ 'ਤੇ ਨਾਵਲ ਵਿਚ ਪੇਸ਼ ਕਥਾ ਵਸਤੂ ਦੀਆਂ ਘਟਨਾਵਾਂ ਕਾਲਕ੍ਰਮ ਭੰਜਨ ਰਾਹੀਂ ਬਿਰਤਾਂਤਕ ਪੱਧਰ ਵਿਚ ਪੇਸ਼ ਹੋ ਕੇ ਵਰਤਮਾਨ, ਅਤੀਤ ਅਤੇ ਭਵਿੱਖ ਦੇ ਪਾਸਾਰਾਂ ਨੂੰ ਰੂਪਮਾਨ ਕਰਦੀਆਂ ਹਨ।

ਜਸਦੇਵ ਸਿੰਘ ਧਾਲੀਵਾਲ ਦੀ ਘਟਨਾਵਾਂ ਸਿਰਜਣ ਦੀ ਵਿਉਂਤ ਉਸਦੀ ਕਥਾ ਵਿਚ ਵਿਸਥਾਰ ਲੈ ਆਉਂਦੀ ਹੈ।ਪਰ ਉਸਦਾ ਕਥਾ ਵਿਸਥਾਰ ਨਾਵਲੀ ਸੰਰਚਨਾ 'ਤੇ ਭਾਰੂ ਨਹੀਂ ਹੁੰਦਾ ਅਤੇ ਨਾ ਹੀ ਇਸਦੇ ਸੁਹਜ ਵਿਵੇਕ ਨੂੰ ਖੰਡਿਤ ਕਰਦਾ ਹੈ।ਉਸਦੀ ਕਥਾ ਵਿਧੀ ਵਿਚ ਵਿਸ਼ਲੇਸ਼ਣ, ਦ੍ਰਿਸ਼ ਵੇਰਵੇ ਦੀ ਜਟਿਲਤਾ ਵਿਚ ਉਚੇਰੀ ਦਿਲਚਸਪੀ ਕਥਾ ਦੇ ਨਿਰੰਤਰ ਵਹਾਉ ਨੂੰ ਤੋੜਦਾ ਹੈ। ਜਸਦੇਵ ਸਿੰਘ ਧਾਲੀਵਾਲ ਦੀ ਬਿਰਤਾਂਤਕਤਾ ਘਟਨਾ ਵਿਉਂਤ ਪੱਖੋਂ ਹੀ ਨਿੱਖੜਵੀਂ ਨਹੀਂ ਬਲਕਿ ਬਿਰਤਾਂਤਕ ਰਫਤਾਰ ਦੇ ਸੰਚਾਲਨ ਪੱਖੋਂ ਵੀ ਵੱਖਰਾ ਰਵੱਈਆ ਅਖਤਿਆਰ ਕਰਦੀ ਹੈ ਉਹ ਚੁਣੀਆਂ ਘਟਨਾਵਾਂ ਤੇ ਨੇੜਿਓਂ ਫੋਕਸ ਕਰਦਾ ਹੋਇਆ ਅਟਕਾਓ ਜਾਂ ਮੱਠਾਕਰਨ ਦੀ ਜੁਗਤ ਨਾਲ ਸਹਿਜ ਤੇ ਸਰਲ ਬਿਰਤਾਂਤ ਸਿਰਜਦਾ ਹੈ। ਧਾਲੀਵਾਲ ਮਿਆਦ ਦੇ ਪੱਖ ਤੋਂ ਬਿਰਤਾਂਤ ਵਿਚਲੀਆਂ ਉਹਨਾਂ ਘਟਨਾਵਾਂ ਅਤੇ ਸਥਿਤੀਆਂ ਨੂੰ ਅਟਕਾਅ ਦੀ ਵਿਧੀ ਰਾਹੀਂ ਸਮੇਂ ਵਿਚ ਜਿਆਦਾ ਵਿਸਥਾਰ ਵਿਚ ਪੇਸ਼ ਕਰਦਾ ਹੈ ਜਿਨ੍ਹਾਂ ਦਾ ਸੰਬੰਧ ਮਾਨਸਿਕ ਘੁਟਨ ਵਾਲੇ ਮਾਹੌਲ ਨਾਲ ਹੈ।

*"ਹੁਣ ਉਸਦਾ ਪੜ੍ਹਾਈ ਵਿਚ ਪਹਿਲਾਂ ਵਾਂਗ ਮਨ ਖੁੱਭਦਾ ਨਹੀਂ ਸੀ। ਸੋਚਾਂ ਘੁੰਮਣਘੇਰੀਆਂ*



*ਖਾਂਦੀਆਂ, ਮਨ ਵਿਚ ਟਿਕਾਅ ਨਹੀਂ ਸੀ। ਬੇਚੈਨੀ ਜਿਹੀ ਬਣੀ ਰਹਿੰਦੀ ਕੀ ਦਾ ਕੀ ਹੋ ਗਿਆ ਸੀ। ਉਹ ਕਰਮ, ਕਿਸਮਤ, ਸੰਜੋਗਾਂ ਦੀ ਥਾਂ ਤਰਕ ਨੂੰ ਮੰਨਦਾ ਸੀ। ਜੇ ਉਹ ਭਾਣੇ ਨੂੰ, ਸੰਜੋਗਾਂ ਨੂੰ ਮੰਨਦਾ ਹੁੰਦਾ, ਫੇਰ ਕੋਈ ਮੁਸ਼ਕਿਲ ਨਹੀਂ ਸੀ, ਹਾਲਾਤ ਨਾਲ ਸਮਝੌਤਾ ਹੋ ਜਾਣਾ ਸੀ।"*[4]

**'ਉਹ ਕੁੜੀ ਕਿੱਥੇ ਗਈ'** ਨਾਵਲ ਦਾ ਬਿਰਤਾਂਤਕੀ ਚੱਕਰ ਅਸੰਤੁਲਨ ਤੋਂ ਸੰਤੁਲਨ ਵੱਲ ਦਾ ਸਫ਼ਰ ਤਹਿ ਕਰਦਾ ਹੈ। ਨਾਵਲ ਦੀ ਸ਼ੁਰੂਆਤ ਵਿਚ ਹੀ ਹਰਿ ਕੌਰ ਦੀ ਮੌਤ ਕਾਰਨ ਘਰ ਦਾ ਸੰਤੁਲਨ ਵਿਗੜ ਜਾਂਦਾ ਹੈ। ਪਰ ਅੱਗੇ ਚੱਲ ਕੇ ਬਲਜੀਤ ਦੇ ਵਿਆਹ ਹੋਣ ਤੋਂ ਬਾਅਦ ਬਲਦੇਵ ਕੌਰ ਜਿਹੀ ਸੁਚੱਜੀ ਪਤਨੀ ਕਾਰਨ ਸਥਿਤੀ ਸਾਵੀਂ ਹੋ ਜਾਂਦੀ ਹੈ। ਜਸਦੇਵ ਸਿੰਘ ਧਾਲੀਵਾਲ ਕਾਫੀ ਥਾਈਂ ਨਾਵਲੀ ਕਥਾ ਤੋਂ ਬਾਹਰ ਰਹਿ ਕੇ ਨਿਮਨਪੁਰਖੀ ਵਾਕ ਵਜੋਂ ਬਿਰਤਾਂਤ ਦਾ ਸੰਚਾਲਨ ਨਿਭਾਉਂਦਾ ਹੈ। ਬਾਹਰੀ ਫੋਕਸੀਕਰਨ ਦੀ ਜੁਗਤ ਰਾਹੀਂ ਉਹ ਪਾਠ ਤੋਂ ਬਾਹਰ ਇਕ ਫਾਸਲਾ ਸਥਾਪਿਤ ਕਰਦਾ ਹੋਇਆ ਸਰਬ-ਗਿਆਤਾ ਬਿਰਤਾਂਤਕਾਰ ਵਜੋਂ ਘਟਨਾਵਾਂ, ਪਾਤਰਾਂ ਦੀਆਂ ਮਨੋਸਥਿਤੀਆਂ 'ਤੇ ਫੋਕਸ ਕਰਦਾ ਹੈ। ਨਾਵਲਕਾਰ ਨੇ ਹਰਜੀਤ ਦੀ ਮਾਨਸਿਕ ਸਥਿਤੀ ਦਾ ਬਹੁਤ ਖ਼ੂਬਸੂਰਤ ਵਰਨਣ ਕੀਤਾ ਹੈ।

*"ਉਸਦਾ ਮਨ ਉਚਾਟ ਹੋ ਗਿਆ, ਆਪਣੇ ਘਰ ਤੋਂ ਉਸਨੂੰ ਭੈਅ ਆਉਣ ਲੱਗਿਆ। ਉਹ ਸ਼ਾਮ ਨੂੰ ਕਿਸੇ ਰੈਸਟ ਹਾਊਸ ਬੈਠਕੇ ਜਾਂ ਕਿਸੇ ਦੋਸਤ ਕੋਲ ਬੈਠਣ ਮਗਰੋਂ ਘਰ ਲੇਟ ਆਉਣ ਲੱਗਿਆ।... ਆਪਣੇ ਗਮ ਨੂੰ, ਉਹ ਸ਼ਰਾਬ ਦੇ ਗਲਾਸ ਵਿਚ ਡੋਬਣ ਦਾ ਵਿਅਰਥ ਯਤਨ ਕਰਦਾ।... ਉਸ ਦਿਨ ਦਫਤਰ ਬੰਦ ਹੋਣ ਮਗਰੋਂ ਵੀ ਉਹ ਦਫਤਰ ਵਿਚ ਬੈਠਾ ਰਿਹਾ ,ਸੋਚਦਾ ਰਿਹਾ। ਕਰੇ ਤਾਂ ਕੀ ਕਰੇ?"*[5]

ਜਸਦੇਵ ਸਿੰਘ ਧਾਲੀਵਾਲ **'ਉਹ ਕੁੜੀ ਕਿੱਥੇ ਗਈ'** ਨਾਵਲ ਵਿਚ ਸੰਕੇਤਾਮਕ ਵਿਧੀ ਦੀ ਵਰਤੋਂ ਕਰਦਾ ਹੈ। ਨਾਵਲਕਾਰ ਸਰਲ ਤੇ ਸਾਦੀ ਭਾਸ਼ਾ ਰਾਹੀਂ ਨਿਮਨ ਕਿਸਾਨੀ ਦੀ ਤ੍ਰਾਸਦੀ ਦੇ ਗਹਿਰ ਗੰਭੀਰ ਸੱਚ ਨੂੰ ਰੂਪਮਾਨ ਕਰਦਾ ਹੋਇਆ ਤੀਬਰ ਪ੍ਰਚੰਡ ਭਾਵ ਸਿਰਜਣ ਦੀ ਥਾਂ ਪਾਠਕ ਵਰਗ ਨੂੰ ਚੇਤੰਨਤਾ ਪ੍ਰਦਾਨ ਕਰਦਾ ਹੈ।

*"ਸੱਤ ਦਿਨ ਹੋ ਗਏ ਜੀਰੀ ਕੱਢੀ ਨੂੰ, ਕਦੇ ਕਹਿੰਦੇ ਨੇ ਗਿੱਲੀ ਹੈ, ਕਦੇ ਕਹਿੰਦੇ ਨੇ ਇਸ ਵਿਚ ਕਾਲਾ ਦਾਣਾ ਬਹੁਤ ਹੈ। ਜਿਮੀਦਾਰਾਂ ਨੂੰ ਬਹੁਤ ਖੱਜਲ ਕਰਦੇ ਹਨ। ਪਹਿਲਾਂ ਮਹਿੰਗੇ ਭਾਅ ਦਾ ਡੀਜ਼ਲ ਫੂਕ ਕੇ ਫਸਲ ਪਾਲੀ ।... ਮਸਾਂ ਚਾਰ ਘੰਟੇ ਆਉਂਦੀ ਹੈ ਟ੍ਰੱਟਵੀਂ, ਇਕ ਐਤਕੀਂ ਮੀਂਹ ਨਹੀਂ ਪਏ। ਹੁਣ ਖਰੀਦਦਾਰ ਸੌ ਨਘੋਚਾਂ ਕੱਢਦੇ ਨੇਂ...। ਦੱਸੋ ਕਿਸਾਨ ਵਿਚਾਰਾ ਕਿੱਧਰ ਜਾਵੇ।"*[6]

ਨਾਵਲਕਾਰ ਨੇ ਨਾਵਲ ਵਿਚ ਮਲਵਈ ਉਪ-ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਭਾਸ਼ਾ ਦਾ ਸ਼ੈਲੀਮੂਲਕ ਅੰਗ ਇਸਦੇ ਮੁਹਾਵਰੇ ਤੇ ਅਖਾਣ ਹੁੰਦੇ ਹਨ ਜਿਹੜੇ ਭਾਸ਼ਾ ਵਿਅੰਜਨਾਂ ਸ਼ਕਤੀ ਨੂੰ ਵਿਅਕਤ ਕਰਦੇ ਹਨ। ਉਹ ਕੁੜੀ ਕਿੱਥੇ ਗਈ ਨਾਵਲ ਵਿਚ ਬਹੁਤ ਸਾਰੇ ਮੁਹਾਵਰਿਆਂ ਅਤੇ ਅਖਾਣਾਂ ਦੀ ਵਰਤੋਂ ਆਮ ਕੀਤੀ ਗਈ ਹੈ। ਬੌਲਦ ਲਾਣੇ ਦਾ, ਧੀ ਘਰਾਣੇ ਦੀ, ਮੀਆਂ ਸਾਡਾ ਘਰ ਨੀਂ ਸਾਨੂੰ ਕਿਸੇ ਦਾ ਡਰ ਨੀਂ , ਸਾਰਾ ਜਾਂਦਾ ਦੇਖੀਏ ਅੱਧਾ ਦੇਈਏ ਵੰਡ, ਕੱਲ ਦੀ ਭੂਤਨੀ ਸਿਵਿਆਂ 'ਚ ਅੱਧ , ਸੱਪ ਦੇ ਮੂੰਹ ਕੋਹੜ ਕਿਰਲੀ ਆਉਣਾ, ਫੰਗਾਂ ਦੀਆਂ ਡਾਰਾਂ ਬਣਨੀਆਂ, ਇਕ ਪੰਥ ਦੋ ਕਾਜ, ਆ ਬੈਲ ਮੁਝੇ ਮਾਰ, ਊਠ ਦੇ ਗਲ ਟੱਲੀ ਬੰਨਣੀ , ਫੁੱਲ ਗੰਗਾ ਵਿਚ ਪੈਣੇ , ਖਾਵੇ ਕੋਹੜੀ ਛੱਡੇ ਕਲੰਕੀ ਆਦਿ ।ਇਸ ਤਰ੍ਹਾਂ ਨਾਵਲਕਾਰ ਸੁਚੇਤ ਤੌਰ 'ਤੇ ਭਾਸ਼ਾ ਦਾ ਪ੍ਰਯੋਗ ਸਥਿਤੀ ਤੇ ਸੰਦਰਭ ਅਨੁਸਾਰ ਕਰਦਾ ਹੋਇਆ ਇਸਦੀ ਸੰਚਾਰਮੁਖਤਾ ਨੂੰ ਭੰਗ ਨਹੀਂ ਹੋਣ ਦਿੰਦਾ।

**ਹਵਾਲੇ ਅਤੇ ਟਿੱਪਣੀਆਂ**

1 ਜਗਬੀਰ ਸਿੰਘ, ਪੰਜਾਬੀ ਗਲਪ, ਪੰਨਾ 88, 2 ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ:ਬਿਰਤਾਂਤ ਸਾਸ਼ਤਰੀ ਅਧਿਐਨ, ਪੰਨਾ 14, 3 ਜਸਦੇਵ ਸਿੰਘ ਧਾਲੀਵਾਲ, ਉਹ ਕੁੜੀ ਕਿੱਥੇ ਗਈ, ਪੰਨਾ 19, 4 ਉਹੀ, ਪੰਨਾ99, 5 ਉਹੀ, ਪੰਨਾ 143 , 6 ਉਹੀ, ਪੰਨਾ 173

**ਅਸਿਸਟੈਂਟ ਪ੍ਰੋਫੈਸਰ, ਦਸਮੇਸ਼ ਖਾਲਸਾ ਕਾਲਜ, ਜ਼ੀਰਕਪੁਰ।**